# ਨਿਰਮਲ ਸੰਪ੍ਰਦਾਇ ਦੀ ਵਰਤਮਾਨ ਸਥਿਤੀ ਅਤੇ ਯੋਗਦਾਨ : ਇਕ ਮੁਲਾਂਕਣ

# (1910-2010)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ

ਪੀਐਚ.ਡੀ. (ਧਰਮ ਅਧਿਐਨ) ਦੀ ਡਿਗਰੀ ਲਈ

ਪੇਸ਼ ਕੀਤਾ

**ਖੋਜ-ਪ੍ਰਬੰਧ**

ਸਤੰਬਰ 2020

**ਨਿਗਰਾਨ:**

**ਡਾ. ਪਰਮਵੀਰ ਸਿੰਘ**

ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਖੋਜਾਰਥੀ:**

**ਗੁਰਜਿੰਦਰ ਸਿੰਘ**

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਗੁਰਜਿੰਦਰ ਸਿੰਘ ਨੇ ***ਨਿਰਮਲ ਸੰਪ੍ਰਦਾਇ ਦੀ ਵਰਤਮਾਨ ਸਥਿਤੀ ਅਤੇ ਯੋਗਦਾਨ: ਇਕ ਮੁਲਾਂਕਣ (1910-2010)*** ਵਿਸ਼ੇ ਉਤੇ ਪੀਐਚ.ਡੀ. ਦਾ ਖੋਜ-ਪ੍ਰਬੰਧ ਹਸਤਾਖਰ-ਕਰਤਾ ਦੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਖੋਜਾਰਥੀ ਦੀ ਇਹ ਮੌਲਿਕ ਰਚਨਾ ਹੈ, ਇਸ ਕਾਰਜ ਨੂੰ ਪੀਐਚ.ਡੀ. ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦਾ ਹੋਏ ਮੁਲਾਂਕਣ ਲਈ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

*ਨਿਗਰਾਨ:*

ਪਰਮਵੀਰ ਸਿੰਘ

ਡਾ. ਪਰਮਵੀਰ ਸਿੰਘ

ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਤੰਬਰ, 2020

# ਅਧਿਆਇ ਪਹਿਲਾ

## ਨਿਰਮਲ ਸੰਪ੍ਰਦਾਇ: ਉਦਭਵ ਤੇ ਵਿਕਾਸ

ਸਿੱਖ ਧਰਮ ਸੰਸਾਰ ਦਾ ਨਵੀਨਤਮ ਧਰਮ ਹੈ ਜਿਸਦੇ ਹੋਂਦ ਵਿਚ ਅਉਣ ਸਮੇਂ ਸਮਾਜਿਕ ਇਕਸੁਰਤਾ ਨਹੀਂ ਸੀ। ਉੱਚੇ ਵਰਗ, ਨਿਮਾਣੇ-ਨਿਤਾਣੇ ਲੋਕਾਂ ਨੂੰ ਅਧੋਗਤੀ ਦੀ ਹਾਲਤ ਵਿਚ ਜਿੰਦਗੀ ਜਿਉਣ ਲਈ ਮਜਬੂਰ ਕਰ ਰਹੇ ਸਨ। ਇਸੇ ਸਮੇਂ ਰੱਬੀ ਰਹਿਬਰ ਦੇ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਉਨ੍ਹਾਂ ਨੇ ਸਮਕਾਲੀ ਹਾਲਾਤ ਦੇ ਅਨੁਕੂਲ ਕੁੱਝ ਨਵੇਂ ਸਿਧਾਂਤ ਲੋਕਾਈ ਵਿਚ ਪ੍ਰਚਾਰੇ ਜਿਨ੍ਹਾਂ ’ਤੇ ਚੱਲ ਕੇ ਇਕ ਚੰਗੇ, ਨਰੋਏ ਤੇ ਖ਼ੁਸ਼ਹਾਲ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਸੀ। ਗੁਰੂ ਨਾਨਕ ਦੇਵ ਜੀ ਨੇ ਜਗਤ ਵਿਚ ਪਸਰੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਲਈ ਆਪਣੀ ਜਿੰਦਗੀ ਦਾ ਵੱਡਾ ਹਿੱਸਾ ਲੋਕਾਂ ਨੂੰ ਵਹਿਮਾਂ, ਭਰਮਾਂ ਵਿਚੋਂ ਕੱਢ ਕੇ ਖ਼ੁਸ਼ਹਾਲ ਜੀਵਨ ਬਤੀਤ ਕਰਨ ਲਈ ਪ੍ਰੇਰਨ ਵਿਚ ਲਗਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਤਾਂ ਦੇ ਧਾਰਨੀ ਪੈਰੋਕਾਰਾਂ ਤੋਂ ਇਕ ਨਿਰਮਲ ਪੰਥ ਦਾ ਅਰੰਭ ਹੁੰਦਾ ਹੈ। ਗੁਰੂ ਸਾਹਿਬ ਦੇ ਦੱਸੇ ਰਾਹਾਂ ’ਤੇ ਤੁਰਦਾ ਇਹ ਨਿਵੇਕਲਾ ਪੰਥ ਗੁਰੂ ਸਾਹਿਬਾਨ ਦੀ ਰਹਿਨੁਮਾਈ ਕਬੂਲਦਾ ਹੋਇਆ ਲਗਭਗ ਦੋ ਸੌ ਤੀਹ ਸਾਲ ਬਾਅਦ ਇਕ ਨਰੋਏ ਧਰਮ ਅਤੇ ਮਾਰਸ਼ਲ ਕੌਮ ਵਜੋਂ ਆਪਣੀ ਵੱਖਰੀ ਪਛਾਣ ਸਥਾਪਿਤ ਕਰ ਲੈਂਦਾ ਹੈ। ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤਿ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਸਦੀਵੀ ਗੁਰੂ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ’ਤੇ ਸੁਭਾਇਮਾਨ ਕਰਦੇ ਹਨ। ਮੌਜੂਦਾ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਲੋਕਾਈ ਨੂੰ ਆਤਮਿਕ ਤ੍ਰਿਪਤੀ ਬਖ਼ਸ਼ਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਲਗਾਏ ਗਏ ਸਿੱਖੀ ਦੇ ਬੂਟੇ ਨੂੰ ਸਮੇਂ-ਸਮੇਂ ਸਿਰ ਚੱਲੀਆਂ ਸਿੱਖ ਸੰਪ੍ਰਦਾਵਾਂ ਨੇ ਸੇਵਾ-ਸੰਭਾਲ ਕਰਕੇ ਇਕ ਨਰੋਏ ਤੇ ਫ਼ਲਦਾਰ ਬੂਟੇ ਵਜੋਂ ਵਿਕਸਿਤ ਕੀਤਾ। ਸਿੱਖ ਪੰਥ ਦੇ ਨਰੋਏਪਣ ਵਿਚ ਬਹੁਤ ਸਾਰੀਆਂ ਸਿੱਖ ਸੰਪ੍ਰਦਾਵਾਂ ਜਿਵੇਂ ਉਦਾਸੀ, ਨਿਰਮਲੇ, ਨਾਮਧਾਰੀ, ਸੇਵਾ ਪੰਥੀ, ਅੱਡਣਸ਼ਾਹੀ, ਮਹਿਮੇਸ਼ਾਹੀ, ਨਿਹੰਗ ਸਿੰਘ ਆਦਿ ਦਾ ਵਿਸ਼ੇਸ਼ ਯੋਗਦਾਨ ਹੈ ਕਿਉਂਕਿ ਗੁਰਮਤਿ ਨਾਲ ਇਨ੍ਹਾਂ ਸੰਪ੍ਰਦਾਵਾਂ ਦਾ ਸਿਧਾਂਤਿਕ ਮੇਲ ਹੈ। “ਜੇ ਸਿਧਾਂਤਕ ਤੌਰ ਤੇ ਇਹ ਕਹਿ ਲਿਆ ਜਾਵੇ ਕਿ ਇਹਨਾਂ ਸੰਪ੍ਰਦਾਵਾਂ ਦਾ ਮੂਲ ਉਦੇਸ਼ ਗੁਰਮਤਿ ਦੀ ਵਿਆਖਿਆ ਜਾਂ ਪ੍ਰਚਾਰ ਸੀ ਤਾਂ ਗ਼ਲਤ ਨਹੀਂ ਹੋਵੇਗਾ। ਇਹਨਾਂ ਸੰਪ੍ਰਦਾਵਾਂ ਨੇ ਗੁਰਮਤਿ ਦੇ ਪ੍ਰਚਾਰ ਵਾਸਤੇ ਦੇਸ਼ ਦੇ ਕੋਨੇ-ਕੋਨੇ ਵਿਚ, ਬਲਕਿ ਦੇਸ਼ ਤੋਂ ਬਾਹਰ ਆਪਣੇ ਵਿਚਾਰਾਂ ਦੁਆਰਾ ਜਾਂ

ਸਮਾਜਿਕ ਸੰਪਰਕ ਰਾਹੀਂ ਜੋ ਮਹਾਨ ਸੇਵਾ ਕੀਤੀ, ਉਹ ਕਿਸੇ ਸ਼ਲਾਘਾ ਦੀ ਮੁਥਾਜ ਨਹੀਂ। ਇਉਂ ਇਨ੍ਹਾਂ ਨੇ ਦੇਸ਼ ਵਾਸਤੇ ਇਕ ਮਹੱਤਵਪੂਰਨ ਅਤੇ ਗੌਰਵਸ਼ੀਲ ਕੰਮ ਕੀਤਾ ਹੈ।"[1]

ਹਰ ਸੰਪ੍ਰਦਾਇ ਮੂਲ ਸਮੱਗਰੀ ਤਾਂ ਆਪਣੇ ਪਿਤਰੀ ਧਰਮ ਤੋਂ ਹੀ ਹਾਸਲ ਕਰਦੀ ਹੈ ਤੇ ਉਸ ਵਿਚ ਥੋੜ੍ਹਾ-ਬਹੁਤਾ ਫ਼ਰਕ ਪੈਦਾ ਹੋਣਾ ਸੁਭਾਵਿਕ ਹੈ। ਸੋ "ਸਮੇਂ ਦੀ ਗਤੀ ਤੇ ਲੋੜ ਅਨੁਸਾਰ ਕੁੱਝ-ਕੁੱਝ ਵਿਭਿੰਨਤਾ ਮੂਰਤੀਮਾਨ ਹੁੰਦੀ ਰਹਿੰਦੀ ਹੈ। ਦੂਜਾ ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਦੂਸਰੇ ਮਤਾਂ ਦਾ ਯੋਗ-ਅਯੋਗ ਪ੍ਰਭਾਵ ਵੀ ਪ੍ਰਬਲ ਹੋ ਕੇ ਸਿਰ ਆ ਚੜ੍ਹਦਾ ਹੈ, ਇਸ ਨੂੰ ਕੌਣ ਹਟਾਵੇ। ਹਾਲਾਤ ਦੀ ਤਬਦੀਲੀ ਨਵੇਂ-ਨਵੇਂ ਭੇਖਾਂ ਨੂੰ ਜਨਮ ਦਿੰਦੀ ਰਹਿੰਦੀ ਹੈ। ਪਰ ਫਿਰ ਵੀ ਇਕ ਧਰਮ ਹੇਠਲੇ ਸਾਰੇ ਭੇਖਾਂ ਵਿਚ ਕੁੱਝ ਨਾ ਕੁੱਝ ਸਾਂਝ ਬਣੀ ਰਹਿੰਦੀ ਹੈ, ਜੋ ਉਨ੍ਹਾਂ ਨੂੰ ਆਪਣੇ ਪ੍ਰਮੁੱਖ ਧਰਮ ਨਾਲ ਜੋੜਦੀ ਰਹਿੰਦੀ ਹੈ, ਜਿਵੇਂ ਕਿ ਹਰ ਗੁਰੂ ਨਾਨਕ-ਨਾਮ ਲੇਵਾ ਜਾਂ ਨਾਨਕ ਪੰਥੀ ਅਥਵਾ ਸਿੱਖ, ਬਿਨਾਂ ਕਿਸੇ ਮੱਤ-ਭੇਦ ਦੇ ਪ੍ਰਵਾਨ ਕਰਦਾ ਹੈ:

1. ਦਸ ਗੁਰੂ ਸਾਹਿਬਾਨ ਦਾ ਸਤਿਕਾਰ ਪਿਆਰ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚਾਰਾਂ ਨੂੰ ਨਮਸਕਾਰ।
3. ਸਿੱਖ ਸੰਗਤ ਵਿਚ ਜੁੜ ਕੇ ਹਰਿ ਕੀਰਤਨ ਤੇ ਸੇਵਾ ਦੀ ਕਾਰ।
4. ਸਤਿਨਾਮ ਵਾਹਿਗੁਰੂ ਮੰਤ੍ਰ ਦਾ ਸਹਿਜ ਸੁਭਾ ਉਚਾਰ।
5. ਸਿੱਖ ਰਹਿਣੀ-ਬਹਿਣੀ, ਦਸਤਾਰ, ਕਛਿਹਰਾ, ਕੜਾ, ਰੋਜ਼ਾਨਾ ਇਸ਼ਨਾਨ, ਨਿਤਨੇਮ, ਲੰਗਰ, ਅਰਦਾਸ, ਆਦਿ।"[2]

ਨਿਰਮਲ ਸੰਪ੍ਰਦਾਇ ਦੇ ਉਦਭਵ ਤੇ ਵਿਕਾਸ ਬਾਰੇ ਇਤਿਹਾਸ ਤੇ ਸਾਹਿਤ ਵਿਚੋਂ ਬਹੁਤ ਸੀਮਿਤ ਜਾਣਕਾਰੀ ਮਿਲਦੀ ਹੈ ਅਤੇ ਜਿੰਨੀ ਜਾਣਕਾਰੀ ਮਿਲਦੀ ਹੈ ਉਸ ਤੋਂ ਇਸ ਸੰਪ੍ਰਦਾਇ ਦੇ ਮੁੱਢ ਬਾਰੇ ਇਤਿਹਾਸਕਾਰਾਂ ਵਿਚ ਇਕ ਸੰਮਤੀ ਨਹੀਂ ਹੈ। ਪ੍ਰੰਤੂ ਇਸ ਵਿਚਾਰ ਨਾਲ ਸਾਰੇ ਸਹਿਮਤ ਹਨ ਕਿ ਨਿਰਮਲ ਸੰਪ੍ਰਦਾਇ ਸਿੱਖ ਧਰਮ ਹੀ ਸੰਪ੍ਰਦਾਇ ਹੈ। ਇਸ ਦਾ ਅਰੰਭ ਕਿੱਥੋਂ ਹੁੰਦਾ ਹੈ, ਇਹ ਸ਼ਾਖਾ ਇਕ ਸੰਪ੍ਰਦਾਇ ਦਾ ਰੂਪ ਕਿਵੇਂ ਅਤੇ ਕਿਉਂ ਧਾਰਨ ਕਰ ਗਈ? ਇੰਨ੍ਹਾਂ ਪ੍ਰਸ਼ਨਾਂ ਦੇ ਉੱਤਰ ਵਿਚ ਕੋਈ ਇਕ ਸਾਂਝੀ ਰਾਇ ਅਜੇ ਤੱਕ ਸਥਾਪਿਤ ਨਹੀਂ ਹੋ ਸਕੀ। ਇਸ ਲਈ ਇਸ ਸੰਪ੍ਰਦਾਇ ਦੇ ਮੂਲ ਬਾਰੇ ਪਤਾ ਕਰਨ ਲਈ ਸਾਨੂੰ ਸਿੱਖ

---

[1] ਭਰਭੂਰ ਸਿੰਘ, ਸੁਅਗਤ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 19.

[2] ਪ੍ਰੋ. ਪਿਆਰਾ ਸਿੰਘ ਪਦਮ*, ਸਿੱਖ ਸੰਪ੍ਰਦਾਵਲੀ,* ਪੰਨੇ 13-14.

ਇਤਿਹਾਸ ਵਿਚਲੀਆਂ ਸਾਰੀਆਂ ਗਵਾਹੀਆਂ (ਹਵਾਲਿਆਂ) ਅਤੇ ਵਿਚਾਰਾਂ ਦਾ ਵਿਵੇਚਨ ਕਰਨਾ ਪਵੇਗਾ। ਇਸ ਸੰਦਰਭ ਵਿਚ ਨਿਮਨ ਲਿਖ਼ਤ ਪੜਚੋਲ ਕਰਨੀ ਜ਼ਰੂਰੀ ਹੈ।

ਕੋਈ ਵੀ ਸੰਪ੍ਰਦਾਇ ਕਿਸੇ ਵੀ ਧਰਮ ਨਾਲ ਸਬੰਧਿਤ ਹੋਵੇ, ਉਹ ਇਕਦਮ ਹੋਂਦ ਵਿਚ ਆ ਕੇ ਵਿਸ਼ਾਲ ਰੂਪ ਧਾਰਨ ਨਹੀਂ ਕਰਦੀ, ਉਸ ਨੂੰ ਪੈਦਾ ਹੋਣ ਤੋਂ ਵਿਕਸਿਤ ਹੋਣ ਤੱਕ ਲੰਮਾ ਸਮਾਂ ਲੱਗਦਾ ਹੈ। ਗੁਰੂ ਨਾਨਕ ਦੇਵ ਜੀ ਤੋਂ ਦੇਖੀਏ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਪੰਥ ਦੀ ਸਾਜਣਾ ਤੱਕ 230 ਸਾਲ ਦਾ ਸਮਾਂ ਬਣਦਾ ਹੈ ਅਤੇ ਜੇਕਰ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਗੱਦੀ ਬਖ਼ਸ਼ਣ ਤੱਕ ਦਾ ਸਮਾਂ ਗਿਣੀਏ ਤਾਂ 239 ਸਾਲ ਬਣਦੇ ਹਨ। ਇਸ ਸਮੇਂ ਵਿਚ ਸਿੱਖ ਧਰਮ ਨਾਲ ਸੰਬੰਧਿਤ ਵੱਖ-ਵੱਖ ਸਿੱਖ ਸੰਪ੍ਰਦਾਵਾਂ ਦਾ ਜਨਮ ਵੀ ਹੋਇਆ। ਇਨ੍ਹਾਂ ਸੰਪ੍ਰਦਾਵਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਸਮਕਾਲੀ ਅਤੇ ਪ੍ਰਮਾਣਿਕ ਸੰਪ੍ਰਦਾਇ 'ਉਦਾਸੀ ਸੰਪ੍ਰਦਾਇ' ਹੈ। ਨਿਰਮਲ ਸੰਪ੍ਰਦਾਇ ਬਾਰੇ ਜਾਣਕਾਰੀ ਪ੍ਰਾਪਤ ਕਰਨ ਤੋਂ ਪਹਿਲਾਂ ਸਿੱਖਾਂ ਦੀ ਇਸ ਮੁੱਢਲੀ ਸੰਪ੍ਰਦਾਇ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਉਦਾਸੀ ਸੰਪ੍ਰਦਾਇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਅਰੰਭ ਕੀਤੀ ਅਤੇ ਉਨ੍ਹਾਂ ਨੂੰ ਹੀ ਇਸ ਸੰਪ੍ਰਦਾਇ ਦੇ ਮੋਢੀ ਮੰਨਿਆ ਜਾਂਦਾ ਹੈ। ਉਦਾਸੀਆਂ ਦੀ ਵੱਡੀ ਦੇਣ ਗੁਰਮਤਿ ਪ੍ਰਚਾਰ ਹੈ ਜੋ ਉਨ੍ਹਾਂ ਹਰ ਖੇਤਰੀ ਅਤੇ ਪ੍ਰਚਲਤ ਬੋਲੀਆਂ ਅਨੁਸਾਰ ਕੀਤਾ। ਉਹ ਅਜਿਹੇ ਗਿਆਤਾ ਸਨ ਕਿ ਮਾਹੌਲ ਅਨੁਸਾਰ ਸਾਧਾਰਨ ਅਤੇ ਵਿਦਵਾਨਾਂ ਵਾਲੀ ਵਿਦਵਤਾ ਅਨੁਸਾਰ ਗੱਲ ਕਰ ਸਕਦੇ ਸਨ। ਉਹ ਵੇਦ, ਸ਼ਾਸ਼ਤਰ, ਦੇਵੀ ਦੇਵਤਿਆਂ ਦਾ ਸਤਿਕਾਰ ਕਰਦੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੰਜਵਾਂ ਵੇਦ ਮੰਨਦੇ ਸਨ ਤੇ ਇਨ੍ਹਾਂ ਸਾਧੂਆਂ ਵਿਚ ਘਰ-ਤਿਆਗ ਤੇ ਬ੍ਰਹਮਚਾਰੀ ਪ੍ਰਵਿਰਤੀ ਸੀ।

ਉਦਾਸੀ ਸਾਧੂਆਂ ਨੇ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਦੇਸ਼ ਦੇ ਕੋਨੇ-ਕੋਨੇ ਵਿਚ ਪਹੁੰਚਾਇਆ। ਇਨ੍ਹਾਂ ਬਾਰੇ ਪਤਾ ਚਲਦਾ ਹੈ ਕਿ ਇਨ੍ਹਾਂ ਸਾਧੂਆਂ ਨੇ "ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਗੁਰਮਤਿ ਨੂੰ ਭਾਰਤ ਦੇ ਇਕ ਸ਼ਾਸ਼ਤਰ-ਅਨੁਕੂਲ ਮਤ ਦੇ ਰੂਪ ਵਿਚ ਅਪਣਾ ਕੇ, ਗੁਰੂ ਨਾਨਕ ਦੇ ਨਾਮ ਦਾ ਝੰਡਾ, ਆਪਣੇ ਦੇਸ਼ ਵਿਚ ਹੀ ਨਹੀਂ, ਵਿਦੇਸ਼ਾਂ ਵਿਚ ਵੀ ਥਾਂ-ਥਾਂ ਖੜ੍ਹਾ ਕਰਨਾ ਸ਼ੁਰੂ ਕਰ ਦਿੱਤਾ ਤੇ ਗੁਰੂ ਨਾਨਕ ਸਾਹਿਬ ਦੇ ਯਾਦਗਾਰੀ ਸਥਾਨਾਂ ਉਤੇ ਮਕਾਨ ਬਣਾ-ਬਣਾ ਕੇ ਗੁਰੂ-ਬਾਣੀ ਦਾ ਪ੍ਰਕਾਸ਼ ਕਰਨਾ ਸ਼ੁਰੂ ਕਰ ਦਿੱਤਾ।"[3] ਇਹ

[3] ਭੂਮਿਕਾ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 13.

ਉਨ੍ਹਾਂ ਦੀ ਵਡਮੁੱਲੀ ਘਾਲਣਾ ਸੀ। ਉਦਾਸੀ ਸਾਧੂ ਸਿੱਖ ਸੰਗਤ ਦਾ ਹੀ ਅੰਗ ਹਨ ਅਤੇ ਇਨ੍ਹਾਂ ਦਾ ਆਪਸੀ ਪ੍ਰੇਮ ਉਸ ਸਮੇਂ ਸਿਖਰ 'ਤੇ ਆਇਆ ਜਦੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਵੱਡੇ ਸਾਹਿਬਜਾਦੇ ਬਾਬਾ ਗੁਰਦਿੱਤਾ ਜੀ ਨੂੰ, ਬਾਬਾ ਸ੍ਰੀ ਚੰਦ ਜੀ ਦਾ ਜਾਨਸ਼ੀਨ ਬਣਾਉਣਾ ਮਨਜ਼ੂਰ ਕਰ ਲਿਆ। ਬਾਬਾ ਗੁਰਦਿੱਤਾ ਜੀ ਤੋਂ ਉਪਰੰਤ ਚਾਰ ਧੂਣੀਆਂ ਅਤੇ ਛੇ ਬਖਸ਼ਿਸ਼ਾਂ ਮਿਲਾ ਕੇ, ਦਸ ਨਾਮੀ ਸਾਧੂਆਂ ਦੀ ਇਹ ਸੰਸਥਾ ਸਿੱਖ ਧਰਮ ਦੇ ਪ੍ਰਚਾਰ ਵਿਚ ਬਹੁਮੁੱਲੀ ਸਿੱਧ ਹੋਈ। ਇਨ੍ਹਾਂ ਸਾਧੂਆਂ ਨੇ ਧਰਮ-ਪ੍ਰਚਾਰ, ਵਿੱਦਿਆ ਅਤੇ ਗੁਰਬਾਣੀ ਦੇ ਅਰਥ ਬੋਧ ਦੁਆਰਾ ਭਾਰਤ ਦੇ ਕੋਨੇ-ਕੋਨੇ ਵਿਚ ਸਿੱਖੀ ਨੂੰ ਪ੍ਰਫੁਲਿਤ ਕੀਤਾ। ਉਦਾਸੀ ਇਹ ਗੱਲ ਦਾ ਦਾਅਵਾ ਕਰਦੇ ਹਨ ਕਿ ਗੁਰੂ ਨਾਨਕ ਦੇਵ ਜੀ ਵੀ ਉਦਾਸੀ ਸਨ। ਉਹ ਇਸ ਗੱਲ ਦੀ ਪੁਸ਼ਟੀ ਲਈ ਪ੍ਰਮਾਣ ਵਰਤਦੇ ਹਨ:

ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ।

ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕ ਭਇਆ ਉਦਾਸੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 992)

ਇਹ ਉਦਾਸੀ ਸਾਧੂ ਗੁਰੂ ਨਾਨਕ ਦੇਵ ਜੀ ਨਾਲ ਆਪਣਾ ਸੰਬੰਧ ਜੋੜਦੇ ਹੋਏ ਹਮੇਸ਼ਾਂ ਗੁਰੂ ਘਰ ਦੀ ਸੇਵਾ ਲਈ ਤਤਪਰ ਰਹੇ। ਇਨ੍ਹਾਂ ਨੇ ਦੁਨੀਆਂ ਦੇ ਕੋਨੇ-ਕੋਨੇ ਵਿਚ ਜਾ ਕੇ ਸਿੱਖੀ ਦੀ ਜਾਗ ਲਾਈ। "ਇਹਨਾ ਨੇ ਹਿੰਦੂ ਤੀਰਥਾਂ ਉਪਰ ਡੇਰੇ ਬਣਾਏ। ਸਭ ਤੋਂ ਪਹਿਲਾਂ ਉਦਾਸੀਨ ਮਤ ਦੇ ਭੂਖਣ ਮਹਾਤਮਾ ਪ੍ਰੀਤਮ ਦਾਸ ਨੇ ਨਿਜਾਮ ਹੈਦਰਾਬਾਦ ਦੇ ਵਜ਼ੀਰ ਚੰਦੂ ਲਾਲ ਦੇ ਚਾਚੇ ਨਾਨਕ ਚੰਦ ਨੂੰ ਪ੍ਰੇਰ ਕੇ ਸੱਤ ਲੱਖ ਰੁਪਏ ਦੀ ਵੱਡੀ ਰਕਮ ਸੰਪ੍ਰਦਾਇ ਨੂੰ ਲੈ ਕੇ ਦਿੱਤੀ, ਜਿਸ ਨਾਲ 1779 ਈ. ਵਿਚ ਪ੍ਰਯਾਗ ਦੇ ਪੰਚਾਇਤੀ ਅਖਾੜੇ ਦੀ ਰਚਨਾ ਹੋਈ। 1781 ਈ. ਵਿਚ ਮਹਾਤਮਾ ਪ੍ਰੀਤਮ ਦਾਸ ਜੀ ਅਤੇ ਸੰਤੋਖ ਦਾਸ ਜੀ ਨੇ ਰਾਵੀ ਤੋਂ ਨਹਿਰ (ਹੰਸਲੀ) ਲਿਆ ਕੇ ਅੰਮ੍ਰਿਤਸਰ ਦੇ ਅੰਮ੍ਰਿਤ ਸਰੋਵਰ ਵਿਚ ਜਲ ਪਾਉਣ ਦੀ ਸੇਵਾ ਪਰਮ ਉਦਮ ਨਾਲ ਕੀਤੀ।"[4]

ਜਦੋਂ ਕੁੰਭ ਅਤੇ ਅਰਧ-ਕੁੰਭੀ ਮੇਲਿਆਂ ਦੇ ਸਮੇਂ ਭਾਰਤੀ ਜਨਤਾ ਦਾ ਮਹਾਨ ਇਕੱਠ ਤੀਰਥਾਂ ਉੱਤੇ ਹੁੰਦਾ ਤਾਂ ਇਸ ਅਵਸਰ ਨੂੰ ਸਿੱਖੀ ਪ੍ਰਚਾਰ ਹਿਤ ਵਰਤਿਆ ਜਾਂਦਾ। ਜਿੱਥੇ ਬਾਕੀ ਮੱਤਾਂ ਦੇ ਸਾਧੂਆਂ ਦੀਆਂ ਸ਼ਾਹੀਆਂ (ਆਪਣੇ ਸਵਾਮੀ ਨੂੰ ਸ੍ਰੇਸ਼ਟ ਦੱਸਣ ਲਈ ਕੱਢਿਆ ਜਾਣ ਵਾਲਾ ਜਲੂਸ) ਨਿਕਲਦੀਆਂ, ਉਥੇ

---

[4] ਮਾਨ ਸਿੰਘ ਨਿਰਾਕਾਰੀ, ਉਦਘਾਟਨ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 22.

ਉਦਾਸੀ ਸਾਧੂਆਂ ਦੀ ਸ਼ਾਹੀ ਵੀ ਉਨ੍ਹਾਂ ਦੇ ਆਪਣੇ ਹੀ ਘੋੜਿਆਂ, ਹਾਥੀਆਂ ਅਤੇ ਗੱਡਿਆਂ ਦੁਆਰਾ ਕੱਢੀ ਜਾਂਦੀ ਸੀ। "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਉਪਰ ਸੁਨਹਿਰੀ ਛਤਰ ਝੁਲਾਏ ਜਾਂਦੇ ਅਤੇ ਨਰਸਿੰਘਿਆਂ ਦੀ ਮਧੁਰ ਘਨਘੋਰ ਧੁਨੀ ਉਦੇ ਹੁੰਦੀ। ਸਾਧੂ ਸੰਤੋਖ ਦਾਸ ਜੀ ਨੇ ਛੋਟੇ ਅਖਾੜੇ ਦੀ ਨੀਂਹ ਕਨਖਲ ਵਿਚ 1859 ਈ. ਵਿਚ ਰੱਖੀ।"[5] ਸਿੱਖਾਂ ਦੀ ਇਸ ਸੰਪ੍ਰਦਾਇ ਨੇ ਬਿਨਾਂ ਕਿਸੇ ਲਾਲਚ ਦੇ ਸਿੱਖ ਧਰਮ ਦਾ ਵਧੀਆ ਢੰਗ ਨਾਲ ਪ੍ਰਚਾਰ ਕੀਤਾ। ਇਹ ਉਦਾਸੀ ਸਾਧੂ ਉਚੇਰੀ ਸੁਰਤ ਵਾਲੇ ਵਿਰਕਤੀ, ਬਿਨਾਂ ਕਿਸੇ ਲਾਲਚ ਦੇ ਪ੍ਰਭੂ ਭਗਤੀ ਵਿਚ ਲੀਨ, ਵੈਰਾਗੀ ਹੋਏ ਗੁਰ-ਉਪਦੇਸ਼ਾਂ ਨੂੰ ਸਮਰਪਿਤ ਸਨ। ਸ਼ੁਰੂ-ਸ਼ੁਰੂ ਵਿਚ ਇਹ ਲੋਕ ਮੌਖਿਕ ਪ੍ਰਚਾਰ ਹੀ ਕਰਦੇ ਸਨ ਪਰ ਬਾਅਦ ਵਿਚ ਇਸ ਸੰਪ੍ਰਦਾਇ ਵਿਚੋਂ ਸਾਧੂ ਆਨੰਦਘਣ ਵਰਗੇ ਵਿਦਵਾਨ ਵੀ ਪੈਦਾ ਹੋਏ ਤੇ ਉਨ੍ਹਾਂ ਨੇ ਗੁਰਬਾਣੀ ਦੀ ਟੀਕਾਕਾਰੀ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਕੀਤਾ। ਇਸ ਸੰਪ੍ਰਦਾਇ ਵਿਚ ਸੰਤਰੇਣ ਵਰਗੇ ਮਹਾਂਕਵੀ ਤੇ ਸੁਆਮੀ ਕੇਸ਼ਵਾਨੰਦ ਵਰਗੇ ਧੁਰੰਧਰ ਸ਼ਾਸਤ੍ਰਾਰਥੀ ਵੀ ਹੋਏ ਹਨ ਜਿਨ੍ਹਾਂ ਦੇ ਪ੍ਰਮਾਣ ਇਤਿਹਾਸ ਵਿਚ ਮੌਜੂਦ ਹਨ। ਇਕ ਗੱਲ ਹੋਰ ਵੀ ਜਾਣਨਯੋਗ ਹੈ ਕਿ ਬਾਕੀ ਸੰਪ੍ਰਦਾਵਾਂ ਵਾਂਗ ਉਦਾਸੀ ਸਾਧੂਆਂ ਦਾ ਇਸ਼ਟ ਗੁਰੂ ਗ੍ਰੰਥ ਸਾਹਿਬ ਹੀ ਸੀ। ਸਮਕਾਲੀ ਆਲੇ-ਦੁਆਲੇ ਦੇ ਮਾਹੌਲ ਦਾ ਅਸਰ ਇਸ ਸੰਪ੍ਰਦਾਇ 'ਤੇ ਹੋਣਾ ਵੀ ਲਾਜ਼ਮੀ ਸੀ। ਇਸ ਸਮੇਂ ਇਸ ਦੇ ਆਲੇ-ਦੁਆਲੇ ਬ੍ਰਾਹਮਣਿਕ ਧਾਰਨਾਵਾਂ ਪ੍ਰਚਲਿਤ ਸਨ, ਕਿਉਂਕਿ ਉਸ ਸਮੇਂ ਸਮਾਜ ਵਿਚ ਕਰਮਕਾਂਡ ਹੀ ਪ੍ਰਧਾਨ ਸੀ। ਇਸ ਲਈ ਇਸ ਸੰਪ੍ਰਦਾਇ ਦੀ ਵਿਚਾਰਧਾਰਾ ਵੀ ਸਨਾਤਨੀ ਢੰਗ ਵਿਚ ਰੰਗੀ ਗਈ। ਇਨ੍ਹਾਂ ਮਹਾਨ ਸੰਤਾਂ ਉੱਤੇ ਅਜੇ ਵੀ ਹਿੰਦੂ ਸੰਸਕ੍ਰਿਤੀ ਦੀ ਅਮਿੱਟ ਛਾਪ ਦਿਖਾਈ ਦਿੰਦੀ ਹੈ।

ਜਦੋਂ ਕਿਸੇ ਧਰਮ ਦੇ ਪੈਰੋਕਾਰਾਂ ਦੀ ਗਿਣਤੀ ਵਧੀਕ ਹੋ ਜਾਵੇ ਤਾਂ ਇਸ ਦੀਆਂ ਸ਼ਾਖਾਵਾਂ ਬਣਨੀਆਂ ਸੁਭਾਵਿਕ ਹਨ। "ਧਰਮ ਦੀ ਜੜ੍ਹ ਤੇ ਤਨਾ ਤਾਂ ਭਾਵੇ ਇੱਕੋ ਹੁੰਦਾ ਹੈ ਪਰ ਪ੍ਰਫੁਲਿਤ ਹੋ ਕੇ ਉਸ ਵਿਚੋਂ ਵੱਖ-ਵੱਖ ਲਗਰਾਂ ਫੁੱਟ ਨਿਕਲਦੀਆਂ ਹਨ। ਉਦਾਸੀ ਅਤੇ ਨਿਰਮਲ ਸੰਪ੍ਰਦਾਵਾਂ, ਸਿੱਖ ਧਰਮ ਦਾ ਵਿਸ਼ੇਸ਼ ਅੰਗ ਹਨ, ਭਾਵੇਂ ਇਹਨਾ ਦੀਆਂ ਰਹੁ-ਰੀਤੀਆਂ ਅਤੇ ਵਿਚਾਰਧਾਰਾ ਵਿਚ ਭਿੰਨਤਾ ਹੈ।"[6] ਪ੍ਰੰਤੂ ਸਿਧਾਂਤਕ ਮਾਰਗ ਦੋਵਾਂ ਦਾ ਇਕੋ ਹੀ ਹੈ।

[5] ਮਾਨ ਸਿੰਘ ਨਿਰਾਕਾਰੀ, ਉਦਘਾਟਨ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 22.

[6] ਉਹੀ, ਪੰਨਾ 24.

ਖੋਜ-ਕਾਰਜ ਦੇ ਮੁੱਖ ਵਿਸ਼ੇ ਅਨੁਸਾਰ ਸਿੱਖ ਧਰਮ ਦੀਆਂ ਪ੍ਰਮੁੱਖ ਸੰਪ੍ਰਦਾਵਾਂ ਵਿਚੋਂ ਇਕ ਹੈ, 'ਨਿਰਮਲ ਭੇਖ' ਜਾਂ 'ਨਿਰਮਲ ਸੰਪ੍ਰਦਾਇ'ਜਾਂ 'ਨਿਰਮਲ ਪੰਥ'। ਵੇਦ-ਸ਼ਾਸਤ੍ਰਾਂ ਦਾ ਅਧਿਐਨ, ਚਕਿਤਸਾ ਵਿਚ ਮੁਹਾਰਤ, ਸਾਹਿੱਤ ਦੀ ਸਿਰਜਨਾ, ਗੁਰਬਾਣੀ ਵਿਆਖਿਆ ਅਤੇ ਵਿਦਿਆ ਦਾ ਦਾਨ ਆਦਿ ਇਸ ਸੰਪ੍ਰਦਾਇ ਦੇ ਮੁੱਖ ਕਾਰਜ ਰਹੇ ਹਨ।

ਨਿਰਮਲ ਸੰਪ੍ਰਦਾਇ ਦੀ ਹੋਂਦ ਅਤੇ ਕਾਰਜਾਂ ਦੀ ਨਿਸ਼ਾਨਦੇਹੀ ਕਰਨ ਤੋਂ ਪਹਿਲਾਂ 'ਨਿਰਮਲ' ਅਤੇ 'ਸੰਪ੍ਰਦਾਇ' ਜਾਂ 'ਭੇਖ' ਸ਼ਬਦਾਂ ਦੀ ਵਿਆਖਿਆ ਕਰਨੀ ਜ਼ਰੂਰੀ ਹੈ। ਭਾਵੇਂ ਕਿ 'ਨਿਰਮਲ' ਸ਼ਬਦ ਇਕ ਪੰਥ ਜਾਂ ਸੰਪ੍ਰਦਾਇ ਦਾ ਰੂਪ ਧਾਰਨ ਕਰ ਚੁੱਕਾ ਹੈ ਪਰ ਇਸ ਦੇ ਅਰਥ ਹਨ: ਸ਼ੁੱਧ, ਸਵੱਛ, ਜਾਂ ਪਵਿੱਤਰ (Pure) ਆਦਿ।

'ਨਿਰਮਲ' ਸ਼ਬਦ ਦੇ ਅਰਥ ਮੈਲ ਤੋਂ ਬਿਨਾਂ ਲਏ ਜਾਂਦੇ ਹਨ। ਇਸਦੀ ਪ੍ਰੋੜਤਾ ਗੁਰਬਾਣੀ ਵੀ ਕਰਦੀ ਹੈ। ਜਿਵੇਂ:

"ਅਹਿਨਿਸਿ ਨਵਤਨ ਨਿਰਮਲਾ ਮੈਲਾ ਕਬਹੂੰ ਨਾ ਹੋਇ।"

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 790)

ਭਾਵ ਜਿਸ ਮਨੁੱਖ ਦਾ ਤਨ ਅਤੇ ਮਨ ਪ੍ਰਭੂ ਨਾਲ ਲੀਨ ਹੋਇਆ ਹੋਵੇ, ਉਹ ਕਦੀ ਵੀ ਮੈਲਾ ਨਹੀਂ ਹੋ ਸਕਦਾ ਜਾਂ ਜੋ ਇਨਸਾਨ ਆਪਣੀਆਂ ਇੰਦਰੀਆਂ 'ਤੇ ਕਾਬੂ ਪਾ ਲਵੇ ਅਤੇ ਪ੍ਰਭੂ ਨਾਲ ਜੁੜ ਜਾਵੇ ਉਸ ਦਾ ਤਨ, ਮਨ ਕਦੀ ਮੈਲਾ ਨਹੀਂ ਹੋ ਸਕਦਾ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਗੁਰਬਾਣੀ ਅਨੁਸਾਰ ਇਨ੍ਹਾਂ ਸਤਰਾਂ ਵਿਚ ਨਿਰਮਲ ਸ਼ਬਦ ਨੂੰ ਪਵਿੱਤਰ ਦੇ ਤੌਰ ਤੇ ਲਿਆ ਗਿਆ ਹੈ। ਇਸ ਤਰ੍ਹਾਂ ਗੁਰਬਾਣੀ ਦੇ ਸ਼ਬਦ:

"ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ।"

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 27)

ਦੇ ਅਰਥ ਵੀ ਪਵਿੱਤਰਤਾ ਨੂੰ ਹੀ ਦਰਸਾਉਂਦੇ ਹਨ ਕਿ ਜੋ ਗੁਰਬਾਣੀ (ਸ਼ਬਦ) ਵਿਚ ਰੰਗੇ ਜਾਂਦੇ ਹਨ ਉਹ ਨਿਰਮਲ ਭਾਵ ਪਵਿੱਤਰ ਹੋ ਜਾਂਦੇ ਹਨ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ:

'ਨਿਰਮਲ' ਸ਼ਬਦ ਦੇ ਅਰਥ: "ਮੈਲ ਤੋਂ ਬਿਨਾਂ, ਸ਼ੁੱਧ, ਮੈਲ ਰਹਿਤ, ਉਜਾਲਾ, ਪ੍ਰਕਾਸ਼, ਕਲੰਕ ਰਹਿਤ ਆਦਿ ਹਨ।"[7]

ਉਕਤ ਅਰਥ ਤੋਂ ਇਲਾਵਾ 'ਨਿਰਮਲਾ' ਦੇ ਅਰਥਾਂ ਨੂੰ ਸਪਸ਼ਟ ਕਰਦੇ ਭਾਈ ਕਾਨ੍ਹ ਸਿੰਘ ਨਾਭਾ ਗੁਰਬਾਣੀ ਹਵਾਲਿਆਂ ਨਾਲ ਲਿਖਦੇ ਹਨ, "ਅਹਿਨਸਿ ਨਵਤਨ ਨਿਰਮਲਾ ਮੈਲ ਨ ਕਬਹੂ ਹੋਇ।' ਸਿੱਖ ਧਰਮ ਧਾਰਨ ਕਰਨ ਵਾਲਾ ਗੁਰੂ ਦਾ ਸਿੱਖ 'ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ', 'ਸਬਦਿ ਰਤੇ ਸੇ ਨਿਰਮਲੇ।"[8]

'ਨਿਰਮਲਾ' ਸ਼ਬਦ 'ਖ਼ਾਲਸਾ' ਸ਼ਬਦ ਦਾ ਪ੍ਰਾਇਵਾਚੀ ਹੈ ਅਤੇ ਇਸਦੀ ਵਰਤੋਂ ਪਵਿੱਤਰ, ਸ਼ੁੱਧ, ਸਵੱਛ, ਮੈਲ ਰਹਿਤ ਆਦਿ ਲਈ ਕੀਤੀ ਜਾਂਦੀ ਹੈ।

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਿਤ ਜਿਹ ਜਾਨੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 655)

ਮਹਾਨ ਕੋਸ਼ ਅਨੁਸਾਰ 'ਖ਼ਾਲਸਾ' ਸ਼ਬਦ ਦੇ ਅਰਥ ਹਨ: "ਨਿਰੋਲ ਸ਼ੁੱਧ, ਖਰਾ"[9]

ਪੰਜਾਬੀ ਕੋਸ਼ ਅਨੁਸਾਰ 'ਨਿਰਮਲ' ਸ਼ਬਦ ਦੇ ਅਰਥ ਇਸ ਤਰ੍ਹਾਂ ਲਏ ਜਾਂਦੇ ਹਨ: "ਮੈਲ ਰਹਿਤ, ਸਵੱਛ, ਪਵਿੱਤਰ, ਸ਼ੁੱਧ, ਖ਼ਾਲਸ ਆਦਿ।"[10]

ਉਕਤ ਵਿਚਾਰ ਸਪਸ਼ਟ ਕਰਦੇ ਹਨ ਕਿ ਨਿਰਮਲ ਸ਼ਬਦ ਦੇ ਅਰਥ ਮੈਲ ਤੋਂ ਬਿਨਾਂ, ਸ਼ੁੱਧ, ਮੈਲ ਰਹਿਤ, ਉਜਾਲਾ ਅਤੇ ਖ਼ਾਲਸ ਆਦਿ ਹਨ। ਜੇਕਰ ਗੌਰ ਨਾਲ ਵੇਖਿਆ ਜਾਵੇ ਤਾਂ 'ਖ਼ਾਲਸਾ' ਅਤੇ 'ਨਿਰਮਲ' ਦੋਵੇਂ ਹੀ ਸਮਾਨਾਰਥਕ ਸ਼ਬਦ ਹਨ ਅਤੇ ਇਨ੍ਹਾਂ ਦੋਵਾਂ ਦੇ ਅਰਥ ਸ਼ੁੱਧ, ਮੈਲ ਰਹਿਤ ਅਤੇ ਪਵਿੱਤਰ ਬਣਦੇ ਹਨ।

---

[7] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 712.

[8] ਉਹੀ

[9] ਉਹੀ, ਪੰਨਾ 374.

[10] *ਪੰਜਾਬੀ ਕੋਸ਼*, ਭਾਗ ਤੀਜਾ, ਪੰਨਾ 677.

ਨਿਰਮਲ ਸ਼ਬਦ ਦੇ ਅਰਥਾਂ ਨੂੰ ਸਮਝਣ ਦੇ ਨਾਲ 'ਪੰਥ' ਅਤੇ 'ਸੰਪ੍ਰਦਾਇ' ਦੇ ਅਰਥਾਂ ਨੂੰ ਜਾਣਨ ਦੀ ਵੀ ਜ਼ਰੂਰਤ ਹੈ।

ਮਹਾਨ ਕੋਸ਼ ਅਨੁਸਾਰ: 'ਸੰਪ੍ਰਦਾਇ' ਦੇ ਅਰਥ ਹਨ: "ਚੰਗੀ ਤਰ੍ਹਾਂ ਦੇਣ ਦੀ ਕ੍ਰਿਯਾ, ਉਪਦੇਸ਼ ਵਿਦਿਆ ਆਦਿ ਦਾ ਸਿਲਸਿਲੇਵਾਰ ਦੇਣ ਦਾ ਕਰਮ, ਗੁਰਉਪਦੇਸ਼ ਧਾਰਨ ਕਰਨ ਵਾਲੀ ਜਮਾਤ, ਪ੍ਰੰਪਰਾ ਤੋਂ ਉਪਦੇਸ਼ ਦੇਣ ਦੀ ਚਲੀ ਆਈ ਰੀਤ ਆਦਿ।"[11]

'ਪੰਥ ਅਤੇ ਸੰਪ੍ਰਦਾਇ' ਨਿਰਮਲਿਆਂ ਨਾਲ ਜੁੜੇ ਹੋਏ ਦੋ ਮਹੱਤਵਪੂਰਨ ਸ਼ਬਦ ਹਨ। ਪੰਥ ਸ਼ਬਦ ਦੀ ਵਿਆਖਿਆ ਕਰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ:

"ਮਾਰਗ, ਰਸਤਾ, ਪ੍ਰਮਾਤਮਾ ਦੀ ਪ੍ਰਾਪਤੀ ਦਾ ਰਾਹ, ਮਜਹਬ ਆਦਿ।"[12]

ਸਿੱਖ ਧਰਮ ਵਿਚ 'ਪੰਥ' ਸ਼ਬਦ ਦੀ ਵਰਤੋਂ ਦੋ ਵਿਸ਼ੇਸ਼ ਅਰਥਾਂ ਵਿਚ ਹੋਈ ਹੈ ਇਕ ਰਸਤਾ ਜਾ ਮਾਰਗ ਅਤੇ ਦੂਜਾ ਧਾਰਮਿਕ ਸਮਾਜ ਲਈ, ਜਿਵੇਂ: ਨਾਨਕ ਪੰਥੀ, ਕਬੀਰ ਪੰਥੀ, ਗੋਰਖ ਪੰਥੀ ਆਦਿ ਸੰਪ੍ਰਦਾਇ ਵਿਚ ਭੇਖ ਦਾ ਵਿਸ਼ੇਸ਼ ਮਹੱਤਵ ਹੁੰਦਾ ਅਤੇ ਹਰ ਇਕ ਸੰਪ੍ਰਦਾਇ ਆਪਣੇ ਭੇਖ ਕਰਕੇ ਵਿਸ਼ੇਸ਼ ਪਛਾਣ ਰੱਖਦੀ ਹੈ। 'ਭੇਸ' (ਭੇਖ) ਦੇ ਅਰਥ ਕਰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ:

"ਆਪਣੀ ਉੱਤਮਤਾ ਪ੍ਰਗਟ ਕਰਨ ਲਈ ਜੋ ਲਿਬਾਸ ਤੇ ਚਿੰਨ੍ਹ ਧਾਰੇ ਜਾਣ, ਉਹ ਭੇਸ (ਭੇਖ) ਹੈ।"[13]

ਰਤਨ ਸਿੰਘ ਜੱਗੀ ਅਨੁਸਾਰ 'ਨਿਰਮਲ ਸੰਪ੍ਰਦਾਇ':

"ਸਿੱਖਾਂ ਦਾ ਇੱਕ ਵਿਦਵਾਨ ਅਤੇ ਅਧਿਆਪਕ ਸੰਪ੍ਰਦਾਇ ਜਿਸ ਦੀ ਭਾਰਤੀ ਅਧਿਆਤਮਕ ਸਾਹਿਤ ਦੇ ਪਠਨ ਪਾਠਨ ਵਿਚ ਵਿਸ਼ੇਸ਼ ਰੁਚੀ ਹੈ।"[14]

'ਨਿਰਮਲ ਸੰਪ੍ਰਦਾਇ' ਦੇ ਵਿਸਤਾਰ ਵਿਚ ਰਤਨ ਸਿੰਘ ਜੱਗੀ ਆਪਣੇ 'ਸਿੱਖ ਸੰਪ੍ਰਦਾਵਾਂ' ਵਾਲੇ ਇੰਦਰਾਜ ਵਿਚ ਲਿਖਦੇ ਹਨ ਕਿ 'ਨਿਰਮਲ ਸੰਪ੍ਰਦਾਇ'; "ਜਿਸਦਾ ਉਦਘਾਟਨ ਗੁਰੂ ਗੋਬਿੰਦ ਸਿੰਘ ਜੀ ਨੇ

---

[11] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 247.

[12] ਉਹੀ, ਪੰਨਾ 793.

[13] ਉਹੀ, ਪੰਨਾ 923.

[14] ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਭਾਗ ਦੂਜਾ, ਪੰਨਾ 1082.

ਪੰਜ ਸਿੰਘਾਂ ਨੂੰ ਬਨਾਰਸ (ਕਾਸ਼ੀ) ਵਿਚ ਸੰਸਕ੍ਰਿਤ ਅਤੇ ਭਾਰਤੀ ਧਰਮ-ਗ੍ਰੰਥਾਂ ਦੇ ਅਧਿਐਨ ਲਈ ਭੇਜ ਕੇ ਕੀਤਾ।"[15]

ਉਕਤ 'ਨਿਰਮਲ ਅਤੇ ਖਾਲਸਾ' ਸ਼ਬਦਾਂ ਦੇ ਅਰਥ ਭਾਵੇਂ ਇਕੋ ਹੀ ਹਨ ਪ੍ਰੰਤੂ ਸਿੱਖ ਇਤਿਹਾਸ ਵਿਚ ਇਨ੍ਹਾਂ ਦਾ ਕਾਰਜ ਖੇਤਰ ਵੱਖੋ-ਵੱਖ ਹੋਣ ਕਾਰਨ 'ਖ਼ਾਲਸਾ' ਅਤੇ 'ਨਿਰਮਲ' ਦੋ ਵੱਖਰੀਆਂ ਸੰਪ੍ਰਦਾਵਾਂ (ਪੰਥਾਂ) ਬਾਰੇ ਜਾਣਕਾਰੀ ਮਿਲਦੀ ਹੈ। ਜੇਕਰ 'ਖ਼ਾਲਸਾ' ਅਤੇ 'ਨਿਰਮਲ' ਪੰਥ ਦੀ ਸ਼ੁਰੂਆਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਹੋਈ ਮੰਨਕੇ ਇਨ੍ਹਾਂ ਦੇ ਕਾਰਜ ਖੇਤਰ ਬਾਰੇ ਜਾਣਨ ਦੀ ਕੋਸ਼ਿਸ਼ ਕਰੀਏ ਤਾ ਸਪਸ਼ਟ ਝਲਕਦਾ ਹੈ ਕਿ ਭਾਵੇਂ ਇਹ ਦੋਵੇਂ ਸਿੱਖ ਪੰਥ ਦਾ ਹਿੱਸਾ ਹਨ ਪਰ ਇਨ੍ਹਾਂ ਦੋਵਾਂ ਪੰਥਾਂ ਦੀਆਂ ਜ਼ਿੰਮੇਂਵਾਰੀਆਂ ਦਾ ਘੇਰਾ ਵੱਖਰਾ-ਵੱਖਰਾ ਹੈ।

ਇੱਥੇ ਇਹ ਵੀ ਸਪਸ਼ਟ ਕਰਨਾ ਉਚਿਤ ਹੋਵੇਗਾ ਕਿ ਗੁਰੂ ਸਿਧਾਂਤ ਅਨੇਕਤਾ ਤੋਂ ਏਕਤਾ ਵੱਲ ਜਾਂਦੇ ਹਨ ਨਾ ਕਿ ਏਕਤਾ ਤੋਂ ਅਨੇਕਤਾ ਵੱਲ, ਸਮੇਂ ਅਨੁਕੂਲ ਗੁਰੂ ਸਾਹਿਬ ਨੇ ਸਿੱਖਾਂ ਦੀਆਂ ਜ਼ਿੰਮੇਵਾਰੀਆਂ ਜ਼ਰੂਰ ਵੱਖ-ਵੱਖ ਲਗਾ ਰਹੇ ਹਨ ਨਾ ਕਿ ਉਹ ਦੋ ਪੰਥਾਂ ਦੀ ਸ਼ੁਰੂਆਤ ਕਰ ਰਹੇ ਹਨ। ਗੁਰੂ ਸਾਹਿਬ ਦੁਆਰਾ ਸਿੱਖ ਕੌਮ ਦੀਆਂ ਵੱਖ-ਵੱਖ ਜ਼ਿੰਮੇਵਾਰੀਆਂ ਲਗਾਉਣ ਦੀ ਪ੍ਰੋੜਤਾ ਸ਼ਮਸ਼ੇਰ ਸਿੰਘ ਅਸ਼ੋਕ ਵੀ ਕਰਦੇ ਹਨ, ਉਹ ਲਿਖਦੇ ਹਨ, "ਸਿੱਖ ਧਰਮ ਵਿੱਚ, ਇਸ ਤਰ੍ਹਾਂ, ਭਾਵੇਂ ਪਹਿਲੇ ਪਹਿਲ 'ਖ਼ਾਲਸਾ ਪੰਥ' ਹੀ 'ਨਿਰਮਲ ਸੰਪ੍ਰਦਾਏ' ਸੀ, ਪਰ ਫੇਰ ਉਦਾਸ, ਸੰਨਿਆਸ, ਤਿਆਗ ਤੇ ਫ਼ਕੀਰਾਨਾ ਵਰਤੋਂ-ਵਿਹਾਰ ਰਾਹੀਂ ਗੁਰਮਤਿ ਦੇ ਪ੍ਰਚਾਰ ਨੂੰ ਮੁੱਖ ਰੱਖ ਕੇ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਬੜੀ ਦੂਰੰਦੇਸ਼ੀ ਨਾਲ, ਇਸ ਤਰੀਕੇ ਨੂੰ ਬਦਲ ਦਿੱਤਾ।... ਨਿਰਮਲੇ ਸਿੰਘ ਖ਼ਾਲਸਾ ਪੰਥ ਦਾ ਹੀ ਅੰਗ ਬਣਾ ਦਿੱਤੇ। ਉਨ੍ਹਾਂ ਸਿੱਖਾਂ ਨੂੰ ਗੁਰੂ ਸਾਹਿਬ ਨੇ ਆਪਣੇ ਰਸਮ ਰਿਵਾਜ ਦੇ ਮੁਤਾਬਿਕ ਕਖਾਏ, ਮੰਜੀਠੀ, ਸੰਧੂਰੀ, ਗੇਰੂਏ ਜਾਂ ਸਫ਼ੇਦ ਵਸਤਰ ਪਹਿਨਣ ਦੀ ਖੁੱਲ੍ਹ ਦਿੱਤੀ।"[16] ਨਿਰਮਲ ਸ਼ਬਦ ਬਾਅਦ ਵਿੱਚ ਪ੍ਰਚਲਿਤ ਰੂਪ ਵਿੱਚ ਇਕ ਖ਼ਾਸ ਵਰਗ ਦੇ ਲਈ ਵਰਤਿਆ ਜਾਣ ਲੱਗ ਪਿਆ ਜਿਸ ਕਰਕੇ ਇਸ ਨੂੰ ਸੰਪ੍ਰਦਾਇ ਜਾਂ ਪੰਥ ਕਿਹਾ ਜਾਣ ਲੱਗ ਪਿਆ।

ਨਿਰਮਲ ਸੰਪ੍ਰਦਾਇ ਦੇ ਉਕਤ ਅਰਥਾਂ ਤੋਂ ਇਹ ਸਹਿਜੇ ਅੰਦਾਜ਼ਾ ਹੋ ਜਾਂਦਾ ਹੈ ਕਿ ਇਹ ਸੰਪ੍ਰਦਾਇ ਭਾਰਤੀ ਸਾਹਿਤ ਦੇ ਪਠਨ-ਪਾਠਨ ਲਈ ਸਮਕਾਲੀ ਮਾਹੌਲ ਵਿਚ ਢਲਦੀ ਹੋਈ ਹੋਂਦ ਵਿਚ ਆਈ। ਜਿਸ

---

[15] ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਭਾਗ ਪਹਿਲਾ, ਪੰਨਾ 267.

[16] ਸ਼ਮਸ਼ੇਰ ਸਿੰਘ ਅਸ਼ੋਕ, ਨਿਰਮਲੇ ਸਾਧੂਆਂ ਦੀ ਸਿੱਖ ਧਰਮ ਨੂੰ ਦੇਣ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 147.

ਪਿੱਛੇ ਗੁਰੂ ਗੋਬਿੰਦ ਸਿੰਘ ਜੀ ਦੀ ਦੂਰ-ਅੰਦੇਸ਼ੀ ਸੋਚ ਸੀ। ਉਹ ਸਿੱਖਾਂ ਨੂੰ ਸਾਹਿਤਕ ਖ਼ੇਤਰ ਵਿਚ ਵੀ ਪ੍ਰਬੀਨ ਦੇਖਣਾ ਚਾਹੁੰਦੇ ਸਨ।

ਇਸ ਸੰਪ੍ਰਦਾਇ ਦਾ ਮੁੱਢ ਕਦੋਂ ਅਤੇ ਕਿਵੇਂ ਬੱਝਿਆ, ਇਹ ਇਕ ਗੁੰਝਲਦਾਰ ਸਵਾਲ ਹੈ। ਇਸ ਬਾਰੇ ਇਤਿਹਾਸ ਵਿਚ ਵਿਭਿੰਨ ਵਿਚਾਰ ਦੇਖਣ ਨੂੰ ਮਿਲਦੇ ਹਨ। ਇਤਿਹਾਸ ਦੇ ਹਵਾਲੇ ਇਸ ਗੱਲ ਦੀ ਹਾਮੀ ਜ਼ਰੂਰ ਭਰਦੇ ਹਨ ਕਿ ਦਸਵੇਂ ਗੁਰੂ ਜੀ ਨੇ ਜਿਨ੍ਹਾਂ ਸਿੱਖਾਂ ਨੂੰ ਵਿਦਿਆ ਪ੍ਰਾਪਤੀ ਲਈ ਬਨਾਰਸ ਭੇਜਿਆ ਸੀ, ਉਨ੍ਹਾਂ ਤੋਂ ਹੀ ਬਾਅਦ ਵਿਚ ਨਿਰਮਲ ਸੰਪ੍ਰਦਾਇ ਦੀ ਸ਼ੁਰੂਆਤ ਹੁੰਦੀ ਹੈ। ਪਰ ਨਿਰਮਲੇ ਇਤਿਹਾਸਕਾਰਾਂ, ਪ੍ਰਮੁੱਖ ਸੰਤਾਂ, ਲੇਖਕਾਂ ਆਦਿ ਨੇ ਆਪਣੇ ਸੰਪ੍ਰਦਾਇਕ ਮੂਲ ਬਾਰੇ ਜੋ ਮਤ ਪੇਸ਼ ਕੀਤਾ ਹੈ ਉਸ ਦਾ ਆਧਾਰ, ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਥਾਂ-ਥਾਂ ਤੇ ਪ੍ਰਯੋਗ ਹੋਏ 'ਨਿਰਮਲਾ' ਸ਼ਬਦ ਨੂੰ ਬਣਾਇਆ ਹੈ। ਇਹ ਨਿਰਮਲੇ ਸੰਤ ਇਸ ਵਿਚਾਰ ਦੇ ਪੱਖ ਵਿਚ ਹਨ ਕਿ 'ਨਿਰਮਲ' ਸ਼ਬਦ ਨੂੰ ਗੁਰੂ ਨਾਨਕ ਦੇਵ ਜੀ ਅਤੇ ਭਾਈ ਗੁਰਦਾਸ ਜੀ ਨੇ ਸੰਗਿਆ ਦੇ ਰੂਪ ਵਿਚ ਵਰਤਿਆ ਹੈ। ਇਨ੍ਹਾਂ ਦੇ ਮਤ ਅਨੁਸਾਰ ਸਿੱਖ ਧਰਮ ਦਾ ਅਸਲੀ ਨਾਂ ਹੀ ਨਿਰਮਲ ਪੰਥ ਸੀ, ਇਸ ਲਈ ਨਿਰਮਲ ਪੰਥ ਜਾਂ ਸੰਪ੍ਰਦਾਇ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਸਨ। ਆਪਣੇ ਵਿਚਾਰਾਂ ਦੀ ਪੁਸ਼ਟੀ ਕਰਨ ਲਈ ਨਿਰਮਲੇ ਵਿਦਵਾਨਾਂ ਨੇ ਗੁਰਬਾਣੀ, ਵਾਰਾਂ ਭਾਈ ਗੁਰਦਾਸ ਅਤੇ ਹੋਰਨਾਂ ਵਿਦਵਾਨਾਂ ਦੀਆਂ ਰਚਨਾਵਾਂ ਵਿਚੋਂ ਇਹ ਉਦਾਹਰਣਾਂ ਦਿੱਤੀਆਂ ਹਨ:

ਸੋ ਜਨੁ ਨਿਰਮਲੁ ਜਿਨਿ ਆਪੁ ਪਛਾਤਾ।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1048)

ਜਿਨੀ ਗੁਰਮੁਖਿ ਨਾਮ ਧਿਆਇਆ, ਵਿਚਹੁ ਆਪ ਗਵਾਇ।

(ਉਹੀ, ਪੰਨਾ 28)

ਓਇ ਅੰਦਰਹੁ ਬਾਹਰਹੁ ਨਿਰਮਲੇ ਸਚੇ ਸਚਿ ਸਮਾਇ।

(ਉਹੀ)

ਸੇ ਜਨ ਸਚੇ ਨਿਰਮਲੇ, ਜਿਨ ਸਤਿਗੁਰ ਨਾਲਿ ਪਿਆਰੁ

(ਉਹੀ, ਪੰਨ 65)

ਭੱਟ ਸਾਹਿਬਾਨ ਨੇ ਆਪਣੀ ਬਾਣੀ ਵਿਚ ਇਹ ਸ਼ਬਦ ਇਉਂ ਵਰਤਿਆ ਹੈ:

ਨਿਰਮਲ ਭੇਖ ਅਪਾਰ ਤਾਸ ਬਿਨ ਅਵਰਿ ਨ ਕੋਈ।

(ਉਹੀ, ਪੰਨਾ 1409)

ਇਸ ਸੰਪ੍ਰਦਾਇ ਦੇ ਇਤਿਹਾਸਕਾਰ ਮਹੰਤ ਗਣੇਸ਼ਾ ਸਿੰਘ ਜੀ ਨੇ ਨਿਰਮਲ ਸੰਪ੍ਰਦਾਇ ਦੇ ਮੂਲ ਬਾਰੇ ਜੋ ਵਿਚਾਰ ਪ੍ਰਗਟ ਕੀਤੇ ਹਨ ਉਨਾਂ ਦਾ ਤੱਤ ਸਾਰ ਇਹ ਹੈ ਕਿ ਨਿਰਮਲ ਸੰਪ੍ਰਦਾਇ ਦਾ ਅਰੰਭ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਸਨ। ਆਪਣੀ ਪੁਸਤਕ 'ਭਾਰਤ ਮਤ ਦਰਪਣ' ਵਿਚ ਉਨ੍ਹਾਂ ਨੇ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚੋਂ ਤੁਕਾਂ ਦੇ ਕੇ ਉਨ੍ਹਾਂ ਦੀ ਵਿਆਖਿਆ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ:[17]

ਥਾਪਿਓ ਲਹਿਣਾ ਜੀਵਦੇ, ਗੁਰਿਆਈ ਸਿਰ ਛਤ੍ਰ ਫਿਰਾਇਆ।

ਮਾਰਿਆ ਸਿੱਕਾ ਜਗਤ ਵਿਚ (ਗੁਰੂ) ਨਾਨਕ ਨਿਰਮਲ ਪੰਥ ਚਲਾਇਆ॥

(ਭਾਈ ਗੁਰਦਾਸ, ਵਾਰ 2/14)

ਏਸੇ ਭਾਵ ਨੂੰ ਸਿੱਧ ਕਰਨ ਹਾਰ ਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੀ ਹਨ:-

ਨਿਰਮਲ ਭੇਖ ਅਪਾਰ ਤਾਸ ਬਿਨ ਅਵਰ ਨਾ ਕੋਈ॥

(ਸਵਯੇ ਮਹਲੇ 5 ਦੇ 19)

ਨਿਰਮਲ ਸੰਪ੍ਰਦਾਇ ਦੇ ਪ੍ਰਸਿੱਧ ਵਿਦਵਾਨ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਜੀ ਵੀ ਉਕਤ ਵਿਚਾਰਾਂ ਨਾਲ ਸਹਿਮਤੀ ਜਤਾਉਂਦੇ ਹੋਏ ਲਿਖਦੇ ਹਨ ਕਿ "ਸਤਿਗੁਰੂ ਜੀ ਅਕਾਲ ਪੁਰਖ ਦੇ ਦਰ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਵੇਈਂ ਨਦੀ ਵਿਚੋਂ ਪ੍ਰਗਟ ਹੋਏ। ਸਤਿਗੁਰੂ ਜੀ ਦਾ ਅਨਨਯ ਸਿੱਖ ਭਾਈ ਭਾਗੀਰਥ ਸ਼ਰਧਾ ਪੂਰਵਕ ਤਿੰਨ ਦਿਨ ਤੋਂ ਇਕਾਗਰ ਚਿਤ ਨਦੀ ਕਿਨਾਰੇ ਖੜ੍ਹਾ ਰਿਹਾ। ਸਤਿਗੁਰੂ ਜੀ ਨੇ ਪ੍ਰਸੰਨਤਾ ਪੂਰਬਕ ਸ਼ਰਧਾ ਭਗਤੀ ਵੇਖ ਕੇ ਭਾਈ ਭਾਗੀਰਥ ਨੂੰ ਮੂਲ ਮੰਤ੍ਰ ਤੇ ਨਿਰਮਲ ਭੇਖ ਦੇ ਕੇ ਨਿਵਾਜਿਆ। ਇਸ ਤਰ੍ਹਾਂ ਪਹਿਲਾ ਨਿਰਮਲਾ ਸੰਤ ਭਾਈ ਭਾਗੀਰਥ ਹੋਇਆ ਹੈ। ਭਾਈ ਭਾਗੀਰਥ ਜੀ ਨੇ ਸਤਿਗੁਰੂ ਜੀ ਦੀ ਉਸਤਤੀ ਵਿਚ ਇਕ ਵਾਰ ਵੀ ਲਿਖੀ ਹੈ:"[18]

---

[17] ਮਹੰਤ ਗਣੇਸ਼ਾ ਸਿੰਘ, *ਭਾਰਤ ਮਤ ਦਰਪਣ*, ਪੰਨਾ 191.

[18] ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ, ਡਾ. ਸਰਬਿਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨੇ 22-23.

'ਬਾਬਾ ਵੇਂਈ ਨਾਇਕੈ, ਸੱਚਖੰਡ ਮੈਂ ਪਹੁਤਾ ਜਾਈ।

ਬਿਸ਼ਨੁ ਦੇਵ ਖੁਸ਼ ਹੋਇਕੈ, ਗੁਰਮੰਤ੍ਰ ਦੇ ਕਲਾ ਵਧਾਈ।

ਟੋਪੀ ਚੋਲਾ ਬਰਣ ਨੈ, ਭੇਟਾ ਦੇ ਗਲਿ ਸੇਲੀ ਪਾਈ।

ਵੇਂਈ ਵਿਚਹੁੰ ਨਿਕਲੇ, ਰੰਗ ਮਜੀਠੀ ਬਸਨ ਧਰਾਈ।

ਬੈਠੇ ਕਬਰ ਸਥਾਨ ਮੈਂ, ਦਰਸ਼ਨ ਕਉ ਉਲਟੀ ਲੋਕਾਈ।

ਵਾਹਿਗੁਰੂ ਸਤਿਨਾਮੁ ਦੈ, ਚਾਰ ਬੇਦ ਕਉ ਸਾਰਿ ਬਤਾਈ।

ਖੰਡ ਬ੍ਰਹਮੰਡੀ ਸੈਲ ਕਰ ਭਵ ਨਿਧ ਤਾਰੀ ਖਲਕ ਸਬਾਈ।

ਨਿਰਮਲ ਪੰਥ ਚਲਾਇਆ ਏਕ ਬਿਵੇਕ ਭਗਤਿ ਦ੍ਰਿੜਾਈ।

ਸਾਧਨ ਕਠਿਨ ਛਡਾਇ ਕੈ ਗੁਰ ਸਿੱਖੀ ਦੀ ਰੀਤ ਚਲਾਈ।

ਕਲਿਜੁਗ ਨਾਨਕ ਕਲਾ ਦਿਖਾਈ।'

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਉਕਤ ਵਾਰ[19] ਦੀ ਪ੍ਰੋੜਤਾ ਕਰਦੇ ਹੋਏ ਅੱਗੇ ਲਿਖਦੇ ਹਨ: "ਵਾਸਤਵ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਦਸਮ ਗੁਰੂ ਜੀ ਦੇ ਸਮੇਂ ਤੱਕ ਗੁਰਸਿੱਖੀ ਸੰਪ੍ਰਦਾਇ ਦਾ ਨਾਮ 'ਨਿਰਮਲ ਪੰਥ` ਹੀ ਪ੍ਰਸਿੱਧ ਸੀ। 'ਖ਼ਾਲਸਾ', 'ਸਹਿਜਧਾਰੀ' 'ਸਹਿਲੰਗ' ਆਦਿ ਉਪ-ਸ਼ਾਖਾ ਸਨ। ਸਤਿਗੁਰੂਆਂ ਦੇ ਸਮੇਂ ਦੇਸ਼-ਪ੍ਰਦੇਸ਼ ਦੀਆਂ ਸੰਗਤਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਜੋ ਸੰਗਤ ਸਤਿਗੁਰੂ ਜੀ ਦੇ ਸਿੱਧੇ ਅਧੀਨ ਸੀ, ਉਸ ਨੂੰ 'ਖ਼ਾਲਸਾ` ਕਿਹਾ ਜਾਂਦਾ ਸੀ। ਮਸੰਦਾਂ ਦੇ ਅਧੀਨ ਸੰਗਤ ਨੂੰ 'ਸਹਿਲੰਗ' ਆਖਿਆ ਜਾਂਦਾ ਸੀ। ਪੂਰੇ ਪੰਥ ਦਾ ਨਾਉਂ 'ਨਿਰਮਲ ਪੰਥ' ਸੀ।"[20]

---

[19] ਜਨਮ ਸਾਖੀ ਪਰੰਪਰਾ ਵਿਚ ਸ੍ਰੀ ਗੁਰੂ ਨਾਨਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਈਂ ਵਿਚੋਂ ਬਾਹਰ ਆਉਣ ਉਪਰੰਤ 'ਨਾ ਕੋ ਹਿੰਦ ਨ ਕੋ ਮੁਸਲਮਾਨ' ਅਤੇ ਮੂਲ ਮੰਤਰ ਉਚਾਰਣ ਦਾ ਜ਼ਿਕਰ ਤਾਂ ਮਿਲਦਾ ਹੈ ਪ੍ਰੰਤੂ ਮਹੰਤ ਗਣੇਸ਼ਾ ਸਿੰਘ, ਗਿ. ਬਲਵੰਤ ਸਿੰਘ ਕੋਠਾ ਗੁਰੂ ਅਤੇ ਹੋਰ ਨਿਰਮਲੇ ਵਿਦਵਾਨ ਭਾਈ ਭਗੀਰਥ ਦੀ ਜਿਸ ਉਕਤ ਵਾਰ ਦਾ ਹਵਾਲਾ ਨਿਰਮਲ ਸੰਪ੍ਰਦਾਇ ਦੇ ਅਰੰਭ ਲਈ ਦਿੰਦੇ ਹਨ ਉਸ ਦਾ ਜ਼ਿਕਰ ਨਹੀਂ ਮਿਲਦਾ (ਦੇਖੋ; ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ*, ਪੰਨੇ 18-21, 11, 83, 262, 368)। ਭਾਈ ਭਾਗੀਰਥ ਦੀ ਜਿਸ ਵਾਰ ਅਤੇ ਗ੍ਰੰਥ ਦਾ ਹਵਾਲਾ ਨਿਰਮਲੇ ਵਿਦਵਾਨ ਦਿੰਦੇ ਹਨ, ਉਹ ਕਿਤੋਂ ਨਹੀਂ ਮਿਲਦਾ ਤੇ ਨਾ ਹੀ ਮੌਜੂਦਾ ਸਮੇਂ ਕਿਸੇ ਨਿਰਮਲੇ ਵਿਦਵਾਨ ਤੋਂ ਇਸ ਗ੍ਰੰਥ ਦੀ ਕੋਈ ਪੁਖਤਾ ਜਾਣਕਾਰੀ ਮਿਲਦੀ ਹੈ, ਜਿਸ ਤੋਂ ਨਿਰਮਲੇ ਵਿਦਵਾਨਾਂ ਦੀ ਧਾਰਨਾ ਬਾਰੇ ਸਹੀ ਜਾਣਕਾਰੀ ਮਿਲ ਸਕੇ।

[20] ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨੇ 27-28.

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਵੱਲੋਂ ਉਕਤ ਵਾਰ ਦਾ ਜਿਹੜਾ ਹਵਾਲਾ ਦਿੱਤਾ ਜਾਂਦਾ ਹੈ, ਉਸ ਦੀ ਆਲੋਚਨਾ ਵੀ ਸਾਹਮਣੇ ਆਉਂਦੀ ਹੈ ਜਿਵੇਂ ਕਿ ਪ੍ਰੋ. ਪਿਆਰਾ ਸਿੰਘ ਪਦਮ ਲਿਖਦੇ ਹਨ ਕਿ "ਕੁੱਝ ਲੇਖਕਾਂ ਨੇ ਭਾਗੀਰਥ ਮੈਲਸੀਆਂ ਦੇ ਨਾ ਮਨਸੂਬ ਕਰਕੇ ਇਕ ਪਉੜੀ ਵਰਤੀ ਗਈ ਜੋ ਬੋਲੀ ਤੇ ਸ਼ੈਲੀ ਪੱਖੋਂ ਇਤਨੀ ਪੁਰਾਣੀ ਨਹੀਂ ਜਿਸਨੂੰ ਗੁਰੂ ਨਾਨਕ-ਕਾਲ ਦੀ ਰਚਨਾ ਕਿਹਾ ਜਾ ਸਕਦਾ ਹੋਵੇ। ਪਹਿਲੀ ਗੱਲ ਇਹ ਹੈ ਕਿ ਉਸ ਸਮੇਂ ਵਾਰਾਂ ਕੇਵਲ ਪੇਸ਼ਾਵਰ, ਗਵੰਤਰੀ-ਢਾਡੀ ਜਾਂ ਭੱਟ ਹੀ ਰਚਨੇ ਸਨ। ਦੂਜੇ, ਅਧਿਆਤਮਕ ਵਾਰਾਂ ਦੀ ਪਿਰਤ ਗੁਰੂ ਸਾਹਿਬਾਨ ਨੇ ਪਾਈ ਅਤੇ ਧਾਰਮਿਕ ਵਾਰਾਂ ਦਾ ਮੁੱਢ ਭਾਈ ਗੁਰਦਾਸ ਨੇ ਬੰਨ੍ਹਿਆ। ਜੇ ਇਹ ਵਾਰ ਪੁਰਾਤਨ ਹੁੰਦੀ ਤਾਂ ਇਸ ਦੀ ਬੋਲੀ ਅਤੇ ਸ਼ੈਲੀ, ਸੱਤੇ ਬਲਵੰਡ ਦੀਆਂ ਪਉੜੀਆਂ ਦੇ ਨੇੜੇ-ਤੇੜੇ ਹੁੰਦੀ ਪਰ ਕਮਾਲ ਇਹ ਹੈ ਕਿ ਇਹ ਸੰਪੂਰਣ ਵਾਰ ਕਿਤੇ ਮਿਲਦੀ ਵੀ ਨਹੀਂ। ਕੇਵਲ ਇਕੋ ਪਉੜੀ ਹੈ ਜੋ ਦੁਹਰਾਈ ਜਾ ਰਹੀ ਹੈ, ਇਸ ਦੇ ਪਾਠ ਤੋਂ ਇਉਂ ਸਪਸ਼ਟ ਹੁੰਦਾ ਹੈ ਕਿ ਕਿਸੇ ਸਨਾਤਨੀ ਰੂੜੀਵਾਦੀ ਸਾਧ ਨੇ ਉਨ੍ਹੀਵੀਂ ਸਦੀ ਵਿਚ ਇਹ ਤੁਕਾਂ ਜੋੜੀਆਂ।"[21]

ਇੱਥੇ ਗੁੰਝਲ ਇਹ ਹੈ ਕਿ ਨਿਰਮਲ ਭੇਖ ਦੇ ਗੁਰੂ ਨਾਨਕ ਕਾਲ ਦੇ ਸਮੇਂ ਭਾਈ ਭਾਗੀਰਥ ਤੋਂ ਸ਼ੁਰੂ ਹੋਣ ਵਾਲੇ ਵਿਚਾਰ ਦੀ ਪੁਸ਼ਟੀ ਨਹੀਂ ਹੁੰਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਮੁੱਢਲੇ ਸ੍ਰੋਤਾਂ ਵਿਚ ਆਏ ਸ਼ਬਦ 'ਨਿਰਮਲ', ਸੰਪ੍ਰਦਾਇ-ਵਿਸ਼ੇਸ਼ ਦਾ ਅਰਥ ਨਹੀਂ ਦਿੰਦੇ। ਪੰਤੂ ਇਤਿਹਾਸ ਦੀਆਂ ਲਿਖਤਾਂ ਵਿਚ ਜਿਹੜੇ ਪ੍ਰਮਾਣਿਕ ਹਵਾਲੇ ਮਿਲਦੇ ਹਨ, ਉਨ੍ਹਾਂ ਵਿਚ ਖ਼ਾਲਸਾ ਪੰਥ ਵਿਚ ਸ਼ਾਮਲ ਹੋਣ ਵਾਲੇ ਪਹਿਲੇ ਪੰਜ ਪਿਆਰਿਆਂ ਦਾ ਜ਼ਿਕਰ ਦੇਖਣ ਨੂੰ ਮਿਲਦਾ ਹੈ। ਨਿਰਮਲ ਸੰਪ੍ਰਦਾਇ ਨਾਲ ਸੰਬੰਧਿਤ ਵਿਦਵਾਨ ਅਤੇ ਖੋਜੀ ਖ਼ਾਲਸਾ ਪੰਥ ਦੀ ਸਿਰਜਣਾ ਤੋਂ ਪਹਿਲਾਂ ਨਿਰਮਲੇ ਸੰਪ੍ਰਦਾਇ ਦੀ ਹੋਂਦ ਨੂੰ ਪ੍ਰਵਾਨ ਕਰਦੇ ਹਨ। ਰਾਏ ਜਸਵੀਰ ਸਿੰਘ ਅਨੁਸਾਰ, "ਭਾਈ ਦਰਗਾਹਾ ਸਿੰਘ ਨਿਰਮਲੇ ਨੇ 1710 ਈ. ਵਿਚ ਅਬਚਲ ਨਗਰ ਤੋਂ ਆ ਕੇ ਕਨਖਲ ਵਿਚ ਨਿਵਾਸ ਕੀਤਾ। ... ਰਾਇ ਅਹਿਮਦ ਨੇ ਇਨ੍ਹਾਂ ਨੂੰ ਮਰਜ਼ੀ ਮੁਤਾਬਿਕ ਜਮੀਨ ਉੱਤੇ ਕਬਜ਼ਾ ਕਰਨ ਦੀ ਆਗਿਆ ਦੇ ਦਿੱਤੀ ਅਤੇ 1726 ਈ. ਵਿਚ ਇਸ ਬਾਰੇ ਸਨਦ ਵੀ ਲਿਖ ਦਿੱਤੀ। ਪੰਡਿਤ ਗੁਲਾਬ ਸਿੰਘ ਦੇ ਗੁਰੂ ਮਾਨ ਸੰਘ ਨੇ ਕੁਰਛੇਤ੍ਰ ਵਿਚ 1743 ਈ. ਨੂੰ ਧਰਮ-ਅਰਥ ਜ਼ਮੀਨ ਪਟੇ ਉੱਤੇ ਲਈ। ਸੰਨ 1752 ਈ. ਵਿਚ ਮਹਾਰਾਜਾ ਆਲਾ ਸਿੰਘ ਦੀ ਪੁੱਤਰੀ ਬੀਬੀ ਪ੍ਰਧਾਨ ਕੌਰ ਨੇ ਬਰਨਾਲੇ ਦੇ ਬਾਬਾ ਗਾਂਧਾ ਸਿੰਘ ਵਾਲੇ ਡੇਰੇ ਦੇ ਮਹੰਤ ਨਿੱਕਾ ਸਿੰਘ ਨੂੰ 30 ਪਿੰਡਾਂ ਦਾ ਪਟਾ ਲਿਖ ਕੇ ਦਿੱਤਾ। ਸਰਦਾਰ ਅਮਰ ਸਿੰਘ ਬੱਗਾ ਨੇ ਪਰਗਨਾ

[21] ਪ੍ਰੋ. ਪਿਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ*, ਪੰਨਾ 54.

ਸੁਜਾਨਪੁਰ ਦਾ ਪਟਾ 1764 ਈ. ਵਿਚ ਲੱਖਾ ਸਿੰਘ ਨਿਰਮਲੇ ਨੂੰ ਲਿਖ ਕੇ ਦਿੱਤਾ।"[22] ਰਾਏ ਜਸਬੀਰ ਸਿੰਘ ਇਨ੍ਹਾਂ ਪਟਿਆਂ ਦੇ ਆਧਾਰ 'ਤੇ ਨਿਰਮਲ ਸੰਪ੍ਰਦਾਇ ਦੀ ਹੋਂਦ ਗੁਰੂ ਗੋਬਿੰਦ ਤੋਂ ਪਹਿਲਾਂ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦੇ ਹੋਏ ਲਿਖਦੇ ਹਨ, "ਗੁਰੂ ਗੋਬਿੰਦ ਸਿੰਘ ਦੇ ਪੰਜਾਂ ਸਿੱਖਾਂ ਨੂੰ ਕਾਸ਼ੀ ਭੇਜਣ ਤੋਂ ਇਸ ਸੰਪ੍ਰਦਾਇ-ਵਿਸ਼ੇਸ਼ ਦੇ ਅਰੰਭ ਦਾ ਵਿਚਾਰ ਵੀ ਬਹੁਤਾ ਬਲਵਾਨ ਨਹੀਂ ਹੈ। ਨਿਰਮਲਿਆਂ ਨੂੰ ਮਿਲੇ ਪਟਿਆਂ ਤੇ ਉਨ੍ਹਾਂ ਦੀਆਂ ਰਚਨਾਵਾਂ ਤੋਂ ਪਤਾ ਲਗਦਾ ਹੈ ਕਿ ਪੂਰਬ ਮਿਸਲ ਕਾਲ ਵਿਚ ਨਿਰਮਲੇ ਸੰਤ ਮੌਜੂਦ ਸਨ ਅਤੇ ਕਈ ਨਿਰਮਲੇ ਸੰਤ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਨ।"[23]

ਨਿਰਮਲ ਸੰਪ੍ਰਦਾਇ ਨਾਲ ਸੰਬੰਧਿਤ ਇਕ ਹੋਰ ਵਿਦਵਾਨ ਤੇਜਾ ਸਿੰਘ ਖੁੱਡਾ ਲਿਖਦੇ ਹਨ "1699 ਈ. ਨੂੰ ਖ਼ਾਲਸਾ ਸਾਜਣ ਸਮੇਂ ਪੰਜ ਪਿਆਰਿਆਂ-ਭਾਈ ਦਇਆ ਰਾਮ ਜੀ, ਭਾਈ ਧਰਮ ਚੰਦ ਜੀ, ਭਾਈ ਹਿੰਮਤ ਰਾਮ ਜੀ, ਭਾਈ ਮੋਹਕਮ ਚੰਦ ਜੀ, ਭਾਈ ਸਾਹਿਬ ਚੰਦ ਜੀ ਪੰਜੇ ਸਭ ਤੋਂ ਪਹਿਲਾਂ ਸਤਿਗੁਰੂ ਜੀ ਤੋਂ ਅੰਮ੍ਰਿਤ ਛਕਣ ਵਾਲੇ ਨਿਰਮਲੇ ਸੰਤ ਹੀ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਾਂਤਮਈ ਪਰਿਵਾਰ ਵਿਚੋਂ 203 ਸਾਲ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਰਨ ਧੋਇ (ਚਰਣਾਮਿ) ਸੰਸਕਾਰ ਬਦਲ ਕੇ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਗੁਰਸਿੱਖਾਂ ਨੂੰ ਛਕਾਇਆ। ਸਾਧੂ, ਵਿਰੱਕਤਾਂ ਛਕਿਆ ਨਿਰਮਲੇ ਕਹਾਏ ਤੇ ਗ੍ਰੇਹੀਆਂ ਨੇ ਛਕਿਆ ਸਿੱਖ ਕਹੇ ਜਾਣ ਲੱਗੇ।"[24] ਇੱਥੇ ਇਸ ਗੱਲ ਦਾ ਜ਼ਿਕਰ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਛਕਾਉਣ ਸਮੇਂ ਜਿਨ੍ਹਾਂ ਸਾਧੂ, ਵਿਰੱਕਤਾਂ ਨੇ ਅੰਮ੍ਰਿਤ ਛਕਿਆ ਉਹ 'ਨਿਰਮਲੇ' ਕਹਾਏ ਅਤੇ ਨਾਲ ਹੀ ਜ਼ਿਕਰ ਆਉਂਦਾ ਹੈ ਕਿ ਅੰਮ੍ਰਿਤ ਛਕਣ ਵਾਲੇ ਇਹ ਪ੍ਰਾਣੀ ਪਹਿਲਾਂ ਹੀ ਨਿਰਮਲੇ ਸਨ।

ਉਕਤ ਵਿਦਵਾਨਾਂ ਦੇ ਵਿਚਾਰਾਂ ਤੋਂ ਬਾਅਦ ਦੂਜਾ ਵਿਚਾਰ ਗਿਆਨੀ ਗਿਆਨ ਸਿੰਘ ਜੀ ਦਾ ਹੈ ਜੋ ਉਕਤ ਵਿਚਾਰਾਂ ਤੋਂ ਭਿੰਨ ਹੈ। ਗਿਆਨੀ ਗਿਆਨ ਸਿੰਘ ਜੀ ਨੇ ਤਿੰਨ ਪੁਸਤਕਾਂ ਵਿਚ ਨਿਰਮਲ ਸੰਪ੍ਰਦਾਇ ਦੇ ਇਤਿਹਾਸ ਬਾਰੇ ਜ਼ਿਕਰ ਕੀਤਾ ਹੈ। *ਨਿਰਮਲ ਪੰਥ ਪ੍ਰਦੀਪਕਾ, ਤਵਾਰੀਖ਼ ਗੁਰੂ ਖ਼ਾਲਸਾ'* ਅਤੇ *ਪੰਥ ਪ੍ਰਕਾਸ਼,* ਇੰਨ੍ਹਾਂ ਪੁਸਤਕਾਂ ਵਿਚਲੇ ਇਤਿਹਾਸਕ ਹਵਾਲਿਆਂ ਤੋਂ ਨਿਰਮਲ ਸੰਪ੍ਰਦਾਇ ਦੇ ਇਤਿਹਾਸ ਬਾਰੇ ਕਾਫ਼ੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਗਿਆਨੀ ਗਿਆਨ ਸਿੰਘ ਨਿਰਮਲ ਸੰਪ੍ਰਦਾਇ ਦੇ ਅਰੰਭ ਬਾਰੇ ਸ਼ੰਕੇ ਦੂਰ ਕਰਨ

---

[22] ਰਾਏ ਜਸਬੀਰ ਸਿੰਘ, ਨਿਰਮਲ ਭੇਖ ਦਾ ਆਰੰਭ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 35.

[23] ਉਹੀ, ਪੰਨਾ 37.

[24] ਸੰਤ ਤੇਜਾ ਸਿੰਘ ਐਮ.ਏ, ਨਿਰਮਲ ਸੰਪ੍ਰਦਾਇ ਦਾ ਆਰੰਭ ਤੇ ਵਿਕਾਸ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ,* ਜੂਨ 2009, ਪੰਨਾ 78

ਲਈ *ਨਿਰਮਲ ਪੰਥ ਪ੍ਰਦੀਪਕਾ* ਦੇ ਸ਼ੁਰੂ ਵਿਚ ਉਹ ਲਿਖਦੇ ਹਨ, "ਕੋਈ ਲੋਗ ਕਹਿਤੇ ਹੈਂ ਨਿਰਮਲੇ ਸਾਧੂ ਗੁਰੂ ਗੋਬਿੰਦ ਸਿੰਘ ਜੀ ਨੇ ਚਲਾਏ ਹੈਂ। ਕੋਈ ਕੋਈ ਅਗਯਾਨੀ ਕਹਿਤੇ ਹੈਂ ਕਿ ਦਸਮ ਗੁਰੂ ਕੇ ਪੀਛੇ ਜਬ ਮੁਸਲਮਾਨੋਂ ਨੇ ਸਿੰਘਾਂ ਕੋ ਪਕੜਨੇ ਮਾਰਨੇ ਔਰ ਤੁਰਕ ਕਰਨੇ ਪਰ ਜੋਰ ਦੀਆ ਥਾ ਤਬ ਬਹੁਤ ਸਿੰਘ ਤੋ ਲੜਤੇ ਭਿੜਤੇ ਰਹੇ ਜਿਨ੍ਹੋਂ ਨੇ ਸ਼ਸਤ੍ਰ ਨਹੀਂ ਪਕੜੇ ਓਹ ਨਿਰਮਲੇ ਸਾਧੂ ਬਨ ਬੈਠੇ। ਕਿੰਚਨ ਮਤਸਰ ਕੇ ਭਰੇ ਹੂਏ ਅਕਸਰ ਬਿਨਾਂ ਬੁੱਧੀ ਦਾਨੇਂ ਬਖਾਨੇ ਹੈਂ, ਜਬ ਸੰਮਤ 1903 ਮੇਂ ਲਾਹੌਰ ਅੰਗ੍ਰੇਜੋਂ ਨੇ ਲੀਯਾ ਓਥੋਂ ਦੇ ਨੌਕਰ ਸਿੰਘ ਜੋ ਪੜ੍ਹੇ ਹੂਏ ਥੇ ਕੰਮ ਕਾਰ ਸੰਸਾਰ ਦਾ ਕੁਛ ਨਾ ਕਰ ਸਕੇ ਓਹ ਨਿਰਮਲੇ ਸਿੰਘ ਬਣ ਫਿਰੇ।"[25] ਨਿਰਮਲੇ ਸੰਤਾਂ ਦੇ ਬਾਰੇ ਲੋਕਾਂ ਦੇ ਉਕਤ ਭਰਮ ਭੁਲੇਖੇ ਦੂਰ ਕਰਨ ਹਿਤ ਇਸ ਪੁਸਤਕ ਵਿਚ ਉਹ ਨਿਰਮਲ ਸੰਪ੍ਰਦਾਇ ਦਾ ਇਤਿਹਾਸ ਲਿਖਦੇ ਹੋਏ ਦਸਦੇ ਹਨ: "ਕਾਹੇ ਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਸੈਂ ਲੇਕਰ ਦਸਵੇਂ ਪਾਤਸ਼ਾਹ ਪ੍ਰਯੰਤ ਜੋ ਲੋਗ ਗ੍ਰਹਸਤੀ ਸੇਵਕ ਉਪਦੇਸ਼ੀ ਹੋਤੇ ਰਹੇ ਸੋ ਕੇਵਲ ਸਿੱਖ ਗੁਰੂ ਕੇ ਮਸ਼ਹੂਰ ਰਹੇ ਔਰ ਜੋ ਬਿਹੰਗਮ ਬੈਰਾਗਯਵਾਨ ਗ੍ਰਹਸਥ ਛੋੜ ਕੇ ਉਪਦੇਸ਼ ਲੇ ਕਰ ਚੇਲੇ ਗੁਰੂ ਕੇ ਹੋਤੇ ਰਹੇ ਸੋ ਨਿਰਮਲੇ ਸਿੱਖ ਸਦਾਵਤੇ ਰਹੇ ਹੈਂ। ਇਹ ਦੋ ਸੰਗਯਾ ਪਹਿਲੇ ਦਿਨ ਤੇ ਗੁਰੂ ਘਰ ਮੇਂ ਸਿੱਖਾਂ ਦੀ ਥੀਂ ਸੋਈ ਅਬ ਹੈਂ।"[26]

ਪ੍ਰੰਤੂ ਪੰਜ ਪਿਆਰਿਆਂ ਦੇ ਸੰਬੰਧ ਵਿਚ ਜੋ ਇਤਿਹਾਸਕ ਹਵਾਲੇ ਮਿਲਦੇ ਹਨ ਉਨ੍ਹਾਂ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿਘ ਜੀ ਨੇ 1686 ਈ. ਵਿਚ ਪੰਜ ਸਿੱਖਾਂ ਦੀ ਚੋਣ ਕੀਤੀ ਤੇ ਉਨ੍ਹਾਂ ਨੂੰ ਸਿੱਖਿਆ ਗ੍ਰਹਿਣ ਕਰਨ ਲਈ ਬਨਾਰਸ ਭੇਜਿਆ, ਜਿਨ੍ਹਾਂ ਸਿੱਖਿਆ ਗ੍ਰਹਿਣ ਕਰਨ ਉਪਰੰਤ 1699 ਈ. ਵਿਚ ਆਨੰਦਪੁਰ ਸਾਹਿਬ ਆ ਕੇ ਅੰਮ੍ਰਿਤ ਛਕਿਆ। ਇਨ੍ਹਾਂ ਵਿਦਵਾਨ ਸੰਤਾਂ ਦਾ ਸਿੱਖ ਸੰਗਤ ਵਿਚ ਬਹੁਤ ਸਤਿਕਾਰ ਸੀ। ਦਸਮ ਪਾਤਸ਼ਾਹ ਦੇ ਚਲਾਣੇ ਉਪਰੰਤ ਗੁਰਮਤਿ ਅਤੇ ਵਿਦਿਆ ਪ੍ਰਚਾਰ ਹਿਤ ਸਿੱਖਾਂ ਨੇ ਇਨ੍ਹਾਂ ਸੰਤਾਂ ਨੂੰ ਆਪਣੇ ਟਿਕਾਣੇ ਬਣਾਉਣ ਲਈ ਜਗੀਰਾਂ ਦੇ ਪਟੇ ਲਿਖ ਕੇ ਦੇਣੇ ਸ਼ੁਰੂ ਕਰ ਦਿੱਤੇ। ਜਿਨ੍ਹਾਂ ਪਟਿਆਂ ਦਾ ਹਵਾਲਾ ਰਾਏ ਜਸਵੀਰ ਸਿੰਘ ਜੀ ਦਿੰਦੇ ਹਨ ਉਹ ਸਭ 1699 ਈ. ਤੋਂ ਬਾਅਦ ਦੇ ਹਨ ਅਤੇ ਇਸ ਸਮੇਂ ਜਿਹੜੇ ਪੰਜੇ ਸਿੱਖ ਕਾਸੀ ਤੋਂ ਵਿਦਿਆ ਪ੍ਰਾਪਤ ਕਰ ਕੇ ਆਏ ਉਨ੍ਹਾਂ ਨੂੰ ਨਿਰਮਲੇ ਸੰਤ ਕਹਿਕੇ ਸਤਿਕਾਰਿਆ ਗਿਆ, ਇਹ ਹੀ ਨਿਰਮਲਾ ਸੰਪ੍ਰਦਾਇ ਦੇ ਮੋਢੀ ਸੰਤ ਸਨ। ਬਾਅਦ ਵਿਚ ਇਨ੍ਹਾਂ ਨਿਰਮਲੇ ਸੰਤਾਂ ਨੇ ਆਪਣੇ ਸ਼ਗਿਰਦਾਂ ਸਮੇਤ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਲੇ ਸਮੇਂ ਤੱਕ ਉਨ੍ਹਾਂ ਦਾ ਸੰਗ ਕੀਤਾ। ਇਸ ਲਈ ਇਨ੍ਹਾਂ ਦਾ ਗੁਰੂ

---

[25] ਗਿ. ਗਿਆਨ ਸਿੰਘ, *ਨਿਰਮਲ ਪੰਥ ਪ੍ਰਦੀਪਕਾ*, ਪੰਨਾ 07.

[26] ਉਹੀ

ਸਾਹਿਬ ਦਾ ਸਮਕਾਲੀ ਹੋਣਾ ਸੁਭਾਵਿਕ ਹੈ ਪ੍ਰੰਤੂ ਇਸ ਕਾਲ ਨੂੰ ਬਿਨਾਂ ਕਿਸੇ ਪ੍ਰਮਾਣ ਦੇ ਗੁਰੂ ਨਾਨਕ ਦੇਵ ਜੀ ਤੱਕ ਪਿੱਛੇ ਲਿਜਾ ਕੇ ਜੋੜਨਾ ਠੀਕ ਨਹੀਂ ਜਾਪਦਾ। ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਇਸ ਸੰਪ੍ਰਦਾਇ ਦੇ ਉਦਭਵ ਸੰਬੰਧੀ ਜਿਹੜੇ ਵਿਚਾਰ ਦਿੱਤੇ ਹਨ, ਆਧੁਨਿਕ ਸਮੇਂ ਦੇ ਵਿਦਵਾਨ ਉਨ੍ਹਾਂ ਨਾਲ ਸਹਿਮਤ ਨਹੀਂ।

ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਨੂੰ ਗੁਰਮਤਿ ਦੇ ਨਾਲ-ਨਾਲ ਦੂਜੇ ਧਰਮਾਂ ਦੀ ਗਿਆਨ ਪਰੰਪਰਾ ਅਤੇ ਮਰਯਾਦਾ ਵੀ ਸਿਖਾਉਣੀ ਚਾਹੁੰਦੇ ਸਨ ਤਾਂ ਕਿ ਪ੍ਰਚਾਰ ਕਰਨ ਲਈ ਜਦੋਂ ਇਹ ਦੂਜੇ ਧਰਮਾਂ ਨਾਲ ਸੰਬੰਧਿਤ ਵਿਦਵਾਨਾਂ ਅਤੇ ਜਿਗਿਆਸੂਆਂ ਦੇ ਸੰਪਰਕ ਵਿਚ ਆਉਣ ਤਾਂ ਉਨ੍ਹਾਂ ਦੀ ਧਾਰਮਿਕ ਮਰਯਾਦਾ ਦਾ ਸਤਿਕਾਰ ਕਰਦੇ ਹੋਏ ਉਨ੍ਹਾਂ ਨੂੰ ਗੁਰਮਤਿ ਦੀ ਸਿੱਖਿਆ ਪ੍ਰਦਾਨ ਕਰ ਸਕਣ। ਇਸ ਕਾਰਜ ਲਈ ਗੁਰੂ ਜੀ ਨੇ ਪਹਿਲਾਂ ਸੰਸਕ੍ਰਿਤ ਦੇ ਵਿਦਵਾਨ ਪੰਡਿਤ ਰਘੂਨਾਥ ਨੂੰ ਕਿਹਾ ਕਿ ਉਹ ਸਿੱਖਾਂ ਨੂੰ ਸੰਸਕ੍ਰਿਤ ਵਿਦਿਆ ਪ੍ਰਦਾਨ ਕਰੇ। ਪੰਡਿਤ ਰਘੂਨਾਥ ਨੇ ਸਿੱਖਾਂ ਨੂੰ ਵਿਦਿਆ ਦੇਣੀ ਅਰੰਭ ਕਰ ਦਿੱਤੀ। ਰਸਮੀ ਗੱਲਬਾਤ ਦੌਰਾਨ ਜਦੋਂ ਪੰਡਿਤ ਰਘੂਨਾਥ ਨੂੰ ਸਿੱਖਾਂ ਦੀ ਜਾਤ ਬਾਰੇ ਪਤਾ ਲੱਗਿਆ ਤਾਂ ਉਸ ਨੇ ਸਿੱਖਾਂ ਨੂੰ ਵਿਦਿਆ ਦੇਣ ਤੋਂ ਇਨਕਾਰ ਕਰ ਦਿੱਤਾ।[27]

ਸਿੱਖਾਂ ਨੇ ਇਹ ਸਾਰੀ ਵਾਰਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਦੱਸੀ ਕਿ ਕਿਸ ਤਰ੍ਹਾਂ ਜਾਤ ਪੁੱਛਣ ਉਪਰੰਤ ਪੰਡਿਤ ਨੇ ਸਾਨੂੰ ਸੰਸਕ੍ਰਿਤ ਵਿਦਿਆ ਦੇਣ ਤੋਂ ਮਨ੍ਹਾ ਕਰ ਦਿੱਤਾ ਹੈ। ਗੁਰੂ ਸਾਹਿਬ ਨੇ ਪੰਡਿਤ ਰਘੂਨਾਥ ਨੂੰ ਬੁਲਾ ਕੇ ਪੁੱਛਿਆ ਤੇ ਪੰਡਿਤ ਨੇ ਜਵਾਬ ਦਿੱਤਾ ਕਿ ਤੁਹਾਡੇ ਸਿੱਖ ਨੀਵੀਂਆਂ ਜਾਤਾਂ ਵਿਚੋਂ ਹਨ ਇਸ ਲਈ ਇਹ ਵੇਦ ਵਿਦਿਆ ਪੜ੍ਹਨ ਦੇ ਅਧਿਕਾਰੀ ਨਹੀਂ।[28]

---

[27] ਕੇਤਕ ਦਿਨ ਤਿਨ ਸਿਖ ਪਢਾਏ।
ਇਕ ਦਿਨ ਬੂਝੀ ਜਾਤਿ ਤਿਨਾਏ।
ਸਿੱਖਨ ਨਿਜ ਨਿਜ ਭਾਖੀ ਜਾਤੀ।
ਜਾਟ, ਕਲਾਲ, ਅਰੋੜੇ, ਖਾਤੀ।
ਸੁਨ ਦਿਜ ਨਾਕ ਚਢਾਇ ਉਚਾਰੀ।
ਬਿਦਯਾ ਬੇਦਨ ਤੁਮ ਅਧਿਕਾਰੀ।
ਦਿਜ ਨੇ ਦੀਨੇ ਛੋੜ ਪਢਾਨਾ।
ਸਿੱਖਨ ਗੁਰੁ ਢਿਗ ਜਾਇ ਬਖਾਨਾ।
ਬਿਪ੍ਰਕੋ ਗੁਰ ਪੁਛਯੋ ਬੁਲਾਏ।
ਕਹਯੋ ਓਨ ਹਮ ਨਾਹਿ ਪਢਾਏ।

[28] ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨਾ 1249.

ਸ਼ੂਦ੍ਰ ਹੈਂ ਏਹ ਸਿਖ ਤੁਮਾਰੇ।

ਜਿਨੈਨ ਬਿਦਯਾ ਬੇਦ ਅਧਿਕਾਰੇ।

ਜੇ ਹਮ ਸ਼ੂਦ੍ਰੋਂ ਤਈਂ ਪਢੈਹੋਂ।

ਜਾਤ ਧਰਮ ਅਪਨੇਂ ਤੇ ਜੈਹੈਂ।

ਸਾਡੀ ਧਾਰਮਿਕ ਮਰਯਾਦਾ ਸ਼ੂਦਰਾਂ ਨੂੰ ਸੰਸਕ੍ਰਿਤ ਵਿਦਿਆ ਦੇਣ ਦੀ ਆਗਿਆ ਨਹੀਂ ਦਿੰਦੀ, ਜੇਕਰ ਮੈਂ ਅਜਿਹਾ ਕੀਤਾ ਤਾਂ ਮੇਰੀ ਬਿਰਾਦਰੀ ਮੈਨੂੰ ਛੇਕ ਦੇਵੇਗੀ। ਇਹ ਕਹਿਕੇ ਪੰਡਿਤ ਰਘੂਨਾਥ ਨੇ ਸਿੱਖਾਂ ਨੂੰ ਪੜ੍ਹਾਉਣ ਤੋਂ ਇਨਕਾਰ ਕਰ ਦਿੱਤਾ। ਗੁਰੂ ਜੀ ਨੇ ਇਹ ਸਭ ਸੁਣ ਕੇ ਪੰਡਿਤ ਨੂੰ ਸੰਬੋਧਿਤ ਹੁੰਦੇ ਕਿਹਾ:[29]

ਬੋਲੇ ਗੁਰੁ ਸੁਨ ਦ੍ਵਿਜ ਅਭਿਮਾਨੀ। ਸ਼ੂਦ੍ਰ ਕਹਿਤ ਜਿਨੈ ਤੰ ਬਾਨੀ।

ਇਨਹੀ ਮੇਰੇ ਸਿਖਨ ਤੈ ਲਖ। ਬਿਦਯਾ ਬੇਦ ਪਢੇਗੇ ਦ੍ਵਿਜ ਦਖ।

ਨਿਗਮਾ ਗਮ ਲੈ ਚੌਦਸ ਬਿਦਯਾ। ਮੈ ਬਖਸ਼ੀ ਸਿਖਿਹ ਪਰ ਸਿਧਯਾ।

ਜਿਨਕੋ ਤੰ ਸ਼ੂਦਰ ਬਤਰੈਹੈ। ਇਹ ਬਿਦਯਾ ਗੁਰੁ ਤੁਮਰੇ ਥੈਹੈ।

ਗੁਰੂ ਸਾਹਿਬ ਨੇ ਸਿੱਖਾਂ ਨੂੰ ਵਿਦਿਆ ਗ੍ਰਹਿਣ ਕਰਾਉਣ ਦੀ ਆਪਣੀ ਮਨਸ਼ਾਂ ਸਾਫ਼ ਕਰਦਿਆਂ ਪੰਡਿਤ ਰਘੂਨਾਥ ਨੂੰ ਕਿਹਾ ਕਿ ਜਿਹੜੇ ਸਿੱਖਾਂ ਨੂੰ ਤੂੰ ਸ਼ੂਦ੍ਰ ਕਹਿਕੇ ਵਿਦਿਆ ਦੇਣ ਤੋਂ ਇਨਕਾਰ ਕਰ ਰਿਹਾ ਹੈਂ ਮੇਰੇ ਇਹ ਸਿੱਖ ਵੇਦ ਵਿਦਿਆ ਵੀ ਗ੍ਰਹਿਣ ਕਰਨਗੇ ਅਤੇ ਪੰਡਿਤਾਂ ਨੂੰ ਵੀ ਵੇਦ ਵਿਦਿਆ ਦੇਣਗੇ।

"Guru Gobind Singh asked his court poet Pt. Raghu-Nath to teach his Sikhs Sanskrit, the Vedic scriptures and traditionl classical philosophical works (Sata Darsan). The Pandit, politely and very diplomatically replied that as the Guru did not discriminate between castes, he was prohibited by convention to teach the language of the gods (Devabhasha) and the Holy Scriptures to non-dvijas. i.e. Shudras and women. On this Guru Gobind Singh promptly retorted: 'O Pandit ! This is a degenarated convention. Tell me, has not the Bhagvat Gita opened itself to all classes, castes and creeds? Is it not a part of fifth Veda, the Mahabharata? O Pandit! Who was the Rishi Krishan-Dvapayana (Veda, Vyasa), Was he not born of a fisher-women, a shudra? Who were the Rishis Suta, Mandava, etc. by birth? Who were the sages of the

---

29 ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 1249.

Veda by the names Gargi, Chandala, Nadalsa, Katyayani, Maitri etc.? Are they not women sages of the Vedas? Hearing this, the Pandit felt greatly ashamed."[30]

ਇਸ ਵਾਰਤਾਲਾਪ ਨੂੰ ਗਿ. ਗਿਆਨ ਸਿੰਘ ਜੀ *ਨਿਰਮਲ ਪੰਥ ਪ੍ਰਦੀਪਕਾ* ਵਿਚ ਅੰਕਿਤ ਕਰਦੇ ਹੋਏ ਲਿਖਦੇ ਹਨ: "ਸ੍ਰੀ ਕਲਗੀਧਰ ਬੋਲੇ, ਹੇ ਪੰਡਿਤ! ਸੂਤ ਜੀ ਕੌਣ ਥੇ? ਜਿਨ ਸੈਂ ਨੀਮ ਖਾਰ ਛੇਤ੍ਰ ਵਿਖੇ ਅਠਾਸੀ ਹਜ਼ਾਰ ਰਿਖੀ ਮੁਨੀ ਹਮੇਸ਼ ਕਥਾ ਸੁਣਤੇ ਥੇ? ਇਹੁ ਪ੍ਰਸੰਗ ਪੁਰਾਣੋਂ ਮੇਂ ਲਿਖਾ ਹੈ। ਪੁਨਹ ਗਾਰਗੀ, ਚੁਡਾਲਾ, ਮੰਦਾਲਸਾ, ਕਾਤਾਯਨੀ, ਮੈਤ੍ਰੀ ਆਦਿਕ ਇਸਤ੍ਰੀਯਾਂ, ਰਿਖੀਸਰਾਂ, ਮੁਨੀਸਰਾਂ, ਸਾਥ ਕੈਸਾ-ਕੈਸਾ ਸੰਬਾਦ ਬੇਦ ਬਿਦਯਾ ਮੈਂ ਕਰਤੀ ਰਹੀ ਹੈਂ। ਜਿਨਕੀ ਕਥਾ ਖਾਸ ਬੇਦੋਂ ਮੇਂ ਲਿਖੀ ਹੈ ਔਰ ਦੈਤਯੋਂ ਕੇ ਪ੍ਰਸੰਗ ਬੇਦ ਪੜ੍ਹਨੇ ਮੇਂ ਆਤੇ ਹੈਂ। ਪੁਨਹ ਬਯਾਸ, ਬਸਿਸ਼ਟ, ਮਾਂਡਵ, ਹਸਤਾਮਲ ਤੁਮ੍ਹਾਰੇ ਬਡੇ ਰਿਖੀਓਂ ਕੀ ਉਤਪੱਤੀ ਕੈਸੇ ਹੋਈ ਹੈ? ਜਬ ਓਹ ਬੇਦ ਬਿਦਯਾ ਕੇ ਅਧਿਕਾਰੀ ਅਚਾਰਯ ਹੋਏ ਤਬ ਹਮਾਰੇ ਸਿੱਖਾਂਕੋ ਅਨ ਅਧਿਕਾਰੀ ਕੈਸੇ ਕਹਤੇ ਹੋ? ਹਮਾਰੇ ਸਿੱਖ ਤੋ ਛੱਤ੍ਰੀ ਹੋਣੇ ਤੈ ਬੇਦ ਬਿਦਯਾ ਕੇ ਖਾਸ ਅਧਿਕਾਰੀ ਹੈਂ। ਕਾਹੇ ਤੈ? ਜਬ ਹਮਾਰੇ ਸਿੱਖ ਪਾਹੁਲ ਉਪਦੇਸ਼ ਲੇਤੇ ਹੈਂ ਤਬ ਇਨਕਾ ਦੂਸਰਾ ਜਨਮ ਹੋ ਜਾਤਾ ਹੈ ਯਥਾ 'ਸਤਿਗੁਰੁ ਕੇ ਜਨ ਮੇਂ ਗਵਨ ਮਿਟਾਇਆ' ਪਾਹੁਲ ਉਪਦੇਸ਼ ਧਾਰਨ ਕਰਨਾ ਏਹੀ ਸੰਸਕਾਰ ਹੈ। ਬਿਨਾਂ ਸੰਸਕਾਰ ਤੈ ਬ੍ਰਾਹਮਣ ਜਾਤੀ ਵਾਲਾ ਭੀ ਸੂਦ੍ਰ ਹੈ ਯਥਾ 'ਜਨਮ ਨਾ ਜਾਂਯਤਿ ਸੂਦ੍ਰਹ ਸੰਸਕਾਰਹ ਦ੍ਵਜੋਤਮਾ। ਬੇਦ ਪਾਠੀ ਭਵੇ ਬਿੱਪ੍ਰੋਹ ਬ੍ਰਹਮ ਜਾਨਾਤੀ ਬ੍ਰਾਹਮਣਾਹ' ਬਸਿਸ਼ਟ ਜੀ ਕੇ ਇਸ ਬਚਨ ਅਨੁਸਾਰ ਭੀ ਗੁਰੂ ਕੇ ਸਿੱਖ ਸੰਸਕਾਰੋਂ ਵਾਲੇ ਦ੍ਵਜ ਹੋਣੇ ਤੈ ਬੇਦ ਬਿਦਯਾ ਕੇ ਅਧਿਕਾਰੀ ਹੈਂ।"[31]

ਪੰਡਿਤ ਰਘੂਨਾਥ ਦੁਆਰਾ ਸਿੱਖਾਂ ਨੂੰ ਵਿਦਿਆ ਦੇਣ ਤੋਂ ਇਨਕਾਰ ਕਰਨ ਸਮੇਂ ਪੰਡਿਤ ਰਘੂਨਾਥ ਤੇ ਗੁਰੂ ਸਾਹਿਬ ਵਿਚਕਾਰ ਹੋਏ ਵਾਰਤਾਲਾਪ ਨੂੰ ਬਹੁਤ ਸਾਰੇ ਵਿਦਵਾਨਾਂ ਨੇ ਆਪਣੀਆਂ ਲਿਖ਼ਤਾਂ ਦਾ ਹਿੱਸਾ ਬਣਾਇਆ ਹੈ ਪ੍ਰੰਤੂ ਸਭ ਦੇ ਲਿਖਣ ਦਾ ਭਾਵ ਇਹ ਹੀ ਹੈ ਕਿ ਉਸ ਸਮੇਂ ਪੰਡਿਤ ਰਘੂਨਾਥ ਨੇ ਸਿੱਖਾਂ ਨੂੰ ਇਸ ਕਰਕੇ ਵਿਦਿਆ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਸਮਕਾਲੀ ਵਰਣ-ਵੰਡ ਅਨੁਸਾਰ ਨੀਵੀਂ ਜਾਤੀ ਨੂੰ ਸ਼ੂਦਰ ਮੰਨਿਆ ਜਾਂਦਾ ਸੀ ਜਿਸ ਕਾਰਨ ਉਨ੍ਹਾਂ ਨੂੰ ਦੇਵ ਭਾਸ਼ਾ ਪੜ੍ਹਨ ਦਾ ਹੱਕ ਨਹੀਂ ਸੀ।

---

[30] Kanwar Mrigindra Singh, Nirml Panth, *Proceedings, Punjab History Confernce,* March 1968, p 111.

[31] ਗਿ. ਗਿਆਨ ਸਿੰਘ, *ਨਿਰਮਲ ਪੰਥ ਪ੍ਰਦੀਪਕਾ*, ਪੰਨੇ 21-22.

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖ ਕੌਮ ਨੂੰ ਦੇਵ ਭਾਸ਼ਾ ਤੋਂ ਸਿੱਖਿਅਤ ਕਰਨ ਲਈ ਵਚਨਵੱਧ ਸਨ। ਇਸ ਸਮੇਂ ਪੰਡਿਤ ਰਘੂਨਾਥ ਜਿਹੇ ਹੋਰ ਵੀ ਬਹੁਤ ਅਜਿਹੇ ਵੇਦ ਗਿਆਤਾ ਸਨ ਜਿਹੜੇ ਸਿੱਖ ਕੌਮ ਨੂੰ ਸ਼ੂਦਰ ਮੰਨਦੇ ਸਨ ਅਤੇ ਇਨ੍ਹਾਂ ਵਿਚੋਂ ਕਿਸੇ ਨੇ ਵੀ ਸਿੱਖਾਂ ਨੂੰ ਦੇਵਭਾਸ਼ਾ ਸਿਖਾਉਣ ਲਈ ਤਿਆਰ ਨਹੀਂ ਸੀ ਹੋਣਾ। ਉਦੇਸ਼ ਦੀ ਪੂਰਤੀ ਲਈ:

"The same day Guru Gobind Singh also invited the Udasis to join him in this project of lerning and become missionaries. They did not respond, as they now followed the Samkra school of Sanyasa, and were not ready to have any change in their traditional methods. Therefor, Guru Gobind Singh selected a dozen of his Sikhs from all classes, castes and creeds and appointed a thirteenth Sikh of Brahman birth Pandit Karma (Singh) as the leader of this delegation which he now intended to send to Kashi (Varanasi) for Study. The Guru gave the five Brahman students pink (Bhagwa) robes to wear. These students were 1. Pandit Karma (Singh); 2. Pandit Ram (Singh); 3. Pandit Ganda (Singh); 4. Pandit Vir (Singh); 5. Pandit Sobha (Singh). To others he gave *white* robes. They were from various classes and their names are: 1. Dharam (Singh); 2. Daya (Singh); 3. Kesar (Singh); 4. Mukham (Singh); 5. Gian (Singh); 6. Gaja (Singh); 7. Chandan (Singh); 8. Saina (Singh)."[32]

ਇਸ ਸਮੇਂ ਕਾਸ਼ੀ (ਬਨਾਰਸ) ਵਿਖੇ ਵੈਦਿਕ ਸਾਹਿਤ ਦੀ ਸਿੱਖਿਆ ਦਾ ਮੁੱਖ ਕੇਂਦਰ ਸੀ। ਗੁਰੂ ਜੀ ਨੇ ਸਿੱਖਾਂ ਨੂੰ ਕਿਹਾ ਕਿ ਕਾਸ਼ੀ ਵਿਚ ਕਿਸੇ ਵਿਦਵਾਨ ਪੰਡਿਤ ਨੂੰ ਚੁਣ ਕੇ ਉਸ ਤੋਂ ਵਿਦਿਆ ਪ੍ਰਾਪਤ ਕਰੋ। ਕੁੱਝ ਇਤਿਹਾਸਕਾਰ ਗੁਰੂ ਜੀ ਦੁਆਰਾ ਪੰਜ ਵਿਦਵਾਨਾਂ ਨੂੰ ਕਾਸ਼ੀ ਭੇਜਣ ਦੀ ਪ੍ਰਕ੍ਰਿਆ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ: "1686 ਈ. ਨੂੰ ਸਤਿਗੁਰੂ ਜੀ ਨੇ ਵਿਸ਼ੇਸ਼ ਸਮਾਗਮ ਬੁਲਾਇਆ, ਜਿਸ ਵਿਚ ਸਮੂਹ ਸੰਗਤ ਇਕੱਠੀ ਹੋਈ। ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਸਤਿਗੁਰੂ ਜੀ ਨੇ ਵਿਦਿਆ ਦੀ ਮਹਾਨਤਾ ਦੀ ਵਿਆਖਿਆ ਕਰਦੇ ਹੋਏ ਸਰਬੱਤ ਨੂੰ ਵਿਦਿਆ ਪ੍ਰਾਪਤ ਕਰਨ ਦਾ ਉਪਦੇਸ਼ ਦਿੱਤਾ। ਇਸ ਦੇ ਨਾਲ ਹੀ ਗੁਰਬਾਣੀ ਅਤੇ ਭਾਸ਼ਾ ਦੇ ਪੰਜ ਪ੍ਰਸਿੱਧ ਵਿਦਵਾਨਾਂ ਨੂੰ ਆਵਾਜ਼ ਦੇ ਕੇ ਖੜ੍ਹੇ ਹੋਣ ਦਾ ਆਦੇਸ਼ ਦਿੱਤਾ। ਇਹ ਪੰਜੇ ਵਿਦਵਾਨ ਸੰਤ ਕਰਮ ਸਿੰਘ ਜੀ, ਸੰਤ ਰਾਮ ਸਿਘ ਜੀ, ਸੰਤ ਗੰਡਾ ਸਿੰਘ ਜੀ, ਸੰਤ ਵੀਰ ਸਿੰਘ ਜੀ, ਸੰਤ ਸੈਣਾ ਸਿੰਘ ਜੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਹੱਥ ਜੋੜਕੇ ਖੜ੍ਹੇ ਹੋ ਗਏ।"[33]

---

[32] Kanwar Mrigindra Singh, Nirml Panth, *Proceedings*, *Punjab History Confernce*, March 1968, p (s) 111-112.

[33] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 25.

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਕਾਸ਼ੀ ਵੈਦਿਕ ਵਿਦਿਆ ਦਾ ਮਹਾਨ ਕੇਂਦਰ ਮੰਨਿਆ ਜਾਂਦਾ ਸੀ ਅਤੇ ਇਥੋਂ ਵਿਦਿਆ ਪ੍ਰਾਪਤ ਕਰਨ ਵਿਚ ਹਿੰਦੂ ਆਪਣਾ ਗੌਰਵ ਸਮਝਦੇ ਸਨ। ਜਦੋਂ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਇਸ ਨਗਰ ਵਿਖੇ ਵਿਦਿਆ ਪ੍ਰਾਪਤ ਕਰਨ ਲਈ ਭੇਜਿਆ ਤਾਂ ਉਥੇ ਵੀ ਇਹ ਵੀ ਪਰੰਪਰਾ ਸੀ ਕਿ ਉਹ ਕਿਸੇ ਗ੍ਰਹਿਸਥੀ ਜਾਂ ਸ਼ੂਦਰ ਨੂੰ ਵੇਦ ਵਿਦਿਆ ਦਾ ਦਾਨ ਨਹੀਂ ਦਿੱਤਾ ਜਾਂਦਾ ਸੀ। ਗੁਰੂ ਸਾਹਿਬ ਨੇ ਸਿੱਖਾਂ ਨੂੰ ਵਿਦਿਆ ਗ੍ਰਹਿਣ ਕਰਨ 'ਤੇ ਜ਼ੋਰ ਦਿੰਦੇ ਹੋਏ ਸਮਝਾਇਆ:[34]

ਤਬ ਸਿਖਨ ਕਰ ਜੋਰ ਸੁਨਾਯੋ।

ਹਮੈ ਦ੍ਵਜਨ ਕਬ ਕਹਾਂ ਪਢਾਯੋ।

ਬਸਨ ਸੁਕਲ ਪਿਖ ਜਾਤੀ ਸੁਨਕੈ।

ਸੋਨ ਪਰੈਹੈ ਸੁਦ੍ਰ ਗੁਨਕੈ॥

ਦੋਹਿਰਾ

ਇਮ ਸੁਨ ਪੁਨ ਗੁਰੁ ਮੋਦ ਹੋ ਤਿਨ ਪ੍ਰਤਿ ਕਰਯੋ ਵਿਚਾਰ।

ਸਬਨ ਕਖਾਇ ਸਜਾਇ ਕਰ ਪਢੋ ਜਾਇ ਤੁਮ ਸਾਰ॥11॥

ਵਰਣਨਯੋਗ ਹੈ ਕਿ ਵਿਦਿਆ ਗ੍ਰਹਿਣ ਕਰਨ ਵਾਲੇ ਸੰਤਾਂ ਦੀ ਚੋਣ ਕਰਨ ਤੋਂ ਬਾਅਦ ਜਦੋਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਾਸ਼ੀ ਤੋਂ ਵਿਦਿਆ ਗ੍ਰਹਿਣ ਕਰਨ ਬਾਰੇ ਕਿਹਾ ਤਾਂ ਸਿੱਖਾਂ ਨੇ ਬੇਨਤੀ ਕੀਤੀ "ਹੇ ਭਗਵਾਨ! ਜਦ ਏਥੇ ਹੀ ਬ੍ਰਾਹਮਣ ਨਹੀਂ ਪੜ੍ਹਾਂਵਦੇ ਤਦ ਅਸਾਨੂੰ ਕਾਂਸ਼ੀ ਮੈਂ ਬ੍ਰਾਹਮਣ ਕੈਸੇ ਪੜ੍ਹਾਵੇਂਗੇ। ਤਾਂ ਫਿਰ ਗੁਰੂ ਜੀ ਨੇ ਹੁਕਮ ਦਿੱਤਾ-ਮੀਰੀ, ਪੀਰੀ, ਫਕੀਰੀ, ਅਮੀਰੀ, ਤਦਬੀਰੀ, ਦਾਨਕੀ ਦਹੀਰੀ, ਬੰਦੂਕ, ਤਰਕਸ਼-ਗੀਰੀ ਏਹੁ ਸਾਤ ਪਦ ਹਮਨੈ ਖ਼ਾਲਸੇ ਜੀ ਕੋ ਬਖ਼ਸ਼ੇ ਹੈਂ ਔਰ ਛੱਤ੍ਰੀ ਬਰਣ ਬ੍ਰਹਮਚਾਰੀ ਆਸ਼੍ਰਮ ਗੁਰੂ ਕੇ ਸਿੱਖਾਂ ਦਾ ਹੈ। ਇਸ ਲੀਏ ਤੁਮ ਬ੍ਰਹਮਚਾਰੀਓਂ ਕਾ ਬਾਣਾ ਕਾਖਾਇ ਬਸਤ੍ਰ ਧਾਰਨ ਕਰ ਕਾਸ਼ੀ ਮੇਂ ਜਾਇ ਕੇ ਪੜ੍ਹੋ ਤੁਮ੍ਹਾਰੀ ਸੰਪ੍ਰਦਾਇ ਨਿਰਮਲੇ ਸੰਤ ਬਹੁਤ ਪ੍ਰਸਿੱਧ ਪੰਡਿਤ ਹੋਵੇਂਗੇ।"[35]

---

[34] ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨਾ 1250.

[35] ਉਹੀ, *ਨਿਰਮਲ ਪੰਥ ਪ੍ਰਦੀਪਕਾ*, ਪੰਨਾ 23.

ਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕਰ ਕੇ, ਇਹ ਪੰਜੇ ਸੰਤ ਕਾਸ਼ੀ ਚਲੇ ਗਏ। ਕਾਸ਼ੀ ਪਹੁੰਚ ਕੇ ਜਤਨੇ ਬ੍ਰਾਹਮਣ ਦੇ ਬਟ (ਬੋਹੜ) ਹੇਠ ਜਾਕੇ ਆਸਨ ਲਾਏ ਅਤੇ ਘਾਸ ਦੀ ਕੁੱਲੀ (ਛੱਪਰੀ) ਬਣਾਕੇ ਰਹਿਣ ਲੱਗੇ।[36]

ਤਬ ਹੀ ਬਸਨ ਕਖਾਇ ਸਜੈ ਕੈ,
ਆਗਿਆ ਬਰਸਤ ਗੁਰੁ ਤੇ ਲੈ ਕੈ।
ਪਹੁੰਚੇ ਕਾਸੀ ਪੁਰੀ ਉਦਾਰੇ,
ਚੇਤਨ ਮਤ ਮੇਂ ਰਹੇ ਵਿਚਾਰੇ।

ਇਹ 'ਜਤਨ ਮਠ' ਪ੍ਰਚਲਤ ਨਾਮ 'ਚੇਤਨ ਮਠ'[37] ਨਿਰਮਲ ਪੰਥ ਦਾ ਪ੍ਰਸਿੱਧ ਇਤਿਹਾਸਕ ਸਥਾਨ ਹੈ। ਅੱਜ ਵੀ ਇਸ ਜਗ੍ਹਾ ਰਹਿ ਕੇ ਨਿਰਮਲੇ ਸੰਤ ਵੇਦਾਂ, ਸ਼ਾਸ਼ਤ੍ਰਾਂ ਦਾ ਅਧਿਐਨ ਕਰ-ਕਰਾ ਰਹੇ ਹਨ। ਇਸ ਸਥਾਨ ਦਾ ਨਾਮ ਇੱਥੇ ਦੇ ਪ੍ਰਬੰਧਕ ਰਹੇ ਮਹੰਤ ਪੰਡਿਤ ਚੇਤ ਸਿੰਘ, ਜੋ ਨਿਰਮਲੇ ਵਿਦਵਾਨ ਸਨ, ਦੇ ਨਾਮ ਤੋਂ ਪ੍ਰਚਲਿਤ ਹੈ। ਸਮਾਂ ਪਾ ਕੇ ਇਹ ਸਥਾਨ 'ਚੇਤਨ ਮਠ' ਪ੍ਰਸਿੱਧ ਹੋਇਆ।

ਚੇਤਨ ਮਠ ਵਿਖੇ ਇਹ ਜਿਗਿਆਸ ਪੰਡਿਤ ਸਦਾਨੰਦ (ਸਤਾਨੰਦ) ਜੀ ਕੋਲ ਵਿਦਿਆ ਗ੍ਰਹਿਣ ਕਰਨ ਲਈ ਨਿਵਾਸ ਕਰਨ ਲੱਗੇ। ਪੰਡਿਤ ਸਦਾਨੰਦ ਜੀ ਉਸ ਸਮੇਂ ਕਾਸ਼ੀ ਦੇ ਪ੍ਰਸਿੱਧ ਅਧਿਆਪਕ ਸਨ। ਉਹ ਬਹੁਤ ਹੀ ਨਰਮ ਸੁਭਾ ਦੇ ਅਤੇ ਸਿਖਿਆਰਥੀਆਂ ਨਾਲ ਪ੍ਰੇਮ ਭਾਵਨਾ ਨਾਲ ਰਹਿਣ ਵਾਲੇ ਇਨਸਾਨ ਸਨ। ਜਿਸ ਤਰ੍ਹਾਂ ਦੇ ਗੁਰੂ ਸਨ ਉਨ੍ਹਾਂ ਦੇ ਪੰਜੇ ਸ਼ਿਸ਼ ਵੀ ਕਿਸੇ ਗੱਲੋਂ ਘੱਟ ਨਹੀਂ ਸਨ। ਉਹ ਵੀ ਪੂਰੀ ਲਗਨ ਨਾਲ ਆਪਣੇ ਕੀਮਤੀ ਸਮੇਂ ਨੂੰ ਵਿਦਿਆ ਅਧਿਐਨ ਵਿਚ ਬਤੀਤ ਕਰਦੇ ਸਨ। ਉਹ ਹਰ ਤਰ੍ਹਾਂ ਦੇ ਸੁਖ-ਸੁਆਦ ਤੋਂ ਰਹਿਤ ਸਨ। ਉਨ੍ਹਾਂ ਸਭ ਦਾ ਮਨੋਰਥ ਸਿਰਫ਼ ਵਿਦਿਆ ਪੜ੍ਹਨਾ-ਪੜ੍ਹਾਉਣਾ ਸੀ। ਜਿਸ ਨੂੰ ਉਹ ਪੂਰੀ ਤਰ੍ਹਾਂ ਸਮਰਪਿਤ ਸਨ। ਜਲਦੀ ਹੀ ਕਾਸ਼ੀ ਵਿਚ ਵਿਦਿਆ ਗ੍ਰਹਿਣ ਕਰਨ ਆਏ ਇਨ੍ਹਾਂ ਪੰਜੇ ਵਿਦਵਾਨਾਂ ਦੇ ਚਰਚੇ ਹੋਣ ਲੱਗੇ, ਕਾਸ਼ੀ ਵਾਸੀ ਇਨ੍ਹਾਂ ਨੂੰ ਕੋਈ ਚਮਤਕਾਰੀ ਵਿਅਕਤੀ ਸਮਝਣ ਲੱਗੇ ਕਿਉਂਕਿ ਕਈ-ਕਈ ਸਾਲਾਂ ਵਿਚ ਪੜ੍ਹੀ ਜਾਣ ਵਾਲੀ ਪੜ੍ਹਾਈ ਇਨ੍ਹਾ ਨੇ ਬਹੁਤ ਥੋੜ੍ਹੇ ਸਮੇਂ ਵਿਚ ਹੀ ਪ੍ਰਾਪਤ ਕਰ ਲਈ ਸੀ। ਇਸ ਪ੍ਰਾਪਤੀ

[36] ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨੇ 1250-51.

[37] **ਚੇਤਨ ਮੱਠ**: ਬਨਾਰਸ ਵਿਖੇ ਨਿਰਮਲਿਆਂ ਦਾ ਇਕ ਪ੍ਰਸਿੱਧ ਸਥਾਨ ਅਸਥਾਨ ਹੈ, ਜਿਥੇ ਭਾਈ ਗੁਰਦਾਸ ਜੀ ਸਿੱਖੀ ਪ੍ਰਚਾਰ ਦੇ ਨਾਨ-ਨਾਲ ਸਥਾਨਕ ਪਰੰਪਰਾ ਅਨੁਸਾਰ ਇਥੇ ਹੋਣ ਵਾਲੇ ਸ਼ਾਸਤ੍ਰਾਰਥਾਂ ਵਿਚ ਵੀ ਭਾਗ ਲੈਂਦੇ ਰਹੇ।

ਪਿੱਛੇ ਗੁਰੂ ਜੀ ਦਾ ਵਰਦਾਨ, ਵਿਦਿਅਕ ਗੁਰੂ ਤੇ ਵਿਦਿਆ ਪ੍ਰਾਪਤ ਕਰਨ ਵਾਲਿਆਂ ਦੀ ਅਣਥੱਕ ਮਿਹਨਤ, ਧਰਮ ਪ੍ਰਚਾਰ ਦੀ ਲਗਨ, ਪੰਥ ਨੂੰ ਸੰਸਕ੍ਰਿਤ ਵਿਦਿਆ ਤੋਂ ਜਾਣੂ ਕਰਾਉਣ ਦਾ ਉਤਸ਼ਾਹ ਸੀ। ਇਸੇ ਲਈ ਇਹ ਪੰਜੇ ਸੰਤ ਵਿਆਕਰਣ, ਵੇਦ, ਉਪਨਿਸ਼ਦ, ਵੇਦਾਂਗ, ਨਯਾਯ, ਵੇਦਾਂਤ, ਇਤਿਹਾਸ, ਮਿਥਿਹਾਸ ਆਦਿ ਸਰਵ ਵਿਦਿਆ ਦੇ ਪ੍ਰਕਾਂਡ ਪੰਡਿਤ ਬਣ ਗਏ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:[38]

ਪਹੁਚੇ ਕਾਸੀ ਪੁਰੀ ਉਦਾਰੇ। ਚੇਤਨ ਮਤਮੇ ਰਹੇ ਵਿਚਾਰੇ।
ਸਾਧ ਨਿਰਮਲੇ ਸੋ ਬਿਦਤਾਏ। ਬਿਦਯਾ ਪਢੀ ਅਧਕ ਮਨ ਲਾਏ।
ਗੁਰੁ ਕ੍ਰਿਪਾ ਤੈਸੀਘ੍ਰ ਬਿਦਯਾ। ਤਿਨ ਕੋ ਆਈ ਸਬ ਪਰ ਸਿਧਯਾ।

ਕਾਸ਼ੀ ਵਿਚ ਇਨ੍ਹਾਂ ਦੇ ਮਠ ਦੀ ਪੱਕੀ ਸਥਾਪਨਾ ਕਾਰਨ ਗੁਰੂ ਜੀ ਦੇ ਦਰਬਾਰ ਵਿਚੋਂ ਹੋਰ ਵੀ ਬਹੁਤ ਸਾਰੇ ਨਿਰਮਲੇ ਸੰਤ ਸਮੇਂ-ਸਮੇਂ ਕਾਸ਼ੀ ਪਹੁੰਚਦੇ ਰਹਿੰਦੇ ਸਨ ਜਿਨ੍ਹਾਂ ਤੋਂ ਇਨ੍ਹਾਂ ਪੰਜੇ ਸਿੱਖ ਵਿਦਵਾਨਾਂ ਨੂੰ ਪੰਜਾਬ ਅਤੇ ਗੁਰੂ ਦਰਬਾਰ ਦੀ ਖ਼ਬਰ-ਸਾਰ ਦਾ ਪਤਾ ਲਗਦਾ ਰਹਿੰਦਾ ਸੀ। ਇਹ ਪੰਜੇ ਸਾਧੂ 13 ਸਾਲ ਨਿਰੰਤਰ ਇਸ ਅਸਥਾਨ ਵਿਖੇ ਵਿਦਿਆ ਗ੍ਰਹਿਣ ਕਰਦੇ ਰਹੇ। ਵਿਦਿਆ ਪ੍ਰਾਪਤੀ ਉਪਰੰਤ ਜਦੋਂ ਇਹ ਵਾਪਸ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਆਨੰਦਪੁਰ ਸਾਹਿਬ ਆਏ ਤਾਂ ਪਿਛੋਂ ਸੰਤ ਜੈ ਸਿੰਘ[39] ਨੂੰ ਇਸ ਮੱਠ ਦੀ ਜ਼ਿੰਮੇਵਾਰੀ ਸੰਭਾਲ ਆਏ ਜੋ ਇਸ ਦੀ ਸੇਵਾ-ਸੰਭਾਲ ਕਰਦੇ ਰਹੇ।

---

[38] ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨਾ 1251.

[39] ਕਾਸ਼ੀ ਵਿਚ ਨਿਰਮਲੇ ਵਿਦਵਾਨਾਂ ਦੇ ਗੁਣਾਂ 'ਤੇ ਕਾਬਲੀਅਤ ਕਾਰਨ ਇਨ੍ਹਾਂ ਦੇ ਚਾਰੇ ਪਾਸੇ ਚਰਚੇ ਸਨ। ਜਿਸ ਕਾਰਨ ਇਹ ਜਲਦੀ ਹੀ ਕਾਸ਼ੀ ਵਿਚ ਸ਼ਰਧਾ ਦੇ ਪਾਤਰ ਬਣ ਗਏ। ਵਿਦਿਆ ਅਧਿਐਨ ਕਰਦੇ ਸਮੇਂ ਇਕ ਵਾਰ ਉਥੇ ਪੰਡਿਤ ਰਾਮ ਪ੍ਰਸਾਦ ਦੇ ਇਕਲੌਤੇ 21-22 ਸਾਲ ਦੇ ਪੁੱਤਰ ਜੈਰਾਮ ਦਾ ਸਰੀਰ ਸਰਦੀ ਕਾਰਨ ਸੁੰਨ ਹੋ ਗਿਆ। ਹਕੀਮਾਂ ਵੈਦਾਂ ਵੱਲੋਂ ਬੇਵੱਸ ਹੋ ਕੇ ਸੰਤਾਂ ਦੇ ਚਰਨਾਂ ਵਿਚ ਲੈ ਆਏ। ਸਾਰੀ ਵਿਥਿਆ ਸੁਣਾ ਕੇ ਜੀਵਨ-ਦਾਨ ਦੀ ਬੇਨਤੀ ਕੀਤੀ। ਸੰਤਾਂ ਦੇ ਮਨ੍ਹਾਂ ਕਰਨ ਦੇ ਬਾਵਜੂਦ ਵੀ ਉਹ ਜੈਰਾਮ ਨੂੰ ਅਖ਼ੀਰ ਆਸ਼ਰਮ ਵਿਚ ਛੱਡ ਕੇ ਚਲੇ ਗਏ। ਸੰਤਾਂ ਨੇ ਦਸਾਂ ਗੁਰਾਂ ਦੇ ਚਰਨਾਂ ਵਿਚ ਬੇਨਤੀ ਕਰਨ ਉਪਰੰਤ ਜਲ ਦੀਆਂ ਦੋ -ਚਾਰ ਬੂੰਦਾਂ ਜੈਰਾਮ ਦੇ ਮੂੰਹ ਵਿਚ ਪਾਈਆਂ। ਵਾਹਿਗੁਰੂ ਦੀ ਕਿਰਪਾ ਸਦਕਾ ਉਸੇ ਸਮੇਂ ਜੈਰਾਮ ਦੇ ਸਰੀਰ ਵਿਚ ਚੇਤਨਤਾ ਆਉਣੀ ਸ਼ੁਰੂ ਹੋ ਗਈ। ਕੁੱਝ ਦਿਨਾਂ ਵਿਚ ਹੀ ਜੈਰਾਮ ਨਿਰੋਗ ਹੋ ਗਿਆ। ਕਾਸ਼ੀ ਵਿਚ ਸੰਤਾਂ ਦਾ ਜਸ ਹੋਰ ਫੈਲ ਗਿਆ। ਉਪਰੰਤ ਸੰਤਾਂ ਦੇ ਕਹਿਣ ਉੱਤੇ ਵੀ ਉਸਦੇ ਮਾਤਾ-ਪਿਤਾ ਜੈਰਾਮ ਨੂੰ ਨਾ ਲੈ ਕੇ ਗਏ। ਉਨ੍ਹਾਂ ਬੇਨਤੀ ਕੀਤੀ ਕਿ ਮਹਾਰਾਜ ਅਸੀਂ ਇਸ ਨੂੰ ਆਪ ਜੀ ਦਾ ਬਣਾ ਚੁੱਕੇ ਹਾਂ, ਆਪਣੇ ਚਰਨਾਂ ਨਾਲ ਲਾ ਲਵੋ। ਫਿਰ ਜੈਰਾਮ ਦੇ ਬੇਨਤੀ ਕਰਨ ਉਪਰੰਤ ਸੰਤਾਂ ਨੇ ਬੱਚੇ ਵਿਚ ਦ੍ਰਿੜ ਵਿਸ਼ਵਾਸ਼ ਦੇਖਦੇ ਹੋਏ ਉਸ ਨੂੰ ਆਪਣੇ ਕੋਲ ਰਹਿਣ ਦੀ ਆਗਿਆ ਦੇ ਦਿੱਤੀ। ਜਦੋਂ ਸੇਵਾ, ਸਿਮਰਨ ਅਤੇ ਬ੍ਰਹਮ ਵਿਦਿਆ ਪੜ੍ਹਦਿਆਂ-ਪੜ੍ਹਦਿਆਂ ਇੱਕ ਵਰਸ਼ ਬਤੀਤ ਹੋਇਆ ਤਾਂ ਸਭਨਾਂ ਸੰਤਾਂ ਦੀ ਇੱਛਾ ਮੁਤਾਬਿਕ ਜੈਰਾਮ ਨੂੰ ਹਰ ਤਰ੍ਹਾਂ ਨਾਲ ਯੋਗ ਸਮਝਕੇ, ਵੱਡੇ ਹੋਣ ਨਾਤੇ ਕਰਮ ਸਿਘ ਜੀ ਨੇ ਆਪਣੀ ਚਰਨ ਪਾਹੁਲ ਦੇ ਕੇ ਸ਼ਿਸ਼ ਬਣਾਇਆ ਅਤੇ ਨਾਮ ਜੈ ਸਿੰਘ ਰੱਖਿਆ। (ਦੇਖੋ, ਸੰਤ ਦਰਸ਼ਨ ਸਿੰਘ ਸ਼ਾਸਤ੍ਰੀ, *ਨਿਰਮਲ ਸੰਪ੍ਰਦਾਇ ਦੀ ਗੁਰੁਬਾਣੀ ਵਿਆਖਿਆਕਾਰੀ*, ਪੰਨੇ 22-23)

ਗੁਰੂ ਗੋਬਿੰਦ ਸਿੰਘ ਜੀ ਦੇ ਅਨੇਕ ਤਰ੍ਹਾਂ ਦੇ ਚਰਿੱਤਰ ਅਤੇ ਆਨੰਦਪੁਰ ਸਾਹਿਬ ਦੀਆਂ ਰੌਣਕਾਂ ਆਦਿ ਦੇ ਚਰਚੇ ਸੁਣ ਕੇ ਪੰਜੇ ਸੰਤਾਂ ਦੇ ਮਨ ਵੀ ਗੁਰੂ ਜੀ ਦੇ ਦਰਸਨਾਂ ਲਈ ਕਾਹਲੇ ਹੋ ਗਏ। ਉਨ੍ਹਾਂ ਨੇ ਆਪਣਾ ਵਿਦਿਅਕ ਮਨੋਰਥ ਪੂਰਾ ਕਰ ਲਿਆ ਸੀ। ਇਸੇ ਕਾਰਨ ਉਨ੍ਹਾਂ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਜਾਣ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਪੰਡਿਤ ਸਦਾਨੰਦ ਜੀ ਨੂੰ ਸਾਰੀ ਗੱਲ ਦੱਸੀ ਅਤੇ ਪੰਜਾਬ ਜਾਣ ਦੀ ਆਗਿਆ ਮੰਗੀ ਜੋ ਪੰਡਿਤ ਜੀ ਨੇ ਪ੍ਰਵਾਨ ਕਰ ਲਈ। ਹੁਣ ਤੱਕ ਨਿਰਮਲੇ ਸੰਤਾਂ ਨੂੰ ਕਾਸ਼ੀ ਵਿਚ ਰਹਿੰਦਿਆਂ 13 ਸਾਲ ਹੋ ਚੁੱਕੇ ਸਨ ਜਿਸ ਕਾਰਨ ਇਹ 'ਚੇਤਨ ਮਠ' ਨਿਰਮਲੇ ਸੰਤਾਂ ਦਾ ਆਸ਼ਰਮ ਪ੍ਰਸਿੱਧ ਹੋ ਚੁੱਕਾ ਸੀ। ਇਸ ਕਾਰਨ ਇਨ੍ਹਾ ਸੰਤਾਂ ਨੇ ਆਸ਼ਰਮ ਦਾ ਪ੍ਰਬੰਧ ਸੰਤ ਕਰਮ ਸਿੰਘ ਜੀ ਦੇ ਸ਼ਿਸ਼ ਸੰਤ ਜੈਰਾਮ (ਜੈ ਸਿੰਘ) ਜੀ ਨੂੰ ਸੰਭਾਲਕੇ ਪੰਜਾਬ ਵੱਲ ਕੂਚ ਕਰ ਦਿੱਤਾ ਤੇ ਆਨੰਦਪੁਰ ਸਾਹਿਬ ਪਹੁੰਚ ਗਏ। ਜੈ ਸਿੰਘ ਵੀ ਰਵਾਇਤ ਅਨੁਸਾਰ ਚੇਤਨ ਮਠ ਵਿਚ ਵਿਦਿਆ ਦਾ ਅਧਿਐਨ-ਅਧਿਆਪਨ ਕਰਾਉਣ ਲੱਗੇ ਤੇ ਇਸ ਸਥਾਨ ਦੀ ਸੇਵਾ-ਸੰਭਾਲ ਸੁਚਾਰੂ ਢੰਗ ਨਾਲ ਕਰਾਉਣ ਲੱਗੇ। ਜੈ ਸਿੰਘ ਨੇ ਬਹੁਤ ਸੁਚਾਰੂ ਢੰਗ ਨਾਲ ਇਸ ਸਥਾਨ ਦੀ ਸੇਵਾ ਕੀਤੀ ਅਤੇ ਉਹ ਸੰਤ ਮੇਹਰ ਸਿੰਘ ਜੀ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕਰਕੇ ਸੰਮਤ ਬਿਕ੍ਰਮੀ 1792 ਮਾਘ ਮਹੀਨੇ 62 ਸਾਲ ਦੀ ਉਮਰ ਵਿਚ ਗੁਰਪੁਰੀ ਸਿਧਾਰ ਗਏ। ਬਾਅਦ ਵਿਚ ਸੰਪ੍ਰਦਾਇ ਵੱਲੋਂ ਇੱਥੇ 'ਗੁਰੂ ਨਾਨਕ ਸੰਸਕ੍ਰਿਤ ਵਿਦਿਆਲਯ' ਕਾਇਮ ਕੀਤਾ ਗਿਆ, ਜਿੱਥੇ ਵਿਦਿਆ ਦਾ ਪਠਨ-ਪਾਠਨ ਅਜੋਕੇ ਸਮੇਂ ਤੱਕ ਵੀ ਜਾਰੀ ਹੈ।

ਜਦੋਂ ਨਿਰਮਲੇ ਸੰਤ ਕਾਸ਼ੀ ਤੋਂ ਵਿਦਿਆ ਪ੍ਰਾਪਤ ਕਰਨ ਉਪਰੰਤ ਆਨੰਦਪੁਰ ਸਾਹਿਬ ਆਏ, ਸਤਿਗੁਰੂ ਜੀ ਦਾ ਦਰਬਾਰ ਸਜਿਆ ਹੋਇਆ ਸੀ, ਸੰਗਤ ਸਦ-ਉਪਦੇਸ਼ ਸ੍ਰਵਣ ਕਰ ਰਹੀ ਸੀ, ਪੰਜ ਪਿਆਰੇ ਦਰਬਾਰ ਦੀ ਸ਼ੋਭਾ ਵਧਾ ਰਹੇ ਸਨ। ਨਿਰਮਲੇ ਵਿਦਵਾਨਾਂ ਨੇ ਆ ਕੇ ਡੰਡਾਉਤ ਕੀਤੀ ਅਤੇ ਫ਼ਤਿਹ ਬੁਲਾ ਕੇ ਦਰਬਾਰ ਵਿਚ ਸਜ ਗਏ। ਸਤਿਗੁਰੂ ਜੀ ਪ੍ਰਸੰਨ ਹੋਏ ਕਿ ਪੰਜੇ ਸੰਤ ਜਿਸ ਕਾਰਜ ਲਈ ਭੇਜੇ ਸਨ, ਉਸ ਕਾਰਜ ਵਿਚ ਸਫ਼ਲਤਾ ਪ੍ਰਾਪਤ ਕਰਕੇ ਆਏ ਹਨ।

ਇਨ੍ਹਾਂ ਸੰਤਾਂ ਦੇ ਵਿਦਿਆ ਪ੍ਰਾਪਤੀ ਉਪਰੰਤ ਆਨੰਦਪੁਰ ਸਾਹਿਬ ਵਾਪਸ ਆਉਣ ਤੋਂ ਬਾਅਦ ਹੀ ਵਿਦਵਾਨ ਨਿਰਮਲ ਸੰਪ੍ਰਦਾਇ ਦਾ ਅਰੰਭ ਮੰਨਦੇ ਹਨ:

- ਪ੍ਰਿੰ. ਤੇਜਾ ਸਿੰਘ ਅਨੁਸਾਰ: "The nucleus of those baptized missionaries was formed from those who had received a sanskrit education at Banaras and who by living

among Pandits had acquired , the name Nirmla which is a Sanskrit synonym for khalas, both meaning the 'Purified ones "[40]

- ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ: "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘਾਂ (ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ, ਸੋਭਾ ਸਿੰਘ) ਨੂੰ ਬ੍ਰਹਮਚਾਰੀ ਭੇਸ ਵਿਚ ਸੰਸਕ੍ਰਿਤ ਵਿਦਯਾ ਪੜ੍ਹਨ ਲਈ ਕਾਸ਼ੀ ਭੇਜਿਆ ਸੀ, ਉਨ੍ਹਾਂ ਦੀ ਨਿਰਮਲੇ ਸੰਗਯਾ ਹੋਈ।"[41]

- ਡਾ. ਰਤਨ ਸਿੰਘ ਜੱਗੀ ਅਨੁਸਾਰ: "ਨਿਰਮਲਾ ਸੰਪ੍ਰਦਾਇ ਜਿਸਦਾ ਉਦਘਾਟਨ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘਾਂ ਨੂੰ ਬਨਾਰਸ (ਕਾਸ਼ੀ) ਵਿਚ ਸੰਸਕ੍ਰਿਤ ਅਤੇ ਭਾਰਤੀ ਧਰਮ-ਗ੍ਰੰਥਾਂ ਦੇ ਅਧਿਐਨ ਲਈ ਭੇਜ ਕੇ ਕੀਤਾ।"[42]

- ਵਿਦਵਾਨ ਭਗਤ ਲਛਮਣ ਸਿੰਘ ਅਨੁਸਾਰ, "The Guru dismissed the Brahman immediately

  and sent five promising youths Karm Singh, Ganda Singh, Vir Singh, Saina Singh and Ram Singh to Benares where assuming Gairie dress and adopting the life of Brahmacharis they aequired competency in Sanskrit lore. After a few years they returned and under the honoured title of Nirmlas (pure ones) they did great service in illuymining men's minds."[43]

ਨਿਰਮਲ ਸੰਪ੍ਰਦਾਇ ਦੀ ਉਤਪਤੀ ਦੇ ਪ੍ਰਸੰਗ ਵਿਚ ਉਕਤ ਭਿੰਨ-ਭਿੰਨ ਵਿਚਾਰਾਂ ਤੋਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਕਾਸ਼ੀ ਵਿਖੇ ਵਿਦਿਆ ਪ੍ਰਾਪਤੀ ਲਈ ਗਏ ਸਿੱਖਾਂ ਨੂੰ ਹੀ ਨਿਰਮਲੇ ਸੰਤ ਆਖਿਆ ਗਿਆ। ਇਤਿਹਾਸਕ ਵਿਚਾਰਾਂ ਤੋਂ ਇਹ ਪੱਖ ਵੀ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਗੁਰਸਿੱਖਾਂ ਨੂੰ ਵਿਦਿਆ ਗ੍ਰਹਿਣ ਕਰਨ ਲਈ ਭੇਜਣ ਸਮੇਂ ਗੁਰੂ ਸਾਹਿਬ ਦਾ ਮਨੋਰਥ ਕਿਸੇ ਸੰਪ੍ਰਦਾਇ ਦਾ ਅਰੰਭ ਕਰਨਾ ਨਹੀਂ ਸੀ, ਸਗੋਂ ਕਾਸ਼ੀ ਤੋਂ ਵਿਦਿਆ ਪ੍ਰਾਪਤ ਕਰਕੇ ਆਏ ਵਿਦਵਾਨਾਂ ਨੂੰ ਇਕ ਵਿਸ਼ੇਸ਼ ਰੂਪ ਵਿਚ ਦੇਖਿਆ ਜਾਣ ਲੱਗਿਆ, ਜਿਨ੍ਹਾਂ ਨੂੰ ਨਿਰਮਲੇ ਕਿਹਾ ਜਾਂਦਾ ਹੈ।

---

[40] Teja Singh, *Sikhism, its ideals and institutions,* p 68.

[41] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 712.

[42] ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* ਭਾਗ ਪਹਿਲਾ, ਪੰਨਾ 267.

[43] Bhagat lakshman Singh, *The Life And Work Of Guru Gobind Singh*, p 62.

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਹੁਣ ਸ਼ਸਤ੍ਰ ਅਤੇ ਸ਼ਾਸਤ੍ਰ ਵਿਦਿਆ ਵਿਚ ਨਿਪੁੰਨ ਗੁਰਸਿੱਖ ਮੌਜੂਦ ਸਨ। ਇਸ ਸਮੇਂ ਜਿੱਥੇ ਸ਼ਸਤ੍ਰਧਾਰੀ ਯੁੱਧ ਵਿਚ ਕੁਸ਼ਲ ਸਨ ਉੱਥੇ ਨਿਰਮਲੇ ਸੰਤ ਸ਼ਾਸਤ੍ਰ ਵਿਦਿਆ ਵਿਚ ਪ੍ਰਬੀਣ ਸਨ। ਗੁਰੂ ਗੋਬਿੰਦ ਸਿੰਘ ਜੀ ਸ਼ਸਤ੍ਰ ਅਤੇ ਸ਼ਾਸਤ੍ਰ ਦੀ ਜ਼ਰੂਰਤ ਨੂੰ ਬਰਾਬਰ ਸਮਝਦੇ ਸਨ, ਇਸ ਲਈ ਹੁਣ ਸ਼ਸਤ੍ਰਧਾਰੀ 'ਖਾਲਸੇ' ਦੇ ਨਾਲ-ਨਾਲ 'ਵਿਦਿਆਪਤੀ ਨਿਰਮਲੇ' ਵੀ ਸਿੱਖ ਪੰਥ ਦਾ ਮੁੱਖ ਅੰਗ ਸਨ। ਇਸ ਸੰਬੰਧ ਵਿਚ ਪੋ. ਪਿਆਰਾ ਸਿੰਘ ਪਦਮ ਦਾ ਕਥਨ ਵਿਚਾਰਨ ਯੋਗ ਹੈ, "ਨਿਰਮਲੇ ਇਸ ਕਿਸਮ ਦੇ ਸਿੱਖ ਮਿਸ਼ਨਰੀ ਸਨ ਜੋ ਕੇਸਾਧਾਰੀ ਹੋ ਕੇ ਅੰਮ੍ਰਿਤ ਛਕਣ-ਛਕਾਉਣ ਤੇ ਵਿਦਿਆ ਪੜ੍ਹਨ-ਪੜ੍ਹਾਉਣ ਉਤੇ ਵਧੇਰੇ ਜ਼ੋਰ ਦੇ ਕੇ ਆਪਣਾ ਵਿਲੱਖਣ ਸਥਾਨ ਬਣਾਉਂਦੇ ਗਏ। ਦੂਜੇ ਸ਼ਬਦਾਂ ਵਿਚ ਇਨ੍ਹਾਂ ਨੇ ਸਿੱਖੀ ਦਾ ਹੀ ਪ੍ਰਚਾਰ ਨਹੀਂ ਕੀਤਾ ਬਲਕਿ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਈ ਆਦਰਸ਼ਾਂ ਨੂੰ ਪ੍ਰਚਾਰ ਕੇ ਸਿੰਘ ਮਤ ਦਾ ਪ੍ਰਸਾਰ ਕੀਤਾ ਅਤੇ ਨਾਲ ਹੀ ਪੁਰਾਤਨ ਸ਼ਾਸਤ੍ਰ ਪ੍ਰਣਾਲੀ ਅਨੁਸਾਰ ਗੁਰਮਤਿ ਸਿਧਾਂਤਾਂ ਦੀ ਵਡਿਆਈ ਦਰਸਾ ਕੇ ਪੰਡਿਤਗਣ ਵਿਚ ਆਪਣਾ ਸਿੱਕਾ ਜਮਾਇਆ।"[44] ਸਨਾਤਨੀ ਭੇਸ ਵਿਚ ਨਿਰਮਲੇ ਸੰਤਾਂ ਦੇ ਇਕ ਵਰਗ ਨੇ ਵਿਦਵਤਾ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਸਥਾਪਿਤ ਕਰ ਲਈ।

ਗੁਰੂ ਗੋਬਿੰਦ ਸਿੰਘ ਜੀ ਸਮਝਦੇ ਸਨ ਕਿ ਅਗਿਆਨਤਾ ਵਿਚੋਂ ਪੈਦਾ ਹੋਏ ਭਰਮ ਅਤੇ ਬੰਧਨ, ਧਰਮ ਦਾ ਕੀ ਨੁਕਸਾਨ ਕਰ ਸਕਦੇ ਹਨ, ਇਸ ਬਾਰੇ ਲਗਾਤਾਰ ਸਿੱਖ-ਮਾਨਸਿਕਤਾ ਨੂੰ ਚੌਕੰਨਾ ਕੀਤਾ ਜਾਂਦਾ ਰਿਹਾ ਸੀ। ਇਹ ਜ਼ਿੰਮੇਵਾਰੀ ਨਿਰਮਲੇ ਸਿੱਖਾਂ ਨੂੰ ਸੌਂਪੀ ਗਈ। ਅੰਮ੍ਰਿਤ ਛਕਣ ਉਪਰੰਤ ਉਹ ਆਨੰਦਪੁਰ ਸਾਹਿਬ ਵਿਖੇ ਗੁਰੂ ਜੀ ਦੇ ਹੁਕਮਾਂ ਅਨੁਸਾਰ ਮਿਲੀਆਂ ਜ਼ਿੰਮੇਵਾਰੀਆਂ 'ਤੇ ਬਿਰਾਜਮਾਨ ਹੋ ਗਏ।

ਨਿਰਮਲੇ ਵਿਦਵਾਨ ਗੁਰੂ ਦਰਬਾਰ ਵਿਚ ਗੁਰ-ਆਦੇਸ਼ਾਂ ਅਨੁਸਾਰ ਗੁਰਬਾਣੀ ਸ਼ਬਦ ਦੀ ਵਿਆਖਿਆ ਕਰਦੇ ਸਨ। ਵਿਆਖਿਆ ਦੌਰਾਨ ਜਿਹੜੇ ਪੌਰਾਣਿਕ ਹਵਾਲੇ ਆਉਂਦੇ ਤਾਂ ਇਹ ਵਿਦਵਾਨ ਉਨ੍ਹਾਂ ਦੇ ਅਰਥ ਖੋਲ੍ਹ ਕੇ ਸਮਝਾਉਂਦੇ ਸਨ। ਇਸ ਲਈ ਉਹ ਕਈ ਵਾਰ ਪੁਰਾਤਨ ਭਾਰਤੀ ਸਾਹਿਤ (ਵੇਦਾਂਤ ਆਦਿ) ਦੇ ਗ੍ਰੰਥਾਂ ਦੇ ਹਵਾਲੇ ਵੀ ਦਿੰਦੇ ਸਨ। ਪ੍ਰੰਤੂ ਉਹ ਪ੍ਰਚਾਰ ਗੁਰਮਤਿ ਦਾ ਹੀ ਕਰਦੇ ਸਨ। ਇਸ ਸਮੇਂ ਦੌਰਾਨ ਉਹ ਹੋਰ ਸਿੱਖ ਜਿਗਿਆਸੂਆਂ ਨੂੰ ਵੀ ਵਿਦਿਆ ਦਾ ਦਾਨ ਦਿੰਦੇ ਸਨ ਜਿਸ ਕਾਰਨ ਕੁੱਝ ਸਾਲਾਂ ਵਿਚ ਹੀ ਸੈਂਕੜੇ ਵਿਦਵਾਨ ਗੁਰਮਤਿ ਪ੍ਰਚਾਰ-ਪ੍ਰਸਾਰ ਦੇ ਕਾਰਜ ਲਈ ਤਿਆਰ ਸਨ। ਗੁਰੂ ਸਾਹਿਬ ਨਿਰਮਲੇ ਸੰਤਾਂ ਦੀ ਘਾਲਣਾ ਤੋਂ ਬਹੁਤ ਪ੍ਰਸੰਨ ਸਨ।

---

[44] ਪ੍ਰੋ. ਪਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ,* ਪੰਨਾ 61.

## ਨਿਰਮਲ ਸੰਪ੍ਰਦਾਇ ਦਾ ਵਿਕਾਸ

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੀ ਇਹ ਨਿਰਮਲੇ ਵਿਦਵਾਨ ਸੰਗਤ ਵਿਚ ਪ੍ਰਸਿੱਧੀ ਪ੍ਰਾਪਤ ਕਰ ਗਏ ਸਨ। ਵਿਦਵਾਨ ਵਜੋਂ ਇਨ੍ਹਾਂ ਦਾ ਸਤਿਕਾਰ ਹੋਣ ਲੱਗਾ ਸੀ। ਗੁਰੂ ਜੀ ਨੇ ਇਨ੍ਹਾਂ ਨੂੰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਦੀ ਜ਼ਿੰਮੇਵਾਰੀ ਸੌਂਪੀ। ਗੁਰੂ ਸਾਹਿਬ ਦੇ ਆਦੇਸ਼ ਦਾ ਪਾਲਣ ਕਰਦੇ ਹੋਏ ਇਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਵਿਦਿਆ ਗ੍ਰਹਿਣ ਕਰਨ ਅਤੇ ਗੁਰ-ਸ਼ਬਦ ਦੇ ਪ੍ਰਚਾਰ ਵਿਚ ਬਸਰ ਕਰ ਦਿੱਤਾ। ਗੁਰੂ ਜੀ ਨੇ ਇਨ੍ਹਾਂ ਜਿਹੜਾ ਅਸ਼ੀਰਵਾਦ ਦਿੱਤਾ ਉਨ੍ਹਾਂ ਨੂੰ ਬਖ਼ਸ਼ਿਸ਼ਾਂ ਦੇ ਰੂਪ ਵਿਚ ਲਿਖਿਆ ਜਾਂਦਾ ਹੈ। ਨਿਰਮਲੇ ਵਿਦਵਾਨਾਂ ਨੇ ਇਨ੍ਹਾਂ ਬਖ਼ਸ਼ਿਸ਼ਾਂ ਦਾ ਵਰਨਣ ਕੀਤਾ ਹੈ, ਭਾਵੇਂ ਕਿ ਇਨ੍ਹਾਂ ਬਖਸ਼ਿਸ਼ਾਂ ਪ੍ਰਤੀ ਨਿਰਮਲੇ ਵਿਦਵਾਨਾਂ ਵਿਚ ਮੱਤ-ਭੇਦ ਹੈ ਪਰ ਸਮੂਹ ਬਖ਼ਸ਼ਿਸ਼ਾਂ ਨੂੰ ਸੰਖੇਪ ਵਿਚ ਇਸ ਤਰ੍ਹਾਂ ਦੇਖਿਆ ਜਾ ਸਕਦਾ ਹੈ:

- ਪਹਿਲੀ: ਗੁਰੂ ਜੀ ਨਿਰਮਲੇ ਵਿਦਵਾਨਾਂ ਦੀ ਜੀਵਨਸ਼ੈਲੀ ਤੋਂ ਬਹੁਤ ਖੁਸ਼ੀ ਮਹਿਸੂਸ ਕਰਦੇ ਕਹਿੰਦੇ ਹਨ ਕਿ ਇਹ ਨਿਰਮਲੇ ਸਤੋਗੁਣੀ, ਸ਼ੀਲ ਸੁਭਾਅ, ਵਿਵੇਕ-ਬੁੱਧੀ, ਗਿਆਨ, ਨਿਮਰਤਾ ਤੇ ਨਿਪੁੰਨਤਾ ਦੇ ਧਾਰਨੀ ਹਨ ਜੋ ਆਪਣੇ ਗਿਆਨ ਨਾਲ ਮਨਾਂ ਵਿਚਲੇ ਕੂੜ ਨੂੰ ਖ਼ਤਮ ਕਰਨਗੇ।
- ਦੂਜੀ: ਆਨੰਦਪੁਰ ਸਾਹਿਬ ਵਿਖੇ ਹੀ ਗੁਰੂ ਸਾਹਿਬ ਭਗਵੇਂ ਬਸਤਰ ਪਹਿਨ ਕੇ ਇਨ੍ਹਾਂ ਦੇ ਲੰਗਰਾਂ ਦੀ ਪ੍ਰੀਖਿਆ ਲੈਣ ਗਏ, ਲੰਗਰਾਂ ਵਿਚ ਨਿਰਮਲਿਆਂ ਦੇ ਸੇਵਾ ਵਿਚ ਸਮਰਪਣ ਹੋਣ ਤੋਂ ਬਹੁਤ ਖੁਸ਼ ਹੋਏ।
- ਤੀਜੀ: ਗੁਰੂ ਸਾਹਿਬ ਨੇ ਨਿਰਮਲਿਆਂ ਦੇ ਸਬਰ-ਸੰਤੋਖ ਦੀ ਪਰਖ ਲਈ ਇਕ ਦਿਨ ਕੜਾਹ ਪ੍ਰਸ਼ਾਦ ਦੀ ਦੇਗ ਬਣਵਾ ਕੇ ਸਭ ਨੂੰ ਖਾਣ ਲਈ ਕਿਹਾ, ਸੰਗਤ ਨੇ ਦੇਗ ਛਕਣ ਵਿਚ ਬੇਸਬਰੀ ਦਿਖਾਈ ਪ੍ਰੰਤੂ ਨਿਰਮਲੇ ਸ਼ਾਂਤ, ਇਕਾਗਰ ਚਿੱਤ ਬੈਠੇ ਰਹੇ। ਇਹ ਦੇਖ ਕੇ ਗੁਰੂ ਜੀ ਨੇ ਫ਼ੁਰਮਾਇਆ 'ਨਿਰਮਲੇ ਸੰਤਾਂ ਨੇ ਸਿੱਖੀ ਵਿਚ ਸੰਤੋਖ ਦਾ ਬੀਜ ਰੱਖ ਲਿਆ ਹੈ।[45]

---

[45] ਏਕ ਦਿਵਸ ਸਤ ਗੁਰੂ ਦਿਲਾਸੀ। ਪਰਖਨ ਹਿਤ ਸਿੱਖਨ ਸੁਖ ਰਾਸੀ।
ਲਾਇ ਦਿਵਾਨ ਕੇਸ ਗੜ ਮਾਹੈ। ਪੰਚਾ ਮ੍ਰਿਤ ਬਹੁ ਲਯੋ ਮੰਗਾਹੈ।
ਲੂਟ ਛਕੋ ਗੁਰੁ ਹੁਕਮ ਸੁਨਾਯੋ। ਅਰਧਕ ਸਿਖਨ ਲੂਟ ਉਠਾਯੋ।
...............
ਤੋਭੀ ਥੋਰੇ ਸਿਖ ਸੰਤੋਖੀ। ਬੈਠੇ ਰਹੇ ਬ੍ਰਿਤਿ ਨਿਜ ਪੋਖੀ।
ਪਿਖ ਸੰਤੋਖ ਸਬਰ ਤਿਨ ਕੇਰਾ। ਖੁਸ਼ੀ ਹੋਇ ਗੁਰੁ ਐਸੇ ਟੇਰਾ।
ਇਹ ਸੰਤੋਖੀ ਸਿੱਖ ਹਮਾਰੇ। ਸਤੋ ਗੁਨੀ ਗਯਾਨੀ ਸਵਿਚਾਰੇ॥
ਬੀਜ ਸਬਰ ਸੰਤੋਖੈ ਕੇਰਾ। ਪਰਖਯੋ ਹਮ ਇਨ ਰਖਯੋ ਬਧੇਰਾ॥
ਨਿਰਮਲ ਉਰ ਇਹੁ ਸਹੀ ਨਿਰਮਿਲੇ। ਹਰਿ ਗੁਰੁ ਭਗਤ ਬਿਰਕਤ ਪਿਰ ਮਿਲੇ॥
ਸਬਕੇ ਮਨਨ ਪੂਜਨ ਜੋਗ। ਪੰਥ ਨਿਰਮਲਾ ਇਹੁ ਮਮਹੋਗ। (ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨੇ 1252-53.)

- ਚੌਥੀ: ਇਕ ਦਿਨ ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਸਿੱਖਾਂ ਦੇ ਸਥਾਨਾਂ ਦੀ ਅੰਮ੍ਰਿਤ ਵੇਲੇ ਪੜਤਾਲ ਕੀਤੀ ਤਾਂ ਦੇਖਿਆ ਕਿ ਕਿ ਨਿਰਮਲੇ ਸੰਤ ਭਜਨ-ਬੰਦਗੀ[46] ਕਰ ਰਹੇ ਹਨ, ਬਾਕੀ ਕੋਈ ਸੁੱਤਾ ਸੀ, ਕੋਈ ਗੱਲਾਂ ਕਰ ਰਿਹਾ ਸੀ, ਤਾਂ ਗੁਰੂ ਜੀ ਨੇ ਭਰੇ ਦੀਵਾਨ ਵਿਚ ਇਸ ਪੱਖੋਂ ਨਿਰਮਲਿਆਂ ਦੀ ਉਸਤਤ ਕੀਤੀ।

- ਪੰਜਵੀ: ਇਕ ਦਿਨ ਆਨੰਦਪੁਰ ਸਾਹਿਬ ਵਿਖੇ ਤਮਾਸ਼ੇ ਲਈ ਨਾਟ ਮੰਡਲੀ ਆਈ। ਸਭ ਤਮਾਸ਼ਾ ਦੇਖਣ ਲੱਗ ਗਏ। ਗੁਰੂ ਜੀ ਨੇ ਪੜਤਾਲ ਕੀਤੀ ਤਾਂ ਨਿਰਮਲੇ ਸੰਤ ਪਠਨ-ਪਾਠਨ ਵਿਚ ਲੱਗੇ ਹੋਏ ਸਨ। ਉਸ ਸਮੇਂ ਗੁਰੂ ਜੀ ਨੇ ਫ਼ੁਰਮਾਇਆ ਜਗਤ ਤਮਾਸ਼ੇ ਨੂੰ ਅਸੱਤ ਮੰਨਣ ਵਾਲੇ ਕੇਵਲ ਨਿਰਮਲੇ ਸੰਤ ਹਨ ਜਿਨ੍ਹਾਂ ਦੇ ਮਨ ਇਕਾਗਰ ਹਨ। ਇਸ ਲਈ ਨਿਰਮਲੇ ਸੰਤਾਂ ਕਾਰਣ ਪੰਥ ਦੀ ਸ਼ੋਭਾ ਬਣੀ ਰਹੇਗੀ।[47]

- ਛੇਵੀਂ: ਇਕ ਵਾਰ ਕੋਈ ਲੁਟੇਰਾ ਗੁਰੂ ਸਾਹਿਬ ਦੇ ਸੇਵਾਦਾਰ ਭਾਈ ਚੰਦਨ ਸਿੰਘ ਦੀ ਕੁੱਟ-ਮਾਰ ਕਰਕੇ ਉਸਦਾ ਸਮਾਨ ਖੋਹ ਕੇ ਲੈ ਗਿਆ। ਪਰ ਸੇਵਾਦਾਰਾਂ ਨੇ ਲੁਟੇਰੇ ਨੂੰ ਫੜ ਕੇ ਗੁਰੂ ਦਰਬਾਰ ਵਿਚ ਪੇਸ਼ ਕੀਤਾ। ਗੁਰੂ ਜੀ ਨੇ ਚੰਦਨ ਸਿੰਘ ਨੂੰ ਬੁਲਾ ਕੇ ਪੁੱਛਿਆ ਲੁਟੇਰੇ ਨੂੰ ਕੀ ਸਜਾ ਦਿੱਤੀ ਜਾਵੇ? ਚੰਦਨ ਸਿੰਘ ਨੇ ਬੇਨਤੀ ਕੀਤੀ 'ਸੱਚੇ ਪਾਤਸ਼ਾਹ ਇਹ ਲੋੜਵੰਦ ਹੋਵੇਗਾ, ਇਸ ਨੂੰ ਪੁੱਛ ਕੇ ਇਸ ਦੀਆਂ ਹੋਰ ਲੋੜਾਂ ਵੀ ਪੂਰੀਆਂ ਕਰ ਦਿਉ, ਜੋ ਅੱਗੋਂ ਅਜਿਹਾ ਨਾ ਕਰੇ। ਗੁਰੂ ਸਾਹਿਬ ਨੇ ਫ਼ੁਰਮਾਇਆ 'ਭਾਈ ਚੰਦਨ ਸਿੰਘ ਤੂੰ ਤਾਂ ਬ੍ਰਹਮ ਗਿਆਨੀ ਨਿਰਮਲਾ ਹੈ।[48]

- ਸੱਤਵੀਂ: ਇਕ ਦਿਨ ਭਾਈ ਚੌਪਾ ਸਿੰਘ ਇਕ ਨਿਰਮਲੇ ਸੰਤ ਭਾਈ ਸੰਤ ਸਿੰਘ ਨੂੰ ਫੜ ਕੇ ਗੁਰੂ ਜੀ ਦੇ ਹਜ਼ੂਰ ਲੈ ਆਇਆ। ਸ਼ਿਕਾਇਤ ਕੀਤੀ ਕਿ, ਭਾਈ ਸੰਤ ਸਿੰਘ ਨੇ ਕਛ-ਕ੍ਰਿਪਾਨ ਆਦਿਕ ਕਕਾਰ ਤਿਆਗ ਦਿੱਤੇ ਹਨ। ਗੁਰੂ ਜੀ ਨੇ ਭਾਈ ਸੰਤ ਸਿੰਘ ਨੂੰ ਕਾਰਣ ਪੁੱਛਿਆ। ਉੱਤਰ ਵਿਚ ਸੰਤ ਸਿੰਘ ਜੀ ਨੇ ਕਿਹਾ, "ਸੱਚੇ ਪਾਤਸ਼ਾਹ ਆਪ ਕੇ ਬਚਨ ਧਾਰਨ ਕਰ ਮੈਂ ਤਾਂ ਪਾਂਚ ਕੋਸ਼ ਤੇ ਅਸੰਗ ਹੋ ਰਹਾ ਹੂੰ। ਕੱਛ ਕ੍ਰਿਪਾਨ ਦੀ

---

[46] ਤੀਨ ਬਖ਼ਸ਼ੀਸ਼ ਗਾਈ ਚੌਥੀ ਔਰ ਸੁਨੇ ਭਾਈ, ਏਕ ਦਿਨ ਗੁਰੁ ਮਨ ਆਈ ਐਸ ਹੈ ਭਲੇ।
ਏਕ ਜਾਮ ਰਹੀ ਰੈਨ ਬਦਲ ਕੈ ਭੇਸ ਐਨ, ਸਿੱਖਨ ਕੇ ਡੇਰੋ ਡੇਰੀ ਚਨ ਯੁਤ ਹ੍ਵੈ ਚਲੇ,
ਸੋਏ ਜੋਈ ਜੋਏ ਕੋਈ ਨਿੰਦ ਉਸਤਤਿ ਗੋਏ, ਹੇਰ ਗੁਰੂ ਜੀ ਬਗੋਏ ਏਊ ਮਾਯਾ ਨੈ ਛਲੇ।
ਭਜਨ ਰਰਤ ਗਯਾਨ ਧਿਆਨ ਜੋ ਕਰਤ ਹੇਰੇ, ਬਚਨ ਗੁਰੂ ਜੀ ਟੇਰੇ ਏਹੈਂ ਮੇਰੇ ਨਿਰਮਲੇ॥
(ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨਾ 1253)

[47] ਔਰ ਏਕ ਸਮੇਂ ਸ੍ਵਾਂਗੀ ਸ੍ਵਾਂਗ ਲਯਾਏ ਗੁਰੁ ਢਿਗ, ਦੇਖ ਰੂਪ ਸਿੱਖਨ ਕੇ ਖ਼ੁਪ ਮਨ ਥੇ ਚਲੇ।
ਰਜੋ, ਤਮੋ, ਗੁਨੀ ਹੱਸ ਹੱਸ ਪੈਹੈ ਧੁਨੀ, ਕੈਹੈ ਜੇਉ ਸਤੋ ਗੁਨੀ ਹੁਤੇ ਰਹੇ ਮਨ ਅਚਲੇ।
ਗੁਰੂ ਜੀ ਪਸਾਰਾ ਨੈਨ ਪੇਖੀ ਜਬ ਸਭਾ, ਐਨ ਬੋਲੇ ਮਤ ਗੁਰੁ ਬੈਨ ਐਸ ਭਾਂਤ ਹੈਂ ਭਲੇ।
ਮਨਨਾ ਚਲਾਏ ਜਿਨੈ ਨਾਮ ਮੈਂ ਲਗਾਏ ਗੁਰੁ, ਸਬਦ ਕਮਾਏ ਏ ਲਖਾਏ ਸੰਤ ਨਿਰਮਲੇ॥
(ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨਾ 1253)

[48] ਗਿ. ਗਿਆਨ ਸਿੰਘ, *ਨਿਰਮਲ ਪੰਥ ਪ੍ਰਦੀਪਕਾ*, ਪੰਨਾ 28.

ਸ਼ਰਾ ਤੋ ਦੇਹ ਅਭਿਮਾਨੀ ਵਾਸਤੇ ਹੈ ਆਪ ਕਾ ਸਿੱਖ ਬਣ ਕੇ ਜੇਕਰ ਅਸਥੂਲ ਸ਼ਰਾ ਦੇ ਬੰਧਨ ਭੀ ਨਾ ਟੁੱਟੇ ਤਦ ਜਮ ਦੇ ਬੰਧਨਾਂ ਤੋਂ ਜੀਵ ਕੈਸੇ ਛੁਟੇਗਾ? ਏਹ ਸੁਣ ਕੇ ਗੁਰੂ ਜੀ ਨੇ ਹੱਸ ਕੇ ਫੁਰਮਾਯਾ, ਭਾਈ ਚੌਪਾ ਸਿੰਘ ਏ ਤਾਂ ਕੋਈ ਨਿਰਮਲਾ ਬ੍ਰਹਮਗਯਾਨੀ ਹੈ। ਐਸੇ ਬ੍ਰਹਮਗਯਾਨੀ ਬਿਰਕਤੋਂ ਪਰ ਸ਼ਰਾ ਕਾ ਡੰਡ[49] ਨਹੀਂ।"[50]

- ਅੱਠਵੀਂ: ਇਕ ਵਾਰ ਗੁਰੂ ਸਾਹਿਬ ਮਾਲਵੇ ਦੇ ਦੌਰੇ ਸਮੇਂ ਪਿੰਡ ਦੀਨੇ ਤੋਂ ਮੁਕਤਸਰ ਜਾਂਦੇ ਹੋਏ ਪਿੰਡ ਸਰਾਵਾਂ, ਬਹਿਬਲ (ਜ਼ਿਲ੍ਹਾ ਫ਼ਰੀਦਕੋਟ) ਵਿਖੇ ਇਕ ਰਾਤ ਰਹੇ। ਇਲਾਕੇ ਵਿਚ ਕਾਲ ਪਿਆ ਹੋਇਆ ਸੀ। ਸਤਿਗੁਰੂ ਜੀ ਨੇ ਫੁਰਮਾਇਆ, 'ਇਕੱਠਾ ਲੰਗਰ ਬਣਾਉਣ ਦੀ ਬਜਾਏ, ਪਿੰਡ ਵਾਲੇ ਦੋ-ਦੋ ਸਿੰਘਾਂ ਨੂੰ ਘਰ ਲੈ ਜਾ ਕੇ ਲੰਗਰ ਛਕਾ ਲਿਆਉਣ।' ਸੋ ਇਸੇ ਤਰ੍ਹਾਂ ਹੀ ਕੀਤਾ ਗਿਆ। ਆਏ ਸਿੰਘਾਂ ਨੂੰ ਗੁਰੂ ਜੀ ਪੁੱਛਣ ਲੱਗੇ ਕਿ ਸਿੰਘ ਕੀ-ਕੀ ਛਕਿਆ? ਸਾਰਿਆਂ ਚੰਗੇ-ਚੰਗੇ ਪਕਵਾਨ ਛਕਣ ਦੀ ਗੱਲ ਦੱਸੀ, ਜਦੋਂ ਭਾਈ ਮੈਲਾਗਰ ਸਿੰਘ, ਭਾਈ ਗੱਜਾ ਸਿੰਘ ਨੂੰ ਪੁੱਛਿਆ ਤਾਂ ਉਨ੍ਹਾਂ ਨੇ ਪ੍ਰਸੰਨ ਮੁੱਖ ਕਿਹਾ 'ਅਸੀਂ ਤਾਂ ਅਤੀ ਸਵਾਦਿਸ਼ਟ ਭੋਜਨ ਛਕਿਆ ਹੈ।' ਪਰ ਪਿੰਡ ਨਿਵਾਸੀ ਬੋਲੇ, 'ਜਿਸ ਸਿੱਖ ਦੇ ਘਰ ਇਹ ਛਕਣ ਗਏ ਸਨ, ਉਸ ਦੇ ਘਰ ਤਾਂ ਖਾਣ ਵਾਸਤੇ ਕੁੱਝ ਵੀ ਨਹੀਂ। ਇਹ ਝੂਠ ਬੋਲ ਰਹੇ ਹਨ।' ਸਤਿਗੁਰੂ ਜੀ ਨੇ ਪਿੰਡ ਵਾਲੇ ਪ੍ਰੇਮੀ ਨੂੰ ਪੁੱਛਿਆ। ਉਹ ਗੁਰੂ ਚਰਨਾਂ ਵਿਚ ਢਹਿ ਪਿਆ ਅਤੇ ਬੋਲਿਆ, "ਸੱਚੇ ਪਾਤਸ਼ਾਹ! ਮੇਰੇ ਘਰ ਛਕਾਉਣ ਵਾਸਤੇ ਕੁੱਝ ਵੀ ਨਹੀਂ ਹੈ। ਇਨ੍ਹਾਂ ਸੰਤੋਖੀ ਸਿੱਖਾਂ ਅੱਗੇ ਪਾਣੀ ਵਿਚ ਭਿਉਂ ਕੇ ਜੰਡ ਫ਼ਲੀਆਂ ਅਤੇ ਸੁੱਕੀਆਂ ਪੀਲਾਂ ਰੱਖ ਦਿੱਤੀਆਂ ਸਨ। ਇਹੀ ਕੁੱਝ ਪ੍ਰੇਮ ਨਾਲ ਛਕ ਕੇ ਅਰਦਾਸ ਕਰਕੇ ਆ ਗਏ ਹਨ। ਸਤਿਗੁਰੂ ਜੀ ਅਤਿ ਪ੍ਰਸੰਨ ਹੋਏ, ਸ੍ਰੀ ਮੁਖਵਾਕ ਤੋਂ ਤਿੰਨ ਵਾਰ ਧੰਨ ਸਿੱਖੀ! ਧੰਨ ਸਿੱਖੀ!! ਧੰਨ ਸਿੱਖੀ!!! ਕਿਹਾ। ਨਾਲ ਹੀ ਇਹ ਵੀ ਕਿਹਾ ... ਸੰਤੋਖੀ ਸਿੱਖ ਉਹ ਹੈ ਜੋ ਰੁੱਖੇ-ਸੁੱਕੇ ਭੋਜਨ ਨੂੰ ਅੰਮ੍ਰਿਤ ਦੀ ਤਰ੍ਹਾਂ ਆਨੰਦ ਪੂਰਵਕ ਪ੍ਰਵਾਨ ਕਰੇ। ਜਿਵੇਂ ਭਾਈ ਮੈਲਾਗਰ ਸਿੰਘ, ਗੱਜਾ ਸਿੰਘ ਦੀ ਕਰਨੀ ਮਹਾਨ ਹੈ।"[51]
- ਨੌਵੀਂ: ਇਕ ਦਿਨ ਗੁਰੂ ਸਾਹਿਬ ਨੇ ਸਭਾ ਦੇ ਦੌਰਾਨ ਸਿੱਖਾਂ ਨੂੰ ਕਿਹਾ ਕਿ ਜੋ ਤੁਹਾਡੇ ਦਿਲ ਦੀ ਇੱਛਾ ਹੈ ਮੰਗ ਲਓ। ਮੰਗਾਂ ਮੰਗਣ ਵਾਲਿਆਂ ਨੇ ਮਨ ਭਾਉਂਦੀਆਂ ਮੰਗਾਂ ਮੰਗਣੀਆਂ ਸ਼ੁਰੂ ਕਰ ਦਿੱਤੀਆਂ। ਪਰ ਇਸ ਸਮੇਂ ਵੀ ਕੁੱਝ ਸਿੰਘ ਸ਼ਾਂਤ ਬੈਠੇ ਰਹੇ। ਸਤਿਗੁਰੂ ਜੀ ਦੇ ਪੁੱਛਣ ਪਰ ਇਨ੍ਹਾਂ ਦੁਨਿਆਵੀ ਵਸਤਾਂ ਦੀ ਜਗ੍ਹਾ

---

[49] ਵਰਣਨਯੋਗ ਹੈ ਕਿ ਗੁਰੂ ਸਾਹਿਬ ਨੇ ਸੰਤ-ਸਿਪਾਹੀ ਕੌਮ ਨੂੰ ਪੰਜ ਕਕਾਰ ਧਾਰਨ ਕਰਵਾਏ, ਆਪ ਵੀ ਧਾਰਨ ਕੀਤੇ ਅਤੇ ਅੰਮ੍ਰਿਤ ਛਕਿਆ ਉਸੇ ਤਰ੍ਹਾਂ ਹਰੇਕ ਸਿੱਖ ਨੂੰ ਇਹ ਧਾਰਨ ਕਰਨੇ ਜ਼ਰੂਰੀ ਹਨ। ਕਿਸੇ ਨੂੰ ਛੋਟ ਨਹੀਂ ਹੈ। ਪ੍ਰੰਤੂ ਅਜੋਕੇ ਸਮੇਂ ਕਿਸੇ ਨਿਰਮਲੇ ਸੰਤ ਦਾ ਅੰਮ੍ਰਿਤਧਾਰੀ ਨਾ ਹੋਣਾ ਗੁਰੂ ਸਾਹਿਬ ਦੀ ਸੋਚ ਨੂੰ ਢਾਹ ਲਾਉਂਦਾ ਨਜ਼ਰ ਆਉਂਦਾ ਹੈ।

[50] ਗਿ. ਗਿਆਨ ਸਿੰਘ, *ਨਿਰਮਲ ਪੰਥ ਪ੍ਰਦੀਪਕਾ*, ਪੰਨੇ 34-35.

[51] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 33.

ਨਾਮ-ਦਾਨ ਨੂੰ ਪਹਿਲ ਦਿੱਤੀ। ਇਹ ਸੁਣਕੇ ਗੁਰੂ ਸਾਹਿਬ ਬਹੁਤ ਖੁਸ਼ ਹੋਏ ਅਤੇ ਪ੍ਰਸੰਨਤਾ ਪੂਰਵਕ ਨਿਰਮਲੇ ਸਿੰਘਾਂ ਦੀ ਉਸਤਤ ਕੀਤੀ, ਗੁਰੂ ਜੀ ਨੇ ਫ਼ੁਰਮਾਇਆ, ਸੰਸਾਰੀ ਪਦਾਰਥਾਂ ਦਾ ਤਿਆਗ ਕੇਵਲ ਨਿਰਮਲੇ ਸੰਤ ਹੀ ਕਰ ਸਕਦੇ ਹਨ। ਬ੍ਰਹਮ ਵਿਦਿਆ ਦਾ ਆਨੰਦ ਵੀ ਕੇਵਲ ਨਿਰਮਲੇ ਸੰਤ ਹੀ ਲੈ ਸਕਦੇ ਹਨ।

- ਦਸਵੀਂ: ਗੁਰੂ ਸਾਹਿਬ ਨੇ ਸ੍ਰੀ ਹਜ਼ੂਰ ਸਾਹਿਬ ਵਿਖੇ ਜੋਤੀ-ਜੋਤਿ ਸਮਾਉਣ ਦਾ ਸੰਕਲਪ ਕੀਤਾ ਤਾਂ ਇਸ ਸਮੇਂ ਬਹੁਤ ਸਾਰੇ ਨਿਰਮਲੇ ਸੰਤ ਜੋ ਗੁਰੂ ਸਾਹਿਬ ਕੋਲ ਸਨ ਉਨ੍ਹਾਂ ਨੂੰ ਗੁਰੂ ਜੀ ਨੇ ਫ਼ੁਰਮਾਇਆ ਸਿੰਘੋ! ਹੁਣ ਅਸੀਂ ਭਾਣਾ ਵਰਤਾਵਾਂਗੇ, ਤੁਸੀਂ ਸਾਰੇ ਸੰਤ ਦੇਸ਼ ਦੇ ਕੋਨੇ-ਕੋਨੇ ਵਿਚ ਚਲੇ ਜਾਉ ਅਤੇ ਪਿੰਡ-ਪਿੰਡ, ਘਰ-ਘਰ ਗੁਰਬਾਣੀ ਸੰਦੇਸ਼ ਪਹੁੰਚਾਉ। ਗੁਰੂ ਸਾਹਿਬ ਦੁਆਰਾ ਨਿਰਮਲੇ ਸੰਤਾਂ ਦੇ ਨਾਂਦੇੜ ਸਾਹਿਬ ਤੱਕ ਗੁਰੂ ਜੀ ਦੇ ਹਮ ਰਕਾਬ ਹੋਣ ਦੀ ਪ੍ਰੋੜਤਾ ਕਰਦੇ ਹੋਏ ਸ਼ਮਸ਼ੇਰ ਸਿੰਘ ਜੀ ਅਸ਼ੋਕ ਲਿਖਦੇ ਹਨ: "ਸਿੰਘਾਂ ਦੇ ਬਨਾਰਸੋਂ ਮੁੜਨ ਸਾਰ, ਦੇਸ਼ ਦੇ ਹਰੇਕ ਇਲਾਕੇ ਵਿਚ ਭੇਜਿਆ ਅਤੇ ਫੇਰ ਆਨੰਦਪੁਰ ਛੱਡ ਕੇ ਮਾਲਵੇ ਦੇ ਇਲਾਕੇ ਵਿਚ ਜਾਣ ਸਮੇਂ ਦਮਦਮੇ ਤੋਂ  ਤੱਕ ਉਨ੍ਹਾਂ ਨੂੰ ਆਪਣੇ ਅੰਗ-ਸੰਗ ਹੀ ਰੱਖਿਆ। ਪੰਡਿਤ ਕਰਮ ਸਿੰਘ, ਦਰਗਾਹਾ ਸਿੰਘ ਆਦਿ ਨਿਰਮਲੇ ਸਾਧੂ ਜਿਨ੍ਹਾਂ ਤੋਂ ਆਪ ਨਿਤ ਪ੍ਰਤੀ ਪੁਰਾਤਨ ਗ੍ਰੰਥਾਂ ਦੀ ਕਥਾ ਸੁਣਿਆ ਕਰਦੇ ਸਨ, ਧੁਰ ਦੱਖਣ (ਨਾਂਦੇੜ) ਤਕ ਆਪਦੇ ਹਮ-ਰਕਾਬ ਰਹਿੰਦੇ ਰਹੇ।"[52] ਇਸ ਤਰ੍ਹਾਂ ਨਿਰਮਲੇ ਸੰਤ ਗੁਰੂ ਸਾਹਿਬ ਦੇ ਨਜਦੀਕ ਰਹਿੰਦਿਆਂ ਉਨ੍ਹਾਂ ਦਾ ਅਸ਼ੀਰਵਾਦ ਪ੍ਰਾਪਤ ਕਰਦੇ ਰਹੇ ਹਨ।

## ਨਿਰਮਲ ਸੰਪ੍ਰਦਾਇ ਵਿਚ ਇਤਿਹਾਸਕ ਮੋੜ

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੀ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੂੰ ਵਿਸ਼ੇਸ਼ ਕਾਰਜ ਸੌਂਪ ਦਿੱਤੇ ਗਏ ਸਨ। ਨਿਰਮਲ ਸੰਪ੍ਰਦਾਇ ਦੇ ਵਿਦਵਾਨ ਮੰਨਦੇ ਹਨ ਕਿ ਗੁਰੂ ਜੀ ਨੇ ਵਿਖੇ ਨਿਰਮਲੇ ਸੰਤਾਂ ਨੂੰ ਧਰਮ ਪ੍ਰਚਾਰ-ਪ੍ਰਸਾਰ ਵਾਸਤੇ ਨਿਯੁਕਤ ਕਰ ਦਿੱਤਾ ਸੀ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਲਿਖਦੇ ਹਨ: "ਗੁਰੂ ਗੋਬਿੰਦ ਸਿੰਘ ਜੀ ਮਹਾਰਾਜ 1708 ਈ. ਵਿਚ ਜੋਤੀ-ਜੋਤਿ ਸਮਾ ਗਏ। ਭਾਈ ਦਇਆ ਸਿੰਘ, ਭਾਈ ਸੰਤੋਖ ਸਿੰਘ ਆਦਿਕ ਕਾਫ਼ੀ ਸਿੰਘ ਸੱਚਖੰਡ ਹਜ਼ੂਰ ਸਾਹਿਬ (ਨਾਂਦੇੜ) ਵਿਚ ਗੁਰੂ ਜੀ ਦੇ ਸਥਾਨ ਦੀ ਸੇਵਾ-ਸੰਭਾਲ

---

[52] ਸ਼ਮਸ਼ੇਰ ਸਿੰਘ ਅਸ਼ੋਕ, ਨਿਰਮਲੇ ਸਾਧੂਆਂ ਦੀ ਸਿੱਖ ਧਰਮ ਨੂੰ ਦੇਣ, ਪ੍ਰੋ. ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 149.

ਕਰਦੇ ਹੋਏ ਕਥਾ-ਕੀਰਤਨ ਤੇ ਲੰਗਰ ਦਾ ਪ੍ਰਵਾਹ ਚਲਾਉਂਦੇ ਰਹੇ।"[53] ਨਾਲ ਹੀ ਉਹ ਦਸਦੇ ਹਨ ਕਿ "ਗੁਰੂ ਜੀ ਨੇ ਨਿਰਮਲੇ ਸੰਤਾਂ ਨੂੰ ਧਰਮ ਪ੍ਰਚਾਰ ਲਈ ਥਾਂ-ਪਰ-ਥਾਂ ਭੇਜਿਆ। ਬਾਬਾ ਦਰਗਾਹਾ ਸਿੰਘ ਜੀ ਨੂੰ ਹਰਿਦਵਾਰ ਗੁਰੂ ਅਮਰਦਾਸ ਜੀ ਦੇ ਸਥਾਨ ਤੇ ਭੇਜਿਆ। ਬਾਬਾ ਬੱਲਾ ਸਿੰਘ ਜੀ ਨੂੰ ਖਡੂਰ ਸਾਹਿਬ ਭੇਜਿਆ। ਸੰਤ ਕੋਇਰ ਸਿੰਘ ਜੀ ਨੂੰ ਅੰਮ੍ਰਿਤਸਰ ਭੇਜਿਆ ਤਾਂ ਕਿ ਇਹ ਸਾਰੇ ਜਾ ਕੇ ਧਰਮ ਪ੍ਰਚਾਰ ਦੇ ਕੇਂਦਰ ਸਥਾਪਿਤ ਕਰਨ। ਹੋਰ ਵੀ ਸੰਤ ਕਈ ਜਗ੍ਹਾ ਭੇਜੇ ਗਏ।"[54] ਗੁਰੂ ਸਾਹਿਬ ਜੀ ਦੇ ਨਾਂਦੇੜ ਵਿਖੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਨਿਰਮਲੇ ਸੰਤ ਦੇਸ਼ ਦੇ ਵੱਖ-ਵੱਖ ਸਥਾਨਾਂ ਵੱਲ ਚਲੇ ਗਏ ਕਿਉਂਕਿ ਉਨ੍ਹਾਂ ਦੇ ਜੀਵਨ ਦਾ ਮਨੋਰਥ ਗੁਰੂ ਸਾਹਿਬਾਨ ਦੇ ਸੰਦੇਸ਼ ਦਾ ਪ੍ਰਚਾਰ ਕਰਨਾ ਅਤੇ ਸਿੱਖ ਕੌਮ ਨੂੰ ਵਿਦਿਆਪਤੀ ਬਣਾਉਣਾ ਸੀ। "ਨਿਰਮਲੇ ਸਿੱਖ ਵਿਦਵਾਨਾਂ ਦੀ ਜਮਾਤ ਸੀ ਜਿਨ੍ਹਾਂ ਨੂੰ ਗੁਰੂ ਜੀ ਨੇ ਭਾਰਤੀ ਪਿਛੋਕੜ ਦੇ ਸੰਦਰਭ ਵਿਚ ਸਿੱਖ ਵਿਚਾਰ ਦੀ ਵਿਆਖਿਆ ਕਰਨ ਦੇ ਸਮਰੱਥ ਬਣਾਇਆ ਸੀ। ਦਸਮ ਪਾਤਿਸ਼ਾਹ ਦੇ ਜੋਤੀ-ਜੋਤਿ ਸਮਾਉਣ ਉਪਰੰਤ ਇਨ੍ਹਾਂ ਵਿਦਵਾਨਾਂ ਦੇ ਸਾਮ੍ਹਣੇ ਮੁੱਖ ਆਸ਼ਾ ਸੀ, ਹੋਰਨਾਂ ਮਤਾਂ ਦੇ ਮੁਕਾਬਲੇ ਵਿਚ ਗੁਰੂ ਨਾਨਕ ਮਤ ਨੂੰ ਸਰਬੋਤਮ ਸਿੱਧ ਕਰਨਾ। ਤੀਰਥਾਂ ਉਤੇ ਵਿਭਿੰਨ ਮਤਾਂ ਵਾਲਿਆਂ ਦੇ ਮਠ, ਡੇਰੇ ਪਹਿਲਾਂ ਹੀ ਮੌਜੂਦ ਸਨ ਅਤੇ ਲੋਕਾਂ ਦੀ ਆਵਾਜਾਈ ਬਹੁਤ ਰਹਿੰਦੀ ਸੀ। ਇਸ ਲਈ ਇਨ੍ਹਾਂ ਤੀਰਥਾਂ ਉੱਤੇ ਵੱਖ-ਵੱਖ ਧਰਮਾਂ ਵਾਲਿਆਂ ਨਾਲ ਸੰਪਰਕ ਸਹਿਜੇ ਹੀ ਹੋ ਸਕਦਾ ਸੀ।"[55] ਨਿਰਮਲੇ ਸੰਤਾਂ ਨੇ ਉਸ ਸਮੇਂ ਦੇ ਜਿਆਦਾ ਇਕੱਠ ਵਾਲੇ ਤੀਰਥਾਂ ਹਰਿਦੁਆਰ, ਪ੍ਰਯਾਗਰਾਜ, ਤ੍ਰਿੰਬਕ ਆਦਿ ਨੂੰ ਆਪਣੇ ਪ੍ਰਚਾਰ ਲਈ ਚੁਣਿਆ ਅਤੇ ਨਾਨਕ ਨਾਮ ਲੇਵਾ ਸੰਗਤਾਂ ਲਈ ਗੁਰੂ ਸਥਾਨ ਕਾਇਮ ਕੀਤੇ।

ਨਿਰਮਲੇ ਸੰਤਾਂ ਵਿਚੋਂ "ਬਾਬਾ ਦਰਗਾਹਾ ਸਿੰਘ ਜੀ ਕਲਗੀਧਰ ਪਿਤਾ ਦੇ ਹਜ਼ੂਰੀ ਸਿੱਖ ਸਨ। ਸਤਿਗੁਰੂ ਜੀ ਦੇ ਦਰਬਾਰ ਵਿਚ ਆਪ ਜੀ ਨੇ ਸ਼ਾਸਤ੍ਰ ਅਤੇ ਸਸ਼ਤ੍ਰ ਵਿਦਿਆ ਪ੍ਰਾਪਤ ਕੀਤੀ ਸੀ। ਨਾਂਦੇੜ/ਦੱਖਣ ਤੱਕ ਸਤਿਗੁਰੂ ਜੀ ਦੇ ਹਮਸਫ਼ਰ ਰਹੇ। ਇੱਥੇ ਸਤਿਗੁਰੂ ਜੀ ਨੇ ਆਗਿਆ ਕਰੀ ਕਿ ਹਰਿਦਵਾਰ ਜਾ ਕੇ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਦਵਾਰਾ ਪ੍ਰਗਟ ਕਰੋ। ਆਗਿਆ ਅਨੁਸਾਰ ਸੰਨ 1710 ਈ. ਵਿਚ ਦਸਮ ਸਤਿਗੁਰੂ ਜੀ ਤੋਂ ਦੋ ਵਰਸ਼ ਮਗਰੋਂ ਕਨਖਲ ਆ ਰਹੇ ਸਨ। ਆਪ ਜੀ ਨਾਲ ਕਾਫ਼ੀ ਵਿਰਕਤ

---

[53] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 36.

[54] ਉਹੀ, *ਨਿੱਜੀ ਮੁਲਾਕਾਤ,* ਮਿਤੀ 09 ਜੁਲਾਈ 2015 ਵਿਚੋਂ.

[55] ਬਲਵੀਰ ਸਿੰਘ ਨੰਦਾ, *ਪੁਰਾਤਨ ਸਿੱਖ ਸੰਪ੍ਰਦਾਇ,* ਪੰਨਾ 85.

ਸੰਤ ਸਨ, ਜਿਨ੍ਹਾਂ ਵਾਸਤੇ ਛੰਨਾਂ (ਛੱਪਰੀਆਂ) ਪਾਈਆਂ ਗਈਆਂ ਅਤੇ ਆਪ ਬਾਬਾ ਜੀ ਗੰਗਾ ਕਿਨਾਰੇ ਪਿੱਪਲ ਦੇ ਬ੍ਰਿਛ ਹੇਠਾਂ ਰਹਿੰਦੇ ਸਨ।"[56]

ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਬਾਬਾ ਦਰਗਾਹਾ ਸਿੰਘ ਜੀ ਨੇ ਕਨਖਲ ਵਿਚਲੇ "ਸ੍ਰੀ ਗੁਰੂ ਅਮਰਦਾਸ ਜੀ ਦੇ ਤਪ ਸਥਾਨ ਨੂੰ ਪ੍ਰਗਟ ਕਰਕੇ ਸੇਵਾ-ਸੰਭਾਲ ਅਰੰਭ ਕੀਤੀ, ਜੋ ਕਿ ਅੱਜ-ਕੱਲ੍ਹ ਗੁਰਦੁਆਰਾ ਪਾਤਸ਼ਾਹੀ ਤੀਜੀ, ਡੇਰਾ ਬਾਬਾ ਦਰਗਾਹਾ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੈ। ਇਹ ਮਹਾਂਪੁਰਸ਼ ਸ਼ਸਤਰ ਅਤੇ ਸ਼ਾਸਤਰ ਦੋਨੋਂ ਵਿਦਿਆ ਦੇ ਗਿਆਤਾ ਸਨ।"[57] ਦਸਮ ਪਾਤਸ਼ਾਹ ਦੇ ਪ੍ਰਲੋਕ ਗਮਨ ਤੋਂ ਬਾਅਦ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਨਿਰਮਲੇ ਸੰਤ ਆਪਣੇ ਭਵਿੱਖ ਦੇ ਕਾਰਜਾਂ ਵਿਚ ਰੁਚਿਤ ਹੋ ਗਏ।

ਬਾਬਾ ਦਰਗਾਹਾ ਸਿੰਘ ਜੀ ਵੀ ਗੁਰੂ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਭਲਾਈ ਕਾਰਜ ਕਰਦੇ ਆਪਣਾ ਜੀਵਨ ਬਤੀਤ ਕਰਨ ਲੱਗੇ। ਇੱਥੇ ਇਕ ਵਾਰ ਨਜੀਬਾਬਾਦ ਦੇ ਰਹੇਲਿਆਂ ਨੇ ਜਵਾਲਾਪੁਰ ਦੇ ਨਵਾਬ ਰਾਏ ਅਹਿਮਦ (ਰਾਜਪੂਤ) ਉੱਤੇ ਹਮਲਾ ਕੀਤਾ, ਹਮਲੇ ਬਾਰੇ ਸੁਣ ਕੇ ਨਵਾਬ ਘਬਰਾ ਗਿਆ ਅਤੇ ਬਾਬਾ ਜੀ ਨੂੰ ਸਹਾਇਤਾ ਕਰਨ ਲਈ ਬੇਨਤੀ ਕੀਤੀ। ਬਾਬਾ ਜੀ ਨੇ ਬੇਨਤੀ ਮੰਨੀ ਤੇ ਉਨ੍ਹਾਂ ਨਾਲ ਮੋਰਚੇ `ਤੇ ਡਟ ਗਏ। ਸ਼ਸਤ੍ਰ ਵਿਦਿਆ ਦਾ ਲਾਭ ਲੈਂਦੇ ਹੋਏ, ਹਮਲਾ ਕਰਨ ਵਾਲੇ ਰੁਹੇਲਿਆਂ ਨੂੰ ਬਾਬਾ ਜੀ ਨੇ ਤੀਰਾਂ ਨਾਲ ਪਿੱਛੇ ਮੋੜ ਦਿੱਤਾ। ਮਦਦ ਉਪਰੰਤ ਨਵਾਬ ਰਾਏ ਅਹਿਮਦ ਬਾਬਾ ਜੀ ਦਾ ਭਗਤ ਬਣ ਗਿਆ। ਬਹੁਤ ਹੀ ਸਤਿਕਾਰ ਨਾਲ ਬਾਬਾ ਜੀ ਦੇ ਚਰਨਾਂ ਵਿਚ ਆ ਹਾਜ਼ਰ ਹੋਇਆ। ਨਵਾਬ ਰਾਏ ਅਹਿਮਦ ਨੇ ਬਾਬਾ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਗੁਰਦੁਆਰੇ ਵਾਸਤੇ ਆਲੇ-ਦੁਆਲੇ ਦੀ ਜਮੀਨ ਉੱਤੇ ਕਬਜਾ ਕਰਨ ਦੀ ਪੇਸ਼ਕਸ਼ ਕੀਤੀ। ਬਾਅਦ ਵਿਚ ਇਸ ਸਥਾਨ ਦਾ ਪਟਾ ਵੀ ਲਿਖਕੇ ਦੇ ਦਿੱਤਾ। ਇਹ ਸਥਾਨ 'ਬਾੜਾ ਬਾਬਾ ਦਰਗਾਹਾ ਸਿੰਘ' ਨਾਮ ਨਾਲ ਪ੍ਰਸਿੱਧ ਹੋਇਆ। ਇਤਿਹਾਸ ਵਿਚ ਇਹ ਪਹਿਲੀ ਘਟਨਾ ਹੈ ਜਦੋਂ ਨਿਰਮਲਿਆਂ ਨੇ ਲੜਾਈ ਵਿਚ ਭਾਗ ਲਿਆ ਅਤੇ ਉਸ ਬਦਲੇ ਵਿਚ ਜਗੀਰ ਪ੍ਰਵਾਨ ਕੀਤੀ।[58]

ਔਰ ਨਿਰਮਲ ਸਿੰਘ ਦਰਗਾਹੈ।

ਡੇਰਾ ਥਾਪਿਓ ਕਨਖਲ ਮਾਹੈ।

---

[56] ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 66.

[57] ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ ਕਾਸ਼ੀ, *ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ*, ਪੰਨਾ 65.

[58] ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨਾ 1258.

ਹੁਤੋ ਰਾਇ ਅਹਿਮਦ ਨ੍ਰਿਪ ਤਬਹੀ।

ਜ੍ਵਾਲਾ ਪੁਰ ਨਵਾਬ ਭਲ ਫਬ ਹੀ।

ਤਿਸ ਨੇ ਦਈ ਜਮੀਨ ਤਹਾਹੈ।

ਬਾੜਾ ਬਗਲਯੋ ਇਨੈ ਤਹਾਹੈ।

ਸਤ੍ਾਂ ਸੈ ਇਕਨਵੇ ਮਾਹਂ।

ਰਾਇ ਦਈ ਸੰਨਦ ਲਿਖ ਤਾਹੂੰ।

ਬਾਬਾ ਦਰਗਾਹਾ ਸਿੰਘ ਜੀ ਦੇ ਡੇਰੇ ਦੀ ਸਥਾਪਨਾ ਨੇ ਨਿਰਮਲੇ ਸੰਤਾਂ ਦੁਆਰਾ ਸਿੱਖੀ ਪ੍ਰਚਾਰ ਨੂੰ ਸੰਗਠਨਾਤਮਿਕ ਆਧਾਰ ਮੁਹੱਈਆ ਕਰਵਾਇਆ। ਸਿੱਖ ਇਤਿਹਾਸ ਵਿਚ ਇਕ ਅਜਿਹਾ ਦੌਰ ਵੀ ਆਇਆ ਜਦੋਂ ਦੁਸ਼ਮਣ ਜਮਾਤ ਸਿੱਖਾਂ ਦੇ ਸਿਰਾਂ ਦੇ ਮੁੱਲ ਪਾ ਰਹੀ ਸੀ। ਇਸ ਸਮੇਂ ਸਿੱਖਾਂ ਨੇ ਆਪਣੇ ਅਸਥਾਨਾਂ ਤੋਂ ਟਿਕਾਣੇ ਬਦਲ ਲਏ ਅਤੇ ਉਹ ਜੰਗਲਾਂ ਵਿਚ ਘੋੜਿਆਂ ਦੀਆਂ ਕਾਠੀਆਂ ’ਤੇ ਸਮਾਂ ਬਤੀਤ ਕਰਨ ਲੱਗੇ। ਹੁਣ ਜੰਗਲਾਂ ਵਿਚੋਂ ਆ ਕੇ ਹੀ ਖ਼ਾਲਸਾ ਫ਼ੌਜ ਮੁਗਲ ਫ਼ੌਜਾਂ ਨਾਲ ਟੱਕਰ ਲੈਂਦੀ। ਇਹ ਗੁਰੀਲਾ ਤਕਨੀਕ ਸੀ ਜਿਸ ਨਾਲ ਸਿੱਖਾਂ ਨੇ ਮੁਗਲਾਂ ਦੇ ਹੌਸਲੇ ਪਸਤ ਕੀਤੇ। ਸਿੱਖਾਂ ਅਤੇ ਸਿੱਖੀ ਲਈ ਇਸ ਅਣਸੁਖਾਵੇਂ ਮਾਹੌਲ ਸਮੇਂ ਵਿਚ ਜੇਕਰ ਕਿਸੇ ਨੇ ਗੁਰਬਾਣੀ ਅਤੇ ਗੁਰ-ਸੰਦੇਸ਼ ਸੰਭਾਲਣ ਅਤੇ ਪ੍ਰਚਾਰਨ ਲਈ ਵਿਸ਼ੇਸ਼ ਉੱਦਮ ਕੀਤੇ ਤਾਂ ਉਹ ਨਿਰਮਲੇ ਸੰਤ ਹੀ ਸਨ। ਭਾਵੇਂ ਇਸ ਕਾਲ ਦੌਰਾਨ ਹੋਰ ਵੀ ਕਈ ਸਿੱਖ ਸੰਪ੍ਰਦਾਵਾਂ ਮੌਜੂਦ ਸਨ ਪ੍ਰੰਤੂ ਇਸ ਸਮੇਂ ਦੌਰਾਨ ਗ੍ਰੰਥਾਂ ਦੇ ਉਤਾਰੇ, ਧਰਮ ਦੇ ਮੂਲ ਸ੍ਰੋਤਾਂ ਦੀ ਸੰਭਾਲ ਅਤੇ ਉਨ੍ਹਾਂ ਦੇ ਟੀਕੇ ਕਰਕੇ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਜੋ ਕਾਰਜ ਕੀਤੇ, ਉਹ ਪ੍ਰਸੰਸਾਯੋਗ ਹਨ।

ਨਾਂਦੇੜ ਤੋਂ ਆ ਕੇ ਬਾਬਾ ਦਰਗਾਹਾ ਸਿੰਘ ਜੀ ਨੇ ਕਨਖਲ ਵਿਖੇ ਟਿਕਾਣਾ ਸਥਾਪਿਤ ਕਰ ਲਿਆ। ਨਾਂਦੇੜ ਤੋਂ ਚੱਲੇ ਬਾਕੀ ਕਈ ਸਿੰਘਾਂ ਦੇ ਸੰਦਰਭ ਵਿਚ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਕਹਿੰਦੇ ਹਨ, “ਕਾਫ਼ੀ ਸਿੰਘ ਭਾਈ ਦਰਬਾਰਾ ਸਿੰਘ, ਭਾਈ ਸੇਵਾ ਸਿੰਘ, ਭਾਈ ਚਾਨਣਾ ਸਿੰਘ, ਭਾਈ ਸ਼ਮੀਰ ਸਿੰਘ, ਭਾਈ ਗੰਡਾ ਸਿੰਘ, ਸਤਿਗੁਰੂ ਜੀ ਦੇ ਜੋਤੀ-ਜੋਤਿ ਸਮਾ ਜਾਣ ਤੋਂ ਬਾਅਦ ਵੈਰਾਗ ਅਵਸਥਾ ਵਿਚ ਨਾ ਤਾਂ ਖ਼ਾਲਸੇ ਦੇ ਜਥਿਆਂ ਵਿਚ ਸ਼ਾਮਲ ਹੋਏ ਅਤੇ ਨਾ ਨਿਰਮਲੇ ਸੰਤਾਂ ਦੀ ਮੰਡਲੀ ਵਿਚ ਮਿਲੇ। ਇਹ ਸਾਰੇ ਜਣੇ ਭ੍ਰਮਣ ਕਰਦੇ ਹੋਏ ਸੰਮਤ 1776 ਬਿ. (1718 ਈ.) ਵਿਚ ਰਮਦਾਸਪੁਰੇ, ਸਾਹਿਬ ਰਾਮਕੁੰਵਰ ਜੀ ਕੋਲ ਪੁੱਜ ਗਏ ਅਤੇ

ਇੱਥੇ ਹੀ ਸਤਿਸੰਗ ਕਰਨ ਲੱਗੇ।"[59] ਪੰਜਾਬ ਦੇ ਧਰਾਤਲ 'ਤੇ ਨਿਰਮਲ ਸੰਪ੍ਰਦਾਇ ਦਾ ਇਹ ਪਹਿਲਾ ਡੇਰਾ ਸੀ।

ਸਾਹਿਬ ਰਾਮਕੁੰਵਰ (ਉਰਫ਼ ਬਾਬਾ ਗੁਰਬਖ਼ਸ਼ ਸਿੰਘ) ਕੋਲ ਸਵੇਰੇ-ਸ਼ਾਮ ਸਤਿਸੰਗ ਹੁੰਦਾ। ਸਤਿਗੁਰੂ ਜੀ ਦੀ ਹਾਜ਼ਰੀ ਵਿਚੋਂ ਆਏ ਸਿੰਘ ਅਤੇ ਇਲਾਕੇ ਦੀਆਂ ਸੰਗਤਾਂ ਅਨੇਕ ਤਰ੍ਹਾਂ ਦੇ ਪ੍ਰਸ਼ਨ ਕਰਦੀਆਂ ਅਤੇ ਸਾਹਿਬ ਰਾਮਕੁੰਵਰ ਜੀ ਸਾਰੇ ਪ੍ਰਸ਼ਨਾ ਦਾ ਉੱਤਰ ਦਿੰਦੇ। "ਸਾਹਿਬ ਰਾਮਕੁੰਵਰ ਜੀ ਦੀ ਆਗਿਆ ਨਾਲ ਭਾਈ ਸਾਹਿਬ ਸਿੰਘ ਜੀ ਲਿਖਾਰੀ ਸਾਰੀ ਵਿਚਾਰ ਨੂੰ ਨਾਲ-ਨਾਲ ਲਿਖ ਰਿਹਾ ਸੀ। ਇਸ ਤਰ੍ਹਾਂ, ਇਹ ਇਤਿਹਾਸ ਅਤੇ ਦਰਸ਼ਨ ਦਾ ਪਹਿਲਾ ਗ੍ਰੰਥ ਤਿਆਰ ਹੋ ਰਿਹਾ ਸੀ। ਇਸ ਗ੍ਰੰਥ ਦਾ ਨਾਉਂ 'ਪੰਜ ਸੌ ਸਾਖੀ' ਪ੍ਰਸਿੱਧ ਹੈ ਜਿਸ ਦੀ ਹੁਣ ਕੋਈ ਪ੍ਰਤੀ ਮਿਲ ਨਹੀਂ ਰਹੀ।"[60] ਗਿਆਨੀ ਗਿਆਨ ਸਿੰਘ ਉਕਤ ਸਿੱਖਾਂ ਦੇ ਰਾਮ ਕੌਰ (ਰਾਮਕੁੰਵਰ ਜਾਂ ਬਾਬਾ ਗੁਰਬਖ਼ਸ਼ ਸਿੰਘ) ਪਾਸ ਆ ਕੇ ਟਿਕਣ ਵਾਲੀ ਗੱਲ ਨੂੰ ਕੁੱਝ ਸੰਮਤ 1948 ਬਿ. 1891 ਈ. ਦੀ ਛਪੀ ਪੁਸਤਕ *ਨਿਰਮਲ ਪੰਥ ਪ੍ਰਦੀਪਕਾ* ਵਿਚ ਵਿਸਥਾਰ ਨਾਲ ਲਿਖਦੇ ਹਨ:

"ਏਕ ਰੋਜ ਭਾਈ ਦਰਵਾਰਾ ਸਿੰਘ ਜੀ ਨੇ ਸਾਹਿਬ ਰਾਮ ਕੌਰ ਆਗੇ ਬੇਨਤੀ ਕਰੀ, ਹੇ ਭਗਵਾਨ! ਜੋ ਕੇਸਾਧਾਰੀ ਸਿੰਘ ਸੰਸਾਰ ਦੇ ਕਾਰ ਬਿਹਾਰ ਸੇ ਗਿਲਾਨੀ ਧਾਰ ਕੇ, ਸਾਧੂ ਹੋਨਾ ਚਾਹੇ ਸੋ ਕਿਸ ਪੰਥ ਮੈਂ ਸੰਤ ਹੋਵੇ। ਇਹ ਪ੍ਰਸ਼ਨ ਸੁਣ ਕੇ ਭਾਈ ਸਾਹਿਬ ਜੀ ਨੇ ਫ਼ੁਰਮਾਯਾ, ਹੇ ਖ਼ਾਲਸਾ ਜੀ! ਯੱਦਯਪਿ ਸੰਨਯਾਸੀ, ਉਦਾਸੀ ਆਦਿਕ ਸਭੀ ਪੰਥ ਪਰਮ ਪਦ ਕੋ ਪ੍ਰਾਪਤ ਕਰਨੇ ਵਾਲੇ ਹੈਂ ਜੈਸੇ ਸਭੀ ਬੇੜੇ ਦਰਯਾਉ ਸੇ ਪਾਰ ਉਤਾਰ ਦੇਤੇ ਹੈਂ ਪਰੰਤੂ ਕੇਸਾਧਾਰੀ ਸਿੰਘ ਕੋ ਸਿਵਾਇ ਨਿਰਮਲ ਪੰਥ ਖ਼ਾਲਸੇ ਕੇ ਹੋਰ ਕਿਸੀ ਭੇਖ ਪੰਥ ਮੈਂ ਸਾਧੂ ਹੋਣਾ ਨਹੀਂ ਚਾਹੀਏ। ਕਾਹੇ ਤੈ ਹੋਰ ਭੇਖੋਂ ਪੰਥੋਂ ਮੇਂ ਕੇਸਾਂ ਦੀ ਬੇਅਦਬੀ ਹੋਣੇ ਕਰ ਸਿੰਘ ਦਾ ਸਿੰਘੀ ਧਰਮ ਨਸ਼ਟ ਹੋ ਜਾਂਦਾ ਹੈ। ਜਿਸਦਾ ਧਰਮ ਗਯਾ ਉਸ ਦਾ ਜਪ ਤਪ ਨਿਸਫ਼ਲ ਹੈ। ਯਥਾ 'ਏਕ ਛੋਡ ਦੂਜੇ ਲਗੇ ਡੁੱਬੇ ਸੇ ਵਣਜਾਰਿਆ।"[61]

ਵਰਣਨਯੋਗ ਹੈ ਕਿ ਉਕਤ ਵਾਂਗ ਗਿਆਨੀ ਗਿਆਨ ਸਿੰਘ ਜੀ ਨੇ ਰਾਮ ਕੌਰ ਜੀ ਦੇ ਹਵਾਲੇ ਨਾਲ ਆਪਣੇ ਗ੍ਰੰਥਾਂ ਵਿਚ ਕਈ ਵਾਰ ਲਿਖਿਆ ਹੈ ਕਿ ਨਿਰਮਲੇ ਸੰਤ ਨੇ ਸਿਰ ਦੇ ਵਾਲ ਨਹੀਂ ਕਟਾਉਣੇ।

---

[59] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 36.

[60] ਉਹੀ.

[61] ਗਿ. ਗਿਆਨ ਸਿੰਘ, *ਨਿਰਮਲ ਪੰਥ ਪ੍ਰਦੀਪਕਾ*, ਪੰਨਾ 12.

ਇਤਿਹਾਸਕ ਗਵਾਹੀ ਅਨੁਸਾਰ ਨਿਰਮਲੇ ਸੰਤਾਂ ਨੇ ਸੰਨਿਆਸੀਆਂ ਦੀ 'ਰੋਟੀ ਤਬ ਦਿਹ ਚੋਟੀ ਲੈਹੈ'*[62] ਵਾਲੀ ਗੱਲ ਨੂੰ ਵੀ ਕੇਸਾਂ ਲਈ ਅਸਵੀਕਾਰ ਕੀਤਾ, ਜਿਸ ਦੀ ਗੱਲ ਅਸੀਂ ਅੱਗੇ ਕਰਾਂਗੇ, ਫਿਰ ਵੀ ਕੁੱਝ ਨਿਰਮਲੇ ਸੰਤਾਂ ਵਿਚ ਸਿਰ ਦੇ ਵਾਲ ਕਟਾਉਣ ਦਾ ਰੁਝਾਨ ਦੇਖਣ ਨੂੰ ਮਿਲਦਾ ਹੈ। ਜਦੋਂ ਇਸ ਸੰਦਰਭ ਵਿਚ ਨਿਰਮਲੇ ਸੰਤਾਂ ਨਾਲ ਗੱਲ ਕੀਤੀ ਜਾਂਦੀ ਹੈ ਤਾਂ ਉਹ ਇਸ ਵਰਤਾਰੇ ਨੂੰ ਹਿੰਦੂ ਤੀਰਥਾਂ 'ਤੇ ਵਿਚਰਨ ਦਾ ਪ੍ਰਭਾਵ ਦਸਦੇ ਹਨ।

ਰਾਮ ਕੌਰ ਜੀ ਦੇ ਉਕਤ ਵਾਰਤਾਲਾਪ ਨੂੰ ਅੱਗੇ ਤੋਰਦਿਆਂ ਉਹ ਉਨ੍ਹਾਂ ਪਾਸ ਟਿਕੇ ਸਿੱਖਾਂ ਨੂੰ 'ਨਿਰਮਲ ਪੰਥ' ਦੇ ਸਾਧੂ ਬਣਨ ਵੱਲ ਪ੍ਰੇਰਦੇ ਹਨ। ਦਸਦੇ ਹਨ ਕਿ ਇਸ ਪੰਥ ਵਿਚ ਕੇਸਾਂ ਦੀ ਬੇਅਦਬੀ ਨਹੀਂ ਕੀਤੀ ਜਾਂਦੀ। ਮਾਸ, ਮਦਰਾ, ਤੰਬਾਕੂ ਆਦਿਕ ਚੀਜਾਂ ਜਿਸ ਦੀ ਖ਼ਾਲਸੇ ਨੂੰ ਮਨਾਹੀ ਹੈ, ਵਰਤੀ ਨਹੀਂ ਜਾਂਦੀ। ਸਰੀਰ ਨੂੰ ਕਸ਼ਟਦਾਇਕ ਜਪ-ਤਪ ਕਰਨ ਦੀ ਮਨਾਹੀ ਹੈ। ਸੰਨਿਆਸੀ ਧਰਮਾਂ ਵਿਚ ਗ੍ਰਹਿਸਥੀ ਨਹੀਂ ਹੋ ਸਕਦੇ, ਇਸ ਪੰਥ ਵਿਚ ਬ੍ਰਹਮਚਾਰਯ ਤੋਂ ਗ੍ਰਹਿਸਥੀ ਹੋ ਸਕਦੇ ਹੋ। ਸੰਨਿਆਸੀਆਂ ਵਾਂਗ ਸਰੀਰ ਦੇ ਕਿਸੇ ਅੰਗ ਜਾਂ ਰੂਪ ਨੂੰ ਨਹੀਂ ਵਿਗਾੜਦੇ।

ਸਾਹਿਬ ਰਾਮਕੁੰਵਰ ਜੀ ਕੋਲ ਸਤਿਸੰਗ ਚਲਦਾ ਰਹਿੰਦਾ ਸੀ ਅਤੇ ਸਿੱਖ ਰਾਮਕੁੰਵਰ ਜੀ ਨਾਲ ਵਿਚਾਰ-ਵਟਾਂਦਰਾ ਕਰਦੇ ਰਹਿੰਦੇ ਸਨ। ਉਸ ਸਮੇਂ ਸਿੱਖ ਸੰਗਤਾਂ ਇਨ੍ਹਾਂ ਤੋਂ ਹੀ ਧਾਰਮਿਕ ਅਗਵਾਈ ਪ੍ਰਾਪਤ ਕਰਦੀਆਂ ਸਨ। "ਸਤਿਗੁਰੂ ਜੀ ਦੇ ਸਾਰੇ ਹਜ਼ੂਰੀ ਸਿੱਖ ਸਤਿਗੁਰੂ ਜੀ ਦੇ ਉਪਦੇਸ਼ ਅਤੇ ਸਾਹਿਬ ਰਾਮਕੁੰਵਰ ਜੀ ਦੇ ਸਤਿਸੰਗ ਕਰਕੇ ਸੰਸਾਰ ਦੇ ਪਦਾਰਥਾਂ ਨੂੰ ਤੁਛ ਸਮਝਦੇ ਸਨ। ਕੋਈ ਡੇਰਾ, ਆਸ਼ਰਮ, ਮਠ ਕਾਇਮ ਕਰਨ ਦਾ ਇਨ੍ਹਾਂ ਮਹਾਂਪੁਰਖਾਂ ਨੇ ਕਦੀ ਸੰਕਲਪ ਹੀ ਨਹੀਂ ਕੀਤਾ ਸੀ। ਭ੍ਰਮਣ ਦੁਆਰਾ ਜਨ-ਸਾਧਾਰਣ ਨੂੰ ਗੁਰੂ ਨਾਨਕ ਦੇਵ ਜੀ ਦੀ ਚਰਨ/ਸ਼ਰਨ ਲਾਉਂਦੇ ਰਹੇ। ਧਰਮ ਪ੍ਰਚਾਰ, ਗੁਰਬਾਣੀ ਦਾ ਪ੍ਰਚਾਰ, ਅੰਮ੍ਰਿਤ ਦਾ ਸੰਚਾਰ, ਗੁਰਮੁਖੀ ਵਿਦਿਆ ਦਾ ਪ੍ਰਚਾਰ ਕਰਦੇ ਰਹੇ।"[63] ਇਸ ਤੋਂ ਬਾਅਦ ਨਿਰਮਲੇ ਸੰਤ ਆਪਣੇ ਨਿਤਾਪ੍ਰਤੀ ਫ਼ਰਜਾਂ ਵਿਚ ਰੁਚਿਤ ਹੋ ਗਏ।

ਨਿਰਮਲੇ ਸੰਤਾਂ ਦਾ ਰਹਿਣ-ਸਹਿਣ ਬਹੁਤ ਸਾਧਾਰਨ ਸੀ। ਇਹ ਆਮ ਜਨ-ਸਾਧਾਰਨ ਵਿਚ ਕੁਟੀਆ ਬਣਾ ਕੇ ਨਿਵਾਸ ਕਰਦੇ ਸਨ, ਪਹਿਰਾਵਾ ਸਾਦਾ ਅਤੇ ਜੀਵਨ ਸਦਾਚਾਰਕ ਸੀ। ਨਿਰਮਲ ਸੰਪ੍ਰਦਾਇ

---

[62] ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨਾ 1261.

[63] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 37.

ਦਾ ਮੁੱਖ ਮਨੋਰਥ ਗੁਰਮਤਿ ਪ੍ਰਚਾਰ ਅਤੇ ਵਿਦਿਆ ਦਾਨ ਕਰਨਾ ਸੀ ਇਸ ਲਈ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਲਈ ਸੰਤਾਂ ਨੇ ਵੱਖ-ਵੱਖ ਔਸ਼ਧੀਆਂ ਦੁਆਰਾ ਲੋਕਾਂ ਦੇ ਦੁੱਖਾਂ ਦਾ ਨਿਵਾਰਣ ਕਰਨਾ ਸ਼ੁਰੂ ਕੀਤਾ ਜਿਸਦੇ ਸਿੱਟੇ ਵਜੋਂ ਇਹ ਜਲਦੀ ਹੀ ਲੋਕਾਂ ਦੇ ਮਨਾਂ ਵਿਚ ਆਪਣਾ ਸਥਾਨ ਬਣਾਉਣ ਵਿਚ ਕਾਮਯਾਬ ਹੁੰਦੇ ਗਏ ਅਤੇ ਸਤਿਕਾਰ ਦੇ ਪਾਤਰ ਬਣ ਗਏ। ਨਿਰਮਲੇ ਸੰਤਾਂ ਦੀਆਂ ਲੋੜਾਂ ਬਹੁਤ ਸੀਮਿਤ ਸਨ। ਉਹ ਸੇਵਾ ਅਤੇ ਸ਼ਰਧਾ ਤੋਂ ਪ੍ਰਾਪਤ ਹੋਈ ਪੂੰਜੀ ਨਾਲ ਲੋੜਵੰਦਾਂ ਦੀ ਮਦਦ ਕਰਦੇ ਸਨ।

ਨਿਰਮਲੇ ਸੰਤਾਂ ਦੀ ਜੀਵਨਸ਼ੈਲੀ ਅਤੇ ਕਾਰਜਸ਼ੈਲੀ ਤੋਂ ਲੋਕ ਬਹੁਤ ਪ੍ਰਭਾਵਿਤ ਹੁੰਦੇ ਸਨ। ਇਹ ਸੰਤ ਗੁਰ-ਆਦੇਸ਼ ਦੇ ਪ੍ਰਚਾਰ-ਪ੍ਰਸਾਰ ਲਈ ਦਿਨ-ਰਾਤ ਸੇਵਾ ਵਿਚ ਲੱਗੇ ਰਹਿੰਦੇ। ਆਪਣਾ ਕੋਈ ਪੱਕਾ ਟਿਕਾਣਾ ਨਹੀਂ ਬਣਾਉਂਦੇ ਸਨ, ਭੋਜਨ ਲਈ ਵੀ ਗਜਾ ਕਰਕੇ ਆਪਣਾ ਪੇਟ ਭਰਦੇ ਸਨ।[64]

ਸਿੱਖ ਰਾਜ ਦੀ ਸਥਾਪਤੀ ਤੋਂ ਪਹਿਲਾਂ ਤੱਕ ਨਿਰਮਲੇ ਸੰਤ ਪੂਰੀ ਤਰ੍ਹਾਂ ਵਿਰਕਤ ਪ੍ਰਵਿਰਤੀ ਵਾਲੇ ਸਨ। ਕਿਸੇ ਵਸਤੂ ਦਾ ਮੋਹ ਨਹੀਂ ਸੀ। ਇਹ ਸੰਤ ਪਠਨ-ਪਾਠਨ ਵਿਚ ਹੀ ਰੁਚਿਤ ਸਨ। ਇਨ੍ਹਾਂ ਦੀ ਗਿਆਨ ਚਰਚਾ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਰਾਜੇ, ਮਹਾਰਾਜਿਆਂ, ਰਾਈਸਾਂ, ਸਿੱਖ ਮਿਸਲਾਂ ਦੇ ਸਰਦਾਰਾਂ ਤੇ ਧਰਮ ਚਿੰਤਕਾਂ ਨੇ ਇਨ੍ਹਾਂ ਨੂੰ ਨਕਦ ਰਾਸ਼ੀ ਤੇ ਜਮੀਨਾਂ ਦੇ ਪਟੇ ਦੇਣ ਦੀ ਪੇਸ਼ਕਸ਼ ਕੀਤੀ, ਜੋ ਸ਼ੁਰੂਆਤ ਵਿਚ ਇਹ ਨਾਮਨਜ਼ੂਰ ਕਰਦੇ ਰਹੇ ਭਾਵੇਂ ਬਾਅਦ ਵਿਚ ਇਨ੍ਹਾਂ ਨੇ ਇਸ ਤਰ੍ਹਾਂ ਦੀਆਂ ਪੇਸ਼ਕਸ਼ਾਂ ਨੂੰ ਪ੍ਰਵਾਨ ਵੀ ਕਰਨਾ ਸ਼ੁਰੂ ਕਰ ਦਿੱਤਾ।

ਇਸ ਸਮੇਂ ਨਿਰਮਲੇ ਸੰਤ ਤਿਆਗ ਅਤੇ ਵਿਰੱਕਤ ਵਿਰਤੀ ਦੇ ਧਾਰਨੀ ਸਨ, ਜੋ ਜਗੀਰਾਂ ਨੂੰ ਬੰਧਨ ਸਮਝਦੇ ਸਨ, ਜਿਵੇਂ:

1. ਪੰਡਿਤ ਲੱਖਾ ਸਿੰਘ ਨਿਰਮਲੇ ਨੂੰ ਸਰਦਾਰ ਅਮਰ ਸਿੰਘ ਬੁੱਘੇ ਨੇ ਪੁਰਾਣੇ ਪਰਗਨਾ ਸੁਜਾਨਪੁਰ ਦਾ ਪਟਾ 1764 ਈ. ਵਿਚ ਲਿਖ ਕੇ ਦਿੱਤਾ। ਪੰਡਿਤ ਜੀ ਨੇ ਨਹੀਂ ਲਿਆ।[65]

---

[64] ਭੋਜਨ ਜਹਾਂ ਮਿਲਤ ਤਹਿ ਪਾਤੇ।
ਯਾ ਮੰਧਕੜੀ ਮੰਗ ਕਰ ਖਾਤੇ।
ਰਾਜ ਸਿੰਘਨ ਕਾ ਹੋਯੋ ਜਬੈ।
ਰਹੇ ਜਾਗੀਰਾਂ ਦੈ ਸਿੰਘਨ ਸਬੈ।
ਕਿਸੇ ਨਿਰਮਲੇ ਲੀਨੀ ਨਾ ਹੈ।
ਜਾਨ ਪਰਵਿਰਤੀ ਦੁਖਦ ਮਹਾਂ ਹੈ। (ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨਾ 1258)

[65] ਰਾਏ ਜਸਬੀਰ ਸਿੰਘ, ਨਿਰਮਲ ਭੇਖ ਦਾ ਆਰੰਭ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 35.

2. ਸਰਦਾਰ ਗੁੱਜਰ ਸਿੰਘ ਗੁਜਰਾਤ ਵਾਲੇ ਨੇ ਸੰਤ ਸੂਬਾ ਸਿੰਘ ਨਿਰਮਲੇ ਨੂੰ ਪਰਗਨਾ (ਜਮੀਨ ਦਾ ਉਹ ਹਿੱਸਾ ਜਿਸ ਵਿਚ ਕਈ ਪਿੰਡ ਹੋਣ) ਮੀਰਪੁਰ ਦਾ ਧਰਮ ਅਰਥ ਦਿੱਤਾ ਪਰ ਸੰਤਾਂ ਨੇ ਬੰਧਨ ਰੂਪ ਜਾਣਕੇ ਨਾ ਲਿਆ।[66]

3. 1823 ਬਿ. (1766 ਈ.) ਵਿਚ ਸਰਦਾਰ ਸਦਾ ਸਿੰਘ ਬਹਿੜ ਵਾਲੀਏ ਨੇ ਸੰਤ ਭਗਤ ਸਿੰਘ ਪਾਸੋਂ ਮਹਾਭਾਰਤ ਦੀ ਕਥਾ ਸੁਣਕੇ ਪਟਾ 7 ਪਿੰਡਾਂ ਦਾ ਲਿਖ ਦਿੱਤਾ, ਪਰ ਸੰਤਾਂ ਕਬੂਲ ਨਾ ਕੀਤਾ।[67]

4. ਸਰਦਾਰ ਜੈ ਸਿੰਘ ਘਨਈਏ ਨੇ 1789 ਈ. ਵਿਚ ਸੰਤ ਦਰਗਾਹਾ ਸਿੰਘ ਜੀ ਦੇ ਡੇਰੇ ਨੂੰ 4 ਪਿੰਡਾਂ ਦਾ ਪਟਾ ਲਿਖ ਦਿੱਤਾ, ਪਰ ਸੰਤਾਂ ਨੇ ਨਾਮਨਜ਼ੂਰ ਕਰ ਦਿੱਤਾ।[68]

5. 1853 (1797 ਈ.) ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਜਪੁਜੀ ਸਾਹਿਬ ਦਾ ਸੰਸਕ੍ਰਿਤ ਵਿਚ ਟੀਕਾ ਕਰਨ ਵਾਲੇ ਪੰਡਿਤ ਨਿਹਾਲ ਸਿੰਘ ਜੀ ਨੂੰ ਸੰਤੋਖ ਦਾਸ ਦੇ ਅਖਾੜੇ ਦੇ ਬਰਾਬਰ ਦੀ ਜਗੀਰ ਦਾ ਪਟਾ ਲਿਖ ਕੇ ਦਿੱਤਾ, ਪਰ ਪੰਡਿਤ ਜੀ ਨੇ ਸਵੀਕਾਰ ਨਾ ਕੀਤਾ।[69]

6. ਇਕ ਵਾਰ ਮਹਾਰਾਜਾ ਰਣਜੀਤ ਸਿੰਘ ਜੀ ਠਾਕੁਰ ਬੱਲਾ ਸਿੰਘ ਜੀ ਦੇ ਦਰਸ਼ਨਾਂ ਨੂੰ ਆਏ। ਉਪਦੇਸ਼ ਸੁਣਕੇ ਪ੍ਰਸੰਨ ਹੋਣ ਉਪਰੰਤ ਕਾਫ਼ੀ ਜਗੀਰ ਸੰਤਾਂ ਨੂੰ ਭੇਟ ਕਰਨੀ ਚਾਹੀ, ਆਪ ਜੀ ਨੇ ਪ੍ਰਵਾਨ ਨਾ ਕੀਤੀ ਅਤੇ ਗੁਰਦੁਆਰਾ ਖਡੂਰ ਸਾਹਿਬ ਜੀ ਦੇ ਨਾਮ ਲਗਵਾ ਦਿੱਤੀ।[70]

ਉਕਤ ਤੋਂ ਇਲਾਵਾ ਵੀ ਇਤਿਹਾਸ ਵਿਚ ਨਿਰਮਲੇ ਸੰਤਾਂ ਵੱਲੋਂ ਜਗੀਰਾਂ ਪ੍ਰਵਾਨ ਨਾ ਕਰਨ ਦੇ ਅਨੇਕਾਂ ਪ੍ਰਮਾਣ ਮਿਲ ਜਾਂਦੇ ਹਨ। ਇਹ ਸੰਤਾਂ ਦਾ ਤਿਆਗ ਭਾਵ ਦਰਸਾਉਂਦੇ ਹਨ ਕਿ ਉਨ੍ਹਾਂ ਦਾ ਜੀਵਨ ਮਨੋਰਥ ਜਗੀਰਾਂ ਇਕੱਠੀਆਂ ਕਰਨਾ ਨਹੀਂ ਸੀ ਬਲਕਿ ਉਹ ਤਾਂ ਹਰ ਪ੍ਰਾਣੀ ਨੂੰ ਗੁਰੂ ਸਿਧਾਂਤਾਂ ਦਾ ਪਾਂਧੀ ਬਣਾਉਣਾ ਲੋਚਦੇ ਸਨ।

ਡੇਰਾ ਕਾਇਮ ਕਰਨ ਜਾਂ ਜਮੀਨਾਂ/ਜਗੀਰਾਂ ਮਿਲਣ ਤੋਂ ਨਿਰਮਲਿਆਂ ਦੀ ਪੁਰਾਤਨਤਾ ਦਾ ਅੰਦਾਜ਼ਾ ਲਾਇਆ ਜਾਵੇ ਤਾਂ ਉਹ 1710 ਈ. ਤੋਂ ਲਾਉਣਾ ਪਵੇਗਾ। ਨਿਰਮਲੇ ਪੂਰਨ ਤੌਰ ਤੇ ਵਿਵੇਕੀ ਸਨ ਇਸ ਲਈ

---

[66] ਗਿ. ਗੁਰਚਰਨ ਸਿੰਘ, ਕਰਮਜੀਤ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ ਸ਼ਾਖ ਬਰਨਾਲਾ*, ਪੰਨਾ 28.

[67] ਮਹੰਤ ਗਣੇਸ਼ਾ ਸਿੰਘ, *ਭਾਰਤ ਮਤ ਦਰਪਣ*, ਪੰਨਾ 191.

[68] ਰਾਏ ਜਸਬੀਰ ਸਿੰਘ, ਨਿਰਮਲ ਭੇਖ ਦਾ ਆਰੰਭ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 35.

[69] ਗਿ. ਗੁਰਚਰਨ ਸਿੰਘ, ਕਰਮਜੀਤ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ ਸ਼ਾਖ ਬਰਨਾਲਾ*, ਪੰਨਾ 28

[70] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 817

ਡੇਰੇ ਬਣਾਉਣੇ, ਜਾਇਦਾਦਾਂ ਇਕੱਠੀਆਂ ਕਰਨ ਨੂੰ ਨਾਮ ਅਭਿਆਸ ਵਿਚ ਬੰਧਨ ਸਮਝਦੇ ਸਨ। ਇਸੇ ਕਰਕੇ ਰਾਜਿਆਂ-ਮਹਾਰਾਜਿਆਂ ਵੱਲੋਂ ਭੇਟ ਕੀਤੇ ਪਟੇ, ਜਗੀਰਾਂ ਨਹੀਂ ਸੰਭਾਲਦੇ ਸਨ।

ਪੰ. ਗੁਲਾਬ ਸਿੰਘ ਦੇ "ਗੁਰੂ ਪੰਡਿਤ ਮਾਨ ਸਿੰਘ ਨੇ ਕੁਰਛੇਤ੍ਰ ਵਿਚ 1743 ਈ. ਨੂੰ ਧਰਮ ਅਰਥ ਜਮੀਨ, ਪਟੇ ਉੱਤੇ ਲਈ। ਸੰਨ 1752 ਈ. ਵਿਚ ਮਹਾਰਾਜਾ ਆਲਾ ਸਿੰਘ ਦੀ ਪੁੱਤਰੀ ਬੀਬੀ ਪ੍ਰਧਾਨ ਕੌਰ ਨੇ ਬਰਨਾਲੇ ਦੇ ਬਾਬਾ ਗਾਂਧਾ ਸਿੰਘ ਵਾਲੇ ਡੇਰੇ ਦੇ ਮਹੰਤ ਨਿੱਕਾ ਸਿੰਘ ਨੂੰ 30 ਪਿੰਡਾਂ ਦਾ ਪਟਾ ਲਿਖਕੇ ਦਿੱਤਾ।"[71] ਜਿਸ ਵਿਚੋਂ ਪੰਡਿਤ ਜੀ ਨੇ ਕੇਵਲ ਇਕ ਪਿੰਡ ਖੁੱਡੀ (ਜ਼ਿਲ੍ਹਾ ਸੰਗਰੂਰ) ਪ੍ਰਵਾਨ ਕੀਤਾ।[72]

ਇਨ੍ਹਾਂ ਪਟਿਆਂ ਤੋਂ ਐਨਾ ਜ਼ਰੂਰ ਪਤਾ ਲੱਗਦਾ ਹੈ ਕਿ ਨਿਰਮਲੇ ਸਾਧੂਆਂ ਨੂੰ ਸਿੱਖ ਮਿਸਲਾਂ ਦੇ ਸਮੇਂ ਜਗੀਰਾਂ ਦੀ ਪੇਸ਼ਕਸ਼ ਹੋਣ ਲੱਗ ਗਈ ਸੀ ਅਤੇ ਕਿਤੇ-ਕਿਤੇ ਇਨ੍ਹਾਂ ਨੇ ਜਗੀਰਾਂ ਪ੍ਰਵਾਨ ਕਰਕੇ ਡੇਰੇ ਬਣਾਉਣੇ ਅਰੰਭ ਵੀ ਕਰ ਦਿੱਤੇ ਸਨ।

ਨਿਰਮਲੇ ਸਾਧੂਆਂ ਨੂੰ ਮਿਲੇ ਪਟਿਆਂ ਤੋਂ ਪਤਾ ਲੱਗਦਾ ਹੈ ਕਿ ਨਿਰਮਲੇ ਵਿਰੱਕਤ ਸਿੱਖ ਸਨ, ਜਿਨ੍ਹਾਂ ਦੀ ਪੜ੍ਹਨ-ਪੜ੍ਹਾਉਣ ਤੋਂ ਬਿਨਾਂ ਹੋਰ ਸੰਸਾਰਿਕ ਵਿਹਾਰਾਂ ਵਿਚ ਰੁਚੀ ਨਹੀਂ ਸੀ। ਮੁਗਲ ਹਕੂਮਤ ਰਾਹੀਂ ਸਿੱਖਾਂ ਉੱਤੇ ਹੋ ਰਹੀਆਂ ਸਖ਼ਤੀਆਂ ਦੇ ਸਮੇਂ ਵਿਚ ਉਹ ਸੁਰੱਖਿਅਤ ਥਾਵਾਂ 'ਤੇ ਪੰਜਾਬ ਤੋਂ ਬਾਹਰ ਰਹਿੰਦੇ ਰਹੇ ਸਨ। ਇਨ੍ਹਾਂ ਨੇ ਪਹਿਲਾਂ ਕਨਖਲ ਵਿਚ ਡੇਰਾ ਅਤੇ ਫਿਰ ਹੋਰ ਸਥਾਨਾਂ 'ਤੇ ਆਪਣੇ ਟਿਕਾਣੇ ਬਣਾਉਣੇ ਅਰੰਭ ਕੀਤੇ। ਇਨ੍ਹਾਂ ਨੇ ਜੰਗਾਂ-ਯੁੱਧਾਂ ਵਿਚ ਭਾਗ ਲੈਣ ਦੀ ਥਾਂ ਆਪਣੇ ਆਪ ਨੂੰ ਪੜ੍ਹਨ-ਪੜ੍ਹਾਉਣ ਤੱਕ ਹੀ ਸੀਮਿਤ ਰੱਖਿਆ।

**ਅਖਾੜਿਆਂ/ਡੇਰਿਆਂ ਦੀ ਸਥਾਪਨਾ**

ਨਿਰਮਲ ਸੰਪ੍ਰਦਾਇ ਦੇ ਸਾਧੂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਵਿਦਿਆ ਦਾਨ ਦੇਣ ਵਿਚ ਰੁਚਿਤ ਹੋ ਗਏ ਸਨ ਜੋ ਗੁਰੂ ਸਾਹਿਬ ਦੇ ਪ੍ਰਲੋਕ ਗਮਨ ਤੋਂ ਬਾਅਦ ਹੌਲੀ-ਹੌਲੀ ਅਨੇਕਾਂ ਡੇਰਿਆਂ ਦੇ ਰੂਪ ਵਿਚ ਪੂਰੇ ਭਾਰਤ ਵਿਚ ਫੈਲ ਗਏ। ਨਿਰਮਲੇ ਸੰਤਾਂ ਨੂੰ ਦਸਵੇਂ ਪਾਤਸ਼ਾਹ ਦੀ ਪ੍ਰੇਰਣਾ ਅਨੁਸਾਰ ਗੁਰਮਤਿ ਵਿਦਿਆ ਦੇ ਪ੍ਰਚਾਰ-ਪ੍ਰਸਾਰ ਦਾ ਅਸ਼ੀਰਵਾਦ ਪ੍ਰਾਪਤ ਹੋ ਚੁੱਕਾ ਸੀ ਇਸ ਲਈ ਕੁੰਭ ਮੇਲਿਆਂ ਉੱਤੇ ਇਹ ਗੁਰਮਤਿ ਪ੍ਰਚਾਰ ਵਿਚ ਲੱਗੇ ਰਹਿੰਦੇ ਸਨ। ਇਸ ਕੰਮ ਦੀ ਸਿੱਧੀ ਵਾਸਤੇ ਨਿਰਮਲੇ ਵਿਦਵਾਨਾਂ ਨੇ ਡੇਰਾ

---

[71] ਰਾਏ ਜਸਬੀਰ ਸਿੰਘ, ਨਿਰਮਲ ਭੇਖ ਦਾ ਆਰੰਭ, ਪ੍ਰੀਤਮ ਸਿੰਘ (ਸੰਪਾ.) *ਨਿਰਮਲ ਸੰਪ੍ਰਦਾਇ*, ਪੰਨਾ 35

[72] ਗਿ. ਗਿਆਨ ਸਿੰਘ, *ਨਿਰਮਲ ਪੰਥ ਪ੍ਰਦੀਪਕਾ*, ਪੰਨਾ 68.

ਬਾਬਾ ਦਰਗਾਹਾ ਸਿੰਘ ਦੁਆਰਾ ਕਨਖਲ ਵਿਖੇ ਸਥਾਪਿਤ ਕੀਤੇ ਡੇਰੇ ਨੂੰ ਚੁਣਿਆ। ਇਹ ਸੰਤ ਹਿੰਦੂ ਤੀਰਥਾਂ ਉੱਤੇ ਪੰਡਾਲ ਲਗਾ ਕੇ ਧਰਮ ਪ੍ਰਚਾਰ ਕਰਦੇ। ਇਨ੍ਹਾਂ ਦਿਨਾਂ ਵਿਚ ਨਿਮਨ ਲਿਖਤ ਵਿਦਵਾਨ ਵੀ ਗੁਰਮਤਿ ਵਿਚਾਰ ਪ੍ਰਦਾਨ ਕਰਨ ਵਿਚ ਭਾਗ ਲੈਂਦੇ ਸਨ:

1. ਪੰਡਿਤ ਗੁਲਾਬ ਸਿੰਘ ਜੀ, ਕਰਤਾ ਮੋਕਸ਼ ਪੰਥ।
2. ਪੰਡਿਤ ਨਿਹਾਲ ਸਿੰਘ ਜੀ, ਟੀਕਾਕਾਰ ਜਪੁਜੀ ਗੂਢਾਰਥ ਦੀਪਿਕਾ (ਸੰਸਕ੍ਰਿਤ)।
3. ਪੰਡਿਤ ਸੁਚੇਤ ਸਿੰਘ ਜੀ।
4. ਪੰਡਿਤ ਕੌਰ ਸਿੰਘ ਜੀ, ਕਰਤਾ ਗੁਰੂ ਕੌਮਦੀ (ਸੰਸਕ੍ਰਿਤ)।
5. ਪੰਡਿਤ ਮਾਨ ਸਿੰਘ ਜੀ, ਕੁਬੇਰ।
6. ਪੰਡਿਤ ਨਿੱਕਾ ਸਿੰਘ ਜੀ, ਬਰਨਾਲਾ।
7. ਪੰਡਿਤ ਸਦਾ ਸਿੰਘ ਜੀ, ਚੇਤਨ ਮੱਠ, ਕਾਸ਼ੀ, ਕਰਤਾ ਅਦ੍ਵੈਤ ਸਿਧਕੀ ਸੁੰਗਮਸਾਰ ਚੰਦਰਕਾ।
8. ਠਾਕੁਰ ਦਿਆਲ ਸਿੰਘ ਜੀ, ਅੰਮ੍ਰਿਤਸਰ।
9. ਸੰਤ ਥਰਾਜ ਸਿੰਘ ਜੀ, ਸੇਖਵਾਂ।
10. ਮਹਾਰਾਜ ਰੋਚਾ ਸਿੰਘ ਜੀ, ਮਾਂਗਟ, ਆਦਿ।

1819 ਈ. ਵਿਚ ਇਕ ਬਹੁਤ ਦੁਖਦਾਈ ਘਟਨਾ ਵਾਪਰੀ, ਇਸ ਸਾਲ ਹਰਿਦੁਆਰ ਦੇ ਕੁੰਭ ਉੱਤੇ ਨਿਰਮਲੇ ਮਹਾਂਪੁਰਖ ਵੱਡੀ ਗਿਣਤੀ ਵਿਚ ਆਏ ਹੋਏ ਸਨ ਜਿਨ੍ਹਾਂ ਨੇ ਇਸ ਸਮੇਂ ਪਹਿਲੀ ਵਾਰ ਗੁਰੂ ਸਾਹਿਬ ਦਾ ਕੇਸਰੀ ਨਿਸ਼ਾਨ ਪਹਿਲੀ ਵਾਰ ਖੜ੍ਹਾ ਕੀਤਾ ਸੀ। ਇਸ ਸਮੇਂ ਕਾਫ਼ੀ ਗੁਰਮਤਿ ਪ੍ਰੇਮੀ ਸਿੱਖ ਸਰਦਾਰ ਵੀ ਇਥੇ ਪਹੁੰਚੇ ਹੋਏ ਸਨ ਜਿਨ੍ਹਾਂ ਵਿਚ ਸਰਦਾਰ ਭੂਪ ਸਿੰਘ, ਜੋਧ ਸਿੰਘ ਕਲਸੀਆ, ਮਹਾਰਾਜਾ ਪਟਿਆਲਾ, ਸਰਦਾਰ ਬਘੇਲ ਸਿੰਘ ਆਦਿ ਸ਼ਾਮਲ ਸਨ। ਕਨਖਲ ਵਿਚ ਸੰਨਿਆਸੀਆਂ ਦਾ ਇਕ ਮੰਦਿਰ ਦਕਸ਼ ਪਰਜਾਪਤੀ ਹੈ। ਖਟ ਦਰਸ਼ਨ ਸਮਾਜ ਇਸ ਮੰਦਿਰ ਦੇ ਦਰਸ਼ਨਾਂ ਲਈ ਜਾਂਦਾ ਹੈ। ਇਕ ਵਾਰ ਉਦਾਸੀ ਸੰਤ ਇਸ ਮੰਦਿਰ ਦੇ ਦਰਸ਼ਨਾਂ ਨੂੰ ਗਏ ਅਤੇ ਇਨ੍ਹਾਂ ਦੀ ਸੰਨਿਆਸੀਆਂ ਨਾਲ ਝੜਪ ਹੋ ਗਈ। ਸੰਨਿਆਸੀਆਂ ਨੇ ਮੰਦਿਰ ਦੇ ਨੇੜੇ ਵਾਲੀ ਉਦਾਸੀ ਅਖਾੜੇ ਦੀ ਛਾਉਣੀ ਨੂੰ ਅੱਗ ਲਗਾ ਕੇ ਫੂਕ ਦਿੱਤਾ। ਅਟੱਲ ਅਖਾੜੇ ਦੇ ਮਹੰਤ, ਭੈਰੋਂਗਿਰੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਤੇ ਤਲਵਾਰ ਨਾਲ ਵਾਰ ਕੀਤਾ। ਗੁਰੂ ਸਾਹਿਬ ਦੀ ਇਹ ਬੇਅਦਬੀ ਗੁਰਸਿੱਖਾਂ ਲਈ ਅਸਹਿ ਸੀ। "ਗੁਰੂ ਗ੍ਰੰਥ ਸਾਹਿਬ ਜੀ ਕੀ ਬੇਅਦਬੀ ਸੁਣ ਕੇ ਸਬ ਨੇ ਪਟਯਾਲੇ ਵਾਲੇ ਕੇ ਸਾਥ ਹੋ ਕਰ ਸੱਨਯਾਸੀਆਂ ਕੋ ਜ਼ਖਮੀ ਕਤਲ ਕਰਕੇ ਨਠਾਇ ਦਿੱਤਾ। ਛਾਵਨੀ ਉਨ ਕੀ ਜੋ ਦੱਖਸ਼

ਪਰਜਾਪਤਿ ਕੇ ਪਾਸ ਥੀ, ਲੂਟ ਕਰ ਜਲਾ ਦਈ। ਕਿਲ੍ਹੇ, ਹਵੇਲੀਆਂ, ਮਕਾਨ ਜੋ ਅੰਬਲੀ ਕਸਬੇ ਕੇ ਪਾਸ ਥੇ, ਲੂਟ ਕਟ ਕਰ ਤੋੜ ਫੋੜ ਦੀਏ। ਔਰ ਜੋ ਹਰ ਏਕ ਯਾਤਰੂ ਸੇਂ ਸਵਾ ਰੁਪਈਆ ਮੁੰਡ ਕਾ ਸੱਨਯਾਸੀ ਲੇਤੇ ਥੇ ਉਸ ਵਕਤ ਸੇਂ ਉਹ ਭੀ ਛੁਡਾ ਦੀਆਂ।"[73] ਇਸ ਨਾਲ ਪ੍ਰੇਮ ਦੀ ਥਾਂ ਇਕ ਦੂਜੇ ਨਾਲ ਨਫ਼ਰਤ ਤੇ ਈਰਖਾ ਵਧ ਗਈ। ਇਸ ਘਟਨਾ ਬਾਰੇ ਗਿਆਨੀ ਗਿਆਨ ਸਿੰਘ ਨੇ *ਪੰਥ ਪ੍ਰਕਾਸ਼* ਵਿਚ ਵੀ ਇਸ਼ਾਰਾ ਕੀਤਾ ਹੈ:[74]

ਸ੍ਰੀ ਨਰੇਦਰ ਸਿੰਘ ਪਟਲੇਸੈਂ। ਸਰੂਪ ਸਿੰਘ ਪਤ ਜੀਂਦ ਬਸੇਸੈਂ।
ਨਾਭੇਸ੍ਵਰ ਭਰਭੂਰ ਮ੍ਰਿਗੇਂਦ੍ਰ। ਤੀਨੋ ਧਰਮੀ ਮਿਲੇ ਮਹੇਂਦ੍ਰ।
ਸੁਨਿਓ ਉਨੋ ਨੇ ਸਾਧੁ ਉਦਾਸੀ। ਤੀਰਥਨ ਪਰ ਸਿੱਖਨ ਸੈ ਹਾਸੀ।
ਕੈਂਚੀ ਦਿਖਰਾ ਐਸੇ ਕੈਹੈ। ਰੋਟੀ ਤਬ ਦਿਹ ਚੋਟੀ ਲੈਹੈ।
ਬੇ ਸਿਦ ਕੇ ਭਖੇ ਸਿਖ ਏਸ। ਧਰਮ ਛੋਡ ਕਵਾਏ ਕੇਸ।
ਜੇ ਤੀਰਥੋਂ ਪਰ ਐਸੇ ਰੈਹੈ। ਸਿੰਘਨ ਤਈ ਉਦਾਸੀ ਖੈਹੈ।

ਆਪਣੇ ਉਦੇਸ਼ ਦੀ ਪੂਰਤੀ ਹਿਤ "ਪਹਿਲੇ ਸਮੇਂ ਤੋਂ ਹੀ ਨਿਰਮਲੇ ਸਾਧੂ ਇਹਨਾਂ ਤੀਰਥਾਂ ਤੇ ਕੁੰਭ ਆਦਿ ਪਰਵਾਂ ਸਮੇਂ ਕਦੀ ਇਕੱਲਾ-ਦੁਕੱਲਾ ਕਦੀ ਦਸ-ਵੀਹ ਸਾਧੂਆਂ ਦੀ ਮੰਡਲੀ ਦੇ ਰੂਪ ਵਿਚ ਪਹੁੰਚ ਕੇ ਗੁਰਮਤਿ ਪ੍ਰਚਾਰ ਕਰਿਆ ਕਰਦੇ ਸਨ ਪ੍ਰੰਤੂ ਅਤਿ ਤਿਆਗੀ, ਵੈਰਾਗੀ, ਵਿਰਕਤ ਸੁਭਾਅ ਵਾਲੇ ਹੋਣ ਕਰਕੇ ਲੰਗਰ ਆਪਣਾ ਨਹੀਂ ਸਨ ਬਣਾਉਂਦੇ, ਪੱਕੇ-ਪਕਾਇ ਭੋਜਨ ਲੋਕ ਦੇ ਜਾਂਦੇ, ਅਥਵਾ ਭਿਕਸ਼ਾ ਕਰਕੇ ਭਜਨ, ਸਤਿਸੰਗ, ਕਥਾ-ਕੀਰਤਨ ਵਿਚ ਮਸਤ ਰਹਿੰਦੇ ਸਨ।"[75] ਸਮੇਂ ਦੇ ਲਿਹਾਜ ਨਾਲ ਉਕਤ ਤੀਰਥ ਸਥਾਨਾਂ 'ਤੇ ਮਨਾਏ ਜਾਂਦੇ ਪਰਵਾਂ ਉੱਪਰ ਨਿਰਮਲੇ ਸੰਤ ਆਪਣੇ ਪੂਰੇ ਦਲਾਂ ਸਹਿਤ ਗੁਰਮਤਿ ਪ੍ਰਚਾਰ ਲਈ ਪਹੁੰਚਦੇ। ਇਸ ਤਰ੍ਹਾਂ ਕੁੰਭ ਤੇ ਅਰਧ-ਕੁੰਭੀ ਉਤੇ ਇਕੱਤ੍ਰਤਾ ਹੁੰਦੀਆਂ ਰਹੀਆਂ ਪ੍ਰੰਤੂ ਨਿਰਮਲੇ ਸੰਤਾਂ ਦਾ ਕੋਈ ਪੱਕਾ ਸੰਗਠਨ ਤੇ ਅਸਥਾਨ ਨਾ ਦੇ ਬਰਾਬਰ ਸੀ।

ਤੀਰਥਾਂ ਉਪਰ ਰਿਹਾਇਸ਼ੀ ਸਥਾਨ, ਆਪਣੇ ਟਿਕਾਣੇ ਜਾਂ ਲੰਗਰ ਨਾ ਹੋਣ ਕਾਰਨ ਕਈ ਵਾਰ ਨਿਰਮਲੇ ਸੰਤਾਂ ਨੂੰ ਦੂਜੇ ਭੇਖਾਂ ਵੱਲੋਂ ਅਪਮਾਨਿਤ ਵੀ ਹੋਣਾ ਪਿਆ। "ਇਸ ਕਠਿਨਾਈ ਨੂੰ ਮੁੱਖ ਰੱਖ ਕੇ 1789

---

73 ਗਿ. ਗਿਆਨ ਸਿੰਘ, *ਨਿਰਮਲ ਪੰਥ ਪ੍ਰਦੀਪਕਾ*, ਪੰਨਾ 72.

74 ਉਹੀ, *ਪੰਥ ਪ੍ਰਕਾਸ*, ਪੰਨਾ 1261.

75 ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ, ਕਾਸ਼ੀ, ਸ੍ਰੀ ਪੰਚਾਇਤੀ ਅਖਾੜਾ ਨਿਰਮਲਾ: ਸਥਾਪਨਾ ਤੋਂ ਪੂਰਵ-ਵਰਤੀ ਹਾਲਾਤ ਅਤੇ ਸਥਾਪਨਾ, ਡਾ. ਕੁਲਵਿੰਦਰ ਸਿੰਘ (ਸੰਪਾ.), *ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ*, ਪੰਨਾ 67.

ਈ. ਵਿਚ ਪਹਿਲੀ ਵਾਰ ਨਿਰਮਲਿਆਂ ਨੇ ਆਪਣਾ ਲੰਗਰ ਜਾਰੀ ਕੀਤਾ। ਜਿਸ ਨਾਲ ਉਨ੍ਹਾਂ ਦੇ ਦੀਵਾਨਾਂ ਵਿਚ ਸ੍ਰੋਤਿਆਂ ਦੀ ਗਿਣਤੀ ਕਾਫ਼ੀ ਵਧ ਗਈ ਤੇ ਪ੍ਰਚਾਰ ਦਾ ਕੰਮ ਹੋਰ ਵੀ ਸੁਖਾਲਾ ਹੋ ਗਿਆ। ਸੰਨ 1810, 1831, 1843 ਅਤੇ 1855 ਈ. ਵਿਚ ਹਰਿਦੁਆਰ ਵਿਚ ਕੁੰਭ ਦੇ ਮੇਲੇ ਹੋਏ। 1831 ਈ. ਵਿਚ ਪਹਿਲੀ ਵਾਰੀ ਨਿਰਮਲਿਆਂ ਨੇ ਗੁਰੂ ਗੋਬਿੰਦ ਸਿੰਘ ਦਾ ਨਿਸ਼ਾਨ ਸਾਹਿਬ ਮੇਲੇ ਵਿਚ ਖੜ੍ਹਾ ਕੀਤਾ। ਇਸ ਨੂੰ ਉਹ 'ਧਰਮ ਧਜਾ' (ਅੱਜ-ਕੱਲ ਸ਼ਾਹੀ) ਕਹਿੰਦੇ ਹਨ।"[76] ਨਿਰਮਲ ਸੰਪ੍ਰਦਾਇ ਨੇ ਬਾਕੀ ਭੇਖਾਂ ਵਾਂਗ ਇਸ 'ਸ਼ਾਹੀ' ਨੂੰ ਪਰੰਪਰਾਗਤ ਰੂਪ ਵਿਚ ਅਪਣਾ ਲਿਆ। ਉਸ ਤੋਂ ਬਾਅਦ ਨਿਰਮਲੇ ਸੰਪ੍ਰਦਾਇ ਅੱਜ ਤੱਕ ਹਰ ਤੀਰਥ 'ਤੇ ਬਹੁਤ ਸਤਿਕਾਰ ਨਾਲ ਸ਼ਾਹੀ ਪ੍ਰਵੇਸ਼ ਕਰਾਉਂਦੀ ਹੋਈ ਆਪਣੀ ਹਾਜ਼ਰੀ ਭਰਦੀ ਹੈ।

ਤੀਰਥਾਂ 'ਤੇ ਦੂਜੇ ਭੇਖਾਂ ਵੱਲੋਂ ਅਨਿਆਇ ਭਰਿਆ ਵਤੀਰਾ ਨਿਰਮਲੇ ਮਹਾਂਪੁਰਖ ਸਹਿਣ ਨਾ ਕਰ ਸਕੇ। ਦੂਜੇ ਭੇਖਾਂ ਵੱਲੋਂ ਅਪਮਾਨਤ ਹੋਣ ਦੀ ਬਜਾਏ ਸੰਤਾਂ ਨੇ ਹੁਣ ਭਵਿੱਖ ਦੀਆਂ ਸਮੱਸਿਆਵਾਂ ਦੇ ਹੱਲ ਲਈ ਆਪਣਾ ਯੋਗ ਆਗੂ ਚੁਣਨ ਦਾ ਉਪਰਾਲਾ ਕੀਤਾ, ਜਿਸ ਨੂੰ 'ਸ੍ਰੀ ਮਹੰਤ' ਕਿਹਾ ਜਾਂਦਾ ਹੈ। "1855 ਈ. ਦੇ ਵਿਚ ਕੁੰਭ ਦੇ ਮੇਲੇ 'ਤੇ ਬੁਲਾਈ ਗਈ ਮਹਾਂਸਭਾ ਵਿਚ ਇਹ ਮਹੰਤ ਅਤੇ ਵਿਦਵਾਨ ਸ਼ਾਮਲ ਹੋਏ:[77]

1. ਵਿਰਕਤ ਸ਼੍ਰੋਮਣੀ ਬਾਬਾ ਮਹਿਤਾਬ ਸਿੰਘ ਜੀ ਰਿਖੀ ਕੇਸ਼।
2. ਸੰਤ ਧਿਆਨ ਸਿੰਘ ਜੀ, ਰਿਖੀ ਕੇਸ਼ ਝਾੜੀ।
3. ਸੰਤ ਗੁਲਾਬ ਸਿੰਘ ਜੀ।
4. ਸੰਤ ਸਾਹਿਬ ਸਿੰਘ ਵਿਰਕਤ।
5. ਮਹੰਤ ਗਾਂਧਾ ਸਿੰਘ ਜੀ ਬਰਨਾਲਾ।
6. ਮਹੰਤ ਰਾਮ ਸਿੰਘ ਜੀ ਕੁਬੇਰ।
7. ਮਹੰਤ ਗੁਲਾਬ ਸਿੰਘ ਜੀ ਨਿਹਾਲੇ ਵਾਲਾ।
8. ਮਹੰਤ ਗੁਲਾਬ ਸਿੰਘ ਬੇਰ।
9. ਠਾਕੁਰ ਗੁਰਦਿਆਲ ਸਿੰਘ ਗੰਧੀਆਂ।
10. ਠਾਕੁਰ ਦਿਆਲ ਸਿੰਘ ਜੀ ਅੰਮ੍ਰਿਤਸਰ।

---

[76] ਦਰਸ਼ਨ ਸਿੰਘ, ਨਿਰਮਲੇ ਪ੍ਰਚਾਰ ਕਿਵੇਂ ਕਰਦੇ ਸਨ?, ਪ੍ਰੀਤਮ ਸਿੰਘ (ਸੰਪਾ.) *ਨਿਰਮਲ ਸੰਪ੍ਰਦਾਇ*, ਪੰਨਾ 456.

[77] ਬਲਵੀਰ ਸਿੰਘ ਵਿਯੋਗੀ, ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦਾ ਸਿਰਜਨ ਤੇ ਉਦੇਸ਼, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 44.

ਇਨ੍ਹਾਂ ਪ੍ਰਮੁੱਖ ਸ਼ਖਸੀਅਤਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਪ੍ਰਮੁੱਖ ਸਾਧੂ ਇਸ ਸਭਾ ਵਿਚ ਮੌਜੂਦ ਸਨ ਜਿਨ੍ਹਾਂ ਦੀ ਗਿਣਤੀ 60-70 ਤੋਂ ਵਧੇਰੇ ਦੱਸੀ ਜਾਂਦੀ ਹੈ। ਇਸ ਸਭਾ ਵਿਚ ਇਨ੍ਹਾਂ ਦੁਆਰਾ ਬਾਬਾ ਮਹਿਤਾਬ ਸਿੰਘ ਜੀ ਨਿਰਮਲ ਸੰਪ੍ਰਦਾਇ ਦੇ ਪਹਿਲੇ ਮੋਢੀ ਸੰਤ (ਸ੍ਰੀ ਮਹੰਤ) ਥਾਪੇ ਗਏ। ਇਨ੍ਹਾਂ ਨੂੰ "ਨਿਰਮਲ ਪੰਥ ਵੱਲੋਂ 'ਸ੍ਰੀ ਮਹੰਤ' ਦੀ ਪੱਗ ਦਿੱਤੀ ਗਈ। ਸਾਰੇ ਸੰਤਾਂ, ਮਹੰਤਾਂ, ਵਿਦਵਾਨਾਂ, ਵਿਰਕਤਾਂ ਨੇ ਸ੍ਰੀ ਮਹੰਤ ਜੀ ਨੂੰ ਨਮਸ਼ਕਾਰਾਂ ਕੀਤੀਆਂ ਅਤੇ ਪੂਜਾ ਕੀਤੀ। ਅਖਾੜੇ ਦਾ ਨਾਉਂ 'ਸ੍ਰੀ ਨਿਰਮਲ ਪੰਚਾਇਤੀ ਅਖਾੜਾ' ਰੱਖਿਆ ਗਿਆ।"[78] ਬਾਬਾ ਮਹਿਤਾਬ ਸਿੰਘ ਜੀ ਦੇ ਸ੍ਰੀ ਮਹੰਤ ਥਾਪੇ ਜਾਣ ਤੋਂ ਬਾਅਦ ਨਿਰਮਲ ਸੰਪ੍ਰਦਾਇ ਸੰਸਥਾਗਤ ਰੂਪ ਵਿਚ ਸੰਗਠਿਤ ਹੋ ਕੇ ਆਪਣੇ ਕਾਰਜਾਂ ਵਿਚ ਰੁਚਿਤ ਹੋ ਗਈ।

ਨਿਰਮਲ ਸੰਪ੍ਰਦਾਇ ਦੇ ਇਤਿਹਾਸ ਨੂੰ ਪੜ੍ਹਦਿਆਂ ਸਾਨੂੰ ਅਖਾੜੇ ਦੇ ਨਿਮਨ ਤਿੰਨ ਨਾਮ ਪੜ੍ਹਨ ਨੂੰ ਮਿਲਦੇ ਹਨ। ਪ੍ਰੰਤੂ ਅਖਾੜੇ ਦੇ ਨਾਵਾਂ ਦੀ ਭਿੰਨਤਾ ਇਸ ਦੇ ਸਰੂਪ ਅਤੇ ਕਾਰਜ ਖੇਤਰ ਨੂੰ ਪ੍ਰਭਾਵਿਤ ਨਹੀਂ ਕਰਦੀ ਪਰ ਫਿਰ ਵੀ ਜਿਹੜੇ ਪ੍ਰਚਲਿਤ ਨਾਂ ਮਿਲਦੇ ਹਨ ਉਹ ਇਸ ਤਰ੍ਹਾਂ ਹਨ: [79]

1. 'ਸ੍ਰੀ ਪੰਚਾਇਤੀ ਅਖਾੜਾ ਨਿਰਮਲਾ' (ਮੁੱਢਲਾ ਨਾਮ)
2. 'ਸ੍ਰੀ ਨਿਰਮਲਾ ਪੰਚਾਇਤੀ ਅਖਾੜਾ'
3. 'ਸ੍ਰੀ ਪੰਚਾਇਤੀ ਅਖਾੜਾ ਨਿਰਮਲ' (ਮੌਜੂਦਾ)

ਵਰਣਨਯੋਗ ਹੈ ਕਿ ਇੱਥੋਂ ਹੀ ਨਿਰਮਲ ਸੰਪ੍ਰਦਾਇ ਦੇ ਅਖਾੜੇ ਦਾ ਮੁੱਢ ਬੱਝਿਆ। ਇਸ ਨਾਲ ਨਿਰਮਲ ਸੰਪ੍ਰਦਾਇ ਦੇ ਅਲੱਗ-ਅਲੱਗ ਥਾਵਾਂ 'ਤੇ ਭ੍ਰਮਣ ਕਰਦੇ ਸੰਤਾਂ ਨੂੰ ਇਕ ਸੰਗਠਨ ਦਾ ਰੂਪ ਮਿਲ ਗਿਆ ਜਿਸ ਨਾਲ ਉਨ੍ਹਾਂ ਨੂੰ ਆਪਣੇ ਮਨੋਰਥ ਦੀ ਪੂਰਤੀ ਹਿਤ ਹੋਰ ਵੀ ਉਤਸ਼ਾਹ ਨਾਲ ਕੰਮ ਕਰਨ ਲਈ ਬਲ ਮਿਲਿਆ। ਨਿਰਮਲਾ ਇਤਿਹਾਸ ਦੇ ਪੰਨਿਆਂ 'ਤੇ ਜਿਹੜੇ ਸ੍ਰੀ ਮਹੰਤ ਸਾਹਿਬਾਨ ਦਾ ਜ਼ਿਕਰ ਦੇਖਣ ਨੂੰ ਮਿਲਦਾ ਹੈ, ਇੱਥੇ ਉਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਾਂ:

### ਸ੍ਰੀ ਮਹੰਤ ਬਾਬਾ ਮਹਿਤਾਬ ਸਿੰਘ ਜੀ

ਇਹ ਨਿਰਮਲ ਸੰਪ੍ਰਦਾਇ ਦੇ ਪਹਿਲੇ ਸ੍ਰੀ ਮਹੰਤ ਸਾਹਿਬ ਸਨ। ਪਿੰਡ ਲੇਹਲ ਵੱਡੀ (ਜ਼ਿਲ੍ਹਾ ਸੰਗਰੂਰ) ਵਿਖੇ 1821 ਈ. ਵਿਚ ਇਨ੍ਹਾਂ ਦਾ ਜਨਮ ਹੋਇਆ। ਸੱਤ ਸਾਲ ਦੀ ਉਮਰ ਵਿਚ ਵਿਦਿਆ ਗ੍ਰਹਿਣ

---

[78] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 186.

[79] ਮਹੰਤ ਕਮਲਜੀਤ ਸਿੰਘ ਸ਼ਾਸ਼ਤ੍ਰੀ, *ਨਿੱਜੀ ਮੁਲਾਕਾਤ*, ਮਿਤੀ 02 ਅਕਤੂਬਰ 2019 ਵਿਚੋਂ.

ਕਰਨੀ ਸ਼ੁਰੂ ਕੀਤੀ ਅਤੇ ਛੇਤੀ ਹੀ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਬਣ ਗਏ। ਬਾਣੀ ਪੜ੍ਹਨ ਦਾ ਅਜਿਹਾ ਪ੍ਰੇਮ ਲੱਗਿਆ ਕਿ ਹਰ ਸਮੇਂ ਪਾਠ ਹੀ ਕਰਦੇ ਰਹਿੰਦੇ। ਇਸੇ ਅਵਸਥਾ ਵਿਚ ਤੀਰਥਾਂ ਦਾ ਭ੍ਰਮਣ ਕਰਦੇ ਹੋਏ ਰਿਸ਼ੀਕੇਸ਼ ਪੁੱਜੇ ਤੇ ਸੰਤ ਧਰਮ ਸਿੰਘ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਚਰਨਾਂ ਵਿਚ ਟਿਕ ਗਏ। ਗੁਰਬਾਣੀ, ਨਾਮ-ਸਿਮਰਨ ਅਤੇ ਗੁਣ-ਗਿਆਨ ਕਾਰਨ ਇਨ੍ਹਾਂ ਦਾ ਪ੍ਰਭਾਵ ਤਪ-ਤੇਜ ਸਾਰੇ ਪਾਸੇ ਫੈਲ ਗਿਆ। ਨਿਰਮਲ਼ ਭੇਖ, ਸਾਧੂ ਸਮਾਜ ਅਤੇ ਰਾਜੇ-ਮਹਾਰਾਜੇ ਇਨ੍ਹਾਂ ਦੀ ਹਾਜ਼ਰੀ ਭਰਦੇ ਸਨ।

ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾ ਨੇ 1852 ਈ. ਵਿਚ ਬੱਦਰੀ ਨਰਾਇਣ ਦੀ ਯਾਤਰਾ ਸਮੇਂ ਪਹਿਲੀ ਵਾਰ ਇਨ੍ਹਾਂ ਦੇ ਦਰਸ਼ਨ ਕੀਤੇ ਸਨ। ਉਸ ਤੋਂ ਬਾਅਦ ਹੀ ਇਨ੍ਹਾਂ ਦੇ ਮਨ ਵਿਚ ਬਾਬਾ ਜੀ ਪ੍ਰਤੀ ਬਹੁਤ ਸਤਿਕਾਰ ਪੈਦਾ ਹੋ ਗਿਆ ਸੀ।

ਬੇਦਾਗ ਅਤੇ ਸਰਬ ਪ੍ਰਵਾਨਿਤ ਸ਼ਖਸੀਅਤ ਕਾਰਨ ਇਨ੍ਹਾਂ ਨੂੰ ਨਿਰਮਲ ਸੰਪ੍ਰਦਾਇ ਦੀ ਅਗਵਾਈ ਕਰਨ ਦੀ ਸੇਵਾ ਮਿਲੀ। ਇਸ ਸੰਪ੍ਰਦਾਇ ਦੇ ਕਾਰਜਾਂ ਤਹਿਤ ਇਨ੍ਹਾਂ ਦੀ ਅਗਵਾਈ ਹੇਠ "1856 ਈ. ਵਿਚ ਫ਼ਲਗੂ ਦਾ ਮੇਲਾ ਮਨਾਇਆ ਗਿਆ। 1857 ਈ. ਵਿਚ ਪ੍ਰਯਾਗ ਕੁੰਭ ਤੇ ਛਾਉਣੀ ਲਾਈ, ਧਰਮ-ਧੁਜਾ (ਕੇਸਰੀ ਨਿਸ਼ਾਨ) ਖੜ੍ਹੀ ਕੀਤੀ ਗਈ। ਅਖੰਡਪਾਠ ਅਰੰਭ ਕੀਤੇ ਗਏ, ਕਥਾ ਕੀਰਤਨ ਦਾ ਪ੍ਰਵਾਹ ਚੱਲਿਆ, ਖੁੱਲ੍ਹਾ ਲੰਗਰ ਵਰਤਨ ਲੱਗਿਆ। ਸਜ-ਧਜ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਕੇਸਰੀ ਨਿਸ਼ਾਨ ਥੱਲੇ ਸ਼ੋਭਾ ਯਾਤਰਾ (ਸ਼ਾਹੀ) ਕੱਢੀ ਗਈ। ਮਹੰਤ ਬਾਬਾ ਮਹਿਤਾਬ ਸਿੰਘ ਜੀ ਸੁੰਦਰ ਹਾਥੀ ਤੇ ਸੁਭਾਇਮਾਨ ਹੋ ਰਹੇ ਸਨ।"[80] ਇਸ ਕੁੰਭ ਉੱਤੇ ਨਿਰਮਲ ਸੰਪ੍ਰਦਾਇ ਦਾ ਬਹੁਤ ਚੰਗਾ ਪ੍ਰਭਾਵ ਪਿਆ। ਇਸ ਤੋਂ ਬਾਅਦ ਇਨ੍ਹਾਂ ਨੇ ਸੰਤ ਮੰਡਲੀ ਸੰਗ ਥਾਂ-ਥਾਂ ਜਾ ਕੇ ਗੁਰਮਤਿ ਪ੍ਰਚਾਰ ਕੀਤਾ।

ਇਸ ਸਮੇਂ ਕਈ ਰਾਜੇ-ਮਹਾਰਾਜੇ ਇਨ੍ਹਾਂ ਦੇ ਗੁਣ-ਗੌਰਵ ਤੋਂ ਬਹੁਤ ਪ੍ਰਭਾਵਿਤ ਸਨ। ਸ੍ਰੀ ਮਹੰਤ ਜੀ ਨੇ ਇਕ ਸਮੇਂ ਵਿਚਾਰਾਂ ਦੌਰਾਨ ਮਹਾਰਾਜਿਆਂ ਨੂੰ ਇਹ ਦੱਸਿਆ ਕਿ ਨਿਰਮਲ ਭੇਖ ਦੇ ਪ੍ਰਬੰਧ ਤੋਂ ਪਹਿਲਾਂ ਕੁੰਭ ਮੇਲਿਆਂ ਅਤੇ ਹੋਰ ਤੀਰਥਾਂ 'ਤੇ ਵਿਸ਼ਰਾਮ, ਲੰਗਰ ਲਈ ਗੁਰੂ ਦੇ ਸਿੱਖਾਂ ਨੂੰ ਹੋਰ ਮੱਤਾਂ ਵਾਲਿਆਂ ਕੋਲੋਂ ਅਪਮਾਨਿਤ ਹੋਣਾ ਪੈਂਦਾ ਸੀ। ਇਸ ਕਰਕੇ ਨਿਰਮਲ ਭੇਖ ਨੇ ਗੁਰੂ ਨਾਨਕ ਦੀ ਬਾਣੀ (ਸਿਧਾਂਤ) ਦਾ ਪ੍ਰਚਾਰ ਕਰਨ ਵਾਸਤੇ, ਰਿਹਾਇਸ਼ ਤੇ ਲੰਗਰ ਲਈ ਸਾਰੇ ਕੁੰਭ ਮੇਲਿਆਂ ਅਤੇ ਹੋਰ ਤੀਰਥਾਂ 'ਤੇ ਛਾਉਣੀ ਲਾ ਕੇ

[80] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 179.

ਲੰਗਰ ਰਿਹਾਇਸ਼ ਦਾ ਪ੍ਰਬੰਧ ਕੀਤਾ ਹੈ। ਧਰਮ ਕਾਰਜ ਲਈ ਬਾਬਾ ਜੀ ਦੇ ਇਸ ਉਪਰਾਲੇ ਬਾਰੇ ਸੁਣ ਕੇ ਮਹਾਰਾਜਾ ਪਟਿਆਲਾ, ਮਹਾਰਾਜਾ ਨਾਭਾ ਆਦਿ ਹੋਰ ਕਈ ਰਾਜਿਆਂ ਨੇ ਸਤਿਕਾਰ ਵਜੋਂ ਇਸ ਮਹਾਂਪੁਰਸ਼ ਦੁਆਰਾ ਧਰਮ ਦੀ ਸੇਵਾ ਲਈ ਕੋਈ ਉਪਰਾਲਾ ਕਰਨ ਦੀ ਸਲਾਹ ਕੀਤੀ। ਫ਼ੈਸਲਾ ਹੋਇਆ ਕਿ ਉਨ੍ਹਾਂ ਦੀ ਕੋਈ ਅਜਿਹੀ ਸੇਵਾ ਕੀਤੀ ਜਾਵੇ ਜਿਸ ਨਾਲ ਨਿਰਮਲ ਅਖਾੜਾ ਵੀ ਪੱਕੇ ਪੈਰੀਂ ਹੋ ਕੇ ਇਕ ਚੰਗੇ ਤਰੀਕੇ ਨਾਲ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਦੀ ਸੇਵਾ ਕਰ ਸਕੇ।

ਇਸ ਵਿਚਾਰ ਚਰਚਾ ਉਪਰੰਤ "ਸੰਮਤ 1918 (1861 ਈ.) ਵਿਚ ਮਹਾਰਾਜਿਆਂ ਦੁਆਰਾ ਇਕ ਪ੍ਰਾਰਥਨਾ ਪੱਤਰ ਸ੍ਰ. ਵੀਰ ਸਿੰਘ ਆਹਲੂਵਾਲੀਏ ਦੇ ਹੱਥ ਚੁਮਾਸੇ ਸਮੇਂ ਪਟਿਆਲਾ ਵਿਖੇ ਦਰਸ਼ਨ ਦੇਣ ਲਈ ਹਰਿਦੁਆਰ ਭੇਜਿਆ।"[81] ਬੇਨਤੀ ਪ੍ਰਵਾਨ ਕਰਕੇ ਨਿਰਮਲੇ ਸੰਤਾਂ ਸਮੇਤ ਸ੍ਰੀ ਮਹੰਤ ਜੀ ਪਟਿਆਲਾ ਪਹੁੰਚੇ। ਮਹਾਰਾਜਾ ਪਟਿਆਲਾ ਆਪਣੇ ਅਹਿਲਕਾਰਾਂ ਸਮੇਤ ਸਤਿਕਾਰ ਲਈ ਅੱਗੇ ਜਾ ਕੇ ਮੰਡਲੀ ਨੂੰ ਬਾਰਾਂਦਰੀ ਵਿਚ ਲੈ ਕੇ ਆਏ। ਜਿੱਥੇ ਸੰਤਾਂ ਦੇ ਰੋਜ਼ਾਨਾ ਕਥਾ, ਕੀਰਤਨ ਅਤੇ ਪ੍ਰਵਚਨ ਸੁਣਨ ਲਈ ਵੱਡੀ ਗਿਣਤੀ ਵਿਚ ਸੰਗਤ ਹਾਜ਼ਰੀ ਭਰਦੀ।

ਇਸ ਸਮੇਂ ਚੱਲ ਰਹੇ ਸਮਾਗਮ ਦੌਰਾਨ ਮਹਾਰਾਜਿਆਂ ਵੱਲੋਂ ਕੀਤੀ ਰਾਇ ਦੀ ਪੂਰਤੀ ਲਈ "ਇਕ ਦਿਨ ਮਹਾਰਾਜਾ ਪਟਿਆਲਾ ਨੇ ਸ੍ਰੀ ਮਹੰਤ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ 'ਨਾਭਾ-ਜੀਂਦ ਦੇ ਮਹਾਰਾਜਿਆਂ ਸਮੇਤ ਅਸੀਂ ਸਦੀਵੀ ਦਾਨ ਕਰਨਾ ਚਾਹੁੰਦੇ ਹਾਂ। ਵਿਚਾਰ ਹੈ ਕਿ 'ਸ੍ਰੀ ਨਿਰਮਲ ਪੰਚਾਇਤੀ ਅਖਾੜੇ' ਦੀ ਸਦੀਵੀਂ ਆਰਥਕ ਸਹਾਇਤਾ ਕੀਤੀ ਜਾਵੇ ਜਿਸ ਨਾਲ ਸਾਰੇ ਤੀਰਥਾਂ (ਕੁੰਭਾਂ) 'ਤੇ ਰਿਹਾਇਸ਼/ਲੰਗਰ, ਕਥਾ-ਕੀਰਤਨ ਤੇ ਧਰਮ ਪ੍ਰਚਾਰ ਹੋਵੇ, ਪੂਜਯ ਮਹੰਤ ਜੀ ਮਹਾਰਾਜ ਨੇ ਸ੍ਰੀ ਮਾਨ ਮਹੰਤ ਹੀਰਾ ਸਿੰਘ ਜੀ ਠੀਕਰੀ ਵਾਲਿਆਂ ਨਾਲ ਵਿਚਾਰ ਕਰਕੇ ਪ੍ਰਸਤਾਵ ਪ੍ਰਵਾਨ ਕਰ ਲਿਆ।"[82] ਬੇਨਤੀ ਪ੍ਰਵਾਨ ਹੋਣ ਉਪਰੰਤ ਮਹਾਰਾਜੇ ਅਖਾੜੇ ਲਈ ਯੋਗ ਜਗ੍ਹਾ ਅਤੇ ਉਸਦੇ ਵਿਧੀ-ਵਿਧਾਨ ਬਣਾਉਣ ਲਈ ਵਿਚਾਰਾਂ ਕਰਨ ਲੱਗੇ।

ਇਸ ਤੋਂ ਬਾਅਦ ਦੋ ਦਿਨ ਵਿਚ ਵਿਚਾਰਾਂ ਕਰਕੇ ਮਹਾਰਾਜਾ ਪਟਿਆਲਾ, ਨਾਭਾ ਅਤੇ ਜੀਂਦ ਦੇ ਪ੍ਰਤੀਨਿਧਾਂ ਅਤੇ ਮਹੰਤ ਜੀ ਮਹਾਰਾਜ ਦੇ ਪ੍ਰਤੀਨਿਧਾਂ ਦੁਆਰਾ ਮਿਲਕੇ ਸੰਸਥਾ ਦਾ ਨਾਉਂ, ਨਿਯਮ,

---

[81] ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ, ਕਾਸ਼ੀ, *ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ*, ਪੰਨਾ 70.

[82] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 182

ਉਪਨਿਯਮ (ਦਸਤੂਰੁਲ ਅਮਲ) ਆਦਿ ਵਿਚਾਰ ਲਏ ਗਏ। ਸ੍ਰੀ ਮਹੰਤਾਂ ਦੀ ਪਦਵੀ ਬਾਰੇ, ਮੁਖੀਆਂ ਮਹੰਤਾਂ ਅਤੇ ਹੋਰ ਕਰਮਚਾਰੀਆਂ ਬਾਰੇ, ਕੁੰਭ ਮੇਲਿਆਂ 'ਤੇ ਖ਼ਰਚੇ ਸਬੰਧੀ ਸਭ ਨਿਯਮ ਬਣਾਏ ਗਏ। ਉਪਰੰਤ ਸ੍ਰੀ ਮਹੰਤ ਜੀ ਦੀ ਪ੍ਰਵਾਨਗੀ ਲਈ ਗਈ। ਇਸ ਤੋਂ ਬਾਅਦ ਅਖਾੜੇ ਦੀ ਸਥਾਪਨਾ ਕਰਨ ਵਾਸਤੇ ਵੀਰਵਾਰ ਦਾ ਦਿਨ ਨੀਯਤ ਕੀਤਾ ਗਿਆ।

ਇਸ ਇਤਿਹਾਸਕ ਦਿਨ ਨੂੰ ਸਫ਼ਲ ਬਣਾਉਣ ਲਈ ਸ੍ਰੀ ਮਹੰਤ ਜੀ ਨੇ ਨਿਰਮਲ ਸੰਪ੍ਰਦਾਇ ਦੇ ਸਾਧੂ-ਸੰਤਾਂ ਨੂੰ ਪਟਿਆਲੇ ਪੁੱਜਣ ਵਾਸਤੇ ਪੱਤਰ ਲਿਖਵਾ ਦਿੱਤੇ। ਸੰਪ੍ਰਦਾਇ ਦੇ ਮਹੰਤ, ਸੰਤ, ਵਿਦਵਾਨ, ਮਹਾਂਪੁਰਖ, ਪਟਿਆਲਾ ਪੁੱਜ ਗਏ। ਮਹਾਰਾਜੇ ਨੇ ਵਿਚਾਰਾਂ ਕਰਕੇ ਚਨਾਰਥਲੀਆਂ ਵਾਲੀ ਹਵੇਲੀ ਸੰਤਾਂ ਨੂੰ ਦਿਖਾਈ ਤਾਂ ਜੋ ਪਟਿਆਲੇ ਵਿਚ ਅਖਾੜੇ ਦੀ ਮੁੱਖ ਸ਼ਾਖਾ ਕਾਇਮ ਕੀਤੀ ਜਾ ਸਕੇ। ਮਹੰਤ ਜੀ ਮਹਾਰਾਜ ਦੀ ਆਗਿਆ ਨਾਲ ਮਹੰਤ ਹੀਰਾ ਸਿੰਘ ਜੀ ਠੀਕਰੀਵਾਲਾ, ਮਹੰਤ ਗਾਂਧਾ ਸਿੰਘ ਜੀ ਬਰਨਾਲਾ ਆਦਿਕ ਮਹਾਂਪਰਖਾਂ ਨੇ ਹਵੇਲੀ ਨੂੰ ਪ੍ਰਵਾਨ ਕਰਕੇ, ਹਵੇਲੀ ਦੀ ਇਮਾਰਤ ਅਤੇ ਰਸਤੇ ਬਾਰੇ ਵਿਸਥਾਪੂਰਵਕ ਦੱਸਿਆ, ਸੁਣਕੇ ਸ੍ਰੀ ਮਹੰਤ ਜੀ ਨੇ ਪ੍ਰਵਾਨਗੀ ਦੇ ਦਿੱਤੀ।

ਮਿੱਥੇ ਦਿਨ ਤੇ ਸ਼ੁਭ ਮਹੂਰਤ ਵਿਚ "ਸੰਮਤ 1919 ਬਿ. ਭਾਦੋਂ ਸੁਦੀ ਦਵਾਦਸੀ ਮੁਤਾਬਿਕ ਸੰਨ 1862 ਈ. ਦਿਨ ਵੀਰਵਾਰ"[83] ਨੂੰ ਬਾਰਾਂਦਰੀ ਤੋਂ ਹਵੇਲੀ ਵਿਚ ਪ੍ਰਵੇਸ਼ ਵਾਸਤੇ ਨਿਰਮਲ ਭੇਖ ਦਾ ਉਤਸ਼ਾਹੀ ਜਲੂਸ ਚੱਲਿਆ, ਆਤਸ਼ਬਾਜੀ ਅਤੇ ਬੈਂਡ ਇਸ ਦੀ ਸ਼ੋਭਾ ਵਧਾ ਰਹੇ ਸਨ। ਸਾਰੇ ਸੰਤ ਮਹਾਤਮਾ ਨੇ ਇਕ ਜਲੂਸ ਦੀ ਸ਼ਕਲ ਵਿਚ ਹਵੇਲੀ ਵਿਚ ਪ੍ਰਵੇਸ਼ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਸੀ ਅਤੇ ਕਈ ਰਾਜੇ ਤੇ ਮਹਾਰਾਜੇ ਇਸ ਸ਼ੁਭ ਮੌਕੇ 'ਤੇ ਮੌਜੂਦ ਸਨ। ਫਿਰ "ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾਪਤੀ ਨੇ 82000/- ਰੁਪਏ ਨਕਦ, ਝੰਡੀ ਤੇ ਭੈਣੀ ਦੋ ਪਿੰਡ ਦਾਨ ਵਿਚ ਦਿੱਤੇ। ਮਹਾਰਾਜਾ ਭਰਭੂਰ ਸਿੰਘ ਜੀ ਨਾਭਾ ਨਰੇਸ਼ ਜੀ ਨੇ 16000/- ਰੁਪਏ ਨਕਦ ਅਤੇ ਹਰੀਕਾ ਪਿੰਡ ਦਾਨ ਵਿਚ ਦਿੱਤਾ। ਮਹਾਰਾਜਾ ਸਰੂਪ ਸਿੰਘ ਜੀ ਜੀਂਦਪਤੀ ਨੇ 20000/- ਰੁਪਏ ਨਕਦ, ਪਿੰਡ ਬਲਮਗੜ੍ਹ ਅਤੇ ਮੰਡਲਾਂ ਵਾਲਾ ਦੋ ਪਿੰਡ ਦਾਨ ਵਿਚ ਦਿੱਤੇ।"[84] ਇਸ ਤੋਂ ਇਲਾਵਾ "ਮਹਾਰਾਜਾ ਵਜੀਰ ਸਿੰਘ ਫ਼ਰੀਦਕੋਟ ਵੱਲੋਂ 500 ਰੁਪਏ

---

[83] ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ, ਕਾਸ਼ੀ, ਸ੍ਰੀ ਪੰਚਾਇਤੀ ਅਖਾੜਾ ਨਿਰਮਲਾ: ਸਥਾਪਨਾ ਤੋਂ ਪੂਰਵ-ਵਰਤੀ ਹਾਲਾਤ ਅਤੇ ਸਥਾਪਨਾ, ਡਾ. ਕੁਲਵਿੰਦਰ ਸਿੰਘ (ਸੰਪਾ.), *ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ*, ਪੰਨਾ 71.

[84] ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 33.

ਸਲਾਨਾ ਅਤੇ ਚਮੇਲੀ ਨਾਂ ਦਾ ਪਿੰਡ ਅਰਦਾਸ ਕਰਾਏ। ਇਸ ਤੋਂ ਇਲਾਵਾ ਦੂਜੇ ਸਿੱਖ ਸਰਦਾਰਾਂ ਨੇ ਵੀ ਪੂਜਾ ਭੇਟਾ ਅਰਪਣ ਕੀਤੀ। ਕੁੰਭ ਆਦਿਕ ਮੇਲਿਆਂ 'ਤੇ ਖ਼ਰਚਾ ਦੇਣਾ ਸਵੀਕਾਰ ਕੀਤਾ।"[85] ਇਹ ਅਖਾੜੇ ਨੂੰ ਪੱਕੇ ਪੈਰੀਂ ਕਰਨ ਦਾ ਪਹਿਲਾ ਅਤੇ ਬਹੁਤ ਨਿੱਗਰ ਉੱਦਮ ਸੀ। ਬਾਅਦ ਵਿਚ "ਮਹਾਰਾਜਾ ਕਰਮ ਸਿੰਘ ਨੇ ਇਕ ਹੋਰ ਹਵੇਲੀ ਕਨਖਲ[86] ਗੰਗਾ ਕਿਨਾਰੇ ਬਣਵਾਈ ਸੀ, ਉਹ ਵੀ ਨਿਰਮਲ ਭੇਖ ਦੇ ਹੈਡ ਕੁਆਟਰ ਲਈ ਅਰਦਾਸ ਕਰਾ ਦਿੱਤੀ, ਨਾਲ ਹੀ 25 ਵਿਘੇ ਜਮੀਨ।"[87] ਸ਼ਰਧਾਵਸ ਰਾਜੇ-ਮਹਾਰਾਜਿਆਂ ਨੇ ਅਖਾੜੇ ਨੂੰ ਪੱਕੇ ਪੈਰੀਂ ਕਰਨ ਲਈ ਹਰ ਸੰਭਵ ਮਦਦ ਕੀਤੀ। "ਅੰਤ ਦੁਆਦਸੀ ਦਿਨ ਸ਼ੁੱਕਰਵਾਰ ਸੰਨ 1862 ਈ. ਦੇ ਸ਼ੁਭ ਦਿਹਾੜੇ ਪਟਿਆਲਾ ਵਿਖੇ 'ਧਰਮ-ਧਜਾ' ਦੇ ਸਥਾਨ ਵਿਚ 'ਪੰਚਾਇਤੀ ਅਖਾੜਾ ਨਿਰਮਲਾ' ਵਿਧੀ-ਵਤ ਸਥਾਪਿਤ ਕੀਤਾ ਗਿਆ।"[88]

ਅਖਾੜੇ ਦੀ ਸਥਾਪਨਾ ਉਪਰੰਤ ਇਸ ਦੇ ਨਿਯਮ-ਉਪਨਿਯਮ ਤਿਆਰ ਕਰਨ ਦਾ ਕਾਰਜ ਅਰੰਭ ਹੋਇਆ ਜਿਸ ਨੂੰ ਦਸਤੂਰੁਲ ਅਮਲ ਕਿਹਾ ਗਿਆ। ਦਸਤੂਰੁਲ ਅਮਲ ਵਿਚ ਨਿਰਮਲ ਸੰਪ੍ਰਦਾਇ ਦਾ ਵਿਧੀ-ਵਿਧਾਨ ਮੌਜੂਦ ਸੀ। ਜਿਹੜਾ ਦਸਤੂਰੁਲ ਅਮਲ ਤਿਆਰ ਕੀਤਾ ਗਿਆ ਉਸ ਦੀ ਰੂਪ ਰੇਖਾ ਇਸ ਤਰ੍ਹਾਂ ਹੈ:[89]

---

85 ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 33.

86 ਇਹ ਉਹੀ ਹਵੇਲੀ ਹੈ ਜਿਸ ਵਿਚ ਮੌਜੂਦਾ ਸਮੇਂ ਵੀ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਦਾ ਮੁੱਖ ਦਫ਼ਤਰ ਹੈ।

87 ਪ੍ਰੋ. ਪਿਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ*, ਪੰਨਾ 59.

88 ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ, ਡਾ. ਸਰਬਜਿੰਦਰ ਸਿੰਘ (ਸੰਪਾ.) *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ*, ਪੰਨਾ 182.

89 ਬਲਵੀਰ ਸਿੰਘ ਵਿਯੋਗੀ, ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦਾ ਸਿਰਜਨ ਉਦੇਸ਼, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨੇ 46-47.

ਦਸਤੂਰੁਲ-ਅਮਲ[90]

(ਉਰਦੂ ਦਾ ਪੰਜਾਬੀ ਅਨੁਵਾਦ)

ਸਰਕਾਰੀ ਮੁਹਰ

ਮਹਾਤਮਾ ਭਾਈ ਮਹਿਤਾਬ ਸਿੰਘ ਜੀ ਨੇ ਸਰਕਾਰ ਸੇ ਇਸ ਤਰਹ ਕਾ ਬਿਆਨ ਕੀਆ ਕਿ ਸਾਧੂ, ਸੰਨਿਯਾਸੀ, ਬੈਰਾਗੀ, ਉਦਾਸੀ, ਸ੍ਰੀ ਗੰਗਾ ਜੀ ਔਰ ਪ੍ਰਯਾਗ ਵਗੈਰਾ ਪਰ ਬਮੌਕੇ ਮੇਲੇਹਾਇ ਅਪਨੇ ਅਪਨੇ ਅਖਾੜਿਆ ਮੇਂ ਜੁਦਾ ਜੁਦ ਭੰਡਾਰਾ ਕਰਤੇ ਹੈਂ ਚੂੰਕਿ ਇਸ ਭੰਡਾਰੇ ਕਰਨੇ ਕਾ ਪੁੰਨ ਔਰ ਧਰਮ ਬਹੁਤ ਹੈ, ਅਗਰ ਸਰਕਾਰ ਸੇ ਇਸ ਧਰਮ ਕੀ ਮਰਯਾਦਾ ਕਾਇਮ ਹੋ ਜਾਵੇ ਤੋ ਬਹੁਤ ਮੁਨਾਸਬ ਹੈ। ਚੁਨਾਂਚਿ ਸਰਕਾਰ ਕੋ ਯਿਹ ਹਦਾਇਤ ਭਾਈ ਸਾਹਿਬ ਮੌਸੂਫ ਬਹੁਤ ਪਸੰਦ ਆਈ। ਲਿਹਾਜਾ ਸਰਕਾਰ ਸੇ ਵਾਸਤੇ ਮੁਸਰਫ ਇਸ ਧਰਮ ਮਰਯਾਦਾ ਕੋ ਦੋ ਦਿਹ ਜਮਾ 4100 ਰੁਪਏ ਸਾਲ ਤਮਾਮ ਅਜ਼ ਰਇ ਸਨਦ ਅਲਹਿਦਾ ਮਿਤੀ ਸਉਣ ਸੁਦੀ 12 ਸਾਲ 1919 ਮਾਫ ਵਾ ਮਰਕਉਲ-ਕਲਮ ਕੀਏ ਗਏ, ਔਰ ਚੂੰਕਿ ਕਾਇਮੀ ਇਸ ਮਰਯਾਦਾ ਕੀ ਬਾ-ਨਜ਼ਰ ਹੋਨੇ ਕਾਰ ਸਵਾਬ ਔਰ ਧਰਮ ਅਰਥ ਕੇ ਸਰਕਾਰ ਕੋ ਅਜ਼ ਤਹਿ ਦਿਲ ਮਨਜ਼ੂਰ ਹੈ। ਲਿਹਾਜਾ ਯਾਅਨੇ ਸਰਕਾਰ ਸੇ 82000 ਰੁਪੈ ਯਕਲਖ਼ਤ ਬਤੌਰ ਪੇਸ਼ਗੀ ਬ-ਅੰਦਾਜ਼ੇ ਆਮਦਨੀ 20 ਸਾਲ ਮੁਵਾਜ਼ਿਆਤਿ ਮਜ਼ਕੂਰ ਇਲਾਵਾ ਅਜ਼ ਆਮਦਨੀ ਦੇਹਾਤ ਮਜ਼ਕੂਰ ਦੀਆ ਜਾ ਕਰ ਬਾਇੱਤਿਫ਼ਾਕ ਵਾ ਸਲਾਹ

---

[90] ਉਕਤ ਦਸਤੂਰੁਲ ਅਮਲ ਤੋਂ ਇਲਾਵਾ ਇਕ ਦਸਤੂਰੁਲ ਅਮਲ ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ 30 ਦਫਾ ਵਾਲਾ ਵੀ ਲਿਖਿਆ ਹੈ। ਨਿਰਮਲ ਭੇਖ ਦੁਆਰਾ ਇਸ ਉੱਤੇ ਕਾਫ਼ੀ ਟੀਕਾ ਟਿੱਪਣੀ ਹੋ ਚੁੱਕੀ ਸੀ। ਭਾਈ ਸਾਹਿਬ ਨੂੰ ਸਮੁੱਚੀ ਨਿਰਮਲ ਸੰਪ੍ਰਦਾਇ ਵੱਲੋਂ ਮਹੰਤ ਬੁੱਢਾ ਸਿੰਘ ਜੀ ਮਹਾਰਾਜ, ਰਿਖੀਕੇਸ਼ ਵਾਲਿਆਂ ਨੇ ਇਕ ਚਿੱਠੀ ਲਿਖ ਕੇ ਕਿਹਾ ਕਿ ਨਿਰਮਲ ਅਖਾੜੇ ਸੰਬੰਧੀ ਤਿੰਨ ਸਿੱਖ ਸਟੇਟਾਂ ਨੇ ਜੋ ਦਫਾ 9 ਵਾਲੇ ਦਸਤੂਰੁਲ ਅਮਲ ਕਾਇਮ ਕੀਤੇ ਹਨ ਅਤੇ ਉਹ ਇਸ ਸਮੇਂ ਵੀ ਅਖਾੜੇ ਦੇ ਹੈਡ ਆਫ਼ਿਸ ਕਨਖਲ ਵਿਚ ਪਏ ਹਨ, ਉਨ੍ਹਾਂ ਨਾਲ ਤੁਹਾਡਾ 30 ਦਫਾਵਾਂ ਵਾਲਾ ਦਸਤੂਰੁਲ ਅਮਲ ਮੇਲ ਨਹੀਂ ਖਾਂਦਾ। ਇਸ ਦੇ ਉੱਤਰ ਵਿਚ ਸ੍ਰੀ ਮਾਨ ਭਾਈ ਸਾਹਿਬ ਜੀ ਨੇ ਇਕ ਚਿੱਠੀ ਮਹੰਤ ਬੁੱਢਾ ਸਿੰਘ ਜੀ ਨੂੰ ਲਿਖੀ, ਜਿਸਦਾ ਸਾਰ ਹੈ ਕਿ ਮਹਾਨ ਕੋਸ਼ ਦੀ ਦੂਜੀ ਐਡੀਸ਼ਨ ਸਮੇਂ ਧਰਮ ਧੁਜਾ ਨਾਲ ਸੰਬੰਧਿਤ ਜੋ ਤਰੁਟੀ ਰਹਿ ਗਈ ਉਹ ਪੂਰੀ ਕਰ ਦਿੱਤੀ ਜਾਵੇਗੀ, ਨਾਲ ਹੀ ਲਿਖਿਆ ਕਿ ਅਖਾੜੇ ਸੰਬੰਧੀ ਸਹੀ ਹਾਲ ਲਿਖ ਕੇ ਮੇਰੇ ਪਾਸ ਭੇਜਣ।

ਇਸ ਤੋਂ ਇਲਾਵਾ ਦਸਤੂਰੁਲ ਅਮਲ ਨੂੰ ਗਿਆਨੀ ਗਿਆਨ ਸਿੰਘ ਨੇ ਆਪਣੀ ਪੁਸਤਕ *ਨਿਰਮਲ ਪੰਥ ਪਰਦੀਪਕਾ* ਦੇ ਪੰਨਾ ਨੰ. 75 ਉੱਤੇ 12 ਮਦਾਂ ਵਾਲਾ 'ਮ੍ਰਯਾਦਾ ਪੱਤ੍ਰ' (ਦਸਤੂਰੁਲ ਅਮਲ) ਲਿਖਿਆ ਹੈ। ਜਿਸ ਦੀ ਹਰ ਮਦ ਵਿਚਲੀ ਮ੍ਰਯਾਦਾ 9 ਦਫਾ ਵਾਲੇ ਦਸਤੂਰੁਲ ਅਮਲ ਨਾਲ ਹੀ ਮੇਲ ਖਾਂਦੀ ਹੈ। ਇਸ ਨੂੰ ਅੰਕਿਤ ਕਰਨ ਉਪਰੰਤ ਉਹ ਲਿਖਦੇ ਹਨ, 'ਇਕ ਦਸਤੂਰੁਲ ਅਮਲ 9 ਦਫਾ ਵਾਲਾ ਰਾਜਾ ਸਰੂਪ ਸਿੰਘ ਬਹਾਦੁਰ ਨੇ ਆਪਣੇ ਦਸਖ਼ਤ ਮੁਹਿਰ ਲਾ ਕੇ ਭੇਜਯਾ ਸੀ ਓਹ ਭੀ ਉਪਰਲੇ ਕਾਇਦਯਾਂ ਦੇ ਅਵਾਂਤ੍ਰ ਹੀ ਹੈ। ਏਸੇ ਵਾਸਤੇ ਏਨਾਂ ਕਾਇਦਯਾਂ ਅਨੁਸਾਰ ਸਰਬ ਪ੍ਰਕਾਰ ਆਚਾਰ ਬਿਹਾਰ ਪੰਚਾਯਤੀ ਅਖਾੜੇ ਦਾ ਕਾਯਮ ਹੈ, ਚਲ ਰਹਾ ਹੈ।' ਇਸ ਤਰ੍ਹਾਂ ਸਾਨੂੰ ਨਿਰਮਲ ਸੰਪ੍ਰਦਾਇ ਨਾਲ ਸੰਬੰਧਿਤ ਲਿਖਤਾਂ ਵਿਚੋਂ 3 ਤਰ੍ਹਾਂ ਦੇ ਵੱਧ-ਘੱਟ ਮਦਾਂ ਵਾਲੇ ਦਸਤੂਰੁਲ ਅਮਲ ਮਿਲਦੇ ਹਨ ਪ੍ਰੰਤੂ 'ਸ੍ਰੀ ਪੰਚਾਇਤੀ ਅਖਾੜਾ ਨਿਰਮਲਾ' ਵੱਲੋਂ 9 ਦਫਾ ਵਾਲੇ ਦਸਤੂਰੁਲ ਅਮਲ ਨੂੰ ਹੀ ਪ੍ਰਵਾਨ ਕੀਤਾ ਗਿਆ ਹੈ।

ਚਾਚਾ ਸਾਹਿਬ ਰਾਜਾ ਸਰੂਪ ਸਿੰਘ ਸਾਹਿਬ ਬਹਾਦਰ ਵਾਲੀਏ ਜੀਂਦ, ਵਾ ਬਰਾਦਰ ਅਜ਼ੀਜ਼ ਰਾਜਾ ਭਰਭੂਰ ਸਿੰਘ ਸਾਹਿਬ ਬਹਾਦਰ ਵਾਲੀਏ ਨਾਭਾ ਯਿਹ ਦਸਤੂਰੁਲ-ਅਮਲ, ਵਾਸਤੇ ਅਮਲ ਦਰਾਮਦ ਆਇੰਦਾ, ਇਸ ਧਰਮ ਮਰਯਾਦਾ ਦੇ ਬਇੰਦਰਾਜ਼ ਦਫਿਆਤਿ ਮੁਫ਼ਸਲਾ ਜ਼ੈਲ ਮੁਕੱਰਰ ਕੀਆ ਗਿਆ ਤਾਕਿ ਬਮੂਜਬ ਇਸ ਕੇ ਅਮਲ ਦਰਾਮਦ ਹੋਤਾ ਰਹੇ। ਇਸ ਕੇ ਖਿਲਾਫ਼ ਅਮਲ ਮੇਂ ਨਾ ਆਵੇ।

- ਦਫਾ 1: ਭਾਈ ਸਾਹਿਬ ਮਹਾਤਮਾ ਭਾਈ ਮਹਿਤਾਬ ਸਿੰਘ ਜੀ ਮਾਲਕ ਅਖਾੜੇ ਕੇ ਹੈਂ। ਉਨ ਕੇ ਪੀਛੇ ਸੇ ਇਨ ਕਾ ਜਾਨਸ਼ੀਨ ਮਾਲਕ ਹੋਗਾ।
- ਦਫਾ 2: ਜੋ 82000/- ਬਤੌਰ ਪੇਸ਼ਗੀ ਬੀਸ ਸਾਲ ਬ ਨਜ਼ਰ ਇਜਰਾਏ ਕਾਰੋਬਾਰ ਧਰਮ ਅਰਥ ਅਖਾੜੇ ਧਰਮ ਧਜਾ ਸਿੱਖਾਨ ਵਾ ਸਾਥਾਨ ਨਿਰਮਲਾ ਪੰਥ ਗੁਰੂ ਖ਼ਾਲਸਾ ਜੀ ਦੀਏ ਗਏ ਹੈਂ, ਚਾਹੀਏ ਕਿ ਹਰ ਚਾਹਾਰ ਮਹੰਤਾਨ ਮੁਕਰਰਾ ਅਜ ਆਮਦਨੀ ਸੂਦ ਵਾ ਤਜਾਰਤ ਵਗੈਰਾ ਬਿਉਪਾਰ ਉਸ ਕੇ ਯਾਨੀ ਕਾਰੋਬਾਰ ਮੁਤੱਲਕਾ ਅਖਾੜਾ ਮੌਸੂਫ ਵਾ ਤਾਮੀਰ ਮਕਾਨਾਤ ਜਾਰੀ ਰਖੇਂ ਔਰ ਜਮਾ ਅਸਲ ਸੇ ਸਰਫ਼ ਨਾ ਕਰੇਂ।
- ਦਫਾ 3: ਬੰਦੋਬਸਤ ਵਾ ਨਿਗਾਹਦਸਤ ਖ਼ਜਾਨਾ ਅਖਾੜਾ ਜ਼ੁਮੇ ਹਰ ਏਕ ਅਖਾੜੇ ਕੇ ਰਹੇਗਾ, ਔਰ ਭਾਈ ਸਾਹਿਬ ਕੋ ਕੁੰਜੀ ਖ਼ਜਾਨੇ ਕੀ ਜਿਸ ਕੇ ਪਾਸ ਰੱਖਨੀ ਮਨਜ਼ੂਰ ਹੋਗੀ, ਉਨ ਕੇ ਪਾਸ ਰਹੇਗੀ।
- ਦਫਾ 4: ਜਨਾਬ ਭਾਈ ਸਾਹਿਬ ਮਹਾਤਮਾ ਭਾਈ ਮਹਿਤਾਬ ਸਿੰਘ ਜੀ ਕੋ ਅਖ਼ਤਿਆਰ ਹਾਸਿਲ ਹੈ ਕਿ ਅਪਨੀ ਮਰਜ਼ੀ ਔਰ ਸਲਾਹ ਸੇ ਬਦਲੀ ਸਦਲੀ ਮਹੰਤਾਂ ਕੀ ਕਰਤੇ ਰਹੇਂ।
- ਦਫਾ 5: ਜੋ ਸਿੱਖ ਸਾਧੂ ਅਖਾੜੇ ਮੇਂ ਹੋਵੇ ਪਹਿਲੇ ਉਨ ਸੇ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਕੇ ਹਾਥ ਲਗਾਇਆ ਜਾਵੇ ਕਿ ਰੁਪਯਾ ਅਪਨੇ ਪਾਸ ਨਾ ਰੱਖੇ। ਜੋ ਜਿਸ ਕੇ ਪਾਸ ਹੋਵੇ ਖ਼ਜਾਨੇ ਮੇਂ ਦਾਖ਼ਿਲ ਕਰ ਦੇਵੇ।
- ਦਫਾ 6: ਜੋ ਕੋਈ ਸਿੱਖ ਅੱਛਾ ਔਰ ਲਾਇਕ ਹੋਵੇ, ਭਾਈ ਸਾਹਿਬ ਉਸ ਕੋ ਅਹੁਦਾ ਸੰਮਤੀ ਔਰ ਦਸਰੇ ਕਾਰੋਬਾਰ ਅਖਾੜੇ ਪਰ ਮੁਕੱਰਰ ਕਰੇਂ। ਜੋ ਕੋਈ ਰਹਿਤ ਨਾਮੇ ਸੇ (ਭਾਵ ਅਖਾੜੇ ਦੀ ਰਹਿਤ ਮਰਯਾਦਾ ਤੋਂ) ਬਰਖ਼ਿਲਾਫ ਹੋਵੇ ਵਾਸਤੇ ਮੌਕੂਫੀ ਔਰ ਸਜਾਇ ਉਸ ਕੀ ਕੇ ਭਾਈ ਸਾਹਿਬ ਕੋ ਅਖਤਿਆਰ ਹੈ।

- ਦਫਾ 7: ਭਾਈ ਸਾਹਿਬ ਮੌਸੂਫ ਅਪਨੀ ਜਿੰਦਗੀ ਮੇਂ ਜਿਸ ਕੋ ਅਪਨੀ ਜਗ੍ਹਾ ਕਾਇਮ ਕੀਆ ਚਾਹੇਂ ਬ ਸਲਾਹ ਵ ਤਜਵੀਜ ਤੀਨੋ ਸਰਕਾਰੋਂ ਕੋ ਮੁਕੱਰਰ ਕਰੇਂ।
- ਦਫਾ 8: ਬਸ਼ਰਤੇ ਕਿ ਬਾਅਦ ਭਾਈ ਸਾਹਿਬ ਕੇ ਉਨ ਕਾ ਜਾਨਸੀਨ ਚਲਨ ਔਰ ਰਵੱਈਏ ਸੇ ਅੱਛਾ ਨਹੀਂ ਹੋਗਾ ਤੋ ਵਾਸਤੇ ਮੌਕਫੀ ਉਸ ਕੇ ਔਰ ਕਾਇਮ ਬਜਾਏ ਉਸ ਕੇ ਤੀਨੋਂ ਸਰਕਾਰੋਂ ਕੋ ਅਖਤਿਆਰ ਹਾਸਿਲ ਹੈ।
- ਦਫਾ 9: ਦਰ ਬਾਬ ਬੰਦੋ-ਬਸਤ ਵਾ ਇਜ ਰਾਇ ਕਾਰੋਬਾਰ ਅਖਾੜੇ ਮਜ਼ਕੂਰ ਬਮੂਜਬ ਦਸਤਰ ਅਖਾੜਾ ਪੰਚਾਇਤੀ ਕੇ, ਅਮਲ ਦਰਆਮਦ ਹੋਤਾ ਰਹੇ। ਮਿਤੀ ਸਾਓਨ ਸੁਦੀ-12 ਬਾਰਾਂ, ਸਾਲ 1919 ਮੁਤਾਬਿਕ ਦਸ ਸਫਰ ਸੰਨ 1278 ਹਿਜਰੀ ਗੁਰੂ ਵਾਰ

  ਮੁਹਰ ਨਿਸ਼ਾਨੀ ਕੁਲਵੰਤ ਰਾਏ ਦੀਵਾਨ

ਉਕਤ ਦਸਤੂਰੁਲ ਅਮਲ ਦੇ ਲਾਗੂ ਹੋਣ ਉਪਰੰਤ ਇਹ ਵਿਸ਼ਵਾਸ਼ ਪੈਦਾ ਹੋਇਆ ਕਿ ਅਖਾੜੇ ਨੂੰ ਪੱਕੇ ਪੈਰੀਂ ਕਰਨ ਨਾਲ ਧਰਮ ਦੀ ਮਰਯਾਦਾ ਕਾਇਮ ਰਹੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਨਿਰਮਲ ਸੰਪ੍ਰਦਾਇ ਦੇ ਸੰਤਾਂ ਦੇ ਇਸ਼ਟ ਰਹਿਣਗੇ। ਨਿਰਮਲ ਅਖਾੜੇ ਵਿਚ ਆਉਣ ਵਾਲੇ ਸੰਤਾਂ ਨੂੰ ਆਮਦਨ ਖ਼ਜਾਨੇ ਵਿਚ ਜਮ੍ਹਾਂ ਕਰਨੀ ਪਵੇਗੀ। ਸ੍ਰੀ ਮਹੰਤ ਦੀ ਪਦਵੀ ਨੂੰ ਨਿਰਮਲ ਸੰਪ੍ਰਦਾਇ ਵਿਚ ਹਰ ਤਰ੍ਹਾਂ ਸਰਵਉੱਚ ਮੰਨਿਆ ਜਾਵੇਗਾ।

ਇਸੇ ਮੌਕੇ 'ਤੇ ਸੰਪ੍ਰਦਾਇ ਵੱਲੋਂ ਤੀਰਥਾਂ ਤੋਂ ਇਲਾਵਾ ਬਾਕੀ ਵੱਡੇ ਕਸਬਿਆਂ, ਪਿੰਡਾਂ ਆਦਿ ਵਿਚ ਜਾ ਕੇ ਵੀ ਲੋਕਾਂ ਵਿਚ ਧਰਮ ਪ੍ਰਚਾਰ ਅਤੇ ਪ੍ਰਸਾਰ ਕਰਨ 'ਤੇ ਵਿਚਾਰਾਂ ਹੋਈਆਂ। ਜਿਸ ਵਿਚ ਫ਼ੈਸਲਾ ਹੋਇਆ ਕਿ ਇਕ ਸਾਧੂਆਂ ਦੇ ਸਮੂਹ ਨੂੰ ਪਿੰਡਾਂ ਵਿਚ ਭੇਜਿਆ ਜਾਇਆ ਕਰੇ ਜੋ ਥਾਂ-ਥਾਂ ਘੁੰਮਕੇ ਗੁਰੂ ਸਾਹਿਬ ਦੇ ਸੰਦੇਸ਼ ਨੂੰ ਲੋਕਾਂ ਵਿਚ ਪ੍ਰਚਾਰਨ। ਲੋਕਾਂ ਨੂੰ ਗੁਰ ਆਸ਼ੇ ਅਨੁਸਾਰ ਸਿਖਿਅਤ ਕਰਨ। ਇਸ ਲਈ ਸਾਧੂਆਂ ਦੀ ਇਕ ਪ੍ਰਚਾਰਕ ਮੰਡਲੀ ਦੀ ਸਥਾਪਨਾ ਕੀਤੀ ਗਈ ਜਿਸ ਨੂੰ 'ਰੰਮਤ ਪੰਚਾਇਤੀ ਅਖਾੜਾ ਨਿਰਮਲਾ' ਦਾ ਨਾਂ ਦਿੱਤਾ ਗਿਆ। ਇਸ ਅਖਾੜੇ ਦੇ ਇਹ ਚਾਰ ਮੁਖੀ ਮਹੰਤ ਚੁਣੇ ਗਏ:[91]

---

[91] ਗਿ. ਬਲਵੰਤ ਸਿੰਘ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 184.

1. ਸ੍ਰੀਮਾਨ ਮਹੰਤ ਨਿਹਾਲ ਸਿੰਘ ਗੁਰੂ ਕਾਸ਼ੀ ਦਮਦਮਾ ਸਾਹਿਬ।
2. ਸ੍ਰੀਮਾਨ ਮਹੰਤ ਕਾਹਨ ਸਿੰਘ ਗੰਧੀਆਂ ਵਾਲੇ।
3. ਸ੍ਰੀਮਾਨ ਮਹੰਤ ਕਰਮ ਸਿੰਘ ਵਿਰੱਕਤ।
4. ਸ੍ਰੀਮਾਨ ਮਹੰਤ ਭੋਲਾ ਸਿੰਘ ਛੰਨਾ ਵਾਲੇ।

'ਰੰਮਤ ਅਖਾੜੇ' ਵਿਚ ਪ੍ਰਚਾਰ ਕਰਨ ਵਾਲੇ ਮੁਖੀਏ ਮਹੰਤਾਂ ਅਤੇ ਸਾਧੂਆਂ ਲਈ ਵੱਖਰੇ-ਵੱਖਰੇ ਇਹ ਵਿਧੀ ਵਿਧਾਨ ਵੀ ਤਿਆਰ ਕੀਤੇ ਗਏ:[92]

ਰਮਤ (ਰੰਮਤ) ਅਖਾੜੇ ਦੇ ਮਹੰਤਾਂ ਲਈ ਨਿਯਮ

1. ਜੋ ਸਾਧੂ ਜਾਂ ਮਹੰਤ ਰਮਤ ਅਖਾੜੇ ਦੀ ਸੇਵਾ ਕਰਨੀ ਚਾਹੇ, ਪਹਿਲਾਂ ਘੱਟ ਤੋਂ ਘੱਟ ਤਿੰਨ ਵਰ੍ਹਿਆਂ ਲਈ ਰਹਿਣਾ ਪ੍ਰਵਾਨ ਕਰੇ।
2. ਸਾਰੇ ਮਹੰਤ, ਪੰਚ ਪਰਮੇਸਰ ਦੀ ਸੇਵਾ ਸਮਝ ਕੇ ਜਮਾਤ ਦੇ ਹਰ ਇਕ ਕੰਮ ਦੀ ਚੰਗੀ ਤਰ੍ਹਾਂ ਨਿਗਰਾਨੀ ਰੱਖਣ।
3. ਹਰ ਇਕ ਅਹੁਦੇਦਾਰ ਜਾਂ ਸਾਧੂ ਪਾਸੋਂ ਮੇਲ ਮਿਲਾਪ ਨਾਲ ਕੰਮ ਲੈਣ।
4. ਹਰ ਇਕ ਅਹੁਦੇਦਾਰ ਜਾਂ ਸਾਧੂ ਦਾ ਅਖਾੜੇ ਵਿਚ ਥੋੜ੍ਹਾ ਜਿਹਾ ਵੀ ਅਯੋਗ ਵਰਤਾਵ ਤੱਕਣ ਤਾਂ ਉਸ ਨੂੰ ਝੱਟ ਕੱਢ ਦੇਣ ਦਾ ਯਤਨ ਕਰਨ।
5. ਰਮਤ ਦੇ ਮੁਲੱਲਕ ਅਤੇ ਹਿਸਾਬ ਕਿਤਾਬ ਦੀ ਰਿਪੋਰਟ ਇਕ ਮਹੀਨੇ ਪਿਛੋਂ ਸ੍ਰੀ ਮਹੰਤ ਸਾਹਿਬ ਜੀ ਨੂੰ ਕਨਖਲ (ਹਰਿਦਵਾਰ) ਭੇਜਦੇ ਰਹਿਣ।
6. ਅਖਾੜੇ ਵਿਚ ਟਿਕੇ ਹੋਏ ਕਿਸੇ ਸੰਤ ਮਹੰਤ ਨੂੰ ਕਿਤਿਓਂ ਵੀ ਕੁਛ ਪੂਜਾ ਭੇਟ ਮਿਲੇ ਤਾਂ ਉਹ ਪੰਚਾਇਤੀ ਸਮਝੀ ਜਾਏ।
7. ਜੇ ਕਿਸੇ ਮੁਖੀਏ ਮਹੰਤ ਦਾ ਅਖਾੜੇ ਵਿਚ ਅਯੋਗ ਵਰਤਾਉ ਵੇਖਿਆ ਜਾਏ ਤਾਂ ਸ੍ਰੀ ਮਹੰਤ ਸਾਹਿਬ ਉਸ ਨੂੰ ਕੱਢ ਸਕਦੇ ਹਨ ਅਤੇ ਉਸ ਦੀ ਜਗਹ ਹੋਰ ਕੋਈ ਭੇਜ ਸਕਦੇ ਹਨ।

---

[92] ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ, ਕਾਸ਼ੀ, ਸ੍ਰੀ ਪੰਚਾਇਤੀ ਅਖਾੜਾ ਨਿਰਮਲਾ: ਸਥਾਪਨਾ ਤੋਂ ਪੂਰਵ-ਵਰਤੀ ਹਾਲਾਤ ਅਤੇ ਸਥਾਪਨਾ, ਡਾ. ਕੁਲਵਿੰਦਰ ਸਿੰਘ, *ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ*, ਪੰਨਾ 73

8. ਕੋਈ ਜਮਾਤੀ ਮੁਖੀਆ ਮਹੰਤ ਛੇ ਮਹੀਨਿਆਂ ਤੋਂ ਪਹਿਲਾਂ ਆਪਣੇ ਨਿਜੀ ਕੰਮ ਨਾ ਜਾਏ, ਜੇ ਜਾਏ ਤਾਂ ਆਪਣੇ ਖਰਚ ਪਰ ਜਾਏ।
9. ਮੁਖੀਏ ਮਹੰਤ ਆਪਣੀ ਸਲਾਹ ਨਾਲ ਕੁਠਾਰੀ, ਗ੍ਰੰਥੀ ਅਤੇ ਕਾਰਬਾਰੀ ਰੱਖ ਸਕਦੇ ਹਨ।
10. ਮੁਕਾਮੀ ਮਹੰਤਾਂ ਅਤੇ ਕਮਾਨਾਂ ਦੀ ਨਿਗਰਾਨੀ ਰੱਖਣੀ ਉਨ੍ਹਾਂ ਦਾ ਮੁੱਖ ਫ਼ਰਜ਼ ਹੈ।

ਰਮਤ ਅਖਾੜੇ ਦੇ ਸਾਧੂਆਂ ਲਈ ਨਿਯਮ

1. ਹਰ ਇਕ ਸਾਧੂ ਮੁਖੀਏ ਮਹੰਤਾਂ ਦੀ ਆਗਿਆ ਵਿਚ ਰਹੇਗਾ।
2. ਪੂਜਾ ਆਰਤੀ ਵੇਲੇ, ਚਾਹ ਸ਼ਰਦਾਈ, ਚਾਂਦਨੀ ਲਗਾਉਣ ਉਤਾਰਨ ਵਿਚ, ਤੇ ਊਠਾਂ ਦੇ ਲੱਦਣ-ਲਦਾਣ ਵਿਚ ਸਭ ਸਾਧੂ ਹਿੱਸਾ ਲਿਆ ਕਰਨਗੇ।
3. ਗੁਰੂ ਜੀ ਦੇ ਹਜੂਰ ਕੋਈ ਨੰਗੇ ਸਿਰ ਨਹੀਂ ਬੈਠ ਸਕੇਗਾ।
4. ਨਿਰਮਲ ਭੇਖ ਦੀ ਇੱਜ਼ਤ ਨੂੰ ਸਨਮੁੱਖ ਰੱਖਦੇ ਹੋਇ ਸਬਰ, ਸੰਤੋਸ਼ ਵਿਚ ਰਹਿਣ ਦਾ ਯਤਨ ਕੀਤਾ ਜਾਏਗਾ।
5. ਕੋਈ ਸਾਧੂ ਜਾਂ ਅਹੁਦੇਦਾਰ ਕਿਸੇ ਮਹੰਤ ਦਾ ਨਿਰਾਦਰ ਜਾਂ ਹੋਰ ਭੈੜਾ ਵਰਤਾਵ ਕਰ ਕੇ ਅਖਾੜੇ ਚੋਂ ਚੋਰੀ ਜਾਏਗਾ ਤਾਂ ਮੁਖੀਏ ਮਹੰਤਾਂ ਦੀ ਆਗਿਆ ਤੋਂ ਬਿਨਾਂ ਭੇਖ ਦੀ ਕਿਸੇ ਪੰਗਤ ਵਿਚ ਉਹ ਬੈਠਣ ਦਾ ਅਧਿਕਾਰੀ ਨਹੀਂ ਸਮਝਿਆ ਜਾਏਗਾ।

ਰਮਤ ਅਖਾੜਾ ਦੇਸ਼ ਦੇ ਵੱਖ-ਵੱਖ ਖਿੱਤਿਆਂ ਵਿਚ ਗੁਰਮਤਿ ਪ੍ਰਚਾਰ-ਪ੍ਰਸਾਰ ਲਈ ਤਿਆਰ ਕੀਤੀ ਗਈ ਗੁਣੀ ਗਿਆਨੀ ਸੰਤਾਂ ਦੀ ਇਕ ਚਲਦੀ-ਫਿਰਦੀ ਜਮਾਤ ਸੀ ਜਿਸਦੇ ਯਤਨਾਂ ਨਾਲ ਬਹੁਤ ਸਾਰੇ ਲੋਕ ਗੁਰਮਤਿ ਦੇ ਧਾਰਨੀ ਬਣੇ। ਅਖਾੜੇ ਦੀ ਸਥਾਪਨਾ ਹੋਣ ਉਪਰੰਤ ਨਿਰਮਲ ਸੰਪ੍ਰਦਾਇ ਦੇ ਸਾਧੂ ਅਤੇ ਮਹੰਤ ਗੁਰਮਤਿ ਪ੍ਰਚਾਰ ਪ੍ਰਤੀ ਪੂਰਨ ਸ਼ਰਧਾ, ਜੋਸ਼ ਅਤੇ ਦ੍ਰਿੜਤਾ ਸਹਿਤ ਕਾਰਜ ਕਰਨ ਲੱਗੇ।

ਸ੍ਰੀ 'ਨਿਰਮਲ ਪੰਚਾਇਤੀ ਅਖਾੜਾ' ਦਿਨੋਂ-ਦਿਨ ਮਜ਼ਬੂਤੀ ਗ੍ਰਹਿਣ ਕਰਦਾ ਜਾ ਰਿਹਾ ਸੀ। ਪੂਰੇ ਨਿਰਮਲ ਭੇਖ ਦੇ ਸੰਤ-ਮਹੰਤ, ਅਖਾੜੇ ਦੇ ਕਾਰਕੁਨ, ਨਿਮਰਤਾ ਅਤੇ ਵਿਸ਼ਵਾਸ਼ ਨਾਲ ਅਖਾੜੇ ਦੀ ਸਫ਼ਲਤਾ ਵਾਸਤੇ ਸੇਵਾ ਕਰਨਾ ਆਪਣਾ ਲਕਸ਼ ਸਮਝਦੇ ਸਨ।

ਮਹੰਤ ਬਾਬਾ ਮਹਿਤਾਬ ਸਿੰਘ ਜੀ 51 ਸਾਲ ਦੀ ਉਮਰ ਤੱਕ 17 ਸਾਲ ਸ੍ਰੀ ਮਹੰਤ ਦੀ ਪਵਿੱਤਰ ਪਦਵੀ ਉਪਰ ਸੁਸ਼ੋਭਿਤ ਹੋ ਕੇ ਨਿਰਮਲ ਸੰਪ੍ਰਦਾਇ ਦੀ ਅਣਥੱਕ ਸੇਵਾ ਕਰਦੇ ਹੋਏ, ਸੰਮਤ 1928 (1871 ਈ.) ਨੂੰ ਕਨਖਲ (ਹਰਿਦੁਆਰ) ਵਿਖੇ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦੇ ਭੋਗ 'ਤੇ ਸਾਰਾ ਭੇਖ ਇਕੱਠਾ ਹੋਇਆ। ਅਖਾੜੇ ਦੇ ਕੇਂਦਰੀ ਸਥਾਨ ਕਨਖਲ ਵਿਖੇ ਅਖੰਡ ਪਾਠ ਦਾ ਭੋਗ ਪਿਆ। ਖਟਦਰਸ਼ਨ ਸਾਧੂ ਸਮਾਜ ਵਿਚੋਂ ਵੀ ਵੱਡੇ-ਵੱਡੇ ਮੰਡਲੇਸ਼ਵਰ ਪੁੱਜੇ। ਇਸ ਸਮੇਂ 'ਤੇ ਹੋਏ ਖ਼ਰਚੇ ਬਾਰੇ ਪਿਆਰਾ ਸਿੰਘ ਪਦਮ ਲਿਖਦੇ ਹਨ ਕਿ "ਨਿਰਮਲ ਪੰਚਾਇਤੀ ਅਖਾੜੇ ਦੀਆਂ ਵਹੀਆਂ ਦਾ ਰਿਕਾਰਡ ਹੈ ਜਦੋਂ ਇਸ ਅਖਾੜੇ ਦੇ ਪਹਿਲੇ ਸ੍ਰੀ ਮਹੰਤ ਬਾਬਾ ਮਹਿਤਾਬ ਸਿੰਘ ਜੀ 1871 ਈ. ਵਿਚ ਸੁਰਗਵਾਸ ਹੋਏ ਤਾਂ ਉਨ੍ਹਾਂ ਦੇ ਮਰੋਛੇ ਉਤੇ ਵੱਡਾ ਭੰਡਾਰਾ ਕੀਤਾ ਗਿਆ, ਜਿਸ ਉੱਤੇ ਪੂਰਾ ਬਾਰਾਂ ਹਜ਼ਾਰ ਰੁਪਈਆ ਖਰਚ ਆਇਆ ਤੇ ਇਸ ਰਕਮ ਦਾ ਤੀਜਾ ਹਿੱਸਾ (ਚਾਰ ਹਜ਼ਾਰ) ਬ੍ਰਾਹਮਣਾਂ ਨੂੰ ਦੱਛਣਾ ਵਜੋਂ ਦਿੱਤਾ ਗਿਆ।"[93]

ਭੋਗ ਉਪਰੰਤ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਕਬੇਰੀਏ ਨਿਰਮਲ ਪੰਚਾਇਤੀ ਅਖਾੜੇ ਦੇ ਦੂਸਰੇ ਸ੍ਰੀ ਮਹੰਤ ਚੁਣੇ ਗਏ। ਸ੍ਰੀਮਾਨ ਬਾਬਾ ਮਹਿਤਾਬ ਸਿੰਘ ਜੀ 1855 ਈ. ਤੋਂ 1871 ਈ. ਤੱਕ 17 ਸਾਲ ਸ੍ਰੀ ਮਹੰਤ ਰਹੇ। ਇਸ ਸਮੇਂ ਇਨ੍ਹਾਂ ਦੀ ਕੁੱਲ ਉਮਰ 51 ਸਾਲ ਸੀ।

**ਪੰਡਿਤ ਰਾਮ ਸਿੰਘ ਜੀ ਕੁਬੇਰੀਏ**

ਇਹ ਨਿਰਮਲ ਸੰਪ੍ਰਦਾਇ ਦੇ ਦੂਜੇ ਸ੍ਰੀ ਮਹੰਤ ਸਾਹਿਬ ਸਨ। ਬਾਬਾ ਮਹਿਤਾਬ ਸਿੰਘ ਜੀ ਦੀ ਤਰ੍ਹਾਂ ਇਹ ਵੀ ਨਾਮ ਦੇ ਅਭਿਆਸੀ ਅਤੇ ਗੁਰਬਾਣੀ ਦੇ ਨਿਤਨੇਮੀ ਮਹਾਂਪੁਰਖ ਸਨ। ਇਨ੍ਹਾਂ ਲਈ ਇਹ ਸਮਾਂ ਪਰੀਖਿਆ ਦਾ ਸਮਾਂ ਸੀ। ਇਨ੍ਹਾਂ ਨੇ ਆਪਣੇ ਸਮੇਂ ਵਿਚ ਜੋ ਦ੍ਰਿੜ੍ਹਤਾ ਦਿਖਾਈ ਉਹ ਪ੍ਰਸੰਸਾਯੋਗ ਹੈ। ਇਹ ਕਿਸੇ ਦੀ ਪਦਵੀ ਦੇ ਪ੍ਰਭਾਵ ਵਿਚ ਨਹੀਂ ਆਏ। ਇਹ ਆਪਣੇ ਵਿਚਾਰਾਂ ਅਤੇ ਨਿਯਮਾਂ ਉਪਰ ਪੂਰਨ ਪਹਿਰਾ ਦਿੰਦੇ ਰਹੇ।

ਧਾਰਮਿਕ ਜੱਟ ਸਿੱਖ ਪਰਿਵਾਰ ਵਿਚ ਪਿੰਡ ਚੀਮੇ ਜ਼ਿਲ੍ਹਾ ਸੰਗਰੂਰ (ਸਾਬਕਾ ਰਿਆਸਤ ਪਟਿਆਲਾ) ਵਿਖੇ 1818 ਈ. ਵਿਚ ਇਨ੍ਹਾਂ ਦਾ ਜਨਮ ਹੋਇਆ। ਪੰਦਰਾਂ ਸਾਲ ਤੱਕ ਪਿੰਡ ਵਿਚ ਗੁਰਮੁਖੀ ਵਿਦਿਆ ਪੜ੍ਹਦੇ ਰਹੇ ਅਤੇ ਨਾਲ ਹੀ ਗੁਰਬਾਣੀ ਅਧਿਐਨ ਵੀ ਕਰਦੇ ਰਹੇ। ਭਾਸ਼ਾ ਦੇ ਗ੍ਰੰਥ ਪੜ੍ਹਨ ਦੇ ਨਾਲ-ਨਾਲ ਇਹ ਸੰਤਾਂ ਦੀ ਸੰਗਤ ਵਿਚ ਵਧੇਰੇ ਰੁਚੀ ਰੱਖਦੇ ਸਨ।

---

[93] ਪ੍ਰੋ. ਪਿਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ*, ਪੰਨਾ 57.

ਇਨ੍ਹਾਂ ਦੇ ਜੀਵਨ ਬਿਰਤਾਂਤ ਤੋਂ ਪਤਾ ਲੱਗਦਾ ਹੈ ਕਿ "ਮਹਾਂਪੁਰਖਾਂ ਦੇ ਦਰਸ਼ਨ, ਸੇਵਾ-ਸਿਮਰਨ, ਸਤਸੰਗ ਦੀ ਲਗਨ ਬਚਪਨ ਵਿਚ ਹੀ ਲੱਗ ਗਈ ਸੀ। ਇਸ ਲਈ ਯਾਤਰਾਵਾਂ ਕਰਕੇ ਮਹਾਂਪੁਰਖਾਂ ਦੇ ਦਰਸ਼ਨ ਕਰਨ ਦਾ ਸੰਕਲਪ ਵੀ ਬਣਿਆ ਰਹਿੰਦਾ ਸੀ। ਇਨ੍ਹਾਂ ਦਿਨਾਂ ਵਿਚ ਹੀ ਸੂਰਜ ਗ੍ਰਹਿਣ ਤੇ ਕੁਰਕਸ਼ੇਤਰ ਦਾ ਮੇਲਾ ਆ ਗਿਆ। ਆਪ ਵੀ ਕੁਰਕਸ਼ੇਤਰ ਪਹੁੰਚੇ। ਸਾਧੂਆਂ ਦੇ ਦਰਸ਼ਨ ਕਰਦੇ ਹੋਏ ਆਪ ਸ੍ਰੀ ਮਾਨ ਸੰਤ ਮਾਨ ਸਿੰਘ ਜੀ ਕਬੇਰ ਵਾਲਿਆਂ ਦੇ ਦਰਸ਼ਨ ਕਰਕੇ, ਸਤਸੰਗ ਸ੍ਰਵਨ ਕਰਕੇ, ਉਨ੍ਹਾਂ ਦੇ ਚਰਨਾਂ ਵਿਚ ਆਪਣੇ ਆਪ ਨੂੰ ਸਮਰਪਣ ਕਰ ਦਿੱਤਾ। ਮਹਾਰਾਜ ਤੋਂ ਦੀਖਿਆ ਲਈ। ਪੰਜ ਸਾਲ ਸੇਵਾ ਵਿਚ ਰਹੇ। ਸੰਤ ਮਾਨ ਸਿੰਘ ਜੀ ਨੇ ਹੋਣਹਾਰ ਜਾਣਕੇ ਸੰਸਕ੍ਰਿਤ ਪੜ੍ਹਨ ਵਾਸਤੇ ਕਾਸ਼ੀ ਭੇਜ ਦਿੱਤਾ।"[94] 18 ਸਾਲ ਕਾਸ਼ੀ ਵਿਚ ਵਿਦਿਆ ਦਾ ਅਧਿਐਨ ਕੀਤਾ। ਪ੍ਰਕਾਂਡ ਪੰਡਿਤ ਬਣਕੇ ਗੁਰੂਦੇਵ ਦੇ ਚਰਨਾਂ ਵਿਚ ਪੁੱਜ ਗਏ। ਸੰਤ ਮਾਨ ਸਿੰਘ ਜੀ ਬੜੇ ਪ੍ਰਸੰਨ ਹੋਏ। ਵਿਦਿਆ, ਸੇਵਾ, ਸਿਮਰਨ, ਨਿਮ੍ਰਤਾ ਵੇਖ ਕੇ ਆਪਣੇ ਸਥਾਨ ਦੇ ਮਹੰਤ ਬਣਾ ਦਿੱਤੇ। ਇਨ੍ਹਾਂ ਜੀ ਕੋਲ ਅਨੇਕ ਵਿਦਿਆਰਥੀ ਪੜ੍ਹਨ ਲਈ ਆਉਣ ਲੱਗੇ। ਵਿਦਿਆ ਦੀ ਟਕਸਾਲ ਪ੍ਰਸਿੱਧ ਹੋ ਗਈ। ਇਨ੍ਹਾਂ ਦੀ ਵਿਸ਼ੇਸ਼ਤਾ ਇਹ ਸੀ ਕਿ ਕੇਵਲ ਸੰਸਕ੍ਰਿਤ ਦੇ ਵਿਦਿਆਰਥੀ ਹੀ ਨਹੀਂ ਸਗੋਂ ਗੁਰਬਾਣੀ ਅਤੇ ਭਾਸ਼ਾ ਦੇ ਵਿਦਿਆਰਥੀ ਵੀ ਵਿਦਿਆ ਪ੍ਰਾਪਤ ਕਰ ਰਹੇ ਸਨ। ਭੇਖ ਵਿਚ ਵੀ ਇਨ੍ਹਾਂ ਦਾ ਪੂਰਨ ਸਤਿਕਾਰ ਸੀ। ਇਹ ਅਖਾੜੇ ਦੇ ਕੰਮਾਂ ਵਿਚ ਵੀ ਸ੍ਰੀ ਮਹੰਤ ਜੀ ਨੂੰ ਪੂਰਣ ਸਹਿਯੋਗ ਦਿੰਦੇ ਸਨ, ਅਖਾੜੇ ਨੂੰ ਬਣਾਉਣ ਵਿਚ ਵੀ ਇਨ੍ਹਾਂ ਦਾ ਬਹੁਤ ਯੋਗਦਾਨ ਹੈ। ਸ੍ਰੀ ਮਹੰਤ ਮਹਿਤਾਬ ਸਿੰਘ ਜੀ ਦੇ ਅਕਾਲ ਚਲਾਣੇ ਉਪਰੰਤ ਇਨ੍ਹਾਂ ਨੂੰ ਇਹ ਸੇਵਾ ਸੌਂਪ ਦਿੱਤੀ ਗਈ।

ਇਨ੍ਹਾਂ ਦੇ ਸਮੇਂ ਦੀਆਂ ਦੋ ਘਟਨਾਵਾਂ ਪ੍ਰਮੁੱਖ ਹਨ: ਤ੍ਰਿਯੰਬਕੇਸ਼੍ਵਰ ਮਹਾਂਦੇਵ ਦੇ ਮੰਦਰ ਦੇ ਪਾਂਡਿਆਂ ਵੱਲੋਂ ਨਿਰਮਲ ਅਖਾੜੇ ਨੂੰ ਪੂਜਾ ਕਰਨ ਤੋਂ ਰੋਕਣ 'ਤੇ ਨਿਰਮਲੇ ਵਿਦਵਾਨਾਂ ਨੇ ਉਨ੍ਹਾਂ ਨਾਲ ਸ਼ਾਸਤ੍ਰਾਰਥ ਕੀਤਾ ਅਤੇ ਪਾਂਡਿਆਂ ਨੂੰ ਗੁਰਮਤਿ ਸਿਧਾਂਤ ਦੀ ਸ਼੍ਰੇਸ਼ਟਤਾ ਤੋਂ ਜਾਣੂ ਕਰਵਾਇਆ। ਦੂਸਰੀ ਘਟਨਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਲ ਸੰਬੰਧਿਤ ਹੈ।

ਪਹਿਲੀ ਘਟਨਾ ਦੇ ਵੇਰਵੇ ਨਿਰਮਲ ਸੰਪ੍ਰਦਾਇ ਦੇ ਗ੍ਰੰਥਾਂ ਅਤੇ ਪਰੰਪਰਾ ਵਿਚ ਮੌਜੂਦ ਹਨ ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਪੰਡਿਤ ਰਾਮ ਸਿੰਘ ਜੀ ਦੇ ਸ੍ਰੀ ਮਹੰਤ ਚੁਣਨ ਸਮੇਂ ਰਮਤ ਨਿਰਮਲ ਅਖਾੜਾ ਮਾਝੇ, ਮਾਲਵੇ ਵਿਚ ਪ੍ਰਚਾਰ ਕਰਨ ਤੋਂ ਬਾਅਦ ਕਈ ਹੋਰਨਾਂ ਸਥਾਨਾਂ ਤੋਂ ਹੁੰਦਾ ਹੋਇਆ ਬੰਬਈ ਪੁੱਜਾ। ਬੰਬਈ ਦੀ ਪੜ੍ਹੀ ਲਿਖੀ ਜਨਤਾ ਵਿਚ ਪ੍ਰਭਾਵਸ਼ਾਲੀ ਵਿਗਿਆਨਕ ਢੰਗ ਨਾਲ ਗੁਰਮਤਿ ਦੀ ਵਿਆਖਿਆ ਕਰਨ

---

[94] ਮਹੰਤ ਤੇਜਾ ਸਿੰਘ ਐਮ.ਏ, *ਨਿਰਮਲ ਦਰਪਣ*, ਪੰਨਾ 47.

ਵਾਸਤੇ ਇਨ੍ਹਾਂ ਨੇ ਪੰਡਿਤ ਦੀਵਾਨ ਸਿੰਘ ਜੀ ਠੀਕਰੀਵਾਲੇ ਅਤੇ ਪੰਡਿਤ ਈਸ਼ਰ ਸਿੰਘ ਜੀ 'ਕਲਯੁਗ' ਨੂੰ ਰਮਤ ਅਖਾੜੇ ਵਿਚ ਭੇਜ ਦਿੱਤਾ। ਇਨ੍ਹਾਂ ਵਿਦਵਾਨਾਂ ਦੇ ਵਿਆਖਿਆਨ ਸੁਣਕੇ ਸ਼ਹਿਰ ਦੇ ਪ੍ਰੇਮੀ ਬੜੇ ਪ੍ਰਸੰਨ ਹੋਏ। ਇਸ ਤਰ੍ਹਾਂ ਅਖਾੜਾ ਪ੍ਰਚਾਰ ਕਰਦਾ ਹੋਇਆ ਸੰਮਤ 1929 (1872 ਈ.) ਦੇ ਤ੍ਰਿਯੰਬਕ ਨਾਸਿਕ ਪੁੱਜ ਗਿਆ।

'ਸ੍ਰੀ ਨਿਰਮਲ ਪੰਚਾਇਤੀ ਅਖਾੜੇ' ਦੀ ਸਥਾਪਨਾ ਨੂੰ ਕਿਉਂਕਿ ਥੋੜ੍ਹਾ ਸਮਾਂ ਹੋਇਆ ਸੀ ਇਸ ਲਈ ਇਹ ਅਖਾੜਾ ਇੱਥੇ ਦੇ ਕੁੰਭ 'ਤੇ ਪਹਿਲੀ ਵਾਰ ਆਇਆ ਸੀ। "ਅਖਾੜੇ ਨੇ ਧ੍ਵਜਾ ਖੜੀ ਕਰਕੇ ਛਾਉਣੀ ਲਾ ਦਿੱਤੀ। ਕਥਾ, ਕੀਰਤਨ, ਧਰਮ ਪ੍ਰਚਾਰ, ਲੰਗਰ ਆਦਿ ਅਰੰਭ ਕੀਤਾ ਗਿਆ ਤੇ ਸ਼ਾਨਦਾਰ ਸ਼ਾਹੀ ਕੱਢੀ ਗਈ। ਤ੍ਰਿਯੰਬਕੇਸ੍ਵਰ ਮੰਦਰ ਵਿਚ ਪੰਡਿਤਾਂ ਨੇ ਇਹ ਰੀਤ ਬਣਾਈ ਹੋਈ ਸੀ ਕਿ ਇੱਥੇ ਕੋਈ ਵੀ ਸਾਧੂ ਸੀਤੇ ਬਸਤਰ ਧਾਰਨ ਕਰਕੇ ਦਰਸ਼ਨ ਕਰਨ ਨਹੀਂ ਜਾ ਸਕਦਾ। ਪਰ ਜਦੋਂ ਅਖਾੜਾ ਤ੍ਰਿਯੰਬਕ ਮੰਦਰ ਵਿਚ ਪੂਜਾ ਕਰਨ ਗਿਆ ਤਾਂ ਪੁਜਾਰੀ ਪੰਡਿਆਂ ਨੇ ਇਹ ਕਹਿ ਕੇ ਰੋਕ ਦਿੱਤਾ, 'ਇਹ ਅਖਾੜਾ ਪਹਿਲਾਂ ਕਦੇ ਨਹੀਂ ਆਇਆ। ਇਸ ਅਖਾੜੇ ਦੇ ਸਾਧੂ ਪੜ੍ਹੇ ਹੋਏ ਨਹੀਂ ਹਨ। ਇਨ੍ਹਾਂ ਨੂੰ ਪੂਜਾ ਕਰਨ ਦਾ ਅਧਿਕਾਰ ਨਹੀਂ।' ਨਿਰਮਲੇ ਸੰਤ ਪੂਜਾ ਕਰਨ ਵਾਸਤੇ ਯਤਨ ਕਰਨ ਲੱਗੇ। ਦੋਨਾਂ ਪਾਸਿਆਂ ਤੋਂ ਵਾਦ-ਵਿਵਾਦ ਅਰੰਭ ਹੋ ਗਿਆ। ਅੰਤ ਸਰਕਾਰ ਨੂੰ ਦਖ਼ਲ ਦੇਣਾ ਪਿਆ। ਇਸ ਸਮੇਂ ਪੰਡਿਆਂ ਨਾਲ ਧਰਮ ਸਾਸ਼ਤਰੀ ਬਹਿਸ ਸ਼ੁਰੂ ਹੋਈ, ਪੰਡਿਤ ਦੀਵਾਨ ਸਿੰਘ ਜੀ ਠੀਕਰੀ ਵਾਲਿਆਂ ਨੇ ਡੇਢ ਘੰਟਾ ਸੰਸਕ੍ਰਿਤ ਵਿਚ ਵਿਆਖਿਆਨ ਦੇ ਕੇ ਸਾਸ਼ਤ੍ਰਾਂ ਅਨੁਸਾਰ ਸਿੱਧ ਕੀਤਾ ਕਿ ਨਿਰਮਲ ਭੇਖ ਦੇ ਅਖਾੜੇ ਨੂੰ ਤ੍ਰਿਯੰਬਕ ਮਹਾਂਦੇਵ ਦੀ ਪੂਜਾ ਕਰਨ ਦਾ ਪੂਰਨ ਅਧਿਕਾਰ ਹੈ, ਜਿਸ ਨੂੰ ਪੰਡਿਆਂ ਅਤੇ ਸਰਕਾਰ ਨੇ ਨਤਮਸਤਕ ਹੋ ਕੇ ਪ੍ਰਵਾਨ ਕੀਤਾ। ਇਸ ਤਰ੍ਹਾਂ ਸੰਸਕ੍ਰਿਤ ਦੇ ਸਲੋਕਾਂ ਦੁਆਰਾ ਸ਼ਾਸਤ੍ਰਾਰਥ ਕਰ ਕੇ ਨਿਰਮਲੇ ਸੰਤਾਂ ਨੇ ਆਪਣੇ ਵਿਦਿਆਪਤੀ ਹੋਣ ਦਾ ਸਬੂਤ ਦਿੱਤਾ। ਇਸ ਸ਼ਾਸਤ੍ਰਾਰਥ ਉਪਰੰਤ ਸਰਕਾਰ ਅਤੇ ਪੁਜਾਰੀਆਂ ਵੱਲੋਂ ਲਿਖਤੀ ਰੂਪ ਵਿਚ ਨਿਰਮਲ ਅਖਾੜੇ ਨੂੰ ਵਿਸ਼ੇਸ਼ ਅਧਿਕਾਰ ਦਿੱਤਾ ਗਿਆ ਕਿ, "ਨਿਰਮਲ ਭੇਖ ਦੇ ਸੰਤ ਖੱਦਰ, ਰੇਸ਼ਮ ਆਦਿਕ ਸਭ ਤਰ੍ਹਾਂ ਦੇ ਸੀਤੇ ਕੱਪੜਿਆਂ/ਕਛਿਹਰਿਆਂ ਸਹਿਤ ਤ੍ਰਿਯੰਬਕ ਮਹਾਂਦੇਵ ਦੀ ਪੂਜਾ ਕਰਨ ਦਾ ਵਿਸ਼ੇਸ਼ ਅਧਿਕਾਰ ਰੱਖਦੇ ਹਨ, ਜਦੋਂ ਕਿ ਪੁਰਾਤਨ ਸਮੇਂ ਤੋਂ ਖਟਦਰਸ਼ਨ ਸਾਧੂ ਸਮਾਜ, ਬ੍ਰਾਹਮਣ ਵਰਗ ਅਣਸੀਤੇ ਰੇਸ਼ਮ ਜਾਂ ਉਨੀ ਵਸਤਰ ਪਹਿਨ ਕੇ ਹੀ ਜਾ ਸਕਦੇ ਸਨ।"[95]

---

[95] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 205.

ਇਤਿਹਾਸਕ ਲਿਖਤਾਂ ਇਸ ਗੱਲ ਦੀ ਗਵਾਹੀ ਵੀ ਭਰਦੀਆਂ ਹਨ ਕਿ ਦੂਸਰੇ ਸ੍ਰੀ ਮਹੰਤ ਰਾਮ ਸਿੰਘ ਜੀ ਕੁਬੇਰੀਏ ਦੇ ਸਮੇਂ ਤੋਂ ਹੀ ਕੁੱਝ ਨਿਰਮਲੇ ਸੰਤ ਪੰਜ ਕਕਾਰਾਂ ਦੇ ਧਾਰਨੀ ਨਹੀਂ ਸਨ। ਜਿਸਦੇ ਚਲਦਿਆਂ ਨਿਰਮਲੇ ਸੰਤਾਂ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਵਿਚਕਾਰ ਝਗੜਾ ਵੀ ਹੋਇਆ। ਇਸ ਸਮੇਂ ਇਕ ਰਮਤ ਅਖਾੜਾ ਤ੍ਰਿਯੰਬਕ ਨਾਸਿਕ ਆਦਿ ਤੋਂ ਹੁੰਦਾ ਹੋਇਆ ਹੈਦਰਾਬਾਦ ਚਲਾ ਗਿਆ। ਜਿੱਥੇ ਸੱਚਖੰਡ ਅਬਚਲ ਨਗਰ ਹਜ਼ੂਰ ਸਾਹਿਬ ਜੀ ਦੇ ਪ੍ਰਬੰਧਕ ਨੇ ਸੰਤਾਂ ਨੂੰ ਸੱਚਖੰਡ ਦਰਸ਼ਨਾਂ ਲਈ ਸੱਦਾ ਦਿੱਤਾ। ਇਸ ਸਮੇਂ ਸਿੱਖਾਂ ਵਿਚ ਦੋ ਧੜੇ ਸਨ। ਇਕ ਧੜਾ ਜੋ ਸੋਚਦਾ ਸੀ ਕਿ ਦੂਸਰਾ ਉਸਦੇ ਉਲਟ ਕਰਦਾ ਸੀ। ਇਕ ਧੜਾ ਕਹਿੰਦਾ ਸੀ ਨਿਰਮਲੇ ਪੰਜਾਂ ਕਕਾਰਾਂ ਦੀ ਰਹਿਤ ਨਹੀਂ ਰੱਖਦੇ। ਭਗਵੇਂ ਬਸਤਰ ਪਾਉਂਦੇ ਹਨ। ਉਹ ਤਖ਼ਤ ਆ ਕੇ ਪਹਿਲੇ ਦੰਡ ਪ੍ਰਵਾਨ ਕਰਨ, ਤਨਖਾਹ ਲਗਵਾਉਣ, ਪੰਜਾਂ ਕਕਾਰਾਂ ਦੀ ਰਹਿਤ ਰਖਣ ਦਾ ਪ੍ਰਣ ਕਰਨ, ਤਾਂ ਉਹ ਸੱਚਖੰਡ ਹਜ਼ੂਰ ਸਾਹਿਬ ਆ ਸਕਦੇ ਹਨ। ਦੂਸਰੇ ਧੜੇ ਵਾਲੇ ਸਿੰਘ ਕਹਿੰਦੇ ਸਨ ਕਿ 'ਨਿਰਮਲੇ ਸੰਤ' ਮਹਾਨ ਵਿਦਵਾਨ ਅਤੇ ਗੁਰੂ ਘਰ ਦੇ ਪ੍ਰਚਾਰਕ ਹਨ। ਆਇਆਂ ਦਾ ਸਵਾਗਤ-ਸਤਿਕਾਰ ਹੋਣਾ ਚਾਹੀਦਾ ਹੈ।

ਕਾਫ਼ੀ ਵਿਚਾਰਾਂ ਤੋਂ ਬਾਅਦ ਨਿਰਮਲੇ ਸੰਤਾਂ ਨੇ ਸੱਚਖੰਡ ਹਜ਼ੂਰ ਸਾਹਿਬ ਦਰਸ਼ਨਾਂ ਲਈ ਪ੍ਰਵੇਸ਼ ਕੀਤਾ ਤਾਂ ਕੁੱਝ ਅਨਸਰਾਂ ਵੱਲੋਂ ਉਨ੍ਹਾਂ ਨਾਲ ਦਰਬਾਰ ਸਾਹਿਬ ਵਿਚ ਝਗੜਾ ਕੀਤਾ ਗਿਆ। ਗੱਲ ਗੋਲੀ ਚੱਲਣ ਅਤੇ ਮਰਨ-ਮਾਰਨ ਤੱਕ ਆ ਗਈ। ਇਸ ਲੜਾਈ ਵਿਚ ਕਈ ਲੋਕ ਫੱਟੜ ਹੋ ਗਏ। ਕਈ ਨਿਰਮਲੇ ਸੰਤ ਗ੍ਰਿਫ਼ਤਾਰ ਵੀ ਕੀਤੇ ਗਏ। ਇਸ ਤੋਂ ਬਾਅਦ ਹਜ਼ੂਰ ਸਾਹਿਬ ਦੇ ਸਿੱਖਾਂ ਵੱਲੋਂ ਸਮੂਹ ਸਿੱਖ ਧਰਮ ਸਥਾਨਾਂ ਦੇ ਨਾਲ-ਨਾਲ ਪੰਜਾਬ ਵਿਚ ਵੀ ਚਿੱਠੀ ਪੱਤਰ ਭੇਜੇ ਗਏ ਕਿ ਨਿਰਮਲੇ ਪਤਿਤ ਹਨ। ਇਨ੍ਹਾਂ (ਨਿਰਮਲਿਆਂ) ਨਾਲ ਹਰ ਤਰ੍ਹਾਂ ਦਾ ਵਰਤ-ਵਰਤਾਰਾ ਬੰਦ ਕਰਕੇ ਗੁਰਦੁਆਰਿਆਂ ਵਿਚ ਇਨ੍ਹਾਂ ਦਾ ਦਾਖ਼ਲਾ ਬੰਦ ਕੀਤਾ ਜਾਵੇ। ਦੱਖਣੀਆਂ ਦਾ ਝੂਠਾ ਪ੍ਰਚਾਰ ਸੁਣਕੇ ਪੰਜਾਬ ਦੇ ਸਿੱਖ ਵੀ ਨਿਰਮਲੇ ਸੰਤਾਂ 'ਤੇ ਤਰਕ-ਵਿਤਰਕ ਕਰਨ ਲੱਗੇ। ਇਹ ਮਸਲਾ ਦੂਜੇ ਸ੍ਰੀ ਮਹੰਤ ਸਾਹਿਬ ਜੀ ਦੇ ਸਮੇਂ ਸ਼ੁਰ ਹੋਇਆ ਅਤੇ ਪੂਰਨ ਰੂਪ ਵਿਚ ਸੱਤਵੇਂ ਸ੍ਰੀ ਮਹੰਤ ਜੀਵਨ ਸਿੰਘ ਜੀ ਕਾਸ਼ੀ ਦੇ ਸਮੇਂ ਤੱਕ ਚੱਲਕੇ ਸ਼ਾਂਤ ਹੋਇਆ। ਇਸ ਘਟਨਾ ਦਾ ਜ਼ਿਕਰ ਤੀਜੇ ਅਧਿਆਇ (ਨਿਰਮਲ ਸੰਪ੍ਰਦਾਇ ਦਾ ਧਾਰਮਿਕ ਯੋਗਦਾਨ) ਵਿਚ ਕੀਤਾ ਜਾਵੇਗਾ।

ਸ੍ਰੀਮਾਨ ਪੰਡਿਤ ਰਾਮ ਸਿੰਘ ਜੀ ਕੁਬੇਰੀਏ ਨਾਮ ਬਾਣੀ ਦੇ ਅਭਿਆਸੀ ਸਿਮਰਨ ਵਿਚ ਅਧਿਕ ਸਮਾਂ ਬਤੀਤ ਕਰਦੇ ਸਨ। ਸੱਚਖੰਡ ਹਜ਼ੂਰ ਸਾਹਿਬ ਦੇ ਮੁਕੱਦਮੇ ਅਤੇ ਬਾਕੀ ਵਾਦ-ਵਿਵਾਦ ਵਲ ਵੀ ਸਮਾਂ ਦੇਣਾ

ਪੈਂਦਾ ਸੀ। "ਅਖਾੜੇ ਦੇ ਕੰਮਾਂ ਨੂੰ ਚਲਾਉਣ ਵਾਸਤੇ 1932 ਬਿ. ਸੰਮਤ ਨੂੰ ਆਪ ਜੀ ਨੇ ਉਸ ਸਮੇਂ ਦੇ ਪ੍ਰਸਿਧ ਵਿਦਵਾਨ ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਨੂੰ ਨਾਇਬ ਸ੍ਰੀ ਮਹੰਤ ਨਿਯਤ ਕੀਤਾ।"[96]

ਇਸ ਤੋਂ ਬਾਅਦ ਭੇਖ ਵਿਚ ਕਈ ਸ੍ਰੀ ਮਹੰਤ ਸਾਹਿਬਾਨ ਨੇ ਆਪਣੇ ਕਾਰਜ ਦੀ ਸਹਾਇਤਾ ਲਈ ਨਾਇਬ ਸ੍ਰੀ ਮਹੰਤਾਂ ਦੀ ਨਿਯੁਕਤੀ ਵੀ ਕੀਤੀ। ਸ੍ਰੀ ਮਹੰਤ ਸ੍ਰੀਮਾਨ ਪੰਡਿਤ ਰਾਮ ਸਿੰਘ ਜੀ ਕੁਬੇਰੀਏ ਨੇ ਨਿਰਮਲ ਸੰਪ੍ਰਦਾਇ ਲਈ ਬਹੁਤ ਪ੍ਰਸੰਸਾਯੋਗ ਕਾਰਜ ਕੀਤੇ। "ਇਨ੍ਹਾਂ ਨੇ ਆਪਣੇ ਸਮੇਂ ਵਿਚ ਕਨਖਲ ਵਿਚਲੀ ਭਵਨਾ ਵਾਲੀ ਹਵੇਲੀ, ਬਹਿਲਖਾਨੇ ਵਾਲੀ ਹਵੇਲੀ, ਕੁਠਾਰ ਵਾਲੀ ਹਵੇਲੀ ਅਤੇ ਨਿਰਮਲ ਛਾਉਣੀ ਸ਼ਟੇਸ਼ਨ ਤੋਂ ਪਾਰ (ਹਰਿਦੁਆਰ) ਵਾਲੀ ਜਗ੍ਹਾ ਖਰੀਦੀ, ਉਪਰੰਤ ਪ੍ਰਾਯਾਗਰਾਜ (ਇਲਾਹਾਬਾਦ) ਵਿਖੇ ਕੀਟਗੰਜ ਪੀਲੀ ਕੋਠੀ ਖਰੀਦੀ।"[97] ਇਹ ਸਾਰੀ ਜਾਇਦਾਦ ਨਿਰਮਲ ਪੰਥ ਦੇ ਚੰਗੇ ਭਵਿੱਖ ਅਤੇ ਗੁਰਮਤਿ ਪ੍ਰਚਾਰ-ਪ੍ਰਸਾਰ ਨੂੰ ਮੁੱਖ ਰੱਖ ਕੇ ਖਰੀਦੀ ਗਈ। 25 ਸਾਲ ਸ੍ਰੀ ਮਹੰਤ ਰਹਿਣ ਉਪਰੰਤ ਸੰਨ 1896 ਈ. ਵਿਚ ਇਹ ਅਕਾਲ ਚਲਾਣਾ ਕਰ ਗਏ। ਸਮੂਹ ਸੰਤਾਂ-ਮਹੰਤਾਂ ਵੱਲੋਂ ਇਨ੍ਹਾਂ ਦੇ ਭੋਗ ਵਾਲੇ ਦਿਨ ਪੰਡਿਤ ਊਧਵ ਸਿੰਘ ਜੀ ਨੂੰ 'ਸ੍ਰੀ ਮਹੰਤ' ਚੁਣ ਲਿਆ ਗਿਆ।

**ਪੰਡਿਤ ਤਾਰਾ ਸਿੰਘ ਜੀ 'ਨਰੋਤਮ'**

ਇਹ ਨਿਰਮਲ ਸੰਪ੍ਰਦਾਇ ਦੇ ਪਹਿਲੇ ਨਾਇਬ ਸ੍ਰੀ ਮਹੰਤ ਸਨ। ਪੰਡਿਤ ਤਾਰਾ ਸਿੰਘ 'ਨਰੋਤਮ' ਦੇਸ਼ ਦੇ ਪ੍ਰਸਿਧ ਵਿਦਵਾਨਾਂ ਵਿਚੋਂ ਇਕ ਸਨ। ਰਾਜੇ, ਮਹਾਰਾਜੇ, ਸਾਧੂ ਸਮਾਜ ਅਤੇ ਜਨ ਸਧਾਰਨ ਇਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਸਨ। ਇਨ੍ਹਾਂ ਦਾ ਜਨਮ "ਪਿੰਡ ਕਾਲਮਾਂ ਜ਼ਿਲ੍ਹਾ ਗੁਰਦਾਸਪੁਰ ਵਿਖੇ ਸੰਮਤ 1879 ਬਿ. (1822 ਈ.) ਵਿਚ ਹੋਇਆ। ਇਹ ਪਿੰਡ ਕਾਦੀਆਂ ਤੋਂ 3 ਕਿਲੋਮੀਟਰ ਦੂਰ ਹੈ। ਭਾਵੇਂ ਨਰੋਤਮ ਜੀ ਦੇ ਮਾਤਾ ਪਿਤਾ ਬਾਰੇ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ, ਫਿਰ ਵੀ ਪਤਾ ਲੱਗਦਾ ਹੈ ਕਿ 18-19 ਸਾਲ ਦੀ ਉਮਰ ਤੱਕ ਇਹ ਪਿਤਾ ਜੀ ਨੂੰ ਖੇਤੀਬਾੜੀ ਵਿਚ ਸਹਿਯੋਗ ਦਿੰਦੇ ਰਹੇ। ਇਹ ਵੀ ਪਤਾ ਲਗਦਾ ਹੈ ਕਿ ਇਨ੍ਹਾਂ ਦੇ ਪਿਤਾ ਧਾਰਮਿਕ ਰੁਚੀਆਂ ਵਾਲੇ, ਗੁਰਬਾਣੀ ਦੇ ਪ੍ਰੇਮੀ ਤੇ ਗੁਰਮੁਖੀ ਪੜ੍ਹੇ ਸਨ। 'ਨਰੋਤਮ' ਜੀ ਨੂੰ ਗੁਰਮੁਖੀ ਦੇ ਅੱਖਰ ਇਨ੍ਹਾਂ ਦੇ ਪਿਤਾ ਜੀ ਨੇ ਹੀ ਪੜ੍ਹਾਏ ਸਨ। ਗੁਰਮਤਿ ਦਾ ਅਧਿਐਨ ਕਰਨ ਦੀ ਪ੍ਰੇਰਣਾ ਵੀ ਪਿਤਾ ਜੀ ਨੇ ਹੀ ਦਿੱਤੀ ਸੀ। 20 ਸਾਲ ਦੀ ਉਮਰ ਵਿਚ ਇਕ ਦਿਨ ਬਿਆਸ ਨਦੀ ਦਾ ਪੱਤਣ ਪਾਰ ਕਰਕੇ ਪਿੰਡ

---

[96] ਮਹੰਤ ਤੇਜਾ ਸਿੰਘ ਐਮ.ਏ, *ਨਿਰਮਲ ਦਰਪਣ*, ਪੰਨਾ 47.

[97] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 222.

ਕਰਾਲਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸ੍ਰੀ ਮਾਨ ਪੰਡਿਤ ਗੁਲਾਬ ਸਿੰਘ ਜੀ ਦੇ ਚਰਨਾਂ ਵਿਚ ਪਹੁੰਚ ਗਏ।"[98] ਪੰਡਿਤ ਜੀ ਦਾ ਗਿੜਵੜੀ[99] (ਗਿਰਵੜੀ) ਨਦੀ ਕਿਨਾਰੇ ਆਸ਼ਰਮ ਸੀ, ਜਿਸ ਵਿਚ 30-35 ਸਾਧੂ ਹਰ ਸਮੇਂ ਕਥਾ-ਕੀਰਤਨ, ਸੇਵਾ-ਸਿਮਰਨ, ਵਿਦਿਆ ਅਧਿਐਨ ਕਰਦੇ ਸਨ। ਇੱਥੇ ਪਹੁੰਚ ਕੇ 'ਨਰੋਤਮ' ਜੀ ਦਿਨ ਰਾਤ ਆਸ਼ਰਮ ਦੀ ਸੇਵਾ ਕਰਦੇ, ਸੇਵਾ ਦਾ ਰੂਪ ਹੋ ਗਏ ਅਤੇ ਪੰਡਿਤ ਗੁਲਾਬ ਸਿੰਘ ਜੀ ਦੇ ਸ਼ਿਸ਼ ਬਣ ਗਏ।

ਇਕ ਦਿਨ ਪੰਡਿਤ ਗੁਲਾਬ ਸਿੰਘ ਜੀ ਨੇ ਇਨ੍ਹਾਂ ਨੂੰ ਕਿਹਾ, 'ਸ੍ਰੀ ਅੰਮ੍ਰਿਤਸਰ ਜਾ ਕੇ ਵਿਦਿਆ ਪ੍ਰਾਪਤ ਕਰੋ।' ਅੰਮ੍ਰਿਤਸਰ ਪਹੁੰਚ ਕੇ ਇਨ੍ਹਾਂ ਨੇ ਗੁਰਬਾਣੀ, ਗੁਰ-ਇਤਿਹਾਸ ਦਾ ਅਧਿਐਨ ਕੀਤਾ। ਇਥੋਂ ਸੰਸਕ੍ਰਿਤ ਦੀ ਵਿਦਿਆ ਪ੍ਰਾਪਤ ਕਰਨ ਲਈ ਕਾਸ਼ੀ ਚਲੇ ਗਏ, ਇਥੋਂ ਵਿਦਿਆ ਹਾਸਲ ਕਰਨ ਉਪਰੰਤ ਇਹ ਬੰਗਾਲ ਦੇ ਪ੍ਰਸਿੱਧ ਵਿਦਿਆ ਕੇਂਦਰ 'ਨਦੀਆ', 'ਸ਼ਾਂਤੀ ਦੀਪ ਆਸ਼ਰਮ' ਚਲੇ ਗਏ। ਇੱਥੇ ਵੇਦਾਂ, ਸ਼ਾਸਤ੍ਰਾਂ, ਉਪਨਿਸ਼ਦਾਂ ਆਦਿ ਦਾ ਗਿਆਨ ਹਾਸਲ ਕਰਕੇ ਧਰੰਧਰ ਪੰਡਿਤ ਵਿਦਵਾਨ ਬਣ ਗਏ। ਇਥੋਂ ਅਧਿਐਨ ਕਰਨ ਉਪਰੰਤ ਇਹ 1861 ਈ. ਦੀ ਅਰਧ ਕੁੰਭੀ ਤੇ ਹਰਿਦੁਆਰ ਪਹੁੰਚੇ। ਇਨ੍ਹਾਂ ਦੀ ਵਿਦਵਤਾ ਦੇ ਚਰਚੇ ਵਿਦਵਾਨ ਸੰਤਾਂ-ਮਹੰਤਾਂ ਵਿਚ ਹੋਣ ਲੱਗੇ। ਮਹਾਰਾਜਾ ਨਰਿੰਦਰ ਸਿੰਘ ਜੀ ਇਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਭੇਖ ਤੋਂ ਮੰਗ ਕੇ ਇਨ੍ਹਾਂ ਨੂੰ ਪਟਿਆਲੇ ਲੈ ਆਏ। ਰਿਹਾਇਸ਼ ਦਾ ਪ੍ਰਬੰਧ ਕਰਕੇ ਜਗੀਰ ਤੇ ਰਸਦਾਂ ਲਾ ਦਿੱਤੀਆਂ। ਰਿਆਸਤ ਅਤੇ ਰਾਜ ਘਰਾਣੇ ਦੇ ਰਾਜ ਗੁਰੂ ਨਿਯੁਕਤ ਕੀਤੇ ਗਏ। ਸਮੇਂ ਦਾ ਲਾਭ ਉਠਾਉਂਦੇ ਹੋਏ ਇੱਥੇ ਇਨ੍ਹਾਂ ਨੇ ਗੁਰਮਤਿ ਸਬੰਧੀ ਦਾਰਸ਼ਨਿਕ ਅਤੇ ਇਤਿਹਾਸਕ ਗ੍ਰੰਥਾਂ ਦੀ ਰਚਨਾ ਕਰਨੀ ਅਰੰਭ ਕਰ ਦਿੱਤੀ।

ਇਨ੍ਹਾਂ ਨੇ ਨਾਇਬ ਮਹੰਤ ਹੁੰਦਿਆਂ ਵੀ ਨਿਵਾਸ ਪਟਿਆਲਾ ਵਿਖੇ ਹੀ ਰੱਖਿਆ। ਲਿਖਣ-ਪੜ੍ਹਨ ਦਾ ਕੰਮ ਕਰਦੇ ਵੀ ਇਹ ਅਖਾੜੇ ਦੇ ਕੰਮਾਂ ਵਿਚ ਪੂਰੀ ਨਿਗ੍ਹਾ ਰੱਖਦੇ ਸਨ। ਕੁੰਭ ਤੋਂ ਥੋੜ੍ਹਾ ਸਮਾਂ ਮਗਰੋਂ ਪੰਡਿਤ ਜੀ ਪਟਿਆਲੇ ਵਿਚ ਸੰਮਤ 1948 (1891 ਈ.) ਵਿਚ ਬ੍ਰਹਮਲੀਨ ਹੋ ਗਏ। ਸਤ੍ਹਾਰੀ ਵਾਲੇ ਦਿਨ ਭਾਰੀ ਇਕੱਠ ਹੋਇਆ। ਨਿਰਮਲ ਭੇਖ ਤੇ ਸਮੂਹ ਸਾਧੂ ਸਮਾਜ ਇਕੱਠਾ ਹੋਇਆ। ਸ੍ਰੀ ਮਹੰਤ ਸਾਹਿਬ, ਰਿਆਸਤਾਂ ਦੇ ਰਾਜੇ ਸਮੇਤ ਅਧਿਕਾਰੀ ਪਹੁੰਚੇ ਹੋਏ ਸਨ। ਅਰਦਾਸ ਉਪਰੰਤ ਸ੍ਰੀ ਮਹੰਤ ਜੀ ਮਹਾਰਾਜ ਨੇ 'ਸ੍ਰੀਮਾਨ ਪੰਡਿਤ ਦੀਵਾਨ ਸਿੰਘ ਜੀ ਠੀਕਰੀ ਵਾਲਿਆਂ' ਨੂੰ ਨਾਇਬ ਸ੍ਰੀ ਮਹੰਤ ਨਿਯੁਕਤ ਕੀਤਾ। ਨਰੋਤਮ ਜੀ ਸੰਨ 1875 ਤੋਂ 1891 ਈ. ਤੱਕ 16 ਸਾਲ 'ਨਾਇਬ ਸ੍ਰੀ ਮਹੰਤ' ਰਹੇ।

---

[98] ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਦਜਾ, ਪੰਨਾ 898.

[99] ਗਿੜਵੜੀ ਜ਼ਿਲ੍ਹਾ ਹੁਸ਼ਿਆਰਪੁਰ ਦਾ ਇਕ ਪਿੰਡ ਹੈ। ਇਸ ਦੇ ਨਾਲ ਇਕ ਛੋਟੀ ਨਦੀ ਵਹਿੰਦੀ ਸੀ। ਇਥੇ ਪੰਡਿਤ ਗੁਲਾਬ ਸਿੰਘ ਜੀ ਦਾ ਆਸ਼ਰਮ ਸੀ।

**ਪੰਡਿਤ ਦੀਵਾਨ ਸਿੰਘ ਜੀ 'ਠੀਕਰੀ ਵਾਲੇ'**

ਇਹ ਨਿਰਮਲ ਸੰਪ੍ਰਦਾਇ ਦੇ ਦੂਜੇ ਨਾਇਬ ਸ੍ਰੀ ਮਹੰਤ ਹੋਏ ਹਨ। ਇਨ੍ਹਾਂ ਦਾ ਜਨਮ "1831 ਈ. ਵਿਚ ਪਿੰਡ ਠੀਕਰੀ ਵਾਲਾ ਜ਼ਿਲ੍ਹਾ ਬਰਨਾਲਾ ਵਿਚ ਹੋਇਆ। ਬਾਲ ਅਵਸਥਾ ਘਰ ਵਿਚ ਰਹੇ। ਦਸ ਬਾਰਾਂ ਸਾਲ ਦੀ ਉਮਰ ਵਿਚ ਪਿੰਡ ਦੇ ਡੇਰੇ ਸ੍ਰੀਮਾਨ ਮਹੰਤ ਹੀਰਾ ਸਿੰਘ ਜੀ ਦੇ ਚਰਨਾਂ ਵਿਚ ਆਉਣ ਲੱਗੇ। ਹੌਲੀ-ਹੌਲੀ ਪ੍ਰੇਮ ਵਧਦਾ ਗਿਆ, ਫਿਰ ਪੱਕੇ ਤੌਰ ਤੇ ਹੀ ਡੇਰੇ ਵਿਚ ਆ ਗਏ। ਹਰ ਸਮੇਂ ਸੇਵਾ ਵਿਚ ਲੱਗੇ ਰਹਿੰਦੇ। ਗੁਰਮੁਖੀ, ਹਿੰਦੀ ਪੜ੍ਹਦੇ ਰਹੇ। ਵਿਵੇਕ ਬੁੱਧੀ ਵੇਖਕੇ ਮਹਾਂਪੁਰਸ਼ਾਂ ਨੇ ਕਾਸ਼ੀ ਵਿਦਿਆ ਪੜ੍ਹਨ ਲਈ ਭੇਜ ਦਿੱਤਾ। ਜਿਥੇ ਆਪ ਜੀ ਗ੍ਰੰਥਾਂ ਦਾ ਦੀਰਘ ਅਧਿਐਨ ਕਰਕੇ ਪ੍ਰਕਾਂਡ ਪੰਡਿਤ ਬਣ ਗਏ।"[100] ਸਾਰੇ ਭੇਖ ਵਿਚ ਇਨ੍ਹਾਂ ਦੀ ਪ੍ਰਸਿੱਧੀ ਅਤੇ ਜਸ ਫੈਲ ਗਿਆ।

ਭੇਖ ਦੇ ਆਦੇਸ਼ਾਂ ਅਨੁਸਾਰ ਚਲਦੇ ਇਹ ਰਮਤ ਅਖਾੜੇ ਦਾ ਹਿੱਸਾ ਬਣੇ। 1872 ਈ. ਵਿਚ ਰਮਤ ਅਖਾੜੇ ਨਾਲ ਤ੍ਰਿਯੰਬਕੇਸ਼ਵਰ (ਨਾਸਿਕ) ਦਾ ਮੇਲਾ ਆ ਗਿਆ। ਨਿਰਮਲ ਰਮਤ ਅਖਾੜਾ ਵੀ ਸਜ-ਧਜ ਨਾਲ ਤ੍ਰਿਯੰਬਕ ਪੁੱਜਿਆ। ਇੱਥੇ ਮੰਦਰ ਵਿਚ ਪੂਜਾ ਨੂੰ ਲੈ ਕੇ ਪੰਡਿਤਾਂ ਅਤੇ ਭੇਖ ਦੇ ਸਾਧੂਆਂ ਨਾਲ ਧਰਮ ਸਾਸ਼ਤ੍ਰੀ ਬਹਿਸ ਵਿਚ ਪੰਡਿਤ ਦੀਵਾਨ ਸਿੰਘ ਜੀ ਨੇ ਇਥੋਂ ਦੇ ਪੰਡਿਤਾਂ ਨੂੰ ਡੇਢ ਘੰਟਾ ਸੰਸਕ੍ਰਿਤ ਵਿਚ ਪ੍ਰਮਾਣ ਦੇਣ ਉਪਰੰਤ ਉਨ੍ਹਾਂ ਨੂੰ ਸਾਸ਼ਤ੍ਰਾਰਥ ਵਿਚ ਨਿਰਉੱਤਰ ਕਰ ਦਿੱਤਾ। ਇਸ ਤਰ੍ਹਾਂ ਪੰਡਿਤ ਜੀ ਨੇ ਵਿਦਵਤਾ ਵਿਚ ਨਿਰਮਲ ਸੰਪ੍ਰਦਾਇ ਦਾ ਮਾਣ ਵਧਾਇਆ।

ਇਸ ਸ਼ਾਸਤ੍ਰਾਰਥ ਦੀ ਵਿਜੈ ਨਾਲ ਪੰਡਿਤ ਦੀਵਾਨ ਸਿੰਘ ਜੀ ਦਾ ਸਾਰੇ ਭੇਖ ਵਿਚ ਸਤਿਕਾਰ ਵਧ ਗਿਆ। ਪੰਡਿਤ ਜੀ ਸੰਨ 1893 ਈ. ਵਿਚ ਬ੍ਰਹਮਲੀਨ ਹੋ ਗਏ। ਇਹ ਕੇਵਲ ਤਿੰਨ ਸਾਲ ਸ੍ਰੀ ਨਾਇਬ ਮਹੰਤ ਰਹੇ। ਇਸ ਸਮੇਂ ਪੰਡਿਤ ਊਧਵ ਸਿੰਘ ਜੀ ਨਯਾਯਕ ਨੂੰ 'ਨਾਇਬ ਸ੍ਰੀ ਮਹੰਤ' ਬਣਾਇਆ ਗਿਆ।

**ਪੰਡਿਤ ਊਧਵ ਸਿੰਘ ਜੀ ਨਯਾਯਕ**

ਇਹ ਨਿਰਮਲ ਸੰਪ੍ਰਦਾਇ ਦੇ ਤੀਜੇ ਸ੍ਰੀ ਮਹੰਤ ਸਾਹਿਬ ਸਨ। ਇਨ੍ਹਾਂ ਦਾ ਜਨਮ ਪਿੰਡ ਕੱਲ੍ਹਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸ੍ਰ. ਲਹਿਣਾ ਸਿੰਘ ਦੇ ਘਰ 1840 ਈ. ਨੂੰ ਹੋਇਆ। ਹਾਲੇ ਪੰਜ ਸਾਲ ਦੇ ਹੀ ਸਨ ਕਿ ਸੰਤ ਵਿਰਤੀ ਧਾਰਨ ਕਰਕੇ ਪਿਤਾ ਜੀ ਘਰ ਤਿਆਗ ਗਏ, ਪਰ ਪਿੰਡ ਦੇ ਡੇਰੇ ਵਿਚ ਹੀ ਨਿਵਾਸ ਰੱਖਿਆ।

---

[100] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 226.

ਮੁੱਢਲੀ ਵਿਦਿਆ ਇਨ੍ਹਾਂ ਨੇ ਆਪਣੇ ਪਿਤਾ ਜੀ ਕੋਲੋਂ ਪਿੰਡ ਦੇ ਡੇਰੇ ਵਿਖੇ ਹੀ ਪ੍ਰਾਪਤ ਕੀਤੀ ਅਤੇ ਬਾਰਾਂ ਸਾਲ ਦੀ ਉਮਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਬਣ ਗਏ। ਭਾਸ਼ਾ ਦੇ ਹੋਰਨਾਂ ਗ੍ਰੰਥਾਂ ਦਾ ਅਧਿਐਨ ਕੀਤਾ। ਸੰਸਕ੍ਰਿਤ ਅਤੇ ਹੋਰ ਵਿਦਿਆ ਪ੍ਰਾਪਤੀ ਲਈ ਇਹ ਕਾਸ਼ੀ ਚਲੇ ਗਏ। ਇਸ ਸਮੇਂ ਕਾਸ਼ੀ ਵਿਚ ਪੰਡਿਤ ਗੁਲਾਬ ਸਿੰਘ ਜੀ ਰਹਿੰਦੇ ਸਨ। ਇਹ ਇਨ੍ਹਾਂ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਪੁੱਜ ਕੇ ਸ਼ਿਸ਼ ਬਣ ਗਏ ਅਤੇ ਪੜ੍ਹਨ ਲੱਗੇ। ਇਨ੍ਹਾਂ ਨੇ 15-16 ਸਾਲ ਅਜਿਹਾ ਅਧਿਐਨ ਕੀਤਾ ਕਿ ਇਹ ਕਾਸ਼ੀ ਦੇ ਚੁਣਵੇਂ ਪੰਡਿਤਾਂ ਵਿਚ ਗਿਣੇ ਜਾਣ ਲੱਗੇ। ਕਾਸ਼ੀ ਦੇ ਵੱਡੇ-ਵੱਡੇ ਬ੍ਰਾਹਮਣ, ਸੰਨਿਆਸੀ ਅਤੇ ਉਦਾਸੀ ਇਨ੍ਹਾਂ ਤੋਂ ਵਿਦਿਆ ਗ੍ਰਹਿਣ ਕਰਨ ਵਿਚ ਮਾਣ ਮਹਿਸੂਸ ਕਰਦੇ ਸਨ।

ਨਿਰਮਲ ਭੇਖ ਵਿਚ ਇਨ੍ਹਾਂ ਦਾ ਬਹੁਤ ਸਤਿਕਾਰ ਸੀ। ਵਿਦਵਤਾ ਅਤੇ ਧਰਮ-ਪ੍ਰਚਾਰ ਦੇ ਕਾਰਜਾਂ ਨੂੰ ਮੁੱਖ ਰੱਖ ਕੇ ਇਨ੍ਹਾਂ ਨੂੰ ਪਹਿਲਾਂ 'ਨਾਇਬ ਸ੍ਰੀ ਮਹੰਤ' ਬਣਾਇਆ ਗਿਆ। ਫਿਰ ਸ੍ਰੀ ਮਹੰਤ ਰਾਮ ਸਿੰਘ ਜੀ ਕਬੇਰੀਏ ਦੇ ਅਕਾਲ ਚਲਾਣੇ ਉਪਰੰਤ ਇਨ੍ਹਾਂ ਨੂੰ ਨਿਰਮਲ ਭੇਖ ਨੇ 'ਸ੍ਰੀ ਮਹੰਤ' ਦੀ ਸੇਵਾ ਸੌਂਪ ਦਿੱਤੀ। ਇਹ ਕਨਖਲ ਵਿਚ ਸਾਰਾ ਕੰਮ ਸੰਭਾਲਕੇ ਮੁੜ ਤ੍ਰਿਯੰਬਕੇਸ਼ਵਰ (ਨਾਸਿਕ) ਦੇ ਸਮਾਗਮ ਵਿਚ ਜਾ ਸ਼ਾਮਲ ਹੋਏ।

1905 ਈ. ਵਿਚ ਪ੍ਰਾਯਗਰਾਜ ਦਾ ਕੁੰਭ ਪਰਵ ਆ ਗਿਆ ਜਿਸਦੇ ਪ੍ਰਬੰਧ ਵਾਸਤੇ ਸੇਵਕਾਂ ਸਮੇਤ ਸ੍ਰੀ ਮਹੰਤ ਹੀ ਮਹਾਰਾਜ ਜੀ ਪਹਿਲਾਂ ਹੀ ਉਥੇ ਪਹੁੰਚ ਗਏ। ਇਸ ਵੇਲੇ ਇਨ੍ਹਾਂ ਦੀ ਉਮਰ 65 ਸਾਲ ਹੋ ਗਈ ਸੀ। ਬਿਮਾਰ ਹੋ ਜਾਣ ਕਾਰਨ ਕੁੰਭ ਦੇ ਅਰੰਭ ਹੋਣ ਤੋਂ ਦਸ ਦਿਨ ਪਹਿਲਾਂ 20 ਪੋਹ ਨੂੰ ਇਹ ਅਕਾਲ ਚਲਾਣਾ ਕਰ ਗਏ। ਅਚਾਨਕ ਹੋਈ ਮ੍ਰਿਤੂ ਕਾਰਨ ਸਮੂਹ ਸਾਧੂ ਸਮਾਜ ਵਿਚ ਸ਼ੋਕ ਦੀ ਲਹਿਰ ਫੈਲ ਗਈ। 17ਵੇਂ ਦਿਨ ਭੋਗ ਪੈਣ ਉਪਰੰਤ 4 ਮਾਘ ਨੂੰ ਸਾਰੇ ਭੇਖ ਦੀ ਮੁੜ ਇਕੱਤ੍ਰਤਾ ਹੋਈ ਜਿਸ ਵਿਚ ਸ੍ਰੀ ਮਾਨ ਪੰਡਿਤ ਸਾਧੂ ਸਿੰਘ ਜੀ ਪਟਿਆਲੇ ਵਾਲੇ 'ਸ੍ਰੀ ਮਹੰਤ' ਚੁਣੇ ਗਏ। ਸ੍ਰੀ ਮਾਨ ਪੰਡਿਤ ਊਧਵ ਸਿੰਘ ਜੀ ਨਯਾਯਕ ਸੰਨ 1896 ਤੋਂ 1905 ਈ. ਤੱਕ 9 ਸਾਲ 'ਸ੍ਰੀ ਮਹੰਤ' ਰਹੇ।

**ਪੰਡਿਤ ਸਾਧੂ ਸਿੰਘ ਜੀ**

ਪੰਡਿਤ ਸਾਧੂ ਸਿੰਘ ਜੀ ਦਾ ਜਨਮ "ਪਿਤਾ ਸ੍ਰ. ਸ਼ੋਭਾ ਸਿੰਘ, ਮਾਤਾ ਸ੍ਰੀ ਦੇਵੀ ਜੀ ਦੇ ਘਰ ਪਿੰਡ ਸਰਲੀਆਂ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਵਿਖੇ 1841 ਈ. ਵਿਚ ਹੋਇਆ। ਇਨ੍ਹਾਂ ਨੂੰ ਸਤਸੰਗ ਦਾ ਪ੍ਰੇਮ ਛੋਟੀ ਉਮਰ ਤੋਂ ਹੀ ਲੱਗ ਗਿਆ ਸੀ। 16 ਸਾਲ ਦੀ ਉਮਰ ਵਿਚ ਇਨ੍ਹਾਂ ਨੇ ਘਰ ਦਾ ਤਿਆਗ ਕਰ ਦਿੱਤਾ ਸੀ।

ਗਿਰਵੜੀ ਆਸ਼ਰਮ ਪਿੰਡ ਕੁਨਾਲਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪੁੱਜਕੇ ਪੰਡਿਤ ਗੁਲਾਬ ਸਿੰਘ ਜੀ ਦੇ ਸ਼ਿਸ਼ ਬਣ ਚੁਕੇ ਸਨ।"[101] ਡੇਰੇ ਵਿਚ ਸਾਧ ਸੰਗਤ ਦੀ ਸੇਵਾ ਕਰਨੀ ਅਤੇ ਵਿਦਿਆ ਪੜ੍ਹਨੀ ਇਨ੍ਹਾਂ ਦੇ ਦੋ ਹੀ ਕੰਮ ਸਨ।

12 ਸਾਲ ਡੇਰੇ ਵਿਚ ਸੇਵਾ ਕਰਦੇ ਹੋਏ ਇਨ੍ਹਾਂ ਨੇ ਭਾਸ਼ਾ ਦੇ ਅਨੇਕ ਗ੍ਰੰਥ ਪੜ੍ਹੇ। ਇਥੋਂ ਤਰਨ-ਤਾਰਨ ਜਾ ਕੇ ਗੁਰਮਤਿ ਦਾ ਉਚ ਅਧਿਐਨ ਕੀਤਾ ਅਤੇ ਨਾਲ ਹੀ ਸੰਸਕ੍ਰਿਤ ਵੀ ਪੜ੍ਹਦੇ ਰਹੇ। ਕਾਫ਼ੀ ਸਮਾਂ ਰੰਮਤ ਨਿਰਮਲ ਅਖਾੜੇ ਦੇ ਮੁਖੀਏ ਬਣਕੇ ਰੰਮਤ ਵੀ ਫੇਰਦੇ ਰਹੇ। ਇਨ੍ਹਾਂ ਦੀ ਵਿਆਖਿਆ ਦਾ ਬਹੁਤ ਪ੍ਰਭਾਵ ਪੈਂਦਾ, ਜਿਸ ਕਰਕੇ ਸੈਂਕੜੇ ਲੋਕ ਗੁਰਮਤਿ ਦੇ ਧਾਰਨੀ ਬਣੇ, ਸੈਂਕੜਿਆਂ ਨੇ ਅੰਮ੍ਰਿਤਪਾਨ ਕੀਤਾ।

ਕੁੱਝ ਸਮੇਂ ਬਾਅਦ ਇਹ ਰਮਤ ਅਖਾੜੇ ਦੀ ਸੇਵਾ ਛੱਡ ਕੇ ਆਪਣੇ ਗੁਰਭਾਈ ਪੰਡਿਤ ਤਾਰਾ ਸਿੰਘ ਨਰੋਤਮ ਜੀ ਕੋਲ ਪਟਿਆਲਾ ਆ ਗਏ। ਨਰੋਤਮ ਜੀ ਦੇ ਸੰਪਰਕ ਵਿਚ ਆਉਣ ਨਾਲ ਇਨ੍ਹਾਂ ਦੀ ਵੀ ਰਾਜ ਦਰਬਾਰ ਵਿਚ ਪਹਿਚਾਣ ਬਣ ਗਈ। ਗੁਰਬਾਣੀ ਦੀ ਕਥਾ/ਵਿਆਖਿਆਨ ਸਰਬਣ ਕਰਕੇ ਮਹਾਰਾਜਾ ਮਹਿੰਦਰ ਸਿੰਘ ਜੀ ਅਤੇ ਹੋਰ ਰਾਜ ਅਧਿਕਾਰੀ ਬਹੁਤ ਖੁਸ਼ ਹੋਏ। ਰਾਜ ਦਰਬਾਰ ਵਿਚੋ ਸਾਰੇ ਸਨਮਾਨ ਅਤੇ ਬਹੇੜਾ ਰੋਡ ਤੇ ਇਕ ਵਿਸ਼ੇਸ਼ ਸਥਾਨ ਬਣਾ ਕੇ ਇਨ੍ਹਾਂ ਨੂੰ ਦਿੱਤਾ ਗਿਆ। ਹੁਣ ਇਸ ਸਥਾਨ ਦਾ ਨਾਉਂ 'ਮਹੰਤ ਸਾਧੂ ਸਿੰਘ ਵਾਲਾ ਡੇਰਾ' ਪ੍ਰਸਿਧ ਹੈ।

ਪ੍ਰਯਾਗਰਾਜ ਦੇ ਕੁੰਭ ਸਮੇਂ ਵਿਚ 1905 ਈ. ਨੂੰ ਸ੍ਰੀ ਮਹੰਤ ਪੰਡਿਤ ਊਧਵ ਸਿੰਘ ਜੀ ਅਕਾਲ ਚਲਾਣਾ ਕਰ ਗਏ ਸਨ ਅਤੇ ਉਨ੍ਹਾਂ ਦੀ ਸਤ੍ਹਾਰੀ ਉਪਰੰਤ ਇਨਾਂ ਨੂੰ ਸ੍ਰੀ ਮਹੰਤ ਥਾਪਿਆ ਗਿਆ। ਬ੍ਰਿਧ ਅਵਸਥਾ ਹੋਣ ਕਰਕੇ ਪਹਿਲਾਂ ਤਾਂ ਇਨ੍ਹਾਂ ਨੇ ਇਨਕਾਰ ਦਿੱਤਾ ਪਰ ਫਿਰ ਇਹ ਇਸ ਕਰ ਕੇ ਤਿਆਰ ਹੋ ਗਏ ਕਿਉਂਕਿ ਅੰਤ ਨਿਹਾਲ ਸਿੰਘ ਜੀ ਪਟਿਆਲਾ ਅਤੇ ਮਹੰਤ ਮਿਹਰ ਸਿੰਘ ਜੀ ਨੂੰ ਇਨਾਂ ਦਾ ਸਹਾਇਕ ਨਿਯੁਕਤ ਕਰ ਦਿੱਤਾ ਸੀ।

1907 ਈ. ਵਿਚ ਇਹ ਪਟਿਆਲੇ ਆਏ ਜਿੱਥੇ ਕੁੱਝ ਦਿਨ ਬਿਮਾਰ ਰਹਿਣ ਤੋਂ ਬਾਅਦ ਮਾਘ ਵਦੀ 15 ਸੰਮਤ 1964 ਬਿ: (2 ਫਰਵਰੀ 1908 ਈ.) ਨੂੰ ਅਕਾਲ ਚਲਾਣਾ ਕਰ ਗਏ। ਸਤ੍ਹਾਰੀ ਦਾ ਭੋਗ ਪਟਿਆਲੇ ਹੀ ਪਾਇਆ ਗਿਆ। ਇਨ੍ਹਾਂ ਦੇ ਸੱਚਖੰਡ ਚਲੇ ਜਾਣ ਮਗਰੋਂ 8-9 ਮਹੀਨੇ ਦੋਵੇਂ ਸਹਾਇਕ (ਮਹੰਤ

[101] ਗਿ. ਗੁਰਮੀਤ ਸਿੰਘ, ਸੰਖਿਪਤ ਜੀਵਨ: ਸੱਤ ਸ੍ਰੀ ਮਹੰਤ ਜੀ, ਡਾ. ਕੁਲਵਿੰਦਰ ਸਿੰਘ (ਸੰਪਾ.), *ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ*, ਪੰਨਾ 98.

ਨਿਹਾਲ ਸਿੰਘ ਜੀ ਪਟਿਆਲਾ ਅਤੇ ਮਹੰਤ ਮਿਹਰ ਸਿੰਘ) ਅਖਾੜੇ ਦਾ ਪ੍ਰਬੰਧ ਕਰਦੇ ਰਹੇ। ਬਾਅਦ ਵਿਚ ਪੰਡਿਤ ਰਾਮ ਸਿੰਘ ਜੀ ਹਰੀਕੇ ਵਾਲੇ 'ਸ੍ਰੀ ਮਹੰਤ' ਥਾਪੇ ਗਏ।

ਸ੍ਰੀ ਮਾਨ ਪੰਡਿਤ ਸਾਧੂ ਸਿੰਘ ਜੀ ਨੇ ਸੰਨ 1905 ਤੋਂ 1908 ਈ. ਤੱਕ ਲਗਭਗ 3 ਸਾਲ 'ਸ੍ਰੀ ਮਹੰਤ' ਦੀ ਸੇਵਾ ਨਿਭਾਈ।

**ਪੰਡਿਤ ਰਾਮ ਸਿੰਘ ਜੀ ਹਰੀਕੇ ਵਾਲੇ**

ਪੰਡਿਤ ਰਾਮ ਸਿੰਘ ਜੀ ਦਾ ਜਨਮ ਪਿੰਡ ਹਰੀਕੇ ਜ਼ਿਲ੍ਹਾ ਮੁਕਤਸਰ ਵਿਖੇ ਜੱਟ-ਸਿੱਖ ਪਰਿਵਾਰ ਵਿਚ 1861 ਈ. ਨੂੰ ਹੋਇਆ। "ਪਿੰਡ ਦੇ ਡੇਰੇ ਸੰਤ ਮਸਤਾਨ ਸਿੰਘ ਜੀ ਦੇ ਚਰਨਾਂ ਵਿਚ ਪੁਜਕੇ ਸੇਵਾ ਕਰਦੇ, ਪੜ੍ਹਦੇ ਰਹੇ ਤੇ ਸ਼ਿਸ਼ ਬਣ ਗਏ। ਪਿੰਡ ਵਿਚ ਰਹਿੰਦੇ ਹੋਏ ਵੀ ਘਰ ਤੋਂ ਉਪਰਾਮ ਹੋ ਗਏ। ਬਸ ਸੇਵਾ-ਸਿਮਰਨ, ਪੜ੍ਹਾਈ ਤੋਂ ਬਿਨਾਂ ਹੋਰ ਕਿਸੇ ਪਾਸੇ ਰੁਚੀ ਨਹੀਂ ਸੀ। ਗੁਰਬਾਣੀ ਗੁਰ-ਇਤਿਹਾਸ ਦਾ ਅਧਿਐਨ ਵੀ ਕਰ ਲਿਆ। ਆਪ ਜੀ ਦੀ ਵਿਵੇਕ ਬੁੱਧੀ ਵੇਖਕੇ ਆਪ ਮਹਾਂਪੁਰਖਾਂ ਨੇ ਆਪ ਜੀ ਨੂੰ ਸੰਸਕ੍ਰਿਤ ਪੜ੍ਹਨ ਲਈ ਕਾਸ਼ੀ ਭੇਜ ਦਿੱਤਾ। ਕਾਸ਼ੀ ਆਪ ਜੀ ਨੇ ਮਨ ਲਾ ਕੇ ਪੜ੍ਹਾਈ ਕੀਤੀ, ਫਿਰ ਆਪ ਕਾਸ਼ੀ ਵਿਚ ਰਹਿ ਕੇ ਹੀ ਉਥੇ ਵਿਦਿਆਰਥੀਆਂ ਨੂੰ ਪੜ੍ਹਾਉਣ ਲੱਗੇ।"[102] ਇਹ ਕਾਸ਼ੀ ਦੇ ਪ੍ਰਸਿੱਧ ਪੰਡਿਤਾਂ ਵਿਚ ਮੰਨੇ ਗਏ।

ਪਿਛੋਂ ਇਹ ਪਿੰਡ ਹਰੀਕੇ ਵਾਪਸ ਆ ਗਏ ਅਤੇ ਇਸ ਸਮੇਂ ਇਨ੍ਹਾਂ ਦੇ ਗੁਰੂਦੇਵ ਸੰਤ ਮਸਤਾਨ ਸਿੰਘ ਜੀ ਆਪਣੇ ਗੁਰਭਾਈ ਸੰਤ ਗੁਰਮੁਖ ਸਿੰਘ ਜੀ ਨੂੰ ਡੇਰੇ ਦਾ ਪ੍ਰਬੰਧ ਸੰਭਾਲਕੇ ਸੱਚਖੰਡ ਚਲੇ ਗਏ। ਕੁੱਝ ਦਿਨ ਇਹ ਡੇਰੇ ਵਿਚ ਰਹੇ, ਫਿਰ ਪਿੰਡ ਤੋਂ ਬਾਹਰ ਕੁਟੀਆ ਪਾ ਕੇ ਰਹਿਣ ਲੱਗੇ। ਇੱਥੇ ਰਹਿੰਦੇ ਹੋਏ ਇਨ੍ਹਾਂ ਦਾ ਜਸ ਦੂਰ-ਦੂਰ ਤੱਕ ਫੈਲ ਗਿਆ।

1908 ਈ. ਵਿਚ ਤ੍ਰਿਯੰਬਕੇਸ਼ਵਰ (ਨਾਸਿਕ) ਦਾ ਕੁੰਭ ਪਰਵ ਆ ਗਿਆ। ਇਸ ਪਰਵ ਤੋਂ ਪਹਿਲਾਂ 'ਸ੍ਰੀ ਮਹੰਤ' ਪੰਡਿਤ ਸਾਧੂ ਸਿੰਘ ਜੀ ਬੈਕੁੰਠ ਸਿਧਾਰ ਗਏ ਸਨ। ਸਾਰਾ ਭੇਖ ਤ੍ਰਿਯੰਬਕੇਸ਼ਵਰ ਕੁੰਭ ਤੇ ਇਕੱਠਾ ਹੋਇਆ। ਪ੍ਰਵੇਸ਼ ਸ਼ਾਹੀ ਤੋਂ ਪਹਿਲਾਂ 'ਸ੍ਰੀ ਮਹੰਤ' ਜੀ ਦੀ ਚੋਣ ਕਰਨੀ ਜ਼ਰੂਰੀ ਸੀ। ਕਈ ਦਿਨ ਵਿਚਾਰਾਂ ਚਲਦੀਆਂ ਰਹੀਆਂ ਅਖ਼ੀਰ ਸੰਗਤ ਦੀ ਨਿਗ੍ਹਾ ਇਨ੍ਹਾਂ 'ਤੇ ਗਈ। ਇਕ ਉਚੇਚਾ ਸੰਤ ਭੇਜਕੇ ਇਨ੍ਹਾਂ ਨੂੰ ਨਾਸਿਕ

---

[102] ਗਿ. ਗੁਰਮੀਤ ਸਿੰਘ, ਸੰਖਿਪਤ ਜੀਵਨ: ਸੱਤ ਸ੍ਰੀ ਮਹੰਤ ਜੀ, ਡਾ. ਕੁਲਵਿੰਦਰ ਸਿੰਘ (ਸੰਪਾ.), *ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ*, ਪੰਨਾ 99.

ਬੁਲਾਇਆ ਗਿਆ। ਇਹ ਸਮੇਂ ਸਿਰ ਨਾਸਿਕ ਪੁੱਜ ਗਏ। ਇਨ੍ਹਾਂ ਦੇ ਨਾਉਂ ਦੀ ਪ੍ਰਵਾਨਗੀ ਤਾਂ ਪਹਿਲਾਂ ਹੀ ਹੋ ਚੁੱਕੀ ਸੀ, ਇਸ ਲਈ ਇਨ੍ਹਾਂ ਨੂੰ 'ਸ੍ਰੀ ਮਹੰਤ' ਦੀ ਪਦਵੀ 'ਤੇ ਵਿਭੂਸ਼ਤ ਕਰਕੇ ਜੈਕਾਰਿਆਂ ਦੀ ਗੂੰਜ ਵਿਚ ਪੱਗ ਸੌਂਪ ਦਿੱਤੀ ਗਈ। ਪ੍ਰਸਿੱਧ ਵਿਦਵਾਨ ਮਹੰਤ ਗਣੇਸ਼ਾ ਸਿੰਘ ਜੀ ਸਕੱਤਰ ਚੁਣੇ ਗਏ। ਕੁੰਭ ਸਮਾਪਤੀ ਤੋਂ ਬਾਅਦ ਇਹ ਕਨਖਲ ਆ ਗਏ।

ਸ੍ਰੀ ਮਹੰਤ ਪੰਡਿਤ ਊਧਵ ਸਿੰਘ ਜੀ ਨਯਾਯਕ ਸਮੇਂ ਨਵੰਬਰ 1904 ਈ. ਵਿਚ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਰਜਿਸਟਰਡ ਹੋ ਗਿਆ ਸੀ। ਉਸ ਸਮੇਂ ਕਈ ਤਰੁਟੀਆਂ ਰਹਿ ਗਈਆਂ ਸਨ, ਜਿਸ ਕਰਕੇ ਭੇਖ ਵਿਚ ਕਈ ਤਰ੍ਹਾਂ ਦੇ ਚਰਚੇ ਚਲ ਰਹੇ ਸਨ। ਪੰਡਿਤ ਰਾਮ ਸਿੰਘ ਜੀ ਹਰੀਕੇ ਵਾਲਿਆਂ ਨੂੰ 'ਸ੍ਰੀ ਮਹੰਤ' ਬਣੇ 5-6 ਮਹੀਨੇ ਹੋ ਗਏ ਤਾਂ ਚੇਤ੍ਰ 1966 (4 ਅਪ੍ਰੈਲ 1909 ਈ.) ਨੂੰ ਨਿਰਮਲ ਭੇਖ ਨੇ ਇਕ ਮੁੱਖ ਸੰਮਤੀ (ਜਨਰਲ ਕਮੇਟੀ) ਚੁਣੀ ਜਿਸ ਵਿਚ 13 ਮੈਂਬਰ (ਸੰਤ) ਲਏ ਗਏ। 6 ਦਿਨਾਂ ਮਗਰੋਂ (10 ਅਪ੍ਰੈਲ 1909 ਈ.) ਨੂੰ ਕੁੱਝ ਹੋਰ ਮੈਂਬਰ ਸ਼ਾਮਲ ਕਰਕੇ ਕੁਲ 31 ਮੈਂਬਰ ਬਣਾਏ ਗਏ। ਇਸ ਕਮੇਟੀ ਦੇ ਪ੍ਰਧਾਨ ਮਹੰਤ ਬੁੱਢਾ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਨੂੰ ਬਣਾਇਆ ਗਿਆ। ਪਰ ਸ੍ਰੀ ਮਹੰਤ ਦੀ ਚੋਣ ਨੂੰ ਲੈ ਕੇ ਭੇਖ ਵਿਚ 1904 ਈ. ਵੇਲੇ ਤੋਂ ਹੀ ਭ੍ਰਾਂਤੀ (ਆਪਸੀ ਮਤਭੇਦ) ਪੈਦਾ ਹੋ ਗਈ ਸੀ ਜਿਸਦੇ ਕਾਰਨ ਗੁਪਤ ਵਾਦ-ਵਿਵਾਦ ਜਾਰੀ ਰਿਹਾ। ਮਹੰਤ ਗਣੇਸ਼ਾ ਸਿੰਘ ਜੀ ਨੇ ਦੀਰਘ ਦ੍ਰਿਸ਼ਟੀ ਨਾਲ ਸੋਚ ਵਿਚਾਰ ਕਰਕੇ 1904 ਈ. ਵਾਲਾ ਮੈਮੋਰੰਡਮ 31 ਮੈਂਬਰੀ ਕਮੇਟੀ ਦੀ ਸੋਧ ਕਰਕੇ ਸੰਮਤ 1971 (3 ਦਸੰਬਰ 1914 ਈ.) ਨੂੰ ਤਰਮੀਮਾਂ ਸਹਿਤ ਨਵਾਂ ਮੈਮੋਰੰਡਮ ਪ੍ਰਵਾਨ ਕਰਕੇ ਸੰਤਾਂ-ਮਹੰਤਾਂ ਦੀ ਇਕ ਮੁੱਖ ਸੰਮਤੀ (ਜਨਰਲ ਕਮੇਟੀ) ਬਣਾਈ ਜਿਸ ਨੂੰ ਸਾਰੇ ਭੇਖ ਵੱਲੋਂ ਪ੍ਰਵਾਨਗੀ ਦਿੱਤੀ ਗਈ।"[103] ਇਹ ਕਮੇਟੀ ਕੁੱਝ ਸਾਲ ਬਾਅਦ 'ਨਿਰਮਲ ਮਹਾਂਮੰਡਲ' ਦੇ ਰੂਪ ਵਿਚ ਪ੍ਰਸਿਧ ਹੋਈ। ਇਹ ਨਿਰਮਲੇ ਸੰਪ੍ਰਦਾਇ ਦੇ ਰਾਜਸੀ ਮਸਲਿਆਂ ਦੇ ਹੱਲ ਲਈ ਬਣਾਈ ਗਈ ਸੀ। "ਨਿਰਮਲੇ ਸੰਤਾਂ ਦੀ ਰਾਜਨੀਤਿਕ ਸੰਸਥਾ 'ਨਿਰਮਲ ਮਹਾਂ ਮੰਡਲ' 1925 ਈ. ਵਿਚ ਕਾਇਮ ਕੀਤੀ ਗਈ ਤਾਂ ਉਸ ਦੇ ਪਹਿਲੇ ਪ੍ਰਧਾਨ ਮਹੰਤ ਰਤਨ ਸਿੰਘ ਜੀ, ਡੇਰਾ ਬਾਬਾ ਮਿਸ਼ਰਾ ਸਿੰਘ ਜੀ ਵਾਲੇ ਬਣਾਏ ਗਏ।"[104]

---

[103] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨੇ 264-65.

[104] ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 68.

16 ਅਪ੍ਰੈਲ 1920 ਈ. ਸ੍ਰੀਮਾਨ ਪੰਡਿਤ ਮੋਹਰ ਸਿੰਘ ਜੀ ਪਟਿਆਲੇ ਵਾਲਿਆਂ ਨੂੰ 'ਨਾਇਬ ਸ੍ਰੀ ਮਹੰਤ' ਨਿਯਤ ਕੀਤਾ ਗਿਆ ਅਤੇ ਮਹੰਤ ਹਰਨਾਮ ਸਿੰਘ ਜੀ ਪਟਿਆਲਾ, ਮਹੰਤ ਮੀਹਾਂ ਸਿੰਘ ਜੀ ਪ੍ਰਯਾਗਰਾਜ ਅਤੇ ਮਹੰਤ ਲਾਲ ਸਿੰਘ ਜੀ ਕਨਖਲ ਵੱਖ-ਵੱਖ ਸਕੱਤਰ ਬਣਾਏ ਗਏ।

ਇਸ ਸਮੇਂ ਭੇਖ ਵਿਚ ਕੁੱਝ ਅੰਦਰੂਨੀ ਮੱਤ-ਭੇਦ ਆ ਗਏ ਸਨ ਜਿਸਦਾ ਜ਼ਿਕਰ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਕਰਦੇ ਹਨ, "ਜਦੋਂ ਪੰਡਿਤ ਰਾਮ ਸਿੰਘ ਜੀ ਹਰੀਕੇ ਵਾਲਿਆਂ ਨੂੰ 'ਸ੍ਰੀ ਮਹੰਤ ਬਣਿਆ 5-6 ਮਹੀਨੇ ਹੋ ਗਏ ਤਾਂ ਚੇਤ੍ਰ 1966 (4 ਅਪ੍ਰੈਲ 1909) ਨੂੰ ਨਿਰਮਲ ਭੇਖ ਨੇ ਇਕ ਮੁੱਖ ਸਮਿਤੀ (ਜਨਰਲ ਕਮੇਟੀ) ਚੁਣੀ ਜਿਸ ਵਿਚ 13 ਮੈਂਬਰ ਬਣਾਏ ਗਏ। 6 ਦਿਨਾਂ ਮਗਰੋਂ (10 ਅਪ੍ਰੈਲ 1909) ਨੂੰ ਕੁੱਝ ਹੋਰ ਮੈਂਬਰ ਸ਼ਾਮਲ ਕਰਕੇ ਕੁੱਲ 31 ਮੈਂਬਰ ਬਣਾਏ ਗਏ। ਇਸ ਕਮੇਟੀ ਦੇ ਪ੍ਰਧਾਨ ਮਹੰਤ ਬੁੱਢਾ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਨੂੰ ਬਣਾਇਆ ਗਿਆ ਪਰ ਭੇਖ ਵਿਚ 1904 ਈ. ਵੇਲੇ ਤੋਂ ਹੀ ਭ੍ਰਾਂਤੀ ਪੈਦਾ ਹੋ ਗਈ ਸੀ ਜਿਸਦੇ ਕਾਰਨ ਗੁਪਤ ਵਾਦ-ਵਿਵਾਦ ਜਾਰੀ ਰਿਹਾ।"[105] ਉਕਤ ਜਨਰਲ ਕਮੇਟੀ ਕੁੱਝ ਸਾਲ ਬਾਅਦ 'ਨਿਰਮਲ ਮਹਾਂਮੰਡਲ' ਦੇ ਰੂਪ ਵਿਚ ਪ੍ਰਸਿੱਧ ਹੋਈ। ਭਾਵੇਂ ਸੰਪ੍ਰਦਾਇ ਵਿਚ ਕੁੱਝ ਗੁਪਤ ਵਾਦ-ਵਿਵਾਦ ਜਾਰੀ ਰਿਹਾ ਫਿਰ ਵੀ ਇਸ ਦੇ ਸੰਤ ਆਪਣੇ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਦੇ ਕਾਰਜਾਂ ਵਿਚ ਲੱਗੇ ਰਹੇ।

ਇਕ ਵਾਰ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲੇ ਪਟਿਆਲੇ ਆਏ ਅਤੇ ਇੱਥੇ ਬਿਮਾਰ ਹੋ ਗਏ ਅਤੇ ਇਨ੍ਹਾਂ ਨੂੰ ਵਾਪਸ ਕਨਖਲ ਲਿਆਂਦਾ ਗਿਆ। ਇੱਥੇ ਇਹ 10 ਦਸੰਬਰ 1927 ਈ. ਨੂੰ ਅਕਾਲ ਚਲਾਣਾ ਕਰ ਗਏ। ਸ੍ਰੀਮਾਨ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲੇ 1908 ਤੋਂ 1927 ਈ. ਤੱਕ 19 ਸਾਲ 'ਸ੍ਰੀ ਮਹੰਤ' ਦੀ ਪਦਵੀ ਤੇ ਰਹੇ। ਕੁੱਲ ਉਮਰ 66 ਸਾਲ ਸੀ।

ਇਨ੍ਹਾਂ ਦੇ ਅਕਾਲ ਚਲਾਣੇ ਉਪਰੰਤ 1927 ਈ. ਤੋਂ 1928 ਈ. ਤੱਕ 'ਨਾਇਬ ਸ੍ਰੀ ਮਹੰਤ' 'ਪੰਡਿਤ ਦਇਆ ਸਿੰਘ ਜੀ ਉਗੋ ਵਾਲੇ ਅਖਾੜੇ ਦਾ ਪ੍ਰਬੰਧ ਸੰਭਾਲਦੇ ਰਹੇ।

**ਪੰਡਿਤ ਦਇਆ ਸਿੰਘ ਜੀ ਉਗੋ**

ਇਹ ਨਿਰਮਲ ਸੰਪ੍ਰਦਾਇ ਦੇ ਨਾਇਬ ਸ੍ਰੀ ਮਹੰਤ ਸਨ। ਇਨ੍ਹਾਂ ਦਾ ਜਨਮ ਪਿੰਡ ਹੀਰੋ ਖ਼ੁਰਦ ਵਿਚ ਸੰਮਤ 1925 ਬਿਕ੍ਰਮੀ (1868 ਈ.) ਵਿਚ ਹੋਇਆ। ਬਚਪਨ ਘਰ ਵਿਚ ਹੀ ਬੀਤਿਆ। ਸੰਤ ਮਲੂਕ ਸਿੰਘ

---

105 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 238.

ਜੀ ਗੋਦੜੀਏ ਇਨ੍ਹਾਂ ਦੇ ਮਾਮੇ ਸਨ। ਇਸ ਲਈ ਇਹ ਬਚਪਨ ਤੋਂ ਹੀ ਇਨ੍ਹਾਂ ਦੀ ਸੇਵਾ ਵਿਚ ਰਹਿਣ ਲੱਗੇ। ਪ੍ਰੇਮ ਨਾਲ ਮਹਾਂਪੁਰਖਾਂ ਅਤੇ ਸਾਧ-ਸੰਗਤ ਦੀ ਸੇਵਾ ਕਰਦੇ ਹੋਏ ਪੜ੍ਹਦੇ ਰਹੇ। ਗੁਰਮਤਿ ਅਤੇ ਵੇਦਾਂਤ ਦੇ ਗ੍ਰੰਥਾਂ ਦਾ ਅਧਿਐਨ ਕੀਤਾ। ਸੰਤ ਮਲੂਕ ਸਿੰਘ ਜੀ ਦੀ ਮੰਡਲੀ ਵਿਚ ਪੜ੍ਹਦੇ ਸਮੇਂ ਸੇਵਾ ਕਰਦੇ ਹੋਏ ਉਨ੍ਹਾਂ ਦੇ ਸ਼ਿਸ਼ ਬਣ ਗਏ। ਮਹਾਂਪੁਰਖਾਂ ਦੀ ਆਗਿਆ ਅਨੁਸਾਰ ਉੱਚ ਵਿਦਿਆ ਦੀ ਪ੍ਰਾਪਤੀ ਲਈ ਕਾਸ਼ੀ ਚਲੇ ਗਏ। ਕਈ ਸਾਲ ਮਨ ਲਗਾ ਕੇ ਸੰਸਕ੍ਰਿਤ ਦੀ ਪੜ੍ਹਾਈ ਕੀਤੀ ਅਤੇ ਭਾਰਤੀ ਦਰਸ਼ਨ ਦੇ ਉੱਘੇ ਵਿਦਵਾਨ ਬਣ ਗਏ।

ਕਾਸ਼ੀ ਵਿਖੇ ਵਿਦਿਆ ਪ੍ਰਾਪਤੀ ਉਪਰੰਤ ਵਾਪਸ ਡੇਰੇ ਉਗੋ ਵਿਖੇ ਆ ਗਏ। ਇੱਥੇ ਵੀ ਹਰ ਸਮੇਂ ਵਿਦਿਆ ਅਧਿਐਨ ਵਿਚ ਹੀ ਲੱਗੇ ਰਹਿੰਦੇ। ਅਨੇਕ ਵਿਦਿਆਰਥੀ ਇਨਾਂ ਤੋਂ ਵਿਦਿਆ ਗ੍ਰਹਿਣ ਕਰਨ ਲੱਗੇ। ਨਿਰਮਲ ਸੰਪ੍ਰਦਾਇ ਵਿਚ ਇਨ੍ਹਾਂ ਦੀ ਬਹੁਤ ਪ੍ਰਸਿੱਧੀ ਹੋ ਗਈ। "ਇਸ ਲਈ 8 ਮਾਘ ਸੰਮਤ 1980 (21 ਜਨਵਰੀ 1924 ਈ.) ਵਿਚ ਇਨ੍ਹਾਂ ਨੂੰ ਪ੍ਰਯਾਗਰਾਜ ਦੀ ਅਰਧਕੁੰਭੀ 'ਤੇ 'ਨਾਇਬ ਸ੍ਰੀ ਮਹੰਤ' ਨਿਯਤ ਕੀਤਾ ਗਿਆ। ਪੰਡਿਤ ਰਾਮ ਸਿੰਘ ਜੀ ਹਰੀਕੇ ਇਨ੍ਹਾਂ ਜੀ ਦੇ ਸਹਿਪਾਠੀ ਸਨ। ਦੋਹਾਂ ਦੇ ਅਥਾਹ ਪ੍ਰੇਮ ਕਾਰਨ ਅਖਾੜੇ ਦਾ ਪ੍ਰਬੰਧ ਬਹੁਤ ਚੰਗਾ ਚੱਲਿਆ। ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਦੇ ਅਕਾਲ ਚਲਾਣੇ ਉਪਰੰਤ 26 ਕੱਤਕ ਸੰਮਤ 1985 ਬਿ. (1928 ਈ.) ਨੂੰ ਕੁਰੁਕਸ਼ੇਤਰ ਸੂਰਜ ਗ੍ਰਹਿਣ 'ਤੇ ਇਨ੍ਹਾਂ ਨੂੰ ਨਿਰਮਲ ਸੰਪ੍ਰਦਾਇ ਨੇ 'ਸ੍ਰੀ ਮਹੰਤ' ਚੁਣ ਲਿਆ।"[106] ਇਨ੍ਹਾਂ ਦੇ ਸਮੇਂ ਵਿਚ ਸਾਰੇ ਸੰਤ ਮਹਾਤਮਾ ਮਿਲਕੇ ਪ੍ਰੇਮ ਪੂਰਬਕ ਅਖਾੜੇ ਦਾ ਕੰਮ ਚਲਾਉਂਦੇ ਸਨ।

ਸੰਮਤ 1986 (1929 ਈ.) ਨੂੰ ਪ੍ਰਯਾਗਰਾਜ ਦਾ ਕੁੰਭ ਵੀ ਇਨ੍ਹਾਂ ਦੀ ਸਰਪ੍ਰਸਤੀ ਹੇਠ ਸਫ਼ਲਤਾ ਪੂਰਵਕ ਸਮਾਪਤ ਹੋਇਆ। ਇਕ ਵਾਰ ਇਨ੍ਹਾਂ ਨੇ ਸ੍ਰੀ ਮਹੰਤ ਦੇ ਪਦ ਤੋਂ ਤਿਆਗ ਪੱਤ੍ਰ ਦੇਣ ਦੀ ਇੱਛਾ ਵੀ ਕੀਤੀ ਪਰ ਸੰਪ੍ਰਦਾਇ ਨੇ ਪ੍ਰਾਰਥਨਾ ਕਰਕੇ ਅਜਿਹਾ ਕਰਨ ਤੋਂ ਰੋਕ ਦਿੱਤਾ। ਕੁੰਭ ਸਮਾਪਤੀ ਤੋਂ ਮਗਰੋਂ ਇਹ ਕੁੱਝ ਸਮਾਂ ਹਰਿਦੁਆਰ ਆਰਾਮ ਕਰ ਕੇ (ਆਪਣੇ ਡੇਰੇ) ਉਗੋ ਆਏ ਅਤੇ ਬਿਮਾਰ ਹੋ ਗਏ। ਚੰਗੇ ਤੋਂ ਚੰਗੇ ਡਾਕਟਰਾਂ ਨੇ ਇਲਾਜ ਕੀਤਾ ਪਰ ਆਰਾਮ ਨਹੀਂ ਆਇਆ। ਅਖੀਰ 3 ਪੋਹ ਸੰਮਤ 1987 ਦਿਨ ਬੁੱਧਵਾਰ ਨੂੰ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦੇ ਅਕਾਲ ਚਲਾਣੇ ਦੀ ਖ਼ਬਰ ਫੈਲਦਿਆਂ ਹੀ ਸਾਰੇ ਭੇਖ ਵਿਚ ਸ਼ੋਕ ਪੈ ਗਿਆ। ਇਨ੍ਹਾਂ ਦੀ ਸੱਤ੍ਹਾਰੀ ਕਨਖਲ (ਹਰਿਦੁਆਰ) ਵਿਖੇ 22 ਪੋਹ 1987 ਬਿ. (1930 ਈ.) ਨੂੰ ਮਨਾਈ ਗਈ। ਨਿਰਮਲ ਭੇਖ ਦੇ ਸਾਧੂਆਂ ਦਾ ਭਾਰੀ ਇਕੱਠ ਹੋਇਆ।

---

[106] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 242.

ਭੋਗ ਤੋਂ ਮਗਰੋਂ ਸ਼ਾਮ ਨੂੰ 'ਸ੍ਰੀ ਮਹੰਤ' ਦੀ ਚੋਣ ਵਾਸਤੇ ਭੇਖ ਦਾ ਇਕੱਠ ਹੋਇਆ ਜਿਸ ਵਿਚ ਸਰਬ-ਸੰਮਤੀ ਨਾਲ 'ਸ੍ਰੀ ਮਹੰਤ' ਸ੍ਰੀ ਮਾਨ ਪੰਡਿਤ ਜੀਵਨ ਸਿੰਘ ਜੀ ਕਾਸ਼ੀ ਵਾਲਿਆਂ ਨੂੰ ਚੁਣਿਆ ਗਿਆ।

**ਪੰਡਿਤ ਜੀਵਨ ਸਿੰਘ ਜੀ ਕਾਂਸ਼ੀ ਵਾਲੇ**

ਸ੍ਰੀ ਮਾਨ ਜੀਵਨ ਸਿੰਘ ਜੀ ਦਾ ਜਨਮ ਮੌਜੂਦਾ ਪਾਕਿਸਤਾਨ ਦੇ ਜ਼ਿਲ੍ਹਾ ਸਰਗੋਧਾ ਪਿੰਡ ਗੋਂਦਵਾਲ ਵਿਖੇ 1875 ਈ. ਵਿਚ ਪਿਤਾ ਗੁਰਦਾਸ ਅਤੇ ਮਾਤਾ ਲੱਛਮੀ ਦੇ ਘਰ ਹੋਇਆ। ਬਚਪਨ ਵਿਚ ਹੀ ਗੁਰਬਾਣੀ ਪੜ੍ਹਨ ਦਾ ਸ਼ੌਕ ਪੈ ਗਿਆ ਪਰ ਨਾਲ ਹੀ ਉਰਦੂ ਅਤੇ ਫ਼ਾਰਸੀ ਸਿੱਖਣ ਲਈ ਵੀ ਯਤਨ ਕਰਦੇ ਰਹੇ।

ਸੰਮਤ 1950 ਬਿਕ੍ਰਮੀ (1892 ਈ.) ਵਿਚ ਆਪਣੇ ਪਿਤਾ ਜੀ ਨਾਲ ਕਿਸੇ ਕੰਮ ਵਾਸਤੇ ਲੂਣ ਮਿਆਣੀ ਗਏ। "ਇੱਥੇ ਸੰਤ ਮੱਖਣ ਸਿੰਘ ਜੀ ਵਿਰਕਤ (ਸੰਤ ਰੋਚਾ ਸਿੰਘ ਜੀ ਦੇ ਚੇਲੇ) ਆਏ ਹੋਏ ਸਨ। ਸਤਿਸੰਗ ਜਾਰੀ ਸੀ, ਆਪ ਨੇ ਸੰਤਾਂ ਤੋਂ ਸਦ-ਉਪਦੇਸ਼ ਸੁਣਕੇ ਮਹਾਂਪੁਰਖਾਂ ਦੇ ਚਰਨਾਂ ਵਿਚ ਰਹਿਣ ਲਈ ਪਿਤਾ ਜੀ ਤੋਂ ਆਗਿਆ ਮੰਗੀ। ਸੇਵਾ ਵਿਚ ਲੱਗ ਗਏ ਅਤੇ ਵਿਦਿਆ ਪੜ੍ਹਨ ਲੱਗੇ। ਇਲਾਕੇ ਵਿਚ ਦੌਰਾ ਕਰਕੇ ਵਿਰਕਤ ਜੀ ਆਪਣੇ ਆਸ਼੍ਰਮ ਮਾਂਗਟ ਪੁੱਜ ਗਏ ਤਾਂ ਆਪ ਜੀ ਨੇ ਇੱਥੇ ਮਰਯਾਦਾ ਅਨੁਸਾਰ ਗੁਰਮੰਤ੍ਰ ਲੈ ਲਿਆ ਅਤੇ ਸ਼ਿਸ਼ ਬਣ ਗਏ।"[107]

ਗੁਰੂ ਜੀ ਨੇ ਵਿਦਿਆ ਪੜ੍ਹਨ ਦੀ ਆਗਿਆ ਕੀਤੀ ਤਾਂ ਰਿਸ਼ੀਕੇਸ਼ ਚਲੇ ਗਏ। ਵਿਆਕਰਣ ਇੱਥੇ ਹੀ ਪੜ੍ਹਿਆ। ਕਿੰਨੇ ਹੀ ਹੋਰ ਗ੍ਰੰਥਾਂ ਦਾ ਅਧਿਐਨ ਕੀਤਾ। ਉੱਚ ਵਿਦਿਆ ਦੀ ਪ੍ਰਾਪਤੀ ਵਾਸਤੇ ਸੰਮਤ 1959 ਬਿਕ੍ਰਮੀ ਨੂੰ ਕਾਸ਼ੀ ਜੀ ਵਿਚ ਲਾਹੌਰੀ ਟੋਲੇ ਜਾ ਠਹਿਰੇ। ਇਸ ਸਮੇਂ ਲਾਹੌਰੀ ਟੋਲੇ ਦੇ ਮਹੰਤ ਰਘੁਬੀਰ ਸਿੰਘ ਜੀ ਸਨ। ਇਨ੍ਹਾਂ ਕੋਲ ਰਹਿਕੇ ਵਿਦਿਆ ਅਧਿਐਨ ਅਰੰਭ ਕੀਤਾ। ਪੂਰੀ ਲਗਨ ਨਾਲ 15-16 ਸਾਲ ਪਠਨ-ਪਾਠਨ ਕੀਤਾ ਅਤੇ ਸੰਪ੍ਰਦਾਇ ਵਿਚ ਉੱਘੇ ਵਿਦਵਾਨ ਬਣ ਗਏ। ਇਨ੍ਹਾਂ ਦੇ ਗੁਰੂ ਸੰਮਤ 1970 (1913 ਈ.) ਵਿਚ ਪ੍ਰਲੋਕ ਸਿਧਾਰ ਗਏ ਪਰ ਇਹ 1976 ਈ. ਤੱਕ ਕਾਸ਼ੀ ਵਿਚ ਪੜ੍ਹਦੇ ਰਹੇ।

ਇਨ੍ਹਾਂ ਨੇ ਸੰਮਤ 1978 ਦੀ ਹਰਿਦੁਆਰ ਅਰਧ ਕੁੰਭੀ 'ਤੇ ਵਿਖਿਆਨ ਦੇ ਕੇ ਕਾਸ਼ੀ ਵਿਚ ਵਿਦਿਆਰਥੀਆਂ ਨੂੰ ਆ ਰਹੀਆਂ ਮੁਸ਼ਕਲ ਬਾਰੇ ਜਾਣੂ ਕਰਵਾਕੇ 'ਨਿਰਮਲ ਸੰਸਕ੍ਰਿਤ ਵਿਦਿਆਲਯ' ਖੋਲ੍ਹਣ

---

[107] ਗਿ. ਗੁਰਮੀਤ ਸਿੰਘ, ਸੰਖਿਪਤ ਜੀਵਨ: ਸੱਤ ਸ੍ਰੀ ਮਹੰਤ ਜੀ, ਡਾ. ਕੁਲਵਿੰਦਰ ਸਿੰਘ (ਸੰਪਾ.), *ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ*, ਪੰਨਾ 100.

’ਤੇ ਜ਼ੋਰ ਦਿੱਤਾ। ਇਨ੍ਹਾਂ ਦੀ ਨਿਮਰਤਾ ਅਤੇ ਵਿਦਵਤਾ ਦੇ ਕਾਰਣ ਵਿਖਿਆਨ ਦਾ ਅਜਿਹਾ ਪ੍ਰਭਾਵ ਪਿਆ ਕਿ ਸੰਤਾਂ-ਮਹੰਤਾਂ ਦੇ ਸਹਿਯੋਗ ਨਾਲ ਲੋੜ ਅਨੁਸਾਰ ਰੁਪਏ ਇਕੱਤਰ ਕਰਨ ਉਪਰੰਤ ਕਾਸ਼ੀ ਵਿਚ ‘ਨਿਰਮਲ ਸੰਸਕ੍ਰਿਤ ਵਿਦਿਆਲਯ’ ਲਾਹੌਰੀ ਟਿੱਲਾ ਵਿਖੇ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਇਹ ਵਿਦਿਆਲਯ ਦੇ ਵਿਕਾਸ ਅਤੇ ਵਿਦਿਆ ਦੇ ਪ੍ਰਚਾਰ ਵਾਸਤੇ ਦਿਨ-ਰਾਤ ਤਤਪਰ ਰਹਿਣ ਲੱਗੇ।

ਇਸੇ ਸਮੇਂ ਜਦੋਂ ਸ੍ਰੀ ਮਹੰਤ ਦਇਆ ਸਿੰਘ ਜੀ ਸੱਚਖੰਡ ਸਿਧਾਰ ਗਏ ਤਾਂ ਸਤ੍ਹਾਰੀ ਤੋਂ ਬਾਅਦ ਮਾਘ ਵਦੀ ਏਕਮ 1987 ਬਿ. (5 ਜਨਵਰੀ 1931 ਈ.) ਨੂੰ ਕਨਖਲ ਵਿਖੇ ਮਹਾਨ ਇਕੱਠ ਹੋਇਆ ਜਿਸ ਵਿਚ ਸਰਬ-ਸੰਮਤੀ ਨਾਲ ਇਨ੍ਹਾਂ ਨੂੰ ‘ਸ੍ਰੀ ਮਹੰਤ’ ਨਿਯਤ ਕੀਤਾ ਗਿਆ। ਇਨ੍ਹਾਂ ਨੇ ਸ੍ਰੀ ਮਹੰਤ ਬਣਕੇ ਪੂਰਨ ਯੋਗਤਾ ਨਾਲ ਸਾਰੇ ਪ੍ਰਬੰਧ ਨੂੰ ਆਪਣੇ ਅਧੀਨ ਲੈ ਲਿਆ।

ਇਨ੍ਹਾਂ ਦੇ ਸਮੇਂ ਦੌਰਾਨ ਇਨ੍ਹਾਂ ਨੇ ‘ਗੁਰਦੁਆਰਾ ਪੱਕੀ ਸੰਗਤ’*[108] (ਪ੍ਰਯਾਗ) ਜੋ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿਚ ਬਣਿਆ ਹੈ, ਦੇ ਮਸਲੇ ਨੂੰ ਨਜਿੱਠਿਆ। ਉਪਰੰਤ ਇਸ ਗੁਰਦੁਆਰੇ ਦਾ ਸਾਰਾ ਪ੍ਰਬੰਧ ਨਿਰਮਲ ਪੰਚਾਇਤੀ ਅਖਾੜਾ, ਕਨਖਲ (ਹਰਿਦੁਆਰ) ਕੋਲ ਆ ਗਿਆ।

ਇਨ੍ਹਾਂ ਨੇ ਨਿਰਮਲ ਸੰਪ੍ਰਦਾਇ ਅਤੇ ਗੁਰਮਤਿ ਦੀ ਸੇਵਾ ਕਰਦਿਆਂ ਬਹੁਤ ਕਾਰਜ ਕੀਤੇ। “23 ਅੱਸ ਸੰਮਤ 1991 (1934 ਈ.) ਵਿਚ ਸੋਮਾਵਤੀ ਅਮਾਵਾਸ ਦਾ ਮੇਲਾ ਫ਼ਲਗੂ*[109] ਵਿਚ ਮਨਾਇਆ ਗਿਆ ਜਿਸ ਵਿਚ ਗੁਰਬਾਣੀ ਕਥਾ ਕੀਰਤਨ ਦਾ ਕਈ ਦਿਨ ਪ੍ਰਵਾਹ ਚਲਦਾ ਰਿਹਾ। ਇੱਥੇ ਸ੍ਰੀ ਮਹੰਤ ਜੀ ਬਿਮਾਰ ਹੋ ਗਏ। ਬੀਮਾਰੀ ਦੀ ਹਾਲਤ ਵਿਚ ਹੀ ਇਨ੍ਹਾਂ ਨੂੰ ਪਟਿਆਲਾ ਲਿਆਂਦਾ ਗਿਆ ਪ੍ਰੰਤੂ ਇੱਥੇ ਵੀ ਆਰਾਮ ਨਾ ਹੋਇਆ ਬਲਕਿ ਤੇਜ ਨਮੂਨੀਆਂ ਹੋ ਗਿਆ। ਪਟਿਆਲੇ ਤੋਂ ਬੀਮਾਰੀ ਦੀ ਹਾਲਤ ਵਿਚ ਹੀ ਕਨਖਲ ਲਿਆਂਦਾ ਗਿਆ। 3 ਕੱਤਕ ਦਿਨ ਸ਼ੁੱਕਰਵਾਰ ਸੰਮਤ 1991 ਬਿ. (1934 ਈ.) ਨੂੰ ਕੁਠਾਰ ਹਵੇਲੀ ਵਿਚ ਪ੍ਰਵੇਸ਼ ਸਮੇਂ

---

[108] 1666 ਈ. ਵਿਚ ਗੁਰੂ ਤੇਗ ਬਹਾਦਰ ਸਾਹਿਬ, ਤ੍ਰਿਵੇਣੀ (ਪ੍ਰਯਾਗ) ਵਿਖੇ ਪੁੱਜੇ ਸਨ। ਇਥੇ ਉਹ ਲਗਭਗ 6 ਮਹੀਨੇ ਠਹਿਰੇ ਸਨ। ਇਨ੍ਹਾਂ ਦੀ ਯਾਦ ਵਿਚ ਇਥੇ ਗੁਰਦੁਆਰਾ ਸਾਹਿਬ ‘ਪੱਕੀ ਸੰਗਤ’ ਸੁਸ਼ੋਭਿਤ ਹੈ। ਪੂਰਬ ਵਿਚ ਗੁਰਦੁਆਰੇ ਨੂੰ 'ਸੰਗਤ' ਕਿਹਾ ਜਾਂਦਾ ਹੈ। ਇਸ ਅਸਥਾਨ ਦਾ ਪ੍ਰਬੰਧ ਨਿਰਮਲ ਸੰਪ੍ਰਦਾਇ ਕੋਲ ਹੈ। 1933 ਈ. ਵਿਚ ਇਸ ਅਸਥਾਨ ’ਤੇ ਕੁੱਝ ਲੋਕਾਂ ਨੇ ਕਬਜਾ ਕਰਨ ਦੀ ਕੋਸ਼ਿਸ਼ ਕੀਤੀ ਸੀ ਜਿਸ ਦਾ ਕੇਸ ਚੱਲਿਆ ਅਤੇ ਇਸ ਦਾ ਫ਼ੈਸਲਾ ਨਿਰਮਲ ਸੰਪ੍ਰਦਾਇ ਦੇ ਹੱਕ ਵਿਚ ਹੋਇਆ।

[109] ਬਿਹਾਰ ਵਿੱਚ ਇਕ ਨਦੀ, ਜਿਸ ਦੇ ਕਿਨਾਰੇ ਗਯਾ ਤੀਰਥ ਹੈ। ਇਹ ਇਕ ਹਿੰਦੂ ਤੀਰਥ ਹੈ ਜਿੱਥੇ ਹਿੰਦੂ ਧਰਮ ਦੇ ਲੋਕ ਪਿੰਡਦਾਨ ਕਰਦੇ ਹਨ।

ਹੀ ਇਹ ਅਕਾਲ ਚਲਾਣਾ ਕਰ ਗਏ।"[110] ਸੰਪ੍ਰਦਾਇ ਵਿਚ ਸ਼ੋਕ ਦੀ ਲਹਿਰ ਫੈਲ ਗਈ। ਮਹੰਤ ਕੇਹਰ ਸਿੰਘ ਜੀ ਸਕੱਤਰ ਅਤੇ ਭੇਖ ਦੇ ਮੁਖੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਰੱਖ ਕੇ ਸਤਾਰਵੇਂ ਦਿਨ ਭੋਗ ਪਾਇਆ ਗਿਆ।

ਸਤ੍ਹਾਰੀ ਦੇ ਭੋਗ ਤੋਂ ਪਹਿਲਾਂ ਹੀ ਸੰਪ੍ਰਦਾਇ ਵਿਚ ਸ੍ਰੀ ਮਹੰਤ ਦੀ ਚੋਣ ਬਾਰੇ ਵਿਚਾਰਾਂ ਹੋਣ ਲੱਗ ਪਈਆਂ ਸਨ। ਅੰਤ ਸਾਰੀ ਸੰਪ੍ਰਦਾਇ ਦੀ ਸੰਮਤੀ ਨਾਲ ਸ੍ਰੀ 108 ਪੰਡਿਤ ਸੁੱਚਾ ਸਿੰਘ ਜੀ ਪਿੰਡੀਘੇਬ ਵਾਲੇ 'ਸ੍ਰੀ ਮਹੰਤ' ਸਥਾਪਿਤ ਕੀਤੇ ਗਏ।

29 ਕੱਤਕ ਨੂੰ ਸਾਰੇ ਦੇਸ਼ ਵਿਚੋਂ ਨਿਰਮਲ ਸੰਪ੍ਰਦਾਇ ਦਾ ਇਕੱਠ ਹੋਇਆ। 'ਸ੍ਰੀ ਮਹੰਤ' ਪੰਡਿਤ ਜੀਵਨ ਸਿੰਘ ਜੀ ਦੀਆਂ ਅੰਤਿਮ ਰਸਮਾਂ ਦੇ ਭੋਗ ਪਾਏ ਗਏ ਉਪਰੰਤ ਪੰਡਿਤ ਸੁੱਚਾ ਸਿੰਘ ਜੀ 'ਸ੍ਰੀ ਮਹੰਤ' ਦੀ ਗੱਦੀ 'ਤੇ ਬਿਠਾ ਕੇ ਸਿਰੋਪਾਉ ਅਤੇ ਦਸਤਾਰਾਂ ਭੇਟ ਕੀਤੀਆਂ ਗਈਆਂ। ਇਸ ਤਰ੍ਹਾਂ ਇਨ੍ਹਾਂ ਨੂੰ ਵਿਧੀਵਤ ਢੰਗ ਨਾਲ 'ਸ੍ਰੀ ਮਹੰਤ' ਚੁਣ ਲਿਆ ਗਿਆ।

ਪੰਡਿਤ ਜੀਵਨ ਸਿੰਘ ਜੀ ਕਾਸ਼ੀ, ਸੰਨ 1931 ਤੋਂ 1934 ਈ. ਤੱਕ ਸ੍ਰੀ ਮਹੰਤ ਦੀ ਪਦਵੀ 'ਤੇ ਰਹੇ। ਅਕਾਲ ਚਲਾਣੇ ਸਮੇਂ ਇਨ੍ਹਾਂ ਦੀ ਉਮਰ 58 ਸਾਲ ਸੀ।

**ਪੰਡਿਤ ਸੁੱਚਾ ਸਿੰਘ ਜੀ ਪਿੰਡੀਘੇਬ ਵਾਲੇ**

ਇਹ ਨਿਰਮਲ ਸੰਪ੍ਰਦਾਇ ਦੇ ਅੱਠਵੇਂ ਸ੍ਰੀ ਮਹੰਤ ਸਨ। ਇਨ੍ਹਾਂ ਦਾ ਜਨਮ ਮਾਤਾ ਮਹਿਤਾਬ ਕੌਰ ਪਿਤਾ ਨੱਥਾ ਸਿੰਘ ਦੇ ਘਰ ਪਿੰਡ ਭਿੰਡਰ ਕਲਾਂ ਜ਼ਿਲ੍ਹਾ ਮੋਗਾ ਵਿਖੇ ਸੰਨ 1886 ਈ. ਨੂੰ ਹੋਇਆ। ਛੇ ਸਾਲ ਦੀ ਉਮਰ ਵਿਚ ਹੀ ਇਨ੍ਹਾਂ ਦੇ ਮਾਤਾ-ਪਿਤਾ ਸੁਰਗਵਾਸ ਹੋ ਗਏ। ਚਾਚਾ ਜੀ ਨੇ ਇਨ੍ਹਾਂ ਨੂੰ ਸੰਤ ਕੇਸ਼ੋਦਾਸ ਦੇ ਡੇਰੇ ਪੜ੍ਹਨੇ ਪਾ ਦਿੱਤਾ ਜਿੱਥੇ ਇਹ ਗੁਰਮੁਖੀ, ਗੁਰਬਾਣੀ ਅਤੇ ਛੋਟੇ-ਛੋਟੇ ਗ੍ਰੰਥਾਂ ਦਾ ਅਧਿਐਨ ਕਰਨ ਲੱਗੇ।

ਸੰਨ 1899 ਈ. ਵਿਚ ਭਿੰਡਰ ਕਲਾਂ ਵਿਖੇ ਸੰਤ ਕੇਸ਼ੋਦਾਸ ਦੇ ਡੇਰੇ ਭਗਤ ਸਿੰਘ ਜੀ ਮਹਾਰਾਜ ਪਿੰਡੀਘੇਬ ਵਾਲਿਆਂ ਦੁਆਰਾ ਡੇਰੇ ਵਿਚ ਸਵੇਰੇ ਸ਼ਾਮ ਕੀਤੇ ਜਾਂਦੇ ਕਥਾ ਕੀਰਤਨ ਤੋਂ ਇਹ ਬਹੁਤ ਪ੍ਰਭਾਵਿਤ ਹੋਏ। ਇਕ ਦਿਨ ਭਗਤ ਸਿੰਘ ਜੀ ਭਿੰਡਰ ਕਲਾਂ ਡੇਰੇ ਤੋਂ ਵਾਪਸ ਆਪਣੇ ਆਸ਼ਰਮ ਥੇਹ ਸਾਹਿਬ ਧੂੰਦਾ ਆ ਗਏ। ਪਤਾ ਲੱਗਣ ਤੇ ਇਹ ਵੀ ਪੁੱਛਦੇ-ਪਛਾਉਂਦੇ ਉਨ੍ਹਾਂ ਦੇ ਡੇਰੇ ਜਾ ਪਹੁੰਚੇ ਅਤੇ ਭਗਤ ਸਿੰਘ ਜੀ ਸਨਮੁੱਖ

---

110 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 247.

ਪੇਸ਼ ਹੋ ਬੇਨਤੀ ਕੀਤੀ ਕਿ ਮਹਾਰਾਜ ਮੇਰੀ ਆਪ ਜੀ ਦੇ ਚਰਨਾਂ ਵਿਚ ਰਹਿਣ ਦੀ ਇੱਛਾ ਹੈ। ਬਾਲਕ ਦੀ ਰੁਚੀ ਵੇਖ ਕੇ ਸਵਾਮੀ ਜੀ ਨੇ ਇਨ੍ਹਾਂ ਨੂੰ ਪੰਜ ਪਿਆਰਿਆਂ ਰਾਹੀਂ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਗੁਰਮੰਤਰ ਦਿੱਤਾ ਅਤੇ ਮਰਯਾਦਾ ਅਨੁਸਾਰ ਸ਼ਿਸ਼ ਬਣਾ ਲਿਆ।

ਇਨ੍ਹਾਂ ਨੇ ਆਸ਼ਰਮ ਵਿਚ ਪੂਰਾ ਮਨ ਲਗਾ ਕੇ ਸੇਵਾ ਕਰਨ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਲੈਣ ਉਪਰੰਤ ਹੋਰ ਵੀ ਕਈ ਗ੍ਰੰਥਾਂ ਦਾ ਅਧਿਐਨ ਕੀਤਾ। ਇਨ੍ਹਾਂ ਦੀ ਰੁਚੀ ਵੇਖ ਕੇ ਸਵਾਮੀ ਜੀ ਨੇ ਇਨ੍ਹਾਂ ਨੂੰ ਗਿਆਨੀ ਨਰਾਇਣ ਸਿੰਘ ਪਾਸ ਕੋਟਲੀ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਅਤੇ ਫਿਰ ਪ੍ਰਸਿੱਧ ਵਿਦਵਾਨ ਪ੍ਰੇਮ ਸਿੰਘ ਜੀ ਕੋਲ ਵਿਦਿਆ ਲਈ ਰਿਸ਼ੀਕੇਸ਼ ਭੇਜ ਦਿੱਤਾ, ਜਿਨ੍ਹਾਂ ਕੋਲੋਂ ਇਨ੍ਹਾਂ ਨੇ ਮਨ ਲਗਾ ਕੇ ਵਿਦਿਆ ਗ੍ਰਹਿਣ ਕੀਤੀ।

ਪੰਡਿਤ ਪ੍ਰੇਮ ਸਿੰਘ ਜੀ ਨੇ ਫਿਰ ਇਨ੍ਹਾਂ ਨੂੰ ਹਰ ਤਰ੍ਹਾਂ ਦੀ ਦਾਰਸ਼ਨਿਕ ਵਿਦਿਆ ਗ੍ਰਹਿਣ ਕਰਨ ਲਈ ਕਾਸ਼ੀ ਭੇਜ ਦਿੱਤਾ। ਇੱਥੇ ਇਨ੍ਹਾਂ ਨੇ 'ਸੰਗਤ ਲਾਹੌਰੀ ਟੋਲਾ' ਵਿਚ ਨਿਵਾਸ ਰੱਖਕੇ ਗ੍ਰੰਥਾਂ ਅਤੇ ਸ਼ਾਸਤ੍ਰਾਂ ਦੀ ਵਿਦਿਆ ਗ੍ਰਹਿਣ ਕੀਤੀ ਜਿੱਥੇ ਇਹ ਵਿਦਵਾਨ ਬਣ ਗਏ। ਸੰਪ੍ਰਦਾਇ ਵਿਚ ਇਨ੍ਹਾਂ ਦਾ ਸਤਿਕਾਰ ਵਧ ਗਿਆ। ਇਨ੍ਹਾਂ ਦੀ ਯੋਗਤਾ ਨੂੰ ਦੇਖ ਕੇ ਸੰਤ ਜੀ ਨੇ 'ਡੇਰਾ ਸੰਤਪੁਰ ਥੇਹ ਸਾਹਿਬ ਧੂੰਦਾ' ਅਤੇ ਅਤੇ ਸੰਤਪੁਰਾ 'ਪਿੰਡੀਘੇਬ' ਜ਼ਿਲ੍ਹਾ ਕੈਮਲਪੁਰਾ (ਪਾਕਿਸਤਾਨ) ਦੀ ਵਸੀਅਤ ਇਨ੍ਹਾਂ ਦੇ ਨਾਮ ਕਰ ਦਿੱਤੀ ਅਤੇ ਬਾਅਦ ਵਿਚ ਸਵਾਮੀ ਭਗਤ ਸਿੰਘ ਜੀ ਸਰੀਰ ਤਿਆਗ ਗਏ। ਨਿਰਮਲ ਸੰਪ੍ਰਦਾਇ ਵੱਲੋਂ ਇਨ੍ਹਾਂ ਨੂੰ ਪਿੰਡੀਘੇਬ ਅਤੇ ਥੇਹ ਸਾਹਿਬ ਧੂੰਦਾ ਦਾ ਮਹੰਤ ਥਾਪਿਆ ਗਿਆ।

ਸ੍ਰੀ ਮਹੰਤ ਪੰਡਿਤ ਜੀਵਨ ਸਿੰਘ ਜੀ ਕਾਸ਼ੀ ਦੇ ਦਿਹਾਂਤ ਮਗਰੋਂ 1934 ਈ. ਵਿਚ ਇਨ੍ਹਾਂ ਨੂੰ ਵਿਧੀਵਤ ਸ੍ਰੀ ਮਹੰਤ ਥਾਪ ਦਿੱਤਾ ਗਿਆ। ਇਹ ਸਨਮਾਨਯੋਗ ਪਦਵੀ 'ਤੇ 51 ਸਾਲ ਨਿਰਮਲ ਸੰਪ੍ਰਦਾਇ ਦੀ ਸੇਵਾ ਕਰਦੇ ਰਹੇ। ਸ੍ਰੀ ਮਹੰਤ ਰਹਿਣ ਦੇ ਸਮੇਂ ਇਨ੍ਹਾਂ ਨੇ ਗੁਰਮਤਿ ਅਤੇ ਸੰਪ੍ਰਦਾਇ ਦੀ ਸੇਵਾ ਕਰਦਿਆਂ ਬਹੁਤ ਕਾਰਜ ਕੀਤੇ।

ਇਨ੍ਹਾਂ ਦੇ ਸਮੇਂ ਦੌਰਾਨ ਨਿਰਮਲ ਪੰਚਾਇਤੀ ਅਖਾੜੇ ਦਾ ਸੌ ਸਾਲਾ ਸਥਾਪਨਾ ਦਿਵਸ ਦਿਹਾੜਾ 1962 ਈ. ਵਿਚ ਹਰਿਦੁਆਰ ਦੇ ਕੁੰਭ 'ਤੇ ਸਜ-ਧਜ ਨਾਲ ਮਨਾਇਆ ਗਿਆ ਜਿਸ ਵਿਚ ਮਹਾਰਾਜਾ ਪਟਿਆਲਾ ਅਤੇ ਹੋਰ ਵਿਦਵਾਨ, ਸੰਤ-ਮਹਾਤਮਾ ਉਚੇਚੇ ਤੌਰ 'ਤੇ ਪਹੁੰਚੇ ਸਨ। ਇਨ੍ਹਾਂ ਦੇ ਸਮੇਂ ਦੌਰਾਨ ਹੀ

ਸ੍ਰੀ ਅੰਮ੍ਰਿਤਸਰ ਵਿਚ ਚਾਰ ਸੌ ਸਾਲਾ ਸਮਾਗਮ ਹੋਇਆ ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਅਨੇਕ ਤਰ੍ਹਾਂ ਦੇ ਸਮਾਗਮ ਕਰਵਾਏ ਗਏ। 'ਸੰਤ ਸਮਾਗਮ' ਦਾ ਅਰੰਭ ਇਨ੍ਹਾਂ ਵੱਲੋਂ ਹੀ ਕਰਵਾਇਆ ਗਿਆ। ਇਸ ਵਿਚ ਕਈ ਸੰਪ੍ਰਦਾਵਾਂ ਦੇ ਸੰਤ-ਮਹਾਤਮਾ ਵੀ ਸ਼ਾਮਲ ਹੋਏ।

ਇਨ੍ਹਾਂ ਦੇ ਸਮੇਂ ਵਿਚ "28, 29, 30 ਮਾਰਚ 1976 ਈ. ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਗੁਰੂ ਨਾਨਕ ਅਧਿਐਨ ਵਿਭਾਗ ਦੇ ਮੁਖੀ ਪ੍ਰੋ. ਪ੍ਰੀਤਮ ਸਿੰਘ ਜੀ ਦੇ ਪ੍ਰਬੰਧ ਹੇਠ ਨਿਰਮਲ ਸੰਪ੍ਰਦਾਇ ਦੀ ਵਿਦਵਤਾ, ਪ੍ਰਚਾਰ ਅਤੇ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਦੇ ਕਾਰਜਾਂ ਪ੍ਰਤੀ ਵਿਚਾਰਾਂ ਕਰਨ ਲਈ ਇਕ ਸੈਮੀਨਾਰ[111] ਕਰਵਾਇਆ ਗਿਆ ਜਿਸ ਦਾ ਵਿਸ਼ਾ ਸੀ 'ਨਿਰਮਲ ਪੰਥ ਦੀ ਪੰਜਾਬ ਅਤੇ ਧਰਮ ਦਰਸ਼ਨ ਅਤੇ ਸਾਹਿਤ ਨੂੰ ਦੇਣ'।"[112] ਇਸ ਵਿਚ ਦੇਸ਼ ਦੇ ਪ੍ਰਸਿੱਧ ਵਿਦਵਾਨਾਂ ਨੇ ਉਤਸ਼ਾਹ ਨਾਲ ਭਾਗ ਲੈ ਕੇ ਨਿਰਮਲ ਸੰਪ੍ਰਦਾਇ ਦੇ ਅਰੰਭ ਅਤੇ ਕਾਰਜਾਂ ਨੂੰ ਉਜਾਗਰ ਕਰਦੇ ਹੋਏ ਇਸਦੇ ਵਿਦਵਾਨਾਂ ਦੀ ਪ੍ਰਸੰਸਾ ਕੀਤੀ।

ਇਸ ਸਮੇਂ ਕਾਰਜਸ਼ੀਲ ਸਮੂਹ ਸਾਧੂ ਸੰਪ੍ਰਦਾਵਾਂ ਵਿਚੋਂ ਇਹ ਪਹਿਲੀ ਸੰਪ੍ਰਦਾਇ ਸੀ ਜਿਸ ਉਤੇ ਕਿਸੇ ਯੂਨੀਵਰਸਿਟੀ ਨੇ ਸੈਮੀਨਾਰ ਕਰਵਾਇਆ। ਸੈਮੀਨਾਰ ਸਮੇਂ ਪੜ੍ਹੇ ਗਏ ਪਰਚਿਆਂ ਨੂੰ ਸੰਗ੍ਰਹਿਕ ਰੂਪ ਦੇ ਕੇ ਯੂਨੀਵਰਸਿਟੀ ਵੱਲੋਂ 'ਨਿਰਮਲ ਸੰਪ੍ਰਦਾਇ' ਦੇ ਸਿਰਲੇਖ ਅਧੀਨ ਕਿਤਾਬ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ।

ਇਹ ਦੀਨ ਦੁਖੀਆਂ ਦੀ ਮਦਦ ਲਈ ਹਰ ਸਮੇਂ ਤਿਆਰ ਰਹਿੰਦੇ ਸਨ। "1977 ਈ. ਵਿਚ ਆਂਧਰਾ ਪ੍ਰਦੇਸ਼ ਵਿਚ ਆਏ ਭਿਆਨਕ ਸਮੁੰਦਰੀ ਤੁਫ਼ਾਨ ਸਮੇਂ ਬੇਘਰ ਹੋਏ ਲੋਕਾਂ ਦੀ ਮੱਦਦ ਲਈ ਆਪ ਜੀ ਨੇ

---

111 ਇਸ ਸੈਮੀਨਾਰ ਵਿਚ ਉਸ ਸਮੇਂ ਦੇ 29 ਵਿਦਵਾਨਾਂ ਵੱਲੋਂ ਨਿਰਮਲ ਸੰਪ੍ਰਦਾਇ ਨਾਲ ਸੰਬੰਧਿਤ ਅਲੱਗ-ਅਲੱਗ ਵਿਸ਼ਿਆਂ 'ਤੇ ਖੋਜ ਭਰਪੂਰ ਪਰਚੇ ਪੜ੍ਹੇ ਗਏ। ਪਰਚੇ ਪੜ੍ਹਨ ਵਾਲੇ ਵਿਦਵਾਨਾਂ ਵਿਚ ਰਾਏ ਜਸਬੀਰ ਸਿੰਘ, ਬਲਬੀਰ ਸਿੰਘ ਵਿਯੋਗੀ, ਰਾਜਿੰਦਰ ਸਿੰਘ ਸ਼ਾਸਤ੍ਰੀ, ਹਰਿਭਜਨ ਸਿੰਘ, ਗੁਰਦੀਪ ਸਿੰਘ ਕੇਸਰੀ, ਕਰਾਤਾਰ ਸਿੰਘ ਸੂਰੀ, ਸ਼ਮਸ਼ੇਰ ਸਿੰਘ ਅਸ਼ੋਕ, ਜਸਬੀਰ ਸਿੰਘ ਆਹਲੂਵਾਲੀਆ, ਧਰਮ ਪਾਲ ਮੈਣੀ, ਹਕੀਕਤ ਸਿੰਘ ਅਰਵਿੰਦ, ਕੇਵਲ ਕ੍ਰਿਸ਼ਨ ਮਿੱਤਲ, ਪਿਆਰਾ ਸਿੰਘ ਪਦਮ, ਬਲਵੰਤ ਸਿੰਘ ਕੋਠਾ ਗੁਰੂ, ਰੋਸ਼ਨ ਲਾਲ ਅਹੂਜਾ, ਸੁਰਿੰਦਰ ਸਿੰਘ, ਮਹੀਪ ਸਿੰਘ, ਤਾਰਨ ਸਿੰਘ, ਪ੍ਰਕਾਸ਼ ਸਿੰਘ, ਹਰਕੀਰਤ ਸਿੰਘ, ਗੋਬਿੰਦ ਨਾਥ ਰਾਜਗੁਰੂ, ਓਮ ਪ੍ਰਕਾਸ਼ ਆਨੰਦ, ਹਰਜੀਤ ਕੌਰ ਮਦਾਨ, ਕਿਰਪਾਲ ਸਿੰਘ, ਨਵਰਤਨ ਕਪੂਰ, ਈਸ਼ਰ ਸਿੰਘ ਨਾਰਾ, ਦਰਸ਼ਨ ਸਿੰਘ, ਰਤਨ ਸਿੰਘ ਜੱਗੀ, ਗੁਰਚਰਨ ਸਿੰਘ, ਪ੍ਰੀਤਮ ਸਿੰਘ ਤੋਂ ਇਲਾਵਾ ਬਿਸ਼ਨ ਸਿੰਘ ਸਮੁੰਦ੍ਰੀ (ਕੁਲਪਤੀ), ਭਰਪੂਰ ਸਿੰਘ (ਰਜਿਸਟਰਾਰ), ਪ੍ਰੋ. ਦੀਵਾਨ ਸਿੰਘ, ਮੁਖੀ ਧਰਮ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਮਾਨ ਸਿੰਘ ਨਿਰੰਕਾਰੀ ਅਤੇ ਸ੍ਰੀ ਮਹੰਤ ਪੰਡਿਤ ਸੁੱਚਾ ਸਿੰਘ ਜੀ ਨੇ ਨਿਰਮਲ ਸੰਪ੍ਰਦਾਇ ਦੇ ਉਦਭਵ ਅਤੇ ਵਿਕਾਸ ਕਾਰਜਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

112 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 251.

20,000/- ਰੁਪਏ ਸਹਾਇਤਾ ਵਜੋਂ ਪ੍ਰਧਾਨ ਮੰਤਰੀ ਸ੍ਰੀ ਮਰਾਰਜੀ ਦੇਸਾਈ ਨੂੰ ਭੇਜੇ।"[113] ਚਾਰ ਕੁੰਭਾਂ (ਹਰਿਦੁਆਰ, ਪ੍ਰਾਯਾਗਰਾਜ, ਉਜੈਨ, ਅਤੇ ਤ੍ਰਿਯੰਬਕੇਸ਼ਵਰ) ਵਿਚ ਇਨ੍ਹਾਂ ਨੇ ਵੱਧ-ਚੜ੍ਹ ਕੇ ਨਿਰਮਲ ਸੰਪ੍ਰਦਾਇ ਦੀ ਸ਼ਾਹੀ ਹੇਠ ਗੁਰਮਤਿ ਪ੍ਰਚਾਰ ਕੀਤਾ।

ਇਹ 51 ਸਾਲ ਨਿਰਮਲ ਪੰਚਾਇਤੀ ਅਖਾੜੇ ਦੇ ਸ੍ਰੀ ਮਹੰਤ ਰਹੇ। ਅੰਤ ਵਡੇਰੀ ਉਮਰ ਕਾਰਨ ਕੁੱਝ ਦਿਨ ਮਾਮੂਲੀ ਬਿਮਾਰ ਰਹਿਣ ਤੋਂ ਬਾਅਦ 28 ਦਸੰਬਰ 1985 ਈ. ਨੂੰ ਅਕਾਲ ਚਲਾਣਾ ਕਰ ਗਏ। 30 ਦਸੰਬਰ 1985 ਈ. ਨੂੰ ਨਿਰਮਲ ਸੰਪ੍ਰਦਾਇ ਅਤੇ ਨਿਰਮਲ ਮਹਾਂਮੰਡਲ ਦੀ ਸ਼ੋਕ ਸਭਾ ਹੋਈ ਜਿਸ ਵਿਚ 13 ਜਨਵਰੀ 1986 ਈ. ਨੂੰ ਸਤ੍ਹਾਰੀ ਦਾ ਦਿਨ ਰੱਖਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 141 ਅਖੰਡਪਾਠਾਂ ਦੀ ਲੜੀ ਅਰੰਭ ਕੀਤੀ ਗਈ ਅਤੇ ਭੋਗ ਪਾਏ ਗਏ।

ਪੰਡਿਤ ਸੁੱਚਾ ਸਿੰਘ ਜੀ ਸੰਨ 1934 ਈ. ਤੋਂ 1985 ਈ. ਤੱਕ 51 ਸਾਲ ਸ੍ਰੀ ਮਹੰਤ ਰਹੇ। ਉਨ੍ਹਾਂ ਦੀ ਕੁੱਲ ਉਮਰ 100 ਸਾਲ ਸੀ।

**ਪੰਡਿਤ ਬਲਬੀਰ ਸਿੰਘ ਜੀ ਸਾਸ਼ਤ੍ਰੀ**

ਇਹ ਨਿਰਮਲ ਸੰਪ੍ਰਦਾਇ ਦੇ ਨੌਵੇਂ ਸ੍ਰੀ ਮਹੰਤ ਜੀ ਸਨ। ਇਨ੍ਹਾਂ ਦਾ ਜਨਮ, "ਬਾਬਾ ਕਾਲਾ ਸਿੰਘ ਜੀ ਸੰਧੂ ਅਤੇ ਮਾਤਾ ਪ੍ਰਤਾਪ ਕੋਰ ਜੀ ਦੇ ਘਰ ਸੰਮਤ 1982 ਬਿ. (1925 ਈ.) ਨੂੰ ਮੁਕਤਸਰ ਸਾਹਿਬ ਵਿਖੇ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਪਵਿੱਤਰ ਸਥਾਨ 'ਤੇ ਗੁਰਬਾਣੀ ਕਥਾ, ਕੀਰਤਨ ਜਾਰੀ ਰਹਿੰਦਾ ਸੀ। ਇਹ ਆਪਣਾ ਜਿਆਦਾ ਸਮਾਂ ਦਰਬਾਰ ਸਾਹਿਬ ਵਿਚ ਗੁਰੂਦੇਵ ਪੰਡਿਤ ਹਰਦੇਵ ਸਿੰਘ ਜੀ ਪਾਸ ਕਥਾ ਕੀਰਤਨ ਸੁਣਨ ਅਤੇ ਸੇਵਾ ਵਿਚ ਬਤੀਤ ਕਰਦੇ। ਹਰਦੇਵ ਸਿੰਘ ਜੀ ਨੇ ਆਪ ਨੂੰ ਨਿਰਮਲ ਪੰਚਾਇਤੀ ਅਖਾੜਾ ਕਨਖਲ ਵਿਖੇ ਸੰਸਕ੍ਰਿਤ ਵਿਦਿਆ ਗ੍ਰਹਿਣ ਕਰਨ ਲਈ ਭੇਜ ਦਿੱਤਾ। ਜਿੱਥੇ ਆਪ ਪੰਡਿਤ ਸੁੱਚਾ ਸਿੰਘ ਜੀ ਮਹਾਰਾਜ ਦੀ ਛਤਰ ਛਾਇਆ ਹੇਠ ਰਹਿਣ ਲੱਗੇ। ਇੱਥੇ ਕੁੱਝ ਸਮਾਂ ਵਿਦਿਆ ਗ੍ਰਹਿਣ ਕਰ ਕੇ ਆਪ ਨਿਰਮਲ ਪੰਚਾਇਤੀ ਅਖਾੜੇ ਦੇ ਵਿਦਿਆ ਕੇਂਦਰ 'ਸੰਗਤ ਲਾਹੌਰੀ ਟੋਲਾ' ਕਾਸ਼ੀ ਵਿਖੇ ਵਿਦਿਆ ਅਧਿਐਨ ਕਰਨ ਲੱਗੇ।"[114] ਵਿਦਿਆ ਸਮਾਪਤੀ ਮਗਰੋਂ ਇਹ ਮੁਕਤਸਰ ਸਾਹਿਬ ਵਾਪਿਸ ਆ ਗਏ।

---

113 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 252.

114 ਮਹੰਤ ਤੇਜਾ ਸਿੰਘ ਐਮ.ਏ, *ਨਿਰਮਲ ਦਰਪਣ*, ਪੰਨਾ 52.

ਇਨ੍ਹਾਂ ਦੀ ਵਿਦਵਤਾ ਅਤੇ ਸੰਪ੍ਰਦਾਈ ਗੁਣਾ ਨੂੰ ਧਿਆਨ ਵਿਚ ਰੱਖਦੇ ਹੋਏ ਸ੍ਰੀ ਮਹੰਤ ਜੀ ਨੇ ਇਨ੍ਹਾਂ ਨੂੰ ਪਟਨਾ ਸਾਹਿਬ ਵਿਖੇ ਦਸਮ ਪਾਤਸ਼ਾਹ ਜੀ ਦੇ ਬਚਪਨ ਦੀ ਯਾਦ ਵਿਚ ਬਣੇ 'ਗੁਰਦੁਆਰਾ ਬਾਲ ਲੀਲ੍ਹਾ ਮੈਣੀ ਸੰਗਤ' ਦੇ ਮਹੰਤ ਨਿਯੁਕਤ ਕਰਕੇ ਭੇਜ ਦਿੱਤਾ। ਇਨ੍ਹਾਂ ਨੇ ਪੁਰਾਣੀ ਇਮਾਰਤ ਨੂੰ ਮੁਰੰਮਤ ਕਰਵਾਇਆ ਅਤੇ ਲੋੜ ਅਨੁਸਾਰ ਹੋਰ ਸੁੰਦਰ ਇਮਾਰਤ ਬਣਵਾਈ ਜਿਸ ਉੱਤੇ ਲਗਭਗ 60-70 ਲੱਖ ਰੁਪਏ ਖ਼ਰਚ ਆਏ।

28 ਦਸੰਬਰ 1985 ਈ. ਨੂੰ ਸ੍ਰੀ ਮਹੰਤ ਸੁੱਚਾ ਸਿੰਘ ਜੀ ਸਵਰਗ ਸਿਧਾਰ ਗਏ ਤਾਂ ਭੋਗ ਸਮੇਂ 13 ਜਨਵਰੀ 1986 ਈ. ਨੂੰ ਇਨ੍ਹਾਂ ਨੂੰ ਸ੍ਰੀ ਮਹੰਤ ਦੀ ਗੱਦੀ 'ਤੇ ਸੁਸ਼ੋਭਿਤ ਕੀਤਾ ਗਿਆ। ਇਸ ਸਮੇਂ ਸਾਧੂ ਸਮਾਜ ਅਤੇ ਹੋਰ ਸੰਪ੍ਰਦਾਵਾਂ ਦੇ ਨਾਲ-ਨਾਲ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿਰਪਾਉ ਦਿੱਤੇ ਗਏ। ਇੱਥੋਂ ਗੁਰੂ ਘਰਾਂ ਵਿਚ ਇਸ ਸੰਪ੍ਰਦਾਇ ਦੇ ਸਤਿਕਾਰ ਦੀ ਝਲਕ ਉਭਰ ਕੇ ਸਾਹਮਣੇ ਆਉਂਦੀ ਹੈ।

ਇਹ ਗੁਰਮਤਿ ਪ੍ਰਚਾਰ ਅਤੇ ਅਖਾੜੇ ਦੇ ਵਿਕਾਸ ਲਈ ਦਿਨ-ਰਾਤ ਲੱਗੇ ਰਹੇ। ਤਨਦੇਹੀ ਨਾਲ ਸੇਵਾ ਨਿਭਾਉਣ ਉਪਰੰਤ ਇਨ੍ਹਾਂ 18 ਸਤੰਬਰ 1993 ਈ. ਨੂੰ ਇਹ ਅਕਾਲ ਚਲਾਣਾ ਕਰ ਗਏ। ਇਸ ਸਮੇ ਇਨ੍ਹਾਂ ਦੀ ਉਮਰ 68 ਸਾਲ ਸੀ। ਲਗਭਗ 8 ਸਾਲ ਇਨ੍ਹਾਂ ਨੇ ਇਸ ਪਦਵੀ 'ਤੇ ਕਾਰਜ ਕਰਦੇ ਹੋਏ ਗੁਰਮਤਿ ਪ੍ਰਚਾਰ ਦੀ ਸੇਵਾ ਨਿਭਾਈ।

**ਪੰਡਿਤ ਗਿਆਨਦੇਵ ਸਿੰਘ ਜੀ ਮਹਾਰਾਜ**

ਇਹ ਨਿਰਮਲ ਸੰਪ੍ਰਦਾਇ ਦੇ ਵਰਤਮਾਨ ਸ੍ਰੀ ਮਹੰਤ ਜੀ ਹਨ। ਇਹ ਇਕ ਚੰਗੇ ਵਿਦਵਾਨ ਅਤੇ ਸਤਪੁਰਖ ਹਨ। ਇਨ੍ਹਾਂ ਦਾ ਜਨਮ ਪਿਤਾ ਦਰਿਆਵ ਸਿੰਘ ਅਤੇ ਮਾਤਾ ਗੰਗਾ ਦੇਵੀ ਜੀ ਦੇ ਘਰ ਪਿੰਡ ਬਹਿਲੋਲਪੁਰ (ਨੇੜੇ ਕਿਲਾ ਪ੍ਰੀਛਤਗੜ੍ਹ) ਜ਼ਿਲ੍ਹਾ ਮੇਰਠ (ਯੂ.ਪੀ.) ਵਿਚ 1 ਮਾਰਚ 1940 ਈ. ਨੂੰ ਹੋਇਆ। ਮੁੱਢਲੀ ਵਿਦਿਆ ਗ੍ਰਹਿਣ ਕਰਨ ਤੋਂ ਬਾਅਦ ਇਹ ਇਕ ਦਿਨ ਮਹਾਂਮੰਡਲੇਸ਼ਵਰ ਸਵਾਮੀ ਲਾਲ ਸਿੰਘ ਜੀ (ਨਿਰਮਲੇ) ਦੇ ਚਰਨਾ ਵਿਚ ਹਾਜ਼ਰ ਹੋਏ ਅਤੇ ਗੁਰਮੰਤਰ ਲੈਣ ਦੀ ਇੱਛਾ ਪ੍ਰਗਟ ਕੀਤੀ। ਸਵਾਮੀ ਜੀ ਨੇ ਮਰਯਾਦਾ ਪੂਰਵਕ ਗੁਰਮੰਤਰ ਦੇ ਕੇ ਸ਼ਿਸ਼ ਬਣਾ ਲਿਆ।

ਧਾਰਮਿਕ ਅਤੇ ਭਾਸ਼ਾ ਦੇ ਗ੍ਰੰਥਾਂ ਦਾ ਅਧਿਐਨ ਕਰਨ ਉਪਰੰਤ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਇਹ ਬਨਾਰਸ ਚਲੇ ਗਏ। 'ਨਿਰਮਲ ਸੰਸਕ੍ਰਿਤ ਵਿਦਿਆਲਯ ਸੰਗਤ ਲਾਹੌਰੀ ਟੋਲਾ' ਵਿਖੇ ਇਨ੍ਹਾਂ ਨੇ ਵਿਦਿਆ ਅਧਿਐਨ ਅਰੰਭ ਕੀਤਾ।

18 ਸਤੰਬਰ 1993 ਈ. ਵਿਚ ਸ੍ਰੀ ਮਹੰਤ ਪੰਡਿਤ ਬਲਵੀਰ ਸਿੰਘ ਜੀ ਸਵਰਗ ਸਿਧਾਰ ਗਏ ਸਨ। ਇਸ ਲਈ ਨਿਰਮਲ ਸੰਪ੍ਰਦਾਇ ਦੇ ਵਿਚਾਰ ਕਰਨ ਉਪਰੰਤ 3 ਅਕਤੂਬਰ 1993 ਈ. ਨੂੰ 'ਸ੍ਰੀ ਮਹੰਤ' ਦੀ ਚੋਣ ਦਾ ਸਮਾਂ ਨੀਯਤ ਕੀਤਾ ਗਿਆ ਅਤੇ 4 ਅਕਤੂਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਦਾ ਸਮਾਂ ਰੱਖਿਆ ਗਿਆ। ਸ੍ਰੀ ਮਹੰਤ ਦੀ ਚੋਣ ਸਮੇਂ ਸਮੁੱਚੀ ਨਿਰਮਲ ਸੰਪ੍ਰਦਾਇ ਵੱਲੋਂ ਇਨ੍ਹਾਂ ਦੇ ਨਾਂ 'ਤੇ ਸਹਿਮਤੀ ਜਤਾਈ ਗਈ ਅਤੇ 6 ਅਕਤਬਰ ਨੂੰ ਦਸਤਾਰਬੰਦੀ ਦਾ ਸਮਾਂ ਨਿਸਚਿਤ ਕੀਤਾ ਗਿਆ। ਅਖਾੜੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਨ੍ਹਾਂ ਦੇ ਸ੍ਰੀ ਮਹੰਤ ਹੋਣ ਦੀ ਰਸਮ ਅਦਾ ਕੀਤੀ ਗਈ।

1862 ਈ. ਵਿਚ 'ਨਿਰਮਲ ਪੰਚਾਇਤੀ ਅਖਾੜਾ' ਹੋਂਦ ਵਿਚ ਆਇਆ ਹੋਇਆ ਹੈ। ਸਦੀ ਤੋਂ ਵੱਧ ਸਮਾਂ ਬੀਤਣ ਅਤੇ ਸ੍ਰੀ ਮਹੰਤ ਗਿਆਨਦੇਵ ਜੀ ਦੀ ਅਗਵਾਈ ਹੇਠ ਬਹੁਤ ਹੀ ਸੁਚੱਜੇ ਢੰਗ ਨਾਲ ਗੁਰਆਸ਼ੇ ਅਨੁਸਾਰ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਦੇ ਨਾਲ-ਨਾਲ ਲੋਕ ਭਲਾਈ ਹਿਤ ਕਾਰਜਾਂ ਲਈ ਯਤਨਸ਼ੀਲ ਹੈ। ਸ੍ਰੀ ਮਹੰਤ ਥਾਪੇ ਜਾਣ ਤੋਂ ਬਾਅਦ ਅਖਾੜੇ ਨੇ ਬਹੁਤ ਤਰੱਕੀ ਕੀਤੀ ਹੈ। ਪਠਨ-ਪਾਠਨ ਦਾ ਮਾਹੌਲ ਪੈਦਾ ਕਰਦੇ ਹੋਏ ਇਨ੍ਹਾਂ ਨੇ ਨਿਰਮਲ ਸੰਪ੍ਰਦਾਇ ਦੇ ਸਮੁੱਚੇ ਕਾਰਜਾਂ ਨੂੰ ਉਜਾਗਰ ਕਰਨ ਹਿੱਤ ਵਿਦਿਅਕ ਸੰਸਥਾਵਾਂ ਵਿਚ ਸੈਮੀਨਾਰ ਗੋਸ਼ਟੀਆਂ ਆਦਿ ਕਰਾਉਣੇ ਅਰੰਭ ਕੀਤੇ ਹਨ।

ਨਿਰਮਲ ਸੰਪ੍ਰਦਾਇ ਦੇ ਉਦਭਵ ਅਤੇ ਵਿਕਾਸ ਬਾਰੇ ਉਕਤ ਅਹਿਮ ਪਹਿਲੂਆਂ ਬਾਰੇ ਜਾਣਨ ਤੋਂ ਬਾਅਦ ਇਸ ਦੇ ਅਰੰਭ ਤੋਂ ਅੱਜ ਤੱਕ ਦੇ ਤਹਿ ਕੀਤੇ ਲੰਬੇ ਪੈਂਡੇ ਵਿਚ ਇਸ ਦੀਆਂ ਉਪ-ਸੰਪ੍ਰਦਾਵਾਂ ਦਾ ਅਹਿਮ ਯੋਗਦਾਨ ਰਿਹਾ ਹੈ। ਨਿਰਮਲ ਪੰਚਾਇਤੀ ਅਖਾੜੇ ਦੇ ਹੋਂਦ ਵਿਚ ਆਉਣ ਤੋਂ ਬਾਅਦ ਨਿਰਮਲ ਸੰਪ੍ਰਦਾਇ ਇਕ ਸੂਤਰ ਵਿਚ ਆਪਣੇ ਮਨੋਰਥ ਵੱਲ ਅੱਗੇ ਵਧੀ। ਸਮੇਂ ਦੇ ਨਾਲ-ਨਾਲ ਇਸ ਸੰਪ੍ਰਦਾਇ ਦਾ ਫੈਲਾਅ ਵੀ ਵਧਿਆ। ਜਿਸ ਨਾਲ ਦੇਸ ਦੇ ਕੋਨੇ-ਕੋਨੇ ਵਿਚ ਇਸ ਸੰਪ੍ਰਦਾਇ ਦੇ ਸਾਧੂ ਵਿਚਰਨ ਲੱਗੇ।

ਇਸ ਸਮੇਂ ਭਾਰਤ ਵਿਚ ਕਈ ਸਥਾਨਾਂ ਉੱਤੇ ਉਦਾਸੀ ਸੰਪ੍ਰਦਾਇ ਨੇ ਆਪਣੇ ਡੇਰੇ/ਸਥਾਨ ਬਣਾ ਲਏ ਸਨ। ਨਿਰਮਲੇ ਸੰਤਾਂ ਵਿਚ ਵੀ ਆਪਣੇ ਸਥਾਨ ਬਣਾਉਣ ਦੀ ਇੱਛਾ ਪ੍ਰਬਲ ਹੋ ਗਈ ਅਤੇ ਇਨ੍ਹਾਂ ਨੇ ਆਪਣੀ

ਵਿਰਕਤ ਰੁਚੀ ਨੂੰ ਤਿਆਗਦੇ ਹੋਏ ਰਾਜੇ-ਮਹਾਰਾਜਿਆਂ ਵੱਲੋਂ ਭੇਟ ਕੀਤੀਆਂ ਜਾਣ ਵਾਲੀਆਂ ਜਗੀਰਾਂ ਨੂੰ ਪ੍ਰਵਾਨ ਕਰਨਾ ਸ਼ੁਰੂ ਕਰ ਦਿੱਤਾ। ਮੂਲ ਰੂਪ ਵਿਚ ਇਹ ਡੇਰੇ ਗੁਰਮਤਿ ਅਤੇ ਵਿਦਿਆ ਦਾ ਪ੍ਰਚਾਰ ਕਰਨ ਹਿੱਤ ਹੀ ਬਣਾਏ ਗਏ ਸਨ ਜਿਨ੍ਹਾਂ ਦੀ ਕਾਰਗੁਜ਼ਾਰੀ ਸਦਕਾ ਨਿਰਮਲ ਸੰਪ੍ਰਦਾਇ ਦੀਆਂ ਕਈ ਉਪ-ਸੰਪ੍ਰਦਾਵਾਂ ਹੋਂਦ ਵਿਚ ਆਈਆਂ।

ਜਦੋਂ ਨਿਰਮਲ ਸੰਪ੍ਰਦਾਇ ਵੱਲੋਂ ਵੱਖ-ਵੱਖ ਥਾਵਾਂ 'ਤੇ ਆਪਣੇ ਸਥਾਨ (ਡੇਰੇ/ਕੁਟੀਆ/ਆਸ਼ਰਮ ਆਦਿ) ਬਣਾਉਣੇ ਸ਼ੁਰੂ ਹੋਏ ਤਾਂ ਇਨ੍ਹਾਂ ਸਾਧੂਆਂ ਨੇ ਆਪਣੇ-ਆਪਣੇ ਖੇਤਰ ਅਨੁਸਾਰ ਆਪਸੀ ਤਾਲ-ਮੇਲ ਵਧਾ ਕੇ ਖ਼ੇਤਰੀ ਪੱਧਰ 'ਤੇ ਸੰਗਠਨ ਬਣਾਉਣੇ ਸ਼ੁਰੂ ਕਰ ਦਿਤੇ। "ਪਹਿਲਾਂ ਪਹਿਲ ਜਪੀ, ਤਪੀ, ਵਿਦਵਾਨ ਨਿਰਮਲੇ, ਜਿਹੜੇ ਅਤਿ ਅਧਿਕ ਪ੍ਰਸਿੱਧੀ ਪ੍ਰਾਪਤ ਕਰਦੇ ਰਹੇ, ਉਨ੍ਹਾਂ ਦੇ ਅਸਥਾਨ, ਜਨਮ-ਅਸਥਾਨ ਜਾਂ ਨਾਮ ਨਾਲ ਸੰਪ੍ਰਦਾਵਾਂ ਸ਼ੁਰ ਹੋ ਗਈਆਂ। ਕੁੱਝ ਮੁੱਢਲੀਆਂ ਸ਼ਾਖਾਵਾਂ ਵਿਚੋਂ ਹੋਰ ਉਪ-ਸ਼ਾਖਾਵਾਂ ਬਣਨ ਨਾਲ ਇਨ੍ਹਾਂ ਦੀ ਗਿਣਤੀ ਵਧਦੀ ਗਈ।"[115] ਉਪ-ਸੰਪ੍ਰਦਾਵਾਂ ਦੇ ਨਾਮਕਰਣ ਅਤੇ ਵਰਗੀਕਰਣ ਬਾਰੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਜੀ ਦੇ ਵਿਚਾਰ ਹਨ "ਗੁਰੂ ਜੀ ਦੀ ਆਗਿਆ ਅਨੁਸਾਰ ਕੁੱਝ ਨਿਰਮਲੇ ਸੰਤਾਂ ਨੂੰ ਭਾਈ ਦਇਆ ਸਿੰਘ ਜੀ ਨੇ ਅਤੇ ਕੁੱਝ ਨੂੰ ਭਾਈ ਧਰਮ ਸਿੰਘ ਜੀ ਨੇ ਰਹਿਤ ਮਰਯਾਦਾ ਦੱਸੀ ਅਤੇ ਗੁਰਮੰਤ੍ਰ ਦਾ ਉਪਦੇਸ਼ ਦਿੱਤਾ। ਇਸ ਕਰਕੇ ਨਿਰਮਲ ਪੰਥ ਦੀਆਂ ਸਮੂਹ ਸ਼ਾਖਾਵਾਂ (ਸੰਪ੍ਰਦਾਵਾਂ) ਇਨ੍ਹਾਂ ਦੋਹਾਂ ਪਿਆਰਿਆਂ ਨਾਲ ਜਾ ਕੇ ਮਿਲਦੀਆਂ ਹਨ। ਕੁੱਝ ਸ਼ਾਖਾਂ ਅਜਿਹੀਆਂ ਵੀ ਹਨ, ਜੋ ਦਸਮ ਗੁਰੂ ਜੀ ਦੇ ਹਜ਼ੂਰੀ ਸਿੰਘਾਂ ਦਾ ਅਨਯ ਤਪ-ਤੇਜ਼ ਵਾਲੇ ਨਾਮ ਅਭਿਆਸੀ ਮਹਾਂਪੁਰਖਾਂ ਤੋਂ ਅਰੰਭ ਹੋਈਆਂ ਹਨ। ਇਹ ਸੰਪ੍ਰਦਾਵਾਂ ਪਿੰਡਾਂ, ਸ਼ਹਿਰਾਂ, ਤੀਰਥਾਂ, ਨਦੀਆਂ ਜਾਂ ਮਹਾਂਪੁਰਖਾਂ ਦੇ ਨਾਵਾਂ 'ਤੇ ਪ੍ਰਚਲਤ ਹਨ।"[116]

ਭਾਈ ਦਇਆ ਸਿੰਘ ਜੀ ਨਾਲ ਸੰਬੰਧਤ ਸੰਪ੍ਰਦਾਵਾਂ:

1. ਨੌਰੰਗਾਬਾਦ 2. ਆਯੁੱਧਿਆ 3. ਰਾਮ ਤੀਰਥ 4. ਗਿੜਵੜੀ (ਗਿਰਵੜੀ) 5. ਮੰਗਵਾਲ 6. ਦੁਭੇਰਨ 7. ਕਾਦੀਆਂ 8. ਮਹਿਮਾ ਸ਼ਾਹ 9. ਡਰੋਲੀ 10. ਮੁਕਤਿਸਰ 11. ਦੌਧਰ 12. ਸੇਖਵਾਂ 13. ਗੁਰੂਸਰ 14. ਜਲਾਲ

115 ਬਲਵੀਰ ਸਿੰਘ ਨੰਦਾ, *ਪੁਰਾਤਨ ਸਿੱਖ ਸੰਪ੍ਰਦਾਇ*, ਪੰਨਾ 87.

116 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਭੇਖ ਭਾਸ਼ਕਰ*, ਪੰਨਾ 55.

ਭਾਈ ਧਰਮ ਸਿੰਘ ਜੀ ਪਿਆਰੇ ਨਾਲ ਸੰਬੰਧਿਤ ਸੰਪ੍ਰਦਾਵਾਂ:

1. ਠਾਕਰ ਦਿਆਲ ਸਿੰਘ ਜੀ
2. ਨੰਗਾਲੀ ਸਾਹਿਬ
3. ਖਡੂਰ ਸਾਹਿਬ
4. ਬਲੌਂਗੀ
5. ਕਾਸ਼ੀ
6. ਕੂਬੇਰ
7. ਕਟਈ (ਅੰਤਰਜਾਮੀ)
8. ਗੰਧੀਆਂ
9. ਠੀਕਰੀਵਾਲਾ
10. ਬਰਨਾਲਾ

ਹੋਰ ਸੰਪ੍ਰਦਾਵਾਂ: ਦਮਦਮਾ ਸਾਹਿਬ, ਪੰਡੋਰੀ ਨਿੱਝਰਾਂ, ਭਾਈ ਕੋਇਰ ਸਿੰਘ, ਬਾਬਾ ਕੂਮਾ ਸਿੰਘ, ਬਿੰਦਾਵਨ ਆਦਿ।

ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਨੇ ਇਨ੍ਹਾਂ ਸਾਰੀਆਂ ਸੰਪ੍ਰਦਾਵਾਂ ਦੀ 'ਨਿਰਮਲ ਪੰਥ ਗੁਰਪ੍ਰਣਾਲਕਾ (ਵੰਸਾਵਲੀ)' ਵੀ ਤਿਆਰ ਕੀਤੀ ਸੀ। ਇਨ੍ਹਾਂ ਤੋਂ ਇਲਾਵਾ ਇਤਿਹਾਸ ਵਿਚ ਨਿਰਮਲ ਸੰਪ੍ਰਦਾਇ ਦੀਆਂ ਹੋਰ ਸ਼ਾਖਾਵਾਂ ਦਾ ਜ਼ਿਕਰ ਵੀ ਮਿਲਦਾ ਹੈ। ਮਹੰਤ ਦਿਆਲ ਸਿੰਘ ਜੀ ਨੇ ਆਪਣੇ ਇਤਿਹਾਸ 'ਨਿਰਮਲ ਪੰਥ ਦਰਸ਼ਨ', ਚੌਥਾ ਹਿੱਸਾ ਵਿਚ ਨਿਰਮਲ ਸੰਪ੍ਰਦਾਇ ਦੀਆਂ 33 ਸੰਪ੍ਰਦਾਵਾਂ ਦਾ ਜ਼ਿਕਰ ਕੀਤਾ ਹੈ। ਸੰਪ੍ਰਦਾਵਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:[117]

1. ਸੰਪ੍ਰਦਾਇ ਠਾਕੁਰਾਂ
2. ਸੰਪ੍ਰਦਾਇ ਨੌਰੰਗਾਬਾਦ
3. ਸੰਪ੍ਰਦਾਇ ਹੋਤੀ ਮਰਦਾਨ
4. ਸੰਪ੍ਰਦਾਇ ਦੁਭੇਰਨੀ
5. ਸੰਪ੍ਰਦਾਇ ਭਗੀਰਥੀ
6. ਸੰਪ੍ਰਦਾਇ ਗੰਧੀਆਂ
7. ਸੰਪ੍ਰਦਾਇ ਮੰਗਵਾਲ
8. ਸੰਪ੍ਰਦਾਇ ਪੰਡੋਰੀ ਨਿੱਝਰਾਂ
9. ਸੰਪ੍ਰਦਾਇ ਖਡੂਰੀਆਂ
10. ਸੰਪ੍ਰਦਾਇ ਕੁਬੇਰੀਆ
11. ਸੰਪ੍ਰਦਾਇ ਬਲੌਂਗੀ
12. ਸੰਪ੍ਰਦਾਇ ਠਾਕੁਰ ਬਹਾਲ ਸਿੰਘ
13. ਸੰਪ੍ਰਦਾਇ ਗੁਰੂਸਰੀਆ
14. ਸੰਪ੍ਰਦਾਇ ਗਿਰਵੜੀ
15. ਸੰਪ੍ਰਦਾਇ ਬਰਨਾਲਾ
16. ਸੰਪ੍ਰਦਾਇ ਡਰੋਲੀ

---

[117] ਮਹੰਤ ਦਿਆਲ ਸਿੰਘ, *ਨਿਰਮਲ ਪੰਥ ਦਰਸ਼ਨ*, ਚੌਥਾ ਹਿੱਸਾ, ਪੰਨਾ ਤਤਕਰਾ ਕਿਤਾਬ.

17. ਸੰਪ੍ਰਦਾਇ ਮੁਕਤਸਰੀਆ
18. ਸੰਪ੍ਰਦਾਇ ਮਹਿਮੇਸ਼ਾਹੀ
19. ਸੰਪ੍ਰਦਾਇ ਜਲਾਲ
20. ਸੰਪ੍ਰਦਾਇ ਸੇਖਵਾਂ ਦੋਦਾ
21. ਸੰਪ੍ਰਦਾਇ ਠੀਕਰੀਵਾਲਾ
22. ਸੰਪ੍ਰਦਾਇ ਦੌਦਰ (ਦੌਧਰ)
23. ਸੰਪ੍ਰਦਾਇ ਗੁਰੂ ਮਾਂਗਟ
24. ਸੰਪ੍ਰਦਾਇ ਨੰਗਾਲੀ ਸਾਹਿਬ
25. ਸੰਪ੍ਰਦਾਇ ਕਾਸ਼ੀ
26. ਸੰਪ੍ਰਦਾਇ ਰਾਮ ਤੀਰਥੀਆਂ
27. ਸੰਪ੍ਰਦਾਇ ਅੱਡਣਸ਼ਾਹੀ ਨਿਰਮਲੇ
28. ਸੰਪ੍ਰਦਾਇ ਬਾਬਾ ਗੁਰਮੁਖ ਸਿੰਘ
29. ਸੰਪ੍ਰਦਾਇ ਦਮਦਮੀਆਂ
30. ਸੰਪ੍ਰਦਾਇ ਕੂਮਾ ਸਿੰਘ
31. ਸੰਪ੍ਰਦਾਇ ਅਯੁੱਧਿਆ ਵਾਸੀ
32. ਸੰਪ੍ਰਦਾਇ ਬ੍ਰਿੰਦਾਬਨੀਏ
33. ਸੰਪ੍ਰਦਾਇ ਕਾਦੀਆਂ"

ਉਕਤ 33 ਉਪ-ਸੰਪ੍ਰਦਾਵਾਂ ਨਿਰਮਲ ਸੰਪ੍ਰਦਾਇ ਦੇ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ, ਕਨਖਲ (ਹਰਿਦੁਆਰ) ਅਧੀਨ ਰਜਿਸਟਰਡ ਹਨ।[118] ਇਨ੍ਹਾਂ ਸਾਰੀਆਂ ਸੰਪ੍ਰਦਾਵਾਂ ਦੇ ਹਜ਼ਾਰਾਂ ਡੇਰੇ, ਆਸ਼ਰਮ ਹਨ ਅਤੇ ਹਰ ਸੰਪ੍ਰਦਾਇ ਦਾ ਆਪਣਾ ਇਤਿਹਾਸ ਹੈ। ਇਨ੍ਹਾਂ ਸੰਪ੍ਰਦਾਵਾਂ ਦਾ ਨਾਮਕਰਣ ਡੇਰਿਆਂ ਜਾਂ ਸੰਪ੍ਰਦਾਈ ਸਥਾਨਾਂ ਦੀ ਪ੍ਰਸਿੱਧੀ, ਵਿਅਕਤੀਗਤ ਪ੍ਰਸਿੱਧੀ ਆਦਿ ਕਾਰਨ ਪ੍ਰਚਲਤ ਹੋਇਆ ਹੈ। ਜੇਕਰ ਇਨ੍ਹਾਂ ਉਕਤ ਸੰਪ੍ਰਦਾਵਾਂ ਦੀ ਵੰਡ ਕਰਨੀ ਹੋਵੇ ਤਾਂ "ਇਨ੍ਹਾਂ ਸੰਪ੍ਰਦਾਵਾਂ ਦਾ ਵਰਗੀਕਰਣ ਇਲਾਕਾਈ ਪ੍ਰਭਾਵਾਂ ਨੂੰ ਸਾਹਮਣੇ ਰੱਖ ਕੇ ਇਉਂ ਕੀਤਾ ਜਾ ਸਕਦਾ ਹੈ:[119]

**1. ਪੋਠੋਹਾਰ ਦੀਆਂ ਸੰਪ੍ਰਦਾਵਾਂ:**

ਹੋਤੀ ਮਰਦਾਨ, ਦੁਭੇਰਨ, ਮੰਗਵਾਲ, ਗੰਧੀਆ, ਅੱਡਣਸ਼ਾਹੀ ਨਿਰਮਲੇ।

**2. ਕੇਂਦਰੀ ਸੰਪ੍ਰਦਾਵਾਂ:**

ਠਾਕੁਰਾਂ, ਨੌਰੰਗਾਬਾਦ, ਕਟਈ, ਠਾਕੁਰ ਗੁਰਮੁਖ ਸਿੰਘ ਜੀ, ਠਾਕੁਰ ਬਹਾਲ ਸਿੰਘ ਜੀ, ਬਾਬਾ ਕੂਮਾ ਸਿੰਘ ਜੀ, ਖਡੂਰੀਏ, ਨੰਗਾਲੀ ਸਾਹਿਬ, ਬਲੌਂਗੀ, ਗੁਰੂ ਮਾਂਗਟ, ਕਾਦੀਆਂ, ਗੁਰੂਸਰੀਏ।

---

118 ਮਹੰਤ ਬਲਵੰਤ ਸਿੰਘ ਸੈਕਟਰੀ, *ਨਿੱਜੀ ਮੁਲਾਕਾਤ,* ਮਿਤੀ 1 ਜਨਵਰੀ 2016 ਵਿਚੋਂ.

119 ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 68.

**3. ਦੁਆਬੇ ਦੀਆਂ ਸੰਪ੍ਰਦਾਵਾਂ:**

ਪੰਡੋਰੀ ਨਿੱਝਰਾਂ, ਗਿਰਵੜੀ।

**4. ਮਾਲਵੇ ਦੀਆਂ ਸੰਪ੍ਰਦਾਵਾਂ:**

ਬਰਨਾਲਾ, ਡਰੌਲੀ, ਮੁਕਤਸਰੀਆ, ਜਲਾਲ, ਮਹਿਮੇ ਸ਼ਾਹੀਏ, ਦੌਦਰ, ਠੀਕਰੀਵਾਲਾ, ਸੇਖਵਾਂ, ਦਮਦਮੀਆਂ।

**5. ਫੁਟਕਲ ਸੰਪ੍ਰਦਾਵਾਂ:**

ਕੁਬੇਰੀਆ, ਕਾਸ਼ੀ, ਬਿੰਦ੍ਰਾਬਨੀਏ, ਅਯੁੱਧਿਆ ਵਾਸੀ, ਭਗੀਰਥੀ।

ਜਿਸ ਤਰ੍ਹਾਂ ਇਕ ਬ੍ਰਿਛ ਦੀ ਵਿਸ਼ਾਲਤਾ ਵਿਚ ਉਸ ਦੀਆਂ ਜੜ੍ਹਾਂ, ਟਹਿਣੀਆਂ, ਫੁੱਲ, ਫਲ ਤੇ ਪੱਤੇ ਇਕ ਅਹਿਮ ਅੰਗ ਵਜੋਂ ਆਪਣੀ ਮਹਾਨਤਾ ਰੱਖਦੇ ਹਨ ਉਸੇ ਤਰ੍ਹਾਂ ਨਿਰਮਲ ਸੰਪ੍ਰਦਾਇ ਦੀ ਪ੍ਰਫੁਲਤਾ ਵਿਚ ਉਕਤ ਸੰਪ੍ਰਦਾਵਾਂ ਅਹਿਮ ਅੰਗ ਵਜੋਂ ਕਾਰਜਸ਼ੀਲ ਹਨ। ਇਨ੍ਹਾਂ ਸੰਪ੍ਰਦਾਵਾਂ ਦੀ ਸਮੁੱਚਤਾ ਹੀ ਨਿਰਮਲ ਸੰਪ੍ਰਦਾਇ ਦੇ ਵਜੂਦ ਵਜੋਂ ਉਭਰਦੀ ਹੈ। ਅਜੋਕੇ ਸਮੇਂ ਵੀ ਇਹ ਸੰਪ੍ਰਦਾਵਾਂ ਕਿਸੇ ਨਾ ਕਿਸੇ ਰੂਪ ਵਿਚ ਸਮਾਜ ਸੇਵਾ ਵਿਚ ਕਾਰਜਸ਼ੀਲ ਹਨ। ਖੋਜ-ਕਾਰਜ ਦੇ ਘੇਰੇ ਨੂੰ ਧਿਆਨ ਵਿਚ ਰਖਦਿਆਂ ਇੱਥੇ ਉਕਤ ਉਪ-ਸੰਪ੍ਰਦਾਵਾਂ ਦੀ ਸੰਖੇਪ ਵਿਚ ਚਰਚਾ ਕਰਦੇ ਹਾਂ, ਸੰਪ੍ਰਦਾਵਾਂ ਦਾ ਸੰਖੇਪ ਇਤਿਹਾਸ ਅਤੇ ਵਿਕਾਸ ਹੇਠ ਲਿਖੇ ਅਨੁਸਾਰ ਹੈ:-

**1. ਸੰਪ੍ਰਦਾਇ ਠਾਕੁਰਾਂ**

'ਸੰਪ੍ਰਦਾਇ ਠਾਕੁਰਾਂ' ਦਾ ਨਿਰਮਲ ਸਮਾਜ ਵਿਚ ਸਤਿਕਾਰਯੋਗ ਸਥਾਨ ਹੈ। "ਇਸ ਸੰਪ੍ਰਦਾਇ ਦੇ ਮੋਢੀ ਠਾਕੁਰ ਦਿਆਲ ਸਿੰਘ ਜੀ ਸਨ। ਜਿਨ੍ਹਾਂ ਦਾ ਡੇਰਾ ਚੌਕ ਕਰੋੜੀ, ਅੰਮ੍ਰਿਤਸਰ ਵਿਚ ਹੈ। ਇਸ ਸੰਪ੍ਰਦਾਇ ਦਾ ਮੁੱਖ ਕੇਂਦਰ ਅੰਮ੍ਰਿਤਸਰ ਵਿਚ ਸੀ ਜਿਸ ਲਈ ਇਸ ਦਾ ਨਿਰਮਲੇ ਸੰਤਾਂ ਦੀ ਰਾਜਨੀਤੀ ਵਿਚ ਵਿਸ਼ੇਸ਼ ਸਥਾਨ ਰਿਹਾ ਹੈ। ਜਦੋਂ ਨਿਰਮਲੇ ਸੰਤਾਂ ਦੀ ਰਾਜਨੀਤਿਕ ਸੰਸਥਾ 'ਨਿਰਮਲ ਮਹਾਂ ਮੰਡਲ' 1925 ਈ: ਵਿਚ ਕਾਇਮ ਕੀਤੀ ਗਈ ਤਾਂ ਉਸ ਦੇ ਪਹਿਲੇ ਪ੍ਰਧਾਨ ਮਹੰਤ ਰਤਨ ਸਿੰਘ ਜੀ, ਡੇਰਾ ਬਾਬਾ ਮਿਸ਼ਰਾ ਸਿੰਘ ਜੀ ਵਾਲੇ ਬਣਾਏ ਗਏ। ਨਿਰਮਲ ਅਖਾੜੇ ਦੇ ਪ੍ਰੈਜ਼ੀਡੈਂਟ ਪੰਡਿਤ ਸੁੱਚਾ ਸਿੰਘ ਜੀ ਇਸੇ ਸੰਪ੍ਰਦਾਇ ਨਾਲ ਸੰਬੰਧਿਤ

ਸਨ।"[120] ਇਸ ਸੰਪ੍ਰਦਾਇ ਦੇ ਮਹੰਤ ਠਾਕੁਰ ਦਿਆਲ ਸਿੰਘ ਜੀ ਦਾ ਤਪ-ਤੇਜ, ਪਵਿੱਤਰ ਜੀਵਨ ਅਤੇ ਉੱਚੇ ਆਚਰਣ ਦੀ ਸ਼ੋਭਾ ਸੁਣ ਕੇ ਦੂਰ-ਦੂਰ ਤੋਂ ਸਾਧੂ ਪ੍ਰੇਮੀ ਆਉਣ ਲੱਗੇ।

ਸੰਤ ਜੀ ਦੇ ਪ੍ਰਵਚਨਾ ਸਦਕਾ ਕਈ ਰਾਜੇ-ਮਹਾਰਾਜੇ ਆਸ਼ਰਮ ਵਿੱਚ ਪੁੱਜ ਕੇ ਕਥਾ ਕੀਰਤਨ ਅਤੇ ਸਦਉਪਦੇਸ਼ ਸ੍ਰਵਣ ਕਰਦੇ ਸਨ। "ਮਹਾਰਾਜਾ ਰਣਜੀਤ ਸਿੰਘ ਜੀ ਨੇ ਇਨ੍ਹਾਂ ਨੂੰ ਕਈ ਵਾਰ ਜਗੀਰ ਦੇਣ ਦੀ ਪ੍ਰਾਰਥਨਾ ਕੀਤੀ, ਪਰ ਇਹ ਹਰ ਵਾਰ ਅਪ੍ਰਵਾਨ ਕਰਦੇ ਰਹੇ। ਮਹਾਰਾਣੀ ਜਿੰਦਾਂ ਇਸ ਡੇਰੇ ਦੀ ਸਰਧਾਲੂ ਸੀ, ਡੇਰੇ ਵਿੱਚ ਕੜਾਹ-ਪ੍ਰਸਾਦ ਦੀ ਦੇਗ ਮਹਾਰਾਣੀ ਵੱਲੋਂ ਹੁੰਦੀ ਸੀ। ਮਹਾਰਾਣੀ ਵੱਲੋਂ ਵੀ ਕਈ ਵਾਰ ਜਗੀਰ ਦੇਣ ਦੀ ਬੇਨਤੀ ਕੀਤੀ ਗਈ, ਜੋ ਪ੍ਰਵਾਨ ਨਾਂ ਹੋਈ।"[121]

ਇਸ ਸੰਪ੍ਰਦਾਇ ਦੁਆਰਾ ਸੈਂਕੜੇ ਵਿਦਿਆਰਥੀਆਂ ਨੂੰ ਗੁਰਮਤਿ ਸਾਹਿਤ, ਗੁਰਬਾਣੀ ਇਤਿਹਾਸ, ਵੇਦ ਸ਼ਾਸ਼ਤਰ, ਵੇਦਾਂਤ ਅਤੇ ਨੀਤੀ ਕਾਵਿ ਆਦਿ ਦੀ ਸਿੱਖਿਆ ਦਿੱਤੀ ਜਾਂਦੀ ਰਹੀ ਹੈ। ਠਾਕੁਰ ਦਿਆਲ ਸਿੰਘ ਦੇ ਉੱਚੇ ਜੀਵਨ ਅਤੇ ਤਪ-ਤੇਜ ਕਾਰਨ, ਇਸ ਸੰਪ੍ਰਦਾਇ ਦਾ ਨਾਮਕਰਣ 'ਸੰਪ੍ਰਦਾਇ ਠਾਕੁਰਾਂ' ਦੇ ਨਾਮ ਨਾਲ ਪ੍ਰਸਿੱਧ ਹੋ ਗਿਆ।

ਸੱਜਰਾ ਸ੍ਰੰਦਾਇ ਠਾਕੁਰਾਂ:[122]

ਸ੍ਰੀ ਗੁਰੂ ਗੋਬਿੰਦ ਸਿੰਘ ਜੀ
↓
ਭਾਈ ਧਰਮ ਸਿੰਘ (ਪਿਆਰੇ)
↓
ਸੰਤ ਗੰਡਾ ਸਿੰਘ (ਕਾਸ਼ੀ ਜਾ ਕੇ ਸੰਸਕ੍ਰਿਤ ਪੜ੍ਹਨ ਵਾਲੇ ਮੁੱਢਲੇ ਸੰਤ)
↓
ਸੰਤ ਦਰਬਾਰਾ ਸਿੰਘ
↓
ਸੰਤ ਸਾਹਿਬ ਸਿੰਘ
↓
ਸੰਤ ਦੀਪ ਸਿੰਘ
↓
ਸੰਤ ਰਾਮ ਸਿੰਘ
↓
ਠਾਕੁਰ ਦਿਆਲ ਸਿੰਘ

---

[120] ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 68.

[121] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 701.

[122] ਉਹੀ, ਪੰਨਾ 698.

ਇਹ ਪਿੱਛੋਂ ਭਾਈ ਧਰਮ ਸਿੰਘ ਜੀ (ਪਿਆਰੇ) ਨਾਲ ਜਾ ਮਿਲਦੀ ਹੈ। ਸੰਪ੍ਰਦਾਇ ਠਾਕੁਰਾਂ ਦੇ ਡੇਰੇ ਮੁੱਖ ਰੂਪ ਵਿਚ ਅੰਮ੍ਰਿਤਸਰ, ਗੋਇੰਦਵਾਲ, ਹਰਿਦੁਆਰ, ਰਿਸ਼ੀਕੇਸ਼, ਦਿੱਲੀ ਆਦਿ ਵਿੱਚ ਹਨ।

### 2. ਸੰਪ੍ਰਦਾਇ ਨੌਰੰਗਾਬਾਦ

'ਸੰਪ੍ਰਦਾਇ ਨੌਰੰਗਾਬਾਦ' ਦਾ ਗੌਰਵਸ਼ਾਲੀ ਇਤਿਹਾਸ ਹੈ। "ਇਸ ਸੰਪ੍ਰਦਾਇ ਵਿਚ ਬਾਬਾ ਸਾਹਿਬ ਸਿੰਘ ਜੀ ਬੇਦੀ, ਰਾਜਾ ਜਨਕ ਜੀ ਵਰਗੇ ਰਾਜ ਯੋਗੀ, ਸੰਤ ਭਾਗ ਸਿੰਘ ਜੀ ਵਰਗੇ ਨਾਮ ਅਭਿਆਸੀ, ਬਾਬਾ ਵੀਰ ਸਿੰਘ ਜੀ ਵਰਗੇ ਸੂਰਬੀਰ ਬਚਨ ਕੇ ਬਲੀ, ਸੰਤ ਮਹਾਰਾਜ ਸਿੰਘ ਜੀ ਵਰਗੇ ਭਾਰਤ ਦੇ ਪਹਿਲੇ ਆਜ਼ਾਦੀ ਦੇ ਸੰਗਰਾਮੀਏ ਅਤੇ ਜਲਾਵਤਨੀ, ਸੰਤ ਖੁਦਾ ਸਿੰਘ ਜੀ ਵਰਗੇ ਅਣਖੀਲੇ ਬ੍ਰਹਮਗਿਆਨੀ, ਸੰਤ ਕਰਮ ਸਿੰਘ ਜੀ ਹੋਤੀ (ਮਰਦਾਨ) ਵਰਗੇ ਸਿਮਰਨ ਵਾਲੇ ਤਪੱਸਵੀ, ਪੰਥ ਨੂੰ ਸੇਧ ਦੇਣ ਵਾਲੇ ਪੂਜਯ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਵਰਗੇ ਵੀਹਵੀਂ ਸਦੀ ਦੇ ਅਵਤਾਰ, ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ, ਪੰਡਿਤ ਅਰਜੁਨ ਸਿੰਘ ਜੀ 'ਮੁਨੀ' ਵਰਗੇ ਸੰਸਕ੍ਰਿਤ ਦੇ ਧੁਰੰਧਰ ਵਿਦਵਾਨ ਇਸ ਸੰਪ੍ਰਦਾਇ ਵਿਚ ਅਨੇਕ ਨਰ-ਰਤਨ ਹੋਏ ਹਨ।"[123] ਇਹ ਸੰਪ੍ਰਦਾਇ ਦੇ ਮਹਾਂਪੁਰਖਾਂ ਨੇ ਦੇਸ਼, ਪੰਥ ਅਤੇ ਰਾਜਨੀਤੀ ਵਿਚ ਅਹਿਮ ਭੂਮਿਕਾ ਨਿਭਾਈ ਹੈ।

ਸੰਪ੍ਰਦਾਇ ਨੌਰੰਗਾਬਾਦ ਦੇ ਮੋਢੀ ਬਾਬਾ ਬੀਰ ਸਿੰਘ ਜੀ ਹੋਏ ਹਨ। "ਆਪ ਜੀ ਜਨਮ ਪਿੰਡ ਗਗੋਬੂਆ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਕੁੱਝ ਸਮਾਂ ਫ਼ੌਜ ਵਿਚ ਨੌਕਰੀ ਕਰਨ ਉਪਰੰਤ ਸੰਤ ਭਾਗ ਸਿੰਘ ਜੀ ਕੁਰੀ ਵਾਲਿਆਂ ਦੀ ਸੰਗਤ ਵਿਚ ਆ ਗਏ। ਫਿਰ ਉਨ੍ਹਾਂ ਦੀ ਆਗਿਆ ਨਾਲ ਬਾਬਾ ਸਾਹਿਬ ਸਿੰਘ ਜੀ ਵੇਦੀ ਊਨਾ ਵਾਲਿਆਂ ਦੀ ਸੰਗਤ ਵਿਚ ਪੁੱਜੇ। ਸੇਵਾ ਸਿਮਰਨ ਨਾਲ ਆਪ ਜੀ ਦਾ ਤਪ-ਤੇਜ, ਪਰਤਾਪ ਚੰਦਨ ਦੀ ਸੁਗੰਧੀ ਵਾਂਗ ਫੈਲ ਗਿਆ। ਨੌਰੰਗਾਬਾਦ ਦੀ ਸੰਗਤ ਆਪ ਜੀ ਨੂੰ ਆਪਣੇ ਪਿੰਡ ਲੈ ਆਈ। ਡੇਰਾ ਬਣ ਗਿਆ, ਨਾਮ ਬਾਣੀ ਦਾ ਪ੍ਰਵਾਹ ਚੱਲ ਪਿਆ।"[124] ਨੌਰੰਗਾਬਾਦ ਡੇਰੇ ਦੀ ਉਪਮਾਂ ਤੋਂ ਹੀ ਸੰਪ੍ਰਦਾਇ ਦਾ ਨਾਂ 'ਸੰਪ੍ਰਦਾਇ ਨੌਰੰਗਾਬਾਦ' ਪ੍ਰਸਿੱਧ ਹੋਇਆ ਹੈ।

ਬਾਬਾ ਬੀਰ ਸਿੰਘ ਬੜੇ ਸੂਰਵੀਰ ਯੋਧਾ ਸਨ। ਇਨ੍ਹਾਂ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਹੈ। ਬਾਬਾ ਬੀਰ ਸਿੰਘ ਦੇ ਚੇਲੇ ਬਾਬਾ ਖੁਦਾ ਸਿੰਘ ਜੀ ਹੋਏ, ਜੋ ਬੜੇ ਪ੍ਰਤਾਪੀ ਮਹਾਂਪੁਰਸ਼ ਸਨ, ਇਨ੍ਹਾਂ ਤੋਂ ਬਾਅਦ

---

[123] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 306.

[124] ਉਹੀ, *ਨਿਰਮਲ ਪੰਥ ਦੀ ਗੌਰਵ ਗਾਥਾ,* ਪੰਨਾ 117.

ਬਾਬਾ ਮਹਾਰਾਜ ਸਿੰਘ ਜੀ ਅਤੇ ਉਨ੍ਹਾਂ ਦੇ ਚੇਲੇ ਬਾਬਾ ਕਰਮ ਸਿੰਘ ਜੀ ਹੋਏ ਹਨ। ਬਾਬਾ ਕਰਮ ਸਿੰਘ ਜੀ ਤੋਂ ਹੀ ਅੱਗੇ ਸੰਪ੍ਰਦਾਇ 'ਹੋਤੀ ਮਰਦਾਨ' ਦਾ ਜਨਮ ਹੋਇਆ। ਨੌਰੰਗਾਬਾਦੀ ਸੰਪ੍ਰਦਾਇ ਦੇ ਡੇਰੇ ਅੰਮ੍ਰਿਤਸਰ, ਦੁਆਬਾ, ਮੁਸਤਫ਼ਾਬਾਦ (ਅੰਬਾਲਾ) ਅਤੇ ਇਕ ਡੇਰਾ ਸੁਲਤਾਨਪੁਰ (ਯੂ.ਪੀ.) ਵਿੱਚ ਹੈ।

### 3. ਸੰਪ੍ਰਦਾਇ ਹੋਤੀ ਮਰਦਾਨ

ਸੰਤ ਕਰਮ ਸਿੰਘ ਜੀ ਹੋਤੀ (ਮਰਦਾਨ) ਵਾਲੇ ਪ੍ਰਸਿੱਧ ਮਹਾਂਪੁਰਸ਼ ਹੋਏ ਹਨ। ਇਹ ਸੰਪ੍ਰਦਾਇ 'ਹੋਤੀ ਮਰਦਾਨ' (ਪਾਕਿਸਤਾਨ) ਦੇ ਮੋਢੀ ਹੋਏ ਹਨ। "ਇਸ ਸੰਪ੍ਰਦਾਇ ਦਾ ਨਿਕਾਸ ਨੌਰੰਗਾਬਾਦੀ ਸੰਪ੍ਰਦਾਇ ਤੋਂ ਹੋਇਆ ਹੈ। ਬਾਅਦ ਵਿੱਚ ਇਹ ਸੰਪ੍ਰਦਾਇ ਏਨੀ ਪ੍ਰਸਿੱਧ ਹੋ ਗਈ ਕਿ ਇਸ ਨੇ ਵੱਖਰੀ ਸੰਪ੍ਰਦਾਇ ਦਾ ਰੂਪ ਧਾਰਨ ਕਰ ਲਿਆ। ਇਸ ਦਾ ਮੁੱਖ ਡੇਰਾ ਹੋਤੀ ਮਰਦਾਨ (ਪਾਕਿਸਤਾਨ) ਵਿੱਚ ਹੋਣ ਕਰਕੇ ਇਸ ਦਾ ਨਾਂ ਵੀ 'ਹੋਤੀ ਮਰਦਾਨ ਸੰਪ੍ਰਦਾਇ' ਪੈ ਗਿਆ।"[125] ਇਸ ਸੰਪ੍ਰਦਾਇ ਵਿੱਚ ਵੱਡੇ-ਵੱਡੇ ਵਿਦਵਾਨ ਮਹਾਂਪੁਰਸ਼ ਹੋਏ ਹਨ ਜੋ ਸੰਸਕ੍ਰਿਤ ਭਾਸ਼ਾ ਦੇ ਉੱਘੇ ਵਿਦਵਾਨ ਹੋਣ ਤੋਂ ਇਲਾਵਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਵੀ ਕਰਦੇ ਸਨ। ਪੰਡਤ ਰਾਮ ਸਿੰਘ, ਪੰਡਤ ਜੀਵਨ ਸਿੰਘ, ਪੰਡਤ ਪ੍ਰੇਮ ਸਿੰਘ ਆਦਿ ਇਸ ਸੰਪ੍ਰਦਾਇ ਦੇ ਮੁੱਖ ਵਿਦਵਾਨ ਸਨ, ਜਿਨ੍ਹਾਂ ਦਾ ਨਿਰਮਲ ਸੰਪ੍ਰਦਾਇ ਵਿੱਚ ਬੜਾ ਸਤਿਕਾਰ ਸੀ। ਮਹੰਤ ਦਿਆਲ ਸਿੰਘ (ਕਰਤਾ '*ਨਿਰਮਲ ਪੰਥ ਦਰਸ਼ਨ*', '*ਗਿਅਨ ਭੂਮੀਕਾ*' ਆਦਿ) ਇਸ ਸੰਪ੍ਰਦਾਇ ਨਾਲ ਸੰਬੰਧਿਤ ਸਨ।

ਸੰਤ ਈਸ਼ਰ ਸਿੰਘ, ਸੰਤ ਜਵਾਲਾ ਸਿੰਘ ਹਰਖੋਵਾਲ ਵਾਲੇ, ਸੰਤ ਹਰੀ ਸਿੰਘ ਕੁਹਾਰਪੁਰੀਏ, ਸੰਤ ਭਗਵਾਨ ਸਿੰਘ ਰੇਰੂ ਸਾਹਿਬ, ਬਾਬਾ ਆਇਆ ਸਿੰਘ, ਬਾਬਾ ਜੈਮਲ ਸਿੰਘ ਭੂਰੀ ਵਾਲੇ ਆਦਿ ਇਸ ਸੰਪ੍ਰਦਾਇ ਨਾਲ ਸੰਬੰਧਿਤ ਸਨ। ਇਸ ਸੰਪ੍ਰਦਾਇ ਦੇ ਡੇਰੇ ਰਾੜਾ ਸਾਹਿਬ, ਹਰਖੋਵਾਲ, ਰੇਰੂ ਸਾਹਿਬ, ਕਹਾਰਪੁਰ, ਮਕਸੂਦਪੁਰ, ਹੁਰਿਦੁਆਰ, ਦਿੱਲੀ ਆਦਿ ਸਥਾਨਾਂ 'ਤੇ ਹਨ। ਮਕਸੂਦਪੁਰ (ਕਪੂਰਥਲਾ) ਵਾਲਾ ਡੇਰਾ ਇਸ ਸੰਪ੍ਰਦਾਇ ਦਾ ਵੱਡਾ ਡੇਰਾ ਹੈ।

### 4. ਸੰਪ੍ਰਦਾਇ ਕਟਈ (ਅੰਤਰਯਾਮੀ)

ਬਾਬਾ ਮੋਹਰ ਸਿੰਘ ਜੀ 'ਸੰਪ੍ਰਦਾਇ ਕਟਈ' ਦੇ ਮੋਢੀ ਹੋਏ ਹਨ। "ਇਸ ਸੰਪ੍ਰਦਾਇ ਨੂੰ ਕਟਈ ਇਸ ਕਰਕੇ ਕਿਹਾ ਜਾਂਦਾ ਹੈ ਕਿ ਯੋਗੀਰਾਜ ਬਾਬਾ ਮੋਹਰ ਸਿੰਘ ਜੀ ਹਰ ਸਮੇਂ ਕਟਿ (ਕਮਰ/ਲੱਕ) ਨੂੰ

---

[125] ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 71.

ਕਮਰਕੱਸਾ ਲਾ ਕੇ ਰੱਖਦੇ ਸਨ। ਇਹ ਸੰਪ੍ਰਦਾਇ ਆਪ ਜੀ ਤੋਂ ਪ੍ਰਸਿੱਧ ਹੋਈ ਹੈ। ਆਪ ਜੀ ਦੇ ਸ਼ਿਸ਼ ਵੀ ਕਮਰਕੱਸਾ ਲਾ ਕੇ ਰੱਖਣ ਲੱਗੇ ਜੋ ਨਿਰਮਲ ਸੰਪ੍ਰਦਾਇ ਵਿਚ 'ਕਟਈ' ਕਰਕੇ ਪ੍ਰਸਿੱਧ ਹੋਏ।"[126] ਇਥੋਂ ਹੀ ਇਨ੍ਹਾਂ ਸੰਤਾਂ ਦੀ ਸੰਪ੍ਰਦਾਇ ਦਾ ਨਾਮਕਰਣ 'ਕਟਈ ਸੰਪ੍ਰਦਾਇ' ਸ਼ੁਰ ਹੋਇਆ। ਇਸ ਸੰਪ੍ਰਦਾਇ ਵਿਚੋਂ ਕਈ ਸੰਤ ਸਾਧੂਆਂ ਦੀਆਂ ਮੰਡਲੀਆਂ ਦੇ ਮੰਡਲੇਸ਼ਵਰ ਵੀ ਰਹੇ ਜੋ ਪਿੰਡ-ਪਿੰਡ ਜਾ ਕੇ ਗੁਰਮਤਿ ਪ੍ਰਚਾਰ ਕਰਦੇ ਰਹੇ ਹਨ।

ਇਸ ਸੰਪ੍ਰਦਾਇ ਦੇ ਪਰਉਪਕਾਰੀ ਸੰਤਾਂ ਵਿਚ ਬਾਬਾ ਮੋਹਰ ਸਿੰਘ, ਸੰਤ ਦਸੌਂਦਾ ਸਿੰਘ ਅੰਤਰਜਾਮੀ, ਸੰਤ ਭਾਗ ਸਿੰਘ, ਸੰਤ ਪੂਰਨ ਸਿੰਘ, ਸੰਤ ਬੂਟਾ ਸਿੰਘ ਖੁੱਡਾ, ਮਹੰਤ ਹਮੀਰ ਸਿੰਘ ਪ੍ਰਸਿੱਧ ਵਿਦਵਾਨ ਮਹੰਤ ਗਣੇਸ਼ਾ ਸਿੰਘ (ਕਰਤਾ *'ਇਤਿਹਾਸ ਨਿਰਮਲ ਭੇਖ'*) ਆਦਿ ਮਹਾਂਪੁਰਸ਼ਾਂ ਦੇ ਨਾਮ ਜ਼ਿਕਰਯੋਗ ਹਨ। "ਸੰਤ ਮੋਹਰ ਸਿੰਘ ਜੀ ਕਟਈ ਨੇ *'ਯੋਗ ਸਿੱਖਿਆ ਪ੍ਰਭਾਕਰ'* ਗ੍ਰੰਥ 19ਵੀਂ ਸਦੀ ਦੇ ਅਰੰਭ ਵਿਚ ਲਿਖਿਆ ਸੀ ਜੋ ਸਾਧ ਭਾਸ਼ਾ ਗੁਰਮੁਖੀ ਲਿਪੀ ਵਿਚ ਹੈ।"[127]

ਸੰਪ੍ਰਦਾਇ ਦੇ ਮੋਢੀ ਬਾਬਾ ਮੋਹਰ ਸਿੰਘ ਦੇ ਪੋਤਰੇ ਚੇਲੇ ਬਾਬਾ ਦਸੌਂਦਾ ਸਿੰਘ ਜੀ ਉੱਚ ਜੀਵਨ ਵਾਲੇ ਮਹਾਂਪੁਰਸ਼ਾਂ ਨੂੰ ਉਨ੍ਹਾਂ ਦੇ ਸਦਗੁਣਾ ਕਰਕੇ ਸਾਰੇ 'ਅੰਤਰਜਾਮੀ' ਕਹਿੰਦੇ ਸਨ। ਜਿਸ ਕਾਰਨ ਇਸ ਸੰਪ੍ਰਦਾਇ ਦਾ ਨਾਮ *'ਅੰਤਰਜਾਮੀ ਸੰਪ੍ਰਦਾਇ'* ਵੀ ਪੈ ਗਿਆ। ਇਸ ਸੰਪ੍ਰਦਾਇ ਦੇ ਡੇਰੇ ਗੁਰਦਾਸਪੁਰ, ਅੰਮ੍ਰਿਤਸਰ, ਨੈਣਾ ਕੋਟ, ਖੁੱਡਾ ਅਤੇ ਤਰਨਤਾਰਨ ਆਦਿ ਸਥਾਨਾਂ 'ਤੇ ਹਨ।

### 5. ਸੰਪ੍ਰਦਾਇ ਦੁਭੇਰਨੀ

'ਸੰਪ੍ਰਦਾਇ ਦੁਭੇਰਨੀ' ਪਾਕਿਸਤਾਨ ਵਿਚਲੇ ਪਿੰਡ ਦੁਭੇਰਨ ਤੋਂ ਪ੍ਰਸਿੱਧ ਹੋਈ ਹੈ। ਇਹ ਪਿੰਡ ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿੱਚ ਹੈ। ਬਾਬਾ ਚਾੜ੍ਹ ਸਿੰਘ ਜੀ ਜਿਨ੍ਹਾਂ ਭਾਈ ਦਇਆ ਸਿੰਘ ਜੀ ਪਿਆਰੇ ਤੋਂ ਅੰਮ੍ਰਿਤਪਾਨ ਕਰਨ ਉਪਰੰਤ ਗੁਰਮੰਤ੍ਰ ਲਿਆ, ਇਸ ਸੰਪ੍ਰਦਾਇ ਦੇ ਮੋਢੀ ਹੋਏ ਹਨ। "ਆਪ ਜੀ ਦੇ ਸ਼ਿਸ਼ ਸੰਤ ਮੋਹਰ ਸਿੰਘ ਜੀ ਸਨ ਜਿਨ੍ਹਾਂ ਦੇ ਅੱਗੇ ਚੇਲੇ ਠਾਕਰ ਨਾਰਾਇਣ ਸਿੰਘ ਜੀ ਹੋਏ ਹਨ। ਠਾਕਰ ਨਾਰਾਇਣ ਸਿੰਘ ਜੀ ਨੇ ਪਿੰਡ ਦੁਭੇਰਨ (ਜਿੱਥੇ ਗੁਫਾ ਵਿਚ ਸੰਤ ਮੋਹਰ ਸਿੰਘ ਜੀ ਸਿਮਰਨ ਕਰਦੇ ਹੁੰਦੇ ਸਨ) ਵਿਖੇ ਡੇਰੇ ਦੀ

---

[126] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 939.

[127] ਉਹੀ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 65.

ਨੀਂਹ ਸੰਮਤ 1880 ਬਿ: ਵਿਚ ਰੱਖੀ।"[128] ਇੱਥੋਂ ਹੀ 'ਸੰਪ੍ਰਦਾਇ ਦੁਭੇਰਨ' ਪ੍ਰਸਿੱਧ ਹੋਈ। ਇਸ ਸੰਪ੍ਰਦਾਇ ਵਿਚ ਮਹੰਤ ਹਰਨਾਮ ਸਿੰਘ, ਸੰਤ ਰਾਮ ਸਿੰਘ, ਠਾਕਰ ਨਰਾਇਣ ਸਿੰਘ, ਸਾਈਂ ਲੋਕ ਸੰਤ ਸੁੱਖਾ ਸਿੰਘ ਆਦਿ ਪ੍ਰਸਿੱਧ ਮਹਾਂਪੁਰਸ਼ ਹੋਏ ਹਨ। ਸੰਪ੍ਰਦਾਇ ਦੁਭੇਰਨੀ ਦੇ ਡੇਰੇ ਗਲੀ ਬਾਗ ਵਾਲੀ ਅੰਮ੍ਰਿਤਸਰ, ਡੇਰਾ ਸੰਤ ਜਗਤ ਸਿੰਘ ਅੰਬਾਲਾ ਅਤੇ ਰਾਵਲਪਿੰਡੀ ਵਿੱਚ ਹਨ।

### 6. ਸੰਪ੍ਰਦਾਇ ਗੰਧੀਆਂ

'ਸੰਪ੍ਰਦਾਇ ਗੰਧੀਆਂ' ਦੇ ਮੋਢੀ ਠਾਕੁਰ ਦਿਆਲ ਸਿੰਘ ਹੋਏ ਹਨ। ਸੰਪ੍ਰਦਾਇ ਦਾ ਮੁੱਖ ਡੇਰਾ ਪਿੰਡ ਗੰਧੀਆਂ ਤਹਿਸੀਲ ਚੂਹਣੀਆਂ ਜ਼ਿਲ੍ਹਾ ਮਨਸੇਰ੍ਹਾ (ਪਾਕਿਸਤਾਨ) ਵਿਚ ਹੈ। ਪਿੰਡ ਦੇ ਨਾਮ 'ਤੇ ਹੀ ਇਹ 'ਸੰਪ੍ਰਦਾਇ ਗੰਧੀਆਂ' ਪ੍ਰਸਿੱਧ ਹੋਈ ਹੈ।

ਇਸ ਸੰਪ੍ਰਦਾਇ ਦੇ ਮਹਾਂਪੁਰਸ਼ਾਂ ਨੇ ਲੋਕਾਂ ਨੂੰ ਗੁਰਮਤਿ ਦੇ ਲੜ ਲਾ ਕੇ ਸਦਾਚਾਰੀ ਜੀਵਨ ਬਤੀਤ ਕਰਨ ਦੇ ਸਦਉਪਦੇਸ਼ ਦਿੱਤੇ। ਇਸ ਸੰਪ੍ਰਦਾਇ ਵਿੱਚ ਮੰਡਲੇਸ਼ਵਰ, ਕਥਾਕਾਰ, ਤਪੱਸਵੀ, ਗੁਣੀ-ਗਿਆਨੀ, ਰਾਗੀ, ਲੇਖਕ ਆਦਿ ਮਹਾਂਪੁਰਸ਼ ਹੋਏ ਹਨ।

ਸੱਜਰਾ ਸ੍ਰੰਦਾਇ ਗੰਧੀਆਂ:[129]

ਸ੍ਰੀ ਗੁਰੂ ਗੋਬਿੰਦ ਸਿੰਘ ਜੀ
↓
ਭਾਈ ਧਰਮ ਸਿੰਘ (ਪਿਆਰੇ)
↓
ਸੰਤ ਭਗਵਾਨ ਸਿੰਘ
↓
ਬਾਬਾ ਸਾਹਿਬ ਸਿੰਘ
↓
ਠਾਕੁਰ ਦਿਆਲ ਸਿੰਘ

ਸੰਪ੍ਰਦਾਇ ਗੰਧੀਆਂ ਦੇ ਡੇਰੇ ਪਿੰਡ ਗੰਧੀਆਂ, ਲਾਇਲਪੁਰ, ਜਲੰਧਰ, ਅੰਮ੍ਰਿਤਸਰ, ਹਰਿਦੁਆਰ ਆਦਿ ਸਥਾਨਾਂ 'ਤੇ ਸਨ।

---

[128] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 432.

[129] ਉਹੀ, ਪੰਨਾ 905

**7. ਸੰਪ੍ਰਦਾਇ ਮੰਗਵਾਲ (ਸੰਪ੍ਰਦਾਇ ਠਾਕਰ ਮੱਲਾ ਸਿੰਘ ਜੀ ਮੰਗਵਾਲ)**

ਸੰਪ੍ਰਦਾਇ ਮੰਗਵਾਲ ਨੂੰ ਇਸ ਦੇ ਮੋਢੀ ਦੇ ਨਾਮ ’ਤੇ ‘ਸੰਪ੍ਰਦਾਇ ਠਾਕਰ ਮੱਲਾ ਸਿੰਘ ਜੀ ਮੰਗਵਾਲ' ਦੇ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ। ਇਸ ਸੰਪ੍ਰਦਾਇ ਨੇ ਆਪਣਾ ਪਹਿਲਾ ਡੇਰਾ ਪਿੰਡ ਮੰਗਵਾਲ (ਪਾਕਿਸਤਾਨ) ਵਿਚ ਸਥਾਪਿਤ ਕੀਤਾ। ਇਸ ਸੰਪ੍ਰਦਾਇ ਦੇ ਪ੍ਰਚਾਰ ਦਾ ਘੇਰਾ ਪੱਛਮੀ ਪੰਜਾਬ ਸੀ। ਅਜੋਕੇ ਸਮੇਂ ਇਸ ਦਾ ਵੱਡਾ ਡੇਰਾ ਦਿੱਲੀ ਵਿਚ ਬਣਿਆ ਹੋਇਆ ਹੈ। ਇਸ ਸੰਪ੍ਰਦਾਇ ਵਿੱਚ ਮਹੰਤ ਠਾਕਰ ਮੱਲਾ ਸਿੰਘ, ਸੰਤ ਸਾਧੂ ਸਿੰਘ, ਪੰਡਿਤ ਸ਼ਾਮ ਸਿੰਘ, ਸ੍ਰੀ ਸੰਤ ਦੀਵਾਨ ਸਿੰਘ, ਮਹੰਤ ਧਰਮ ਸਿੰਘ ਆਦਿ ਮਹਾਂਪੁਰਸ਼ ਸਨ। ਸੰਪ੍ਰਦਾਇ ਮੰਗਵਾਲ ਦੇ ਡੇਰੇ ਪਿੰਡ ਮੰਗਵਾਲ (ਪਾਕਿਸਤਾਨ), ਅੰਮ੍ਰਿਤਸਰ, ਨਵੀਂ ਦਿੱਲੀ ਆਦਿ ਵਿੱਚ ਹਨ।

**8. ਸੰਪ੍ਰਦਾਇ ਠਾਕੁਰ ਗੁਰਮੁੱਖ ਸਿੰਘ:**

ਸੰਪ੍ਰਦਾਇ ਦੇ ਨਾਮ ਅਨੁਸਾਰ ਇਸ ਸੰਪ੍ਰਦਾਇ ਦੇ ਮੋਢੀ ਠਾਕੁਰ ਗੁਰਮੁੱਖ ਸਿੰਘ ਜੀ ਸਨ। “ਸੰਪ੍ਰਦਾਇ ਪੰਡੋਰੀ ਨਿੱਝਰਾਂ’ ਅਤੇ ‘ਸੰਪ੍ਰਦਾਇ ਠਾਕਰ ਗੁਰਮੁਖ ਸਿੰਘ’ ਦਾ ਅਰੰਭ ਇਕੋ ਹੈ, ਦੋਨਾਂ ਸੰਪ੍ਰਦਾਵਾਂ ਦੇ ਆਦਿ ਪੁਰਖ ਇਕੋ ਹਨ। ਠਾਕਰ ਗੁਰਮੁਖ ਸਿੰਘ ਜੀ ਅੰਮ੍ਰਿਤਸਰ ਵਿਖੇ ਕੌਲਸਰ ਦੇ ਕਿਨਾਰੇ ਸਿਮਰਨ ਤਪੱਸਿਆ ਕਰਦੇ ਰਹੇ। ਆਪ ਜੀਵਨ ਭਰ ਕੌਲਸਰ ਰਹੇ, ਇੱਥੇ ਹੀ ਬ੍ਰਹਮਲੀਨ ਹੋਏ। ਆਪ ਜੀ ਨੂੰ ‘ਕੌਲ ਸਰੀਏ’ ਵੀ ਕਿਹਾ ਜਾਂਦਾ ਸੀ।”[130]

ਸੱਜਰਾ ਸੰਪ੍ਰਦਾਇ:[131]

ਸ੍ਰੀ ਗੁਰੂ ਗੋਬਿੰਦ ਸਿੰਘ ਜੀ
↓
ਸੰਤ ਭਾਈ ਸੇਵਾ ਸਿੰਘ ਜੀ
ਸੰਤ ਹਮੀਰ ਸਿੰਘ ਜੀ — ਸੰਤ ਮਿਲਾਪ ਸਿੰਘ
↓
ਸੰਤ ਦੀਵਾਨ ਸਿੰਘ
ਠਾਕਰ ਗੁਰਮੁਖ ਸਿੰਘ ਜੀ (ਜਿਨ੍ਹਾਂ ਤੋਂ ਸੰਪ੍ਰਦਾਇ ਗੁਰਮੁਖ ਸਿੰਘ ਅਰੰਭ ਹੋਈ) — ਸੰਤ ਮਸਤਾਨ ਸਿੰਘ ਜੀ
↓
ਸੰਤ ਮੱਲ ਸਿੰਘ (ਸੰਪ੍ਰਦਾਇ ਪੰਡੋਰੀ ਨਿੱਝਰਾਂ ਦੇ ਮੋਢੀ)

---

130 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 972.

131 ਉਹੀ, *ਨਿਰਮਲ ਪੰਥ ਬੋਧ*, ਪੰਨਾ 972.

ਸੰਪ੍ਰਦਾਇ ਠਾਕਰ ਗੁਰਮੁਖ ਸਿੰਘ ਦੇ ਡੇਰੇ ਗੁੱਜਰਾਂਵਾਲਾ, ਹਰਿਦੁਆਰ ਅਤੇ ਅੰਮ੍ਰਿਤਸਰ ਵਿਚ ਹਨ।

### 9. ਸੰਪ੍ਰਦਾਇ ਬਾਬਾ ਕੂਮਾ ਸਿੰਘ

'ਸੰਪ੍ਰਦਾਇ ਬਾਬਾ ਕੂਮਾ ਸਿੰਘ' ਦੇ ਮੋਢੀ ਸੰਤ ਬਾਬਾ ਬਲਾਕਾ ਸਿੰਘ ਜੀ ਸਨ। "ਆਪ ਕੀ ਕਈ ਵਰਸ਼ ਤੱਕ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਹਾਜ਼ਰ ਰਹੇ। ਸਤਿਗੁਰੂ ਜੀ ਦੀ ਆਪ ਜੀ ਤੇ ਵਿਸ਼ੇਸ਼ ਕ੍ਰਿਪਾ-ਦ੍ਰਿਸ਼ਟੀ ਸੀ। ਆਪ ਤਲਵੰਡੀ ਸਾਬੋ ਵਿੱਚ ਵੀ ਗੁਰੂ ਜੀ ਦੀ ਹਾਜ਼ਰੀ ਵਿੱਚ ਸਨ। ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ ਉਨ੍ਹਾਂ ਦੇ ਦੱਖਣ ਜਾਣ ਉਪਰੰਤ ਆਪ ਨੇ ਪਰਿਵਾਰ ਸਮੇਤ ਲਾਹੌਰ ਵਿਖੇ ਰਹਿਣਾ ਸ਼ੁਰੂ ਕਰ ਦਿੱਤਾ। ਇੱਥੇ ਹੀ ਆਪ ਦਾ ਵਿਵਾਹ ਹੋ ਗਿਆ। ਆਪ ਜੀ ਦੇ ਤਿੰਨ ਸਪੁੱਤਰ ਹੋਏ, ਵੱਡੇ ਸਪੁੱਤਰ ਬਸਤੀ ਰਾਮ ਜੀ ਸਨ ਜੋ ਬਹੁਤ ਉੱਚੇ ਜੀਵਨ ਵਾਲੇ ਮਹਾਂਪੁਰਖ ਹੋਏ ਹਨ।"[132] ਅੱਗੋਂ ਬਸਤੀ ਰਾਮ ਜੀ ਦੇ "ਸੇਵਕ ਸੰਤ ਸੇਵਾ ਸਿੰਘ ਜੀ ਹੋਏ ਹਨ। ਸੰਤ ਸੇਵਾ ਸਿੰਘ ਜੀ ਦੇ ਸ਼ਿਸ਼ ਬਾਬਾ ਕੂਮਾ ਸਿੰਘ ਜੀ ਪ੍ਰਤਾਪੀ ਮਹਾਂਪੁਰਸ਼ ਹੋਏ ਹਨ। ਜਿਨ੍ਹਾਂ ਦੇ ਨਾਮ ਤੇ 'ਬਾਬਾ ਕੂਮਾ ਸਿੰਘ ਸੰਪ੍ਰਦਾਇ' ਪ੍ਰਸਿੱਧ ਹੋਈ।"[133] ਇਸ ਸੰਪ੍ਰਦਾਇ ਦੇ ਵਿਦਵਾਨਾਂ ਵਿਚੋਂ "ਪੰਡਿਤ ਭਾਨ ਸਿੰਘ ਨਿਆਂ ਸ਼ਾਸ਼ਤਰੀ ਬਹੁਤ ਪ੍ਰਸਿੱਧ ਹੋਏ ਹਨ। ਕਾਸ਼ੀ ਵਿਚ ਆਪ ਪਾਸੋਂ ਨਿਰਮਲੇ, ਉਦਾਸੀ ਅਤੇ ਬ੍ਰਾਹਮਣ ਵੀ ਪੜ੍ਹਨਾ ਫ਼ਖ਼ਰ ਸਮਝਦੇ ਸਨ। ਆਪ ਮੰਡਲੀ ਵੀ ਫੇਰਦੇ ਰਹੇ।"[134] ਇਸ ਸੰਪ੍ਰਦਾਇ ਦਾ ਧਰਮ ਪ੍ਰਚਾਰ ਕੇਂਦਰ ਮਾਝਾ ਰਿਹਾ ਹੈ। ਇਸ ਸੰਪ੍ਰਦਾਇ ਦੇ ਡੇਰੇ ਧੁਲੇਤਾਂ (ਜਲੰਧਰ), ਸਤਲਾਣੀ, ਫਿਲੌਰ ਆਦਿ ਵਿੱਚ ਹਨ।

### 10. ਸੰਪ੍ਰਦਾਇ ਠਾਕੁਰ ਬਹਾਲ ਸਿੰਘ ਜੀ (ਸੰਪ੍ਰਦਾਇ ਭਗੀਰਥੀ)

ਇਸ ਸੰਪ੍ਰਦਾਇ ਦੇ ਮੋਢੀ "ਪੂਜਯ ਠਾਕੁਰ ਬਹਾਲ ਸਿੰਘ ਜੀ ਬਾਬਾ ਚੜ੍ਹਤ ਸਿੰਘ ਜੀ ਦੇ ਸ਼ਿਸ਼ ਸਨ। ਇਹ ਉੱਚੇ ਜੀਵਨ ਵਾਲੇ, ਨਾਮ ਅਭਿਆਸੀ, ਪਰਉਪਕਾਰੀ ਮਹਾਨ ਆਤਮਾ ਸਨ। ਰਾਜੇ-ਮਹਾਰਾਜੇ ਚਰਨੀ ਲਗਦੇ ਸਨ। ਇਸ ਸੰਪ੍ਰਦਾਇ ਨੂੰ 'ਸੰਪ੍ਰਦਾਇ ਭਗੀਰਥੀ' ਵੀ ਕਹਿੰਦੇ ਹਨ।"[135] ਇਸ ਦੇ ਡੇਰੇ ਅੰਮ੍ਰਿਤਸਰ

---

[132] ਮਹੰਤ ਗਿਆਨੀ ਸੁਖਚੈਨ ਸਿੰਘ, ਮਾਝੇ ਦੇ ਨਿਰਮਲੇ ਡੇਰਿਆਂ ਦਾ ਸੰਖੇਪ ਇਤਿਹਾਸ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 225.

[133] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 1055

[134] ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 77.


[135] ਮਹੰਤ ਗਿਆਨੀ ਸੁਖਚੈਨ ਸਿੰਘ, ਮਾਝੇ ਦੇ ਨਿਰਮਲੇ ਡੇਰਿਆਂ ਦਾ ਸੰਖੇਪ ਇਤਿਹਾਸ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 229.

ਸ਼ਹਿਰ ਅਤੇ ਜ਼ਿਲ੍ਹੇ ਵਿਚ ਜਿਆਦਾ ਹਨ। "ਮਹਾਰਾਜਾ ਰਣਜੀਤ ਸਿੰਘ ਜੀ ਸੰਪ੍ਰਦਾਇ ਮੁਖੀ ਠਾਕੁਰ ਬਹਾਲ ਸਿੰਘ ਜੀ ਦੇ ਸਮਕਾਲੀ ਸਨ। ਮਹੰਤ ਕਿਸ਼ਨ ਸਿੰਘ ਜੀ ਵਰਪਾਲ ਇਸ ਸੰਪ੍ਰਦਾਇ ਦੇ ਚੰਗੇ ਵਿਦਵਾਨ ਸਨ। ਆਪ 'ਨਿਰਮਲ ਪੱਤਰ' ਅਖ਼ਬਾਰ ਦੇ ਐਡੀਟਰ ਵੀ ਰਹੇ।"[136] ਠਾਕੁਰ ਬਹਾਲ ਸਿੰਘ ਦੇ ਨਾਮ 'ਤੇ ਹੀ ਇਸ ਸੰਪ੍ਰਦਾਇ ਦਾ ਇਹ ਨਾਮ ਪਿਆ। ਇਸ ਦੇ ਮੁੱਖ ਡੇਰੇ ਘੀ ਮੰਡੀ, ਅੰਮ੍ਰਿਤਸਰ ਅਤੇ ਵਰਪਾਲ ਆਦਿ ਵਿੱਚ ਹਨ।

### 11. ਸੰਪ੍ਰਦਾਇ ਗੁਰੂਸਰੀਆ

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਅਨੁਸਾਰ ਇਸ ਸੰਪ੍ਰਦਾਇ ਦੇ ਸੰਸਥਾਪਕ ਸੰਤ ਖੜਗ ਸਿੰਘ ਜੀ ਸਨ।

ਸੱਜਰੇ ਅਨੁਸਾਰ:[137]




ਗੁਰੂਸਰ ਉਹ ਸਥਾਨ ਹੈ, ਜਿਥੇ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮਾਲਵੇ ਦੀ ਧਰਤੀ 'ਤੇ ਧਰਮਯੁੱਧ ਕਰਕੇ ਮੁਗਲ ਫ਼ੌਜਾਂ ਨੂੰ ਕਰਾਰੀ ਹਾਰ ਦਿੱਤੀ ਸੀ। ਇਸ ਥਾਂ ਸੁਸ਼ੋਭਿਤ ਗੁਰਦੁਆਰੇ ਦੀ ਸੇਵਾ ਕਰਨ ਨਾਲ ਇਸ ਸੰਪ੍ਰਦਾਇ ਦਾ ਨਾਂ ਸੰਪ੍ਰਦਾਇ ਗੁਰੂਸਰੀਆ ਪ੍ਰਸਿੱਧ ਹੋ ਗਿਆ। ਪਿੱਛੋਂ ਇਹ ਸੰਪ੍ਰਦਾਇ ਭਾਈ ਦਇਆ ਸਿੰਘ ਜੀ (ਪਿਆਰੇ) ਨਾਲ ਜਾ ਮਿਲਦੀ ਹੈ। ਸੱਜਰੇ ਅਨੁਸਾਰ ਸੰਪ੍ਰਦਾਇ ਗੁਰੂਸਰੀਆ ਅਤੇ ਸੰਪ੍ਰਦਾਇ ਮੁਕਤਸਰੀਆ ਦੋਵਾਂ ਦਾ ਅਰੰਭ ਇੱਕੋ ਹੀ ਹੈ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਜੀ ਅਨੁਸਾਰ 'ਸੰਪ੍ਰਦਾਇ

---

[136] ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 77.

[137] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 588.

ਗੁਰੂਸਰੀਆ' ਦੇ ਡੇਰੇ ਗੁਰੂਸਰ, ਪਿੰਡ ਦਿਆਲਪੁਰਾ ਮਿਰਜਾ, ਫੂਲ, ਕੁੱਤੀਵਾਲ ਕਲਾਂ, ਭੂੰਦੜ ਅਤੇ ਢੱਡੇ ਆਦਿ ਸਥਾਨਾਂ 'ਤੇ ਹਨ।

### 12. ਸੰਪ੍ਰਦਾਇ ਕਾਦੀਆਂ

'ਸੰਪ੍ਰਦਾਇ ਕਾਦੀਆਂ' ਦੇ ਮੋਢੀ ਬਾਬਾ ਜੱਸਾ ਸਿੰਘ ਹੋਏ ਹਨ। ਦਸ਼ਮੇਸ਼ ਪਿਤਾ ਜੀ ਵੱਲੋਂ ਕਾਸ਼ੀ ਤੋਂ ਵਿਦਿਆ ਗ੍ਰਹਿਣ ਕਰਨ ਗਏ ਪੰਜ ਸਿੱਖਾਂ ਵਿਚੋਂ ਰਾਮ ਸਿੰਘ ਜੀ ਤੋਂ ਸੰਤ ਸ਼ਮੀਰ ਸਿੰਘ ਜੀ ਇਨ੍ਹਾਂ ਤੋਂ ਸੰਤ ਬਾਬਾ ਜੱਸਾ ਸਿੰਘ ਜੀ ਨੇ ਉਪਦੇਸ਼ ਲਿਆ ਸੀ। "ਬਾਬਾ ਜੱਸਾ ਸਿੰਘ ਜੀ ਕਈ ਵਰ੍ਹੇ ਕਾਦੀਆਂ ਵਿਖੇ ਰਹਿੰਦੇ ਰਹੇ, ਇਸੇ ਕਾਰਨ ਸੰਪ੍ਰਦਾਇ ਦਾ ਨਾਂ 'ਸੰਪ੍ਰਦਾਇ ਕਾਦੀਆਂ' ਪੈ ਗਿਆ। ਇਸ ਸੰਪ੍ਰਦਾਇ ਵਿਚ ਸੰਤ ਚੰਦਾ ਸਿੰਘ ਜੀ ਪ੍ਰਸਿੱਧ ਮੰਡਲੇਸ਼ਵਰ ਰਹੇ ਹਨ ਜਿਹੜੇ ਮੰਡਲੀ ਫੇਰਦੇ ਸਨ।"[138] ਇਸ ਸੰਪ੍ਰਦਾਇ ਨੇ ਜਿਆਦਾਤਰ ਮਾਝੇ ਦੇ ਇਲਾਕੇ ਵਿਚ ਪ੍ਰਚਾਰ ਕੀਤਾ। ਇਸ ਦੇ ਡੇਰੇ ਆਨੰਦਪੁਰ ਸਾਹਿਬ, ਤਰਨ-ਤਾਰਨ, ਫ਼ਤਿਆਬਾਦ, ਸ੍ਰੀ ਹਰਗੋਬਿੰਦਪੁਰ, ਮਜੀਠਾ, ਫਗਵਾੜਾ, ਸੰਗਤਪੁਰਾ ਆਦਿ ਵਿੱਚ ਹਨ।

### 13. ਸੰਪ੍ਰਦਾਇ ਅੱਡਣਸ਼ਾਹੀ

'ਸੰਪ੍ਰਦਾਇ ਅੱਡਣਸ਼ਾਹੀ' ਸਿੱਖ ਧਰਮ ਵਿਚ ਸੁਤੰਤਰ ਸੰਪ੍ਰਦਾਇ ਹੈ। ਇਸ ਸੰਪ੍ਰਦਾਇ ਦੇ ਮੋਢੀ ਭਾਈ ਘਨੱਈਆ ਜੀ ਹੋਏ ਹਨ ਜੋ ਪਵਿੱਤਰ ਜੀਵਨ ਵਾਲੇ ਸਤਿਪੁਰਖ ਸਨ। ਭਾਈ ਘਨੱਈਆ ਜੀ ਦੇ ਚੇਲੇ ਭਾਈ ਸੇਵਾ ਰਾਮ, ਭਾਈ ਅੱਡਣਸ਼ਾਹ, ਸੰਤ ਰਾਮ ਸਿੰਘ ਆਦਿ ਹੋਏ ਸਨ। ਭਾਈ ਅੱਡਣਸ਼ਾਹ ਉੱਚਕੋਟੀ ਦੇ ਮਹਾਂਪੁਰਸ਼ ਸਨ। ਮੁਗਲਾਂ ਦੇ ਅਤਿਆਚਾਰ ਦੇ ਸਮੇਂ ਇਹ ਬਿਨਾਂ ਕਿਸੇ ਡਰ ਦੇ ਗੁਰਮਤਿ ਪ੍ਰਚਾਰ ਕਰਦੇ ਰਹੇ, ਇਨ੍ਹਾਂ ਦੇ ਤਪਤੇਜ਼ ਦੇ ਕਾਰਨ 'ਸੇਵਾ ਪੰਥੀ ਸੰਪ੍ਰਦਾਇ' ਦਾ ਨਾਂ 'ਅੱਡਣਸ਼ਾਹੀ ਸੰਪ੍ਰਦਾਇ' ਪੈ ਗਿਆ।

ਬਹੁਤੇ ਵਿਦਵਾਨ ਸੇਵਾ ਪੰਥੀ ਜਾਂ ਅੱਡਣਸ਼ਾਹੀ ਸੰਪ੍ਰਦਾਇ ਨੂੰ ਨਿਰਮਲ ਪੰਥ ਦੀ ਸੰਪ੍ਰਦਾਇ ਨਹੀਂ ਮੰਨਦੇ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਅਨੁਸਾਰ, "ਗੁਰੂ ਘਰ ਵਿੱਚ ਸੇਵਾ ਪੰਥੀ ਜਾਂ ਅੱਡਣਸ਼ਾਹੀ ਸੁਤੰਤਰ ਸੰਪ੍ਰਦਾਇ ਹੈ। ਇਹ ਨਿਰਮਲ ਪੰਥ ਦੀ ਉਪ-ਸ਼ਾਖਾ ਨਹੀਂ, ਪੂਰਣ ਸੰਪ੍ਰਦਾਇ ਹੈ। ਮੈਂ 'ਸੇਵਾ ਪੰਥੀ' ਸੰਪ੍ਰਦਾਇ ਤੋਂ ਚੰਗੀ ਤਰ੍ਹਾਂ ਜਾਣੂੰ ਹਾਂ। ਸੇਵਾ ਪੰਥੀ ਸੰਪ੍ਰਦਾਇ ਦੇ ਸਾਰੇ ਮਹਾਂਪੁਰਸ਼ਾਂ ਨਾਲ ਅਤਿਅੰਤ ਪ੍ਰੇਮ ਹੈ, ਪਰ ਮਹੰਤ ਦਿਆਲ ਸਿੰਘ ਜੀ ਲਾਹੌਰ ਵਾਲਿਆਂ ਨੇ *'ਨਿਰਮਲ ਪੰਥ ਦਰਸ਼ਨ'* ਪੰਨਾ 245, ਭਾਗ ਚੌਥਾ

[138] ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 78.

ਵਿੱਚ 'ਅੱਡਣਸ਼ਾਹੀ ਨਿਰਮਲੇ' ਲਿਖਣ ਦਾ ਇਹ ਕਾਰਨ ਦੱਸਿਆ ਹੈ ਕਿ ਪੰਡਤ ਉਤਮ ਸਿੰਘ ਜੀ ਬੁੱਲੇ ਵਾਲਿਆਂ ਨੇ ਲਿਖਕੇ ਭੇਜਿਆ ਹੈ ਕਿ ਸਾਡੀ ਸੰਪ੍ਰਦਾਇ ਦਾ ਨਾਮ 'ਅੱਡਣਸ਼ਾਹੀ ਨਿਰਮਲੇ' ਹੈ।"[139] ਇਸ ਸੰਪ੍ਰਦਾਇ ਦੇ ਡੇਰੇ ਨੂਰਪੁਰ ਥਲ, ਕੋਟ ਈਸ਼ਾ ਖਾਨ, ਲਾਹੌਰ ਆਦਿ ਵਿੱਚ ਹਨ।

**14. ਸੰਪ੍ਰਦਾਇ ਨੰਗਾਲੀ**

ਸੰਪ੍ਰਦਾਇ ਨੰਗਾਲੀ, ਇਹ ਪੂਰਨ ਤਪ-ਜਪ ਵਾਲੀ ਪ੍ਰਸਿੱਧ ਸੰਪ੍ਰਦਾਇ ਹੈ। ਇਸ ਸੰਪ੍ਰਦਾਇ ਦੇ ਮੁਖੀ ਬਾਬਾ ਫੇਰੂ ਸਿੰਘ ਜੀ ਹੋਏ ਹਨ। ਇਸ ਸੰਪ੍ਰਦਾਇ ਦਾ ਪ੍ਰਚਾਰ-ਕੇਂਦਰ ਪੁਣਚ, ਕਸਮੀਰ ਇਲਾਕਾ ਰਿਹਾ ਹੈ। ਇਸ ਸੰਪ੍ਰਦਾਇ ਦੇ ਮਹਾਂਪੁਰਸ਼ਾਂ ਨੇ ਨਾਮ ਸਿਮਰਨ ਅਭਿਆਸ ਦੀ ਅਤਿਅੰਤ ਘਾਲਣਾ ਘਾਲੀ। "ਪਹਿਲੇ ਤਿੰਨ ਮਹੰਤ ਸੰਤ ਪੰਜਾਬ ਸਿੰਘ, ਸ੍ਰੀ ਸੰਤ ਫੇਰੂ ਸਿੰਘ ਅਤੇ ਸ੍ਰੀ ਸੰਤ ਰੋਚਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਖੁਲ੍ਹੇ ਦਰਸ਼ਨ ਵੀ ਕੀਤੇ ਅਤੇ ਅੰਮ੍ਰਿਤ ਦੀ ਦਾਤ ਵੀ ਪ੍ਰਾਪਤ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ਾਂ ਨੂੰ ਆਪਣੇ ਹਿਰਦੇ ਵਿੱਚ ਧਾਰਨ ਕੀਤਾ ਅਤੇ ਹਜ਼ਾਰਾਂ ਲੋਕਾਂ ਨੂੰ ਗੁਰੂ-ਸਿੱਖੀ, ਗੁਰਬਾਣੀ ਨਾਲ ਜੋੜਿਆ। ਵਿਸ਼ੇਸ਼ਕਰ ਜੰਮੂ ਕਸ਼ਮੀਰ ਦੇ ਕੋਨੇ-ਕੋਨੇ ਵਿੱਚ ਇਕ-ਇਕ ਪ੍ਰਾਣੀ ਦੇ ਕੰਨਾਂ ਤੱਕ 'ਸਤਿਨਾਮ-ਵਾਹਿਗੁਰੂ' ਦੀ ਆਵਾਜ਼ ਪਹੁੰਚਾਈ। ਨੰਗਾਲੀ ਸਾਹਿਬ ਸੰਪ੍ਰਦਾਇ ਵਿਚੋਂ ਨਿਰਮਲ ਭੇਖ ਵਿਚ ਤਿੰਨ ਸੰਪ੍ਰਦਾਵਾਂ (ਸੰਪ੍ਰਦਾਇ ਖਡੂਰ ਸਾਹਿਬ, ਸੰਪ੍ਰਦਾਇ ਗੁਰੂ ਮਾਂਗਟ ਅਤੇ ਸੰਪ੍ਰਦਾਇ ਬਲੌਂਗੀ) ਹੋਰ ਚਲੀਆਂ।"[140]ਸੰਪ੍ਰਦਾਇ ਨੰਗਾਲੀ ਦੇ ਡੇਰੇ ਗੁੱਜਰ ਖਾਨ, ਛਤ੍ਰ ਕਲਾਸ (ਮੁਜ਼ਫ਼ਰਾਬਾਦ), ਰਾਵਲਾਕੋਟ ਆਦਿ ਸਥਾਨਾਂ 'ਤੇ ਹਨ।

**15. ਸੰਪ੍ਰਦਾਇ ਖਡੂਰੀਆ**

ਸੰਪ੍ਰਦਾਇ ਖਡੂਰੀਆ ਦੇ ਮੋਢੀ ਠਾਕੁਰ ਬੱਲਾ ਸਿੰਘ ਜੀ ਹੋਏ ਹਨ, ਜੋ "ਠਾਕੁਰ ਰੋਚਾ ਸਿੰਘ ਨੰਗਾਲੀ ਵਾਲਿਆਂ ਦੇ ਚੇਲੇ ਸਨ। ਠਾਕੁਰ ਬੱਲਾ ਸਿੰਘ ਦਾ ਜਨਮ ਸਥਾਨ ਪਿੰਡ ਕੁਟਹਿੜੀ, ਤਹਿਸੀਲ ਬਾਗ, ਜ਼ਿਲ੍ਹਾ ਪੁਣਛ (ਕਸ਼ਮੀਰ) ਵਿਚ ਭਾਈ ਮੋਤੀ ਸਿੰਘ ਜੀ ਦੇ ਘਰ ਹੋਇਆ। ਇਹ ਬਚਪਨ ਵਿਚ ਹੀ ਸੰਤ ਰੋਚਾ ਸਿੰਘ ਜੀ ਦੇ ਚਰਨਾਂ ਵਿਚ ਆ ਗਏ। ਠਾਕੁਰ ਬੱਲਾ ਸਿੰਘ ਪਹਿਲਾਂ ਫ਼ੌਜ ਵਿੱਚ ਨੌਕਰੀ ਕਰਦੇ ਸਨ ਫਿਰ ਨੌਕਰੀ ਛੱਡ ਕੇ ਸ੍ਰੀ ਹਜ਼ੂਰ ਸਾਹਿਬ ਚਲੇ ਗਏ ਜਿੱਥੇ ਇਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀ ਬੀੜ ਲਿਖਕੇ ਤਿਆਰ ਕੀਤੀ। ਤਖ਼ਤ ਸੱਚ-ਖੰਡ ਹਜ਼ੂਰ ਸਾਹਿਬ ਤੋਂ ਸਿਰੀ ਸਾਹਿਬ, ਸਿਰੋਪਾਓ ਵਜੋਂ ਪ੍ਰਾਪਤ ਹੋਈ।

---

139 ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 78

140 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 794.

ਬਾਅਦ ਵਿਚ ਆਪ ਇਹ ਬੀੜਾਂ ਲੈ ਕੇ ਖਡੂਰ ਸਾਹਿਬ ਆ ਗਏ। ਗੁਰਦੁਆਰਾ 'ਤਪਿਆਣਾ ਸਾਹਿਬ' ਦੀ ਸੇਵਾ ਕੀਤੀ ਅਤੇ ਫਿਰ ਇਕ ਡੇਰਾ ਕਾਇਮ ਕੀਤਾ ਜੋ ਬਾਅਦ ਵਿਚ 'ਖਡੂਰੀਆਂ ਦਾ ਡੇਰਾ' ਪ੍ਰਸਿੱਧ ਹੋ ਗਿਆ।"[141]

ਇਸ ਸੰਪ੍ਰਦਾਇ ਵਿਚ ਬਹੁਤ ਉੱਚੇ ਜੀਵਨ ਵਾਲੇ ਮਹਾਪੁਰਸ਼ ਜੁੜੇ ਹੋਏ ਸਨ। "ਨਿਰਮਲ ਅਖਾੜੇ ਦੇ ਪਹਿਲੇ ਸ੍ਰੀ ਮਹੰਤ ਬਾਬਾ ਮਹਿਤਾਬ ਸਿੰਘ ਜੀ ਅਤੇ ਸ੍ਰੀ ਪੰਡਿਤ ਉਧਵ ਸਿੰਘ ਜੀ ਇਸੇ ਸੰਪ੍ਰਦਾਇ ਨਾਲ ਸੰਬੰਧਿਤ ਸਨ।"[142] ਸੰਪ੍ਰਦਾਇ ਖਡੂਰੀਆ ਦਾ ਪ੍ਰਚਾਰ ਕੇਂਦਰ ਮਾਝਾ, ਮਾਲਵਾ, ਦੁਆਬਾ, ਪੋਠੋਹਾਰ, ਮੁਫ਼ਰਾਬਾਦ, ਪੁਣਛ (ਕਸ਼ਮੀਰ) ਆਦਿ ਦਾ ਇਲਾਕਾ ਰਿਹਾ ਹੈ। ਇਸ ਸੰਪ੍ਰਦਾਇ ਦੇ ਡੇਰੇ ਪੰਜਾਬ ਤੋਂ ਇਲਾਵਾ ਹਰਿਦੁਆਰ, ਕਾਸ਼ੀ, ਪਟਨਾ ਸਾਹਿਬ ਆਦਿ ਵਿੱਚ ਵੀ ਸਨ।

### 16. ਸੰਪ੍ਰਦਾਇ ਬਲੌਂਗੀ

'ਸੰਪ੍ਰਦਾਇ ਬਲੌਂਗੀ' ਦੇ ਮੋਢੀ ਬਾਬਾ ਬਘੇਲ ਸਿੰਘ ਜੀ ਹੋਏ ਹਨ ਜੋ ਸੰਤ ਬਾਬਾ ਦਰਸ਼ਾ ਸਿੰਘ ਖਡੂਰ ਸਾਹਿਬ ਵਾਲਿਆਂ ਦੇ ਸ਼ਿਸ਼ ਸਨ। ਪਿੱਛੋਂ ਇਹ ਸੰਪ੍ਰਦਾਇ ਖਡੂਰੀਆ ਸੰਪ੍ਰਦਾਇ ਨਾਲ ਜਾ ਮਿਲਦੀ ਹੈ। ਪੰਡਿਤ ਸ਼ਮੀਰ ਸਿੰਘ ਬਲੌਂਗੀ ਵਾਲੇ ਤੇ ਸੰਤ ਵਧਾਵਾ ਸਿੰਘ ਜੀ ਇਨ੍ਹਾਂ ਦੇ ਚੇਲੇ ਹੋਏ। ਸੰਪ੍ਰਦਾਇ ਦੇ ਪੰਡਿਤ ਸ਼ਮੀਰ ਸਿੰਘ ਜੀ ਦਾ ਜਨਮ ਪਿੰਡ ਬਲੌਂਗੀ, ਜ਼ਿਲ੍ਹਾ ਅੰਬਾਲਾ ਦਾ ਸੀ ਜਿਸ ਕਾਰਨ ਇਹ ਬਲੌਂਗੀ ਵਾਲੇ ਪ੍ਰਸਿੱਧ ਹੋ ਗਏ। ਇਸੇ ਕਾਰਨ ਇਹ ਸੰਪ੍ਰਦਾਇ ਬਲੌਂਗੀ ਮੰਨੀ ਜਾਂਦੀ ਹੈ। ਸੰਪ੍ਰਦਾਇ ਬਲੌਂਗੀ, ਸੰਪ੍ਰਦਾਇ ਨੰਗਾਲੀ ਸਾਹਿਬ, ਸੰਪ੍ਰਦਾਇ ਗੁਰੂ ਮਾਂਗਟ ਅਤੇ ਸੰਪ੍ਰਦਾਇ ਖਡੂਰ ਸਾਹਿਬ ਦਾ ਮੁੱਢ ਇਕੋ ਹੀ ਹੈ ਜੋ ਹੇਠ ਲਿਖੇ ਸੱਜਰੇ ਤੋਂ ਸਪੱਸ਼ਟ ਹੁੰਦਾ ਹੈ।

ਸੱਜਰਾ ⟶

---

[141] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 816.

[142] ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 79.

ਸੱਜਰਾ ਸੰਪ੍ਰਦਾਇ ਬਲੌਂਗੀ:[143]

ਸ੍ਰੀ ਗੁਰੂ ਗੋਬਿੰਦ ਸਿੰਘ ਜੀ
↓
ਭਾਈ ਧਰਮ ਸਿੰਘ ਜੀ (ਪਿਆਰੇ)
↓
ਭਾਈ ਫੇਰੂ ਸਿੰਘ ਜੀ
↓
ਭਾਈ ਪੰਜਾਬ ਸਿੰਘ ਜੀ

ਠਾਕਰ ਭਾਈ ਰੋਚਾ ਸਿੰਘ ਜੀ | ਸੰਤ ਸ਼ੇਰ ਸਿੰਘ ਜੀ (ਸੰਪ੍ਰਦਾਇ ਗੁਰੂ ਮਾਂਗਟ)

ਠਾਕਰ ਭਾਈ ਰੋਚਾ ਸਿੰਘ ਜੀ
↓
ਸੰਤ ਬੱਲਾ ਸਿੰਘ ਜੀ ਖਡੂਰ ਸਾਹਿਬ
↓
ਸੰਤ ਦਰਸ਼ਾ ਸਿੰਘ ਜੀ

ਸੰਤ ਬਗੇਲ ਸਿੰਘ ਜੀ (ਸੰਪ੍ਰਦਾਇ ਬਲੌਂਗੀ) | ਸੰਤ ਮੇਲਾ ਸਿੰਘ ਜੀ

ਇਸ ਸੰਪ੍ਰਦਾਇ ਦਾ ਪ੍ਰਕਾਰ ਕੇਂਦਰ ਵਧੇਰੇ ਦੁਆਬਾ ਅਤੇ ਮਾਝਾ ਰਿਹਾ ਹੈ। ਸੰਪ੍ਰਦਾਇ ਦੇ ਡੇਰੇ ਬਲੌਂਗੀ, ਨਾਗੋਕੇ, ਖੁਰਦਪੁਰ, ਢਿੱਲਵਾਂ, ਭਰਥਲਾ ਅਤੇ ਹਰਿਦੁਆਰ ਆਦਿ ਵਿੱਚ ਹਨ।

## 17. ਸੰਪ੍ਰਦਾਇ ਗੁਰੂ ਮਾਂਗਟ

ਇਸ ਸੰਪ੍ਰਦਾਇ ਨੇ ਪੋਠੋਹਾਰ ਪੱਛਮੀ ਪੰਜਾਬ (ਪਾਕਿਸਤਾਨ) ਵਿਚ ਨਾਮ-ਬਾਣੀ ਅਤੇ ਸਿੱਖੀ ਪ੍ਰਚਾਰ ਕੀਤਾ ਹੈ। "ਇਸ ਸੰਪ੍ਰਦਾਇ ਦੇ ਮੋਢੀ ਸੰਤ ਸ਼ੇਰ ਸਿੰਘ ਜੀ ਠਾਕੁਰ ਪੰਜਾਬ ਸਿੰਘ ਦੇ ਉਪਦੇਸ਼ੀ ਸਨ। ਇਸ ਸੰਪ੍ਰਦਾਇ ਪਿੱਛੋਂ ਖਡੂਰੀਆ ਸੰਪ੍ਰਦਾਇ ਨਾਲ ਜਾ ਮਿਲਦੀ ਹੈ। ਇਨ੍ਹਾਂ ਦੇ ਚੇਲੇ ਠਾਕੁਰ ਰੋਚਾ ਸਿੰਘ ਜੀ ਹੋਏ ਹਨ ਜਿਨ੍ਹਾਂ ਨੇ ਮਾਂਗਟ ਭਾਈ ਬੰਨੇ, ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿੱਚ ਡੇਰਾ ਬਣਾਇਆ। ਇਸ ਲਈ ਇਸ ਸੰਪ੍ਰਦਾਇ ਦਾ ਨਾਂ 'ਸੰਪ੍ਰਦਾਇ ਗੁਰੂ ਮਾਂਗਟ' ਹੋ ਗਿਆ।"[144]

ਇਸ ਸੰਪ੍ਰਦਾਇ ਵਿਚ ਪੰਡਿਤ ਗੋਪਾਲ ਸਿੰਘ, ਪੰਡਿਤ ਹਰੀ ਸਿੰਘ, ਮਹੰਤ ਮੋਹਰ ਸਿੰਘ, ਪੰਡਿਤ ਜੀਵਨ ਸਿੰਘ ਆਦਿ ਪ੍ਰਸਿੱਧ ਵਿਦਵਾਨ ਹੋਏ ਹਨ। ਪੰਡਿਤ ਹਰੀ ਸਿੰਘ ਜੀ ਨੇ ਨੇਪਾਲ ਵਿੱਚ ਗੁਰਮਤਿ ਦਾ

---

[143] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 863.

[144] ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 81.

ਪ੍ਰਚਾਰ ਕੀਤਾ। ਸੰਗਤ ਲਾਹੌਰੀ ਟੋਲਾ, ਬਨਾਰਸ ਵਿਚ ਖੁੱਲ੍ਹਿਆ ਹੋਇਆ 'ਨਿਰਮਲ ਸੰਸਕ੍ਰਿਤ ਵਿਦਿਆਲਿਆ' ਸੰਪ੍ਰਦਾਇ ਗੁਰੂ ਮਾਂਗਟ ਦਾ ਹੀ ਵਿਦਿਆਲਾ ਹੈ। ਇਸ ਸੰਪ੍ਰਦਾਇ ਦੇ ਕਿਸੇ ਪ੍ਰਾਚੀਨ ਡੇਰੇ ਦੀ ਜਾਣਕਾਰੀ ਨਹੀਂ ਮਿਲਦੀ।

**18. ਸੰਪ੍ਰਦਾਇ ਰਾਮਤੀਰਥੀਆ**

ਸੰਪ੍ਰਦਾਇ ਰਾਮਤੀਰਥੀਆਂ ਪਿੱਛੇ ਭਾਈ ਦਇਆ ਸਿੰਘ ਨਾਲ ਜਾ ਮਿਲਦੀ ਹੈ। ਇਸ ਦੇ ਮੋਢੀ ਬਾਬਾ ਸਾਹਿਬ ਸਿੰਘ ਜੀ ਬੇਦੀ ਹੋਏ ਹਨ। ਇਨ੍ਹਾਂ ਦੇ ਸੇਵਕ ਸੰਤ "ਦੀਵਾਨ ਸਿੰਘ ਜੀ ਪਹਿਲਾਂ ਰਾਮ ਤੀਰਥੀ (ਗੁਰਦਾਸਪੁਰ) ਰਹਿੰਦੇ ਸਨ, ਜਿਸ ਕਰਕੇ ਅੱਗੇ ਆਪ ਦੀ ਸੰਪ੍ਰਦਾਇ ਵੀ 'ਰਾਮਤੀਰਥੀਆ' ਦੇ ਨਾਮ ਤੇ ਪ੍ਰਸਿੱਧ ਹੋਈ।"[145] ਗਿਆਨੀ ਬਲਵੰਤ ਸਿੰਘ ਜੀ ਅਨੁਸਾਰ "ਸੰਪ੍ਰਦਾਇ ਰਾਮਤੀਰਥੀਆਂ ਅਤੇ ਸੰਪ੍ਰਦਾਇ ਨੌਰੰਗਾਬਾਦ ਦਾ ਉਪਰ ਤੋਂ ਅਰੰਭ ਇਕ ਹੀ ਹੈ। ਸ੍ਰੀ ਮਾਨ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਵਾਲੇ ਦੋਨਾਂ ਸੰਪ੍ਰਦਾਵਾਂ ਦੇ ਪੂਰਵ ਪੁਰਸ਼ ਹਨ। ਸੰਤ ਭਾਗ ਸਿੰਘ ਜੀ ਕੁਰੀ ਵਾਲੇ ਅਤੇ ਸੰਤ ਦੀਵਾਨ ਸਿੰਘ ਜੀ ਦੋਨੋਂ ਮਹਾਂਪੁਰਖ ਬਾਬਾ ਸਾਹਿਬ ਸਿੰਘ ਜੀ ਦੇ ਸ਼ਿਸ਼ ਸਨ।"[146] 'ਸੰਗਤ ਲਾਹੌਰੀ ਟੋਲਾ' ਇਸੇ ਸੰਪ੍ਰਦਾਇ ਦਾ ਡੇਰਾ ਹੈ। ਇਸ ਸੰਪ੍ਰਦਾਇ ਦੇ ਡੇਰੇ ਪੀਰ ਦੀ ਸੈਨ, ਡਫ਼ਰਵਾਲ (ਗੁਰਦਾਸਪੁਰ), ਮਝੜ, ਕਾਸ਼ੀ ਆਦਿ ਵਿਚ ਹਨ।

**19. ਸੰਪ੍ਰਦਾਇ ਪੰਡੋਰੀ ਨਿੱਝਰਾਂ**

'ਪੰਡੋਰੀ ਨਿੱਝਰਾਂ' ਨਿਰਮਲ ਸੰਪ੍ਰਦਾਇ ਦੀ ਇੱਕ ਪ੍ਰਸਿੱਧ ਸੰਪ੍ਰਦਾਇ ਹੈ। ਇਸ ਦੇ ਪ੍ਰਚਾਰ ਦਾ ਘੇਰਾ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੀ ਸੀ। ਇਸ ਸੰਪ੍ਰਦਾਇ ਦੇ ਮਹਾਂਪੁਰਖਾਂ ਨੇ ਆਪਣੀ ਵਿਦਵਤਾ ਦੇ ਪ੍ਰਭਾਵ ਨਾਲ ਦੂਰ-ਦੂਰ ਤੱਕ ਗੁਰਮਤਿ ਪ੍ਰਚਾਰ ਕੀਤਾ। ਲੱਖਾਂ ਪ੍ਰਾਣੀਆਂ ਨੂੰ ਗੁਰੂ ਅਤੇ ਗੁਰਬਾਣੀ ਨਾਲ ਜੋੜਿਆ। ਅੰਮ੍ਰਿਤਪਾਨ ਕਰਵਾਇਆ, ਵਿਦਿਆ ਦਾਨ ਦੇ ਕੇ ਸਦਾਚਾਰੀ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ। "ਇਸ ਸੰਪ੍ਰਦਾਇ ਵਿਚ ਮਹਾਨ ਤਪੱਸ੍ਰੀ, ਆਤਮ-ਦਰਸ਼ੀ, ਬ੍ਰਹਮ-ਗਿਆਨੀ, ਵਿਦਵਾਨ, ਪੰਡਿਤ, ਲੇਖਕ, ਉਪਦੇਸ਼ਕ, ਰਾਗੀ, ਕਵੀ, ਵੈਦ ਆਦਿ ਅਨੇਕ ਮਹਾਂਪੁਰਸ਼ ਹੋਏ ਹਨ। ਸੰਪ੍ਰਦਾਇ ਦੇ ਸੰਤ ਮੱਲ ਸਿੰਘ ਜੀ, ਸ੍ਰੀ ਸੰਤ ਚਰਨ ਸਿੰਘ (ਕੌਰ ਮਾਈ ਜੀ ਰਾਜਗੀਰੀ ਵਾਲੇ), ਪੰਡਿਤ ਈਸ਼ਰ ਸਿੰਘ ਜੀ 'ਕਲਯੁਗ'

---

[145] ਮਹੰਤ ਦਿਆਲ ਸਿੰਘ, *ਨਿਰਮਲ ਪੰਥ ਦਰਸ਼ਨ*, ਹਿੱਸਾ ਚੌਥਾ, ਪੰਨਾ 24.

[146] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 414.

'ਭਯੰਕਰਾਚਾਰਯ', ਸ੍ਰੀ ਸੰਤ ਹਰਨਾਮ ਸਿੰਘ ਜੀ ਭੁੱਚੋ ਵਾਲੇ, ਪੰਡਿਤ ਸ੍ਰੀ ਰਾਮ ਸਿੰਘ ਜੀ ਮਲਕੇ ਵਾਲੇ, ਸ੍ਰੀ ਸੰਤ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ, ਸੰਤ ਈਸ਼ਰ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ, ਪੰਡਿਤ ਕਲਿਆਣ ਸਿੰਘ ਜੀ ਵਿਦਿਆ ਸਾਗਰ, ਸ੍ਰੀ ਸੰਤ ਜਸਵੰਤ ਸਿੰਘ ਜੀ ਨਿਰਮਲ ਤਖ਼ਤ ਰਾਮਦਾਸ ਵਾਲੇ, ਸ੍ਰੀ ਸੰਤ ਭਗਵੰਤ ਭਜਨ ਸਿੰਘ ਜੀ ਆਦਿਕ ਅਨੇਕ ਮਹਾਂਪੁਰਖ ਪ੍ਰਸਿੱਧ ਹਨ।"[147]

'ਸੰਪਦਾਇ ਪੰਡੋਰੀ ਨਿੱਝਰਾਂ' ਦੇ ਮੋਢੀ ਸੰਤ ਸੇਵਾ ਸਿੰਘ ਜੀ ਹਨ। "ਪੰਜ ਪਿਆਰਿਆਂ ਦੁਆਰਾ ਖਾਲਸਾ ਪੰਥ ਦੀ ਸਿਰਜਣਾ ਤੋਂ ਮਗਰੋਂ 25 ਸਿੰਘਾਂ ਨੇ ਅੰਮ੍ਰਿਤਪਾਨ ਦੀ ਦਾਤ ਪ੍ਰਾਪਤ ਕੀਤੀ। ਇਨ੍ਹਾਂ ਵਿਚ ਸੰਤ ਸੇਵਾ ਸਿੰਘ ਵੀ ਸਨ ਜਿਨ੍ਹਾਂ ਨੇ ਅੰਮ੍ਰਿਤ ਛਕਿਆ। ਸੰਤ ਸੇਵਾ ਸਿੰਘ ਜੀ ਸ੍ਰੀ ਆਨੰਦਪੁਰ ਸਾਹਿਬ ਅਤੇ ਮਗਰੋਂ ਮਾਲਵੇ ਵਿਚ ਵੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਹੇ ਸਨ।"[148] ਸੰਤ ਸੇਵਾ ਸਿੰਘ ਤੋਂ ਅੱਗੇ ਸੰਤ ਮਿਲਾਪ ਸਿੰਘ ਨੇ ਉਪਦੇਸ਼ ਲਿਆ ਅਤੇ ਉਨ੍ਹਾਂ ਦੇ ਅੱਗੋਂ ਚੇਲੇ ਸੰਤ ਦੀਵਾਨ ਸਿੰਘ ਸਨ। ਸੰਤ ਦੀਵਾਨ ਸਿੰਘ ਦੇ ਚੇਲੇ ਸੰਤ ਮਸਤਾਨ ਸਿੰਘ ਸਨ, ਜੋ ਲਾਹੌਰ ਗੁੰਮਟੀ ਬਜ਼ਾਰ ਵਿੱਚ ਰਹਿੰਦੇ ਸਨ। ਸੰਤ ਮਸਤਾਨ ਸਿੰਘ ਦੇ ਸ਼ਿਸ਼ ਠਾਕੁਰ ਮੱਲ ਸਿੰਘ ਜੀ ਹੋਏ ਜਿਹੜੇ ਕਾਫ਼ੀ ਸਮਾਂ ਪੰਡੋਰੀ ਨਿੱਝਰਾਂ ਵਿੱਚ ਰਹੇ। ਇਸ ਪਿੰਡ ਵਿਚ ਰਹਿਣ ਕਰਕੇ ਹੀ ਇਸ ਦਾ ਨਾਂ 'ਸੰਪ੍ਰਦਾਇ ਪੰਡੋਰੀ ਨਿੱਝਰਾਂ' ਪਿਆ।

ਸੰਪ੍ਰਦਾਇ ਪੰਡੋਰੀ ਨਿੱਝਰਾਂ ਦਾ ਪ੍ਰਚਾਰ ਕੇਂਦਰ ਦੁਆਬਾ, ਮਾਝਾ, ਮਾਲਵਾ ਅਤੇ ਪਾਕਿਸਤਾਨ ਵਿੱਚ ਗੁਜਰਾਂ ਵਾਲਾ ਰਿਹਾ ਹੈ। ਇਸ ਦੇ ਡੇਰੇ ਪੰਡੋਰੀ ਨਿੱਝਰਾਂ, ਬਾੜੀਆਂ ਕਲਾਂ, ਹਰੀਪੁਰ, ਜੌਹਲਾਂ, ਘੋਹੜ ਵਾਲਾ, ਭਾਗੋਵਾਲ, ਬੂਥਗੜ੍ਹ, ਹੁਸ਼ਿਆਰਪੁਰ, ਅੰਮ੍ਰਿਤਸਰ, ਬਠਿੰਡਾ ਆਦਿ ਸ਼ਹਿਰਾਂ ਵਿੱਚ ਹਨ।

### 20. ਸੰਪ੍ਰਦਾਇ ਗਿਰਵੜੀ

'ਸੰਪ੍ਰਦਾਇ ਗਿਰਵੜੀ' ਨਿਰਮਲ ਸੰਪ੍ਰਦਾਇ ਦੀ ਪ੍ਰਸਿੱਧ ਸੰਪ੍ਰਦਾਇ ਹੈ ਜਿਸ ਦੇ ਡੇਰੇ ਪੋਠੋਹਾਰ (ਪਾਕਿਸਤਾਨ) ਤੋਂ ਲੈ ਕੇ ਮਾਝੇ, ਮਾਲਵੇ, ਦੁਆਬੇ ਅਤੇ ਉਤਰ ਪ੍ਰਦੇਸ਼ ਤੱਕ ਸਥਾਪਿਤ ਹਨ। ਇਸ ਸੰਪ੍ਰਦਾਇ ਦਾ ਮੁੱਖ ਡੇਰਾ ਪਿੰਡ ਕੁਰਾਲੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਗਿਰਵੜੀ ਨਦੀ ਦੇ ਕੰਢੇ ਉੱਤੇ ਹੈ, ਜਿਸ ਕਰਕੇ ਇਸ ਦਾ ਨਾਂ 'ਸੰਪ੍ਰਦਾਇ ਗਿਰਵੜੀ' ਪੈ ਗਿਆ। "ਇਸ ਸੰਪ੍ਰਦਾਇ ਵਿਚੋਂ ਤਿੰਨ ਸ੍ਰੀ ਮਹੰਤ (ਪੰਡਿਤ ਤਾਰਾ ਸਿੰਘ ਜੀ ਨਰੋਤਮ, ਪੰਡਿਤ ਸਾਧੂ ਸਿੰਘ ਜੀ ਅਤੇ ਪੰਡਿਤ ਮੋਹਰ ਸਿੰਘ ਜੀ) ਹੋਏ ਹਨ ਇਸ ਦੇ ਮੋਢੀ ਮਹਾਰਾਜ

---

[147] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 986.

[148] ਉਹੀ.

ਗੁਲਾਬ ਸਿੰਘ ਜੀ ਹੋਏ ਹਨ। ਇਸ ਸੰਪ੍ਰਦਾਇ ਵਿਚ ਪੰਡਿਤ ਗੁਲਾਬ ਸਿੰਘ ਜੀ ਗਿਰਵੜੀ ਵਾਲੇ, ਪੰਡਿਤ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ, ਮਹੰਤ ਪਰੇਮ ਸਿੰਘ ਜੀ, ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ, ਪੰਡਿਤ ਹਕੀਕਤ ਸਿੰਘ ਜੀ ਅਰਵਿੰਦ, ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ ਪ੍ਰਸਿੱਧ ਨਰ-ਰਤਨ ਹੋਏ ਹਨ।

ਸੱਜਰਾ ਗਿਰਵੜੀ ਸੰਪ੍ਰਦਾਇ:[149]

ਭਾਈ ਧਰਮ ਸਿੰਘ ਜੀ ਪਿਆਰੇ

↓

ਸੰਤ ਕਰਮ ਸਿੰਘ ਜੀ (ਕਾਸ਼ੀ ਜਾ ਕੇ ਸੰਸਕ੍ਰਿਤ ਪੜ੍ਹਨ ਵਾਲੇ ਮੁੱਢਲੇ ਸੰਤ)

↓ ↓ ↓

ਸ੍ਰੀ ਸੰਤ ਕੋਇਰ ਸਿੰਘ ਜੀ | ਸੰਤ ਜੈ ਸਿੰਘ ਜੀ | ਸੰਤ ਕੇਸਰ ਸਿੰਘ ਜੀ

↓

ਸੰਤ ਮਿਹਰ ਸਿੰਘ ਜੀ

↓

ਸੰਤ ਅਮੀਰ ਸਿੰਘ ਜੀ

↓

ਸੰਤ ਚੇਤ ਸਿੰਘ ਜੀ

↓

ਪੰਡਿਤ ਸੱਦਾ ਸਿੰਘ ਜੀ (ਅਦ੍ਵੈਤ ਸਿੱਧੀ ਦੇ ਟੀਕਾਕਾਰ)

↓

ਪੰਡਿਤ ਮਾਨ ਸਿੰਘ ਜੀ (ਕਬੇਰ ਵਾਲੇ)

↓

ਸੰਤ ਕ੍ਰਿਪਾ ਸਿੰਘ ਜੀ

↓

ਸੰਤ ਜਮੀਅਤ ਸਿੰਘ ਜੀ

↓

ਪੰਡਿਤ ਗੁਲਾਬ ਸਿੰਘ ਜੀ ਗਿਰਵੜੀ ਵਾਲੇ

ਸੰਪ੍ਰਦਾਇ ਗਿਰਵੜੀ ਦਾ ਪ੍ਰਚਾਰ ਕੇਂਦਰ ਮਾਝਾ, ਮਾਲਵਾ, ਦੁਆਬਾ, ਪੋਠੋਹਾਰ ਅਤੇ ਉੱਤਰ ਪ੍ਰਦੇਸ਼ ਰਿਹਾ ਹੈ।

---

[149] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 657.

**21. ਸੰਪ੍ਰਦਾਇ ਕੁਬੇਰੀਏ**

ਇਸ ਸੰਪ੍ਰਦਾਇ ਵਿਚ ਨਾਮ ਅਭਿਆਸੀ, ਤਪੱਸਵੀ, ਵਿਦਵਾਨ ਅਤੇ ਸ਼ਸਤ੍ਰਧਾਰੀ ਮਹਾਂਪੁਰਸ਼ ਹੋਏ ਹਨ। "ਸੰਪ੍ਰਦਾਇ ਦੇ ਮੋਢੀ ਬਾਬਾ ਅੱਘੜ ਸਿੰਘ ਹੋਏ ਹਨ, ਜੋ ਪੰਡਤ ਮਾਨ ਸਿੰਘ ਜੀ ਦੇ ਚੇਲੇ ਸਨ।"[150] ਇਸ ਸੰਪ੍ਰਦਾਇ ਵਿਚ ਮਾਨ ਸਿੰਘ ਨਾਮ ਦੇ ਦੋ ਮਹਾਂਪੁਰਸ਼ ਹੋਏ ਹਨ। ਇਕ ਅਠਾਰਵੀਂ ਸਦੀ ਵਿਚ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਸਿੱਖ ਸਨ, ਜਿਨ੍ਹਾਂ ਦੇ ਸ਼ਿਸ਼ ਪੰਡਿਤ ਗੁਲਾਬ ਸਿੰਘ (ਕਰਤਾ *ਮੋਕਸ਼ ਪੰਥ ਪ੍ਰਕਾਸ਼*) ਸਨ। ਦੂਸਰੇ ਪੰਡਿਤ ਮਾਨ ਸਿੰਘ ਜੀ 19ਵੀਂ ਸਦੀ ਵਿਚ ਹੋਏ ਹਨ ਜਿਨ੍ਹਾਂ ਦੇ ਸ਼ਿਸ਼ ਪੰਡਿਤ ਰਾਮ ਸਿੰਘ ਜੀ ਕੁਬੇਰੀਏ (ਦੂਸਰੇ ਸ੍ਰੀ ਮਹੰਤ) ਸਨ। "ਇਸ ਸੰਪ੍ਰਦਾਇ ਵਿੱਚ ਪੰਡਤ ਮਾਨ ਸਿੰਘ ਦਿੱਗ-ਵਿਜਯ, ਬਾਬਾ ਦਰਗਾਹਾ ਸਿੰਘ ਕਨਖ਼ਲ ਵਾਲੇ, ਪੰਡਤ ਗੁਲਾਬ ਸਿੰਘ (ਕਰਤਾ *ਮੋਕਸ਼ ਪੰਥ ਪ੍ਰਕਾਸ਼*) ਪੰਡਤ ਨਿਹਾਲ ਸਿੰਘ (ਜਪੁਜੀ ਸੰਸਕ੍ਰਿਤ ਦੇ ਟੀਕਾਕਾਰ) ਸੰਤ ਗਰਜਾ ਸਿੰਘ ਜੀ, ਸੰਤ ਅੱਘੜ ਸਿੰਘ ਜੀ, ਸ੍ਰੀ ਮਹੰਤ ਪੰਡਤ ਰਾਮ ਸਿੰਘ ਕੁਬੇਰੀਏ ਆਦਿਕ ਅਨੇਕਾਂ ਮਹਾਂਪੁਰਸ਼ ਹੋਏ ਹਨ।"[151] ਪੰਡਤ ਰਾਮ ਸਿੰਘ ਕੁਬੇਰੀਏ ਦੇ ਨਾਂ ਤੇ ਹੀ ਇਸ ਸੰਪ੍ਰਦਾਇ ਦਾ ਨਾਮਕਰਣ ਹੋਇਆ ਹੈ।

ਸੰਪ੍ਰਦਾਇ ਕੁਬੇਰੀਏ ਦਾ ਪ੍ਰਚਾਰ ਕੇਂਦਰ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਆਦਿ ਰਿਹਾ ਹੈ। ਸੰਪ੍ਰਦਾਇ ਦੇ ਡੇਰੇ ਹਰਿਦੁਆਰ, ਲਧੋਵਾਲ, ਪਠਲਾਵਾ, ਟੂਟੋਮਾਜਰਾ, ਕੁਰੁਕਸ਼ੇਤਰ ਆਦਿ ਵਿੱਚ ਹਨ।

**22. ਸੰਪ੍ਰਦਾਇ ਬਰਨਾਲਾ**

'ਸੰਪ੍ਰਦਾਇ ਬਰਨਾਲਾ' ਮਾਲਵੇ ਦੀਆਂ ਸੰਪ੍ਰਦਾਵਾਂ ਵਿੱਚੋਂ ਮੁਖੀ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕਾਸ਼ੀ ਤੋਂ ਵਿਦਿਆ ਗ੍ਰਹਿਣ ਕਰਨ ਲਈ ਭੇਜੇ ਗਏ ਪੰਜ ਸਿੱਖਾਂ ਵਿਚੋਂ ਸੰਤ ਕਰਮ ਸਿੰਘ ਤੋਂ ਇਸ ਸੰਪ੍ਰਦਾਇ ਦਾ ਅਰੰਭ ਹੁੰਦਾ ਹੈ। ਵਿਦਿਆ ਪ੍ਰਾਪਤੀ ਮਗਰੋਂ ਸੰਤ ਕਰਮ ਸਿੰਘ ਗੁਰੂ ਦਰਬਾਰ ਵਿਚ ਉਪਨਿਸ਼ਦਾਂ ਦੀ ਕਥਾ ਕਰਦੇ ਸਨ। ਖ਼ਾਲਸਾ ਪੰਥ ਦੀ ਸਥਾਪਨਾ ਤੋਂ ਬਾਅਦ ਉਨ੍ਹਾਂ ਨੇ ਭਾਈ ਧਰਮ ਸਿੰਘ ਜੀ (ਪਿਆਰੇ) ਕੋਲੋਂ ਅੰਮ੍ਰਿਤ ਛਕਿਆ। ਬਾਅਦ ਵਿਚ "ਸੰਤ ਕਰਮ ਸਿੰਘ ਤੋਂ ਬਾਬਾ ਕੇਸਰ ਸਿੰਘ ਅਤੇ ਬਾਬਾ ਲੰਗਰ ਸਿੰਘ ਜੀ ਵੱਡੇ ਹਰੀ ਕੇ ਵਾਲਿਆਂ ਨੇ ਅੰਮ੍ਰਿਤ ਛਕਿਆ। ਇਨ੍ਹਾਂ ਦੇ ਤਿੰਨ ਚੇਲੇ ਹੋਏ ਹਨ, ਜਿਨ੍ਹਾਂ ਵਿਚੋਂ ਸੰਤ ਨਿੱਕਾ ਸਿੰਘ ਜੀ ਨੂੰ ਸੰਤਾਂ ਨੇ ਬੀਬੀ ਪ੍ਰਧਾਨ ਕੌਰ ਦੇ, ਜੋ ਬਾਬਾ ਆਲਾ ਸਿੰਘ ਜੀ ਦੀ ਲੜਕੀ ਅਤੇ ਵਿਧਵਾ ਸਨ, ਸਤਿਸੰਗ ਲਈ

---

150 ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 84.

151 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 619.

ਬਰਨਾਲੇ ਭੇਜ ਦਿੱਤਾ। ਪਿੱਛੋਂ ਇੱਥੇ 'ਡੇਰਾ ਬਾਬਾ ਗਾਂਧਾ ਸਿੰਘ' ਆਬਾਦ ਹੋਇਆ, ਜੋ ਮਾਲਵੇ ਦਾ ਸਭ ਤੋਂ ਵੱਡਾ ਡੇਰਾ ਹੈ।"[152] ਇਨ੍ਹਾਂ ਨੇ "ਡੇਰੇ ਦਾ ਪ੍ਰਬੰਧ ਇਤਨੇ ਸੁਚੱਜੇ ਢੰਗ ਨਾਲ ਚਲਾਇਆ ਕਿ ਆਮਦਨ ਵਿਚ ਭਾਰੀ ਵਾਧਾ ਹੋ ਗਿਆ ਤੇ ਅੰਨ ਦੇ ਭੰਡਾਰ ਭਰ ਗਏ। ਡੇਰੇ ਦੀ ਜਾਇਦਾਦ ਵਿਚ ਵਾਧਾ ਕਰਨ ਲਈ ਸੰਨ 1852 ਈ. ਵਿਚ ਤਹਿਸੀਲ ਮੁਕਤਸਰ ਵਿਚ ਆਪ ਨੇ ਇਕ ਸਾਲਮ ਪਿੰਡ ਖਰੀਦ ਲਿਆ ਜੋ 'ਚੱਕ ਗਾਂਧਾ ਸਿੰਘ ਵਾਲਾ' ਦੇ ਨਾਮ ਨਾਲ ਪ੍ਰਸਿੱਧ ਹੈ।"[153] ਰਕਬੇ ਦੇ ਹਿਸਾਬ ਨਾਲ ਜੇ ਇਸ ਡੇਰੇ ਨੂੰ ਨਿਰਮਲ ਸੰਪ੍ਰਦਾਇ ਦਾ ਸਭ ਤੋਂ ਵੱਡਾ ਡੇਰਾ ਕਿਹਾ ਜਾਵੇ ਤਾਂ ਅਤਿਕਥਨੀ ਨਹੀਂ।

ਸੰਤ ਲੰਗਰ ਸਿੰਘ ਜੀ, ਪੰਡਿਤ ਨਿੱਕਾ ਸਿੰਘ ਜੀ, ਮਹੰਤ ਗਾਂਧਾ ਸਿੰਘ ਜੀ, ਮਹੰਤ ਹੀਰਾ ਸਿੰਘ ਜੀ, ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਆਦਿਕ ਵਿਦਵਾਨ ਮਹਾਂਪੁਰਸ਼ ਇਸ ਸੰਪ੍ਰਦਾਇ ਨਾਲ ਸੰਬਧਿਤ ਸਨ। ਸੰਤ ਕੋਇਰ ਸਿੰਘ, ਜਿਨ੍ਹਾਂ ਨੇ ਅੰਮ੍ਰਿਤਸਰ ਵਿੱਚ ਪਹਿਲਾ ਨਿਰਮਲ ਡੇਰਾ ਕਾਇਮ ਕੀਤਾ ਸੀ, ਉਹ ਵੀ ਇਸੇ ਸੰਪ੍ਰਦਾਇ ਵਿੱਚੋਂ ਸਨ, "ਬਾਬਾ ਲੰਗਰ ਸਿੰਘ ਜੀ ਬਾਰੇ ਇਹ ਵੀ ਪ੍ਰਸਿੱਧ ਹੈ ਕਿ ਮੁਕਤਿਸਰ ਵਿਖੇ 40 ਮੁਕਤਿਆਂ ਦੀ ਯਾਦ ਵਿੱਚ ਮਾਘੀ ਦਾ ਮੇਲਾ ਵੀ ਆਪ ਜੀ ਨੇ ਹੀ ਅਰੰਭ ਕੀਤਾ ਸੀ।"[154] ਮਹਾਰਾਜਾ ਆਲਾ ਸਿੰਘ ਦੀ ਪੁੱਤਰੀ "ਬੀਬੀ ਪ੍ਰਧਾਨ ਕੌਰ ਨੇ ਪੰਡਤ ਨਿੱਕਾ ਸਿੰਘ ਦੇ ਤੱਪ-ਤੇਜ ਨੂੰ ਦੇਖਦੇ ਹੋਏ ਇਸ ਡੇਰੇ ਦੇ ਨਾਂ ਜਗੀਰ ਵੀ ਲਿਖ ਦਿੱਤੀ, ਜਿਸ ਬਾਰੇ 1809 ਸੰਮਤ (1752 ਈ.) ਵਿੱਚ ਇੱਕ ਪਟਾ ਵੀ ਲਿਖ ਕੇ ਦਿੱਤਾ ਗਿਆ।"[155] ਇਸ ਸੰਪ੍ਰਦਾਇ ਦੇ ਡੇਰੇ ਬਰਨਾਲਾ, ਵੱਡਾ ਹਰੀਕੇ ਆਦਿ ਵਿੱਚ ਹਨ।

### 23. ਸੰਪ੍ਰਦਾਇ ਡਰੋਲੀ

ਮਾਲਵੇ ਵਿਚ ਗੁਰਮਤਿ ਪ੍ਰਚਾਰ ਕਰਨ ਵਿਚ ਇਸ ਸੰਪ੍ਰਦਾਇ ਦਾ ਵਿਸ਼ੇਸ਼ ਯੋਗਦਾਨ ਹੈ। ਇਹ ਸੰਪ੍ਰਦਾਇ ਦੇ ਮੋਢੀ ਠਾਕੁਰ ਸਰਦੂਲ ਸਿੰਘ ਜੀ ਸਨ। ਸੰਪ੍ਰਦਾਇ ਮੁਖੀ ਠਾਕੁਰ ਸਰਦੂਲ ਸਿੰਘ ਜੀ ਦਾ ਜਨਮ ਪਿੰਡ ਡਰੋਲੀ ਭਾਈ, ਜ਼ਿਲ੍ਹਾ ਫ਼ਿਰੋਜਪੁਰ ਵਿਖੇ ਹੋਇਆ। "ਇੱਥੇ ਹੀ ਆਪ ਨੇ ਡੇਰਾ ਆਬਾਦ ਕੀਤਾ। ਇਸ ਲਈ ਪਿੰਡ ਡਰੋਲੀ ਦੇ ਨਾਮ ਉੱਤੇ ਹੀ 'ਸੰਪ੍ਰਦਾਇ ਡਰੋਲੀ' ਪ੍ਰਸਿੱਧ ਹੋ ਗਈ। ਪੰਡਿਤ ਕਾਹਨ ਸਿੰਘ ਇਸ ਸੰਪ੍ਰਦਾਇ

---

[152] ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 84

[153] ਗਿ. ਗੁਰਚਰਨ ਸਿੰਘ, ਕਰਮਜੀਤ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ ਸ਼ਾਖ ਬਰਨਾਲਾ,* ਪੰਨਾ 39.

[154] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 681.

[155] ਉਹੀ, ਪੰਨਾ 683.

ਦੇ ਪ੍ਰਸਿੱਧ ਸੰਤ ਹੋਏ ਹਨ।"[156] ਇਸ ਸੰਪ੍ਰਦਾਇ ਨੇ ਮਾਲਵਾ ਖੇਤਰ ਵਿਚ ਗੁਰਮਤਿ ਦਾ ਵਡਮੁੱਲਾ ਪ੍ਰਚਾਰ ਕੀਤਾ। ਸੰਪ੍ਰਦਾਇ ਡਰੌਲੀ ਦੇ ਡੇਰੇ ਨੈਣੇਵਾਲਾ (ਸੰਗਰੂਰ), ਭਗਤਾ, ਡਰੌਲੀ ਅਤੇ ਲੋਹਗੜ੍ਹ (ਪਟਿਆਲਾ) ਵਿੱਚ ਹਨ।

**24. ਸੰਪ੍ਰਦਾਇ ਮੁਕਤਸਰੀਆਖ਼**

ਨਿਰਮਲ ਸੰਪ੍ਰਦਾਇ ਵਿਚ ਇਸ ਸੰਪ੍ਰਦਾਇ ਮੁਕਤਸਰੀਆ ਦਾ ਵਿਸ਼ੇਸ਼ ਸਥਾਨ ਹੈ। ਬਾਬਾ ਮਸਤਾਨ ਸਿੰਘ ਜੀ ਇਸ ਸੰਪ੍ਰਦਾਇ ਦੇ ਮੋਢੀ ਹੋਏ ਹਨ। "ਇਸ ਸੰਪ੍ਰਦਾਇ ਦੇ ਮਹਾਂਪੁਰਖਾਂ ਨੇ ਮਾਲਵੇ ਵਿੱਚ ਸਿੱਖੀ ਪ੍ਰਚਾਰ ਦੀ ਅਕਹਿ ਸੇਵਾ ਕੀਤੀ ਹੈ। ਜਨ ਸਾਧਾਰਨ ਨੂੰ ਗੁਰਬਾਣੀ ਨਾਲ ਜੋੜਿਆ, ਬੱਚਿਆਂ ਨੂੰ ਗੁਰਮੁਖੀ ਵਿਦਿਆ ਪੜ੍ਹਾਈ, ਔਸ਼ਧੀਆਂ ਦਆਰਾ ਇਲਾਜ ਅਤੇ ਸੇਵਾ ਕਰਨ ਦੀ ਲਗਨ ਲਾਈ। ਇਸ ਸੰਪ੍ਰਦਾਇ ਵਿਚ ਬਾਬਾ ਹੈਬਾ ਸਿੰਘ ਜੀ, ਸੰਤ ਮਸਤਾਨ ਸਿੰਘ ਜੀ, ਸ੍ਰੀ ਮਾਨ ਸੰਤ ਗੁਲਾਬ ਸਿੰਘ ਜੀ ਆਦਿਕ ਅਨੇਕ ਪ੍ਰਸਿੱਧ ਭਾਵ ਹੋਏ ਹਨ।"[157] ਬਾਬਾ ਮਸਤਾਨ ਸਿੰਘ ਜੀ ਨੇ ਮੁਕਤਸਰ ਵਿਚ ਡੇਰਾ ਕਾਇਮ ਕੀਤਾ। ਜਿਸ ਕਾਰਨ ਇਸ ਸੰਪ੍ਰਦਾਇ ਦਾ ਨਾਮ 'ਸੰਪ੍ਰਦਾਇ ਮੁਕਤਸਰੀਆ' ਪ੍ਰਸਿੱਧ ਹੋਇਆ।

"ਸੰਪ੍ਰਦਾਇ ਮੁਕਤਸਰੀਆ ਦਾ ਆਰੰਭ ਭਾਈ ਦਇਆ ਸਿੰਘ ਜੀ ਪਿਆਰੇ ਤੋਂ ਹੁੰਦਾ ਹੈ। ਭਾਈ ਦਇਆ ਸਿੰਘ ਤੋਂ ਗੁਰਬਖ਼ਸ਼ ਸਿੰਘ (ਬਾਬਾ ਬੁੱਢਾ ਜੀ ਦੇ ਵੰਸ਼ਜ) ਨੇ ਅੰਮ੍ਰਿਤ ਪਾਨ ਕਰਕੇ ਗੁਰਮੰਤ੍ਰ ਉਪਦੇਸ਼ ਲਿਆ (ਅੰਮ੍ਰਿਤ ਪਾਨ ਕਰਨ ਤੋਂ ਪਹਿਲਾਂ ਬਾਬਾ ਗੁਰਬਖ਼ਸ਼ ਸਿੰਘ ਜੀ ਦਾ ਨਾਉਂ ਭਾਈ ਰਾਮ ਕੋਇਰ ਸੀ)।"[158] ਇਸ ਸੰਪ੍ਰਦਾਇ ਦੇ ਡੇਰੇ ਮੁਕਤਸਰ, ਲੋਹਟ ਬੱਧੀ, ਸੁਰੇਸ਼ ਵਾਲਾ ਸਿੱਖਾਂ, ਫਜ਼ਲਿਕਾ ਅਤੇ ਪਟਨਾ ਸਾਹਿਬ ਵਿਚ ਹਨ।

**25. ਸੰਪ੍ਰਦਾਇ ਜਲਾਲ**

ਇਹ ਮਾਲਵੇ ਦੀ ਪ੍ਰਸਿੱਧ ਸੰਪ੍ਰਦਾਇ ਹੈ ਜੋ ਪਿੰਡ ਜਲਾਲ ਜ਼ਿਲ੍ਹਾ ਬਠਿੰਡਾ ਵਿਚ ਹੈ। ਇਸ ਸੰਪ੍ਰਦਾਇ ਦੇ ਮੋਢੀ ਬਾਬਾ ਖੜਗ ਸਿੰਘ ਜੀ ਹਨ। "ਬਾਬਾ ਖੜਗ ਸਿੰਘ ਜੀ ਨੇ ਬਾਬਾ ਗੁਰਬਖ਼ਸ਼ ਸਿੰਘ ਜੀ ਅਤੇ ਬਾਬਾ ਗੁਰਬਖ਼ਸ਼ ਸਿੰਘ ਜੀ ਨੇ ਭਾਈ ਦਇਆ ਸਿੰਘ ਜੀ (ਪਿਆਰੇ) ਕੋਲੋਂ ਅੰਮ੍ਰਿਤ ਛਕਿਆ ਸੀ। ਬਾਬਾ ਖੜਗ ਸਿੰਘ

---

156 ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 85.

157 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 461.

158 ਉਹੀ, ਪੰਨਾ 461.

ਜੀ ਨੇ ਜਲਾਲ ਪਿੰਡ ਵਿਚ ਆਪਣ ਡੇਰਾ ਬਣਾਇਆ ਅਤੇ ਇਸ ਤਰ੍ਹਾਂ ਸੰਪ੍ਰਦਾਇ ਦਾ ਨਾਮ ਹੀ 'ਜਲਾਲ' ਪੈ ਗਿਆ। ਇਨ੍ਹਾਂ ਦੇ ਚੇਲੇ ਪੰਡਿਤ ਵੀਰ ਸਿੰਘ ਜੀ ਹੋਏ ਹਨ। ਆਪ ਕਈ ਵਰ੍ਹੇ ਕਾਸ਼ੀ ਪੜ੍ਹਦੇ ਰਹੇ ਸਨ।"[159] ਗੁਰਮਤਿ ਦੇ ਪ੍ਰਚਾਰ ਲਈ ਇਹ ਮੰਡਲੀ ਫੇਰਦੇ ਹੋਏ ਨਾਭੇ ਪਹੁੰਚੇ। ਇੱਥੇ ਰਾਜ ਦਰਬਾਰ ਦੀ ਮਦਦ ਨਾਲ ਸੁੰਦਰ ਡੇਰਾ ਕਾਇਮ ਹੋ ਗਿਆ। "ਸਤਿ-ਸੰਗ ਦਾ ਪ੍ਰਵਾਹ ਜਾਰੀ ਹੋ ਗਿਆ। ਸੁਬਹ-ਸ਼ਾਮ ਸ਼ਹਿਰ ਨਿਵਾਸੀ ਪ੍ਰੇਮੀ ਕਥਾ ਉਪਦੇਸ਼ ਸੁਣ ਕੇ ਲਾਭ ਉਠਾਉਣ ਲੱਗੇ। ਆਪ ਜੀ ਨੇ ਇਕ ਗ੍ਰੰਥ ਵੀ ਤਿਆਰ ਕੀਤਾ ਜੋ ਇਸ ਵੇਲੇ ਨਾਭੇ ਦੇ ਤੋਸ਼ੇਖਾਨੇ ਵਿਚ ਸੁਰੱਖਿਅਤ ਹੈ। ਇਸ ਸਮੇਂ ਹੀ ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਆਪ ਜੀ ਕੋਲੋਂ ਸੰਸਕ੍ਰਿਤ, ਛੰਦ ਸ਼ਾਸਤ੍ਰ ਅਤੇ ਸਾਹਿਤਯ ਦਾ ਅਧਿਐਨ ਕੀਤਾ।"[160] ਇਹ ਉਚ ਕੋਟੀ ਦੇ ਵਿਦਵਾਨ ਸਨ ਇਸ ਲਈ ਜਲਾਲ ਡੇਰੇ ਵਿਚ ਵੀ ਇਨ੍ਹਾਂ ਕੋਲੋਂ ਕਿਸੇ ਸਮੇਂ 170-180 ਸਾਧੂ ਵਿਦਿਆ ਗ੍ਰਹਿਣ ਕਰਦੇ ਰਹੇ ਹਨ।

ਸੰਪ੍ਰਦਾਇ ਜਲਾਲ ਦੇ ਡੇਰੇ ਮਾਲਵਾ ਵਿੱਚ ਹਨ: ਡੇਰਾ ਮੋਗਾ, ਗਾਲਬ ਕਲਾਂ, ਜੰਡਾਵਾਲਾ, ਤਖ਼ਤਪੁਰਾ, ਖੇਮੂਆਣਾ, ਹਮੀਰਗੜ੍ਹ, ਜੈਤੋ, ਕਲਿਆਣਾ, ਢੈਪਈ, ਭੌਂਡੀਪੁਰਾ, ਰਮਾਣੇ, ਗਿੱਦੜ ਪਿੰਡੀ, ਮਾਖਾ ਆਦਿ।

**26. ਸੰਪ੍ਰਦਾਇ ਮਹਿਮੇ ਸ਼ਾਹੀਏ:**

'ਸੰਪ੍ਰਦਾਇ ਮਹਿਮਾ ਸ਼ਾਹੀ' ਦਾ ਮਾਲਵੇ ਵਿਚ ਵਿਸ਼ੇਸ ਸਥਾਨ ਹੈ। ਇਸ ਸੰਪ੍ਰਦਾਇ ਦੇ ਸੰਚਾਲਕ ਸੰਤ ਮੋਹਰ ਸਿੰਘ ਜੀ ਮਹਿਮਾ ਸ਼ਾਹ ਹੋਏ ਹਨ। ਇਹ "ਸੰਤ ਆਪਣੇ ਮੂੰਹੋਂ ਹਰ ਸਮੇਂ 'ਮਹਿਮਾ ਤੇਰੀ ਅਪਰਮਪਾਰ' 'ਅਪਾਰ ਤੇਰੀ ਮਹਿਮਾ' 'ਪ੍ਰਭੂ ਦੀ ਮਹਿਮਾ ਬੇਅੰਤ ਹੈ' ਆਦਿ ਸ਼ਬਦਾਂ ਰਾਹੀਂ 'ਮਹਿਮਾ' ਸ਼ਬਦ ਦੀ ਵਰਤੋਂ ਕਰਦੇ ਰਹਿੰਦੇ ਸਨ। ਇਸ ਲਈ ਇਹ ਸੰਪ੍ਰਦਾਇ ਅਤੇ ਇਸ ਦੇ ਸੰਤ 'ਮਹਿਮਾ ਸ਼ਾਹੀਏ' ਪ੍ਰਸਿੱਧ ਹੋ ਗਏ।"[161] ਇਸ ਸੰਪ੍ਰਦਾਇ ਦੇ ਵਿਚ ਸੰਤ ਧਿਆਨ ਸਿੰਘ ਜੀ, ਬਾਬਾ ਮਲੂਕ ਸਿੰਘ ਜੀ ਗੋਦੜੀਏ, ਸ੍ਰੀ ਮਾਨ 108 ਮਹੰਤ ਪੰਡਿਤ ਦਇਆ ਸਿੰਘ ਜੀ ਉੱਗੋ, ਸ੍ਰੀ ਮਾਨ ਮਹੰਤ ਅਤਰ ਸਿੰਘ ਜੀ, ਸ੍ਰੀ ਮਾਨ ਪੰਡਿਤ ਤ੍ਰਿਲੋਕ ਸਿੰਘ ਜੀ, ਸ੍ਰੀ ਮਾਨ ਮਹੰਤ ਮਾਹਣਾ ਸਿੰਘ ਜੀ ਪੰਜਗ੍ਰਾਈ ਕਲਾਂ ਆਦਿ ਮਹਾਂਪੁਰਸ਼ ਹੋਏ ਹਨ। "ਇਸ ਸੰਪ੍ਰਦਾਇ ਦੇ

---

159 ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 87.

160 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* 598.

161 ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 87.

ਮਹਾਂਪੁਰਸ਼ਾਂ ਨੇ ਜਿੱਥੇ ਨਾਮ ਬਾਣੀ, ਕਥਾ-ਕੀਰਤਨ, ਸੇਵਾ, ਸਿਮਰਨ, ਧਰਮ-ਪ੍ਰਚਾਰ, ਵਿਦਿਆ ਪ੍ਰਚਾਰ ਵਿਚ ਅਕਹਿ ਹਿੱਸਾ ਪਾਇਆ ਹੈ ਉਥੇ ਬਹੁਤ ਸਾਰੀ ਕਵਿਤਾ/ਬਾਣੀ ਦੀ ਰਚਨਾ ਵੀ ਕੀਤੀ ਹੈ। ਭਾਵੇਂ ਨਿਰਮਲੇ ਸੰਤ ਕਾਵਯ ਦੀ ਰਚਨਾ ਬ੍ਰਜ ਭਾਸ਼ਾ ਵਿਚ ਕਰਦੇ ਸਨ ਪਰ ਮਹਿਮਾਸ਼ਾਹੀ ਸੰਤਾਂ ਨੇ ਠੇਠ ਪੰਜਾਬੀ ਵਿਚ ਲਿਖਿਆ ਹੈ ਜੋ ਗੁਰਬਾਣੀ ਦੀ ਸ਼ੈਲੀ ਦੇ ਨੇੜੇ ਹੈ।"[162] ਸੰਪ੍ਰਦਾਇ ਮਹਿਮਾਸ਼ਾਹੀ ਦੇ ਡੇਰੇ ਲੋਪੋਕੇ, ਉੱਗੋ, ਪੰਜ ਗਰਾਈ, ਫੁੱਲੇਵਾਲ, ਛੀਨਾ ਜੇਜੀਆਂ ਆਦਿ ਵਿੱਚ ਹਨ।

**27. ਸੰਪ੍ਰਦਾਇ ਦੌਦਰੀਏ (ਦੌਧਰ):**

ਇਸ ਸੰਪ੍ਰਦਾਇ ਨਾਲ ਸੰਬੰਧਿਤ ਲਿਖਤਾਂ ਵਿਚ ਇਸ ਦੇ ਦੋਨੋਂ ਨਾਮ 'ਸੰਪ੍ਰਦਾਇ ਦੌਦਰ' ਅਤੇ 'ਸੰਪ੍ਰਦਾਇ ਦੌਧਰ' (ਜ਼ਿਲ੍ਹਾ ਫ਼ਰੀਦਕੋਟ) ਪ੍ਰਚਲਿਤ ਹਨ। ਨਿਰਮਲ ਸੰਪ੍ਰਦਾਇ ਵਿੱਚ ਇਸ ਦਾ ਵਿਸ਼ੇਸ਼ ਸਥਾਨ ਹੈ। ਇਸ ਸੰਪ੍ਰਦਾਇ ਦੇ ਮਹਾਂਪੁਰਸ਼ਾਂ ਨੇ ਸਮੁੱਚੇ ਭਾਰਤ ਵਿੱਚ ਨਾਮਬਾਣੀ, ਕਥਾ-ਕੀਰਤਨ ਦਾ ਵਡਮੁੱਲਾ ਪ੍ਰਚਾਰ ਕੀਤਾ। ਠਾਕਰ ਦੀਦਾਰ ਸਿੰਘ ਇਸ ਸੰਪ੍ਰਾਦਾਇ ਦੇ ਮੋਢੀ ਹੋਏ ਹਨ ਜੋ ਸੰਤ ਆਲਮ ਸਿੰਘ ਜੀ ਦੇ ਚੇਲੇ ਸਨ। ਇਨ੍ਹਾਂ ਦਾ ਜਨਮ ਪਿੰਡ ਮਾਣੂਕੇ ਵਿਖੇ ਹੋਇਆ। ਜਿਥੇ ਇਸ ਸੰਪ੍ਰਦਾਇ ਦਾ ਮੁੱਖ ਡੇਰਾ ਬਣਿਆ।

ਸੰਪ੍ਰਦਾਇ ਦੌਦਰ ਸੱਜਰਾ:[163]

ਬਾਬਾ ਗੁਰਬਖ਼ਸ਼ ਸਿੰਘ ਜੀ
↓
ਸੰਤ ਵਸਾਵਾ ਸਿੰਘ ਜੀ
↓
ਪੰਡਿਤ ਸਾਹਿਬ ਸਿੰਘ ਜੀ
↓
ਸੰਤ ਭਗਤ ਸਿੰਘ ਜੀ
↓
ਸੰਤ ਆਲਮ ਸਿੰਘ ਜੀ
↓
ਠਾਕਰ ਦੀਦਾਰ ਸਿੰਘ ਜੀ

---

[162] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 84.

[163] ਉਹੀ, *ਨਿਰਮਲ ਪੰਥ ਬੋਧ,* ਪੰਨਾ 500.

ਇਸ ਸੰਪ੍ਰਦਾਇ ਵਿਚ "ਸੰਤ ਕਵੀ ਹਰਭਜਨ ਸਿੰਘ, ਪੰਡਿਤ ਈਸ਼ਰ ਸਿੰਘ, ਨਰਾਇਣ ਸਿੰਘ ਜੀ ਰਿਸ਼ੀਕੇਸ਼, ਪੰਡਿਤ ਹਰਦੇਵ ਸਿੰਘ ਜੀ ਆਦਿ ਮੁਖੀ ਵਿਦਵਾਨ ਹੋਏ ਹਨ।"[164] ਜਿਨ੍ਹਾਂ ਨੇ ਸਮੁੱਚੇ ਭਾਰਤ ਵਿਚ ਇਸ ਸੰਪ੍ਰਦਾਇ ਦਾ ਨਾਮ ਰੌਸ਼ਨ ਕੀਤਾ ਹੈ।

'ਸੰਪ੍ਰਦਾਇ ਦੌਦਰ' ਵਿਚ ਠਾਕੁਰ ਦੀਦਾਰ ਸਿੰਘ ਜੀ ਦੇ ਚੇਲੇ ਠਾਕਰ ਸੁੱਧ ਸਿੰਘ ਜੀ ਸਨ। "ਪਿੰਡ ਦੌਦਰ ਜ਼ਿਲ੍ਹਾ ਫ਼ਰੀਦਕੋਟ ਵਿਚ ਠਾਕਰ ਸੁਧ ਸਿੰਘ ਜੀ ਨੇ ਡੇਰਾ ਕਾਇਮ ਕਰਕੇ ਜਿੱਥੇ ਸਤਿਸੰਗ ਦਾ ਪ੍ਰਵਾਹ ਤੋਰਿਆ ਉਥੇ ਅਪੰਗ, ਯਤੀਮ, ਨੇਤਰਹੀਨ ਅਤੇ ਬਿਹੰਗਮਾਂ ਵਾਸਤੇ ਵਿਦਿਆ ਦਾ ਸੋਮਾ ਜਾਰੀ ਕਰ ਦਿੱਤਾ। ਡੇਰੇ ਵਿਚ ਬਿਹੰਗਮਾਂ, ਵਿਦਿਆਰਥੀਆਂ ਵਾਸਤੇ ਕਿੰਨੇ ਹੀ ਕਮਰੇ ਤਿਆਰ ਕਰਵਾਏ ਗਏ।"[165] ਪਿੰਡ ਵਾਲਿਆਂ ਦੀ ਮਦਦ ਨਾਲ ਡੇਰੇ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਹੋ ਗਈਆਂ। ਇੱਥੇ "ਗੁਰਮਤਿ ਦਾ ਪ੍ਰਚਾਰ ਹੋਣ ਲੱਗ ਪਿਆ, ਲੰਗਰ ਚਾਲੂ ਕੀਤਾ ਗਿਆ ਅਤੇ ਨਾਲ ਹੀ ਵਿਦਿਆ ਪੜ੍ਹਾਉਣੀ ਸ਼ੁਰੂ ਕਰ ਦਿੱਤੀ। ਪਿੰਡ ਦੇ ਅਨੇਕ ਬੱਚੇ ਗੁਰਮੁਖੀ/ਗੁਰਬਾਣੀ ਪੜ੍ਹਨ ਲੱਗੇ। ਦੂਰ-ਦੂਰ ਦੇ ਵਿਹੰਗਮ, ਅਪੰਗ, ਸੂਰਮੇ (ਨੇਤਰਹੀਣ) ਵੀ ਪੜ੍ਹਨ ਵਾਸਤੇ ਆਉਣੇ ਸ਼ੁਰ ਹੋ ਗਏ। ਮਹਾਂਪੁਰਖ ਜਿੱਥੇ ਅਪੰਗ/ਨੇਤਰਹੀਣ ਵਿਦਿਅਆਰਥੀਆਂ ਨੂੰ ਪੜ੍ਹਾਉਦੇ ਸਨ, ਨਾਲ ਉਨ੍ਹਾਂ ਦੀ ਹੱਥੀਂ ਸੇਵਾ ਵੀ ਕਰਦੇ ਸਨ। ਵਿਦਿਆਰਥੀਆਂ ਨੂੰ ਗੁਰਮਤਿ ਦੀ ਵਿਦਿਆ ਅਤੇ ਰਾਗ (ਕੀਰਤਨ) ਸਿਖਾਇਆ ਜਾਂਦਾ ਸੀ। ਮਹਾਂਪੁਰਖਾਂ ਦੇ ਉਪਕਾਰ ਸੇਵਾ ਨਾਲ ਇਹ ਰਾਗ ਵਿਦਿਆ ਦੀ ਟਕਸਾਲ ਸਾਰੇ ਦੇਸ਼ ਵਿਚ ਪ੍ਰਸਿੱਧ ਹੈ।"[166] ਸੰਪ੍ਰਦਾਇ ਦੌਦਰ ਦੇ ਡੇਰੇ ਮਾਣੂਕੇ, ਦੌਦਰ, ਅੰਮ੍ਰਿਤਸਰ, ਧੂੜ ਕੋਟ, ਹਰਿਦੁਆਰ ਆਦਿ ਵਿੱਚ ਹਨ।

### 28. ਸੰਪ੍ਰਦਾਇ ਠੀਕਰੀਵਾਲਾ

'ਸੰਪ੍ਰਦਾਇ ਠੀਕਰੀਵਾਲਾ' ਦੇ ਮੋਢੀ ਸੰਤ ਗੁਰਮੁਖ ਜੀ ਸਨ ਜੋ ਸੰਤ ਧਰਮ ਸਿੰਘ ਜੀ ਦੇ ਸ਼ਿਸ਼ ਸਨ।

ਸੱਜਰਾ ਸੰਪ੍ਰਦਾਇ ਠੀਕਰੀਵਾਲਾ:[167]

---

164 ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 88

165 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 42.

166 ਉਹੀ, *ਨਿਰਮਲ ਪੰਥ ਬੋਧ*, ਪੰਨਾ 502.

167 ਉਹੀ, ਪੰਨਾ 892.

ਗੁਰੂ ਗੋਬਿੰਦ ਸਿੰਘ ਜੀ
↓
ਭਾਈ ਧਰਮ ਸਿੰਘ ਜੀ ਪਿਆਰੇ
↓
ਭਾਈ ਚੰਦਨ ਸਿੰਘ ਜੀ
↓
ਸੰਤ ਹਰੀ ਸਿੰਘ ਜੀ ਲਾਂਗਰੀ
↓
ਸੰਤ ਧਰਮ ਸਿੰਘ ਜੀ
↓
ਸੰਤ ਗੁਰਮੁਖ ਸਿੰਘ ਜੀ

ਸੰਪ੍ਰਦਾਇ ਠੀਰੀਵਾਲਾ ਦੇ ਮਹਾਂਪੁਰਸ਼ਾਂ ਨੇ ਆਪਣੇ ਸਦਗੁਣਾ ਨਾਲ ਦੇਸ਼ ਵਿਚ ਅਨੇਕਾਂ ਪ੍ਰਾਣੀਆਂ ਨੂੰ ਸਿੱਖੀ ਦੇ ਧਾਰਨੀ ਬਣਾ ਕੇ ਗੁਰਬਾਣੀ ਨਾਲ ਜੋੜਿਆ। ਇਸ ਸੰਪ੍ਰਦਾਇ ਦੇ ਪ੍ਰਸਿੱਧ ਸੰਤ ਤੋਤਾ ਸਿੰਘ ਜੀ ਆਚਾਰੀ, ਸੰਤ ਹੀਰਾ ਸਿੰਘ ਜੀ, ਪੰਡਿਤ ਦੀਵਾਨ ਸਿੰਘ ਜੀ, ਪੰਡਿਤ ਬਸੰਤ ਸਿੰਘ ਜੀ, ਪੰਡਿਤ ਨਰ ਹਰੀ ਨਰਾਇਣ ਸਿੰਘ ਜੀ ਆਦਿ ਅਨੇਕ ਪ੍ਰਸਿੱਧ ਹਨ। ਇਸ ਸੰਪ੍ਰਦਾਇ ਦੇ ਡੇਰੇ ਪਟਿਆਲਾ, ਹਰਿਦੁਆਰ, ਰਿਸ਼ੀਕੇਸ਼, ਨਾਸਕ ਆਦਿ ਵਿੱਚ ਹਨ।

**29. ਸੰਪ੍ਰਦਾਇ ਸੇਖਵਾਂ-ਦੋਦਾ**

ਇਸ ਸੰਪ੍ਰਦਾਇ ਦਾ ਗੁਰਮਤਿ ਪ੍ਰਚਾਰ, ਧਰਮ-ਉਪਦੇਸ਼, ਸੇਵਾ-ਸਿਮਰਨ ਵਿੱਚ ਪਾਇਆ ਯੋਗਦਾਨ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਸੰਪ੍ਰਦਾਇ ਨੇ ਮਾਲਵੇ ਵਿਚ ਹਰ ਪੱਖ ਤੋਂ ਸੇਵਾ ਕੀਤੀ ਹੈ। ਸੰਪ੍ਰਦਾਇ ਸੇਖਵਾਂ-ਦੋਦਾ ਦੇ ਮੋਢੀ ਬਾਬਾ ਦਰਬਾਰਾ ਸਿੰਘ ਜੀ ਹੋਏ ਹਨ। "ਇਸ ਸੰਪ੍ਰਦਾਇ ਦਾ ਆਰੰਭ ਪੰਜ ਪਿਆਰਿਆਂ ਵਿੱਚੋਂ ਭਾਈ ਦਇਆ ਸਿੰਘ ਜੀ ਤੋਂ ਹੋਇਆ ਹੈ। ਸ੍ਰੀ ਆਨੰਦਪੁਰ ਸਾਹਿਬ ਵਿਖੇ ਭਾਈ ਦਇਆ ਸਿੰਘ ਜੀ ਤੋਂ ਸੰਤ ਦਰਬਾਰਾ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸ਼ਬਦ ਦਾ ਪੂਰਨ ਅਭਿਆਸ ਕੀਤਾ। ਨਾਲ ਹੀ ਦਸਮ ਸਤਿਗੁਰੂ ਜੀ ਦੇ ਦਰਬਾਰ ਵਿੱਚ ਸੇਵਾ ਕਰਦੇ, ਸਤਿਸੰਗ ਕਰਦੇ ਆਤਮਿਕ ਆਨੰਦ ਪ੍ਰਾਪਤ ਕਰਨ ਲੱਗੇ। ਆਪ ਜੀ ਦੀ ਸੇਵਾ ਸਿਮਰਨ ਦੀ ਕਮਾਈ 'ਤੇ ਸਤਿਗੁਰੂ ਜੀ ਪਰਮ ਪ੍ਰਸੰਨ ਸਨ। ਦੱਖਣ ਨੂੰ ਜਾਣ ਸਮੇਂ ਸਤਿਗੁਰੂ ਜੀ ਨੇ ਆਪ ਨੂੰ ਮਾਲਵੇ ਵਿੱਚ ਸਿੱਖੀ ਪ੍ਰਚਾਰ ਦੀ ਸੇਵਾ ਬਖ਼ਸ਼ੀ।"[168]

[168] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 544.

ਗੁਰੂ ਜੀ ਦੇ ਬਚਨਾਂ ਅਨੁਸਾਰ ਇਹ ਮਾਲਵੇ ਵਿਚ ਭਰਮਣ ਕਰਦੇ ਹੋਏ ਪਿੰਡ ਦੋਦਾ ਜ਼ਿਲ੍ਹਾ ਮੁਕਤਸਰ ਵਿਖੇ ਪਹੁੰਚੇ। ਇਨ੍ਹਾਂ ਦੇ ਸਦਉਪਦੇਸ਼ਾਂ ਸਦਕਾ ਪਿੰਡ ਸਮੇਤ ਸਾਰਾ ਇਲਾਕਾ ਇਨ੍ਹਾਂ ਦਾ ਸਤਿਸੰਗੀ ਬਣ ਗਿਆ। ਪਿੰਡ ਵਾਸੀਆਂ ਵੱਲੋਂ ਬੇਨਤੀ ਕਰਨ 'ਤੇ ਇਹ ਇੱਥੇ ਹੀ ਟਿਕ ਗਏ। ਇਨ੍ਹਾਂ ਦੇ ਸ਼ਿਸ਼ ਕੇਵਲ ਸੰਤ ਚਤਰ ਸਿੰਘ ਜੀ ਸਨ ਜੋ ਇਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਸਥਾਨ ਦੇ ਸੇਵਾਦਾਰ ਬਣੇ। ਇਸੇ ਸੰਪ੍ਰਦਾਇ ਵਿਚ ਅੱਗੇ ਜਾ ਕੇ ਮਹਾਰਾਜ ਥਰਾਜ ਸਿੰਘ ਸੇਖਵਾਂ ਵਾਲੇ ਪ੍ਰਸਿੱਧ ਹੋਏ। ਡੇਰਾ ਸੇਖਵਾਂ ਗੁਰਮਤਿ ਪ੍ਰਚਾਰ ਦਾ ਕਾਫ਼ੀ ਵੱਡਾ ਕੇਂਦਰ ਰਿਹਾ ਹੈ ਅਤੇ ਦੋਦਾ ਵਿਖੇ ਇਨ੍ਹਾਂ ਦੇ ਵਡੇਰੇ ਸੰਤਾਂ ਦਾ ਸਥਾਨ ਸੀ। ਇਸ ਕਰਕੇ ਸੰਪ੍ਰਦਾਇ ਦਾ ਨਾਮ 'ਸੇਖਵਾਂ-ਦੋਦਾ' ਪ੍ਰਸਿੱਧ ਹੋਇਆ ਹੈ।

ਇਸ ਸੰਪ੍ਰਦਾਇ ਵਿਚੋਂ ਟੀਕਾਕਾਰ, ਪੰਡਿਤ, ਪ੍ਰਚਾਰਕ, ਵੈਦ ਆਦਿ ਵਿਦਵਾਨ ਮਹਾਂਪੁਰਖ ਹੋਏ ਹਨ ਜਿਨ੍ਹਾਂ ਵਿਚ ਬਾਬਾ ਸੰਤ ਚਤਰ ਸਿੰਘ, ਥਰਾਜ ਸਿੰਘ, ਠਾਕੁਰ ਨਰਾਇਣ ਸਿੰਘ, ਗਿਆਨੀ ਬਦਨ ਸਿੰਘ ਸੇਖਵਾਂ ਵਾਲੇ, ਸੰਤ ਦਰਬਾਰਾ ਸਿੰਘ ਜੀ ਆਦਿ ਪ੍ਰਸਿੱਧ ਹਨ। ਇਨ੍ਹਾਂ ਵਿਚੋਂ ਠਾਕਰ ਨਰਾਇਣ ਸਿੰਘ ਜੀ ਦੇ ਤਿੰਨ ਚੇਲੇ (ਸੰਤ ਖੜਗ ਸਿੰਘ, ਗਿਆਨੀ ਬਦਨ ਸਿੰਘ 'ਫਰੀਦਕੋਟੀ ਟੀਕੇ ਵਾਲੇ' ਅਤੇ ਗਿਆਨੀ ਧਿਆਨ ਸਿੰਘ ਜੀ) ਸਨ। "ਗਿਆਨੀ ਬਦਨ ਸਿੰਘ ਜੀ ਨੂੰ ਗੁਰਬਾਣੀ ਦੇ ਪਹਿਲੇ ਟੀਕਾਕਾਰ ਹੋਣ ਦਾ ਮਾਣ ਪ੍ਰਾਪਤ ਹੈ। ਇਸ ਟੀਕੇ ਨੂੰ ਮਹਾਰਾਜਾ ਬਿਕ੍ਰਮ ਸਿੰਘ ਜੀ ਫ਼ਰੀਦਕੋਟ ਨੇ ਲਿਖਵਾਇਆ ਸੀ ਜੋ ਗਿਆਨੀ ਜੀ ਨੇ 1877 ਈ: ਵਿਚ ਆਰੰਭ ਕਰਕੇ 1883 ਈ: ਨੂੰ ਪੂਰਾ ਕੀਤਾ ਸੀ।"[169] ਇਨ੍ਹਾਂ ਤੋਂ ਇਲਾਵਾ ਵੀ ਇਸ ਸੰਪ੍ਰਦਾਇ ਵਿਚ ਨਾਮਵਾਰ ਵਿਦਵਾਨ ਹੋਏ ਹਨ। 'ਸੰਪ੍ਰਦਾਇ ਸੇਖਵਾਂ-ਦੋਦਾ' ਦੇ ਡੇਰੇ ਦੋਦਾ, ਸੇਖਵਾਂ, ਹਰਿਦੁਆਰ, ਕੌਣੀ, ਛੁਤ੍ਰਆਣਾ, ਮਾਹਲ ਖੁਰਦ, ਕੋਟ ਭਾਈ ਆਦਿ ਵਿੱਚ ਹਨ।

## 30. ਸੰਪ੍ਰਦਾਇ ਦਮਦਮੀਆਂ

ਇਸ ਸੰਪ੍ਰਦਾਇ ਨੇ ਗੁਰਬਾਣੀ, ਗੁਰਮੁਖੀ ਵਿਦਿਆ, ਅੰਮ੍ਰਿਤ ਸੰਚਾਰ, ਗੁਰਮਤਿ ਪ੍ਰਚਾਰ, ਪੁਰਾਤਨ ਗੁਰਮੁਖੀ ਗ੍ਰੰਥਾਂ ਦੇ ਉਤਾਰੇ ਅਤੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਜਿਹੇ ਵਡਮੁੱਲੇ ਕਾਰਜ ਕੀਤੇ ਹਨ। "ਇਸ ਸੰਪ੍ਰਦਾਇ ਦੇ ਮੋਢੀ ਬਾਬਾ ਦੀਪ ਸਿੰਘ ਸ਼ਹੀਦ ਮੰਨੇ ਜਾਂਦੇ ਹਨ। ਸ਼ਹੀਦ ਹੋਣ ਤੋਂ ਪਹਿਲਾਂ ਤਖ਼ਤ ਦਮਦਮਾ ਸਾਹਿਬ ਦੀ ਸੇਵਾ ਦਸਵੇਂ ਪਾਤਸ਼ਾਹ ਨੇ ਆਪ ਨੂੰ ਹੀ ਬਖ਼ਸ਼ੀ ਸੀ। ਅੱਗੋਂ ਬਾਬਾ ਸੁਧਾ ਸਿੰਘ, ਬਾਬਾ ਕਰਮ

[169] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 547.

ਸਿੰਘ, ਬਾਬਾ ਨੱਥਾ ਸਿੰਘ ਆਦਿ ਜਥੇਦਾਰ ਨਿਯਤ ਹੁੰਦੇ ਰਹੇ। ਤਖ਼ਤ ਦਮਦਮਾ ਸਾਹਿਬ ਦੀ ਸੇਵਾ ਸੰਪ੍ਰਦਾਇ ਦੇ ਸੰਤਾਂ ਰਾਹੀਂ ਹੁੰਦੀ, ਇਸ ਲਈ ਇਹ ਸੰਪ੍ਰਦਾਇ ਦਮਦਮੀਆਂ ਦੇ ਨਾਂ ਨਾਲ ਪ੍ਰਸਿੱਧ ਹੋ ਗਈ।"[170] ਇਸ ਸੰਪ੍ਰਦਾਇ ਦੇ ਡੇਰੇ ਵਧੇਰੇ ਕਰਕੇ ਬੁੰਗਿਆਂ ਦੇ ਰੂਪ ਵਿਚ ਹੀ ਬਣੇ ਅਤੇ ਇਸ ਦਾ ਪ੍ਰਚਾਰ ਕੇਂਦਰ ਮਾਲਵਾ ਹੀ ਰਿਹਾ। ਇਸ ਸੰਪ੍ਰਦਾਇ ਦੇ ਜਿਆਦਾ ਡੇਰੇ ਵੀ ਮਾਲਵੇ ਵਿੱਚ ਹੀ ਹਨ।

### 31. ਸੰਪ੍ਰਦਾਇ ਕਾਸ਼ੀ

'ਸੰਪ੍ਰਦਾਇ ਕਾਸ਼ੀ' ਦੇ ਮੋਢੀ ਸੰਤ ਕਰਮ ਸਿੰਘ ਹੋਏ ਹਨ। ਇਸ ਸੰਪ੍ਰਦਾਇ ਦਾ ਪ੍ਰਚਾਰ ਦਾ ਘੇਰਾ ਕਾਸ਼ੀ ਤੱਕ ਹੀ ਸੀਮਿਤ ਰਿਹਾ ਹੈ। ਇਹ ਸੰਪ੍ਰਦਾਇ ਪੰਜ ਸਿੱਖ ਵਿਦਵਾਨਾਂ ਦੇ ਕਾਸ਼ੀ ਪੁੱਜਣ ਦੇ ਨਾਲ ਹੀ ਹੋਂਦ ਵਿਚ ਆ ਗਈ ਸੀ। ਇਨ੍ਹਾਂ ਵਿਚੋਂ ਸੰਤ ਕਰਮ ਸਿੰਘ ਜੀ ਪ੍ਰਸਿੱਧ ਸਨ। ਵਿਦਿਆ ਪ੍ਰਾਪਤੀ ਦੇ ਸਮੇਂ ਹੀ ਪੰਡਿਤ ਜੈ ਰਾਮ ਇਨ੍ਹਾਂ ਦੇ ਸ਼ਿਸ਼ ਬਣ ਗਏ ਸਨ ਜਿਨ੍ਹਾਂ ਤੋਂ ਇਸ ਸੰਪ੍ਰਦਾਇ ਦਾ ਸਿਲਸਿਲਾ ਅਰੰਭ ਹੋਇਆ। "ਕਾਸ਼ੀ ਵਿਚ ਵਰਤਮਾਨ ਇਸ ਸੰਪ੍ਰਦਾਇ ਦਾ ਡੇਰਾ 'ਚੇਤਨ ਮੱਠ' ਸਭ ਤੋਂ ਪੁਰਾਣਾ ਅਤੇ ਪ੍ਰਸਿੱਧ ਡੇਰਾ ਹੈ। ਪੰਡਿਤ ਕਰਮ ਸਿੰਘ ਜੀ ਹੋਰਨਾਂ ਸਾਧੂਆਂ ਨਾਲ ਰਹਿ ਕੇ ਏਥੇ ਹੀ ਪੜ੍ਹਦੇ ਰਹੇ ਹਨ। ਪੰਡਿਤ ਕਰਮ ਸਿੰਘ, ਪੰਡਿਤ ਚੇਤ ਸਿੰਘ ਜੀ ਕੈਥਲ ਵਾਲੇ, ਪੰਡਿਤ ਸੱਦਾ ਸਿੰਘ ਜੀ ਅਦ੍ਵੈਤ ਸਿੱਧੀ ਦੇ ਟੀਕਾਕਾਰ ਇਸ ਸੰਪ੍ਰਦਾਇ ਦੇ ਮੁਖੀ ਵਿਦਵਾਨ ਹੋਏ ਹਨ।"[171] ਇਸ ਸੰਪ੍ਰਦਾਇ ਦਾ ਪ੍ਰਚਾਰ ਕੇਂਦਰ ਕਾਸ਼ੀ ਹੋਣ ਕਰਕੇ ਇਸ ਦੇ ਡੇਰੇ ਕਾਸ਼ੀ ਅਤੇ ਕੈਥਲ (ਹਰਿਆਣਾ) ਵਿੱਚ ਹਨ।

### 32. ਸੰਪ੍ਰਦਾਇ ਬ੍ਰਿੰਦਾਬਨੀਏ

ਨਿਰਮਲ ਸੰਪ੍ਰਦਾਇ ਵਿੱਚ 'ਸੰਪ੍ਰਦਾਇ ਬਿਹਾਰ ਬ੍ਰਿੰਦਾਬਨੀ' ਵੀ ਵਿਸ਼ੇਸ਼ ਸਥਾਨ ਰੱਖਦੀ ਹੈ। "ਇਸ ਸੰਪ੍ਰਦਾਇ ਦੇ ਮੋਢੀ ਸੰਤ ਬਿਹਾਰ ਬ੍ਰਿੰਦਾਬਨ ਸਿੰਘ ਜੀ ਗੁਰੂ ਨਾਨਕ ਅਤੇ ਗੁਰਬਾਣੀ ਦੇ ਅਨਨਯ ਭਗਤ ਹੋਏ ਹਨ। ਆਪ ਜੀ ਨੇ ਅਤੇ ਆਪ ਜੀ ਦੇ ਸ਼ਿਸ਼ ਮੰਡਲ ਨੇ ਉੱਤਰ ਪ੍ਰਦੇਸ਼ ਵਿੱਚ ਗੁਰੂ ਘਰ ਦਾ ਉਲੇਖਣੀਯ ਪ੍ਰਚਾਰ ਕੀਤਾ ਹੈ। ਇਸ ਸੰਪ੍ਰਦਾਇ ਨੇ ਆਪਣਾ ਵੱਖਰਾ ਅਖਾੜਾ ਵੀ ਕਾਇਮ ਕਰ ਲਿਆ ਸੀ ਜਿਸ ਦਾ ਨਾਮ 'ਬਿਹਾਰ ਬ੍ਰਿੰਦਾਬਨੀ ਨਾਨਕ ਸ਼ਾਹੀ ਅਖਾੜਾ' ਰੱਖਿਆ ਗਿਆ ਸੀ। ਪਰ ਆਮ ਲੋਕ ਇਸ ਨੂੰ 'ਛੋਟਾ ਨਿਰਮਲਾ

---

170 ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 90.

171 ਉਹੀ, ਪੰਨਾ 91.

ਅਖਾੜਾ' ਕਹਿੰਦੇ ਸਨ।"[172] ਸੰਤ ਬਿਹਾਰ ਬਿੰਦ੍ਰਾਬਨ ਸਿੰਘ ਜੀ ਜੋ ਇਸ ਸੰਪ੍ਰਦਾਇ ਦੇ ਵਿਦਵਾਨ ਹੋਏ ਹਨ ਜਿਨ੍ਹਾਂ ਨੇ ਵਡ ਅਕਾਰੀ '*ਬਿਹਾਰ ਬ੍ਰਿੰਦਾਬਨ*' ਨਾਮਕ ਗ੍ਰੰਥ ਲਿਖਿਆ। ਇਸ ਸੰਪ੍ਰਦਾਇ ਦਾ ਮੁੱਖ ਡੇਰਾ 'ਛੋਟਾ ਨਿਰਮਲ ਅਖਾੜਾ' ਬ੍ਰਿੰਦਾਬਨ' ਵਿੱਚ ਹੈ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਅਨੁਸਾਰ ਇਸ ਸੰਪ੍ਰਦਾਇ ਦੇ ਤਿੰਨ ਡੇਰੇ ਬਸ਼ਿਸ਼ਟ ਕੁੰਡ ਅਯੁੱਧਿਆ, ਨਿਵਾਦਾ ਜ਼ਿਲ੍ਹਾ ਬਸਤੀ ਅਤੇ ਫ਼ੈਜਾਬਾਦ ਮੁੱਖ ਡੇਰੇ ਹਨ।

**33. ਸੰਪ੍ਰਦਾਇ ਅਯੁੱਧਿਆ**

ਸੰਪ੍ਰਦਾਇ ਅਯੁੱਧਿਆ ਦਾ ਆਪਣਾ ਵਿਸ਼ੇਸ਼ ਸਥਾਨ ਹੈ। "ਇਸ ਸੰਪ੍ਰਦਾਇ ਦੇ ਪ੍ਰਚਾਰ ਦਾ ਘੇਰਾ, ਇਸ ਦੇ ਡੇਰੇ ਲਾਹੌਰ ਦੇ ਜ਼ਿਲ੍ਹੇ ਵਿੱਚ ਸਨ ਜੋ ਪਾਕਿਸਤਾਨ ਬਣਨ ਦੇ ਕਾਰਣ 1947 ਈ: ਤੋਂ ਬਾਅਦ ਖਤਮ ਹੋ ਗਏ। ਕੁੱਝ ਮਹਾਂਪੁਰਖਾਂ ਨੇ ਭਾਰਤ ਵਿਚ ਸਥਾਪਤ ਕਰ ਲਏ ਅਤੇ ਨਿਰਮਲ ਮਰਯਾਦਾ ਅਨੁਸਾਰ ਧਰਮ ਪ੍ਰਚਾਰ ਕਰ ਰਹੇ ਹਨ।"[173] ਇਸ ਸੰਪ੍ਰਦਾਇ ਵਿਚ ਸੰਸਕ੍ਰਿਤ ਦੇ ਪੰਡਿਤ, ਵਿਦਵਾਨ, ਕਥਾਕਾਰ, ਲੇਖਕ, ਕਵੀ, ਵੈਦ ਆਦਿ ਜਪ-ਤਪ ਵਾਲੇ ਮਹਾਂਪੁਰਸ਼ ਹੋਏ ਹਨ। "ਇਸ ਸੰਪ੍ਰਦਾਇ ਦੇ ਮੋਢੀ ਪੰਡਿਤ ਕਾਨ੍ਹ ਸਿੰਘ ਹੋਏ ਹਨ। ਆਪ ਸੰਤ ਬੁੱਧ ਸਿੰਘ ਜੀ ਦੇ ਚੇਲੇ ਸਨ। ਆਪ ਬ੍ਰਾਹਮਣ ਖਾਨਦਾਨ ਦੇ ਸਨ। ਇੱਕ ਵਾਰ ਯਾਤਰਾ ਲਈ ਅਯੁੱਧਿਆ ਗਏ। ਓਥੇ ਮੰਦਰਾਂ ਦੇ ਦਰਸ਼ਨਾਂ ਤੋਂ ਬਾਅਦ ਏਥੋਂ ਦੇ ਬੀਤ ਰਾਗ ਸੰਤ ਬਾਬਾ ਬੁੱਧ ਸਿੰਘ ਦੇ ਚੇਲੇ ਹੋਏ ਤੇ ਅੰਮ੍ਰਿਤਸਰ ਆ ਕੇ ਗੁਰੂ ਘਰ ਦੇ ਉਪਦੇਸ਼ੀ ਹੋ ਗਏ। ਓਥੋਂ ਕਾਸ਼ੀ ਪੜ੍ਹਨ ਚਲੇ ਗਏ। ਵਾਪਸ ਅਯੁੱਧਿਆ ਹੀ ਕਈ ਵਰ੍ਹੇ ਰਹਿ ਕੇ ਗੁਰੂ ਘਰ ਦਾ ਪ੍ਰਚਾਰ ਕਰਦੇ ਰਹੇ। ਜਿਸ ਕਰਕੇ ਅੱਗੇ ਤੋਂ ਆਪ ਦਾ ਨਾਮ ਪੰਡਿਤ ਕਾਨ੍ਹ ਸਿੰਘ ਅਯੁੱਧਿਆ ਵਾਸੀ ਮਸ਼ਹੂਰ ਹੋ ਗਿਆ। ਆਪ ਜੀ ਤੋਂ ਇਹ ਸੰਪ੍ਰਦਾਇ ਵੀ ਅਯੁੱਧਿਆ ਵਾਸੀ ਪ੍ਰਸਿੱਧ ਹੋ ਗਈ।"[174] ਇਸ ਸੰਪ੍ਰਦਾਇ ਦੇ ਡੇਰੇ ਕੁਰੁਕਸ਼ੇਤਰ ਅਤੇ ਅੰਮ੍ਰਿਤਸਰ ਵਿੱਚ ਹਨ।

ਨਿਰਮਲ ਸੰਪ੍ਰਦਾਇ ਉਕਤ ਸਾਰੀਆਂ ਸੰਪ੍ਰਦਾਵਾਂ ਦੇ ਸੰਤ/ਵਿਦਵਾਨ ਗੁਰਮਤਿ ਅਤੇ ਵਿਦਿਆ ਦੇ ਪ੍ਰਚਾਰ-ਪ੍ਰਸਾਰ ਲਈ ਥਾਂ-ਥਾਂ ਵਿਚਰਨ ਲੱਗੇ। ਸਮੇਂ ਦੇ ਗੇੜ ਨਾਲ ਨਿਰਮਲੇ ਸੰਤਾਂ ਨੇ ਵੀ ਡੇਰੇ/ਮਠ ਜਾਂ ਆਸ਼ਰਮ ਰੂਪੀ ਆਪਣੇ ਸਥਾਨ ਕਾਇਮ ਕਰ ਲਏ। ਇਹ ਸਥਾਨ ਜਾਂ ਤਾਂ ਉਨ੍ਹਾਂ ਵੱਲੋਂ ਜਮੀਨ ਖ਼ਰੀਦ ਕੇ ਜਾਂ ਫਿਰ ਸੇਵਕਾਂ ਵੱਲੋਂ ਦਾਨ ਦੇ ਰੂਪ ਵਿਚ ਮਿਲੇ ਸਥਾਨਾਂ ਆਦਿ 'ਤੇ ਕਾਇਮ ਹੋਏ। ਜਿਨ੍ਹਾਂ ਨਾਲ ਸਬੰਧਿਤ ਤੱਥ

---

[172] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 1062.

[173] ਉਹੀ, ਪੰਨਾ 425.

[174] ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 91.

ਇਤਿਹਾਸ ਵਿਚੋਂ ਪਟਿਆਂ ਦੇ ਰੂਪ ਵਿਚ ਮਿਲ ਜਾਂਦੇ ਹਨ। ਇਤਿਹਾਸ ਇਸ ਗੱਲ ਦੀ ਹਾਮੀ ਵੀ ਭਰਦਾ ਹੈ ਕਿ 18ਵੀਂ ਅਤੇ 19ਵੀਂ ਸਦੀ ਵਿਚ ਰਾਜੇ-ਮਹਾਰਾਜਿਆਂ, ਜਗੀਰਦਾਰਾਂ ਜਾਂ ਸ਼ਰਧਾਲਆਂ ਵੱਲੋਂ ਪ੍ਰਾਪਤ ਹੋਈਆਂ ਜਗੀਰਾਂ ਨਾਲ ਹੋਂਦ ਵਿਚ ਆਏ ਨਿਰਮਲੇ ਸਥਾਨ ਪੂਜਾ-ਪਾਠ, ਗੁਰਮਤਿ ਅਤੇ ਵਿਦਿਆ ਦਾਨ ਦੇਣ ਦੇ ਨਾਲ-ਨਾਲ ਔਸ਼ਧਾਲਯ ਦੇ ਰੂਪ ਵਿਚ ਆਪਣੀਆਂ ਸੇਵਾਵਾਂ ਦਿੰਦੇ ਰਹੇ ਹਨ। ਇਨ੍ਹਾਂ ਸਥਾਨਾਂ ਦੇ ਸੰਚਾਲਕ ਸੰਤ ਆਪਣੀ ਵਿਦਵਤਾ ਅਤੇ ਨਿਮਰ ਸੁਭਾਅ ਕਾਰਨ ਲੋਕਾਂ ਨੂੰ ਪ੍ਰੇਰਕੇ ਉਨ੍ਹਾਂ ਨੂੰ ਵਿਦਿਆਪਤੀ ਅਤੇ ਗੁਰਮਤਿ ਦੇ ਧਾਰਨੀ ਬਣਾਉਂਦੇ ਰਹੇ ਹਨ। ਇਨ੍ਹਾਂ ਸਾਰੇ ਸਥਾਨਾਂ ਦੀ ਬਹੁਪੱਖੀ ਸੇਵਾ ਨਾਲ ਹੀ 'ਨਿਰਮਲ ਸੰਪ੍ਰਦਾਇ' ਸਮੁੱਚ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀ ਹੈ।

**ਨਿਰਮਲੇ ਸੰਤਾਂ ਦਾ ਭੇਸ, ਰਹਿਤ ਮਰਯਾਦਾ ਅਤੇ ਨਿਰਮਲੇ ਸਥਾਨਾਂ ਲਈ ਨਿਯਮ**

**ਭੇਸ (ਪਹਿਰਾਵਾ)**

ਨਿਰਮਲੇ ਸੰਤਾਂ ਦਾ ਲਿਬਾਸ ਸਨਾਤਨੀ ਸਾਧੂਆਂ ਵਾਲਾ ਹੈ ਜਿਸ ਕਾਰਨ ਇਨ੍ਹਾਂ ਸੰਤਾਂ ਨੂੰ ਹਿੰਦੂ ਤੀਰਥਾਂ 'ਤੇ ਗੁਰਮਤਿ ਪ੍ਰਚਾਰ ਕਰਨ ਵਿਚ ਆਸਾਨੀ ਰਹੀ। ਨਿਰਮਲੇ ਸੰਤਾਂ ਨੇ ਇਸ ਭੇਸ ਵਿਚ ਵਿਦਿਆ ਅਤੇ ਗੁਰਮਤਿ ਦਾ ਵਡਮੁੱਲਾ ਪ੍ਰਚਾਰ-ਪ੍ਰਸਾਰ ਕੀਤਾ ਹੈ। ਮਹੰਤ ਗਣੇਸ਼ਾ ਸਿੰਘ ਨਿਰਮਲੇ ਸੰਤਾਂ ਦੇ ਸਾਧੂ ਭੇਸ ਬਾਰੇ ਲਿਖਦੇ ਹਨ, "ਚਰਨਾਮ੍ਰਿਤ' ਪਾਨ ਕਰਕੇ ਸਿਰ ਪਰ ਕੇਸ ਅਰਥਾਤ ਜਟਾਜੂਟ ਪੰਜਕੇਸ਼ ਸਮੇਤ ਰਹਿਣਾ, ਗਲੇ ਵਿਚ ਲੰਬਾ ਚੋਲਾ ਜਾਂ ਗਾਤੀ, ਸਿੱਧੀ ਛੋਟੀ ਦਸਤਾਰ, ਜਪ ਮਾਲਾ, ਆਸਣ, ਪਾਠ ਦੀ ਪੁਸਤਕ ਤੇ ਹੱਥ ਵਿਚ ਪਾਤ੍ਰ, ਇਸ ਸਭ ਮ੍ਰਿਯਾਦਾ ਸੰਯੁਕਤ ਰਹਿਣਾ ਨਿਰਮਲ ਮਤ ਦਾ ਪੱਕਾ ਚਿੰਨ੍ਹ ਹੈ।"[175]

ਵਿਦਿਆ ਪ੍ਰਾਪਤੀ ਮਗਰੋਂ ਨਿਰਮਲ ਸੰਪ੍ਰਦਾਇ ਦੇ ਸੰਤ ਗੁਰੂ ਸਾਹਿਬ ਦੀ ਸੰਗਤ ਵਿਚ ਵੀ ਰਹੇ ਉਸ ਸਮੇਂ ਵੀ ਇਨ੍ਹਾਂ ਨੇ ਆਪਣੇ ਭੇਸ ਵਿਚ ਕਾਸ਼ੀ ਵਾਲੇ ਭੇਸ ਤੋਂ ਕੋਈ ਤਬਦੀਲੀ ਨਹੀਂ ਕੀਤੀ। ਗੁਰੂ ਸਾਹਿਬ ਵੱਲੋਂ ਵੀ ਇਨ੍ਹਾਂ ਸੰਤਾਂ ਨੂੰ ਆਪਣਾ ਪੁਰਾਣਾ ਭੇਸ ਰੱਖਣ ਦੀ ਖੁੱਲ੍ਹ ਦਿੱਤੀ। ਸ਼ਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ, ਕਿ "ਨਿਰਮਲ ਸਾਧੂਆਂ ਦੇ ਭਗਵੇਂ ਜਾਂ ਚਿੱਟੇ ਭੇਸ ਨੂੰ ਦੇਖ ਕੇ ਕਿਸੇ ਤਰ੍ਹਾਂ ਦੀ ਨੁਕਤਾਚੀਨੀ ਕਰਨੀ ਮੁਨਾਸਿਬ ਨਹੀਂ ਜਾਪਦੀ, ਤੇ ਉਨ੍ਹਾਂ ਦਾ ਇਹ ਭੇਖ ਅਸਲੀ ਤੌਰ ਤੇ ਨਿੰਦਣ-ਯੋਗ ਨਹੀਂ ਮੰਨਿਆ ਜਾ ਸਕਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਦਾ ਪ੍ਰਚਾਰ ਸਿਰਫ਼ ਪੰਜਾਬ ਤੱਕ ਹੀ ਸੀਮਿਤ ਨਹੀਂ ਸੀ ਰੱਖਣਾ, ਇਸ ਲਈ

---

[175] ਮਹੰਤ ਗਣੇਸ਼ਾ ਸਿੰਘ, *ਭਾਰਤ ਮਤ ਦਰਪਣ*, ਪੰਨਾ 187.

ਨਿਰਮਲੇ ਸਾਧੂਆਂ ਨੂੰ ਅਤੀਤ-ਭੇਸ ਧਾਰਨ ਦੀ ਖੁੱਲ੍ਹ ਦੇ ਕੇ ਉਨ੍ਹਾਂ ਨੇ, ਸਿੰਘਾਂ ਨੂੰ ਬਨਾਰਸੋਂ ਮੁੜਨ ਸਾਰ ਦੇਸ਼ ਦੇ ਹਰੇਕ ਇਲਾਕੇ ਵਿਚ ਭੇਜਿਆ।"[176]

ਨਿਰਮਲ ਸੰਪ੍ਰਦਾਇ ਦੇ ਸਮੂਹ ਸ੍ਰੀ ਮਹੰਤ ਸਾਹਿਬਾਨ ਵੀ ਇਸੇ ਰੰਗ ਦੇ ਬਸਤਰ ਧਾਰਨ ਕਰਦੇ ਹਨ। ਕਿਤੇ-ਕਿਤੇ ਭਗਵੇਂ ਦੇ ਨਾਲ-ਨਾਲ ਕੋਈ-ਕੋਈ ਨਿਰਮਲਾ ਸੰਤ ਸਫ਼ੈਦ ਬਸਤਰ ਵੀ ਧਾਰਨ ਕਰਦਾ ਹੈ। ਜਿਆਦਾਤਰ ਨਿਰਮਲੇ ਸੰਪ੍ਰਦਾਇ ਦੇ ਸੰਤਾਂ ਦੋ ਰੰਗ ਦੇ ਬਸਤਰ ਧਾਰਨ ਕਰਦੇ ਹਨ, ਚਿੱਟੇ ਅਤੇ ਭਗਵੇਂ। ਮੁੱਢਲੇ ਸੰਤਾਂ ਦੇ ਵਸਤਰਾਂ ਦੇ ਰੰਗ ਸੰਬੰਧੀ ਕਈ ਵਿਚਾਰ ਹਨ ਕਿ ਉਹ ਬਿਲਕੁਲ ਸਫ਼ੈਦ (ਨਿਰਮਲ) ਵਸਤਰ ਧਾਰਨ ਕਰਦੇ ਸਨ। ਵਿਚਾਰ ਹੈ "ਇਹ ਨੌਜੁਆਨ ਬਨਾਰਸ ਵਿਚ ਸਫ਼ੈਦ ਚਿੱਟੇ ਵਸਤਰ ਪਹਿਨਿਆ ਕਰਦੇ ਸਨ ਤੇ ਸਿਰ ਉਤੇ ਉਜਲ ਪਗੜੀ ਇਨ੍ਹਾਂ ਨੂੰ ਦੂਜਿਆਂ ਨਾਲੋਂ ਵਿਲੱਖਣ ਕਰਕੇ ਦਰਸਾਉਂਦੀ ਸੀ। ... ਨਿਰਮਲੇ ਸੰਤ ਮੰਨਦੇ ਹਨ 'ਭਗਵੇ ਬਸਤਰ ਪਹਿਨਣਾ ਹਰੇਕ ਨਿਰਮਲੇ ਸੰਤ ਲਈ ਜ਼ਰੂਰੀ ਨਹੀਂ, ਹੁਣ ਵੀ ਅਨੇਕਾਂ ਸਾਧੂ ਹਰਿਦੁਆਰ, ਰਿਸ਼ੀ ਕੇਸ ਤੇ ਪ੍ਰਯਾਗ ਆਦਿ ਰਹਿੰਦੇ ਤੇ ਸਫ਼ੈਦ ਬਸਤਰ ਪਹਿਨਣ ਨੂੰ ਤਰਜੀਹ ਦਿੰਦੇ ਹਨ।"[177] ਨਿਰਮਲ ਭੇਖ ਦੇ ਸਫ਼ੈਦ ਬਸਤਰ ਪਹਿਨਣ ਵਾਲੇ ਇਸ ਪ੍ਰਮਾਣ ਤੋਂ ਬਿਨਾਂ ਹੋਰ ਵੀ ਪ੍ਰਮਾਣ ਹਨ। ਗਿਆਨੀ ਈਸ਼ਰ ਸਿੰਘ ਜੀ ਨਾਰਾ ਲਿਖਦੇ ਹਨ "ਬਜ਼ੁਰਗ ਸੰਤ ਨਿਹਾਲ ਸਿੰਘ ਜੀ ਥੋਹਾ ਖ਼ਾਲਸਾ ਮੇਰੇ ਪਿੰਡ ਲਾਗੇ 'ਦੁਖ ਭੰਜਨੀ' ਕੁਟੀਆ ਵਿਚ ਰਹਿੰਦੇ ਤੇ ਉਹ ਸਫ਼ੈਦ ਪੁਸ਼ਾਕੇ ਪਹਿਨਦੇ ਸਨ।"[178]

ਸੰਤ ਤੇਜਾ ਸਿੰਘ ਜੀ ਨਿਰਮਲਿਆਂ ਦੇ ਚਿੰਨ੍ਹ (ਭੇਸ) ਨਿਯਮਾ (ਰਹਿਤ ਮਰਯਾਦਾ) ਦਾ ਵਰਣਨ ਇਸ ਤਰ੍ਹਾਂ ਕਰਦੇ ਹਨ, "ਨਿਰਮਲੇ ਸੰਤਾਂ ਦੀ ਰਹਿਤ ਮਰਯਾਦਾ ਬੜੀ ਸਾਦਾ ਸਰਲ ਤੇ ਧਰਮ ਅਨੁਸਾਰ ਹੈ। ਜਿਵੇਂ ਨਿਰਮਲ ਭੇਖ ਦਸਾਂ ਗੁਰੂਆਂ ਨੂੰ ਈਸ਼ਵਰੀ ਜੋਤਿ ਸਵੀਕਾਰ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨਦਾ ਹੈ। ਅੰਮ੍ਰਿਤਪਾਨ ਕਰਦਾ ਹੈ। ਤੀਰਥਾਂ, ਗੁਰਦੁਆਰਿਆਂ, ਝੰਡਿਆਂ, ਬੁੰਗਿਆਂ, ਸਮਾਧਾਂ, ਤਖ਼ਤਾਂ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮਿਆਂ ਮਤਿਆਂ ਦਾ ਸਤਿਕਾਰ ਕਰਦਾ ਹੈ। ਸਾਦੇ ਗੇਰਵੇ ਜਾਂ ਸਫ਼ੈਦ ਬਸਤਰ ਪਹਿਨਦਾ ਹੈ। ਮਾਸ ਮੁਦਰਾ ਤੇ ਹਰ ਨਸ਼ੇ ਦਾ ਪ੍ਰਹੇਜ ਕਰਦਾ ਹੈ। ਭੇਖ ਵਿਚ

---

[176] ਸ਼ਮਸ਼ੇਰ ਸਿੰਘ ਅਸ਼ੋਕ, ਨਿਰਮਲੇ ਸਾਧੂਆਂ ਦੀ ਸਿੱਖ ਧਰਮ ਨੂੰ ਦੇਣ, ਪ੍ਰੀਤਮ ਸਿੰਘ (ਸੰਪਾ.) *ਨਿਰਮਲ ਸੰਪ੍ਰਦਾਇ*, ਪੰਨਾ 149.

[177] ਪ੍ਰੋ. ਪਿਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ*, ਪੰਨਾ 50.

[178] ਈਸ਼ਰ ਸਿੰਘ ਨਾਰਾ, ਕੁਝ ਅਣਗੌਲੇ ਨਿਰਮਲੇ ਸੰਤ, ਪ੍ਰੀਤਮ ਸਿੰਘ (ਸੰਪਾ.) *ਨਿਰਮਲ ਸੰਪ੍ਰਦਾਇ*, ਪੰਨਾ 436.

ਇਸਤਰੀ ਵਿਵਰਜਿਤ ਹੈ (ਪਰ ਹੁਣ ਸਮੇਂ ਅਨੁਸਾਰ ਬਦਲਾਵ ਆ ਗਿਆ ਹੈ) ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸ਼ਟ ਮੰਨਦਾ ਹੋਇਆ ਧਰਮ ਗ੍ਰੰਥਾਂ ਦਾ ਡੂੰਘਾ ਅਧਿਐਨ ਤੇ ਸਤਿਕਾਰ ਕਰਦਾ ਹੈ।"[179]

**ਨਿਰਮਲੇ ਸੰਤਾਂ ਦੀ ਰਹਿਤ-ਮਰਯਾਦਾ**

ਹਰ ਸੰਪ੍ਰਦਾਇ ਵਾਂਗ ਨਿਰਮਲ ਸੰਪ੍ਰਦਾਇ ਦੀ ਆਪਣੀ ਰਹਿਤ-ਮਰਯਾਦਾ ਹੈ। ਇਹ ਸੰਪ੍ਰਦਾਇ ਸਿੱਖ ਧਰਮ ਨਾਲ ਸੰਬੰਧਿਤ ਹੈ ਇਸ ਲਈ ਇਸ ਸੰਪ੍ਰਦਾਇ ਦੀ ਰਹਿਤ ਮਰਯਾਦਾ ਸਿੱਖ ਰਹਿਤ-ਮਰਯਾਦਾ ਤੋਂ ਭਿੰਨ ਨਹੀਂ ਹੋਣੀ ਚਾਹੀਦੀ ਸੀ ਪ੍ਰੰਤੂ ਨਿਰਮਲ ਸੰਪ੍ਰਦਾਇ ਦੀ ਰਹਿਤ-ਮਰਯਾਦਾ ਵਿਚ ਅੰਤਰ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅੰਮ੍ਰਿਤਪਾਨ ਕਰਨ ਉਪਰੰਤ ਨਿਰਮਲੇ ਸੰਤ ਪੂਰਨ ਸਿੱਖ ਰਹਿਤ-ਮਰਯਾਦਾ ਅਨੁਸਾਰ ਜੀਵਨ ਬਤੀਤ ਕਰਦੇ ਸਨ। ਪ੍ਰੰਤੂ ਸਮੇਂ ਦੇ ਗੇੜ ਨਾਲ ਕੁੱਝ ਨਿਰਮਲੇ ਸੰਤਾਂ ਨੇ ਦਾਹੜੀ ਕੇਸ ਕਟਵਾ ਕੇ ਆਪਣੇ ਨਾਮ ਨਾਲ 'ਹਰੀ' ਲਾਉਣਾ ਸ਼ੁਰੂ ਕਰ ਦਿੱਤਾ ਹੈ। ਜਿਵੇਂ ਨਿਰਮਲ ਹਰੀ ਜੀ, ਜਗਦੀਸ ਹਰੀ ਜੀ ਆਦਿ। ਭਾਵੇਂ ਰਹਿਤ-ਮਰਯਾਦਾ ਅਨੁਸਾਰ ਅੰਮ੍ਰਿਤਪਾਨ ਕਰਨਾ ਜ਼ਰੂਰੀ ਹੈ ਪ੍ਰੰਤੂ ਮੌਜੂਦਾ ਸਮੇਂ ਕੁੱਝ ਨਿਰਮਲੇ ਪੰਜੇ ਕਕਾਰਾਂ ਦੇ ਧਾਰਨੀ ਨਹੀਂ ਹਨ।

ਨਿਰਮਲ ਸੰਪ੍ਰਦਾਇ ਵਿਚ ਅੰਮ੍ਰਿਤਧਾਰੀ ਹੋਣਾ ਜਾ ਨਾ ਹੋਣ ਵਾਲੀ ਪ੍ਰਵਿਰਤੀ ਬਾਰੇ ਵਿਚਾਰਾਂ ਸੰਪ੍ਰਦਾਇ ਦੇ ਸੰਤਾਂ-ਮਹੰਤਾਂ ਵਿਚਕਾਰ ਹੁੰਦੀਆਂ ਰਹੀਆਂ ਹਨ, ਜਿਸ ਦਾ ਪਤਾ ਉਨ੍ਹਾਂ ਦੀਆਂ ਲਿਖ਼ਤਾਂ ਤੋਂ ਲਗਦਾ ਹੈ। ਸੰਨ 1991-92 ਈ. ਵਿਚ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਪੰਜਾਬ ਵਿਚ 'ਨਿਰਮਲ ਮਹਾਂ ਮੰਡਲ' ਅਤੇ ਦੁਆਬਾ ਖ਼ੇਤਰ ਦੇ ਸੰਤਾਂ ਨੇ 'ਦੁਆਬਾ ਨਿਰਮਲ ਮੰਡਲ' ਰਜਿਸਟਰਡ ਕਰਵਾਇਆ। 'ਨਿਰਮਲ ਮਹਾਂ ਮੰਡਲ' ਵਿਚ ਬਾਕੀ ਅਹੁਦੇਦਾਰਾਂ ਤੋਂ ਇਲਾਵਾ ਸੰਤ ਤੇਜਾ ਸਿੰਘ ਐਮ.ਏ ਮਹਾਂਮੰਡਲ ਦੇ ਜਨਰਲ ਸਕੱਤਰ ਚੁਣੇ ਗਏ। ਉਨ੍ਹਾਂ ਆਪਣੀ ਇਕ ਲਿਖਤ ਵਿਚ 'ਨਿਰਮਲ ਮਹਾਂ ਮੰਡਲ (ਰਜਿ:) ਅੰਮ੍ਰਿਤਸਰ' ਅਤੇ 'ਦੁਆਬਾ ਨਿਰਮਲ ਮੰਡਲ' ਦੇ ਸੋਧੇ ਨਿਯਮ ਉਪਨਿਯਮ ਛਾਪੇ ਹਨ ਜੋ ਇਸ ਤਰ੍ਹਾਂ ਹਨ:

'ਨਿਰਮਲ ਮਹਾਂ ਮੰਡਲ (ਰਜਿ:) ਦੇ ਸੋਧੇ ਹੋਏ ਨਿਯਮ ਉਪ ਨਿਯਮ' ਤਹਿਤ ਉਨ੍ਹਾਂ ਬੈਠਕ ਦੀ ਕਾਰਵਾਈ ਦੀ 25 ਵਿਚੋਂ 3 (ਤੀਜੀ) ਮਦ ਜੋ ਮੈਂਬਰਾਂ ਨਾਲ ਸੰਬੰਧਤ ਹੈ ਵਿਚ ਲਿਖਦੇ ਹਨ:[180]

ਸੁਸਾਇਟੀ ਦੇ ਨਿਯਮ ਅਤੇ ਅਸਲ

---

179 ਸੰਤ ਤੇਜਾ ਸਿੰਘ ਐਮ.ਏ., ਨਿਰਮਲ ਸੰਪ੍ਰਦਾਇ ਦਾ ਆਰੰਭ ਤੇ ਵਿਕਾਸ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 81.

180 ਮਹੰਤ ਤੇਜਾ ਸਿੰਘ ਐਮ.ਏ, *ਨਿਰਮਲ ਦਰਪਣ*, ਪੰਨਾ 20.

ਮੈਂਬਰ ਲਈ

1. ਹਰ ਇਕ ਨਿਰਮਲਾ ਸੰਤ, ਮਹੰਤ ਜਿਸ ਵਿਚ ਹੇਠ ਲਿਖੇ ਗੁਣ ਹੋਣ ਮੰਡਲ ਦਾ ਮੈਂਬਰ ਬਣ ਸਕਦਾ ਹੈ ਅਤੇ ਨਿਰਮਲ ਮਹਾਂ ਮੰਡਲ ਦੇ ਅਸੂਲਾਂ ਨੂੰ ਮੰਨਦਾ ਹੋਵੇ।
2. 18 ਸਾਲ ਤੋਂ ਘੱਟ ਉਮਰ ਦਾ ਨਾ ਹੋਵੇ।
3. ਗੁਰਬਾਣੀ ਦਾ ਨਿਤਨੇਮੀ, *ਕੇਸਾਧਾਰੀ* ਤੇ *ਅੰਮ੍ਰਿਤਧਾਰੀ* ਹੋਵੇ।
4. ਆਪਣੇ ਆਪ ਨੂੰ ਨਿਰਮਲਾ ਸਾਧੂ ਕਹਾਉਂਦਾ ਹੋਇਆ 10 ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸ਼ਟ ਮੰਨਦਾ ਹੋਵੇ ਅਤੇ *ਅਵਤਾਰਵਾਦੀ* ਹੋਵੇ।
5. ਮਰਯਾਦਾ ਅਨੁਸਾਰ ਕਿਸੇ ਨਿਰਮਲੇ ਸੰਤ, ਮਹੰਤ ਦਾ ਚੇਲਾ ਬਣਿਆ ਹੋਵੇ ਅਤੇ ਦੇਹਧਾਰੀ ਗੁਰੂ ਨੂੰ ਮੰਨਦਾ ਹੋਵੇ।
6. 15 ਰੁਪਏ ਸਲਾਨਾ ਚੰਦਾ ਦਿੰਦਾ ਹੋਵੇ।

'ਦੁਆਬਾ ਨਿਰਮਲ ਮੰਡਲ' ਜਿਸ ਦੇ ਪ੍ਰਧਾਨ ਸੰਤ ਮਾਨ ਸਿੰਘ ਜੀ ਸਨ, ਮੰਡਲ ਦੀ ਬੈਠਕ ਦੀ ਕਾਰਵਾਈ ਅਧੀਨ ਉਨ੍ਹਾਂ ਇਸ ਬੈਠਕ ਦੇ ਫ਼ੈਸਲਿਆਂ ਵਿਚ ਬਣਾਏ ਨਿਯਮ ਉਪਨਿਯਮਾਂ ਵਿਚ ਚੌਥੀ ਮਦ ਜੋ ਮੈਂਬਰਾਂ ਲਈ ਹੈ, ਵਿਚ ਲਿਖਦੇ ਹਨ:[181]

ਮੈਂਬਰ: ਹਰ ਇਕ ਦੁਆਬਾ ਨਿਵਾਸੀ ਨਿਰਮਲਾ ਸੰਤ ਮਹੰਤ ਵਿਰਕਤ ਜਿਸ ਵਿਚ ਹੇਠ ਲਿਖੇ ਗੁਣ ਹੋਣ ਮੰਡਲ ਦਾ ਮੈਂਬਰ ਬਣ ਸਕਦਾ ਹੈ।

1. ਅਠਾਰਾਂ ਸਾਲ ਤੋਂ ਘੱਟ ਉਮਰ ਦਾ ਨਾ ਹੋਵੇ।
2. ਗੁਰਬਾਣੀ ਦਾ ਨਿਤ ਨੇਮੀ ਅਤੇ *ਕੇਸਾਧਾਰੀ* ਹੋਵੇ।
3. ਆਪਣੇ ਆਪ ਨੂੰ ਨਿਰਮਲਾ ਸਾਧੂ ਕਹਾਉਂਦਾ ਹੋਇਆ 10 ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸ਼ਟ ਮੰਨਦਾ ਹੋਵੇ।

[181] ਮਹੰਤ ਤੇਜਾ ਸਿੰਘ ਐਮ.ਏ, *ਨਿਰਮਲ ਦਰਪਣ*, ਪੰਨਾ 27.

4. ਮਰਯਾਦਾ ਅਨੁਸਾਰ ਕਿਸੇ ਨਿਰਮਲੇ ਸੰਤ, ਮਹੰਤ ਦਾ ਚੇਲਾ ਬਣਿਆ ਹੋਵੇ ਅਤੇ ਦੇਹਧਾਰੀ ਗੁਰੂ ਨੂੰ ਮੰਨਦਾ ਹੋਵੇ।
5. 10 ਰੁਪਏ ਸਲਾਨਾ ਚੰਦਾ ਦਿੰਦਾ ਹੋਵੇ।
6. ਸ਼ਾਦੀ ਸ਼ੁਦਾ ਨਾ ਹੋਵੇ।
7. ਮੰਡਲ (ਸਭਾ) ਦਾ ਮੁਲਾਜ਼ਮ ਜਾਂ ਕਿਰਾਏਦਾਰ ਮੈਂਬਰ ਨਹੀਂ ਬਣ ਸਕਦਾ।

ਇਨ੍ਹਾਂ ਵਿਚ 'ਨਿਰਮਲ ਮਹਾਂ ਮੰਡਲ' ਦੇ ਮੈਂਬਰ ਬਣਨ ਦੀ ਇਕ ਸ਼ਰਤ ਵਿਚ ਸਾਫ਼ ਲਿਖਿਆ ਹੈ ਕਿ ਉਹੀ ਸੰਤ ਮਹਾਂ ਮੰਡਲ ਦਾ ਮੈਂਬਰ ਬਣ ਸਕਦਾ ਹੈ ਜੋ ਅੰਮ੍ਰਿਤਧਾਰੀ ਹੋਵੇ ਪ੍ਰੰਤੂ 'ਦੁਆਬਾ ਨਿਰਮਲ ਮੰਡਲ' ਦੇ ਨਿਯਮਾਂ ਦੀ ਮਦ ਵਿਚ ਮੰਡਲ ਦਾ ਮੈਂਬਰ ਬਣਨ ਲਈ ਨਿਰਮਲੇ ਸੰਤ ਨੂੰ ਅੰਮ੍ਰਿਤਧਾਰੀ ਹੋਣ ਬਾਰੇ ਕੋਈ ਸ਼ਰਤ ਨਹੀਂ ਰੱਖੀ ਗਈ। ਇਹ ਦੋਵੇਂ ਕਾਰਵਾਈਆਂ ਵਿਚ ਨਿਰਮਲੇ ਸੰਤਾਂ ਲਈ ਅੰਮ੍ਰਿਤਧਾਰੀ ਹੋਣ ਜਾਂ ਨਾ ਹੋਣ ਦਾ ਵਖਰੇਵਾਂ ਸਾਫ਼ ਦਰਸਾਉਂਦਾ ਹੈ ਕਿ ਇਸ ਸਮੇਂ ਕੁੱਝ ਨਿਰਮਲੇ ਸੰਤ ਅੰਮ੍ਰਿਤ ਛਕਣਾ ਜ਼ਰੂਰੀ ਨਹੀਂ ਸਮਝਦੇ। ਇਸੇ ਲਈ ਉਨ੍ਹਾਂ ਨੂੰ ਅੰਮ੍ਰਿਤ ਛਕਣ ਤੋਂ ਢਿੱਲ ਦਿੱਤੀ ਗਈ।

ਇਸ ਸੰਦਰਭ ਵਿਚ ਨਿਰਮਲ ਸੰਪ੍ਰਦਾਇ ਦੇ ਵਿਦਵਾਨ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨਾਲ ਇਕ ਵਿਸ਼ੇਸ਼ ਮੁਲਾਕਾਤ ਹੋਈ, ਉਹ ਕਹਿੰਦੇ ਹਨ, "ਨਿਰਮਲੇ ਸੰਤਾਂ ਦੇ ਦੋਹਾਂ ਹੱਥਾਂ ਵਿਚ ਲੱਡੂ ਹਨ ਉਨ੍ਹਾਂ ਲਈ ਬ੍ਰਹਮਚਾਰੀ ਹੋਣਾ ਕੋਈ ਜ਼ਰੂਰੀ ਨਹੀਂ ਹੈ। ਜਦੋਂ ਮਰਜ਼ੀ ਉਹ ਬ੍ਰਹਮਚਾਰੀ ਬਣ ਸਕਦੇ ਹਨ, ਜਦੋਂ ਮਰਜ਼ੀ ਗ੍ਰਹਿਸਥੀ। ਬਾਕੀ ਸੰਨਿਆਸੀ ਮਤਾਂ ਵਿਚ ਇਹ ਹੈ ਕਿ ਇਕ ਵਾਰ ਸਨਿਆਸ ਧਾਰਨ ਕਰਨ ਤੋਂ ਬਾਅਦ ਗ੍ਰਹਿਸਥੀ ਨਹੀਂ ਬਣਿਆ ਜਾ ਸਕਦਾ, ਜਦੋਂ ਕਿ ਨਿਰਮਲ ਭੇਖ ਵਿਚ ਇਹ ਖੁੱਲ੍ਹ ਹੈ। ਨਿਰਮਲੇ ਸੰਤ ਲਈ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ। ਬਿਨਾਂ ਅੰਮ੍ਰਿਤ ਛਕੇ ਨਿਰਮਲਾ ਬਣ ਹੀ ਨਹੀਂ ਸਕਦਾ। ਮੇਰੇ ਗੁਰੂ ਸ੍ਰੀ ਮਹੰਤ ਸੁੱਚਾ ਸਿੰਘ ਜੀ ਸਨ। ਉਹ 51 ਵਰਸ਼ ਉਹ ਸ੍ਰੀ ਮਹੰਤ ਰਹੇ ਹਨ ਅਤੇ 100 ਵਰਸ਼ ਦੀ ਉਨ੍ਹਾਂ ਦੀ ਆਯੂ ਸੀ। ਉਹ ਵਾਰਤਾਲਾਪ ਕਰਦੇ ਹੋਏ ਕਹਿੰਦੇ ਸਨ ਕਿ ਨਿਰਮਲਾ ਅੰਮ੍ਰਿਤਧਾਰੀ ਹੁੰਦਾ ਹੈ। ਸਿਰਫ਼ ਦਾੜ੍ਹੀ ਕੇਸ ਤਾਂ ਹੋਰ ਵੀ ਬਹੁਤ ਲੋਕਾਂ ਦੇ ਰੱਖੇ ਹੁੰਦੇ ਹਨ। ਉਹ ਇਸ ਗੱਲ 'ਤੇ ਜੋਰ ਦਿੰਦੇ ਸਨ।"[182] ਪ੍ਰੰਤੂ ਅਜੋਕੇ ਸਮੇਂ ਕੁੱਝ ਨਿਰਮਲੇ ਸੰਤਾਂ ਦੁਆਰਾ ਅੰਮ੍ਰਿਤ ਨਾ ਛਕਣ ਅਤੇ ਦੇਹਧਾਰੀ ਗੁਰੂ ਨੂੰ ਮੰਨਣ ਵਾਲਾ ਵਰਤਾਰਾ ਸਿੱਖਾਂ ਦੇ

---

[182] ਗਿ. ਬਲਵੰਤ ਸਿੰਘ ਜੀ ਕੋਠਾ ਗੁਰੂ, *ਨਿੱਜੀ ਮੁਲਾਕਾਤ,* ਮਿਤੀ 09 ਜੁਲਾਈ 2015 ਵਿਚੋਂ.

ਮਨਾਂ ਵਿਚ ਨਿਰਮਲੇ ਸੰਤਾਂ ਪ੍ਰਤੀ ਸਤਿਕਾਰ ਘਟਾ ਰਿਹਾ ਹੈ ਜਦੋਂ ਕਿ ਇਤਿਹਾਸ ਵਿਚ ਨਿਰਮਲ ਸੰਪ੍ਰਦਾਇ ਦੀ ਹਰ ਉਪ ਸੰਪ੍ਰਦਾਇ ਵਿਚ ਅੰਮ੍ਰਿਤ ਛਕਣ-ਛਕਾਉਣ ਦੇ ਪ੍ਰਮਾਣ ਮਿਲਦੇ ਹਨ।

ਨਿਰਮਲ ਮਹਾਂਮੰਡਲ ਦੁਆਰਾ ਸਥਾਪਿਤ ਕੀਤੀ ਜਿਸ ਮਰਯਾਦਾ ਦਾ ਜ਼ਿਕਰ ਉਪਰ ਕੀਤਾ ਹੈ ਇਹ ਮਰਯਾਦਾ ਖਾਲਸਾ ਪੰਥ ਦੀ ਮੂਲ ਮਰਯਾਦਾ ਤੋਂ ਵੱਖਰੀ ਜਾਪਦੀ ਹੈ।

**ਨਿਰਮਲੇ ਡੇਰਿਆਂ ਬਾਰੇ ਨਿਯਮ**

ਮੁੱਢਲੇ ਰੂਪ ਵਿਚ ਨਿਰਮਲੇ ਸੰਤ ਵਿਰੱਕਤ ਦਸ਼ਾ ਵਿਚ ਹੀ ਵਿਚਰਦੇ ਸਨ। ਤੀਰਥ ਯਾਤਰਾ, ਧਰਮ ਪ੍ਰਚਾਰ ਤੇ ਅਕਾਲ ਪੁਰਖ ਦੇ ਸਿਮਰਨ ਵਿਚ ਹੀ ਪਰਵਿਰਤ ਰਹੇ। ਸੰਸਥਾਗਤ ਰੂਪ ਧਾਰਨ ਕਰਨ ਤੋਂ ਪਹਿਲਾਂ ਨਿਰਮਲੇ ਸੰਤ ਥਾਂ-ਥਾਂ ਇਕੱਲੇ-ਦੁਕੱਲੇ ਜਾਂ ਛੋਟੀਆਂ ਟੋਲੀਆਂ ਦੇ ਰੂਪ ਵਿਚ ਪ੍ਰਚਾਰ ਕਰਦੇ ਰਹੇ। ਇਨ੍ਹਾਂ ਦੇ ਸ਼੍ਰੇਣੀਬੱਧ ਹੋਣ ਵਿਚ ਕੁੱਝ ਰਾਜਿਆਂ ਅਤੇ ਇਸ ਸੰਪ੍ਰਦਾਇ ਦੇ ਸੰਤਾਂ-ਮਹੰਤਾਂ ਦਾ ਵਡਮੁੱਲਾ ਯੋਗਦਾਨ ਰਿਹਾ। ਨਿਰਮਲ ਸੰਪ੍ਰਦਾਇ ਦੇ ਸ੍ਰੀ ਮਹੰਤ ਦੇ ਥਾਪੇ ਜਾਣ ਅਤੇ ਅਖਾੜੇ ਦੇ ਹੋਂਦ ਵਿਚ ਆਉਣ ਪਿੱਛੋਂ ਹੀ ਡੇਰੇ ਅਤੇ ਅਖਾੜਿਆਂ ਲਈ ਨਿਯਮ ਤੇ ਚਿੰਨ੍ਹ ਆਦਿ ਵੀ ਬਣਾਏ ਗਏ।

ਨਿਰਮਲੇ ਸੰਤਾਂ ਨੇ ਵਿਦਿਆ ਅਤੇ ਗੁਰਮਤਿ ਪ੍ਰਚਾਰ ਦੌਰਾਨ ਪ੍ਰਸਥਿਤੀਆਂ ਦੇ ਅਨੁਕੂਲ ਆਪਣੇ ਸਥਾਨ ਕਾਇਮ ਕੀਤੇ ਜਿਨ੍ਹਾਂ ਨੂੰ ਨਿਰਮਲੇ ਡੇਰਿਆਂ ਵਜੋਂ ਜਾਣਿਆ ਜਾਂਦਾ ਹੈ। ਸੰਸਥਾਗਤ ਰੂਪ ਵਿਚ ਉਭਰਨ ਉਪਰੰਤ ਇਨ੍ਹਾਂ ਨੇ ਆਪਣੇ ਸਥਾਨਾਂ ਲਈ ਨਿਯਮ ਵੀ ਬਣਾਏ ਤਾਂ ਜੋ ਸੰਪ੍ਰਦਾਇਕ ਡੇਰਿਆਂ ਦੇ ਸਥਾਨਕ ਸੰਤਾਂ-ਮਹੰਤਾਂ ਨੂੰ ਭਵਿੱਖ ਵਿਚ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਇਨ੍ਹਾਂ ਸਥਾਨਾਂ ਲਈ ਜੋ ਸਾਂਝੇ ਨਿਯਮ ਬਣੇ ਉਹ ਇਸ ਪ੍ਰਕਾਰ ਹਨ: [183]

1. ਡੇਰੇਦਾਰ ਸੰਤ ਲਈ ਕੇਸਾਧਾਰੀ ਹੋਣਾ ਸਭ ਤੋਂ ਪਹਿਲਾ ਨਿਯਮ ਹੈ।
2. ਨਿਰਮਲੇ ਸੰਤਾਂ ਦੇ ਡੇਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਲਾਜ਼ਮੀ ਹੈ।
3. ਡੇਰੇ ਦਾ ਸੰਤ-ਮਹੰਤ ਸ਼ਾਦੀ ਨਹੀਂ ਕਰ ਸਕਦਾ। ਪਰ ਹੁਣ ਇਹ ਨਿਯਮ ਢਿੱਲਾ ਪੈਂਦਾ ਜਾ ਰਿਹਾ ਹੈ।
4. ਕਿਸੇ ਵੀ ਡੇਰੇ ਦੀ ਜਾਇਦਾਦ ਦਾ ਮਾਲਕ ਮਹੰਤ ਦਾ ਚੇਲਾ ਹੁੰਦਾ ਹੈ। ਇਕ ਮਹੰਤ ਜਿੰਨੇ ਚਾਹੇ ਚੇਲੇ ਬਣਾ ਸਕਦਾ ਹੈ, ਪਰ ਆਮ ਤੌਰ 'ਤੇ ਮਹੰਤੀ ਸਭ ਤੋਂ ਪਹਿਲੇ ਅਰਥਾਤ ਵੱਡੇ ਚੇਲੇ ਨੂੰ ਹੀ ਦਿੱਤੀ ਜਾਂਦੀ ਹੈ। ਜੇ ਉਸ ਨੂੰ ਉਹ ਯੋਗ ਨਾ ਸਮਝੇ ਤਾਂ ਹੋਰ ਚੇਲੇ ਨੂੰ ਵੀ ਦੇ ਸਕਦਾ ਹੈ।

---

[183] ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 66

5. ਜਾਇਦਾਦ ਦਾ ਮਾਲਕ ਉਹੀ ਚੇਲਾ ਬਣਦਾ ਹੈ ਜਿਸ ਨੂੰ ਮਹੰਤੀ ਮਿਲੇ, ਦੂਜੇ ਚੇਲਿਆਂ ਦਾ ਉਸ ਉੱਤੇ ਹੱਕ ਨਹੀਂ ਰਹਿੰਦਾ। ਹਾਂ ਉਹ ਡੇਰੇ ਵਿਚ ਰਹਿ ਕੇ ਰੋਟੀ-ਪਾਣੀ ਖਾ ਸਕਦੇ ਹਨ।
6. ਹਰ ਇਕ ਚੇਲਾ ਅੱਗੋਂ ਆਪਣੇ ਚੇਲੇ ਬਣਾ ਸਕਦਾ ਹੈ। ਪਰ ਡੇਰੇ ਦੀ ਮਹੰਤੀ ਉਸੇ ਚੇਲੇ ਦੇ ਵਾਰਸਾਂ ਨੂੰ ਮਿਲਦੀ ਹੈ ਜਿਸ ਨੂੰ ਮਹੰਤੀ ਮਿਲੀ ਹੋਵੇ।
7. ਹਰ ਇਕ ਸੰਤ ਕਿਸੇ ਨਾ ਕਿਸੇ ਡੇਰੇ ਨਾਲ ਸੰਬੰਧਿਤ ਹੁੰਦਾ ਹੈ ਅਤੇ ਕਿਸੇ ਨਾ ਕਿਸੇ ਦਾ ਚੇਲਾ ਹੁੰਦਾ ਹੈ। ਇਸੇ ਤਰ੍ਹਾਂ ਹਰ ਇਕ ਡੇਰਾ ਕਿਸੇ ਨਾ ਕਿਸੇ ਸੰਪ੍ਰਦਾਇ ਨਾਲ ਸੰਬੰਧਿਤ ਹੁੰਦਾ ਹੈ। ਇਸ ਤੋਂ ਡੇਰੇ ਅਤੇ ਸੰਤ ਦੀ ਪਛਾਣ ਹੁੰਦੀ ਹੈ।
8. ਜੇ ਕਿਸੇ ਡੇਰੇ ਆਦਿ ਬਾਰੇ ਕੋਈ ਮਹੰਤ ਵਸੀਅਤ, ਆਦਿ ਨਾ ਕਰ ਜਾਵੇ ਤਾਂ ਉਸ ਡੇਰੇ ਉੱਤੇ ਗੁਰਭਾਈਆਂ ਜਾਂ ਗੁਰਭਾਈਆਂ ਦੇ ਚੇਲਿਆਂ ਦਾ ਹੱਕ ਹੁੰਦਾ ਹੈ। ਜੇ ਉਹ ਵੀ ਨਾ ਹੋਣ ਤਾਂ ਸੰਪ੍ਰਦਾਇ ਦੇ ਸੰਤ-ਮਹੰਤ ਮਿਲ ਕੇ ਡੇਰੇ ਦਾ ਨਵਾਂ ਮਹੰਤ ਬਣਾ ਸਕਦੇ ਹਨ। ਅਜਿਹਾ ਨਾ ਹੋਣ ਦੀ ਸੂਰਤ ਵਿਚ ਨਿਰਮਲ ਪੰਚਾਇਤੀ ਅਖਾੜਾ ਉਸ ਡੇਰੇ ਨੂੰ ਆਪਣੇ ਕਬਜੇ ਵਿਚ ਲੈ ਸਕਦਾ ਹੈ, ਪਰ ਅਜਿਹਾ ਘੱਟ ਹੀ ਹੁੰਦਾ ਹੈ।
9. ਇਹ ਸਾਰੇ ਡੇਰੇ ਹਰ ਡੇਰੇਦਾਰ ਦੀ ਨਿਜੀ ਮਲਕੀਅਤ ਹੁੰਦੇ ਹਨ। ਨਿਰਮਲ ਪੰਚਾਇਤੀ ਅਖਾੜਾ ਕਨਖਲ, ਹਰਿਦੁਆਰ ਦਾ ਕਿਸੇ ਡੇਰੇ ਨਾਲ ਮਲਕੀਅਤ ਪੱਖੋਂ ਕੋਈ ਸੰਬੰਧ ਨਹੀਂ।

ਖ਼ੋਜ ਕਾਰਜ ਦਾ ਮੁੱਖ ਉਦੇਸ਼ ਇਸ ਸੰਪ੍ਰਦਾਇ ਦੇ ਉਦਭਵ ਅਤੇ ਵਿਕਾਸ ਬਾਰੇ ਸਹੀ ਤੱਥਾਂ ਨੂੰ ਉਜਾਗਰ ਕਰਨਾ ਹੈ, ਇਸ ਲਈ ਵੱਖ-ਵੱਖ ਇਤਿਹਾਸਕਾਰਾਂ, ਸਾਹਿਤਕਾਰਾਂ, ਧਰਮ ਸ਼ਾਸ਼ਤਰੀਆਂ ਅਤੇ ਵਿਦਵਾਨਾਂ ਦੇ ਵਿਚਾਰਾਂ ਨੂੰ ਵੱਖ-ਵੱਖ ਪੱਖਾਂ ਤੋਂ ਸਮਝਣ ਦਾ ਯਤਨ ਕੀਤਾ ਹੈ। ਇਨ੍ਹਾਂ ਵਿਚਾਰਾਂ ਦੀ ਪੜਚੋਲ ਕਰਨ ਤੋਂ ਬਾਅਦ 'ਨਿਰਮਲ ਸੰਪ੍ਰਦਾਇ' ਦੇ ਉਦਭਵ ਨੂੰ ਲੈ ਕੇ ਹੋਈ ਉਕਤ ਚਰਚਾ ਅਤੇ ਉਭਰੇ ਤੱਤਾਂ ਦੀ ਪੜਚੋਲ ਕਰਨ ਉਪਰੰਤ ਜੋ ਪ੍ਰਮਾਣਿਕ ਰਾਇ ਸਥਾਪਿਤ ਹੁੰਦੀ ਹੈ, ਉਹ ਇਹ ਹੈ ਕਿ ਗੁਰਬਾਣੀ, ਭਾਈ ਗੁਰਦਾਸ ਦੀ ਵਾਰ ਅਤੇ ਹੋਰ ਲਿਖ਼ਤਾਂ ਵਿਚ ਜੋ 'ਨਿਰਮਲ' ਸ਼ਬਦ ਆਇਆ ਹੈ ਉਹ ਕਿਸੇ ਸੰਪ੍ਰਦਾਇ ਜਾਂ ਵਿਸ਼ੇਸ਼ ਵਰਗ ਲਈ ਨਹੀਂ ਸਗੋਂ ਸਾਫ਼ ਸੁਥਰੇ ਸਮੁੱਚੇ ਸਿੱਖ ਪੰਥ ਲਈ ਆਇਆ ਹੈ। ਗੁਰੂ ਗੋਬਿੰਦ ਸਿੰਘ ਜੀ ਸਮੇਂ ਇਸੇ ਨਿਰਮਲ ਪੰਥ ਵਿਚੋਂ ਹੀ ਪੰਜ ਸਿੱਖਾਂ ਦੇ ਵਿਦਿਆ ਪ੍ਰਾਪਤੀ ਉਪਰੰਤ 'ਨਿਰਮਲ ਸੰਪ੍ਰਦਾਇ' ਦਾ

ਅਰੰਭ ਹੋਇਆ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਸਮੇਂ ਹੀ ਇਸ ਸੰਪ੍ਰਦਾਇ ਦੇ ਵਿਸ਼ੇਸ਼ ਭੇਖ, ਮਰਯਾਦਾ ਤੇ ਪ੍ਰਚਾਰ ਪੱਧਤੀ ਦੇ ਦਰਸ਼ਨ ਹੁੰਦੇ ਹਨ।

ਨਿਰਮਲ ਸੰਪ੍ਰਦਾਇ ਜੋ 5 ਸੰਤਾਂ ਤੋਂ ਅਰੰਭ ਹੋਈ ਆਪਣੀ ਲਗਨ ਅਤੇ ਮਿਹਨਤ ਸਦਕਾ ਇਕ ਵਿਸ਼ਾਲ ਰੂਪ ਧਾਰ ਕੇ ਭਾਰਤ ਦੇ ਕੋਨੇ-ਕੋਨੇ ਵਿਚ ਫੈਲ ਚੁੱਕੀ ਹੈ। ਨਿਰਮਲੇ ਸੰਤਾਂ ਦੀ ਉੱਚ ਜੀਵਨਸ਼ੈਲੀ ਅਤੇ ਕਾਰਜਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਸਿੱਖ ਰਾਜਿਆਂ ਨੇ ਨਿਰਮਲ ਸੰਪ੍ਰਦਾਇ ਦੀ ਹਰ ਪੱਖੋਂ ਮੱਦਦ ਕੀਤੀ। ਇਹ ਸੰਪ੍ਰਦਾਇ ਅਰੰਭ ਤੋਂ ਅੱਜ ਤੱਕ ਸਿੱਖ ਪੰਥ ਦਾ ਅਹਿਮ ਅੰਗ ਬਣ ਕੇ ਵਿਚਰੀ ਹੈ। ਨਿਰਮਲੇ ਸੰਤ ਸੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨ ਕੇ ਉਸ ਪ੍ਰਤੀ ਸਤਿਕਾਰ, ਸ਼ਰਧਾ ਪ੍ਰਗਟ ਕਰਦੇ ਹੋਏ ਗੁਰਮਤਿ ਪ੍ਰਚਾਰ ਲਈ ਵਿਸ਼ੇਸ਼ ਤੌਰ ’ਤੇ ਯਤਨਸ਼ੀਲ ਰਹਿੰਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਵਰੋਸਾਈ ਇਹ ਸੰਪ੍ਰਦਾਇ ਆਪਣੀਆਂ ਕਾਰਗੁਜ਼ਾਰੀਆਂ ਸਦਕਾ ਸਿੱਖ ਸੰਪ੍ਰਦਾਵਾਂ ਵਿਚ ਆਪਣਾ ਗੌਰਵਮਈ ਸਥਾਨ ਰੱਖਦੀ ਹੈ। ਇਹ ਹਮੇਸ਼ਾ ਸਮਾਜ ਸੇਵਾ ਦੇ ਕਾਰਜਾਂ ਵਿਚ ਰੁਚਿਤ ਰਹੀ ਹੈ ਅਤੇ ਮੌਜੂਦਾ ਸਮੇਂ ਵੀ ਕਾਰਜਸ਼ੀਲ ਹੈ। ਇਹ ਹੀ ਸਤਿਗੁਰਾਂ ਦਾ ਆਦੇਸ਼ ਅਤੇ ਨਿਰਮਲ ਸੰਪ੍ਰਦਾਇ ਦਾ ਉਦੇਸ਼ ਹੈ।

# ਅਧਿਆਇ ਦੂਜਾ

## ਨਿਰਮਲ ਸੰਪ੍ਰਦਾਇ ਦਾ ਵਿਦਿਅਕ ਯੋਗਦਾਨ

ਗੁਰੂ ਗੋਬਿੰਦ ਸਿੰਘ ਜੀ ਦੇ ਅਸ਼ੀਰਵਾਦ ਸਦਕਾ ਪਠਨ-ਪਾਠਨ ਦੇ ਕਾਰਜ ਲਈ ਹੋਂਦ ਵਿਚ ਆਈ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਵਿਦਿਆ-ਦਾਨ ਦੇਣ ਨੂੰ ਆਪਣਾ ਫ਼ਰਜ਼ ਸਮਝਦੇ ਹੋਏ ਆਪਣੇ ਪ੍ਰਚਾਰ ਦਾ ਪ੍ਰਮੁੱਖ ਹਿੱਸਾ ਬਣਾਇਆ। ਨਿਰਮਲੇ ਸੰਤ ਜਿੱਥੇ ਵੀ, ਜਿਹੋ-ਜਿਹੇ ਮਾਹੌਲ ਵਿਚ ਵੀ ਰਹੇ ਉਨ੍ਹਾਂ ਦੀ ਰੁਚੀ ਵਿਦਿਆ ਦੇ ਅਦਾਨ-ਪ੍ਰਦਾਨ ਵਿਚ ਰਹੀ। ਨਿਰਮਲੇ ਸੰਤਾਂ ਨੇ ਆਪਣੇ ਪ੍ਰਚਾਰ ਦੌਰਾਨ ਅਜਿਹਾ ਵਿਦਿਅਕ ਮਾਹੌਲ ਸਿਰਜਿਆ ਕਿ ਇਨ੍ਹਾਂ ਦੀ ਵਿਦਵਤਾ ਸਦਕਾ ਕਈ ਜਿਗਿਆਸੂ ਉੱਚ ਪੱਧਰ ਦੇ ਵਿਦਵਾਨ ਬਣੇ।

### ਨਿਰਮਲ ਸੰਪ੍ਰਦਾਇ ਦੇ ਹੋਂਦ ਵਿਚ ਆਉਣ ਸਮੇਂ ਸਿੱਖ ਸਮਾਜ ਵਿਚ ਵਿਦਿਅਕ ਰੁਚੀ ਅਤੇ ਮਹੱਤਵ

ਗੁਰੂ ਜੀ ਦੁਆਰਾ ਨਿਰਮਲ ਸੰਪ੍ਰਦਾਇ ਦੀ ਸਥਾਪਨਾ ਇਸ ਤੱਥ ਦਾ ਪ੍ਰਮਾਣ ਪੇਸ਼ ਕਰਦੀ ਹੈ ਕਿ ਉਸ ਸਮੇਂ ਆਮ ਲੋਕਾਂ ਵਿਚ ਪਠਨ-ਪਾਠਨ ਦੀ ਰੁਚੀ ਬਹੁਤ ਘੱਟ ਸੀ ਅਤੇ ਗੁਰੂ ਜੀ ਆਪਣੇ ਸਿੱਖਾਂ ਵਿਚ ਇਹ ਰੁਚੀ ਪੈਦਾ ਕਰਨਾ ਚਾਹੁੰਦੇ ਸਨ ਤਾਂ ਕਿ ਗਿਆਨ ਦੀ ਖੜਗ ਨਾਲ ਜੀਵਨ ਵਿਚੋਂ ਅਗਿਆਨਤਾ ਦਾ ਹਨੇਰਾ ਦੂਰ ਕੀਤਾ ਜਾ ਸਕੇ।

ਸਿੱਖਾਂ ਦੇ ਬੌਧਿਕ ਪੱਧਰ ਨੂੰ ਉੱਚਾ ਚੁੱਕਣ ਲਈ ਸਿੱਖ ਗੁਰੂ ਸਾਹਿਬਾਨ ਨੇ ਬਹੁਤ ਉਪਰਾਲੇ ਕੀਤੇ। ਦਸਮ ਪਾਤਸ਼ਾਹ ਦੇ ਸਮੇਂ ਉਨ੍ਹਾਂ ਵੱਲੋਂ ਆਪਣੇ ਦਰਬਾਰ ਵਿਚ ਵੱਡੇ ਪੱਧਰ ’ਤੇ ਵਿਦਵਾਨ ਰੱਖਣੇ, ਵੱਡੀ ਮਾਤਰਾ ਵਿਚ ਸਾਹਿਤ ਰਚਨਾ, ਸਿੱਖਾਂ ਦੇ ਇਕ ਵਿਦਵਾਨ ਵਰਗ ਨੂੰ ਸੰਸਕ੍ਰਿਤ ਦਾ ਗਿਆਨ ਕਰਾਉਣਾ ਇਸ ਗੱਲ ਵੱਲ ਇਸ਼ਾਰਾ ਜ਼ਰੂਰ ਕਰਦਾ ਹੈ ਕਿ ਉਨ੍ਹਾਂ ਦੇ ਸਮੇਂ ਬਾਕੀ ਕੌਮਾਂ ਮੁਕਾਬਲੇ ਆਮ ਸਿੱਖ ਕੋਈ ਜਿਆਦਾ ਪੜ੍ਹੇ-ਲਿਖੇ ਨਹੀਂ ਸਨ, ਇਸੇ ਲਈ ਉਨ੍ਹਾਂ ਨੇ ਸਿੱਖਾਂ ਨੂੰ ਸ਼ਸਤ੍ਰ ਵਿਦਿਆ ਗ੍ਰਹਿਣ ਕਰਨ ਦੇ ਨਾਲ-ਨਾਲ ਸ਼ਾਸਤ੍ਰ ਵਿਦਿਆ ਦੇ ਧਾਰਨੀ ਹੋਣ ਲਈ ਵੀ ਕਿਹਾ। ਖ਼ੁਦ ਵਿਦਿਆਪਤੀ ਹੋਣ ਕਾਰਨ ਗੁਰੂ ਸਾਹਿਬ ਨੇ ਬਹੁਤ ਸਾਰੇ ਸਾਹਿਤ ਦੀ ਰਚਨਾ ਕੀਤੀ ਜਿਸ ਬਾਰੇ ਇਤਿਹਾਸ ਗਵਾਹੀ ਭਰਦਾ ਹੈ ਕਿ ਪਰਿਵਾਰ ਵਿਛੋੜੇ ਸਮੇਂ ਸਾਹਿਤ ਦਾ ਬਹੁਤ ਸਾਰਾ ਖ਼ਜ਼ਾਨਾ ਸਰਸਾ ਨਦੀ ਦੀ ਭੇਟ ਚੜ੍ਹ ਗਿਆ ਸੀ। ਗੁਰੂ ਸਾਹਿਬ ਨੇ ਬਿਖੜੇ ਪੈਂਡਿਆ ਵਿਚ ਵੀ ਦਮਦਮਾ ਸਾਹਿਬ ਜਾ ਕੇ ਵਿਦਿਆ ਦਾ ਮਾਹੌਲ ਸਿਰਜਿਆ ਅਤੇ ਉਸ ਜਗ੍ਹਾ ਨੂੰ ਗੁਰੂ ਕੀ ਕਾਸ਼ੀ ਵਜੋਂ ਵਿਕਸਿਤ ਕੀਤਾ। ਇੱਥੇ ਵੀ ਆਪ ਨੇ ਸਿੱਖ ਕੌਮ ਨੂੰ ਵਿਦਿਆਪਤੀ ਬਣਾਉਣ ਲਈ ਭਾਈ ਮਨੀ ਸਿੰਘ ਦੀ ਅੰਮ੍ਰਿਤਸਰ ਜਾ ਕੇ ਟਕਸਾਲ

ਚਲਾਉਣ ਦੀ ਜ਼ਿੰਮੇਵਾਰੀ ਲਗਾਈ। ਇੱਥੋਂ ਵੀ ਇਸ ਗੱਲ ਦਾ ਅੰਦਾਜ਼ਾ ਹੁੰਦਾ ਹੈ ਕਿ ਗੁਰੂ ਸਾਹਿਬ ਹਮੇਸ਼ਾ ਸਿੱਖ ਕੌਮ ਨੂੰ ਵਿਦਿਆਪਤੀ ਬਣਾਉਣ ਲਈ ਤਤਪਰ ਰਹੇ ਹਨ। ਸਿੱਖ ਕੌਮ ਦੇ ਬੌਧਿਕ ਪੱਧਰ ਨੂੰ ਉੱਚਾ ਚੁੱਕਣ ਦੀ ਜ਼ਿੰਮੇਂਵਾਰੀ ਗੁਰੂ ਸਾਹਿਬ ਨੇ ਨਿਰਮਲੇ ਸੰਤਾਂ ਦੀ ਆਪ ਲਗਾਈ ਸੀ। ਗੁਰੂ ਦਰਬਾਰ ਵਿਚ ਨਿਰਮਲੇ ਵਿਦਵਾਨ ਮੌਜੂਦ ਰਹਿੰਦੇ ਸਨ, ਇਸ ਬਾਰੇ ਗਿ. ਗਿਆਨ ਸਿੰਘ ਲਿਖਦੇ ਹਨ:[1]

ਦਸਮ ਗੁਰੂ ਕੇ ਵਕਤ ਮੈਂ ਹੁਤੇ ਨਿਰਮਲੇ ਜੋਇ।

ਰਹਿਤੇ ਬਨੇ ਬਿਰਕਤ ਬਹੁ, ਮਿਲੇ ਪੰਥ ਮੈਂ ਸੋਇ।

ਸਤੋ ਗੁਨੀ ਕਿਰਯਾ ਥੇ ਰਖਤੇ। ਹਰਿ ਗੁਰੁ ਭਗਤੀ ਕਾ ਰਸ ਚਖਤੇ।

ਸ਼ਾਸਤ੍ਰ ਸਤਿ ਥੇ ਪਢਤੇ ਸੁਨਤੇ। ਚਰਚਾ ਗਯਾਨ ਬ੍ਰਹਮਾਤਮ ਧੁਨਤੇ।

ਭਜਨ ਮਾਂਹਿ ਥੇ ਨਿਸ ਦਿਨ ਰਹਿਤੇ। ਸਤਿਗੁਰ ਤਿਨੈ ਨਿਰਮਲੇ ਕਹਿਤੇ।

ਵੀਚ ਸਭਾ ਸੋ ਜਬੈ ਆਵਤੇ। ਆਏ ਨਿਰਮਲੇ ਸਭਿ ਬਤਾਵਤੇ।

ਬ੍ਰਹਮ ਗਯਾਨ ਬਿਨ ਚਰਚਾ ਔਰੈਂ। ਗੁਰੁ ਭੀ ਤਥਿ ਨ ਚਲਾਤੇ ਗੌਰੈਂ।

ਔਰ ਕਾਮ ਨਹਿੰ ਤਿਨੈ ਬਤਾਤੇ। ਬਿਦਯਾ ਪਢਨ ਪਢਾਨ ਰਖਾਤੇ।

ਉਕਤ ਪ੍ਰਮਾਣ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਨਿਰਮਲੇ ਸੰਤ ਗੁਰੂ ਦਰਬਾਰ ਵਿਚ ਸਤਿਕਾਰੇ ਜਾਂਦੇ ਸਨ ਅਤੇ ਉਨ੍ਹਾਂ ਦਾ ਪ੍ਰਮੁੱਖ ਕੰਮ ਵਿਦਿਆ ਦਾ ਪਠਨ-ਪਾਠਨ ਹੀ ਸੀ।

### ਨਿਰਮਲ ਸੰਪ੍ਰਦਾਇ ਵੱਲੋਂ ਵਿਦਿਆ-ਦਾਨ ਦਾ ਅਰੰਭ

ਦਸਮ ਪਾਤਸ਼ਾਹ ਜੀ ਦੇ ਪ੍ਰਲੋਕ ਗਮਨ ਕਰਨ ਉਪਰੰਤ ਨਿਰਮਲੇ ਸੰਤ ਗੁਰ-ਉਦੇਸ਼ਾਂ ਨੂੰ ਪ੍ਰਚਾਰਨ ਲਈ ਲੋਕਾਂ ਦੇ ਭਾਰੀ ਇਕੱਠਾਂ ਵਾਲੇ ਤੀਰਥ ਸਥਾਨਾਂ ’ਤੇ ਵਿਚਰਨ ਲੱਗੇ। ਇਹ ਸੰਤ ਪਹਿਲਾਂ-ਪਹਿਲ ਆਪਣੇ ਟਿਕਾਣੇ ਨਹੀਂ ਬਣਾਉਂਦੇ ਸਨ। ਸੰਨਿਆਸੀ ਤੇ ਵੈਰਾਗੀ ਵਰਗ ਜੋ ਉਸ ਸਮੇਂ ਵਧੇਰੇ ਪ੍ਰਭਾਵਸ਼ਾਲੀ ਸੀ, ਪਾਸ ਆਪਣੇ ਟਿਕਾਇਆਂ ’ਤੇ ਅੰਨਪਾਣੀ, ਰਿਹਾਇਸ਼ ਆਦਿ ਦਾ ਪ੍ਰਬੰਧ ਵੀ ਸੀ। ਉਦਾਸੀ ਤੇ ਨਿਰਮਲੇ ਸੰਤ ਨਾਮ ਬਾਣੀ ਅਤੇ ਵਿਦਿਆ ਪ੍ਰਚਾਰ ਵਿਚ ਰੁਚਿਤ ਸਨ ਅਤੇ ਇਹ ਸੰਤ ਸਨਾਤਨੀ ਭੇਸ ਵਿਚ ਦੂਜੀਆਂ ਸੰਪ੍ਰਦਾਵਾਂ ਦੇ

---

[1] ਗਿ. ਗਿਆਨ ਸਿੰਘ, ਗਿ. ਕਿਰਪਾਲ ਸਿੰਘ (ਸੰਪਾ.), *ਸ੍ਰੀ ਗੁਰੁ ਪੰਥ ਪ੍ਰਕਾਸ਼,* ਭਾਗ ਪੰਜਵਾਂ, ਪੰਨਾ 2799.

ਬਣੇ ਟਿਕਾਣਿਆਂ ਉਪਰ ਆਰਾਮ ਕਰਦੇ ਅਤੇ ਮਾਧੂਕੜੀ ਮੰਗਕੇ ਜਾਂ ਦੂਜੇ ਮਤਾਂ ਦੇ ਲੰਗਰਾਂ ਵਿਚੋਂ ਅੰਨ ਗ੍ਰਹਿਣ ਕਰਕੇ ਆਪਣਾ ਪੇਟ ਭਰਦੇ ਸਨ। ਇਸ ਸੰਪ੍ਰਦਾਇ ਦੇ ਸੰਤਾਂ ਵੱਲੋਂ ਸ਼ੁਰੂ ਵਿਚ ਆਪਣੇ ਟਿਕਾਣੇ ਨਾ ਬਣਾਉਣੇ ਅਤੇ ਲੰਗਰ ਨਾ ਚਲਾਉਣੇ ਇਸ ਗੱਲ ਵੱਲ ਸੰਕੇਤ ਹੈ ਕਿ ਇਨ੍ਹਾਂ ਸੰਤਾਂ ਦਾ ਉਦੇਸ਼ ਟਿਕਾਣੇ ਬਣਾ ਕੇ ਆਰਾਮ ਕਰਨਾ ਜਾਂ ਖਾਣਾ-ਪੀਣਾ ਨਹੀਂ ਸੀ। ਇਹ ਤਾਂ ਗੁਰੂ ਸਾਹਿਬ ਵੱਲੋਂ ਵਿਦਿਆ ਅਤੇ ਗੁਰਮਤਿ ਪ੍ਰਚਾਰ ਦੀ ਲਗਾਈ ਜ਼ਿੰਮੇਵਾਰੀ ਨਿਭਾਉਣ ਵਿਚ ਮਗਨ ਸਨ।

ਜਿਸ ਤਰ੍ਹਾਂ ਪਹਿਲੇ ਅਧਿਆਇ ਵਿਚ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਸੰਨਿਆਸੀਆਂ ਵੱਲੋਂ ਉਦਾਸੀ ਸਾਧੂਆਂ 'ਤੇ ਹਮਲਾ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ/ਨਿਰਾਦਰ ਕਾਰਨ ਨਿਰਮਲੇ ਸੰਤਾਂ ਨੇ ਤੀਰਥਾਂ ਅਤੇ ਬਾਕੀ ਸਥਾਨਾਂ ਉੱਤੇ ਆਪਣੇ ਵਿਚਰਨ ਦੇ ਰਵਾਇਤੀ ਢੰਗ ਵਿਚ ਬਦਲਾਅ ਕੀਤਾ। ਇਕ ਉਪਰਾਲੇ ਨਾਲ ਸਮੂਹ ਸੰਤਾਂ-ਮਹੰਤਾਂ ਵੱਲੋਂ "1912 ਬਿ. (1805 ਈ:) ਵਿਚ ਕੁੰਭ ਦੇ ਮੇਲੇ ਮੌਕੇ ਸਪਤ ਸਰੋਵਰ ਵਾਲੀ ਥਾਂ 'ਤੇ ਛਾਉਣੀ ਬਣਾਈ ਗਈ ਤੇ ਬਾਬਾ ਮਹਿਤਾਬ ਸਿੰਘ ਜੀ ਨੂੰ 'ਸ੍ਰੀ ਮਹੰਤ' ਥਾਪ ਕੇ ਨਿਰਮਲ ਪੰਚਾਇਤੀ ਅਖਾੜੇ ਦੀ ਸਥਾਪਨਾ ਕੀਤੀ।"[2] ਇਸ ਉਪਰਾਲੇ ਸਦਕਾ ਨਿਰਮਲ ਸੰਪ੍ਰਦਾਇ ਇਕ ਸੰਗਿਠਤ ਰੂਪ ਵਿਚ ਉਭਰ ਕੇ ਸਾਹਮਣੇ ਆਈ। ਬਾਅਦ ਵਿਚ ਗੁਰਮਤਿ ਦੇ ਧਾਰਨੀ ਲੋਕਾਂ ਅਤੇ ਰਾਜਿਆਂ ਦੁਆਰਾ ਅਖਾੜੇ ਦੇ ਵਿਧੀ-ਵਿਧਾਨ ਬਣਾ ਕੇ ਇਸ ਦੀ ਮਾਲੀ ਹਾਲਤ ਠੀਕ ਕਰਕੇ ਇਸ ਨੂੰ ਮੁਕੰਮਲ ਅਤੇ ਮਜ਼ਬੂਤ ਸੰਪ੍ਰਦਾਇ ਦਾ ਰੂਪ ਦਿੱਤਾ।

ਸਮੇਂ ਦੇ ਗੇੜ ਨਾਲ ਭਾਵੇਂ ਨਿਰਮਲੇ ਸੰਤਾਂ ਦੇ ਟਿਕਾਣੇ ਅਤੇ ਲੰਗਰ ਵੀ ਹੋਂਦ ਵਿਚ ਆਏ ਅਤੇ ਇਨ੍ਹਾਂ ਟਿਕਾਣਿਆਂ ਵਿਚਲੀ ਹਰ ਸਹੂਲਤ ਸਾਰੇ ਧਰਮਾਂ ਲਈ ਸਾਂਝੀ ਸੀ ਤਾਂ ਕਿ ਪਹਿਲਾਂ ਵਾਂਗ ਫਿਰ ਕਿਸੇ ਸੰਤ-ਮਹੰਤ ਦੀ ਬੇਪੱਤੀ ਨਾ ਹੋਵੇ। ਟਿਕਾਣੇ ਬਣਨ ਨਾਲ ਸੰਪ੍ਰਦਾਈ ਸਾਧੂਆਂ ਦਾ ਆਪਸੀ ਮੇਲ-ਜੋਲ ਵਧਿਆ। ਨਿਰਮਲੇ ਸੰਤਾਂ ਦੇ ਇਨ੍ਹਾਂ ਡੇਰਿਆਂ ਵਿਚੋਂ ਸੰਗਤ-ਪੰਗਤ ਦਾ ਸਿਧਾਂਤ ਉਜਾਗਰ ਹੋਇਆ ਅਤੇ ਇਨ੍ਹਾਂ ਟਿਕਾਣਿਆਂ ਵਿਚੋਂ ਵਿਧੀਵਤ ਗੁਰਮਤਿ ਅਤੇ ਵਿਦਿਆ ਦਾ ਪ੍ਰਵਾਹ ਚੱਲਿਆ। ਪ੍ਰਭਾਵੀ ਸੰਤਾਂ ਦੀ ਕਰਨੀ ਕਾਰਨ ਨਿਰਮਲੇ ਸੰਤਾਂ ਦੀ ਜਮਾਤ ਵੀ ਪ੍ਰਫੁਲਿਤ ਹੋਣ ਲੱਗੀ। ਜਿਸ ਤਰ੍ਹਾਂ ਇਕ ਜੋਤ ਨਾਲ ਅਨੇਕ ਜੋਤਾਂ ਜਲ ਉਠਦੀਆਂ ਹਨ, ਉਸੇ ਤਰ੍ਹਾਂ ਵਧਦੇ-ਵਧਦੇ ਇਹ ਸੰਤ ਇਕ ਪ੍ਰਫੁਲਿਤ ਸੰਪ੍ਰਦਾਇ ਦਾ ਰੂਪ ਧਾਰਨ ਕਰ ਗਏ।

---

[2] ਪ੍ਰੋ. ਪਿਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ*, ਪੰਨਾ 58.

ਅਠਾਰਵੀਂ ਸਦੀ ਵਿਚ ਜਦੋਂ ਸਿੱਖਾਂ ਲਈ ਮਾਹੌਲ ਸੁਖਾਵਾਂ ਨਾ ਰਿਹਾ ਤਾਂ ਉਸ ਸਮੇਂ ਵੀ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਆਪਣੇ ਟਿਕਾਣਿਆਂ ਵਿਚ ਪਠਨ-ਪਾਠਨ ਦਾ ਮਾਹੌਲ ਸਿਰਜ ਕੇ ਰੱਖਿਆ। ਸਨਾਤਨੀ ਭੇਸ ਅਤੇ ਡੇਰੇ ਰੂਪੀ ਸਥਾਨਾਂ ਕਾਰਨ ਇਹ ਸੰਤ ਪਠਾਣੀ ਹਮਲਾਵਰਾਂ ਦੀ ਨਜ਼ਰ ਵਿਚ ਨਾ ਆਏ। ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਜਿਥੇ ਆਪਣੇ ਟਿਕਾਣਿਆ ਉੱਤੇ ਗੁਰਬਾਣੀ ਦੀ ਸੰਭਾਲ ਕੀਤੀ ਉੱਥੇ ਗੁਰ-ਸਥਾਨਾਂ ਦੀ ਸੇਵਾ-ਸੰਭਾਲ ਦੇ ਕਾਰਜ ਵਿਚ ਵੀ ਵਡਮੁੱਲਾ ਯੋਗਦਾਨ ਪਾਇਆ ਹੈ। ਨਿਰਮਲੇ ਸੰਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਅਤੇ ਗੁਰਬਾਣੀ ਦੇ ਟੀਕੇ ਕਰਨੇ ਅਰੰਭ ਕੀਤੇ। "ਸ਼ੁਰੂਆਤੀ ਦੌਰ ਵਿਚ ਇਹ ਸੰਤ ਇਸ ਕਾਰਜ ਨੂੰ ਗੁਪਤ ਭਾਵ ਨਾਲ ਕਰਦੇ ਸਨ। ਇਸ ਲਈ ਉਹ ਗ੍ਰੰਥਾਂ 'ਤੇ ਕਰਤਾ ਵਜੋਂ ਆਪਣੇ ਨਾਮ ਦਰਜ ਨਹੀਂ ਕਰਦੇ ਸਨ। ਪਰਮਾਤਮਾ ਸੇਵਾ ਲੈ ਰਿਹਾ ਹੈ, ਆਪ ਜਾਣੀਜਾਣ ਹੈ, ਦੀ ਸੋਚ ਦੇ ਧਾਰਨੀ ਹੋ ਕੇ ਬਿਨ੍ਹਾਂ ਕਿਸੇ ਵਡਿਆਈ ਜਾ ਇਵਜਾਨੇ ਦੇ ਇਹ ਗੁਰਮਤਿ ਪ੍ਰਚਾਰ-ਪ੍ਰਸਾਰ ਵਿਚ ਰੁੱਝੇ ਰਹੇ।"[3] ਨਿਰਮਲੇ ਸੰਤ ਆਪਣੇ ਟਿਕਾਣਿਆਂ ਵਿਚ ਵਿਦਿਆ 'ਤੇ ਗੁਰਮਤਿ ਕਾਰਜਾਂ ਵਿਚ ਰੁਚਿਤ ਰਹੇ। ਸਮੇਂ ਅਨੁਸਾਰ ਜਦੋਂ "ਪਠਾਣੀ ਹਮਲਿਆਂ ਦਾ ਜ਼ੋਰ ਘਟ ਗਿਆ ਸੀ ਤੇ ਸਿੱਖ ਮਿਸਲਾਂ ਦੇ ਸਰਦਾਰ ਥਾਂ-ਥਾਂ ਆਪਣੀ ਸ਼ਕਤੀ ਦੇ ਕਿਲੇ ਉਸਾਰ ਰਹੇ ਸਨ ਤੇ ਸੰਤ ਸਾਧੂ ਵੀ ਹਰਿਦੁਆਰ ਤੋਂ ਨਿਕਲ ਕੇ ਮੈਦਾਨੀ ਇਲਾਕੇ ਵੱਲ ਆਉਣ-ਜਾਣ ਲੱਗ ਪਏ।"[4] ਜਿੱਥੇ ਉਨ੍ਹਾਂ ਨੇ ਲੋਕਾਂ ਵਿਚ ਵਿਚਰਨਾ ਸ਼ੁਰੂ ਕੀਤਾ। ਪੜ੍ਹਨ-ਪੜ੍ਹਾਉਣ ਅਤੇ ਗੁਰਮਤਿ ਪ੍ਰਚਾਰ ਹਿਤ ਇਹ ਸੰਤ ਲੋਕ ਥਾਂ-ਥਾਂ ਫੈਲ ਗਏ ਅਤੇ ਵਸੋਂ ਵਾਲੇ ਖੇਤਰਾਂ ਵਿਚ ਜਾ ਟਿਕਾਣੇ ਕੀਤੇ। ਸਾਦਾ ਰਹਿਣ-ਸਹਿਣ ਅਤੇ ਗੁਰਮਤਿ ਦੇ ਧਾਰਨੀ, ਗੁਰਮਤਿ ਦੇ ਲੜ ਲੱਗਣ ਦੀ ਪ੍ਰੇਰਨਾ ਦਿੰਦੇ ਇਹ ਸੰਤ ਜਲਦੀ ਹੀ ਲੋਕਾਂ ਦੇ ਮਨ੍ਹਾਂ ਵਿਚ ਆਪਣੀ ਜਗ੍ਹਾ ਬਣਾ ਲੈਂਦੇ ਅਤੇ ਉਨ੍ਹਾਂ ਨੂੰ ਅੱਖਰ ਦਾਨ ਦੇ ਕੇ ਗੁਰਮਤਿ ਵੱਲ ਪ੍ਰੇਰਦੇ ਸਨ।

ਵਰਣਨਯੋਗ ਹੈ ਕਿ ਇਸ ਸਮੇਂ ਜਿਆਦਾਤਰ ਭਾਰਤੀ ਸਾਹਿਤ ਸੰਸਕ੍ਰਿਤ ਭਾਸ਼ਾ ਵਿਚ ਰਚਿਤ ਮਿਲਦਾ ਸੀ, ਇਸ ਭਾਸ਼ਾ ਨੂੰ 'ਦੇਵ ਭਾਸ਼ਾ' ਦਾ ਰੁਤਬਾ ਪ੍ਰਾਪਤ ਸੀ ਅਤੇ ਸਿੱਖ ਕੌਮ ਇਸ ਭਾਸ਼ਾ ਤੋਂ ਸੱਖਣੀ ਸੀ। ਗੁਰੂ ਸਾਹਿਬ ਦੇ ਉਦੇਸ਼ ਅਤੇ ਉਪਰਾਲੇ ਸਦਕਾ ਪੰਜ ਸਿੱਖਾਂ ਦੁਆਰਾ ਕਾਸ਼ੀ ਤੋਂ ਵਿਦਿਆ ਪ੍ਰਾਪਤੀ ਮਗਰੋਂ ਹੋਰ ਵੀ ਜਿਗਿਆਸੂ ਸਿੱਖ ਕਾਸ਼ੀ ਤੋਂ ਵਿਦਿਆ ਪ੍ਰਾਪਤ ਕਰਕੇ ਵਾਪਸ ਆਉਂਦੇ ਅਤੇ ਵਿਦਿਆ-ਦਾਨ ਦੇਣ ਵਿਚ ਰੁਚਿਤ ਹੋ ਜਾਂਦੇ। ਕਿਉਂਕਿ ਇਸ ਸਮੇਂ "ਆਮ ਬ੍ਰਾਹਮਣ, ਗੈਰ ਬ੍ਰਾਹਮਣ ਨੂੰ ਵਿਦਿਆ ਦੇ ਅਧਿਕਾਰੀ ਨਹੀਂ ਸੀ ਸਮਝਦੇ,

---

[3] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿੱਜੀ ਮੁਲਾਕਾਤ,* ਮਿਤੀ 09 ਜੁਲਾਈ 2015 ਵਿਚੋਂ.

[4] ਪ੍ਰੋ. ਪਿਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ,* ਪੰਨਾ 57.

ਇਸ ਕਰਕੇ ਜਰੂਰੀ ਸੀ ਕਿ ਨਿਰਮਲੇ ਵਿਦਵਾਨ ਆਪਣੇ ਗਰੀਬ ਕਿਰਤੀ ਭਾਈਆਂ ਨੂੰ ਵੀ ਸੰਸਕ੍ਰਿਤ ਆਦਿ ਵਿਚ ਨਿਪੁੰਨ ਕਰਦੇ। ਇਸ ਕੰਮ ਲਈ ਉਨ੍ਹਾਂ ਭਰਪੂਰ ਜਤਨ ਕੀਤੇ ਤੇ ਜਿਥੋਂ ਤੱਕ ਹੋ ਸਕਿਆ ਬਨਾਰਸ, ਪ੍ਰਯਾਗ, ਉਜੈਨ, ਹਰਿਦੁਆਰ, ਰਿਖੀ ਕੇਸ਼, ਲਾਹੌਰ, ਅੰਮ੍ਰਿਤਸਰ, ਦਮਦਮਾ ਸਾਹਿਬ, ਬਰਨਾਲੇ, ਪਟਿਆਲੇ ਆਦਿ ਅਨੇਕਾਂ ਥਾਵਾਂ ਤੇ ਪਾਠਸ਼ਾਲਾਵਾਂ ਚਲਾਈਆਂ। ਵਿਦਿਆਰਥੀ ਦੇ ਭੋਜਨ ਦਾ ਪ੍ਰਬੰਧ ਵੀ ਕੀਤਾ ਅਤੇ ਕਿਤਾਬਾਂ ਕੱਪੜੇ ਆਦਿ ਵੀ ਮੁਫ਼ਤ ਦਿੱਤੇ।"[5] ਨਿਰਮਲੇ ਸੰਤਾਂ ਨੇ ਵਿਦਿਆ ਨੂੰ ਆਪਣੇ ਤੱਕ ਸੀਮਿਤ ਨਾ ਰੱਖ ਕੇ ਸਮੂਹ ਸਮਾਜ ਨੂੰ ਵਿਦਿਆਪਤੀ ਬਣਾਉਣ ਦਾ ਉਪਰਾਲਾ ਕੀਤਾ।

ਨਿਰਮਲੇ ਸੰਤ ਸ਼ਾਂਤ ਬਿਰਤੀ, ਸਹਿਜਤਾ, ਸੰਜਮੀ ਅਤੇ ਗੁਰਮਤਿ ਰਹਿਣੀ ਵਾਲੀ ਪ੍ਰਵਿਰਤੀ ਦੇ ਮਾਲਕ ਸਨ, ਜਿਨ੍ਹਾਂ ਨੇ ਲੋਕਾਂ ਦੇ ਬੌਧਿਕ ਪੱਧਰ ਨੂੰ ਉੱਚਾ ਚੁੱਕਣ ਲਈ ਕਈ ਤਰੀਕਿਆਂ ਨਾਲ ਵਿਦਿਆ ਦਿੱਤੀ। ਉਹ ਜਿਥੇ ਵੀ, ਜਿਸ ਵੀ ਸਥਿਤੀ ਵਿਚ ਜਨ-ਸਾਧਾਰਨ ਦੇ ਸੰਪਰਕ ਵਿਚ ਆ ਸਕਦੇ ਸਨ, ਆਏ ਅਤੇ ਉਨ੍ਹਾਂ ਨੂੰ ਵਿਦਿਆ ਪ੍ਰਦਾਨ ਕੀਤੀ। ਨਿਰਮਲੇ ਸੰਤਾਂ ਦੁਆਰਾ ਲੋਕਾਂ ਨੂੰ ਸਿਖਿਅਤ ਕਰਨ ਲਈ ਜੋ ਉਪਰਾਲੇ ਕੀਤੇ ਗਏ ਉਨ੍ਹਾਂ ਨੂੰ ਇਕ ਬਹੁਪੱਖੀ ਯੋਜਨਾ ਦੇ ਵੱਖ-ਵੱਖ ਸਿਰਲੇਖਾਂ ਅਧੀਨ ਵੰਡ ਕੇ ਦੇਖਿਆ ਜਾ ਸਕਦਾ ਹੈ। ਨਿਰਮਲੇ ਸੰਤਾਂ ਦਾ ਵਿਦਿਅਕ ਪਾਸਾਰ ਬਹੁਤ ਵਿਸ਼ਾਲ ਹੈ ਇਸ ਲਈ ਉਨ੍ਹਾਂ ਦੁਆਰਾ ਵਿਦਿਆ ਦੇ ਖੇਤਰ ਵਿਚ ਪਾਏ ਕਾਰਜਾਂ ਦਾ ਇੰਨ-ਬਿੰਨ ਵਿਵੇਚਨ ਕਰਨਾ ਅਸੰਭਵ ਹੈ। ਨਿਰਮਲੇ ਸੰਤਾਂ ਦੁਆਰਾ ਵਿਦਿਅਕ ਖੇਤਰ ਵਿਚ ਕੀਤੇ ਗਏ ਪ੍ਰਮੁੱਖ ਕਾਰਜਾਂ ਨੂੰ ਹੇਠ ਲਿਖੇ ਸਿਰਲੇਖਾਂ ਅਧੀਨ ਵੰਡ ਕੇ ਚਰਚਾ ਕਰਾਂਗੇ ਤਾਂ ਜੋ ਉਨ੍ਹਾਂ ਦੁਆਰਾ ਵਿਦਿਅਕ ਖੇਤਰ ਵਿਚ ਪਾਏ ਯੋਗਦਾਨ ਦੀ ਸਹੀ ਪੜਚੋਲ ਹੋ ਸਕੇ। ਇਹ ਚਰਚਾ ਕਾਲਕ੍ਰਮ ਅਨੁਸਾਰ ਪੜਾਵਾਂ ਵਿਚ (1708 ਈ. ਤੋਂ 1910 ਈ. ਤੱਕ ਅਤੇ 1910 ਈ. ਤੋਂ 2010 ਈ. ਤੱਕ) ਹੋਵੇਗੀ:

1. ਡੇਰਿਆਂ, ਮੱਠਾਂ, ਆਸ਼ਰਮਾਂ ਅਤੇ ਵਿਦਿਆਲਿਆਂ ਦੁਆਰਾ ਵਿਦਿਅਕ ਯੋਗਦਾਨ।
2. ਸੰਤ ਮੰਡਲੀਆਂ ਦੁਆਰਾ ਵਿਦਿਅਕ ਯੋਗਦਾਨ।
3. ਸ਼ਾਸਤ੍ਰਾਰਥਾਂ ਦੁਆਰਾ ਵਿਦਿਅਕ ਯੋਗਦਾਨ।
4. ਗ੍ਰੰਥ ਰਚਨਾ ਦੁਆਰਾ ਵਿਦਿਅਕ ਯੋਗਦਾਨ।
5. ਭਾਰਤ ਦੇ ਤੀਰਥ ਸਥਾਨਾਂ 'ਤੇ ਧਰਮ ਕੇਂਦਰਾਂ ਦੇ ਨਿਰਮਾਣ ਦੁਆਰਾ ਵਿਦਿਅਕ ਯੋਗਦਾਨ।
6. ਸ੍ਰੀ ਨਿਰਮਲ ਪੰਚਾਇਤੀ ਅਖਾੜਾ ਦੀ ਰੰਮਤ ਦੁਆਰਾ ਵਿਦਿਅਕ ਯੋਗਦਾਨ।

[5] ਪ੍ਰੋ. ਪਿਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ*, ਪੰਨਾ 65.

## 1. ਡੇਰਿਆਂ, ਮੱਠਾਂ, ਆਸ਼ਰਮਾਂ ਅਤੇ ਵਿਦਿਆਲਿਆਂ ਦੁਆਰਾ ਵਿਦਿਅਕ ਯੋਗਦਾਨ (1708 ਈ. ਤੋਂ 1910 ਈ. ਤੱਕ)

ਸ੍ਰੀ ਗੁਰੂ ਗੋਬਿੰਦ ਜੀ ਦਾ ਸਮਾਂ ਹਿੰਦੂ ਅਤੇ ਸਿੱਖਾਂ ਲਈ ਬਹੁਤ ਜੋਖ਼ਮ ਭਰਿਆ ਰਿਹਾ ਹੈ। ਇਸ ਸਮੇਂ ਇਨ੍ਹਾਂ ਕੌਮਾਂ ਲਈ ਆਪਣਾ ਕੋਈ ਧਰਮ ਪ੍ਰਚਾਰ/ਵਿਦਿਆ ਕੇਂਦਰ ਬਣਾਉਣਾ ਸੰਭਵ ਨਹੀਂ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਉਪਰੰਤ ਨਿਰਮਲੇ ਸੰਤਾਂ ਨੇ ਦੇਸ਼ ਦੇ ਕੋਨੇ-ਕੋਨੇ ਵਿਚ ਵਿਚਰ ਕੇ ਗੁਰੂ ਸਾਹਿਬ ਜੀ ਦੇ ਸਿਧਾਂਤ ਨੂੰ ਪ੍ਰਚਾਰਨਾ ਸ਼ੁਰੂ ਕੀਤਾ, ਜਿਸ ਦੀ ਸ਼ੁਰੂਆਤ ਉਨ੍ਹਾਂ ਹਿੰਦੂ ਤੀਰਥਾਂ ਤੋਂ ਕੀਤੀ। ਕਿਉਂਕਿ ਇਸ ਸਮੇਂ ਇਹ ਸਥਾਨ ਅਜਿਹੇ ਸਨ ਜਿੱਥੇ ਸੰਗਤ ਵੱਡੇ ਪੱਧਰ ਉੱਤੇ ਇਕੱਠੀ ਹੁੰਦੀ ਸੀ। ਨਿਰਮਲ ਸੰਪ੍ਰਦਾਇ ਦੇ ਸੰਤਾਂ ਵਿਚੋਂ ਸਭ ਤੋਂ ਪਹਿਲਾਂ 1710 ਈ. ਵਿਚ ਬਾਬਾ ਦਰਗਾਹਾ ਸਿੰਘ ਜੀ ਨੇ ਕਨਖਲ ਵਿਖੇ ਡੇਰਾ ਸਥਾਪਿਤ ਕੀਤਾ। ਕੁੱਝ ਸਮਾਂ ਬਾਅਦ ਨਿਰਮਲੇ ਸੰਤਾਂ ਨੇ ਆਪ ਲੋਕਾਈ ਤੱਕ ਜਾ ਕੇ ਉਨ੍ਹਾਂ ਨੂੰ ਵਿਦਿਆ ਅਤੇ ਗੁਰਮਤਿ ਵੱਲ ਪ੍ਰੇਰਨਾ ਸ਼ੁਰੂ ਕੀਤਾ।

ਇਹ ਲੋਕਾਂ ਵਿਚ ਵਿਚਰਨ ਲਈ ਜਿਆਦਾਤਰ ਪਿੰਡ ਤੋਂ ਬਾਹਰ ਕੱਖਾਂ-ਕਾਨਿਆਂ ਦੀਆਂ ਕੁਟੀਆ ਬਣਾ ਕੇ ਆਪਣੇ ਟਿਕਾਣਾ ਬਣਾਉਂਦੇ ਅਤੇ ਇਨ੍ਹਾਂ ਟਿਕਾਣਿਆਂ ਵਿਚ ਅੱਖਰ ਗਿਆਨ ਤੇ ਗੁਰਮਤਿ ਦੀ ਜੋਤ ਜਗਾਉਂਦੇ ਸਨ। ਉਹ ਨਿੱਤਨੇਮ, ਕਥਾ-ਕੀਰਤਨ ਕਰਦੇ ਅਤੇ ਭੋਜਨ ਲਈ ਲੋਕਾਂ ਤੋਂ ਮਧੂਕੜੀ ਮੰਗ ਕੇ ਲਿਆਉਂਦੇ ਸਨ। ਜਿਸ ਘਰ ਤੋਂ ਉਹ ਭੋਜਨ ਗ੍ਰਹਿਣ ਕਰਦੇ ਉਸ ਪਰਿਵਾਰ ਨਾਲ ਆਪਣਾ ਮੇਲ-ਜੋਲ ਵਧਾ ਲੈਂਦੇ ਸਨ ਅਤੇ ਉਨ੍ਹਾਂ ਨੂੰ ਗੁਰੂ ਕਥਾਵਾਂ ਸੁਣਾ ਕੇ ਹੌਲੀ-ਹੌਲੀ ਗੁਰਮਤਿ ਦੀ ਚਿਣਗ ਲਗਾਉਂਦੇ, ਨਾਲ ਹੀ ਬਾਣੀ ਦੇ ਗਿਆਨ ਲਈ ਗੁਰਮੁਖੀ ਅੱਖਰਾਂ ਤੋਂ ਵੀ ਜਾਣੂ ਕਰਵਾਉਂਦੇ ਸਨ। ਅੱਖਰਾਂ ਦੇ ਲਿਖਣ ਅਭਿਆਸ ਲਈ ਰਾਖ ਜਾਂ ਰੇਤੇ ਦਾ ਇਸਤੇਮਾਲ ਵੀ ਕਰਦੇ ਸਨ। ਲੋਕਾਂ ਨੂੰ ਵਿਦਿਆ ਦੇਣ ਦਾ ਮਨੋਰਥ ਇਹ ਸੀ ਕਿ ਇਹ ਲੋਕ ਪੜ੍ਹ-ਲਿਖ ਕੇ ਗੁਰਬਾਣੀ ਅਤੇ ਧਰਮ ਦੇ ਹੋਰ ਗ੍ਰੰਥਾਂ ਦਾ ਅਧਿਐਨ ਕਰ ਸਕਣ ਤੇ ਆਪਣਾ ਗਿਆਨ ਵਧਾ ਸਕਣ। ਸੰਤਾਂ ਦੇ ਪਹਿਰਾਵੇ ਅਤੇ ਨਿਮਰ ਸੁਭਾਅ ਨੇ ਇਨ੍ਹਾਂ ਨੂੰ ਜਨ-ਸਾਧਾਰਨ ਦੇ ਨੇੜੇ ਲੈ ਜਾਣ ਵਿਚ ਬਹੁਤ ਯੋਗਦਾਨ ਪਾਇਆ। ਲੋਕ ਸਹਿਜ ਸੁਭਾਅ ਅਤੇ ਭਜਨੀਕ ਪ੍ਰਵਿਰਤੀ ਤੋਂ ਪ੍ਰਭਾਵਿਤ ਹੋ ਕੇ ਨਿਰਮਲੇ ਸੰਤਾਂ ਦੇ ਟਿਕਾਣਿਆਂ ਤੱਕ ਆਉਣਾ ਸ਼ੁਰੂ ਕਰਦੇ। ਇਨ੍ਹਾਂ ਟਿਕਾਣਿਆਂ 'ਤੇ ਜੁੜੀ ਸੰਗਤ ਇਕ-ਦੋ ਕਮਰਿਆਂ ਦੀ ਇਮਾਰਤ ਉਸਾਰਨ ਵਿਚ ਸੰਤਾਂ ਦੀ ਮਦਦ ਕਰਦੀ। ਇਸ ਤਰ੍ਹਾਂ ਹੌਲੀ-ਹੌਲੀ ਸੰਤਾਂ ਦੀਆਂ ਇਹ ਕੱਖਾਂ-ਕਾਨਿਆਂ ਦੀ ਕੁੱਲੀਆਂ ਇਮਾਰਤਾਂ

ਦੇ ਰੂਪ ਵਿਚ ਸੰਤਾਂ ਦੇ ਡੇਰਿਆਂ, ਮੱਠਾਂ ਤੇ ਆਸ਼ਰਮਾਂ ਵਿਚ ਬਦਲ ਗਈਆਂ। ਸਮਾਂ ਪਾ ਕੇ ਨਿਰਮਲੇ ਸੰਤਾਂ ਦੇ ਇਹ ਸਥਾਨ ਹੀ ਵਿਦਿਆ ਦੇ ਅਹਿਮ ਸੋਮਿਆਂ ਵਜੋਂ ਵਿਕਸਿਤ ਹੋਏ।

ਨਿਰਮਲ ਸੰਪ੍ਰਦਾਇ ਦੇ ਸਥਾਨਾਂ ਵਿਚੋਂ ਪਾਏ ਵਿਦਿਅਕ ਯੋਗਦਾਨ ਬਾਰੇ ਚਰਚਾ ਕਰਨ ਤੋਂ ਪਹਿਲਾਂ ਜਰੂਰੀ ਹੈ ਕਿ 'ਨਿਰਮਲਾ ਵਿਦਿਅਕ ਪ੍ਰਣਾਲੀ' ਬਾਰੇ ਜਾਣ ਲਿਆ ਜਾਵੇ। ਨਿਰਮਲੇ ਵਿਦਵਾਨ ਉੱਚ ਬੌਧਿਕ ਪੱਧਰ ਦੇ ਮਾਲਕ ਰਹੇ ਹਨ। ਇਸ ਬੌਧਿਕਤਾ ਦੀ ਪ੍ਰਾਪਤੀ ਲਈ ਜਿਸ ਵਿਧੀ ਦੁਆਰਾ ਨਿਰਮਲੇ ਵਿਦਵਾਨ ਵਿਦਿਆ ਗ੍ਰਹਿਣ ਕਰਦੇ ਹਨ, ਉਸ ਦਾ ਪਤਾ ਹੋਵੇ ਤਾਂ ਸੰਪ੍ਰਦਾਇ ਦੇ ਵਿਦਿਅਕ ਯੋਗਦਾਨ ਬਾਰੇ ਵਿਵੇਚਨ ਉਪਰੰਤ ਸਹੀ ਧਾਰਨਾ ਬਣਾਈ ਜਾ ਸਕਦੀ ਹੈ।

## ਨਿਰਮਲਾ ਵਿਦਿਅਕ ਪ੍ਰਣਾਲੀ

ਬਹੁ-ਧਰਮੀ ਭਾਰਤ ਦੀਆਂ ਵੱਖ-ਵੱਖ ਸੰਪ੍ਰਦਾਵਾਂ ਆਪਣੇ-ਆਪਣੇ ਤਰੀਕੇ ਨਾਲ ਪੈਰੋਕਾਰਾਂ ਨੂੰ ਵਿਦਿਆ ਪ੍ਰਦਾਨ ਕਰਦੀਆਂ ਰਹੀਆਂ ਹਨ ਇਸ ਪ੍ਰਕਿਰਿਆ ਨੂੰ ਵਿਦਿਅਕ ਪ੍ਰਣਾਲੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਜਿਗਿਆਸੂ ਨੂੰ ਸੰਪ੍ਰਦਾਇਕ ਵਿਦਿਆ ਗ੍ਰਹਿਣ ਕਰਨ ਲਈ ਇਸ ਪ੍ਰਣਾਲੀ ਅਨੁਸਾਰ ਵਿਧੀਵਤ ਤਰੀਕਾ ਅਪਣਾਉਣਾ ਪੈਂਦਾ ਹੈ। ਪਹਿਲਾਂ 'ਵਿਦਿਆਰਥੀ ਸੰਤ' ਡੇਰੇ ਵਿਚ ਟਿਕ ਕੇ ਮੁਖੀ ਸੰਤ-ਮਹੰਤ ਦਾ ਵਿਸ਼ਵਾਸ਼ ਜਿੱਤਦਾ, ਉਪਰੰਤ ਉਸ ਨੂੰ ਗੁਰੂ*[6] ਧਾਰਦਾ ਤੇ ਉਹ ਗੁਰੂ (ਸੰਤ-ਮਹੰਤ) ਚੇਲੇ ਨੂੰ ਗੁਰ-ਮੰਤਰ (ਗੁਰਬਾਣੀ ਵਿਚੋਂ ਸ਼ਬਦ) ਦਿੰਦਾ। ਇਹ ਗੁਰੂਕੁਲ ਪ੍ਰਣਾਲੀ ਪ੍ਰੰਪਰਾ ਦੀ ਪਹਿਲੀ ਅਤੇ ਜ਼ਰੂਰੀ ਕੜੀ ਹੈ। ਨਿਰਮਲ ਸੰਪ੍ਰਦਾਇ ਜੋ ਕਿ ਗੁਰੂਕੁਲ ਵਿਦਿਆ ਪ੍ਰਣਾਲੀ ਅਨੁਸਾਰ ਵਿਦਿਆ ਦਿੰਦੀ ਰਹੀ ਹੈ, ਦੀ ਵਿਦਿਅਕ ਪ੍ਰਣਾਲੀ ਬਹੁਤ ਪ੍ਰਭਾਵਸ਼ਾਲੀ ਹੈ। ਬਹੁਤ ਸਾਰੇ ਜਿਗਿਆਸੂ ਸੰਤ ਇਸ ਤੋਂ ਪੜ੍ਹਕੇ ਨਾਮਵਾਰ ਵਿਦਵਾਨ ਬਣੇ ਹਨ। ਨਿਰਮਲੇ ਸੰਤ, ਮਹੰਤ, ਵਿਦਵਾਨ ਆਪਣੇ ਵਿਦਿਆਰਥੀਆਂ ਨੂੰ ਪੜਾਅ-ਵਾਰ ਵਿਦਿਆ ਦਿੰਦੇ ਸਨ, ਜਿਵੇਂ:

### ਪਹਿਲਾ ਪੜਾਅ

ਨਿਰਮਲਿਆਂ ਤੋਂ ਬਿਨ੍ਹਾਂ ਦੂਜੀਆਂ ਸੰਪ੍ਰਦਾਈ ਪ੍ਰਣਾਲੀਆਂ ਵਿਚ ਵਿਦਿਆ ਗ੍ਰਹਿਣ ਕਰਨ ਦਾ ਅਰੰਭ ਪਰੰਪਰਾਗਤ ਪ੍ਰਣਾਲੀ ਅਨੁਸਾਰ 'ਪੱਟੀ' ਤੇ 'ਪੈਂਤੀ' ਅੱਖਰਾਂ ਦੇ ਲਿਖਣ ਨਾਲ ਸ਼ੁਰੂ ਹੁੰਦੀ ਸੀ। "ਪਰ ਨਿਰਮਲਿਆਂ

[6] ਇੱਥੇ 'ਗੁਰੂ' ਸ਼ਬਦ ਵਿਦਿਆਰਥੀ ਵੱਲੋਂ ਵਿਦਿਆ ਗ੍ਰਹਿਣ ਕਰਨ ਲਈ ਅਧਿਆਪਕ ਭਾਵ 'ਵਿਦਿਅਕ ਗੁਰੂ' ਲਈ ਵਰਤਿਆ ਗਿਆ ਹੈ।

ਨੇ ਇਸ ਵਿਚ ਕੁੱਝ ਸੁਧਾਰ ਕੀਤਾ ਅਤੇ ਕੁੱਝ ਵਾਧਾ ਵੀ। ਲਿਖਣ ਤੋਂ ਪਹਿਲਾਂ ਪੜ੍ਹਾਇਆ ਜਾਂਦਾ ਸੀ ਪਰ ਇਹ ਅਰੰਭ ਮੌਖਿਕ ਜਾਂ ਜ਼ਬਾਨੀ ਸੀ। ਜਪੁਜੀ ਸਾਹਿਬ ਦੇ ਅਰੰਭ ਵਿਚ ਮੂਲ ਮੰਤਰ ਹੈ ਜੋ ਸਭ ਤੋਂ ਪਹਿਲਾਂ ਯਾਦ ਕਰਾਇਆ ਜਾਂਦਾ ਸੀ। ਇਸ ਵਿਚ ਸਰਲਤਾ, ਸੰਖਿਪਤਾ ਅਤੇ ਰਵਾਨੀ ਹੈ। ਇਹ ਛੇਤੀ ਯਾਦ ਹੋ ਸਕਦਾ ਹੈ। ਅਧਿਆਪਕ ਇਸ ਨੂੰ ਦੋ ਚਾਰ ਵਾਰ ਆਪ ਆਖਦਾ ਤੇ ਅਖਵਾਉਂਦਾ ਸੀ। ਪਰ ਇਕੋ ਸਾਹ ਵਿਚ ਨਹੀਂ ਸਗੋਂ ਟੁਕੜੇ-ਟੁਕੜੇ ਕਰ ਕੇ ਤਾਂ ਜੋ ਜ਼ਬਾਨੀ ਯਾਦ ਕਰਨ ਉੱਤੇ ਸੌਖੇ-ਸੌਖੇ ਯਾਦ ਹੋ ਸਕੇ। ਇਸ ਉਪਰੰਤ ਪੱਟੀ ਲਿਖ ਕੇ ਦਿੱਤੀ ਜਾਂਦੀ ਸੀ ਜਿਸ ਦੀ ਛਾਤਰ ਉਂਗਲ ਜਾਂ ਕਾਨੀ ਨਾਲ ਰੇਤ, ਮਿੱਟੀ ਜਾਂ ਫੱਟੀ ਉੱਤੇ ਨਕਲ ਕਰਦਾ ਰਹਿੰਦਾ ਸੀ। ਬਾਅਦ ਵਿਚ ਇਸ ਨਾਲ ਵਿਅੰਜਨ ਤੇ ਸ੍ਵਰਾਂ ਦੇ ਜੋੜ ਦਿੱਤੇ ਜਾਂਦੇ ਸਨ ਜਿਨ੍ਹਾਂ ਨੂੰ ਦੇਖ-ਦੇਖ ਕੇ ਛਾਤਰ ਉਚਾਰਦਾ ਤੇ ਲਿਖਦਾ ਰਹਿੰਦਾ ਸੀ।"[7] ਨਾਲ-ਨਾਲ ਜਪੁਜੀ ਸਾਹਿਬ ਦੀ ਇਕ-ਇਕ ਪਾਉੜੀ ਜ਼ਬਾਨੀ ਯਾਦ ਕਰਵਾਈ ਜਾਂਦੀ ਸੀ। ਇਕ ਲੰਬੇ ਅਭਿਆਸ ਵਿਚ ਵਿਦਿਆਰਥੀ ਸੰਤ ਗੁਰਬਾਣੀ ਦੀ ਮੌਖਿਕ ਸਿੱਖਿਆ, ਅੱਖਰਾਂ ਦਾ ਬੋਧ, ਅੱਖਰਾਂ ਦੇ ਜੋੜ ਦਾ ਉਚਾਰਣ ਪ੍ਰਾਪਤ ਕਰ ਲੈਂਦਾ ਸੀ। ਇਹ ਪਹਿਲਾ ਪੜਾਅ ਅਭਿਆਸ ਅਤੇ ਅੱਖਰ ਪਹਿਚਾਣ ਦਾ ਹੈ।

**ਦੂਜਾ ਪੜਾਅ**

ਇਸ ਪੜਾਅ ਤੱਕ ਜਾਂਦੇ-ਜਾਂਦੇ ਕੁੱਝ ਵਿਦਿਆਰਥੀ ਵਿਦਿਆ ਛੱਡ ਜਾਂਦੇ ਸਨ। ਪੜ੍ਹਾਈ ਦੇ ਇਸ ਅਗਲੇ ਪੜਾਅ ਵਿਚ ਕੇਵਲ ਗੁਰਬਾਣੀ ਨੂੰ ਮੁੱਖ ਰੱਖਿਆ ਜਾਂਦਾ ਸੀ। ਇਸ ਵਿਚ ਆਦਿ ਗ੍ਰੰਥ ਸਾਹਿਬ ਦੇ ਸਾਰੇ ਪੜਾਅ ਆ ਜਾਂਦੇ ਸਨ, ਜਿਨ੍ਹਾਂ ਨੂੰ ਸੰਗਤ ਵਿਚ ਅਕਸਰ ਉਚਾਰਿਆ ਜਾਂਦਾ ਹੈ ਜਿਵੇਂ ਕਿ ਰਹਿਰਾਸ, ਕੀਰਤਨ ਸੋਹਿਲਾ, ਸੁਖਮਨੀ ਸਾਹਿਬ, ਸਲੋਕ ਮਹਲਾ ਨਾਵਾਂ ਆਦਿ। ਜਿਨ੍ਹਾਂ ਵਿਦਿਆਰਥੀਆਂ ਦੀ ਯਾਦ ਅਤੇ ਉਚਾਰਣ ਸ਼ਕਤੀ ਚੰਗੀ ਹੁੰਦੀ ਸੀ ਉਹ ਨਾਲ-ਨਾਲ ਰਾਗ-ਕੀਰਤਨ ਦੀ ਵਿਦਿਆ ਵੀ ਹਾਸਲ ਕਰਦੇ ਸਨ। ਅਜਿਹੇ ਵਿਦਿਆਰਥੀ ਗ੍ਰੰਥੀ ਬਣਨ ਲਈ ਦੋ-ਤਿੰਨ ਸਾਲ ਵੱਧ ਪੜ੍ਹਾਈ ਕਰਦੇ ਸਨ।

**ਤੀਜਾ ਪੜਾਅ**

ਤੀਜੇ ਪੜਾਅ ਉੱਤੇ ਵੇਦਾਂਤ ਵਿਦਿਆ ਗ੍ਰਹਿਣ ਕੀਤੀ ਜਾਂਦੀ ਸੀ। ਇਸ ਪੱਧਰ ਉੱਤੇ ਹਿੰਦੀ ਅਤੇ ਸੰਸਕ੍ਰਿਤ ਵਿਦਿਆ ਦਿੱਤੀ ਜਾਂਦੀ ਸੀ। ਜਿਸ ਵਿਚ ਵੇਦਾਂਤ ਦੇ ਸੂਤਰ ਅਤੇ ਭਗਵਦ ਗੀਤਾ ਆਦਿ ਪੜ੍ਹਾਈ ਜਾਂਦੀ ਸੀ।

---

[7] ਰੋਸ਼ਨ ਲਾਲ ਆਹੂਜਾ, ਸਿੱਖਿਆ ਵਿਚ ਪੁਨਰ ਜਾਗ੍ਰਤੀ ਦੇ ਆਗੂ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 242.

ਸੰਸਕ੍ਰਿਤ ਵਿਚ ਗੀਤਾ ਅਤੇ ਵੇਦਾਂਤ ਪੜ੍ਹਨ ਵਾਲੇ ਉੱਚ ਪੱਧਰ ਦੇ ਵਿਦਵਾਨ ਹੁੰਦੇ ਸਨ ਜੋ ਆਚਾਰੀਆ ਦੀ ਪਦਵੀ ਦੇ ਯੋਗ ਕਹੇ ਜਾ ਸਕਦੇ ਹਨ। ਪੜ੍ਹਾਉਣ ਸਮੇਂ ਜਿਆਦਾ ਜ਼ੋਰ ਉਚਾਰਨ ਅਤੇ ਪਾਠ ਕਰਨ 'ਤੇ ਦਿੱਤਾ ਜਾਂਦਾ ਸੀ।

ਨਿਰਮਲਾ ਵਿਦਿਆ ਪ੍ਰਣਾਲੀ ਵਿਚ ਕਿਸੇ ਖ਼ਾਸ ਖੇਤਰ ਵਿਚ ਮੁਹਾਰਤ ਹਾਸਲ ਕਰਨ ਲਈ ਵੀ ਤਿਆਰੀ ਕਰਵਾਈ ਜਾਂਦੀ ਸੀ। ਭਾਵ "ਨਿਰਮਲਿਆਂ ਵਿਚ ਗਿਆਨ ਦਾ ਵਿਸ਼ੇਸ਼ੀਕਰਣ ਵੀ ਸੀ, ਜਿਸ ਆਧਾਰ ਉੱਤੇ ਹਰਿਮੰਦਰ ਦੇ ਚਾਰੇ ਪਾਸੇ ਬੁੰਗੇ ਬਣਾਏ ਗਏ ਸਨ, ਜਿਵੇਂ ਗਿਆਨੀਆਂ ਦਾ ਬੁੰਗਾ, ਰਾਗੀਆਂ ਦਾ ਬੁੰਗਾ, ਵਿਆਕਰਣੀ ਬੁੰਗਾ, ਜਿਸ ਵਿਚੋਂ ਭਾਈ ਵੀਰ ਸਿੰਘ ਨੇ ਛੰਦਾ-ਬੰਦੀ ਸਿੱਖੀ ਸੀ"[8] ਆਦਿ। ਇਹ ਨਿਰਮਲੇ ਸੰਤਾਂ ਦੀ ਵਿਦਵਤਾ ਦਾ ਅਹਿਮ ਅੰਗ ਸੀ।

ਉਕਤ ਤਿੰਨਾਂ ਪੜਾਵਾਂ ਵਿਚੋਂ ਪਹਿਲੇ ਪੱਧਰ ਉੱਤੇ ਸਿੱਖਿਆ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਵੱਧ ਹੁੰਦੀ ਤਾਂ ਸਾਂਝੇ ਰੂਪ ਵਿਚ ਇਕੱਠਾ ਬਿਠਾ ਕੇ ਪੜ੍ਹਾਇਆ ਜਾਂਦਾ ਸੀ। ਪਰ ਦੂਜੇ ਅਤੇ ਤੀਜੇ ਪੱਧਰ ਉੱਤੇ ਪੜ੍ਹਾਈ ਪੂਰੀ ਤਰ੍ਹਾਂ ਵਿਅਕਤੀਗਤ ਸੀ। ਉਚੇਰੀ ਵਿਦਿਆ ਦੇ ਵਿਦਿਆਰਥੀ ਘੱਟ ਹੁੰਦੇ ਸਨ ਕਿਉਂਕਿ ਅਜਿਹੀ ਵਿਦਿਆ ਵਿਸ਼ੇਸ਼ ਰੁਚੀ ਵਾਲਾ ਜਿਗਿਆਸੂ ਹੀ ਹਾਸਲ ਕਰਦਾ ਸੀ। ਪਾਠਸ਼ਾਲਾ ਵਿਚ ਦਾਖ਼ਲੇ ਦੀ ਕੋਈ ਫ਼ੀਸ ਜਾਂ ਮਿਤੀ ਨਿਯਤ ਨਹੀਂ ਹੁੰਦੀ ਸੀ। ਵਿਸਾਖੀ, ਦੀਵਾਲੀ, ਦੁਸਿਹਰਾ, ਹੋਲੀ, ਬਸੰਤ ਜਾਂ ਗੁਰਪੁਰਬਾਂ ਉਤੇ ਬੱਚਿਆਂ ਦਾ ਪੜ੍ਹਾਈ ਵਿਚ ਪ੍ਰਵੇਸ਼ ਕਰਾਇਆ ਜਾਂਦਾ ਸੀ। ਉਚੇਰੀ ਵਿਦਿਆ ਦੇ ਜਿਗਿਆਸੂਆਂ ਲਈ ਸ਼੍ਰੇਣੀਆਂ ਨਹੀਂ ਹੁੰਦੀਆਂ ਸਨ। ਜਦੋਂ ਉਹ ਕੋਈ ਗ੍ਰੰਥ ਪੜ੍ਹਕੇ ਮੁਕਾ ਲੈਂਦਾ ਜਾਂ ਵਿਸ਼ੇ ਦਾ ਗਿਆਨ ਪ੍ਰਾਪਤ ਕਰ ਲੈਂਦਾ ਤਾਂ ਕਿਸੇ ਸ਼ੁਭ ਦਿਨ ਅਧਿਆਪਕ ਦਾ ਮੂੰਹ ਮਿੱਠਾ ਕਰਵਾ ਕੇ, ਅਸੀਸਾਂ ਪ੍ਰਾਪਤ ਕਰ ਕੇ ਨਵੇਂ ਵਿਸ਼ੇ ਦੀ ਸਿੱਖਿਆ ਅਰੰਭ ਕਰ ਦਿੰਦਾ। ਸੰਪੂਰਨ ਵਿਦਿਆ ਦੌਰਾਨ ਉਚਾਰਣ ਅਤੇ ਅਭਿਆਸ ਉੱਤੇ ਜਿਆਦਾ ਜ਼ੋਰ ਦਿੱਤਾ ਜਾਂਦਾ ਸੀ। ਸ਼ਾਮ ਨੂੰ ਕਈ ਵਿਸ਼ਿਆਂ ਉੱਤੇ ਬਹਿਸ ਜਾਂ ਵਾਦ-ਵਿਵਾਦ ਵੀ ਕੀਤਾ ਜਾਂਦਾ ਸੀ ਤਾਂ ਜੋ ਪੜ੍ਹਾਈ ਦੌਰਾਨ ਰਹਿ ਗਏ ਪੱਖ ਸਪਸ਼ਟ ਕੀਤੇ ਜਾ ਸਕਣ। ਵਿਦਵਾਨ ਸੰਤਾਂ ਵੱਲੋਂ ਵਿਦਿਆਰਥੀ ਸੰਤਾਂ ਨੂੰ ਕੇਵਲ ਕਿਤਾਬੀ ਵਿਦਿਆ ਹੀ ਗ੍ਰਹਿਣ ਨਹੀਂ ਕਰਵਾਈ ਜਾਂਦੀ, ਨਾਲ-ਨਾਲ ਸੰਪ੍ਰਦਾਇ ਦੇ ਸੰਸਕਾਰ ਵੀ ਦਿੱਤੇ ਜਾਂਦੇ ਸਨ, ਬੋਲਣ, ਬੈਠਣ-ਉਠਣ ਅਤੇ ਧਿਆਨ-ਚਿੰਤਨ ਆਦਿ ਦਾ ਅਭਿਆਸ ਵੀ ਕਰਾਇਆ ਜਾਂਦਾ ਸੀ। ਜਿਗਿਆਸੂ ਉਦੋਂ ਤੱਕ ਵਿਦਿਆਰਥੀ ਬਣ

[8] ਰੋਸ਼ਨ ਲਾਲ ਆਹੂਜਾ, ਸਿੱਖਿਆ ਵਿਚ ਪੁਨਰ ਜਾਗ੍ਰਤੀ ਦੇ ਆਗੂ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 244.

ਵਿਦਿਆ ਗ੍ਰਹਿਣ ਕਰਦਾ ਜਦੋਂ ਤੱਕ ਵਿਦਿਅਕ ਗੁਰੂ ਨੂੰ ਉਸ ਦੇ ਵਿਦਿਅਕ ਖੇਤਰ ਵਿਚ ਪ੍ਰਬੀਨ ਹੋਣ ਦਾ ਵਿਸ਼ਵਾਸ਼ ਨਾ ਹੋ ਜਾਂਦਾ। ਗੂੜ੍ਹ ਗਿਆਨ ਦੀ ਪ੍ਰਾਪਤੀ ਵਿਚ ਵਿਦਿਆਰਥੀ ਨੂੰ ਕਈ-ਕਈ ਸਾਲ ਲੱਗ ਜਾਂਦੇ ਸਨ। ਵਿਦਿਆ ਪ੍ਰਾਪਤ ਕਰਨ ਉਪਰੰਤ ਉਹ ਵਿਦਵਾਨ ਬਣ ਜਾਂਦਾ ਅਤੇ 'ਪੰਡਿਤ[9] ਜੀ ਦੇ ਲਕਬ ਨਾਲ ਸਨਮਾਨਿਆ ਜਾਂਦਾ।

ਉਕਤ ਨਿਰਮਲਾ ਵਿਦਿਅਕ ਪ੍ਰਣਾਲੀ ਬਾਰੇ ਜਾਣਨ ਤੋਂ ਸਹਿਜੇ ਅਨੁਭਵ ਹੋ ਜਾਂਦਾ ਹੈ ਕਿ ਇਹ ਵਿਦਿਅਕ ਪ੍ਰਣਾਲੀ ਪ੍ਰੰਪਰਾਗਤ ਹੈ ਜਿਸ ਵਿਚ ਗੁਰੂਕੁਲ ਪ੍ਰਣਾਲੀ ਵਿਧੀ ਦੁਆਰਾ ਵਿਦਿਆਰਥੀ ਵਿਦਿਆ ਪ੍ਰਾਪਤੀ ਕਰਦਾ ਹੈ। ਨਿਰਮਲੇ ਵਿਦਵਾਨ ਸਾਲਾਂ-ਬੱਧੀ 'ਵਿਦਿਆਰਥੀ ਸੰਤ' ਨੂੰ ਵਿਦਿਆ ਦਿੰਦੇ ਸਨ ਤਾਂ ਜੋ ਉਸ ਦੇ ਮਨ ਦੇ ਸਾਰੇ ਸ਼ੰਕਿਆਂ ਦੀ ਨਵਿਰਤੀ ਹੋ ਜਾਵੇ ਅਤੇ ਉਹ ਗੂੜ੍ਹ ਗਿਆਨ ਦਾ ਧਾਰਨੀ ਬਣ ਜਾਵੇ। ਇਸ ਪ੍ਰਕਿਰਿਆ ਰਾਹੀ ਪੜ੍ਹੇ ਸੰਤ ਵੱਡੇ ਵਿਦਵਾਨ ਬਣਦੇ ਸਨ।

ਨਿਰਮਲਾ ਵਿਦਿਅਕ ਪ੍ਰਣਾਲੀ ਸਾਰੇ ਨਿਰਮਲੇ ਡੇਰਿਆਂ ਵਿਚ ਪ੍ਰਚਲਿਤ ਸੀ। "ਇਹਨਾਂ ਡੇਰਿਆਂ ਦੀ ਪੜ੍ਹਾਈ ਦਾ ਮਾਧਿਅਮ ਸਾਧੂਕੜੀ ਭਾਸ਼ਾ ਹੀ ਹੁੰਦਾ ਸੀ। ਇਸ ਲਈ ਹਰ ਇਕ ਗਿਆਨ ਅਭਿਲਾਖੀ ਚਾਹੇ ਕਿਸੇ ਵਰਗ ਜਾਂ ਧਰਮ ਦਾ ਸੀ, ਇਸ ਵਿਚ ਦਾਖ਼ਲ ਹੋ ਸਕਦਾ ਸੀ।"[10] ਜਦੋਂ ਨਿਰਮਲੇ ਸੰਤਾਂ ਦੇ ਸਥਾਨ ਬਣਨੇ ਸ਼ੁਰੂ ਹੋਏ ਤਾਂ ਉਹ ਸਥਾਨ ਹੀ ਵਿਦਿਆ ਮੰਦਰ ਵੀ ਬਣੇ। ਨਿਰਮਲਿਆਂ ਦੇ ਸਮੁੱਚੇ ਸਥਾਨ ਭੋਜਨਾਲਾ, ਔਸ਼ਦਾਲਾ ਦੇ ਨਾਲ-ਨਾਲ ਪੁਸਤਕਾਲਾ ਤੇ ਪਾਠਸ਼ਾਲਾ ਦੀ ਪੂਰਤੀ ਵੀ ਕਰਦੇ ਸਨ।

---

[9] **ਪੰਡਿਤ**: ਨਿਰਮਲੇ ਵਿਦਵਾਨਾਂ ਦੇ ਨਾਮ ਨਾਲ ਅਕਸਰ 'ਪੰਡਿਤ ਜੀ' ਸ਼ਬਦ ਪੜ੍ਹਨ-ਸੁਣਨ ਨੂੰ ਮਿਲਦਾ ਹੈ। ਪੰਡਿਤ ਜੀ ਦਾ ਇਹ ਲਕਬ ਉਨ੍ਹਾਂ ਨੂੰ ਸੰਤ ਸਮਾਜ ਵੱਲੋਂ ਹੀ ਮਿਲਿਆ ਹੁੰਦਾ ਹੈ। ਨਿਰਮਲਿਆਂ ਦੇ ਕਾਸ਼ੀ ਵਿਦਿਆ ਗ੍ਰਹਿਣ ਕਰਨ ਸਮੇਂ ਬ੍ਰਾਹਮਣ ਵਰਗ ਨੇ ਇਹ ਧਾਰਨਾ ਪ੍ਰਚਲਿਤ ਕੀਤੀ ਹੋਈ ਸੀ ਕਿ ਧਰਮ ਦੇ ਗ੍ਰੰਥ ਜੋ ਸੰਸਕ੍ਰਿਤ ਜਿਹੀ ਔਖੀ ਦੇਵ-ਭਾਸ਼ਾ ਸਮਝੀ ਜਾਂਦੀ ਭਾਸ਼ਾ ਵਿਚ ਰਚੇ ਹੋਏ ਸਨ, ਉਨ੍ਹਾਂ ਵਿਚਲਾ ਗਿਆਨ ਸਮਝਣ-ਸਮਝਾਉਣ ਵਾਲਾ 'ਪੰਡਿਤ' ਹੈ। ਉਸ ਸਮੇਂ ਸਨਾਤਨੀ ਵਿਦਿਆ ਕੇਂਦਰਾਂ ਉੱਤੇ ਜਦੋਂ ਕੋਈ ਵਿਦਵਾਨ ਸੰਸਕ੍ਰਿਤ ਦੇ ਗ੍ਰੰਥਾਂ ਦਾ ਪੂਰਨ ਅਧਿਐਨ ਕਰ ਕੇ ਗਿਆਨ ਹਾਸਿਲ ਕਰ ਗਿਆਨ-ਦਾਨ ਦੇਣਯੋਗ ਹੋ ਜਾਂਦਾ ਤਾਂ ਉਸ ਨੂੰ 'ਪੰਡਿਤ' ਜੀ ਦੇ ਲਕਬ ਨਾਲ ਸਤਿਕਾਰਿਆ ਜਾਂਦਾ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਵੀ 'ਪੰਡਿਤ' ਦੇ ਅਰਥ: 'ਵਿਦਿਆ ਵਿੱਚ ਨਿਪੁਣ ਪੁਰਖ' ਹਨ। (ਦੇਖੋ; ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 793) ਇਸ ਤਰਾਂ ਸਨਾਤਨੀ ਧਰਮਾਂ ਵਿਚ 'ਪੰਡਿਤ' ਧਰਮ ਦੇ ਗਿਆਨ-ਦਾਤਾ ਲਈ ਵਰਤਿਆ ਜਾਂਦਾ ਹੈ। ਗੁਰੂ ਸਾਹਿਬ ਜੀ ਦੇ ਅਸ਼ੀਰਵਾਦ ਸਦਕਾ ਜਦੋਂ ਸਿੱਖ ਵੀ ਸੰਸਕ੍ਰਿਤ ਭਾਸ਼ਾ ਅਤੇ ਧਰਮ ਗ੍ਰੰਥਾਂ ਦੇ ਮਾਹਰ ਵਿਦਵਾਨ ਬਣ ਗਏ ਤਾਂ ਉਨ੍ਹਾਂ ਨੂੰ ਵੀ 'ਪੰਡਿਤ' ਜੀ ਦੇ ਲਕਬ ਨਾਲ ਸਤਿਕਾਰਿਆ, ਸਨਮਾਨਿਆ ਗਿਆ। ਇਸ ਤੋਂ ਬਾਅਦ ਨਿਰਮਲ ਸੰਪ੍ਰਦਾਇ ਦੇ ਵਿਦਿਆਪਤੀਆਂ ਦੇ ਨਾਮ ਨਾਲ ਇਹ ਲਕਬ ਰੂੜ੍ਹ ਹੋ ਗਿਆ। ਇਨ੍ਹਾਂ ਦੀ ਵਿਦਵਤਾ ਕਾਰਨ ਕਈ ਇਨ੍ਹਾਂ ਨੂੰ 'ਸਿੱਖਾਂ ਦੇ ਪੰਡਿਤ' ਕਹਿ ਕੇ ਵੀ ਸਤਿਕਾਰਦੇ ਹਨ।

[10] ਡਾ. ਮਹਿੰਦਰ ਕੌਰ ਗਿਲ, *ਧਰਮ ਜਿਹਨਾਂ ਨੇ ਜੀਵਿਆ*, ਪੰਨਾ 121.

ਨਿਰਮਲੇ ਸੰਤਾਂ ਦੇ ਇਨ੍ਹਾਂ ਸਥਾਨਾਂ ਵਿਚ "ਦਿਨ ਵੇਲੇ ਗੁਰਮੁਖੀ ਪੜ੍ਹਾਉਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ, ਸੰਥਿਆ ਰਾਹੀਂ ਸਿਖਾਉਣ ਦਾ ਪ੍ਰਬੰਧ ਹੁੰਦਾ ਸੀ। ਕਈ ਡੇਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਰਥ, ਭਾਵਰਸਾਮ੍ਰਿਤ, ਸਾਰੁਕਤਾਵਲੀ, ਵਿਚਾਰ ਸਾਗਰ ਆਦਿ ਪੜ੍ਹਾਉਣ ਅਤੇ ਰਾਗ ਵਿਦਿਆ ਸਿਖਾਉਣ ਦਾ ਪ੍ਰਬੰਧ ਵੀ ਹੁੰਦਾ, ਪਾਠ ਕਰਾਉਣ ਲਈ ਟਕਸਾਲੀ ਪਾਠੀ ਵੀ ਮਿਲ ਜਾਂਦੇ, ਬਿਮਾਰਾਂ ਨੂੰ ਮੁਫ਼ਤ ਦਵਾਈ ਬੂਟੀ ਦਿੱਤੀ ਜਾਂਦੀ। ਇਹ ਡੇਰੇ ਲੋਕਾਂ ਦੇ ਠਹਿਰਨ ਤੇ ਲੰਗਰ ਦਾ ਪ੍ਰਬੰਧ ਵੀ ਕਰਦੇ। ... ਡੇਰਿਆਂ ਵਿਚ ਆਮ ਕਰਕੇ ਰਹਿਣ ਵਾਲੇ ਵਿਦਿਆਰਥੀਆਂ ਜਾਂ ਸਾਧੂਆਂ ਦੀ ਗਿਣਤੀ ਚਾਰ-ਪੰਜ, ਸੱਤ-ਅੱਠ, ਦਸ-ਬਾਰਾਂ ਤੋਂ ਲੈ ਕੇ 25 ਅਤੇ ਕਈ ਵੱਡੇ ਡੇਰਿਆਂ ਵਿਚ 50-60 ਤੱਕ ਵੀ ਰਹੀ ਹੈ।"[11] ਡੇਰਿਆਂ ਵਿਚ ਸੰਤਾਂ ਦਾ ਆਉਣ-ਜਾਣ ਬਣਿਆ ਰਹਿੰਦਾ ਸੀ ਅਤੇ ਵਿਦਿਆਰਥੀ ਇਨ੍ਹਾਂ ਦੇ ਗਿਆਨ ਦਾ ਲਾਹਾ ਲੈਂਦੇ ਰਹਿੰਦੇ ਸਨ।

ਹੌਲੀ-ਹੌਲੀ ਪਿੰਡ ਜਾਂ ਇਲਾਕੇ ਦੀ ਵਸੋਂ ਅਨੁਸਾਰ ਛੋਟੇ-ਵੱਡੇ ਡੇਰੇ ਬਣਨੇ ਅਰੰਭ ਹੋਏ ਅਤੇ ਨਿਰਮਲ ਸੰਪ੍ਰਦਾਇ ਦੇ ਇਨ੍ਹਾਂ ਡੇਰਿਆਂ ਵਿਚ ਵਾਧਾ ਹੋਣ ਲੱਗਾ। "ਗੁਰੂ ਗੋਬਿੰਦ ਸਿੰਘ ਜੀ ਦੇ ਉਦੇਸ਼ ਦੀ ਪ੍ਰਾਪਤੀ ਲਈ, ਗੁਰਮਤਿ ਦਾ ਪ੍ਰਚਾਰ ਕਰਨ ਅਤੇ ਵਿਦਿਆ ਦੇ ਪ੍ਰਸਾਰ ਲਈ ਨਿਰਮਲੇ ਵਿਦਵਾਨਾਂ ਨੇ ਸਾਰੇ ਭਾਰਤ ਵਿਚ ਅਤੇ ਵਿਸ਼ੇਸ਼ ਕਰ ਕੇ ਪੰਜਾਬ ਵਿੱਚ ਡੇਰੇ ਅਤੇ ਅਖਾੜੇ ਕਾਇਮ ਕਰ ਲਏ।"[12] ਇਹ ਵਿਦਵਾਨ ਸੰਤ ਹੁਣ ਡੇਰਿਆਂ ਤੋਂ ਬਾਹਰ ਲੋਕਾਂ ਵਿਚ ਜਾ ਕੇ ਵੀ ਕਥਾ, ਵਿਆਖਿਆ, ਕੀਰਤਨ ਆਦਿ ਕਰਨ ਲੱਗੇ। ਸ਼ਰਧਾਵਸ ਲੋਕ ਇਨ੍ਹਾਂ ਅੱਗੇ ਮੱਥਾ ਟੇਕਣ ਲੱਗੇ। ਇਸ ਨਾਲ ਇਨ੍ਹਾਂ ਡੇਰਿਆਂ ਵਿਚਲੇ ਵਿਦਵਾਨ 'ਡੇਰੇਦਾਰ' ਬਣਨ ਲੱਗੇ ਅਤੇ ਡੇਰੇ ਦਾ ਪ੍ਰਬੰਧ ਚਲਾਉਣ ਲੱਗੇ। ਇਨ੍ਹਾਂ ਵਿਦਵਾਨ ਸੰਤਾਂ ਦੀ ਕਾਰਜਸ਼ੈਲੀ ਤੋਂ ਪ੍ਰਭਾਵਿਤ ਲੋਕ ਡੇਰਿਆਂ ਨੂੰ ਆਰਥਿਕ ਪੱਖੋਂ ਵੀ ਮਜ਼ਬੂਤ ਕਰਨ ਲੱਗੇ।

ਨਿਰਮਲੇ ਸੰਤਾਂ ਦੇ ਸਥਾਨ ਬਹੁਪੱਖੀ ਸੇਵਾ ਦੇ ਕੇਂਦਰ ਸਨ। "ਜਿਸ ਵਕਤ ਦੇਸ਼ ਦੇ ਪਿੰਡਾਂ, ਨਗਰਾਂ, ਸ਼ਹਿਰਾਂ ਵਿਚ ਸਕੂਲ, ਕਾਲਜ, ਵਿਦਿਆਲਯ, ਆਦਿਕ ਮੌਜੂਦ ਨਹੀਂ ਸਨ, ਉਸ ਸਮੇਂ ਸੰਤਾਂ ਮਹਾਤਮਾ ਨੇ ਇਹਨਾਂ ਡੇਰਿਆਂ, ਆਸ਼ਰਮਾਂ ਦੁਆਰਾ ਸਕੂਲ, ਵਿਦਿਆਲਿਆ, ਔਸ਼ਧਾਲਿਆ ਦਾ ਕੰਮ ਕੀਤਾ। ਇਨ੍ਹਾਂ ਸਥਾਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਗੁਰਮੁਖੀ ਅਤੇ ਗੁਰਬਾਣੀ ਪੜ੍ਹਾਉਣ ਦੀ ਜ਼ਿੰਮੇਵਾਰੀ ਸਮਝ ਕਰਕੇ ਘਰ-ਘਰ ਵਿਚ ਜਾ ਕੇ ਗੁਰਮੁਖੀ ਪੜ੍ਹਾ ਕਰਕੇ ਗੁਰ ਇਤਿਹਾਸ ਅਤੇ ਗੁਰਬਾਣੀ ਦੇ ਦੁਆਰਾ ਗੁਰਮਤਿ

---

[11] ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 61.

[12] ਸੁਰਿੰਦਰ ਸਿੰਘ ਸ਼ੇਰਗਿਲ, *ਪੰਡਤ ਤਾਰਾ ਸਿੰਘ ਨਰੋਤਮ ਜੀਵਨ ਤੇ ਰਚਨਾ*, ਪੰਨਾ 4.

ਸਿਧਾਂਤ ਤੋਂ ਜਾਣੂ ਕਰਵਾਇਆ।"[13] ਸਮਕਾਲੀ ਸਥਿਤੀ ਵਿਚ ਲੋਕਾਈ ਨੂੰ ਵਿਦਿਅਕ ਪੱਖੋਂ ਇਲਮ ਭਰਪੂਰ ਕਰਨ ਲਈ ਇਸ ਸੰਪ੍ਰਦਾਇ ਦੇ ਸਥਾਨਾਂ ਦਾ ਅਹਿਮ ਯੋਗਦਾਨ ਹੈ।

**ਨਿਰਮਲੇ ਸਥਾਨਾਂ ਵਿਚਲੇ ਅਰੰਭਕ ਵਿਦਿਆਲਿਆ**

ਲੋਕਾਂ ਨੂੰ ਅੱਖਰ ਗਿਆਨ ਦੇਣ ਲਈ ਨਿਰਮਲੇ ਸੰਤਾਂ ਨੇ ਆਪਣੇ ਸਥਾਨਾਂ ਵਿਚੋਂ ਪਾਠਸ਼ਾਲਾਵਾਂ ਚਲਾਉਣੀਆਂ ਅਰੰਭ ਕੀਤੀਆਂ, ਮੁੱਖ ਉਦੇਸ਼ ਸੀ "ਧਰਮ ਸਥਾਨਾਂ (ਡੇਰਿਆਂ) ਤੇ ਵਿਦਿਆ-ਸਥਾਨਾਂ (ਟਕਸਾਲਾਂ) ਦੀ ਸਥਾਪਨਾ ਤੇ ਇਨ੍ਹਾਂ ਵਿਚ ਵਿਦਿਆ ਦਾ ਯਥਾਯੋਗ ਪ੍ਰਬੰਧ ਕਰਨਾ ਤੇ ਫਿਰ ਉਚੇਰੀ ਵਿਦਿਆ ਲਾਇਕ ਵਿਦਿਆਰਥੀਆਂ ਨੂੰ ਬਨਾਰਸ ਆਦਿ ਭੇਜਣਾ।"[14] ਇਸ ਤਰ੍ਹਾਂ ਨਾਲ ਸਿੱਖਿਆ ਦਾ ਪ੍ਰਚਲਨ ਹੋਰ ਤੇਜ ਹੋ ਗਿਆ। ਕੁੱਝ ਜਗੀਰਦਾਰਾਂ ਵੱਲੋਂ ਇਨ੍ਹਾਂ ਡੇਰਿਆਂ ਵਿਚ ਚਲਦੀਆਂ ਪਾਠਸ਼ਾਲਾਵਾਂ ਦੀ ਆਰਥਿਕ ਮਜ਼ਬੂਤੀ ਲਈ ਜਗੀਰਾਂ ਵੀ ਭੇਟ ਕੀਤੀਆਂ ਜਾਣ ਲੱਗੀਆਂ। ਨਿਰਮਲਿਆਂ ਦੇ ਮੁੱਢਲੇ ਵਿਦਿਆਲਿਆਂ ਵਿਚ "ਪੰਡਿਤ ਮਾਨ ਸਿੰਘ ਜੀ ਨੇ ਸੰਨ 1750 ਈ. ਵਿਚ ਕੁਰਛੇਤਰ ਪਾਠਸ਼ਾਲਾ ਖੋਲ੍ਹੀ। ਪ੍ਰਸਿੱਧ ਵਿਦਵਾਨ ਪੰਡਿਤ ਗੁਲਾਬ ਸਿੰਘ ਜੀ ਜਿਨ੍ਹਾਂ ਦਾ ਜਨਮ ਲਾਹੌਰ ਜ਼ਿਲ੍ਹੇ ਦੇ ਪਿੰਡ ਸੇਖਵ ਜਾਂ ਸੇਖਮ ਵਿਖੇ 1729 ਜਾਂ 1732 ਈ. ਵਿਚ ਹੋਇਆ ਮੰਨਿਆ ਜਾਂਦਾ ਹੈ, ਇਥੋਂ ਹੀ ਵਿਦਿਆ ਪ੍ਰਾਪਤ ਕੀਤੀ। ਸੰਨ 1751-52 ਈ. ਵਿਚ ਪੰਡਿਤ ਨਿੱਕਾ ਸਿੰਘ ਜੀ ਨੇ ਬਰਨਾਲੇ ਪਾਠਸ਼ਾਲਾ ਜਾਰੀ ਕੀਤੀ। ... ਬੀਬੀ ਪ੍ਰਧਾਨ ਕੌਰ ਵੀ ਏਥੋਂ ਵਿਦਿਆ ਪ੍ਰਾਪਤ ਕਰਕੇ ਵਿਦਵਾਨ ਬਣੇ।"[15] ਇਹ ਨਿਰਮਲ ਸੰਪ੍ਰਦਾਇ ਦੇ ਅਰੰਭਕ ਵਿਦਿਅਕ ਸੋਮੇ ਸਨ।

ਨਿਰਮਲੇ ਸੰਤਾਂ ਦੀ ਵਿਦਵਤਾ ਇੰਨੀ ਉੱਚ ਪੱਧਰ ਦੀ ਹੁੰਦੀ ਸੀ ਕਿ ਕਿੰਨੇ ਹੀ ਵਿਦਵਾਨਾਂ, ਰਾਜੇ ਮਹਾਰਾਜਿਆਂ ਅਤੇ ਉਨ੍ਹਾਂ ਦੇ ਬੱਚਿਆਂ ਨੇ ਇਨ੍ਹਾਂ ਸੰਤਾਂ ਤੋਂ ਵਿਦਿਆ ਹਾਸਲ ਕੀਤੀ। ਜਿਸ ਤਰ੍ਹਾਂ ਪਿੱਛੇ ਜ਼ਿਕਰ ਕੀਤਾ ਹੈ "ਮਹਾਰਾਜਾ ਆਲਾ ਸਿੰਘ ਨੇ ਬੀਬੀ ਪਰਧਾਨ ਕੌਰ ਦੀ ਪੜ੍ਹਾਈ ਲਈ ਮਹਾਨ ਨਿਰਮਲੇ ਸੰਤ ਪੰਡਿਤ ਨਿੱਕਾ ਸਿੰਘ ਨੂੰ ਅਧਿਆਪਕ ਨਿਯੁਕਤ ਕੀਤਾ ਸੀ। ਇਨ੍ਹਾਂ ਸੰਤਾਂ ਨੇ ਬੀਬੀ ਪਰਧਾਨ ਕੌਰ ਜੀ ਦੇ ਉਦਮ ਸਦਕਾ ਡੇਰਾ ਬਰਨਾਲਾ ਆਬਾਦ ਕੀਤਾ। ਆਪ ਦੀ ਵਿਦਵਤਾ ਦਾ ਲਾਭ ਉਠਾਉਣ ਲਈ ਦੂਰ-ਦੂਰ ਤੋਂ ਵਿਦਿਆਰਥੀ

---

[13] ਸੰਤ ਦਰਸ਼ਨ ਸਿੰਘ ਸ਼ਾਸਤ੍ਰੀ, ਸੰਤ ਸਤਨਾਮ ਸਿੰਘ ਸ਼ਾਸਤ੍ਰੀ, ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਭੇਖ ਤਥਾ ਨਿਰਮਲੇ ਸੰਤਾਂ ਦਾ ਸਮਾਜ ਨੂੰ ਸਰਵ ਪੱਖੀ ਯੋਗਦਾਨ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 150.

[14] ਪ੍ਰੋ. ਪਿਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ*, ਪੰਨਾ 64.

[15] ਗਿ. ਗੁਰਚਰਨ ਸਿੰਘ ਮੁਕਤਸਰ, ਕਰਮਜੀਤ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ ਸ਼ਾਖ ਬਰਨਾਲਾ*, ਪੰਨੇ 18-19.

ਆਉਣ ਲੱਗੇ। ਬੀਬੀ ਪਰਧਾਨ ਜੀ ਨੇ ਵੀ ਸੰਸਕ੍ਰਿਤ, ਗੁਰਬਾਣੀ ਅਤੇ ਧਾਰਮਕ ਗ੍ਰੰਥ ਇਨ੍ਹਾਂ ਪਾਸੋਂ ਪੜ੍ਹਨੇ ਸ਼ੁਰੂ ਕੀਤੇ। ਸਤਿਸੰਗ ਸਮੇਂ ਕਥਾ ਕੀਰਤਨ ਵਿਚ ਤਕੜੀ ਹਾਜ਼ਰੀ ਹੋਣ ਲੱਗ ਪਈ। ਸ੍ਰੋਤਿਆਂ ਵਿਚੋਂ ਕਈਆਂ ਦੇ ਜੀਵਨ ਪਲਟ ਗਏ। ਸੈਂਕੜਿਆਂ ਦੀ ਗਿਣਤੀ ਵਿਚ ਸਾਧੂ ਅਤੇ ਵਿਦਿਆਰਥੀ ਆਪ ਪਾਸ ਰਹਿਣ ਲੱਗ ਪਏ।"[16]

## ਸ੍ਰੀ ਗੁਰੂ ਨਾਨਕ ਸੰਸਕ੍ਰਿਤ ਮਹਾਂਵਿਦਿਆਲਯ, ਚੇਤਨ ਮਠ, ਕਾਸ਼ੀ

ਨਿਰਮਲੇ ਵਿਦਵਾਨਾਂ ਦੀ ਵਿਦਵਤਾ ਨੇ ਲੋਕਾਂ ਨੂੰ ਇਨ੍ਹਾਂ ਪ੍ਰਭਾਵਿਤ ਕੀਤਾ ਕਿ ਇਨ੍ਹਾਂ ਸੰਤਾਂ ਦੇ ਵਖਿਆਨ ਸੁਣਕੇ ਬਹੁਤੇ ਜਿਗਿਆਸੂ ਇਨ੍ਹਾਂ ਦੇ ਹੀ ਹੋ ਕੇ ਰਹਿ ਜਾਂਦੇ। ਇਨ੍ਹਾਂ ਵਿਦਵਾਨਾਂ ਵਿਚ ਸੰਸਕ੍ਰਿਤ ਦਾ ਗਿਆਨ ਦੇਖ ਕੇ ਲੋਕਾਂ ਵਿਚ ਸੰਸਕ੍ਰਿਤ ਭਾਸ਼ਾ ਸਿੱਖਣ ਦੀ ਰੁਚੀ ਵਧੀ ਅਤੇ ਉਹ ਸੰਸਕ੍ਰਿਤ ਦੇ ਮੁੱਖ ਕੇਂਦਰ ਕਾਸ਼ੀ ਵੱਲ ਹੋ ਤੁਰੇ। "ਸੰਸਕ੍ਰਿਤ ਵਿਦਿਆ ਪ੍ਰਤੀ ਗੁਰਸਿੱਖਾਂ ਦੀ ਵਧਦੀ ਅਭਿਲਾਖਾ ਨੂੰ ਦੇਖਕੇ ਸਭ ਤੋਂ ਪਹਿਲਾਂ ਸੰਗਤ ਚੇਤਨ ਮਠ ਕਾਸ਼ੀ (ਬਨਾਰਸ) ਵਿਖੇ 'ਸ੍ਰੀ ਗੁਰੂ ਨਾਨਕ ਸੰਸਕ੍ਰਿਤ ਮਹਾਂਵਿਦਿਆਲਯ' ਕਾਇਮ ਕੀਤਾ। ਜਿਸ ਵਿਚ ਅਨੇਕ ਸੰਤ ਵਿਦਿਆਰਥੀ ਸੰਸਕ੍ਰਿਤ ਵਿਦਿਆ ਦਾ ਅਧਿਐਨ ਕਰਕੇ ਪੂਰੇ ਭਾਰਤ ਵਰਸ਼ ਵਿਚ ਧਰਮ ਪ੍ਰਚਾਰ ਕਰਦੇ ਰਹੇ।"[17] ਇਸ ਸਥਾਨ 'ਤੇ ਕਾਸ਼ੀ ਦੇ ਮਹਾਨ ਵਿਦਿਆ-ਦਾਤਾ ਅਧਿਆਪਕ ਰਹੇ ਹਨ ਜਿਨ੍ਹਾਂ ਤੋਂ ਵਿਦਿਆ ਗ੍ਰਹਿਣ ਕਰ ਬਹੁਤੇ ਜਿਗਿਆਸੂ ਵਿਦਵਾਨ ਬਣੇ। ਬਾਅਦ ਵਿਚ ਜਿਗਿਆਸੂਆਂ ਦੀ ਪਰਿਪਾਟੀ ਜਿਹੀ ਚੱਲ ਪਈ, ਕੁੱਝ ਸੰਤ ਵਿਦਿਆ ਪ੍ਰਾਪਤ ਕਰਕੇ ਆ ਜਾਂਦੇ ਅਤੇ ਕੁੱਝ ਵਿਦਿਆਰਥੀ ਵਿਦਿਆ ਪ੍ਰਾਪਤੀ ਲਈ ਕਾਸ਼ੀ ਜਾ ਪਹੁੰਚਦੇ ਸਨ।

## ਬੁੰਗਾ ਨਿਰਮਲਿਆਂ

ਨਿਰਮਲ ਸੰਪ੍ਰਦਾਇ ਦੇ ਅਰੰਭਕ ਡੇਰਿਆਂ ਵਿਚ ਬੁੰਗਾ ਨਿਰਮਲਿਆਂ (ਮੌਜੂਦਾ ਸਮੇਂ ਨਿਰਮਲ ਅਖਾੜਾ, ਮਹੰਤ ਮੂਲ ਸਿੰਘ, ਕੌਲਸਰ) ਦਾ ਨਾਮ ਜ਼ਿਕਰਯੋਗ ਹੈ। "ਸੰਤ ਕੋਇਰ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਪ੍ਰਕਰਮਾ ਦੇ ਨਾਲ ਲਗਦੇ ਇਸ ਬੁੰਗੇ ਦੀ ਬੁਨਿਆਦ 1750 ਈ. ਵਿਚ ਰੱਖੀ ਸੀ। ਇਹ ਉਹੀ ਬੁੰਗਾ ਹੈ ਜਿਸ ਦੇ ਪੁਲ ਹੇਠੋਂ ਲੰਘ ਕੇ ਸ੍ਰੀ ਦਰਬਾਰ ਸਾਹਿਬ ਵੱਲੋਂ ਬਾਬਾ ਅਟੱਲ ਸਾਹਿਬ ਵੱਲ ਜਾਈਦਾ ਸੀ।"[18]

---

[16] ਗਿ. ਗੁਰਚਰਨ ਸਿੰਘ ਮੁਕਤਸਰ, ਕਰਮਜੀਤ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ ਸ਼ਾਖ ਬਰਨਾਲਾ*, ਪੰਨਾ 38.

[17] ਸੰਤ ਦਰਸ਼ਨ ਸਿੰਘ ਸ਼ਾਸਤ੍ਰੀ, ਸੰਤ ਸਤਨਾਮ ਸਿੰਘ ਸ਼ਾਸਤ੍ਰੀ, ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਭੇਖ ਤਥਾ ਨਿਰਮਲੇ ਸੰਤਾਂ ਦਾ ਸਮਾਜ ਨੂੰ ਸਰਵ ਪੱਖੀ ਯੋਗਦਾਨ, ਡਾ. ਹਰਭਜਨ ਸਿੰਘ (ਸੰਪਾ.) *ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆਕਾਰੀ*, ਪੰਨਾ 39.

[18] ਹਰਿਭਜਨ ਸਿੰਘ, ਅਮ੍ਰਿਤਸਰ ਦੇ ਨਿਰਮਲ ਡੇਰੇ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 93.

ਬਾਅਦ ਵਿਚ ਪ੍ਰਕਰਮਾ ਚੌੜ੍ਹੀ ਕਰਨ ਸਮੇਂ ਇਹ ਬੁੰਗਾ ਢਾਹ ਦਿੱਤਾ ਗਿਆ ਅਤੇ ਇਸ ਦੇ ਉੱਤਰ-ਅਧਿਕਾਰੀ ਸੰਤਾਂ ਨੇ ਮਹੰਤ ਮੂਲ ਸਿੰਘ ਜੀ ਸਮੇਂ ਇਸ ਬੁੰਗੇ ਦੀ ਥਾਂ 'ਕੌਲਸਰ' (ਅੰਮ੍ਰਿਤਸਰ) ਵਿਖੇ ਆਪਣਾ ਡੇਰਾ ਕਾਇਮ ਕਰ ਲਿਆ, ਜੋ ਨਿਰਮਲ ਅਖਾੜਾ ਮਹੰਤ ਮੂਲ ਸਿੰਘ ਦੇ ਨਾਮ ਨਾਲ ਪ੍ਰਚਲਿਤ ਹੈ।

ਇਸ ਥਾਂ (ਬੁੰਗਾ ਨਿਰਮਲਿਆਂ) ਵਿਚ ਬਹੁਤ ਨਿਰਮਲੇ ਸੰਤ, ਵਿਦਵਾਨ ਆਪਣਾ ਟਿਕਾਣਾ ਕਰਦੇ ਰਹੇ ਹਨ। ਅਨੇਕਾਂ ਸੰਤ ਵਿਦਿਆਰਥੀ ਇਨ੍ਹਾਂ ਸਥਾਨਾਂ ਵਿਚਲੇ ਵਿਦਵਾਨਾਂ ਕੋਲੋਂ ਵਿਦਿਆ ਗ੍ਰਹਿਣ ਕਰਦੇ ਰਹੇ ਹਨ। ਮਹੰਤ ਤਾਰਾ ਸਿੰਘ ਜੀ ਇਸ ਬੁੰਗੇ ਵਿਚ ਮਹੰਤ ਜੋਗਾ ਸਿੰਘ ਜੀ ਦੇ ਸ਼ਿਸ਼ ਸਨ। ਇਹ "ਬਹੁਤ ਹੀ ਲਗਨ ਨਾਲ ਵਿਦਿਆ ਗ੍ਰਹਿਣ ਕਰਦੇ ਰਹੇ ਅਤੇ ਡੇਰੇ ਨੂੰ ਸਮਰਪਿਤ ਹੋ ਗਏ। ਮਹਾਂਪੁਰਖਾਂ ਅਤੇ ਸਾਧ-ਸੰਗਤ ਦੀ ਸੇਵਾ ਵਿਚ ਲੱਗ ਕੇ ਨਾਲ ਹੀ ਵਿਦਿਆ ਪੜ੍ਹਦੇ ਰਹੇ। ਗੁਰਮਤਿ, ਗੁਰਬਾਣੀ, ਗੁਰਇਤਿਹਾਸ ਦੇ ਮਹਾਨ ਵਿਦਵਾਨ ਬਣੇ।"[19] ਸੰਮਤ 1921 (1964 ਈ.) ਵਿਚ ਮਹੰਤ ਜੋਗਾ ਸਿੰਘ ਜੀ ਦੇ ਅਕਾਲ ਚਲਾਣੇ ਉਪਰੰਤ ਡੇਰੇ ਦੇ ਮਹੰਤ ਥਾਪੇ ਗਏ।

ਇਸ ਉਕਤ ਬੁੰਗੇ ਤੋਂ ਇਲਾਵਾ ਨਿਰਮਲੇ ਸੰਤਾਂ ਦੇ ਹਰਿਮੰਦਰ ਸਾਹਿਬ ਦੇ ਦੁਆਲੇ ਹੋਰ ਵੀ ਬੁੰਗੇ ਸਨ ਜੋ ਵਿਦਿਆ ਦੀਆਂ ਟਕਸਾਲਾਂ ਸਨ। ਇਨ੍ਹਾਂ ਵਿਚੋਂ ਕੁੱਝ ਦਾ ਅੰਸ਼ਿਕ ਜ਼ਿਕਰ ਉਪਰ ਹੋ ਚੁੱਕਾ ਹੈ।

**ਡੇਰਾ ਠਾਕੁਰਾਂ, ਚੌਕ ਮੋਨੀ, ਅੰਮ੍ਰਿਤਸਰ**

ਅੰਮ੍ਰਿਤਸਰ ਵਿਚ ਇਕ ਸੰਤ ਰਾਮ ਸਿੰਘ ਜੀ ਵਿਰਕਤ ਬਿਰਤੀ ਦੇ ਮਾਲਕ ਸਨ, ਜੋ ਕੱਖਾਂ-ਕਾਨਿਆਂ ਦੀ ਝੁੱਗੀ ਵਿਚ ਬਾਬਾ ਅਟੱਲ ਰਾਏ ਦੇ ਦਰਬਾਰ ਦੇ ਨੇੜੇ ਹੀ ਅੰਮ੍ਰਿਤਸਰ ਵਿਚ ਰਿਹਾ ਕਰਦੇ ਸਨ। "ਸੰਤ ਦਿਆਲ ਸਿੰਘ ਜੀ ਦੀ ਉਮਰ 15 ਸਾਲ ਸੀ ਜਦੋਂ ਉਨ੍ਹਾਂ ਦੇ ਮਾਤਾ-ਪਿਤਾ ਸਵਰਗਵਾਸ ਹੋ ਗਏ ਅਤੇ ਆਪ ਸੰਤ ਰਾਮ ਸਿੰਘ ਜੀ ਦੇ ਚਰਨਾ ਵਿਚ ਆ ਬਿਰਾਜੇ। ਆਪ ਨੇ ਸੰਤਾਂ ਪਾਸੋਂ ਬੜੀ ਸ਼ਰਧਾ ਨਾਲ ਵਿਦਿਆ ਪਰਾਪਤ ਕੀਤੀ।"[20] ਇਨ੍ਹਾਂ ਸੰਤਾਂ ਦੇ ਕਈ ਸੇਵਕ ਸਨ ਜਿਨ੍ਹਾਂ ਵਿਚੋਂ ਸੰਤ ਦਿਆਲ ਸਿੰਘ ਅਤਿਨਿਕਟ-ਵਰਤੀ ਸਨ, ਜੋ ਬਾਅਦ ਵਿਚ ਸੰਤ ਠਾਕੁਰ ਦਿਆਲ ਸਿੰਘ ਨਾਮ ਨਾਲ ਜਾਣੇ ਗਏ। ਸੰਤ ਜੀ ਤੋਂ ਇਨ੍ਹਾਂ ਨੇ ਵਿਦਿਆ ਗਿਆਨ ਪ੍ਰਾਪਤ ਕੀਤਾ।

[19] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 644.

[20] ਹਰਿਭਜਨ ਸਿੰਘ, ਅੰਮ੍ਰਿਤਸਰ ਦੇ ਨਿਰਮਲ ਡੇਰੇ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 95.

ਸੰਤ ਠਾਕੁਰ ਦਿਆਲ ਸਿੰਘ ਦਾ ਡੇਰਾ 'ਡੇਰਾ ਠਾਕੁਰਾਂ' ਚੌਕ ਮੋਨੀ, ਅੰਮ੍ਰਿਤਸਰ ਵਿਚ ਸਥਿਤ ਹੈ। ਇਹ ਨਿਰਮਲ ਸੰਪ੍ਰਦਾਇ ਦੇ ਮਹਾਨ ਵਿਦਵਾਨ ਸਨ। ਇਨ੍ਹਾਂ ਦੀ ਪ੍ਰਤਿਭਾ ਤੋਂ ਪ੍ਰਭਾਵਿਤ ਮਹਾਰਾਜਾ ਰਣਜੀਤ ਸਿੰਘ, ਮਹਾਰਾਣੀ ਜਿੰਦਾਂ ਅਤੇ ਮਹਾਰਾਜਾ ਪਟਿਆਲਾ ਅਕਸਰ ਇਨ੍ਹਾਂ ਦੇ ਸਦ-ਉਪਦੇਸ਼ ਸੁਣਨ ਲਈ ਆਉਂਦੇ ਰਹਿੰਦੇ ਸਨ। ਇਨ੍ਹਾਂ ਕੋਲੋਂ ਡੇਰੇ ਵਿਚ ਰਹਿ ਕੇ ਸੈਂਕੜੇ ਸੰਤ ਵਿਦਿਆਰਥੀਆਂ ਨੇ ਵਿਦਿਆ ਪ੍ਰਾਪਤ ਕੀਤੀ ਹੈ। ਆਪ ਜੀ ਦੇ ਸ਼ਿਸ਼ਾਂ (ਵਿਦਿਆਰਥੀਆਂ) ਦੀ ਸੂਚੀ ਬਹੁਤ ਲੰਬੀ ਹੈ, ਜਿਨ੍ਹਾਂ ਨੇ ਇਨ੍ਹਾਂ ਤੋਂ ਵਿਦਿਆ ਪ੍ਰਾਪਤ ਕੀਤੀ, ਕੁੱਝ ਪ੍ਰਮੁੱਖ ਸ਼ਿਸ਼ ਨਿਮਨ ਸਨ:[21]

1. ਸ੍ਰੀ ਮਾਨ ਠਾਕੁਰ ਗੁਲਾਬ ਸਿੰਘ ਜੀ, ਪਿੰਡ ਰਗੜੀ, ਜ਼ਿਲ੍ਹਾ ਫ਼ਿਰੋਜ਼ਪੁਰ।
2. ਸੰਤ ਭਗਤ ਸਿੰਘ ਤਰਨ ਤਾਰਨ, ਏਥੇ ਆਪ ਨੇ ਬੁੰਗੇ ਬਣਾਉਣ ਦੀ ਸੇਵਾ ਕੀਤੀ।
3. ਸ੍ਰੀ ਮਾਨ ਸੰਤ ਮਿਸ਼ਰਾ ਸਿੰਘ ਜੀ, ਡੇਰਾ ਲਛਮਣਸਰ (ਸ੍ਰੀ ਅੰਮ੍ਰਿਤਸਰ)।
4. ਸੰਤ ਬਾਬਾ ਧਰਮ ਸਿੰਘ ਜੀ ਸਮਾਧੀ।
5. ਸੰਤ ਮਹਾਰਾਜ ਠਾਕੁਰ ਨਿਹਾਲ ਸਿੰਘ ਥੋਹਾ ਖ਼ਾਲਸਾ ਵਾਲੇ, ਮਹਾਨ ਲਿਖਾਰੀ ਤੇ ਖ਼ਾਲਸਾ ਸ਼ਤਕ ਦੇ ਲੇਖਕ ਤੇ 'ਜਾਪ ਸਾਹਿਬ' ਦੇ ਟੀਕਾਕਾਰ ਪ੍ਰਸਿੱਧ ਸਨ।
6. ਸ੍ਰੀ ਮਾਨ ਪੰਡਿਤ ਹਰੀ ਸਿੰਘ ਵਿਰਕਤ ਰਿਖੀਕੇਸ਼, ਕਰਤਾ 'ਗੁਰੂ ਨਾਨਕ ਅਸ਼ਟਕ', ਆਦਿ।
7. ਸੰਤ ਚਾਨਣਾ ਸਿੰਘ ਜੀ ਸ੍ਰੀ ਅੰਮ੍ਰਿਤਸਰ।
8. ਸ੍ਰੀ ਮਾਨ ਪੰਡਿਤ ਸ਼ਾਮ ਸਿੰਘ ਜੀ।
9. ਸੰਤ ਭੋਲਾ ਸਿੰਘ ਜੀ ਈਸੜੂ।
10. ਮਹੰਤ ਦੇਵਾ ਸਿੰਘ ਬਲੋਕੇ।

ਇਹ ਉਕਤ ਕੁੱਝ ਸੰਤਾਂ ਤੋਂ ਇਲਾਵਾ ਹੋਰ ਵੀ ਅਨੇਕ ਸੰਤ ਹਨ ਜਿਨ੍ਹਾਂ ਨੇ ਠਾਕੁਰ ਦਿਆਲ ਸਿੰਘ ਜੀ ਤੋਂ ਵਿਦਿਆ ਪ੍ਰਾਪਤ ਕਰਕੇ ਅਲੱਗ-ਅਲੱਗ ਇਲਾਕਿਆਂ ਵਿਚ ਜਾ ਕੇ ਵਿਦਿਆ ਅਤੇ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕੀਤਾ।

ਸੰਤ ਠਾਕੁਰ ਦਿਆਲ ਸਿੰਘ ਦੇ ਵਿਦਵਾਨ ਸ਼ਿਸਾਂ ਵਿਚੋਂ ਇਕ ਸੰਤ ਨਿਹਾਲ ਸਿੰਘ ਜੀ ਨਿਰਮਲ ਸੰਪ੍ਰਦਾਇ ਦੇ ਪ੍ਰਬੁੱਧ ਵਿਦਵਾਨ ਹੋਏ ਹਨ। ਇਹ ਬਹੁਗੁਣੀ ਪ੍ਰਤਿਭਾ ਦੇ ਮਾਲਕ ਸਨ। ਮਾਪਿਆਂ ਵੱਲੋਂ 7 ਸਾਲ

---

[21] ਈਸ਼ਰ ਸਿੰਘ ਨਾਰਾ, ਕੁੱਝ ਅਣਗੌਲੇ ਨਿਰਮਲੇ ਸੰਤ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 431.

ਦੀ ਉਮਰ ਵਿਚ ਵਿਦਿਆ ਗ੍ਰਹਿਣ ਕਰਨ ਲਈ ਇਨ੍ਹਾਂ ਨੂੰ ਠਾਕੁਰ ਦਿਆਲ ਸਿੰਘ ਜੀ ਦੇ ਸਪੁਰਦ ਕੀਤਾ ਗਿਆ। "ਇਨ੍ਹਾਂ ਨੇ ਡੇਰੇ ਦੀ ਸੰਤ-ਸੇਵਾ ਦੇ ਨਾਲ-ਨਾਲ ਕਰੀਬਨ 15 ਸਾਲ ਭਾਸ਼ਾ ਤੇ ਸੰਸਕ੍ਰਿਤ ਦੇ ਧਰਮ-ਗ੍ਰੰਥਾਂ ਅਤੇ ਗੁਰੂ ਗ੍ਰੰਥ ਸਾਹਿਬ ਦਾ ਅਰਥਾਂ ਸਹਿਤ ਅਧਿਐਨ ਕੀਤਾ। ਇਹ ਨਾਲੋ ਨਾਲ ਰਾਗ ਵਿਦਿਆ, ਕੀਰਤਨ ਅਤੇ ਜੋੜੀ (ਤਬਲਾ) ਵਜਾਉਣ ਦੇ ਮਾਹਿਰ ਹੋ ਗਏ ਸਨ। ਹੌਲੀ-ਹੌਲੀ ਦਰਬਾਰ ਸਾਹਿਬ ਜਾ ਕੇ ਕੀਰਤਨੀ ਜਥੇ ਨਾਲ ਜੋੜੀ ਵਜਾਉਣ ਦੀ ਸੇਵਾ ਵੀ ਕਰਨ ਲੱਗ ਪਏ।"[22] ਸੰਤ ਨਿਹਾਲ ਸਿੰਘ ਜੀ ਕੇਵਲ ਕੀਰਤਨੀਏ ਨਹੀਂ ਸਨ। ਇਹ ਇਕ ਚੰਗੇ ਗਿਆਨੀ, ਸੰਸਕ੍ਰਿਤ ਦੇ ਪੰਡਿਤ ਅਤੇ ਕਵੀਸ਼ਰ ਵੀ ਮੰਨੇ ਜਾਂਦੇ ਸਨ। ਇਸ ਨਿਰਮਲ ਡੇਰੇ ਦੇ ਉਕਤ ਇਕ ਸੰਤ ਦੀ ਵਿਦਿਆ ਤੋਂ ਸਹਿਜੇ ਅਨੁਭਵ ਹੁੰਦਾ ਹੈ ਕਿ ਨਿਰਮਲੇ ਡੇਰਿਆਂ ਵਿਚ ਸਿਰਫ਼ ਇਕ ਤਰ੍ਹਾਂ ਦੀ ਨਹੀਂ, ਵੱਖ-ਵੱਖ ਖੇਤਰ੍ਹਾਂ ਦੀ ਵਿਦਿਆ ਦਿੱਤੀ ਜਾਂਦੀ ਸੀ। ਬਹੁਭਾਸ਼ੀ ਗਿਆਨ ਦੇ ਨਾਲ-ਨਾਲ ਗੁਰਬਾਣੀ ਵਿਆਖਿਆ, ਦਰਸ਼ਨ, ਰਾਗ ਅਤੇ ਸੰਗੀਤ ਆਦਿ ਵਿਦਿਆ ਵੀ ਦਿੱਤੀ ਜਾਂਦੀ ਸੀ।

### ਡੇਰਾ ਮਹੰਤ ਮਿਸ਼ਰਾ ਸਿੰਘ ਜੀ, ਚੌਕ ਲਛਮਣਸਰ, ਸ੍ਰੀ ਅੰਮ੍ਰਿਤਸਰ

ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ ਕਿ ਸੰਤ ਮਿਸ਼ਰਾ ਸਿੰਘ ਜੀ (ਡੇਰਾ ਮਹੰਤ ਮਿਸ਼ਰਾ ਸਿੰਘ ਜੀ), ਠਾਕੁਰ ਦਿਆਲ ਸਿੰਘ ਜੀ ਦੇ ਸ਼ਿਸ਼ ਸਨ। ਇਨ੍ਹਾਂ ਨੇ 20 ਸਾਲ ਦੀ ਉਮਰ ਤੱਕ ਗੁਰਮਤਿ ਅਤੇ ਰਾਗ ਵਿਦਿਆ ਗ੍ਰਹਿਣ ਕੀਤੀ। ਫਿਰ ਗ੍ਰਹਿਸਤੀ ਹੋ ਗਏ ਉਪਰੰਤ ਠਾਕੁਰ ਦਿਆਲ ਸਿੰਘ ਜੀ ਦੇ ਸ਼ਿਸ਼ ਬਣੇ। ਇਹ ਡੇਰੇ ਦੀ ਸੇਵਾ ਦੇ ਨਾਲ-ਨਾਲ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਕੀਰਤਨ ਵੀ ਕਰਦੇ ਸਨ। ਇਨ੍ਹਾਂ ਤੋਂ ਪ੍ਰਭਾਵਿਤ ਬਾਬਾ ਫ਼ਤਿਹ ਸਿੰਘ ਜੀ ਜੋ ਇਥੇ ਹੀ ਇਕ ਡੇਰੇ ਦਾ ਬਾਨੀ ਸਨ, ਸੰਤ ਮਿਸਰਾ ਸਿੰਘ ਜੀ ਨੂੰ ਠਾਕੁਰ ਨਿਹਾਲ ਸਿੰਘ ਜੀ ਪਾਸੋਂ ਮੰਗ ਕੇ ਲੈ ਆਪਣੇ ਸਥਾਨ 'ਤੇ ਗਏ। ਸੰਤ ਫ਼ਤਿਹ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਇਹ (ਸੰਤ ਮਿਸ਼ਰਾ ਸਿੰਘ) ਡੇਰੇ ਦੇ ਮਹੰਤ ਬਣੇ। ਇਹ ਡੇਰਾ ਹੀ ਭਵਿੱਖ ਵਿਚ ਜਾ ਕੇ ਡੇਰਾ ਮਿਸ਼ਰਾ ਸਿੰਘ ਜੀ ਦੇ ਨਾਮ ਨਾਲ ਪ੍ਰਚਲਿਤ ਹੋਇਆ।

ਇਸੇ ਡੇਰੇ ਵਿਚੋਂ ਪੰਡਿਤ ਦੇਵਾ ਸਿੰਘ ਮੁਲਤਾਨ ਵਾਲਿਆਂ ਨੇ ਵਿਦਿਆ ਪ੍ਰਾਪਤ ਕੀਤੀ। ਇਹ 12 ਸਾਲ ਇਕ ਰਸ-ਸੇਵਾ ਸਿਮਰਨ ਅਤੇ ਗੁਰਬਾਣੀ ਦਾ ਪਾਠ ਤੇ ਅਰਥ-ਬੋਧ ਜਾਣਦੇ ਰਹੇ। ਉਪਰੰਤ ਆਪਣੇ ਸੰਤ ਮਹਾਰਾਜ ਦੀ ਆਗਿਆ ਨਾਲ ਮਹੰਤ ਜਵਾਲਾ ਸਿੰਘ ਜੀ ਤੋਂ ਸੰਸਕ੍ਰਿਤ ਵਿਦਿਆ ਪ੍ਰਾਪਤ ਕੀਤੀ। ਵਿਦਿਆ ਪ੍ਰਾਪਤ ਕਰ ਵਿਦਵਾਨ ਬਣ ਕੇ ਪੰਡਿਤ ਦੇਵਾ ਸਿੰਘ ਦੇ ਨਾਮ ਨਾਲ ਮਸ਼ਹੂਰ ਹੋਏ।

---

[22] ਈਸ਼ਰ ਸਿੰਘ ਨਾਰਾ, ਕੁੱਝ ਅਣਗੌਲੇ ਨਿਰਮਲੇ ਸੰਤ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 432.

**ਬੁੰਗਾ ਮਦਰੱਸਾ, ਦਮਦਮਾ ਸਾਹਿਬ**

ਦਮਦਮਾ ਸਾਹਿਬ ਵਿਚਲੇ ਬੁੰਗਾ ਮਦਰਸਾ ਦੇ ਸੰਸਥਾਪਕ ਸੰਤ ਗੁਲਾਬ ਸਿੰਘ ਹੋਏ ਹਨ। ਇਹ "ਸੰਤ ਰਣ ਸਿੰਘ ਜੀ ਦੇ ਸ਼ਿਸ਼ ਸਨ। ਇਕ ਪੁਰਾਤਨ ਖ਼ਾਲੀ ਮਕਬਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਪਾਠਸ਼ਾਲਾ ਖੋਲ੍ਹ ਦਿੱਤੀ, ਰਿਹਾਇਸ਼ ਵਾਸਤੇ ਹੋਰ ਕਮਰੇ ਬਣਵਾ ਲਏ। ਸੰਤ ਗੁਲਾਬ ਸਿੰਘ ਜੀ ਸਾਹਿਤ, ਕਾਵਿ, ਕੋਸ਼, ਇਤਿਹਾਸ, ਦਰਸ਼ਨ, ਗੁਰਬਾਣੀ ਦੇ ਮਹਾਨ ਵਿਦਵਾਨ ਸਨ। ਇਸ ਬੁੰਗੇ ਵਿਚ ਦੂਰੋਂ-ਦੂਰੋਂ ਵਿਦਿਆਰਥੀ ਵਿਦਿਆ ਪ੍ਰਾਪਤੀ ਵਾਸਤੇ ਆਉਂਦੇ ਸਨ। ਇਸੇ ਕਰਕੇ 'ਬੁੰਗਾ ਮਦਰਸਾ' ਪ੍ਰਸਿੱਧ ਹੋਇਆ। ਅੰਮ੍ਰਿਤ ਛਕਾਉਣ ਦੀ ਸੇਵਾ ਵੀ ਇਸੇ ਬੁੰਗੇ ਨੂੰ ਮਿਲੀ ਹੋਈ ਸੀ।"[23] ਇਥੋਂ ਬਹੁਤ ਸਾਰੇ ਪ੍ਰਾਣੀਆਂ ਨੇ ਵਿਦਿਆ ਪ੍ਰਾਪਤ ਕੀਤੀ ਹੈ।

**ਸ੍ਰੀ ਨਿਰਮਲ ਸੰਸਕ੍ਰਿਤ ਮਹਾਂਵਿਦਿਆਲਯ, ਕਨਖਲ, ਹਰਿਦੁਆਰ**

ਨਿਰਮਲ ਸੰਪ੍ਰਦਾਇ ਦਾ ਪ੍ਰਮੁੱਖ ਸਥਾਨ ਕਨਖਲ, ਹਰਿਦੁਆਰ ਬਣਾ ਕੇ ਨਿਰਮਲ ਸੰਪ੍ਰਦਾਇ ਦੇ ਅਲੱਗ-ਅਲੱਗ ਵਿਚਰ ਰਹੇ ਸੰਤਾਂ ਨੂੰ ਇਕ ਸੂਤਰ ਵਿਚ ਪਰੋਇਆ ਗਿਆ। ਇਸ ਟਿਕਾਣੇ ਦੇ ਹੋਂਦ ਵਿਚ ਆਉਂਦਿਆਂ ਹੀ ਬਾਕੀ ਕਾਰਜਾਂ ਦੇ ਨਾਲ-ਨਾਲ ਅਗਲੀ ਪੀੜ੍ਹੀ ਦੇ ਸਾਧੂਆਂ/ ਜਿਗਿਆਸੂਆਂ ਨੂੰ ਵਿਦਿਆ ਦੇਣ ਲਈ ਕੀਤੇ ਉਪਰਾਲੇ ਵਜੋਂ ਕਨਖਲ ਵਿਖੇ ਹੀ ਇਕ ਸੰਸਕ੍ਰਿਤ ਵਿਦਿਆਲਾ ਖੋਲ੍ਹਣ ਦੀ ਵਿਚਾਰ ਬਣੀ। ਗੁਰਦੀਪ ਸਿੰਘ ਕੇਸਰੀ ਦੇ ਸ਼ਬਦਾਂ ਅਨੁਸਾਰ "ਏਸ ਤਰ੍ਹਾਂ ਕਨਖਲ, ਹਰਿਦਵਾਰ ਵਿਚ 'ਸ੍ਰੀ ਨਿਰਮਲ ਸੰਸਕ੍ਰਿਤ ਮਹਾਂਵਿਦਿਆਲਯ, ਅਖਾੜੇ ਦੀ ਸਥਾਪਨਾ ਦੇ ਸਮੇਂ ਤੋਂ ਹੋਂਦ ਵਿਚ ਆਇਆ ਹੋਇਆ ਹੈ। ਇਸ ਦੇ ਖ਼ਰਚੇ ਦਾ ਕੁੱਲ ਪ੍ਰਬੰਧ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਹੀ ਕਰਦਾ ਹੈ। ਇਸ ਵਿਦਿਆਲਯ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਰਹਾਇਸ਼, ਲੰਗਰ, ਫਾਰਮ, ਫੀਸ, ਤੇਲ, ਸਾਬਣ ਤੱਕ ਸਾਰੇ ਭਾਰ ਵਾਹਨ ਕਰਦਾ ਹੈ।"[24] ਇਸ ਵਿਦਿਆਲਿਆ ਵਿਚ ਕਈ ਹੋਰ ਧਰਮਾਂ, ਵਰਣਾ ਦੇ ਵਿਦਿਆਰਥੀ ਵੀ ਵਿਦਿਆ ਗ੍ਰਹਿਣ ਕਰਦੇ ਰਹੇ ਹਨ। ਇੱਥੇ ਸੰਸਕ੍ਰਿਤ ਵਿਦਿਆ ਦੇ ਨਾਲ-ਨਾਲ ਗੁਰਬਾਣੀ ਦੇ ਪਾਠ, ਗੁਰੂ ਇਤਿਹਾਸ ਬਾਰੇ ਵੀ ਚਾਨਣਾ ਪਾਇਆ ਜਾਂਦਾ ਰਿਹਾ ਹੈ।

---

[23] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 630.

[24] ਗੁਰਦੀਪ ਸਿੰਘ ਕੇਸਰੀ, ਗੁਰੂ ਨਾਨਕ ਦਰਸ਼ਨ ਤੇ ਸਿੱਖ ਧਰਮ ਨੂੰ ਬਹੁਪੱਖੀ ਦੇਣ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 119.

**ਨਿਰਮਲ ਆਸ਼ਰਮ ਵੱਡਾ ਡੇਰਾ ਦੌਧਰ (ਮੋਗਾ), ਸੰਗੀਤ ਵਿਦਿਆਲਿਆ**

ਇਹ ਡੇਰਾ ਇਕ ਨਿਰਮਲੇ "ਸੰਤ ਸੁੱਧ ਸਿੰਘ ਨੇ ਸੰਨ 1859 ਈ: ਵਿਚ ਸਥਾਪਿਤ ਕੀਤਾ ਸੀ।"[25] ਇਹ ਅਸਥਾਨ ਬਾਬਾ ਸੁੱਧ ਸਿੰਘ ਠਾਕੁਰ ਜੀ ਨੇ ਕਾਇਮ ਕੀਤਾ ਸੀ। ਗਿਆਨੀ ਗੁਰਬਚਨ ਸਿੰਘ, ਮੁਕਤਸਰ ਅਨੁਸਾਰ "ਕਿਸੇ ਸਮੇਂ ਦਮਦਮਾ ਸਾਹਿਬ, ਸੇਖਵਾਂ ਦੌਧਰ ਆਦਿ ਦੀਆਂ ਵਿਦਿਅਕ ਟਕਸਾਲਾਂ ਬੜੀਆਂ ਪ੍ਰਸਿੱਧ ਸਨ।"[26] ਇਨ੍ਹਾਂ ਟਕਸਾਲਾਂ ਤੋਂ ਬਹੁਤ ਸਾਰੇ ਵਿਦਵਾਨ ਵਿਦਿਆ ਗ੍ਰਹਿਣ ਕਰ ਕੇ ਨਿਕਲੇ ਹਨ।

ਨਿਰਮਲ ਸੰਪ੍ਰਦਾਇ ਦੇ ਇਨ੍ਹਾਂ ਡੇਰਿਆਂ ਵਿਚ ਬਿਨਾਂ ਕਿਸੇ ਭੇਦ-ਭਾਵ ਦੇ ਲੋਕਾਂ ਨੂੰ ਗੁਰਮੁਖੀ ਵਿਦਿਆ ਪੜ੍ਹਾਈ ਜਾਂਦੀ ਅਤੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਵਾਇਆ ਜਾਂਦਾ ਸੀ। ਇਨ੍ਹਾਂ ਡੇਰਿਆਂ ਵਿਚ ਵਿਦਿਆਰਥੀਆਂ ਨੂੰ ਵਿਦਿਆ ਦੇਣ ਸਮੇਂ ਹਰ ਭਾਸ਼ਾ ਦਾ ਗਿਆਨ ਦੇਣ ਦੇ ਯਤਨ ਕੀਤੇ ਜਾਂਦੇ ਸਨ। ਵਿਦਿਆ ਮੁਫ਼ਤ ਸੀ ਅਤੇ ਵਿਦਿਆਰਥੀਆਂ ਦੀ ਰਿਹਾਇਸ ਦੇ ਨਾਲ ਉਨ੍ਹਾਂ ਦੇ ਖਾਣ-ਪੀਣ ਆਦਿ ਦਾ ਪ੍ਰਬੰਧ ਵੀ ਡੇਰਾ ਕਰਦਾ ਸੀ। ਵਿਦਿਆ ਦੇ ਪ੍ਰਚਾਰ-ਪ੍ਰਸਾਰ ਲਈ ਨਿਰਮਲੇ ਸੰਤਾਂ ਦੇ ਡੇਰਿਆਂ ਦਾ ਜਾਲ ਦੇਸ਼ ਵਿਚ ਕੋਨੇ-ਕੋਨੇ ਵਿਚ ਫੈਲਿਆ ਹੋਇਆ ਹੈ।

ਭਾਵੇਂ ਨਿਰਮਲ ਸੰਪ੍ਰਦਾਇ ਦੇ ਡੇਰਿਆਂ ਵਿਚ ਪਠਨ-ਪਾਠਨ ਦਾ ਮਾਹੌਲ ਸੀ ਪ੍ਰੰਤੂ ਉਨ੍ਹਾਂ ਵੱਖਰੇ ਤੌਰ 'ਤੇ ਕੁੱਝ ਨਿਰਮਲ ਵਿਦਿਆਲਿਆਂ ਦਾ ਨਿਰਮਾਣ ਵੀ ਕੀਤਾ। ਹਥਲੇ ਖੋਜ-ਕਾਰਜ ਦੇ ਘੇਰੇ ਨੂੰ ਸੀਮਿਤ ਕਰਦੇ ਹੋਏ ਇਸ ਸੰਪ੍ਰਦਾਇ ਦੇ ਕੁੱਝ ਚੋਣਵੇਂ ਸਥਾਨਾਂ (ਡੇਰੇ, ਵਿਦਿਆਲਿਆਂ) ਦਾ ਹੀ ਜ਼ਿਕਰ ਕੀਤਾ ਗਿਆ ਹੈ।

**1910 ਈ. ਤੋਂ 2010 ਈ. ਤੱਕ**

1910 ਈ. ਤੋਂ ਬਾਅਦ ਦਾ ਇਹ ਉਹ ਸਮਾਂ ਸੀ ਜਦੋਂ ਨਿਰਮਲ ਸੰਪ੍ਰਦਾਇ ਦੀ ਵਿਦਵਤਾ ਦੀ ਧਾਕ ਜਮ ਚੁੱਕੀ ਸੀ। ਬਹੁਤ ਸਾਰੇ ਲੋਕ ਇਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਆਪਣੇ ਬੱਚਿਆਂ ਨੂੰ ਵਿਦਿਆ ਗ੍ਰਹਿਣ ਕਰਾਉਣ ਲਈ ਇਨ੍ਹਾਂ ਸੰਤਾਂ/ਡੇਰਿਆਂ ਹਵਾਲੇ ਕਰ ਦਿੰਦੇ ਸਨ। ਸੰਤ ਬੱਚਿਆਂ ਦੀ ਲਗਨ ਅਤੇ ਰੁਚੀ ਅਨੁਸਾਰ ਉਸਨੂੰ ਗੁਰ-ਮੰਤਰ ਦੇ ਕੇ ਆਪਣਾ ਚੇਲਾ ਬਣਾਉਂਦੇ ਤੇ ਵਿਦਿਆ-ਦਾਨ ਦਿੰਦੇ ਸਨ। "ਨਿਰਮਲ ਸੰਪ੍ਰਦਾਇ ਵਿਚ ਗੁਰੂ ਚੇਲਾ (ਗੁਰੂਕੁਲ) ਪਰੰਪਰਾ ਸ਼ੁਰੂ ਤੋਂ ਅੱਜ ਤੱਕ ਵੀ ਮੌਜੂਦ ਹੈ। ਕੋਈ ਵੀ ਜਿਗਿਆਸੂ ਉਦੋਂ ਤੱਕ ਨਿਰਮਲਾ ਸੰਤ

---

[25] ਡਾ. ਜੱਗੀ ਰਤਨ ਸਿੰਘ, *ਸਿੱਖ ਪੰਥ ਵਿਸ਼ਵ ਕੋਸ਼*, ਭਾਗ ਦੂਜਾ, ਪੰਨਾ 988.

[26] ਗਿ. ਗੁਰਚਰਨ ਸਿੰਘ ਮੁਕਤਸਰ, ਕਰਮਜੀਤ ਸਿੰਘ, *ਨਿਰਮਲ ਸੰਪ੍ਰਦਾਇ ਸ਼ਾਖ ਬਰਨਾਲਾ*, ਪੰਨਾ 19.

ਨਹੀਂ ਬਣ ਸਕਦਾ ਜਦੋਂ ਤੱਕ ਉਹ ਕਿਸੇ ਨਿਰਮਲੇ ਸੰਤ ਨੂੰ ਆਪਣਾ ਗੁਰੂ ਧਾਰਨ ਨਹੀਂ ਕਰਦਾ। ਗੁਰੂ ਚੇਲੇ ਨੂੰ ਗੁਰਮੰਤਰ ਦੀ ਦੀਖਿਆ ਦਿੰਦਾ ਹੈ। ਗੁਰਮੰਤਰ ਦੇਣ ਦੀ ਇਕ ਮਰਯਾਦਾ ਹੈ। ਇਹ ਗੁਰਮੰਤਰ ਗੁਰਬਾਣੀ ਵਿਚੋਂ ਹੀ ਕੋਈ ਸ਼ਬਦ ਹੁੰਦਾ ਹੈ।"[27] ਇਹ ਗੁਰ-ਪ੍ਰਣਾਲੀ ਅਤੇ ਗੁਰਮੰਤਰ ਦੀ ਮਰਯਾਦਾ ਗੁਰੂ ਸੰਤ ਵੱਲੋਂ ਚੇਲਾ ਸੰਤ ਦੀ ਜੀਵਨਸ਼ੈਲੀ ਨੂੰ ਸਾਧਣ ਅਤੇ ਉਸਨੂੰ ਗੁਰਮਤਿ ਮਾਰਗ ਦਾ ਪਾਂਧੀ ਬਣਾ ਕੇ ਪਰਉਪਕਾਰ ਦੇ ਰਸਤੇ ਤੋਰਨ ਦੀ ਜ਼ਿੰਮੇਵਾਰੀ ਦੀ ਸੂਚਕ ਪ੍ਰਤੀਤ ਹੁੰਦੀ ਹੈ। ਚੇਲਾ ਸੰਤ ਵੱਲੋਂ ਵੀ ਗੁਰੂ ਸੰਤ ਅੱਗੇ ਆਪਾ ਸਮਰਪਿਤ ਕਰ ਦਿੱਤਾ ਜਾਂਦਾ ਹੈ।

20ਵੀਂ ਸਦੀ ਦੇ ਅਰੰਭ ਤੱਕ ਭਾਵੇਂ ਨਵੀਂ ਵਿਦਿਅਕ ਪ੍ਰਣਾਲੀ ਦੇ ਵਿਦਿਆਲੇ ਖੁੱਲਣੇ ਸ਼ੁਰੂ ਹੋ ਚੁਕੇ ਸਨ ਫਿਰ ਵੀ ਨਿਰਮਲੇ ਸਥਾਨਾਂ ਵਿਚ ਚਲਦੀ ਗੁਰੂਕੁਲ ਵਿਦਿਆ ਪ੍ਰਣਾਲੀ ਦੇ ਪ੍ਰਮਾਣ ਮਿਲਦੇ ਹਨ। ਸੰਮਤ 1970 (1913 ਈ.) ਵਿਚ ਡੇਰਾ ਜਲਾਲ ਦੇ ਮੁਖੀ ਸੰਤ ਖੜਗ ਸਿੰਘ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਉਤਰਾਧਿਕਾਰੀ ਪੰਡਿਤ ਵੀਰ ਸਿੰਘ ਜੀ ਨੇ ਡੇਰੇ ਦਾ ਪ੍ਰਬੰਧ ਸੰਭਾਲਿਆ। ਇਹ "ਆਪਣੇ ਸਮੇਂ ਦੇ ਭਾਸ਼ਾ ਅਤੇ ਸੰਸਕ੍ਰਿਤ ਦੇ ਧਰੰਧਰ ਪੰਡਿਤ ਸਨ। ਬੜੇ ਪ੍ਰਤਾਪ ਅਤੇ ਪ੍ਰਭਾਵ ਵਾਲੇ ਸਨ। ਆਪ ਜੀ ਦੇ ਸਮੇਂ ਵਿਚ ਜਲਾਲ ਦੇ ਡੇਰੇ ਦੀ ਦੂਰ-ਦੂਰ ਤੱਕ ਪ੍ਰਸਿੱਧੀ ਹੋ ਗਈ। ਡੇਰੇ ਵਿਚ ਸੱਤਰ-ਸੱਤਰ, ਅੱਸੀ-ਅੱਸੀ ਸੰਤ ਹਰ ਸਮੇਂ ਅਨੇਕ ਪ੍ਰਕਾਰ ਦੀ ਵਿਦਿਆ ਪ੍ਰਾਪਤ ਕਰਦੇ ਸਨ। ਗੁਰਬਾਣੀ, ਗੁਰ-ਇਤਿਹਾਸ, ਵੇਦਾਂਤ, ਸੰਸਕ੍ਰਿਤ, ਆਯੁਰਵੈਦਿਕ, ਸਾਹਿਤ ਆਦਿਕ ਅਨੇਕ ਤਰ੍ਹਾਂ ਦੀ ਵਿਦਿਆ ਪੜ੍ਹਾਈ ਜਾਂਦੀ ਸੀ। ਜਿੱਥੇ ਦੂਰ-ਦੂਰ ਦੇ ਸਾਰੇ ਭੇਖਾਂ ਦੇ ਸਾਧੂ ਆ ਕੇ ਉੱਚ ਵਿਦਿਆ ਪ੍ਰਾਪਤ ਕਰਦੇ ਸਨ, ਉੱਥੇ ਪਿੰਡ ਤੇ ਇਲਾਕੇ ਦੇ ਅਨੇਕ ਗ੍ਰਹਿਸਥੀਆਂ ਦੇ ਬੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਬਣ ਗਏ।"[28] ਇਸ ਡੇਰੇ ਵਿਚੋਂ ਕਈ ਸੰਤ-ਮਹੰਤ ਵਿਦਵਾਨ ਬਣ ਨਿਰਮਲ ਸੰਪ੍ਰਦਾਇ ਦੀ ਸੇਵਾ ਵਿਚ ਰੁਚਿਤ ਹੋ ਗਏ। ਜਿਨ੍ਹਾਂ ਵਿਚੋਂ ਡੇਰਾ ਪਿੰਡ ਜੈਤੋ ਦੇ ਮਹੰਤ ਰਾਮ ਸਿੰਘ ਜੀ ਇਕ ਸਨ। "ਆਪ ਪੰਡਿਤ ਵੀਰ ਸਿੰਘ ਜੀ ਦੀ ਮੰਡਲੀ ਵਿਚ ਪੜ੍ਹਦੇ ਰਹੇ। ਆਪ ਗੁਰਮਤਿ ਅਤੇ ਸੰਸਕ੍ਰਿਤ ਦੇ ਵਿਦਵਾਨ ਬਣ ਗਏ। ਆਪ ਜੀ ਦੀ ਵਿਦਵਤਾ ਤੋਂ ਪ੍ਰਭਾਵਿਤ ਹੋ ਕੇ ਜ਼ੈਲਦਾਰ ਗੁਲਾਬ ਸਿੰਘ ਪਿੰਡ ਜੈਤੋ ਲੈ ਗਿਆ। ਡੇਰਾ ਕਾਇਮ ਕਰਕੇ ਸਤਿਸੰਗ ਦਾ ਪਰਵਾਹ ਜਾਰੀ ਹੋ ਗਿਆ।"[29] ਇਨ੍ਹਾਂ ਨੇ ਇਥੇ ਨਾਮ-ਬਾਣੀ ਦਾ ਉਪਦੇਸ਼ ਅਰੰਭ ਕੀਤਾ ਅਤੇ ਬੱਚਿਆਂ ਨੂੰ ਗੁਰਮੁਖੀ, ਗੁਰਬਾਣੀ ਪੜ੍ਹਾਉਣ ਲੱਗੇ।

---

[27] ਮਹੰਤ ਕਮਲਜੀਤ ਸਿੰਘ ਸ਼ਾਸ਼ਤ੍ਰੀ, *ਨਿੱਜੀ ਮੁਲਾਕਾਤ,* ਮਿਤੀ 02 ਅਕਤੂਬਰ 2019 ਵਿਚੋਂ.

[28] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 597.

[29] ਉਹੀ, ਪੰਨਾ 604.

ਨਿਰਮਲ ਸੰਪ੍ਰਦਾਇ ਦੇ ਬਹੁਤ ਸਾਰੇ ਪੁਰਾਤਨ ਵਿਦਿਅਕ ਸੋਮੇਂ 20ਵੀਂ ਸਦੀ ਵਿਚ ਵੀ ਨਿਰੰਤਰ ਵਿਦਿਆ-ਦਾਨ ਦਿੰਦੇ ਰਹੇ ਹਨ, ਜਿਵੇਂ, ਬੁੰਗਾ ਨਿਰਮਲਿਆਂ; ਇਸ ਥਾਂ (ਬਾਅਦ ਵਿਚ ਡੇਰਾ ਕੌਲਸਰ ਵਿਖੇ) ਬਹੁਤ ਨਿਰਮਲੇ ਸੰਤ ਵਿਦਵਾਨ ਆਪਣਾ ਟਿਕਾਣਾ ਕਰਦੇ ਰਹੇ ਹਨ। ਅਨੇਕਾਂ ਸੰਤ ਵਿਦਿਆਰਥੀ ਇਨ੍ਹਾਂ ਸਥਾਨਾਂ ਵਿਚਲੇ ਵਿਦਵਾਨਾਂ ਕੋਲੋਂ ਵਿਦਿਆ ਗ੍ਰਹਿਣ ਕਰਦੇ ਰਹੇ ਹਨ। ਇਸ ਸਥਾਨ ਦੇ ਕਈ ਵਿਦਵਾਨਾਂ ਵਿਚੋਂ ਮਹੰਤ ਰਾਮ ਸਿੰਘ ਜੀ 20ਵੀਂ ਸਦੀ ਦੇ ਵਿਦਵਾਨ ਸੰਤ ਹੋਏ ਹਨ। "ਆਪ ਗੁਰਮਤਿ, ਗੁਰਬਾਣੀ, ਗੁਰਇਤਿਹਾਸ ਅਤੇ ਵੇਦਾਂਤ ਦੇ ਧਰੰਧਰ ਵਿਦਵਾਨ ਸਨ। ਨਿਮਰਤਾ, ਸੇਵਾ ਦੀ ਭਾਵਨਾ ਵਾਲੇ ਸਨ। ਆਪ ਜੀ ਨੂੰ ਯੋਗ ਅਧਿਕਾਰੀ ਜਾਣ ਕੇ (ਮਹੰਤ ਕਾਸ਼ੀ ਸਿੰਘ ਜੀ ਦੇ ਸੱਚਖੰਡ ਸਿਧਾਰਨ ਉਪਰੰਤ) 21 ਚੇਤ੍ਰ ਸੰਮਤ 1971 (1914 ਈ.) ਨੂੰ ਮਹੰਤ ਨਿਯੁਕਤ ਕਰ ਦਿੱਤਾ। ਪੁਰਾਤਨ ਮਰਿਆਦਾ ਕਾਇਮ ਰੱਖਦੇ ਹੋਏ ਆਪ ਨੇ ਬਹੁਤ ਵਿਦਿਆਰਥੀ ਪੜ੍ਹਾਏ। ਮਹੰਤ ਮੂਲ ਸਿੰਘ ਜੀ ਅਤੇ ਸੰਤ ਹਰੀ ਸਿੰਘ ਜੀ ਆਪ ਜੀ ਦੇ ਸ਼ਿਸ਼ ਸਨ।"[30] ਮਹੰਤ ਰਾਮ ਸਿੰਘ ਜੀ ਨੇ ਮਹੰਤ ਮੂਲ ਸਿੰਘ ਜੀ ਨੂੰ 21 ਮਾਰਚ 1921 ਈ. ਨੂੰ ਬੁੰਗੇ ਦਾ ਮਹੰਤ ਨਿਯੁਕਤ ਕੀਤਾ। ਇਸੇ ਤੋਂ ਚੱਲੀ ਅਕਾਲੀ ਲਹਿਰ ਵਿਚ ਇਨ੍ਹਾਂ ਨੇ ਬਹੁਤ ਸਾਰੇ ਨਿਰਮਲੇ ਸੰਤਾਂ ਸਮੇਤ ਗੁਰੂ ਕੇ ਬਾਗ ਦੇ ਮੋਰਚੇ ਵਿਚ ਭਾਗ ਲਿਆ ਤੇ ਗ੍ਰਿਫ਼ਤਾਰ ਹੋਏ। ਇਨ੍ਹਾਂ ਨੇ ਗੁਰਦੁਆਰਾ ਸੁਧਾਰ ਲਹਿਰ ਸਮੇਂ ਮੋਰਚਿਆਂ ਵਿਚ ਭਾਗ ਲਿਆ, ਜੇਲ੍ਹਾਂ ਕੱਟੀਆਂ ਅਤੇ ਜੁਰਮਾਨੇ ਭਰੇ। ਬਾਅਦ ਵਿਚ ਸ਼੍ਰੋਮਣੀ ਕਮੇਟੀ ਵਿਚ ਇਨ੍ਹਾਂ ਨੂੰ ਸਨਮਾਨ-ਯੋਗ ਸਥਾਨ ਮਿਲਿਆ। ਡੇਰਾ ਕੌਲਸਰ ਅਰੰਭ ਤੋਂ ਅੱਜ ਤੱਕ ਵਿਦਿਆ-ਦਾਨ ਕਰਦਾ ਆ ਰਿਹਾ ਹੈ।

ਸਿੱਖਾਂ ਦੀ ਇਸ ਵਿਦਵਾਨ ਸੰਪ੍ਰਦਾਇ ਦਾ ਵਿਦਿਅਕ ਘੇਰਾ ਬਹੁਤ ਵਿਸ਼ਾਲ ਹੈ। ਇਸ ਦੀਆਂ 33 ਉਪ ਸੰਪ੍ਰਦਾਵਾਂ ਹਨ ਅਤੇ ਹਰ ਸੰਪ੍ਰਦਾਇ ਕਿਸੇ ਨਾ ਕਿਸੇ ਰੂਪ ਵਿਚ ਵਿਦਿਆ-ਦਾਨ ਦੇਣ ਲਈ ਕਿਰਿਆਸ਼ੀਲ ਹੈ। ਇਸ ਵਿਚ ਗੁਰਮਤਿ, ਚਕਿਤਸਾ, ਜੋਤਿਸ਼ ਵਿਗਿਆਨ, ਯੋਗਾਭਿਆਸ, ਸੰਗੀਤ ਆਦਿ ਖੇਤਰ ਵਰਣਨਯੋਗ ਹਨ। ਸਮੁੱਚੇ ਰੂਪ ਵਿਚ "ਨਿਰਮਲ ਸੰਪ੍ਰਦਾਇ ਵੱਲੋਂ ਪ੍ਰਦਾਨ ਕੀਤੀ ਜਾਂਦੀ ਵਿਦਿਆ ਨੂੰ 'ਨਿਰਮਲ ਪ੍ਰਣਾਲੀ' ਦਾ ਨਾਮ ਦਿੱਤਾ ਗਿਆ ਹੈ। ਨਿਰਮਲੇ ਸੰਤਾਂ ਨੇ ਸਮਾਜ ਨੂੰ ਸਮੇਂ ਦੇ ਅਨੁਸਾਰੀ ਹੋਣ ਲਈ ਲੋੜੀਂਦੀ ਵਿਦਿਆ ਅਤੇ ਅਗਵਾਈ ਪ੍ਰਦਾਨ ਕੀਤੀ ਹੈ। ਪੁਰਾਤਨ ਸਮੇਂ ਵਿਚ ਵਿਦਿਆ ਪ੍ਰਦਾਨ ਕਰਨ ਲਈ ਗੁਰੂਕੁਲ ਪ੍ਰੰਪਰਾ ਪ੍ਰਚਲਿਤ ਸੀ ਅਤੇ ਮੌਜੂਦਾ ਸਮੇਂ ਵਿਚ ਆਧੁਨਿਕ ਸੁਖ-ਸਹੂਲਤਾਂ ਰਾਹੀਂ ਵਿਦਿਆ ਪ੍ਰਾਪਤੀ ਦਾ ਰੁਝਾਨ ਪੈਦਾ ਹੋਇਆ ਹੈ। ਨਿਰਮਲੇ ਸੰਤਾਂ ਦੁਆਰਾ ਪ੍ਰਦਾਨ ਕੀਤੀ ਜਾਂਦੀ ਵਿਦਿਆ ਵਿਚ ਦੋਹਾਂ ਪ੍ਰਣਾਲੀਆਂ ਦੀ ਵਰਤੋਂ ਵੇਖਣ ਨੂੰ ਮਿਲਦੀ

[30] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 644.

ਹੈ। ਨਿਰਮਲ ਆਸ਼ਰਮ ਵਿਚ ਪਹਿਲਾਂ ਗੁਰੂਕੁਲ ਪ੍ਰਣਾਲੀ ਪ੍ਰਚਲਿਤ ਸੀ ਅਤੇ ਮੌਜੂਦਾ ਸਮੇਂ ਇਹ ਰੁਝਾਨ ਆਧੁਨਿਕ ਪ੍ਰਣਾਲੀ ਵੱਲ ਮੁੜਿਆ ਹੈ।"[31] ਜੋ ਸਮੇਂ ਦੀ ਜ਼ਰੂਰਤ ਅਨੁਸਾਰ ਇਕ ਵਧੀਆ ਉਪਰਾਲਾ ਹੈ।

ਖੋਜ-ਕਾਰਜ ਦੇ ਅਗਲੇ ਪੰਨਿਆਂ 'ਤੇ ਨਿਰਮਲ ਸੰਪ੍ਰਦਾਇ ਦੇ ਆਧੁਨਿਕ ਵਿਦਿਆ ਦੇ ਰਹੇ ਵਿਦਿਅਕ ਅਦਾਰਿਆਂ ਬਾਰੇ ਚਰਚਾ ਕੀਤੀ ਜਾਵੇਗੀ। ਖੋਜ-ਕਾਰਜ ਦੀ ਲੋੜ ਅਨੁਸਾਰ ਜਦੋਂ ਇਨ੍ਹਾਂ ਵਿਦਿਅਕ ਅਦਾਰਿਆਂ ਦਾ ਸਰਵੇਖਣ ਕੀਤਾ ਗਿਆ ਤਾਂ ਨਿਰਮਲ ਸੰਪ੍ਰਦਾਇ ਦੀਆਂ ਸਾਰੀਆਂ ਸੰਸਥਾਵਾਂ ਵੱਲੋਂ ਚਲਾਏ ਜਾ ਰਹੇ ਵਿਦਿਅਕ ਅਦਾਰਿਆਂ ਵਿਚ ਕੋਈ ਵੱਡੀ ਭਿੰਨਤਾ ਨਜ਼ਰ ਨਹੀਂ ਆਈ। ਸਾਰੇ ਅਦਾਰੇ ਆਪਣੇ-ਆਪਣੇ ਸੰਬੰਧਿਤ ਬੋਰਡ ਜਾਂ ਯੂਨੀਵਰਸਿਟੀ ਦੇ ਪਾਠਕ੍ਰਮ ਅਨੁਸਾਰ ਵਿਦਿਆ ਦੇ ਰਹੇ ਹਨ। ਇਸ ਲਈ ਖੋਜ-ਕਾਰਜ ਦੇ ਘੇਰੇ ਨੂੰ ਸੀਮਿਤ ਕਰਦਿਆਂ ਸੰਪ੍ਰਦਾਇ ਦੇ ਵਿਦਿਅਕ ਯੋਗਦਾਨ ਨੂੰ ਉਜਾਗਰ ਕਰਨ ਲਈ ਇਸ ਦੇ ਵਿਦਿਅਕ ਅਦਾਰਿਆਂ ਨੂੰ ਮੋਟੇ ਤੌਰ ਉੱਤੇ ਚਾਰ ਹਿਸਿਆ ਵਿਚ ਵੰਡਿਆ ਹੈ: ਮਾਲਵਾ, ਮਾਝਾ, ਦੁਆਬਾ ਅਤੇ ਪੰਜਾਬ ਤੋਂ ਬਾਹਰਲੀਆਂ ਵਿਦਿਅਕ ਸੰਸਥਾਵਾਂ। ਇਸ ਵੰਡ ਅਨੁਸਾਰ ਨਿਰਮਲ ਸੰਪ੍ਰਦਾਇ ਦੇ ਕੁੱਝ ਪ੍ਰਮੁੱਖ ਵਿਦਿਅਕ ਸੋਮਿਆਂ ਦੀ ਸੂਚੀ ਦਰਜ ਕੀਤੀ ਜਾਵੇਗੀ:

**ਮਾਲਵਾ**

ਮਾਲਵਾ ਸਤਲੁਜ ਦਰਿਆ ਦੇ ਦੱਖਣ ਵਾਲੇ ਪਾਸੇ ਦਾ ਇਲਾਕਾ ਹੈ। ਇਸ ਦਾ ਘੇਰਾ ਵਿਸ਼ਾਲ ਹੈ, ਇਸ ਵਿਚ ਮੌਜੂਦਾ ਪੰਜਾਬ ਦੇ ਬਰਨਾਲਾ, ਬਠਿੰਡਾ, ਫ਼ਰੀਦਕੋਟ, ਫ਼ਤਿਹਗੜ੍ਹ ਸਾਹਿਬ (ਕੁੱਝ ਹਿੱਸਾ), ਫ਼ਿਰੋਜ਼ਪੁਰ, ਲੁਧਿਆਣਾ, ਮਾਨਸਾ, ਮੋਗਾ, ਮੁਕਤਸਰ ਅਤੇ ਪਟਿਆਲਾ ਜ਼ਿਲ੍ਹੇ ਆਉਂਦੇ ਹਨ। ਇਸ ਖੇਤਰ ਦੀ ਬੋਲੀ 'ਮਲਵਈ' ਹੈ। ਇਸ ਵਿਚ ਨਿਰਮਲੇ ਸੰਤਾਂ ਦੇ ਅਨੇਕਾਂ ਡੇਰੇ ਹਨ।

**1. ਨਿਰਮਲਕੋਟ**[32]

ਇਸ ਸਥਾਨ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ, ਹਰਿਦੁਆਰ ਦੇ ਪ੍ਰਬੰਧ ਹੇਠ ਇਕ ਡੇਰਾ ਹੈ ਜਿਸ ਦੇ ਨਾਮ ਉੱਤੇ 600 ਕਿੱਲਾ ਦੇ ਕਰੀਬ ਜਮੀਨ ਹੈ। ਸਾਰਾ ਪਿੰਡ ਨਿਰਮਲਕੋਟ ਵੀ ਇਨ੍ਹਾਂ ਦੀ ਜਮੀਨ 'ਤੇ ਹੀ ਵਸਿਆ ਹੋਇਆ ਹੈ।

---

[31] ਡਾ. ਪਰਮਵੀਰ ਸਿੰਘ, ਨਿਰਮਲੇ ਸੰਤਾਂ ਵੱਲੋਂ ਗੁਰੂਕੁਲ ਪ੍ਰਣਾਲੀ ਤੋਂ ਆਧੁਨਿਕ ਵਿਦਿਆ ਪ੍ਰਣਾਲੀ ਤੱਕ, ਡਾ. ਕੁਲਵਿੰਦਰ ਸਿੰਘ (ਸੰਪਾ.), *ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ,* ਪੰਨਾ 28.

[32] ਪਿੰਡ ਨਿਰਮਲਕੋਟ (ਸਾਧ-ਮਾਜਰਾ): ਇਹ ਸਥਾਨ ਪਟਿਆਲਾ ਤੋਂ 48 ਕਿਲੋਮੀਟਰ ਦੀ ਦੂਰੀ 'ਤੇ ਸ਼ਹਿਰ ਸਮਾਣਾ ਕੋਲ ਸਥਿਤ ਹੈ।

ਟਰੱਸਟ : **ਨਿਰਮਲ ਪੰਚਾਇਤੀ ਅਖਾੜਾ, ਕਨਖਲ, ਹਰਿਦੁਆਰ**

ਸੰਸਥਾ : ਬਾਬਾ ਮਹਿਤਾਬ ਸਿੰਘ ਪਬਲਿਕ ਸਕੂਲ, ਸਾਧਮਾਜਰਾ (ਨਿਰਮਲਕੋਟ), ਪਟਿਆਲਾ।

ਇਸ ਸਕੂਲ ਦੀ ਸਥਾਪਨਾ 1995 ਈ. ਵਿਚ ਹੋਈ, ਇਹ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ, ਪੰਜਾਬ ਤੋਂ ਮਾਨਤਾ ਪ੍ਰਾਪਤ 10ਵੀਂ ਪੱਧਰ ਦਾ ਸਕੂਲ ਹੈ। ਧਾਰਮਿਕ ਵਿਦਿਆ ਦਿੱਤੀ ਜਾਂਦੀ ਹੈ।

**2. ਬਰਨਾਲਾ**[33]

ਨਿਰਮਲ ਸੰਪ੍ਰਦਾਇ ਦੇ ਮਹਾਨ ਸੰਤ ਬਾਬਾ ਗਾਂਧਾ ਸਿੰਘ ਜੀ ਦੇ ਨਾਮ ਉੱਤੇ ਵਿਦਿਆ-ਦਾਨ ਦੇਣ ਲਈ ਬਰਨਾਲਾ ਇਲਾਕੇ ਵਿਚ 4 ਸਕੂਲ ਹਨ। ਬਰਨਾਲਾ ਵਿਖੇ ਬਾਬਾ ਗਾਂਧਾ ਸਿੰਘ ਦਾ ਡੇਰਾ ਹੀ ਅਸਲ ਵਿਚ ਵਿਦਿਆ ਦੇ ਪ੍ਰਤੀਕਰਮ ਵਜੋਂ ਹੋਂਦ ਵਿਚ ਆਇਆ। ਜਿਸ ਤਰ੍ਹਾਂ ਪਿੱਛੇ ਵੀ ਚਰਚਾ ਕਰ ਆਏ ਹਾਂ ਕਿ ਮਹਾਰਾਜਾ ਆਲਾ ਸਿੰਘ ਨੇ ਆਪਣੀ ਪੁੱਤਰੀ ਬੀਬੀ ਪਰਧਾਨ ਕੌਰ ਦੀ ਪੜ੍ਹਾਈ ਲਈ ਮਹਾਨ ਨਿਰਮਲੇ ਸੰਤ ਪੰਡਿਤ ਨਿੱਕਾ ਸਿੰਘ ਨੂੰ ਅਧਿਆਪਕ ਵਜੋਂ ਨਿਯੁਕਤ ਕੀਤਾ ਸੀ। ਇਨ੍ਹਾਂ ਸੰਤਾਂ ਨੇ ਬੀਬੀ ਪਰਧਾਨ ਕੌਰ ਜੀ ਦੇ ਉਦਮ ਸਦਕਾ ਡੇਰਾ ਬਰਨਾਲਾ ਆਬਾਦ ਕੀਤਾ। ਨਿੱਕਾ ਸਿੰਘ ਜੀ ਤੋਂ ਬਾਅਦ ਉਨ੍ਹਾਂ ਦੇ ਗੁਰਭਾਈ ਸੰਤ ਭਾਗ ਸਿੰਘ ਡੇਰੇ ਦੇ ਮਹੰਤ ਬਣੇ ਅਤੇ ਉਨ੍ਹਾਂ ਦੇ ਚਲਾਣੇ ਉਪਰੰਤ ਬਾਬਾ ਗਾਂਧਾ ਸਿੰਘ ਜੀ ਡੇਰੇ ਦੇ ਮਹੰਤ ਬਣੇ। ਇਸ ਸਮੇਂ ਡੇਰੇ ਨੇ ਬਹੁਤ ਤਰੱਕੀ ਕੀਤੀ। ਇਸ ਲਈ ਆਪਦੇ ਨਾਮ 'ਤੇ ਹੀ ਡੇਰੇ ਦਾ ਨਾਮ ਪ੍ਰਚਲਿਤ ਹੋ ਗਿਆ। ਇਸ ਡੇਰੇ ਦੀ ਵਿਦਿਆ-ਦਾਨ ਦੀ ਰੁਚੀ ਪਹਿਲਾਂ ਤੋਂ ਹੀ ਹੈ ਇਸ ਲਈ ਮੌਜੂਦਾ ਸਮੇਂ ਵੀ ਡੇਰਾ ਪ੍ਰਬੰਧ ਦੁਆਰਾ ਵਿਦਿਆ ਦੇ ਕਈ ਸੋਮੇ ਚਲਾਏ ਜਾ ਰਹੇ ਹਨ। ਇਨ੍ਹਾਂ ਦੀ ਖ਼ਾਸ ਗੱਲ ਇਹ ਹੈ ਕਿ ਹਰ ਅਦਾਰੇ ਵਿਚ ਵਿਦਿਆਰਥੀ ਲਈ ਪਾਠ ਕਰਨਾ ਜ਼ਰੂਰੀ ਹੈ ਅਤੇ ਲੋੜਵੰਦਾਂ ਲਈ ਵਿਦਿਆ ਮੁਫ਼ਤ ਹੈ।

ਟਰੱਸਟ: **ਬਾਬਾ ਗਾਂਧਾ ਸਿੰਘ ਐਜੂਕੇਸ਼ਨਲ ਟਰਸੱਟ, ਬਰਨਾਲਾ**

ਸੰਸਥਾ (ਵਾਂ):

ੳ) ਬਾਬਾ ਗਾਂਧਾ ਸਿੰਘ ਪਬਲਿਕ ਸਕੂਲ, ਬਰਨਾਲਾ

ਇਸ ਸਕੂਲ ਦੀ ਸਥਾਪਨਾ 1977 ਈ. ਵਿਚ ਹੋਈ, ਇਹ ਸੀ.ਬੀ.ਐਸ.ਈ ਦਿੱਲੀ ਤੋਂ ਮਾਨਤਾ ਪ੍ਰਾਪਤ 12ਵੀਂ ਪੱਧਰ ਤੱਕ ਦਾ ਸਕੂਲ ਹੈ।

---

[33] ਬਰਨਾਲਾ: ਇਹ ਪੰਜਾਬ ਦਾ ਨਵਾਂ ਜ਼ਿਲ੍ਹਾ ਬਣਿਆ ਹੈ। ਇਹ ਸ਼ਹਿਰ ਸੰਗਰੂਰ ਬਠਿੰਡਾ ਰੋਡ ਉੱਤੇ ਸਥਿਤ ਹੈ। ਇਸ ਸ਼ਹਿਰ ਵਿਚ 'ਬਾਬਾ ਗਾਂਧਾ ਸਿੰਘ' ਦੇ ਨਾਮ 'ਤੇ ਨਿਰਮਲਿਆਂ ਦਾ ਜਗੀਰ ਪੱਖੋਂ ਸਭ ਤੋਂ ਵੱਡਾ ਡੇਰਾ ਹੈ।

ਅ) ਬਾਬਾ ਗਾਂਧਾ ਸਿੰਘ ਪਬਲਿਕ ਸਕੂਲ, ਮਹਿਲ ਕਲਾਂ

ਇਸ ਸਕੂਲ ਦੀ ਸਥਾਪਨਾ 1992 ਈ. ਵਿਚ ਹੋਈ, ਇਹ ਸੀ.ਬੀ.ਐਸ.ਈ ਦਿੱਲੀ ਤੋਂ ਮਾਨਤਾ ਪ੍ਰਾਪਤ 10ਵੀਂ ਪੱਧਰ ਦਾ ਸਕੂਲ ਹੈ।

ੲ) ਬਾਬਾ ਗਾਂਧਾ ਸਿੰਘ ਪਬਲਿਕ ਸਕੂਲ, ਭਦੌੜ

ਇਸ ਸਕੂਲ ਦੀ ਸਥਾਪਨਾ 1999 ਈ. ਵਿਚ ਹੋਈ, ਇਹ ਸੀ.ਬੀ.ਐਸ.ਈ ਦਿੱਲੀ ਤੋਂ ਮਾਨਤਾ ਪ੍ਰਾਪਤ 12ਵੀਂ ਪੱਧਰ ਤੱਕ ਦਾ ਸਕੂਲ ਹੈ।

ਸ) ਬਾਬਾ ਗਾਂਧਾ ਸਿੰਘ ਪਬਲਿਕ ਸਕੂਲ, ਧਨੌਲਾ

**3. ਮੁਕਤਸਰ**[34]

ਮਸਤਾਨ ਸਿੰਘ ਨਿਰਮਲ ਸੰਪ੍ਰਦਾਇ ਦੇ ਮਹਾਨ ਵਿਦਵਾਨ ਸੰਤ ਹੋਏ ਹਨ। ਇਹ ਬਾਬਾ ਹੈਬਾ ਸਿੰਘ ਜੀ ਦੇ ਚੇਲੇ ਸਨ। ਇਨ੍ਹਾਂ ਨੇ ਮੁਕਤਸਰ ਵਿਖੇ ਡੇਰਾ ਕਾਇਮ ਕੀਤਾ ਜਿਸ ਤੋਂ ਉਪ ਸੰਪ੍ਰਦਾਇ 'ਸੰਪ੍ਰਦਾਇ ਮੁਕਤਸਰੀਆ' ਪ੍ਰਸਿੱਧ ਹੋਈ। ਸੰਪ੍ਰਦਾਇ ਦੇ ਪੰਜਵੇਂ ਸ੍ਰੀ ਮਹੰਤ 'ਪੰਡਿਤ ਰਾਮ ਸਿੰਘ ਜੀ ਹਰੀਕੇ ਵਾਲੇ' ਜਿਨ੍ਹਾਂ ਦਾ ਜਨਮ ਮੁਕਤਸਰ ਦਾ ਹੈ, ਬਾਬਾ ਮਸਤਾਨ ਸਿੰਘ ਜੀ ਦੇ ਹੀ ਸ਼ਿਸ਼ ਸਨ। ਇਨ੍ਹਾਂ ਕੋਲੋਂ ਹੀ ਪੰਡਿਤ ਰਾਮ ਸਿੰਘ ਜੀ ਗੁਰਮਤਿ ਵਿਦਿਆ ਗ੍ਰਹਿਣ ਕਰਦੇ ਸਨ। ਬਾਬਾ ਮਸਤਾਨ ਸਿੰਘ ਜੀ ਦੇ ਪੈਰੋਕਾਰਾਂ ਵੱਲੋਂ ਕਈ ਵਿਦਿਅਕ ਸੰਸਥਾਵਾਂ ਦਾ ਨਿਰਮਾਣ ਕੀਤਾ ਗਿਆ ਹੈ। ਸੰਸਥਾਵਾਂ ਵਿਚ ਧਾਰਮਿਕ ਵਿਦਿਆ ਦਾ ਪ੍ਰਬੰਧ ਹੈ।

ਟਰੱਸਟ: **ਭਾਈ ਮਸਤਾਨ ਸਿੰਘ ਇੰਟਰਨੈਸ਼ਨਲ ਐਂਡ ਚੈਰੀਟੇਬਲ ਸੋਸਾਇਟੀ, ਮੁਕਤਸਰ**

ਸੰਸਥਾ (ਵਾਂ):

ੳ) ਭਾਈ ਮਸਤਾਨ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਮੁਕਤਸਰ

ਇਸ ਸਕੂਲ ਦੀ ਸਥਾਪਨਾ 1995 ਈ. ਵਿਚ ਹੋਈ। ਇਹ ਸੀ.ਬੀ.ਐਸ.ਈ. ਦਿੱਲੀ ਤੋਂ ਮਾਨਤਾ ਪ੍ਰਾਪਤ ਸਕੂਲ ਹੈ।

---

[34] ਮੁਕਤਸਰ: ਇਹ ਸ਼ਹਿਰ ਪੰਜਾਬ ਸੂਬੇ ਦਾ ਜ਼ਿਲ੍ਹਾ ਹੈ। ਇਹ ਸ਼ਹਿਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੋਹ ਪ੍ਰਾਪਤ ਹੈ। ਇਹ ਸ਼ਹਿਰ ਬਠਿੰਡਾ ਤੋਂ 54 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਅ) ਭਾਈ ਮਸਤਾਨ ਸਿੰਘ ਹਾਈ ਸਕੂਲ, ਪੱਕਾ ਕਲਾਂ, ਬਠਿੰਡਾ

ਇਸ ਸਕੂਲ ਦੀ ਸਥਾਪਨਾ 2003 ਈ. ਵਿਚ ਹੋਈ। ਇਹ ਸੀ.ਬੀ.ਐਸ.ਈ. ਦਿੱਲੀ ਤੋਂ ਮਾਨਤਾ ਪ੍ਰਾਪਤ ਸਕੂਲ ਹੈ।

**4) ਸੁਖਾਨੰਦ**[35]

ਬਾਬਾ ਪੰਚਮ ਪੁਰੀ ਜੀ ਨੇ ਇਸ ਜਗ੍ਹਾ ਡੇਰਾ ਬਣਾ ਕੇ ਭਜਨ ਬੰਦਗੀ ਲਈ ਇਕ ਭੋਰਾ ਬਣਵਾਇਆ ਜਿਸ ਵਿਚ ਉਨ੍ਹਾਂ 36 ਸਾਲ ਭਗਤੀ ਕੀਤੀ। ਜਿਸ ਕਾਰਨ ਇਹ 'ਡੇਰਾ ਭੋਰੇ ਵਾਲਾ' ਹੋਂਦ ਵਿਚ ਆਇਆ। ਬਾਬਾ ਪੰਚਮ ਪੁਰੀ ਜੀ ਦੇ 1908 ਈ. ਵਿਚ ਸਵਰਗ ਸਿਧਾਰਨ ਤੋਂ ਬਾਅਦ ਇਸ ਡੇਰੇ ਦੀ ਸੇਵਾ ਉਨ੍ਹਾਂ ਦੇ ਚੇਲੇ ਸੰਤ ਬਾਬਾ ਦੁੱਲਾ ਸਿੰਘ ਜੀ ਨੇ ਸੰਭਾਲੀ। ਸੰਤ ਬਾਬਾ ਦੁੱਲਾ ਸਿੰਘ ਤੋਂ ਬਾਅਦ ਉਨ੍ਹਾਂ ਦੇ ਚੇਲੇ ਸੰਤ ਬਾਬਾ ਭਾਗ ਸਿੰਘ ਜੀ ਹੋਏ। ਬਾਬਾ ਭਾਗ ਸਿੰਘ ਜੀ ਨੇ 1931 ਈ. ਵਿਚ ਸੇਵਾ ਸੰਭਾਲੀ। ਉਨ੍ਹਾਂ ਦੀ ਇਛਾ ਇਸ ਜਗ੍ਹਾ ਇਕ ਵਿਦਿਆਲਾ ਚਲਾਉਣ ਦੀ ਸੀ ਪ੍ਰੰਤੂ ਉਹ 1994 ਈ. ਵਿਚ ਗੁਰਪੁਰੀ ਸਿਧਾਰ ਗਏ। ਉਨ੍ਹਾਂ ਦੇ ਸੇਵਕ ਬਾਬਾ ਹਜ਼ੂਰਾ ਸਿੰਘ ਜੀ ਨੇ ਬਾਬਾ ਭਾਗ ਸਿੰਘ ਜੀ ਦੀ ਇੱਛਾ ਪੂਰੀ ਕਰਨ ਲਈ 1994 ਈ. ਵਿਚ 'ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਗਰਲਜ ਕਾਲਜ, ਪਿੰਡ ਸੁਖਾਨੰਦ' 455 ਵਿਦਿਆਰਥਣਾਂ ਨਾਲ ਸ਼ੁਰੂ ਕੀਤਾ। ਅਜੋਕੇ ਸਮੇਂ ਸੈਂਕੜੇ ਵਿਦਿਆਰਥਣਾਂ ਇਸ ਸਥਾਨ ਤੋਂ ਵਿਦਿਆ ਹਾਸਲ ਕਰ ਰਹੀਆਂ ਹਨ। ਇਸ ਸੰਸਥਾ ਦੇ ਸਾਰੇ ਵਿਦਿਅਕ ਅਦਾਰਿਆਂ ਵਿਚ ਟਰਾਂਸਪੋਰਟ ਸਹੂਲਤ ਅਤੇ ਧਾਰਮਿਕ ਵਿਦਿਆ ਦੇਣ ਦਾ ਪ੍ਰਬੰਧ ਹੈ।

ਟਰੱਸਟ: **ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਐਜੂਕੇਸ਼ਨਲ ਸੋਸਾਇਟੀ, ਸੁਖਾਨੰਦ**

ਸੰਸਥਾ (ਵਾਂ):

ੳ) ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਗਰਲਜ਼ ਕਾਲਜ, ਪਿੰਡ ਸੁਖਾਨੰਦ

ਇਸ ਕਾਲਜ ਦੀ ਸਥਾਪਨਾ 1994 ਈ. ਵਿਚ ਕੀਤੀ ਗਈ। ਇਹ ਕਾਲਜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਮਾਨਤਾ ਪ੍ਰਾਪਤ ਹੈ। ਇਸ ਵਿਚ ਐਮ.ਏ., ਬੀ.ਐਸ.ਸੀ., ਬੀ.ਏ., ਬੀ.ਏ. (ਆਨ.), ਬੀ.ਬੀ.ਏ., ਬੀ.ਸੀ.ਏ., ਬੀ.ਕਾਮ., ਐਮ.ਕਾਮ. ਐਮ.ਐਸ.ਸੀ. ਅਤੇ ਪੀ.ਜੀ.ਡੀ.ਸੀ.ਏ ਆਦਿ ਕੋਰਸ ਚਲਾਏ ਜਾ ਰਹੇ ਹਨ।

---

[35] ਪਿੰਡ ਸੁਖਾਨੰਦ: ਇਹ ਪੰਜਾਬ ਵਿਚ ਜ਼ਿਲ੍ਹਾ ਮੋਗਾ ਦਾ ਇਕ ਕਸਬਾ ਹੈ ਜੋ ਮੋਗਾ ਤੋਂ 49 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਵਰਣਨਯੋਗ ਹੈ ਕਿ ਅਜੋਕੇ ਸਮੇਂ ਪੰਜਾਬ ਦੇ ਬਹੁਤ ਸਾਰੇ ਵਿਦਿਅਕ ਅਦਾਰਿਆਂ ਵਿਚ ਵਿਦਿਆਰਥੀਆਂ ਦੀ ਗਿਣਤੀ ਘਟੀ ਹੈ। ਇਸੇ ਪ੍ਰਭਾਵ ਅਧੀਨ ਇਸ ਕਾਲਜ ਵਿਚ ਵੀ ਵਿਦਿਆਰਥੀ ਘਟੇ ਹਨ। "ਕਿਸੇ ਸਮੇਂ (2003-04) ਇਸ ਇਕ ਕਾਲਜ ਵਿਚ 3700 ਦੇ ਕਰੀਬ ਬੱਚੀਆਂ ਦਾ ਦਾਖ਼ਲਾ ਸੀ। 100 ਬੱਸਾਂ ਬੱਚੀਆਂ ਦੀ ਸਹੂਲਤ ਲਈ ਸਨ। ਪੈਟਰੋਲ ਪੰਪ ਕਾਲਜ ਅੰਦਰ ਹੀ ਸੀ ਅਤੇ ਇਥੇ 130 ਅਧਿਆਪਕ ਸਨ ਤੇ ਬਾਕੀ ਸਟਾਫ਼ ਵੱਖਰਾ ਸੀ। ਮੌਜੂਦਾ ਸਮੇਂ ਵਿਦਿਆਰਥੀਆਂ ਦੀ ਗਿਣਤੀ 1000 ਤੋਂ ਵੀ ਥੱਲੇ ਰਹਿ ਗਈ ਹੈ।"[36] ਫਿਰ ਵੀ ਕਾਲਜ ਆਪਣੇ ਮਨੋਰਥ ਵਜੋਂ ਵਿਦਿਆ-ਦਾਨ ਦੇ ਰਿਹਾ ਹੈ।

ਅ) ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਗਰਲਜ਼ ਕਾਲਜ ਆਫ਼ ਐਜੂਕੇਸ਼ਨ, ਸੁਖਾਨੰਦ

ਇਸ ਕਾਲਜ ਦੀ ਸਥਾਪਨਾ 2005 ਈ. ਵਿਚ ਹੋਈ ਹੈ। ਕਾਲਜ ਵਿਚ ਬੀ.ਐਡ ਅਤੇ ਐਮ.ਐਡ ਦੋ ਕੋਰਸ ਚਲਦੇ ਹਨ। ਜਿਸ ਵਿਚੋਂ ਬੀ.ਐਡ ਵਿਚ 100 ਸੀਟ (ਦੋ ਯੂਨਿਟ) ਅਤੇ ਐਮ.ਐਡ ਵਿਚ 50 ਸੀਟਾਂ (ਇਕ ਯੂਨਿਟ) ਹਨ। ਇਹ ਕਾਲਜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਮਾਨਤਾ ਪ੍ਰਾਪਤ ਹੈ।

ੲ) ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਸੁਖਾਨੰਦ

ਇਹ ਪੰਜਾਬ ਸਕੂਲ ਸਿਖਿਆ ਬੋਰਡ ਮੁਹਾਲੀ ਤੋਂ ਮਾਨਤਾ ਪ੍ਰਾਪਤ ਸਕੂਲ ਹੈ।

ਸ) ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਪਬਲਿਕ ਹਾਈ ਸਕੂਲ, ਸੁਖਾਨੰਦ

ਇਸ ਸਕੂਲ ਦੀ ਸਥਾਪਨਾ 1997 ਈ. ਵਿਚ ਹੋਈ ਹੈ। ਇਹ ਸੀ.ਬੀ.ਐਸ.ਈ, ਦਿੱਲੀ ਤੋਂ ਮਾਨਤਾ ਪ੍ਰਾਪਤ ਅੰਗਰੇਜ਼ੀ ਮਾਧਿਅਮ ਸਕੂਲ ਹੈ।

**5. ਲੋਪੋਂ** [37]

ਬਾਬਾ ਜਮੀਤ ਸਿੰਘ ਜੀ ਇਕ ਨਿਰਮਲੇ ਸੰਤ ਸਨ। ਲੋਪੋਂ ਵਿਖੇ ਆਪਦਾ ਸਥਾਨ ਬਣਿਆ ਹੋਇਆ ਹੈ। ਇਹ ਸਥਾਨ ਵਿਦਿਆ-ਦਾਨ ਦੇਣ ਪ੍ਰਤੀ ਵਚਨਬੱਧ ਹੈ। ਸਾਰਾ ਵਿਦਿਅਕ ਪ੍ਰਬੰਧ ਟਰੱਸਟ ਦੀ ਨਿਗਰਾਨੀ ਵਿਚ ਹੈ, ਜਿਸ ਅਧੀਨ ਕਈ ਵਿਦਿਅਕ ਸੰਸਥਾਵਾਂ ਵਿਦਿਆ-ਦਾਨ ਦੇ ਰਹੀਆਂ ਹਨ।

---

[36] ਮਹੰਤ ਕਮਲਜੀਤ ਸਿੰਘ ਸ਼ਾਸ਼ਤ੍ਰੀ, *ਨਿੱਜੀ ਮੁਲਾਕਾਤ,* ਮਿਤੀ 02 ਅਕਤੂਬਰ 2019 ਵਿਚੋਂ.

[37] ਪਿੰਡ ਲੋਪੋਂ: ਇਹ ਮੋਗਾ ਜ਼ਿਲ੍ਹੇ ਦਾ ਇਕ ਕਸਬਾ ਹੈ ਜੋ ਮੋਗਾ ਤੋਂ 28 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਟਰੱਸਟ: **ਸੰਤ ਬਾਬਾ ਜਮੀਤ ਸਿੰਘ ਜੀ ਚੈਰੀਟੇਬਲ ਟਰੱਸਟ, ਲੋਪੋਂ**

ੳ) ਸੰਤ ਬਾਬਾ ਜਮੀਤ ਸਿੰਘ ਆਈ. ਟੀ ਆਈ, ਲੋਪੋਂ

ਅ) ਸੰਤ ਬਾਬਾ ਜਮੀਤ ਸਿੰਘ ਜੀ ਆਈ.ਟੀ. ਆਈ, ਪਿੰਡ ਭਨੋਹੜ, ਨੇੜੇ ਮੁੱਲਾਂਪੁਰ

ੲ) ਸੰਤ ਬਾਬਾ ਜਮੀਤ ਸਿੰਘ ਜੀ ਸੀਨੀਅਰ ਸੈਕੰਡਰੀ ਸਕੂਲ, ਲੋਪੋਂ

ਸ) ਸੰਤ ਬਾਬਾ ਜਮੀਤ ਸਿੰਘ ਜੀ ਸੀਨੀਅਰ ਸੈਕੰਡਰੀ, ਸਕੂਲ, ਬੱਧਨੀ ਕਲਾਂ

ਹ) ਸੰਤ ਬਾਬਾ ਜਮੀਤ ਸਿੰਘ ਜੀ ਸੀ. ਸੈਕੰਡਰੀ, ਸਕੂਲ, ਭੰਮੀਪੁਰ ਕਲਾਂ

**ਮਾਲਵਾ ਖੇਤਰ ਦੇ ਗੁਰਮਤਿ ਅਤੇ ਸੰਗੀਤ ਵਿਦਿਆਲਿਆ**

1. ਗੁਰਮਤਿ ਅਤੇ ਸੰਗੀਤ ਵਿਦਿਆਲ, ਨਿਰਮਲ ਆਸ਼ਰਮ, ਵੱਡਾ ਡੇਰਾ ਦੌਧਰ (ਮੋਗਾ)
2. ਗੁਰਮਤਿ ਵਿਦਿਆਲਾ ਗੁਰਦੁਆਰਾ ਬੁੱਢਾਸਰ ਸਾਹਿਬ, ਪਿੰਡ ਲੋਹਟਬੱਧੀ (ਲੁਧਿਆਣਾ)
3. ਬੁੰਗਾ ਮਸਤੂਆਣਾ, ਦਮਦਮਾ ਸਾਹਿਬ
4. ਗੁਰਮਤਿ ਵਿਦਿਆਲਾ, ਪਿੰਡ ਜਨੇਤ (ਮੋਗਾ)

**ਮਾਝਾ ਖੇਤਰ ਦੀਆਂ ਵਿਦਿਅਕ ਸੰਸਥਾਵਾਂ**

ਮਾਝਾ ਬਿਆਸ ਅਤੇ ਰਾਵੀ ਦਰਿਆਵਾਂ ਵਿਚਕਾਰਲੇ ਪੰਜਾਬ ਦੇ ਖੇਤਰ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਅੰਮ੍ਰਿਤਸਰ, ਤਰਨ ਤਾਰਨ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦਾ ਖੇਤਰ ਆਉਂਦਾ ਹੈ। ਇਸ ਖੇਤਰ ਵਿਚ ਨਿਰਮਲੇ ਸਥਾਨ ਅਜੋਕੇ ਸਮੇਂ ਵੀ ਵਿਦਿਆ ਦੇ ਖੇਤਰ ਵਿਚ ਆਪਣਾ ਅਹਿਮ ਯੋਗਦਾਨ ਦੇ ਰਹੇ ਹਨ।

1. ਸੰਤ ਬਾਬਾ ਭੂਰੀ ਵਾਲੇ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਗੁਰਦੁਆਰਾ ਖੂਹ ਭਾਈ ਮੰਝ ਸਾਹਿਬ, ਅੰਮ੍ਰਿਤਸਰ
2. ਗੁਰਮਤਿ ਵਿਦਿਆਲਾ ਰਾਮਪੁਰ ਅਟਾਰੀ, ਨਵਾਂ ਸ਼ਹਿਰ
3. ਗੁਰਮਤਿ ਵਿਦਿਆਲਾ, ਖਡੂਰ ਸਾਹਿਬ

**ਦੁਆਬਾ ਖੇਤਰ ਦੀਆਂ ਵਿਦਿਅਕ ਸੰਸਥਾਵਾਂ**

ਦੋ ਦਰਿਆਵਾਂ ਦੇ ਵਿਚਕਾਰਲੇ ਖੇਤਰ ਨੂੰ ਦੁਆਬਾ ਕਿਹਾ ਜਾਂਦਾ ਹੈ। ਇਸ ਵਿਚ ਹੁਸ਼ਿਆਰਪੁਰ, ਨਵਾਂ ਸ਼ਹਿਰ, ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦਾ ਖੇਤਰ ਆਉਂਦਾ ਹੈ।

## 1. ਡੇਰਾ ਸੰਤਪੁਰਾ ਜੱਬੜ੍ਹ, ਮਾਣਕੋ [38]

ਦੁਆਬੇ ਵਿਚ ਨਿਰਮਲੇ ਸੰਤਾਂ ਬਾਬਾ ਭਾਗ ਸਿੰਘ ਜੀ ਦਾ ਡੇਰਾ ਸੰਤਪੁਰਾ, ਜੱਬੜ੍ਹ, ਨੇੜੇ ਆਦਮਪੁਰ ਪਿੰਡ ਮਾਣਕੋ ਵਿਖੇ ਹੈ। ਇਸ ਡੇਰੇ ਦੇ ਪ੍ਰਬੰਧਕ ਮਲਕੀਤ ਸਿੰਘ ਵੱਲੋਂ ਇਸ ਇਲਾਕੇ ਦੇ ਪਿੰਡਾਂ ਵਿਚ ਸਮਾਜ ਸੁਧਾਰ ਦੇ ਅਨੇਕਾਂ ਕਾਰਜ ਕੀਤੇ ਹਨ। ਇਸ ਦੇ ਮੌਜੂਦਾ ਪ੍ਰਬੰਧਕ ਬਾਬਾ ਦਿਲਾਵਰ ਸਿੰਘ ਜੀ ਸਿੰਘ ਜੀ ਹਨ। ਪ੍ਰਬੰਧਕਾਂ ਨੇ ਬਾਬਾ ਭਾਗ ਸਿੰਘ ਜੀ ਦੇ ਨਾਮ 'ਤੇ ਇਕ ਵਿਦਿਅਕ ਸੋਸਾਇਟੀ 'ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਚੈਰੀਟੇਬਲ ਸੋਸਾਇਟੀ' ਬਣਾਈ ਹੋਈ ਹੈ। ਇਸ ਵਿਦਿਅਕ ਸੋਸਾਇਟੀ ਵੱਲੋਂ ਵਿਦਿਆ ਦੇ ਖੇਤਰ ਵਿਚ ਕਈ ਵਿਦਿਅਕ ਸੰਸਥਾਵਾਂ ਚਲਾਈਆਂ ਗਈਆਂ ਹਨ, ਜਿਵੇ:

ਟਰੱਸਟ: **ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਚੈਰੀਟੇਬਲ ਸੋਸਾਇਟੀ, ਡੇਰਾ ਸੰਤਪੁਰਾ**

ੳ) 2003 ਈ. ਵਿਚ 'ਸੰਤ ਬਾਬਾ ਭਾਗ ਸਿੰਘ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ' ਸ਼ੁਰੂ ਕੀਤਾ ਗਿਆ।

ਅ) 2004 ਈ. ਵਿਚ 'ਸੰਤ ਬਾਬਾ ਭਾਗ ਸਿੰਘ ਇੰਟਰਨੈਸ਼ਨਲ ਸਕੂਲ' ਦੀ ਸਥਾਪਨਾ ਕੀਤੀ ਗਈ।

ੲ) 2005 ਈ. ਵਿਚ 'ਸੰਤ ਬਾਬਾ ਭਾਗ ਸਿੰਘ ਇੰਸਟੀਚਿਊਟ ਆਫ਼ ਐਜੂਕੇਸ਼ਨ' ਦੀ ਸਥਾਪਨਾ ਕੀਤੀ।

ਸ) 2005 ਈ. ਵਿਚ 'ਸੰਤ ਬਾਬਾ ਭਾਗ ਸਿੰਘ ਇੰਸਟੀਚਿਊਟ ਆਫ਼ ਨਰਸਿੰਗ' ਦੀ ਸਥਾਪਨਾ ਕੀਤੀ ਗਈ।

ਹ) 2010 ਈ. ਵਿਚ 'ਸੰਤ ਬਾਬਾ ਭਾਗ ਸਿੰਘ ਰਿਸਰਚ ਐਂਡ ਡਿਵੈਲਪਮੈਂਟ ਸੈਂਟਰ' ਦੀ ਸਥਾਪਨਾ ਕੀਤੀ ਗਈ।

ਕ) 2011 ਈ. ਵਿਚ 'ਸੰਤ ਬਾਬਾ ਭਾਗ ਸਿੰਘ ਪੋਸ਼ਟ ਗਰੈਜੂਏਟ ਕਾਲਜ' ਦੀ ਸਥਾਪਨਾ ਕੀਤੀ ਗਈ।

ਖ) 2011 ਵਿਚ 'ਸੰਤ ਬਾਬਾ ਭਾਗ ਸਿੰਘ ਪਬਲਿਕ ਸਕੂਲ ਪਿੰਡ ਬਿੰਜੋ' ਵਿਖੇ ਸਥਾਪਿਤ ਕੀਤਾ ਗਿਆ। ਜਿਥੇ ਇਸ ਸਮੇਂ 1500 ਬੱਚੇ ਪੜ੍ਹ ਰਹੇ ਹਨ।

---

[38] ਪਿੰਡ ਜੱਬੜ੍ਹ, ਮਾਣਕੋ: ਇਹ ਪਿੰਡ ਆਦਮਪੁਰ ਨੇੜ੍ਹੇ ਜ਼ਿਲ੍ਹਾ ਜਲੰਧਰ ਦਾ ਪਿੰਡ ਹੈ ਜੋ ਜਲੰਧਰ ਤੋਂ 31 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਗ) 2007 ਈ. ਵਿਚ ਮਾਤਾ ਸਾਹਿਬ ਕੌਰ ਖ਼ਾਲਸਾ ਕਾਲਜ ਫ਼ਾਰ ਗਰਲਜ਼, ਜਗਪਾਲਪੁਰ (ਕਪੂਰਥਲਾ) ਵਿਖੇ ਸਥਾਪਿਤ ਕੀਤਾ ਗਿਆ।

ਘ) ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ

ਇਹ ਯੂਨੀਵਰਸਿਟੀ ਪਿੰਡ ਖਿਆਲਾ, ਡਾਕ. ਪਧਿਆਣਾ (ਜ਼ਿਲ੍ਹਾ ਜਲੰਧਰ) ਵਿਖੇ ਸਥਿਤ ਹੈ। ਮੌਜੂਦਾ ਸਮੇਂ ਡਾ. ਜੇ.ਐਸ ਬੱਲ ਇਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਹਨ। ਇਸ ਯੂਨੀਵਰਸਿਟੀ ਦਾ ਪਹਿਲਾ ਰੂਪ ਇਕ ਕਾਲਜ ਸੀ ਜਿਸ ਨੂੰ ਖੇਤਰੀ ਵਿਦਿਆਰਥੀਆਂ ਅਤੇ ਸਮੇਂ ਦੀ ਮੰਗ ਅਨੁਸਾਰ ਇਕ ਯੂਨੀਵਰਸਿਟੀ ਵਿਚ ਬਦਲ ਦਿੱਤਾ ਗਿਆ। ਇਸ ਖੇਤਰੀ ਯੂਨੀਵਰਸਿਟੀ ਦੇ ਮੌਜੂਦਾ ਸੰਚਾਲਕ ਸੰਤ ਦਿਲਾਵਰ ਸਿੰਘ ਜੀ ਹਨ ਜਿਸ ਦਾ ਮੁੱਖ ਉਦੇਸ਼ ਖੇਤਰੀ ਵਿਦਿਆਰਥੀਆਂ ਨੂੰ ਉੱਚ ਵਿਦਿਆ ਦੇਣਾ ਹੈ। ਇਸ ਨੂੰ ਸਥਾਪਿਤ ਕਰਨ ’ਤੇ 500 ਕਰੋੜ ਦਾ ਖਰਚਾ ਅਨੁਮਾਨ ਕੀਤਾ ਗਿਆ ਹੈ। ਇਹ ਯੂਨੀਵਰਸਿਟੀ ਮੁਕੰਮਲ ਰੂਪ ਵਿਚ 2015 ਈ. ਵਿਚ ਹੋਂਦ ਵਿਚ ਆਈ। ਇਸ ਯੂਨੀਵਰਸਿਟੀ ਵਿਚ ਪੰਜਾਬ ਦੀਆਂ ਦੂਜੀਆਂ ਯੂਨੀਵਰਸਿਟੀਆਂ ਦੀ ਤਰਜ ’ਤੇ ਸਾਰੇ ਵਿਦਿਅਕ ਕੋਰਸ ਚਲਾਏ ਜਾ ਰਹੇ ਹਨ।

**2. ਮਹੰਤ ਲਾਲ ਸਿੰਘ ਮਾਡਲ ਸਕੂਲ, ਗੁਰੂਸਰ ਖੁੱਡਾ, ਜ਼ਿਲ੍ਹਾ ਹੁਸ਼ਿਆਰਪੁਰ**

**3. ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, ਮਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ**

**4. ਗੁਰਮਤਿ ਵਿਦਿਆਲਾ ਨਿਰਮਲ ਕੁਟੀਆ, ਪਠਲਾਵਾ, ਜ਼ਿਲ੍ਹਾ ਨਵਾਂ ਸ਼ਹਿਰ**

**5. ਸੰਤ ਬਾਬਾ ਹਰਨਾਮ ਸਿੰਘ ਜੀ ਗੁਰਮਤਿ ਸੰਗੀਤ ਵਿਦਿਆਲਿਆ, ਰਾਮਪੁਰ ਖੇੜਾ, ਹੁਸ਼ਿਆਰਪੁਰ**

**6. ਸੰਤ ਹਰੀ ਸਿੰਘ ਮੈਮੋਰੀਅਲ ਕਾਲਜ ਫ਼ਾਰ ਵੋਮੈਨ, ਪਿੰਡ ਚੇਲਾ ਮਖਸੂਪੁਰ, ਹੁਸ਼ਿਆਰਪੁਰ:**

**7. ਸੀਚੇਵਾਲ** [39]

ਇਸ ਸਥਾਨ ’ਤੇ ਨਿਰਮਲੇ ਸੰਤਾਂ ਦਾ ਸਥਾਨ ਹੈ ਜਿਸ ਦੇ ਮੌਜੂਦਾ ਪ੍ਰਬੰਧਕ ਸੰਤ ਬਲਵੀਰ ਸਿੰਘ ਸੀਚੇਵਾਲ ਹਨ। ਇਸ ਸਥਾਨ ਵੱਲੋਂ ਕਈ ਵਿਦਿਅਕ ਸੰਸਥਾਵਾਂ ਦੀ ਸਥਾਪਨਾ ਕਰ ਕੇ ਵਿਦਿਅਕ ਦਾਨ ਦਿੱਤਾ ਜਾ ਰਿਹਾ ਹੈ।

[39] ਸੀਚੇਵਾਲ: ਪੰਜਾਬ ਦੇ ਜਲੰਧਰ ਜ਼ਿਲ੍ਹੇ ਦਾ ਪਿੰਡ ਹੈ, ਜੋ ਜਲੰਧਰ ਤੋਂ 46 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ।

ਟਰੱਸਟ: **ਏਕ ਓਅੰਕਾਰ ਚੈਰੀਟੇਬਲ ਟਰੱਸਟ, ਸੀਚੇਵਾਲ**

ਉਕਤ ਟਰੱਸਟ ਅਧੀਨ ਚੱਲ ਰਹੇ ਵਿਦਿਅਕ ਅਦਾਰੇ

ੳ) ਸ੍ਰੀ ਮਾਨ ਅਵਤਾਰ ਸਿੰਘ ਜੀ ਯਾਦਗਾਰੀ ਮਹਾਂਵਿਦਿਆਲਿਆ ਸੀਚੇਵਾਲ

ਅ) ਸੰਤ ਅਵਤਾਰ ਸਿੰਘ ਯਾਦਗਾਰੀ ਕਾਲਜ, ਸੀਚੇਵਾਲ

ੲ) ਨਵਾਂ ਨਨਕਾਣਾ ਸਕੂਲ, ਸੁਲਤਾਪੁਰ ਲੋਧੀ

ਸ) ਸੰਤ ਅਵਤਾਰ ਸਿੰਘ ਜੀ ਯਾਦਗਾਰੀ ਸਕੂਲ, ਸੀਚੇਵਾਲ

8. **ਗੁਰੂ ਨਾਨਕ ਪਰੇਮ ਕਰਮਸਰ ਕਾਲਜ, ਨਡਾਲਾ** [40]

ਇਹ ਕਾਲਜ ਸੰਤ ਬਾਬਾ ਮਾਝਾ ਸਿੰਘ ਜੀ 'ਹੋਤੀ ਮਰਦਾਨ' ਵਾਲਿਆਂ ਦੀ ਰਹਿਨੁਮਾਈ ਹੇਠ ਸੰਤ ਚੰਨਣ ਜੀ (ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ) ਦੁਆਰਾ 1969 ਈ. ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ 5ਵੀਂ ਜਨਮ ਸ਼ਤਾਬਦੀ ਸਮੇਂ ਸ਼ੁਰੂ ਕੀਤਾ ਗਿਆ। ਇਹ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਮਾਨਤਾ ਪ੍ਰਾਪਤ ਹੈ। ਇਸ ਕਾਲਜ ਵਿਚ ਐਮ.ਏ, ਬੀ.ਏ, ਬੀ.,ਕਾਮ, ਬੀ.ਸੀ.ਏ, ਬੀ.ਐਸ.ਸੀ ਅਤੇ ਪੀ.ਜੀ.ਡੀ.ਸੀ.ਏ ਆਦਿ ਕੋਰਸ ਚਲਦੇ ਹਨ। ਇਹ ਲੜਕੇ-ਲੜਕੀਆਂ ਦਾ ਸਾਂਝਾ ਕਾਲਜ ਹੈ। ਇਸ ਕਾਲਜ ਵਿਚ ਲੋੜੀਂਦੀਆਂ ਸਾਰੀਆਂ ਆਧੁਨਿਕ ਸਹੂਲਤਾਂ ਹਨ।

**9. ਗੁਰੂ ਨਾਨਕ ਪਰੇਮ ਕਰਮਸਰ ਪਬਲਿਕ ਸਕੂਲ, ਨਡਾਲਾ, ਕਪੂਰਥਲਾ**

**10. ਗੁਰੂ ਨਾਨਕ ਪਰੇਮ ਕਰਮਸਰ ਕਾਲਜੀਏਟ ਸਕੂਲ, ਨਡਾਲਾ, ਕਪੂਰਥਲਾ**

**ਪੰਜਾਬ ਤੋਂ ਬਾਹਰ ਨਿਰਮਲੇ ਸੰਤਾਂ ਦੁਆਰਾ ਚਲਾਏ ਜਾ ਰਹੇ ਵਿਦਿਆਲਯ**

**1. ਸ੍ਰੀ ਗੁਰੂ ਨਾਨਕ ਸੰਸਕ੍ਰਿਤ ਮਹਾਂਵਿਦਿਆਲਯ, ਚੇਤਨ ਮਠ, ਕਾਸ਼ੀ** [41]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਨੁਮਾਈ ਸਦਕਾ ਕੁੱਝ ਸਿੱਖਾਂ ਨੇ ਕਾਸ਼ੀ ਤੋਂ ਸੰਸਕ੍ਰਿਤ ਵਿਦਿਆ ਗ੍ਰਹਿਣ ਕੀਤੀ। ਕਾਸ਼ੀ ਵਿਦਿਆ ਗ੍ਰਹਿਣ ਕਰਨ ਗਏ ਸੰਤਾਂ ਦਾ ਟਿਕਾਣਾ ਬਣ ਗਿਆ ਸੀ। ਇਸੇ ਟਿਕਾਣੇ ਵਿਚ

---

[40] ਨਡਾਲਾ: ਇਹ ਜ਼ਿਲ੍ਹਾ ਕਪੂਰਥਲਾ ਦਾ ਕਸਬਾ ਹੈ, ਜਿਸ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਇਹ ਕਪੂਰਥਲਾ ਸ਼ਹਿਰ ਤੋਂ 23 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

[41] ਕਾਸ਼ੀ: ਯੂ.ਪੀ ਸੂਬੇ ਦੇ ਇਕ ਹਿੰਦੂ ਤੀਰਥ ਅਤੇ ਵਿਦਿਆ ਦੀ ਟਕਸਾਲ ਹੈ ਜਿਸ ਨੂੰ 'ਵਾਰਾਨਸੀ' ਜਾਂ 'ਬਨਾਰਸ' ਵੀ ਕਿਹਾ ਜਾਂਦਾ ਹੈ।

ਇਨ੍ਹਾਂ ਸੰਤਾਂ ਵੱਲੋਂ "ਚੇਤਨ ਮਠ ਵਿਚ 'ਨਿਰਮਲ ਸੰਸਕ੍ਰਿਤ ਵਿਦਿਆਲਯ' ਕਾਇਮ ਕੀਤਾ ਗਿਆ ਜਿਸ ਵਿਚ ਪੰਜਾਬ ਵਿਚੋਂ ਹੋਰ ਸੰਤ ਵਿਦਿਆਰਥੀ ਆਉਂਦੇ ਰਹੇ ਅਤੇ ਪੜ੍ਹ ਕੇ ਵਾਪਸ ਪੰਜਾਬ ਵਿਚ ਅਤੇ ਭਾਰਤ ਦੇ ਕੋਨੇ-ਕੋਨੇ ਪੁੱਜ ਕੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਦਾ ਪ੍ਰਚਾਰ ਕਰਦੇ ਰਹੇ।"[42] ਨਿਰਮਲੇ ਸੰਤਾਂ ਦੀ ਸ਼ਾਸਤ੍ਰਾਂ ਦੇ ਪਠਨ-ਪਾਠਨ ਦੀ ਧਾਕ ਚਾਰੇ ਪਾਸੇ ਫ਼ੈਲ ਗਈ। ਇਸ ਤੋਂ ਪ੍ਰਭਾਵਿਤ ਹੋ ਬਹੁਤੇ ਜਿਗਿਆਸੂ ਸਮੇਂ-ਸਮੇਂ ਕਾਸ਼ੀ ਜਾਂਦੇ ਅਤੇ 'ਜਤਨ ਵਟ' (ਚੇਤਨ ਮਠ) ਵਿਚ ਟਿਕਾਣਾ ਕਰਕੇ ਵਿਦਿਆ ਗ੍ਰਹਿਣ ਕਰਦੇ। ਇਸ ਵਿਦਿਆਲੇ ਨੇ ਨਿਰਮਲ ਸੰਪ੍ਰਦਾਇ ਦੇ ਵਿਦਿਆਲਿਆਂ ਦਾ ਮੁੱਢ ਬੰਨਿਆ, ਜਿਸ ਕਾਰਨ ਕਾਸ਼ੀ ਵਿਚ ਹੀ ਨਹੀਂ ਇਸ ਤੋਂ ਬਾਹਰ ਵੀ ਇਸ ਸੰਸਥਾ ਦੇ ਪੜ੍ਹੇ ਵਿਦਵਾਨਾਂ ਨੇ ਸ਼ੋਹਰਤ ਖੱਟੀ ਹੈ।

ਵਰਣਨਯੋਗ ਹੈ ਕਿ ਨਿਰਮਲ ਸੰਪ੍ਰਦਾਇ ਦੇ ਇਸ ਵਿਦਿਆਲੇ ਵਿਚੋਂ ਅਨੇਕਾਂ ਨਾਮੀਂ-ਗ੍ਰਾਮੀਂ ਵਿਦਵਾਨ ਪੈਦਾ ਹੋਏ ਹਨ। ਜਿਆਦਾਤਰ ਜਿਗਿਆਸੂਆਂ ਦੀ ਇਹੀ ਇੱਛਾ ਹੁੰਦੀ ਸੀ ਕਿ ਉਹ ਇਸ ਸਥਾਨ ਤੋਂ ਵਿਦਿਆ ਪ੍ਰਾਪਤ ਕਰਨ। "ਕਾਫ਼ੀ ਲੰਬਾ ਸਮਾਂ ਵਿਦਿਅਕ ਖੇਤਰ ਵਿਚ ਆਪਣੀ ਧਾਕ ਜਮਾਉਣ ਤੋਂ ਬਾਅਦ ਬਾਕੀ ਵਿਦਿਆਲਿਆਂ ਵਾਂਗ ਮੌਜੂਦਾ ਸਮੇਂ ਇਸ ਵਿਦਿਆਲੇ ਵਿਚ ਵੀ ਵਿਦਿਆਰਥੀਆਂ ਦੇ ਪੜ੍ਹਨ ਦੀ ਰੁਚੀ ਕੁੱਝ ਘਟੀ ਹੈ। ਇੱਥੇ ਵਿਦਿਆ-ਦਾਨ ਲਈ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਉਸਾਰੀ ਅਧੀਨ ਹੈ।"[43] ਇਸ ਸਮੇਂ ਮਹੰਤ ਪ੍ਰੀਤਮ ਸਿੰਘ ਜੀ ਮੁਖੀ ਹਨ।

### 2. ਸ੍ਰੀ ਨਿਰਮਲ ਸੰਸਕ੍ਰਿਤ ਮਹਾਵਿਦਿਆਲਯ, ਸੰਗਤ ਲਾਹੌਰੀ ਟੋਲਾ, ਕਾਸ਼ੀ

ਕਾਸ਼ੀ ਵਿਚ ਵਿਦਿਆ ਦੇ ਜਿਗਿਆਸੂਆਂ ਦੀ ਗਿਣਤੀ ਵਧਣ ਲੱਗੀ ਤਾਂ ਉਨ੍ਹਾਂ ਲਈ ਸਹੂਲਤਾਂ ਦੀ ਘਾਟ ਨੂੰ ਦੇਖਦੇ ਹੋਏ ਦੂਸਰਾ ਮਠ 'ਸੰਗਤ ਲਾਹੌਰੀ ਟੋਲਾ' ਦਾ ਨਿਰਮਾਣ ਕੀਤਾ ਗਿਆ। ਨਿਰਮਲ ਸੰਪ੍ਰਦਾਇ ਦੇ ਵਿਦਵਾਨ ਪੰਡਿਤ ਜੀਵਨ ਸਿੰਘ (ਬਾਅਦ ਦੇ ਸੱਤਵੇਂ ਸ੍ਰੀ ਮਹੰਤ) ਵਿਦਿਆ ਪ੍ਰਾਪਤੀ ਲਈ ਕਾਸ਼ੀ ਗਏ। ਲਾਹੌਰੀ ਟੋਲੇ ਦੇ ਮਹੰਤ ਰਘੁਬੀਰ ਸਿੰਘ ਕੋਲ ਰਹਿਕੇ ਵਿਦਿਆ ਅਧਿਐਨ ਅਰੰਭ ਕੀਤਾ। ਇਸ ਸਮੇਂ ਲਾਹੌਰੀ ਟੋਲਾ ਨਿਰਮਲ ਸੰਪ੍ਰਦਾਇ ਦਾ ਆਸ਼ਰਮ ਸੀ, ਇਥੇ ਵਿਦਿਆ ਪੜ੍ਹਨ ਵਾਲੇ ਨਿਰਮਲੇ ਸੰਤ ਵਿਦਿਆਰਥੀ ਆਰਾਮ ਪੂਰਬਕ ਰਹਿੰਦੇ ਸਨ। ਫਿਰ ਵੀ ਨਿਰਮਲ ਸੰਪ੍ਰਦਾਇ ਦੇ ਵਿਦਿਆਰਥੀਆਂ ਨੂੰ ਪੜ੍ਹਨ ਸਮੇਂ ਕਈ ਮੁਸ਼ਕਲਾਂ ਦਾ

---

[42] ਗੁਰਦੀਪ ਸਿੰਘ ਕੇਸਰੀ, ਗੁਰੂ ਨਾਨਕ ਦਰਸ਼ਨ ਤੇ ਸਿੱਖ ਧਰਮ ਨੂੰ ਬਹੁਪੱਖੀ ਦੇਣ, ਪ੍ਰੀਤਮ ਸਿੰਘ ਸੰਪਾ. *ਨਿਰਮਲ ਸੰਪ੍ਰਦਾਇ*, ਪੰਨਾ 117.

[43] ਮਹੰਤ ਕਮਲਜੀਤ ਸਿੰਘ ਸ਼ਾਸ਼ਤ੍ਰੀ, *ਨਿੱਜੀ ਮੁਲਾਕਾਤ*, ਮਿਤੀ 02 ਅਕਤੂਬਰ 2019 ਵਿਚੋਂ.

ਸਾਹਮਣਾ ਕਰਨਾ ਪੈਂਦਾ ਸੀ। "ਇਸ ਵਿਸ਼ੇ ਉੱਤੇ ਆਪ ਜੀ ਨੇ (ਪੰਡਿਤ ਜੀਵਨ ਸਿੰਘ) ਸੰਮਤ 1978 (1921 ਈ.) ਦੀ ਹਰਿਦ੍ਵਾਰ ਅਰਧ ਕੁੰਭੀ ਤੇ ਵਿਦਵਤਾ ਭਰਿਆ ਹਲੂਣਾ ਦੇਣ ਵਾਲਾ ਵਿਖਿਆਨ ਦਿਤਾ। ਕਾਸ਼ੀ ਵਿਚ ਨਿਰਮਲੇ ਵਿਦਿਆਰਥੀਆਂ ਦੇ ਕਸ਼ਟ ਦੱਸੇ। ਵਿਆਖਿਆ ਪੂਰਵਕ ਵਰਣਨ ਕਰਕੇ 'ਨਿਰਮਲ ਸੰਸਕ੍ਰਿਤ ਵਿਦਿਆਲਯ' ਖੋਲ੍ਹਣ 'ਤੇ ਜ਼ੋਰ ਦਿੱਤਾ। ਇਸ ਪ੍ਰਭਾਵ ਵਿਚ ਸੰਤਾਂ-ਮਹੰਤਾਂ ਨੇ ਵਿਦਿਆਲਯ ਵਾਸਤੇ ਖੁੱਲ੍ਹੇ ਦਿਲ ਨਾਲ ਦਾਨ ਦਿੱਤਾ।"[44] ਜਦੋਂ ਇਹ ਮਹਿਸੂਸ ਕੀਤਾ ਗਿਆ ਕਿ ਹੁਣ ਵਿਦਿਆਲੇ ਲਈ ਲੋੜੀਂਦੀ ਮਾਇਆ ਇਕੱਤਰ ਹੋ ਗਈ ਹੈ ਤਾਂ "ਆਪ ਜੀ ਨੇ ਸੰਮਤ 1977 ਬਿ. ਚੇਤ ਵਦੀ 15 (1920 ਈ.) ਮੱਸਿਆ ਨੂੰ 'ਸ੍ਰੀ ਨਿਰਮਲ ਸੰਸਕ੍ਰਿਤ ਵਿਦਿਆਲਿਆ, ਕਾਸ਼ੀ' ਸਥਾਪਿਤ ਕਰ ਦਿੱਤਾ।"[45] ਸਮਾਂ ਪਾ ਕੇ ਇਸ ਵਿਦਿਆਲੇ ਦੀ ਕਾਸ਼ੀ ਦੇ ਸੰਸਕ੍ਰਿਤ ਵਿਦਿਆਲਿਆਂ ਵਿਚ ਵਿਸ਼ੇਸ਼ ਪ੍ਰਸਿੱਧੀ ਹੋ ਗਈ।

ਇਸ ਵਿਦਿਆਲੇ ਦੀ ਵਿਦਿਆ ਦਾ ਪੱਧਰ ਬਹੁਤ ਉੱਚਾ ਸੀ। ਇਸੇ ਲਈ ਜਿਗਿਆਸੂ ਇਥੋਂ ਵਿਦਿਆ ਪ੍ਰਾਪਤੀ ਨੂੰ ਪਹਿਲ ਦਿੰਦੇ ਸਨ। ਇਸ ਵਿਦਿਆਲੇ ਵਿਚੋਂ ਨਿਰਮਲ ਭੇਖ ਦੇ ਸੈਂਕੜੇ ਮਹਾਪੁਰਖ ਪ੍ਰਕਾਂਡ ਵਿਦਵਾਨ ਬਣ ਕੇ ਨਿਕਲੇ "ਜਿਸ ਤਰ੍ਹਾਂ ਪੰਡਿਤ ਈਸ਼ਰ ਸਿੰਘ ਜੀ ਕਾਸ਼ੀ ਵਾਲੇ, ਪੰਡਿਤ ਗੋਬਿੰਦ ਸਿੰਘ ਜੀ ਸਾਧੂ, ਸ੍ਰੀ ਮਹੰਤ ਊਧਵ ਸਿੰਘ ਜੀ ਨੈਯਾਯਿਕ, ਪੰਡਿਤ ਭਾਨ ਸਿੰਘ ਜੀ ਨਯਾਯ ਗੌਤਮ ਕੋਕਰੀ ਵਾਲੇ, ਸਵਾਮੀ ਸੰਤ ਸਿੰਘ ਜੀ ਪਟਨਾ ਵਾਲੇ, ਸਵਾਮੀ ਅਰਜੁਨ ਸਿੰਘ ਜੀ ਮੁਨੀ, ਸ੍ਰੀ ਮਹੰਤ ਗੁਰਦੀਪ ਸਿੰਘ ਜੀ 'ਕੇਸਰੀ' ਪੰਜ ਸੁਵਰਣ ਪਦਕ ਵਿਜੇਤਾ ਪੀਐਚ.ਡੀ, ਡੀ. ਲਿਟ. ਪੰਡਿਤ ਸਵਾਮੀ ਰਾਮਪਾਲ ਸਿੰਘ ਜੀ ਦਿੱਲੀ ਵਾਲੇ ਇਤਿਆਦਿਕ ਮਹਾਂਪੁਰਖ ਜਿਨ੍ਹਾਂ ਨੇ ਕਈ ਅਮੋਲਕ ਗ੍ਰੰਥਾਂ ਦੀ ਰਚਨਾ ਕੀਤੀ, ਜਿਨ੍ਹਾਂ ਨੂੰ ਪੜ੍ਹ ਕੇ ਅੱਜ ਤੱਕ ਵਿਦਵਾਨ ਲੋਕ ਲਾਭਾਨਿਵਤ ਹੋ ਰਹੇ ਹਨ। ... ਇਸ ਵਿਦਿਆਲਯ ਨੂੰ ਇਹ ਗੌਰਵ ਪ੍ਰਾਪਤ ਹੈ ਕਿ ਸਾਡੇ ਦੇਸ਼ ਦੇ ਦੂਸਰੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦੁਰ ਸ਼ਾਸਤ੍ਰੀ ਬਚਪਨ ਵਿਚ ਇਸ ਵਿਦਿਆਲਯ ਵਿਚ ਪੜ੍ਹਦੇ ਰਹੇ ਹਨ।"[46] ਸੰਗਤ ਲਾਹੌਰੀ ਟੋਲਾ (ਨੇੜੇ ਵਿਸ਼ਵਨਾਥ ਮੰਦਿਰ), ਕਾਸ਼ੀ ਵਿਖੇ ਚੱਲ ਰਿਹਾ ਇਹ ਵਿਦਿਆਲਿਆ 'ਸੰਪੂਰਣਾਨੰਦ ਸੰਸਕ੍ਰਿਤ

---

[44] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ,* ਪੰਨੇ 243-44.

[45] ਸੰਤ ਦਰਸ਼ਨ ਸਿੰਘ ਸ਼ਾਸਤ੍ਰੀ, ਸੰਤ ਸਤਨਾਮ ਸਿੰਘ ਸ਼ਾਸਤ੍ਰੀ, ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਭੇਖ ਤਥਾ ਨਿਰਮਲੇ ਸੰਤਾਂ ਦਾ ਸਮਾਜ ਨੂੰ ਸਰਵ ਪੱਖੀ ਯੋਗਦਾਨ, ਡਾ. ਹਰਭਜਨ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ ਦੀ ਗੁਰੁਬਾਣੀ ਵਿਆਖਿਆਕਾਰੀ,* ਪੰਨਾ 28.

[46] ਉਹੀ

ਯੂਨੀਵਰਸਿਟੀ', ਵਾਰਾਨਸੀ, (ਯੂ.ਪੀ) ਤੋਂ ਮਾਨਤਾ ਪ੍ਰਾਪਤ ਹੈ। ਨਿਰਮਲ ਸੰਪ੍ਰਦਾਇ ਦੇ ਮੌਜੂਦਾ ਸ੍ਰੀ ਮਹੰਤ ਪੰਡਿਤ ਗਿਆਨ ਦੇਵ ਜੀ ਨੇ ਵੀ ਇਸੇ ਸੰਸਥਾ ਤੋਂ ਵਿਦਿਆ ਪ੍ਰਾਪਤ ਕੀਤੀ ਹੈ।

ਇਹ ਵਿਦਿਆਲਯਾ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ, ਕਨਖਲ ਦੇ ਪ੍ਰਬੰਧ ਅਧੀਨ ਹੈ। ਵਿਦਿਆਲੇ ਦੇ ਮੌਜੂਦਾ ਪ੍ਰਬੰਧਕ ਸੰਤ ਕਮਲਜੀਤ ਸਿੰਘ ਜੀ ਸ਼ਾਸਤ੍ਰੀ ਹਨ। "ਇਸ ਵਿਚ ਉਚਕੋਟੀ ਦੇ ਮਹਾਨ ਪੰਡਿਤ, ਅਧਿਆਪਕ ਰੱਖੇ ਗਏ ਹਨ। ਇਸ ਵਿਦਿਆਲੇ ਵਿਚ ਵਿਆਕਰਣ-ਵੇਦਾਂਤ, ਨਯਾਯ, ਵੇਦ-ਉਪਨਿਸ਼ਦ, ਸਾਹਿਤ ਕਾਵਿ-ਕੋਸ਼ ਹਰ ਤਰ੍ਹਾਂ ਦਾ ਪਠਨ-ਪਾਠਨ ਕਰਵਾਇਆ ਜਾਂਦਾ ਹੈ। ਸੰਤ ਤੇ ਬ੍ਰਾਹਮਣ ਵਿਦਿਆਰਥੀ ਭਿੰਨ-ਭਿੰਨ ਵਿਸ਼ਿਆਂ ਵਿਚ ਵਿਦਿਆ ਪ੍ਰਾਪਤ ਕਰ ਰਹੇ ਹਨ। ਇਸ ਸਮੇਂ ਵੀ 300 ਦੇ ਕਰੀਬ ਸਾਧੂ ਅਤੇ ਹੋਰ ਵਿਦਿਆਰਥੀ ਇਸ ਵਿਦਿਆਲਅਾਂ ਤੋਂ ਵਿਦਿਆ ਗ੍ਰਹਿਣ ਕਰ ਰਹੇ ਹਨ। ਦੇਸ਼ ਦੇ ਵੱਖ-ਵੱਖ ਖਿੱਤਿਆ ਵਿਚੋਂ ਆਏ 30 ਵਿਦਿਆਰਥੀ ਹੋਸਟਲ ਵਿਚ ਰਹਿ ਰਹੇ ਹਨ, ਜਿਨ੍ਹਾਂ ਦੀ ਰਿਹਾਇਸ਼ ਅਤੇ ਖਾਣ-ਪੀਣ ਦਾ ਪ੍ਰਬੰਧ ਅਖਾੜੇ ਦਾ ਹੈ। ਇਸ ਅਖਾੜੇ ਵਿਚ ਸੰਸਕ੍ਰਿਤ ਦੇ ਨਾਲ-ਨਾਲ ਗੁਰਮੁਖੀ ਅਤੇ ਗੁਰਮਤਿ ਵਿਦਿਆ ਦੇਣ ਦਾ ਪ੍ਰਬੰਧ ਵੀ ਹੈ, ਜੋ ਨਿਰਮਲ ਸੰਪ੍ਰਦਾਇ ਦੇ ਸੰਤ ਦਿੰਦੇ ਹਨ। ਸੰਸਕ੍ਰਿਤ ਪੜ੍ਹਾਉਣ ਲਈ ਤਨਖਾਹ 'ਤੇ ਅਧਿਆਪਕ ਹਨ। ਗੁਰਮਤਿ ਵਿਦਿਆ ਨਿਰਮਲੇ ਸੰਤ ਦਿੰਦੇ ਹਨ। ਵਿਦਵਾਨ ਅਧਿਆਪਕਾਂ ਦਾ ਸੇਵਾਫ਼ਲ ਅਤੇ ਨਿਯੁਕਤੀ ਅਖਾੜਾ ਕਰਦਾ ਹੈ। ਸੰਤ ਕਮਲਜੀਤ ਸਿੰਘ ਸ਼ਾਸ਼ਤ੍ਰੀ ਇਸ ਸਮੇਂ ਪ੍ਰਬੰਧਕ ਹਨ।"[47] ਇਸ ਵਿਦਿਆਲਿਆ ਤੋਂ ਵਿਦਿਆ ਗ੍ਰਹਿਣ ਕਰ ਕੇ ਨਿਕਲੇ ਸੈਂਕੜੇ ਸੰਤ ਦੁਨੀਆ ਵਿਚ ਥਾਂ-ਥਾਂ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕਰਦੇ ਰਹੇ ਹਨ। ਹਰ ਤਰ੍ਹਾਂ ਦੀ ਸੁਖ ਸਹੂਲਤ ਕਾਰਨ ਇਸ ਜਗ੍ਹਾ ਇਕੱਲੇ ਸਿੱਖ ਹੀ ਨਹੀਂ ਬਾਕੀ ਹੋਰ ਧਰਮਾਂ ਅਤੇ ਵਰਣਾਂ ਦੇ ਜਿਗਿਆਸੂ ਵੀ ਵਿਦਿਆ ਗ੍ਰਹਿਣ ਕਰਦੇ ਰਹੇ ਹਨ। ਜੋ ਬਾਕੀ ਵਿਦਿਆ ਗ੍ਰਹਿਣ ਕਰਨ ਦੇ ਨਾਲ ਸਿੱਖ ਧਰਮ ਦੇ ਇਤਿਹਾਸ ਤੋਂ ਜਾਣੂ ਹੋ ਕੇ ਗੁਰੂ ਨਾਨਕ ਦੇਵ ਜੀ ਦੇ ਸਰਧਾਲੂ ਬਣਦੇ ਹਨ। ਇਹ ਸੰਸਥਾ ਅਜੋਕੇ ਸਮੇਂ ਵੀ ਸੰਸਕ੍ਰਿਤ ਵਿਦਿਆ ਪ੍ਰਦਾਨ ਕਰ ਰਹੀ ਹੈ।

ਵਰਣਨਯੋਗ ਹੈ ਕਿ ਇਸ ਸਮੇਂ ਹੋਰ ਕੋਈ ਵੀ ਸੰਪ੍ਰਦਾਇ ਸੰਸਕ੍ਰਿਤ ਵਿਦਿਆ ਮਹੱਈਆ ਨਹੀਂ ਕਰਵਾ ਰਹੀ। ਇਹ ਨਿਰਮਲ ਸੰਪ੍ਰਦਾਇ ਦਾ ਅਜਿਹਾ ਵਿਦਿਅਕ ਸੋਮਾ ਹੈ ਜੋ ਪੁਰਾਤਨ ਭਾਰਤੀ ਸਾਹਿਤ ਦੀ ਵਿਦਿਆ ਪ੍ਰਦਾਨ ਕਰ ਰਿਹਾ ਹੈ।

---

[47] ਮਹੰਤ ਕਮਲਜੀਤ ਸਿੰਘ ਸ਼ਾਸ਼ਤ੍ਰੀ, *ਨਿੱਜੀ ਮੁਲਾਕਾਤ,* ਮਿਤੀ 02 ਅਕਤੂਬਰ 2019 ਵਿਚੋਂ.

### 3. ਨਿਰਮਲ ਸੰਸਕ੍ਰਿਤ ਮਹਾਂਵਿਦਿਆਲਯ ਕਨਖਲ,[48] ਹਰਿਦੁਆਰ

ਨਿਰਮਲ ਪੰਚਾਇਤੀ ਅਖਾੜਾ ਕਨਖਲ ਦੇ ਪ੍ਰਬੰਧ ਅਧੀਨ ਅਖਾੜੇ ਦੇ ਨਜ਼ਦੀਕ ਕਨਖਲ, ਹਰਿਦੁਆਰ ਵਿਖੇ 'ਨਿਰਮਲ ਸੰਸਕ੍ਰਿਤ ਮਹਾਂਵਿਦਿਆਲਯ' ਚਲਾਇਆ ਜਾ ਰਿਹਾ ਹੈ। ਇਸ ਵਿਦਿਆਲਿਆ ਦੀਆਂ 1950 ਈ. ਤੱਕ ਦੀਆਂ ਪ੍ਰਾਪਤੀਆਂ 1950 ਈ. ਤੋਂ ਬਾਅਦ ਦੀਆਂ ਪ੍ਰਾਪਤੀਆਂ ਨਾਲੋਂ ਕਿਤੇ ਸ਼ਲਾਘਾਯੋਗ ਸਨ, ਜੋ ਵਿਦਵਾਨ ਸ੍ਰੇਣੀ 1950 ਈ. ਤੋਂ ਪਹਿਲਾਂ ਇਥੋਂ ਨਿਕਲੀ, ਉਸ ਜਿਹੇ ਵਿਦਵਾਨ ਬਾਅਦ ਵਿਚ ਨਹੀਂ ਨਿਕਲੇ।

ਇਸ ਵਿਦਿਆਲੇ ਵਿਖੇ ਮੌਜੂਦਾ ਸਮੇਂ 200 ਦੇ ਕਰੀਬ ਵਿਦਿਆਰਥੀ ਵਿਦਿਆ ਪ੍ਰਾਪਤ ਕਰ ਰਹੇ ਹਨ, ਜਿਨ੍ਹਾਂ ਵਿਚੋਂ 80 ਵਿਦਿਆਰਥੀਆਂ ਦਾ ਸਾਰਾ ਪ੍ਰਬੰਧ ਅਖਾੜੇ ਵੱਲੋਂ ਕੀਤਾ ਜਾਂਦਾ ਹੈ। ਨਿਰਮਲ ਸੰਸਕ੍ਰਿਤ ਮਹਾਂਵਿਦਿਆਲਯ ਅਖਾੜੇ ਦੀ ਸਥਾਪਨਾ ਤੋਂ ਬਾਅਦ ਹੀ ਹੋਂਦ ਵਿਚ ਆ ਗਿਆ ਸੀ। ਇਸ ਵਿਦਿਆਲੇ ਵਿਚ ਮੌਜੂਦਾ ਸਮੇਂ ਸੰਸਕ੍ਰਿਤ ਵਿਦਿਆ ਦਿੱਤੀ ਜਾਂਦੀ ਹੈ ਅਤੇ ਵਿਦਿਆਰਥੀਆਂ ਨੂੰ ਗੁਰਮਤਿ ਸਿੱਖਿਆ ਅਖਾੜੇ ਵਿਚ ਦਿੱਤੀ ਜਾਂਦੀ ਹੈ।

### 4. ਨਿਰਮਲ ਆਸ਼ਰਮ, ਰਿਸ਼ੀਕੇਸ਼ (ਉਤਰਾਖੰਡ) ਦੀਆਂ ਵਿਦਿਅਕ ਸੰਸਥਾਵਾਂ

ਆਧੁਨਿਕ ਵਿਦਿਆ ਦੇ ਖੇਤਰ ਵਿਚ ਸ੍ਰੀ ਮਾਨ ਮਹੰਤ ਰਾਮ ਸਿੰਘ ਜੀ, ਸੰਤ ਜੋਧ ਸਿੰਘ ਜੀ ਨਿਰਮਲ ਆਸ਼ਰਮ, ਰਿਸ਼ੀਕੇਸ਼ (ਉਤਰਾਖੰਡ) ਵੱਲੋਂ ਮਹਾਨ ਉਪਰਾਲਾ ਹੋਇਆ ਹੈ ਜੋ ਕਿ ਅੰਗਰੇਜ਼ੀ ਮਾਧਿਅਮ ਦੇ ਪੰਜ ਸਕੂਲ ਚਲ ਰਹੇ ਹਨ। ਜਿਨ੍ਹਾਂ ਵਿਚ 5000 ਦੇ ਕਰੀਬ ਬੱਚੇ ਵਿਦਿਆ ਪ੍ਰਾਪਤ ਕਰ ਰਹੇ ਹਨ, ਇਨ੍ਹਾਂ ਵਿਚੋਂ ਅੱਧ ਤੋਂ ਵੱਧ ਬੱਚਿਆਂ ਦੀ ਪੜ੍ਹਾਈ ਦਾ ਸੰਪੂਰਨ ਖ਼ਰਚ ਨਿਰਮਲ ਆਸ਼ਰਮ, ਰਿਸ਼ੀਕੇਸ਼ ਵੱਲੋਂ ਕੀਤਾ ਜਾਂਦਾ ਹੈ। ਨਿਰਮਲ ਆਸ਼ਰਮ, ਰਿਸ਼ੀਕੇਸ਼ ਦੇ ਪ੍ਰਬੰਧ ਅਧੀਨ ਚਲਦੇ ਕੁੱਝ ਵਿਦਿਅਕ ਅਦਾਰੇ ਵਿਚੋਂ ਇਸ ਤਰ੍ਹਾਂ ਹਨ:

ੳ). ਨਿਰਮਲ ਆਸ਼ਰਮ ਦੀਪਮਾਲਾ ਪਬਲਿਕ ਸਕੂਲ, ਰਿਸ਼ੀਕੇਸ਼

ਅ). ਨਿਰਮਲ ਆਸ਼ਰਮ ਗਿਆਨ ਦਾਨ ਅਕੈਡਮੀ, ਖੈਰੀ ਕਲਾਂ, ਰਿਸ਼ੀਕੇਸ਼

ੲ). ਸੰਤ ਨਿੱਕਾ ਸਿੰਘ ਜੀ ਪਬਲਿਕ ਸਕੂਲ, ਕਰਨਾਲ (ਹਰਿਆਣਾ)

ਸ). ਸੰਤ ਨਿੱਕਾ ਸਿੰਘ ਜੀ ਪਬਲਿਕ ਸਕੂਲ ਜ਼ਰੀਫਾ ਫਾਰਮ, ਕਰਨਾਲ (ਹਰਿਆਣਾ)

ਹ). ਸੰਤ ਨਿੱਕਾ ਸਿੰਘ ਜੀ ਪਬਲਿਕ ਸਕੂਲ ਸਦਰ ਬਜਾਰ, ਕਰਨਾਲ (ਹਰਿਆਣਾ)

---

[48] ਕਨਖਲ: ਗੰਗਾ ਕਿਨਾਰੇ ਵਸਿਆ ਇਹ ਨਗਰ ਹਰਿਦੁਆਰ ਦੇ ਨਾਲ ਹੈ, ਜਿਥੇ ਤੀਸਰੀ ਪਾਤਸ਼ਾਹੀ ਨਾਲ ਸੰਬੰਧਿਤ ਗੁਰਦੁਆਰਾ ਸਤੀ ਘਾਟ ਸੁਸ਼ੋਭਿਤ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਨਿਰਮਲ ਸੰਪ੍ਰਦਾਇ ਕੋਲ ਹੈ।

ੳ) **ਨਿਰਮਲ ਆਸ਼ਰਮ ਦੀਪਮਾਲਾ ਪਗਰਾਨੀ ਪਬਲਿਕ ਸਕੂਲ, ਸ਼ਿਆਮਪੁਰ** [49]

ਨਿਰਮਲ ਆਸ਼ਰਮ ਰਿਸ਼ੀਕੇਸ਼ ਵੱਲੋਂ 'ਨਿਰਮਲ ਆਸ਼ਰਮ ਦੀਪਮਾਲਾ ਪਗਰਾਨੀ ਪਬਲਿਕ ਸਕੂਲ' (N.D.S) ਸਿਆਮਪੁਰ, ਰਿਸ਼ੀਕੇਸ਼ ਵਿਚ 1997 ਈ. ਤੋਂ ਚਲਾਇਆ ਜਾ ਰਿਹਾ ਹੈ। ਇਸ ਸਕੂਲ ਦਾ ਇਲਾਕੇ ਵਿਚ ਕਾਫ਼ੀ ਚੰਗਾ ਨਾਮ ਹੈ। ਸਕੂਲ ਦਾ ਵਾਤਾਵਰਨ, ਪ੍ਰਾਪਤੀਆਂ ਅਤੇ ਸਾਫ਼-ਸਫ਼ਾਈ ਤਾਰੀਫ਼ ਦੇ ਕਾਬਲ ਹਨ। ਇਸ ਸਕੂਲ ਵਿਚ ਬੱਚਿਆਂ ਦੇ ਰਹਿਣ ਦਾ ਤੇ ਖਾਣ-ਪੀਣ ਦਾ ਪੂਰਾ ਪ੍ਰਬੰਧ ਆਸ਼ਰਮ ਵੱਲੋਂ ਕੀਤਾ ਜਾਂਦਾ ਹੈ। ਇਸ ਵਿਚ ਮੌਜੂਦਾ ਸਮੇਂ ਸੈਕੜੇ ਵਿਦਿਆਰਥੀ ਵਿਦਿਆ ਦਾ ਲਾਹਾ ਲੈ ਰਹੇ ਹਨ।"[50] ਸਕੂਲ ਦਾ ਮਾਹੌਲ ਅਤੇ ਵਿਦਿਆ ਪ੍ਰਬੰਧ ਪ੍ਰਸੰਸਾਯੋਗ ਹੈ।

**ਅ) ਨਿਰਮਲ ਆਸ਼ਰਮ ਗਿਆਨ ਦਾਨ ਅਕੈਡਮੀ, ਖੈਰੀ ਕਲਾਂ** [51]

ਨਿਰਮਲ ਆਸ਼ਰਮ ਵੱਲੋਂ ਰਿਸ਼ੀਕੇਸ਼ ਦੇ ਨੇੜੇ 'ਖੈਰੀ ਕਲਾਂ' ਵਿਖੇ ਇਕ ਹੋਰ ਸਕੂਲ 'ਨਿਰਮਲ ਆਸ਼ਰਮ ਗਿਆਨ ਦਾਨ ਅਕੈਡਮੀ' (N.G.A) ਦੇ ਨਾਮ ਹੇਠ ਚਲਾਇਆ ਜਾ ਰਿਹਾ ਹੈ ਜਿੱਥੇ ਵਿਦਿਆ, ਦੁਪਿਹਰ ਦਾ ਖਾਣਾ, ਵਰਦੀਆਂ ਅਤੇ ਪੜ੍ਹਾਈ ਲਈ ਲੋੜੀਂਦੀ ਸਮੱਗਰੀ ਵਿਦਿਆਰਥੀਆਂ ਨੂੰ ਆਸ਼ਰਮ ਵੱਲੋਂ ਬਿਲਕੁਲ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ। ਇੱਥੋਂ ਤੱਕ ਕਿ ਬੱਚਿਆਂ ਨੂੰ ਘਰਾਂ ਤੋਂ ਲਿਆਉਣ ਤੇ ਛੱਡ ਕੇ ਆਉਣ ਦਾ ਇੰਤਜਾਮ ਵੀ ਆਸ਼ਰਮ ਵੱਲੋਂ ਮੁਫ਼ਤ ਕੀਤਾ ਜਾਂਦਾ ਹੈ। ਇਸ ਸਕੂਲ ਵਿਚ ਵਿਦਿਆਰਥੀਆਂ ਨੂੰ ਕਲਾਸਾਂ ਅਨੁਸਾਰ ਸੀਨੀਅਰ ਅਤੇ ਜੂਨੀਅਰ ਵਿੰਗਾਂ ਵਿਚ ਵੰਡਿਆ ਹੋਇਆ ਹੈ। ਦੋਵਾਂ ਵਿੰਗਾਂ ਲਈ ਵੱਖਰਾ-ਵੱਖਰਾ ਤਜਰਬੇਕਾਰ ਸਟਾਫ਼ ਰੱਖ ਕੇ ਬੱਚਿਆਂ ਨੂੰ ਵਿਦਿਆ ਦਾ ਦਾਨ ਦਿੱਤਾ ਜਾਂਦਾ ਹੈ। ਇਹ ਸਕੂਲ ਬਹੁਤ ਹੀ ਖ਼ੂਬਸੂਰਤ ਤੇ ਸ਼ੁੱਧ ਵਾਤਾਵਰਨ ਵਿਚ ਚਲਾਏ ਜਾ ਰਹੇ ਹਨ। "ਇਨ੍ਹਾਂ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਨੈਤਿਕ ਸਿਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਸੰਗੀਤ, ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਵਿਚ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ। ਐਨ.ਡੀ.ਐਸ. ਬੋਰਡਿੰਗ ਸਕੂਲ ਹੈ ਜਿੱਥੇ ਵਿਦਿਆਰਥੀਆਂ ਨੂੰ ਹਰ ਕਿਸਮ ਦੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ। ਬੱਚਿਆਂ ਨੂੰ ਦੂਰੋਂ-ਨੇੜਿਉਂ ਉਨ੍ਹਾਂ ਦੇ ਘਰਾਂ ਤੋਂ ਲਿਆਉਣ ਲਈ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਹੈ। ਗ਼ੈਰ-ਸਿੱਖ ਪਰਿਵਾਰਾਂ ਵਿਚੋਂ ਆਉਣ ਵਾਲੇ ਬੱਚੇ ਗੁਰਬਾਣੀ ਅਤੇ ਗੁਰ-ਇਤਿਹਾਸ ਰੁਚੀ ਨਾਲ ਪੜ੍ਹਦੇ

---

[49] ਸ਼ਿਆਮਪੁਰ: ਰਿਸ਼ੀਕੇਸ਼ ਤੋਂ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਦੇਹਰਾਦੂਨ ਜ਼ਿਲੇ ਦਾ ਕਸਬਾ ਹੈ।

[50] ਸੰਤ ਜੋਧ ਸਿੰਘ ਜੀ, *ਨਿੱਜੀ ਮੁਲਾਕਾਤ ਅਤੇ ਸਰਵੇਖਣ*, ਨਿਰਮਲ ਆਸ਼ਰਮ ਰਿਸ਼ੀਕੇਸ਼, ਮਿਤੀ 01 ਜਨਵਰੀ 2016 ਵਿਚੋਂ.

[51] ਖੈਰੀ ਕਲਾਂ: ਇਹ ਪਿੰਡ ਰਿਸ਼ੀਕੇਸ਼ ਤੋਂ 23 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਹਨ ਅਤੇ ਗੁਰਮਤਿ ਮੁਕਾਬਲਿਆਂ ਵਿਚ ਹਿੱਸਾ ਲੈਂਦੇ ਹਨ।"[52] ਇਨ੍ਹਾਂ ਤੋਂ ਇਲਾਵਾ ਨਿਰਮਲ ਆਸ਼ਰਮ ਰਿਸ਼ੀਕੇਸ਼ ਦੇ ਪ੍ਰਬੰਧ ਹੇਠ ਹੋਰ ਵੀ ਕਈ ਵਿਦਿਅਕ ਅਦਾਰੇ ਚਲਾਏ ਜਾ ਰਹੇ ਹਨ।

**ੲ) ਸੰਗਤ ਗਿਆਨ ਗੁਫ਼ਾ, ਕਰਣ ਘੰਟਾ, ਕਾਸ਼ੀ**

ਇਹ 'ਸੰਗਤ ਗਿਆਨ ਗੁਫ਼ਾ ਆਸ਼ਰਮ', ਨਿਰਮਲ ਆਸ਼ਰਮ ਰਿਸ਼ੀਕੇਸ਼ ਵਾਲਿਆਂ ਦੀ ਸ਼ਾਖਾ ਹੈ। ਜਿਸ ਨੂੰ ਸੰਤ ਠਾਕੁਰ ਸਿੰਘ ਜੀ ਦੇ ਚੇਲੇ ਸ੍ਰੀ ਮਾਨ ਪੰਡਿਤ ਅਵਤਾਰ ਸਿੰਘ ਜੀ ਨੇ ਸੰਨ 1901 ਈ: ਵਿਚ ਬਣਵਾਇਆ, ਤਾਂ ਕਿ ਭਾਰਤ ਦੇ ਵੱਖ-ਵੱਖ ਖੇਤਰਾਂ ਤੋਂ ਪੜ੍ਹਨ ਆਏ ਜਿਗਿਆਸੂਆਂ ਨੂੰ ਰਹਿਣ-ਸਹਿਣ ਵਿਚ ਕਠਿਨਾਈ ਨਾ ਹੋਵੇ। ਪੰਡਿਤ ਅਵਤਾਰ ਜੀ ਆਪ ਵੀ ਵਿਆਕਰਣ ਅਤੇ ਨਯਾਯ ਦੇ ਵਿਦਵਾਨ ਸਨ। ਵਿਦਿਆਰਥੀ ਆਪ ਜੀ ਦੀ ਵਿਦਵਤਾ ਦਾ ਖ਼ੂਬ ਲਾਹਾ ਲੈਂਦੇ ਸਨ ਅਤੇ ਇਹ ਵੀ ਪ੍ਰਸੰਨਤਾ ਨਾਲ ਵਿਦਿਆ ਪ੍ਰਦਾਨ ਕਰਦੇ ਸੀ। ਕਾਫ਼ੀ ਸਮਾਂ ਇਸ ਸੰਸਥਾ ਦੀ ਸੇਵਾ ਕਰਨ ਉਪਰੰਤ ਇਹ "1924 ਈ: ਵਿਚ ਸੰਗਤ ਗਿਆਨ ਗੁਫਾ ਆਸ਼ਰਮ ਸ੍ਰੀ ਮਾਨ ਸੰਤ ਬਾਬਾ ਬੁੱਢਾ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਦੇ ਸਪੁਰਦ ਕਰਕੇ ਬ੍ਰਹਮਲੀਨ ਹੋ ਗਏ। ਸੰਤ ਬਾਬਾ ਬੁੱਢਾ ਸਿੰਘ ਜੀ ਨੇ ਸੰਨ 1929 ਈ: ਵਿਚ ਇਸ ਦੇ ਨਾਲ ਲਗਦਾ ਮਕਾਨ ਖ੍ਰੀਦ ਕੇ ਆਸ਼ਰਮ ਨੂੰ ਹੋਰ ਵੀ ਵਿਸ਼ਾਲ ਰੂਪ ਦੇ ਦਿੱਤਾ। ਇੱਥੇ ਰਹਿ ਕੇ ਆਪ ਜੀ ਦੇ ਯੋਗਯ ਸ਼ਿਸ਼ ਸੰਤ ਬਾਬਾ ਬਲਵੰਤ ਸਿੰਘ ਜੀ ਗਿਆਨੀ ਪੜ੍ਹਦੇ ਰਹੇ, ਜੋ ਕਿ ਗੁਰਮਤਿ, ਭਾਸ਼ਾ ਅਤੇ ਸੰਸਕ੍ਰਿਤ ਦੇ ਅਪੂਰਵ ਗਿਆਤਾ ਸਨ। ਜਿਨ੍ਹਾਂ ਦੇ ਪਾਸ ਨਿਰਮਲ ਬਾਗ਼ ਆਸ਼ਰਮ, ਹਰਿਦੁਆਰ ਵਿਚ ਰਹਿ ਕੇ ਪੰਥ ਰਤਨ ਉਪਾਧੀ ਨਾਲ ਵਿਭੂਸ਼ਿਤ ਸਿਖ ਪੰਥ ਦੇ ਮਹਾਨ ਵਿਦਵਾਨ ਸ੍ਰੀਮਾਨ ਗਿਆਨੀ ਸੰਤ ਸਿੰਘ ਜੀ ਮਸਕੀਨ ਵਿਦਿਆ ਪ੍ਰਾਪਤ ਕਰਦੇ ਰਹੇ। ਇਸ ਗੱਲ ਦਾ ਜ਼ਿਕਰ ਮਸਕੀਨ ਸਾਹਿਬ ਨੇ ਆਪਣੇ ਲੈਕਚਰਾਂ ਅਤੇ ਪੁਸਤਕਾਂ ਵਿਚ ਕੀਤਾ ਹੈ।"[53] ਜਦੋਂ ਬਾਬਾ ਬਲਵੰਤ ਸਿੰਘ ਜੀ ਬਨਾਰਸ ਵਿਚ ਸਨ ਉਦੋਂ ਤੋਂ ਹੀ ਸੰਤ ਸਿੰਘ ਮਸਕੀਨ ਜੀ ਉਨ੍ਹਾਂ ਦੀ ਸੰਗਤ ਵਿਚ ਰਹਿੰਦੇ ਅਤੇ ਵਿਦਿਆ ਗ੍ਰਹਿਣ ਕਰਦੇ ਸਨ। ਇਸ ਸਮੇਂ ਮਸਕੀਨ ਜੀ ਨੇ "ਬਨਾਰਸ ਵਿਖੇ ਬਾਬਾ ਬਲਵੰਤ ਜੀ ਨਿਰਮਲੇ ਕੋਲ ਸਹਸਕ੍ਰਿਤੀ ਸਲੋਕ, ਭੱਟਾਂ ਦੇ ਸਵੱਯੇ, ਜੈਤਸਰੀ ਵਾਰ, ਸਿਧਿ ਗੋਸਟਿ ਦੇ ਅਰਥ ਪੜ੍ਹੇ। ਜਿੱਥੇ-ਜਿੱਥੇ ਬਾਬਾ ਜੀ

---

[52] ਡਾ. ਪਰਮਵੀਰ ਸਿੰਘ, ਨਿਰਮਲੇ ਸੰਤਾਂ ਵੱਲੋਂ ਗੁਰੂਕੁਲ ਪ੍ਰਣਾਲੀ ਤੋਂ ਆਧੁਨਿਕ ਵਿਦਿਆ ਤੱਕ, ਡਾ. ਕੁਲਵਿੰਦਰ ਸਿੰਘ (ਸੰਪਾ.), *ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ,* ਪੰਨਾ 34.

[53] ਸੰਤ ਦਰਸ਼ਨ ਸਿੰਘ ਸ਼ਾਸਤ੍ਰੀ, ਸੰਤ ਸਤਨਾਮ ਸਿੰਘ ਸ਼ਾਸਤ੍ਰੀ, ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ, ਕਾਸ਼ੀ ਦੀ ਨਿਰਮਲ ਪ੍ਰੰਪਰਾ, ਡਾ. ਹਰਭਜਨ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆਕਾਰੀ,* ਪੰਨਾ 29.

ਵਿਚਰਦੇ ਸਨ, ਮਸਕੀਨ ਜੀ ਵੀ ਉਨ੍ਹਾਂ ਦੇ ਨਾਲ-ਨਾਲ ਜਾਂਦੇ ਸਨ। ਕਦੇ ਬਾਬਾ ਜੀ ਕਥਾ ਕਰਦੇ, ਕਦੇ ਮਸਕੀਨ ਜੀ। ਇਸ ਤਰ੍ਹਾਂ ਮਸਕੀਨ ਜੀ ਦਾ ਗੁਰਬਾਣੀ ਪੜ੍ਹਨ ਦਾ ਅਭਿਆਸ ਵਧਦਾ ਗਿਆ। ਬਾਬਾ ਜੀ ਦੀ ਸੰਗਤ ਕਰਕੇ ਉਨ੍ਹਾਂ ਨੂੰ ਗੁਰੂ ਨਾਲ ਨੇੜਤਾ ਮਹਿਸੂਸ ਹੁੰਦੀ ਸੀ।"[54] ਮਸਕੀਨ ਜੀ ਬਹੁਤ ਗੁਣੀ-ਗਿਆਨੀ ਵਿਦਵਾਨ ਸਨ ਅਤੇ ਜਿਨ੍ਹਾਂ ਵਿਦਵਾਨਾਂ ਪਾਸੋਂ ਉਨ੍ਹਾਂ ਨੇ ਵਿਦਿਆ ਗ੍ਰਹਿਣ ਕਰਨ ਵਿਚ ਰੁਚੀ ਦਿਖਾਈ ਉਹ ਕਿਸ ਪੱਧਰ ਦੇ ਵਿਦਵਾਨ ਹੋਣਗੇ ਇਸ ਦਾ ਅੰਦਾਜਾ ਅਸੀਂ ਸਹਿਜੇ ਲਗਾ ਸਕਦੇ ਹਾਂ। ਅਜੋਕੇ ਸਮੇਂ ਵੀ ਇਹ ਸੰਸਥਾ ਵਿਦਿਆ-ਦਾਨ ਵਿਚ ਆਪਣਾ ਬਣਦਾ ਯੋਗਦਾਨ ਦੇ ਰਹੀ ਹੈ। ਪ੍ਰੰਤੂ ਵਿਦਿਆਰਥੀਆਂ ਵਿਚ ਵਿਦਿਆ ਦੀ ਰੁਚੀ ਦੀ ਘਾਟ ਕਾਰਨ ਕੁੱਝ ਵਿਦਿਆਰਥੀ ਹੀ ਇੱਥੇ ਟਿਕਾਣਾ ਕਰਦੇ ਹਨ।

ਨਿਰਮਲ ਸੰਪ੍ਰਦਾਇ ਦੇ ਉਕਤ ਨਮੂਨਾ ਮਾਤਰ ਵਿਦਿਅਕ ਸੋਮਿਆਂ ਤੋਂ ਇਲਾਵਾ ਇਸ ਦੇ ਸੈਂਕੜੇ ਵਿਦਿਆਲਿਆ ਹਨ ਜੋ ਵਿਦਿਅਕ ਗਤੀਵਿਧੀਆਂ ਵਿਚ ਰੁਚਿਤ ਹਨ ਜਾਂ ਰਹੇ ਹਨ। ਖੋਜ-ਕਾਰਜ ਦੇ ਘੇਰੇ ਨੂੰ ਸੀਮਿਤ ਕਰਦਿਆਂ ਇਥੇ ਸਿਰਫ਼ ਉਸਦੇ ਕੁੱਝ ਵਿਦਿਆਲਿਆਂ ਦੀ ਚਰਚਾ ਕੀਤੀ ਗਈ ਹੈ। ਸਮੁੱਚੇ ਭਾਰਤ ਖ਼ਾਸਕਰ ਪੰਜਾਬ ਦੇ ਹਰ ਖਿੱਤੇ ਵਿਚ ਇਨ੍ਹਾਂ ਦੀਆਂ ਬਹੁਤ ਸਾਰੀਆਂ ਵਿਦਿਅਕ ਸੰਸਥਾਵਾਂ ਸਕੂਲਾਂ-ਕਾਲਜਾਂ ਦੇ ਰੂਪ ਵਿਚ ਕਿਰਿਆਸ਼ੀਲ ਹਨ, ਜਿਨ੍ਹਾਂ ਦੀ ਕਾਰਜਸ਼ੈਲੀ ਉਹੀ ਹੈ ਜੋ ਅਸੀਂ ਉਕਤ ਵਿਦਿਆਲਿਆਂ ਦੀ ਚਰਚਾ ਵਿਚ ਅਨੁਭਵ ਕੀਤੀ ਹੈ।

ਨਿਰਮਲ ਸੰਪ੍ਰਦਾਇ ਦੇ ਜੋ ਉਕਤ ਵਿਦਿਆਲਿਆਂ ਦੀ ਚਰਚਾ ਕੀਤੀ ਹੈ ਇਨ੍ਹਾਂ ਦੀ ਵਿਦਿਅਕ-ਸ਼ੈਲੀ ਤੋਂ ਸਹਿਜੇ ਅਨੁਭਵ ਹੋ ਜਾਂਦਾ ਹੈ ਕਿ ਇਨ੍ਹਾਂ ਵਿਦਿਅਕ ਸੰਸਥਾਵਾਂ ਦੁਆਰਾ ਸਮੇਂ ਅਨੁਸਾਰ ਬਹੁ-ਪੱਖੀ ਵਿਦਿਆ ਪ੍ਰਦਾਨ ਕੀਤੀ ਜਾ ਰਹੀ ਹੈ। ਇਨ੍ਹਾਂ ਸੰਸਥਾਵਾਂ ਵਿਚ ਹਰ ਖੇਤਰ ਦੇ ਡਿਗਰੀ-ਡਿਪਲੋਮਾ ਕੋਰਸ, ਸ੍ਵੈਰੋਜ਼ਗਾਰ ਲਈ ਆਈ.ਟੀ.ਆਈ ਕੋਰਸ ਆਦਿ ਮੌਜੂਦਾ ਸਮੇਂ ਲਈ ਲੋੜੀਂਦੀ ਹਰ ਵਿਦਿਆ ਮੁਹੱਈਆ ਕਰਵਾਈ ਜਾ ਰਹੀ ਹੈ।

ਉਕਤ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਪਟਿਆਲਾ ਵਿਖੇ ਨਿਰਮਲ ਪੰਚਾਇਤੀ ਅਖਾੜਾ ਕਾਇਮ ਕਰਨ ਸਮੇਂ ਸਮਕਾਲੀ ਗੁਰਮਤਿ ਦੇ ਧਾਰਨੀ ਵਿਦਵਾਨਾਂ, ਆਮ ਲੋਕਾਂ ਅਤੇ ਰਾਜੇ-ਮਹਾਰਾਜਿਆਂ ਦਾ ਮਨੋਰਥ ਸੀ ਕਿ ਦਸਮ ਪਾਤਸ਼ਾਹ ਦੀ ਵਰੋਸਾਈ ਨਿਰਮਲ ਸੰਪ੍ਰਦਾਇ ਇਕ ਅਜਿਹਾ ਰੂਪ ਧਾਰਨ ਕਰ ਜਾਵੇ

[54] ਬਵਨੀਤ ਕੌਰ, ਜਨਮ ਰਤਨ, ਪੰਨਾ 107.

ਜੋ ਪੈਰਾਂ ਸਿਰ ਹੋ ਕੇ ਦੇਸ-ਦੇਸਾਂਤਰ ਵਿਚ ਫੈਲ ਜਾਵੇ ਅਤੇ ਜਨ-ਸਾਧਾਰਨ ਨੂੰ ਵਿਦਿਆ-ਦਾਨ ਦੇ ਕੇ ਗੁਰਮਤਿ ਨਾਲ ਜੋੜੇ। ਕਾਫ਼ੀ ਸਮਾਂ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੀ ਰਹਿਨੁਮਾਈ ਅਧੀਨ ਸੇਵਾ ਭਾਵਨਾ ਅਤੇ ਸ਼ਰਧਾ ਨਾਲ ਗੁਰਮਤਿ ਦੇ ਖੇਤਰ ਵਿਚ ਅਕਿਹ ਕਾਰਜ ਕੀਤੇ ਹਨ।

ਵਰਣਨਯੋਗ ਹੈ ਕਿ ਸਮੇਂ ਦੇ ਫੇਰ ਨਾਲ ਨਿਰਮਲੇ ਸਥਾਨਾਂ ’ਤੇ ਗੁਰੂਕੁਲ ਪ੍ਰਣਾਲੀ ਵਿਚ ਵਿਦਿਆਰਥੀਆਂ ਦੀ ਰੁਚੀ ਘਟ ਗਈ। ਵਿਦਿਆਰਥੀਆਂ ਦਾ ਝੁਕਾਅ ਸਿੰਘ ਸਭਾ ਅਤੇ ਸ਼੍ਰੋਮਣੀ ਕਮੇਟੀ ਆਦਿ ਦੁਆਰਾ ਸਥਾਪਿਤ ਕੀਤੀਆਂ ਆਧੁਨਿਕ ਵਿਦਿਆ ਪ੍ਰਣਾਲੀ ਦੀਆਂ ਸੰਸਥਾਵਾਂ ਵੱਲ ਹੋ ਗਿਆ ਤਾਂ ਨਿਰਮਲੇ ਸੰਤਾਂ ਨੇ ਵੀ ਆਧੁਨਿਕ ਵਿਦਿਆ ਪ੍ਰਣਾਲੀ ਦੇ ਵਿਦਿਆਲਿਆ ਸਥਾਪਿਤ ਕਰਨੇ ਸ਼ੁਰੂ ਕਰ ਦਿੱਤੇ। ਭਾਵੇਂ ਸਥਾਪਿਤ ਕੀਤੇ ਨਵੇਂ ਵਿਦਿਆਲਿਆ ਵੀ ਸਿੱਧੇ ਤੌਰ ’ਤੇ ਨਿਰਮਲਾ ਪ੍ਰਬੰਧ ਅਧੀਨ ਹੀ ਹਨ ਫਿਰ ਵੀ ਗੁਰੂਕੁਲ ਪ੍ਰਣਾਲੀ ਅਤੇ ਆਧੁਨਿਕ ਪ੍ਰਣਾਲੀ ਦੀਆਂ ਵਿਦਿਅਕ ਸੰਸਥਾਵਾਂ ਵਿਚ ਕੁੱਝ ਨਿਮਨ ਫ਼ਰਕ ਸਾਫ਼ ਨਜ਼ਰ ਆਉਂਦੇ ਹਨ:

1. ਗੁਰੂਕੁਲ ਪ੍ਰਣਾਲੀ ਵਿਚ ਵਿਦਿਆ ਦਾਨ' ਦੇ ਰੂਪ ਵਿਚ ਬਿਲਕੁਲ ਮੁਫ਼ਤ ਦਿੱਤੀ ਜਾਂਦੀ ਹੈ, ਪ੍ਰੰਤੂ ਆਧੁਨਿਕ ਪ੍ਰਣਾਲੀ ਵਿਦਿਆ ਦੇ ਵਿਦਿਆਲਿਆਂ ਵਿਚ ਵਿਦਿਆਰਥੀਆਂ ਤੋਂ ਫ਼ੀਸਾਂ ਲਈਆਂ ਜਾਂਦੀਆਂ ਹਨ। ਇਥੇ ਇਹ ਵੀ ਵਰਣਨਯੋਗ ਹੈ ਕਿ ਜੋ ਵਿਦਿਆਰਥੀ ਆਰਥਿਕ ਪੱਖੋਂ ਕਮਜ਼ੋਰ ਹਨ ਉਨ੍ਹਾਂ ਨੂੰ ਫ਼ੀਸਾਂ ਵਿਚ ਰਿਆਇਤ ਹੈ ਜਾਂ ਫਿਰ ਲੋੜਵੰਦ ਵਿਦਿਆਰਥੀਆਂ ਤੋਂ ਫ਼ੀਸ ਬਿਲਕੁਲ ਵੀ ਨਹੀਂ ਲਈ ਜਾਂਦੀ।
2. ਗੁਰੂਕੁਲ ਪ੍ਰਣਾਲੀ ਵਿਚ ਵਿਦਿਆਰਥੀ ਵਿਦਿਆ ਗ੍ਰਹਿਣ ਕਰਦੇ ਸਮੇਂ ਆਪਣੇ ਵਿਦਿਆ ਗੁਰੂ ਦੀ ਸੇਵਾ ਵਿਚ ਹੀ ਤਤਪਰ ਰਹਿੰਦਾ ਸੀ ਅਤੇ ਗੁਰਮਤਿ ਵਿਦਿਆ ਰੋਜ਼ਾਨਾ ਦੀ ਕਾਰਜਸ਼ੈਲੀ ਦਾ ਹਿੱਸਾ ਸੀ। ਨਵੀਂ ਵਿਦਿਆ ਪ੍ਰਣਾਲੀ ਵਿਚ ਵਿਦਿਆਰਥੀ ਗ੍ਰਹਿਸਥੀ ਹੋ ਕੇ ਪਰਿਵਾਰ ਵਿਚ ਰਹਿੰਦਾ ਹੈ ਅਤੇ ਬਾਕੀ ਵਿਦਿਅਕ ਰੁਝੇਵਿਆਂ ਵਿਚ ਗੁਰਮਤਿ ਵਿਦਿਆ ਅੰਸ਼ਕ ਰੂਪ ਵਿਚ ਹੀ ਗ੍ਰਹਿਣ ਕਰਦਾ ਹੈ।
3. ਗੁਰੂਕੁਲ ਵਿਦਿਆ ਪ੍ਰਣਾਲੀ ਵਿਚ ਪੁਰਾਤਨ ਭਾਰਤੀ ਸਾਹਿਤ ਦਾ ਪਠਨ-ਪਾਠਨ ਸਾਨੂੰ ਆਪਣੇ ਸਮਾਜ ਦੇ ਸੱਭਿਆਚਾਰਕ ਪੱਖ ਦਾ ਗਿਆਨ ਦਿੰਦਾ ਸੀ ਜਦੋਂ ਕਿ ਨਵੀਂ ਵਿਦਿਅਕ ਪ੍ਰਣਾਲੀ ਵਿਚ ਅਜਿਹਾ ਨਹੀਂ ਹੁੰਦਾ।
4. ਜਿਥੇ ਗੁਰੂਕੁਲ ਪ੍ਰਣਾਲੀ ਵੇਦ, ਸ਼ਾਸਤ੍ਰਾਂ ਅਤੇ ਪੁਰਾਤਨ ਗ੍ਰੰਥਾਂ ਦਾ ਗਿਆਨ ਪ੍ਰਦਾਨ ਕਰਦੀ ਹੈ ਉਥੇ ਨਵੀਂ ਵਿਦਿਅਕ ਪ੍ਰਣਾਲੀ ਸਾਇੰਸ ਦੇ ਇਸ ਯੁੱਗ ਵਿਚ ਉਸ ਦੇ ਵਿਭਿੰਨ ਪਹਿਲੂਆਂ ਦੀ ਜਾਣਕਾਰੀ ਦਿੰਦੀ ਹੈ।

ਦੋਵਾਂ ਵਿਦਿਅਕ ਪ੍ਰਣਾਲੀਆਂ ਵਿਚ ਉਕਤ ਤੋਂ ਬਿਨਾਂ ਹੋਰ ਵੀ ਕਈ ਫ਼ਰਕ ਨਜ਼ਰ ਆਉਂਦੇ ਹਨ ਕਿਉਂਕਿ ਆਧੁਨਿਕ ਵਿਦਿਆ ਪ੍ਰਣਾਲੀ ਆਉਣ ਵਾਲੇ ਯੁੱਗ ਲਈ ਵਿਦਿਆਥੀਆਂ ਨੂੰ ਵਿਦਿਆ ਦੇ ਕੇ ਤਿਆਰ ਕਰਦੀ ਹੈ ਜਦੋਂਕਿ ਗੁਰੂਕੁਲ ਪ੍ਰਣਾਲੀ ਪ੍ਰੰਪਰਾਗਤ ਵਿਦਿਆ ਪ੍ਰਦਾਨ ਕਰਦੀ ਹੈ।

ਵਰਣਨਯੋਗ ਹੈ ਕਿ 20ਵੀਂ ਸਦੀ ਵਿਚ ਨਿਰਮਲ ਸੰਪ੍ਰਦਾਇ ਦੇ ਸਥਾਨਾਂ ਨੇ ਆਪਣਾ ਮੁਹਾਂਦਰਾ ਨਵੀ ਵਿਦਿਅਕ ਪ੍ਰਣਾਲੀ ਵੱਲ ਮੋੜ ਲਿਆ ਹੈ ਪਰ ਇਥੇ ਇਸ ਗੱਲ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਇਸ ਨਾਲ ਸਮਾਜ ਵਿਚ ਸੰਪ੍ਰਦਾਇ ਦਾ ਅਕਸ ਘਟਿਆ ਹੈ। ਪਹਿਲਾਂ ਇਸ ਸੰਪ੍ਰਦਾਇ ਦੀ ਆਪਣੀ ਵਿਸ਼ੇਸ਼ ਕਾਰਜਸ਼ੈਲੀ ਸੀ ਜਿਸ ਵਿਚ ਇਸ ਦੇ ਵਿਦਵਾਨਾਂ ਨੇ ਪੂਰੇ ਉਤਸ਼ਾਹ ਅਤੇ ਲਗਨ ਨਾਲ ਆਪਣਾ ਯੋਗਦਾਨ ਦਿੱਤਾ। ਇਸ ਸੰਪ੍ਰਦਾਇ ਨੂੰ ਚਾਹੀਦਾ ਸੀ ਕਿ ਇਹ ਕੋਈ ਵਿਸ਼ਵ-ਵਿਦਿਆਲੇ ਜਿਹੀ ਵੱਡੀ ਸੰਸਥਾ ਕਾਇਮ ਕਰਦੀ ਜੋ ਸੰਸਕ੍ਰਿਤ ਆਦਿ ਭਾਸ਼ਾਵਾਂ ਵਿਚ ਪੁਰਾਤਨ ਸਾਹਿਤ ਦੀ ਵਿਦਿਆ ਦਿੰਦੀ। ਇਸ ਨਾਲ ਜਿਥੇ ਪਰੰਪਰਾਈ ਗਿਆਨ ਦੀ ਸੰਭਾਲ ਹੋ ਸਕਦੀ ਸੀ ਉਥੇ ਨਿਰਮਲ ਸੰਪ੍ਰਦਾਇ ਦੀ ਵਿਸ਼ੇਸ਼ਤਾ ਵੀ ਬਰਕਰਾਰ ਰਹਿ ਸਕਦੀ ਸੀ। ਅਜੋਕੇ ਸਮੇਂ ਨਿਰਮਲ ਸੰਪ੍ਰਦਾਇ ਦੇ ਚਲਦੇ ਵਿਦਿਅਕ ਅਦਾਰੇ ਅਤੇ ਬਾਕੀ ਸੰਸਥਾਵਾਂ ਆਦਿ ਦੁਆਰਾ ਚਲਾਏ ਜਾਂਦੇ ਵਿਦਿਅਕ ਅਦਾਰਿਆਂ ਵਿਚ ਕੋਈ ਬਹੁਤਾ ਵੱਡਾ ਫ਼ਰਕ ਨਜ਼ਰ ਨਹੀਂ ਆਉਂਦਾ। ਭਾਵ ਨਿਰਮਲ ਸੰਪ੍ਰਦਾਇ ਦੀ ਵਿਦਿਆ ਦਾ ਵਿਸ਼ੇਸ਼ੀਕਰਣ ਵੀ ਬਾਕੀ ਸੰਸਥਾਵਾਂ ਦੇ ਰੰਗਣ ਵਿਚ ਰੰਗਿਆ ਗਿਆ ਹੈ।

ਇਥੇ ਇਹ ਵੀ ਵਰਣਨਯੋਗ ਹੈ ਕਿ ਅਜੇ ਤੱਕ ਵੀ ਨਿਰਮਲੇ ਸਥਾਨਾਂ ਵਿਚੋਂ ਗੁਰੂਕੁਲ ਪ੍ਰਣਾਲੀ ਦਾ ਸੂਰਜ ਡੁੱਬਿਆ ਨਹੀਂ ਹੈ ਕਿਤੇ-ਕਿਤੇ ਕੋਈ ਜਿਗਿਆਸੂ ਅਜੇ ਵੀ ਕਿਸੇ-ਕਿਸੇ ਸਥਾਨ ਵਿਚ ਨਿਰਮਲਾ ਪ੍ਰਣਾਲੀ ਦਾ ਲਾਹਾ ਲੈ ਰਿਹਾ ਹੈ।

ਨਿਰਮਲੇ ਸੰਤਾਂ ਨੇ ਆਪਣੀ ਜ਼ਿੰਮੇਵਾਰੀ ਸਮਝਦਿਆਂ ਵਿਦਿਅਕ ਖੇਤਰ ਵਿਚ ਵਡਮੁੱਲੇ ਕਾਰਜ ਕੀਤੇ ਹਨ। ਖੋਜ-ਕਾਰਜ ਕਰਦਿਆਂ ਇਕ ਹੋਰ ਗੱਲ ਵੀ ਸਾਹਮਣੇ ਆਈ ਕਿ ਇਨਾਂ ਸੰਤਾਂ ਦੁਆਰਾ ਵਿਦਿਆਲਿਆ ਚਲਾਉਣ ਦੇ ਨਾਲ-ਨਾਲ ਕਈ ਵੱਡੇ ਵਿਦਿਆਲੇ ਬਣਾ ਕੇ ਦੂਜੀਆਂ ਸੰਸਥਾਵਾਂ ਦੇ ਸਪੁਰਦ ਵੀ ਕੀਤੇ ਹਨ ਜੋ ਵਿਦਿਅਕ ਖੇਤਰ ਵਿਚ ਅਹਿਮ ਯੋਗਦਾਨ ਪਾ ਰਹੇ ਹਨ, ਜਿਵੇਂ:

### ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਆਨੰਦਪੁਰ ਸਾਹਿਬ

ਇਹ ਕਾਲਜ ਮੌਜੂਦਾ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਿਹਾ ਹੈ। ਇਸ ਕਾਲਜ ਦੀ ਸਥਾਪਨਾ ਨਿਰਮਲ ਸੰਪ੍ਰਦਾਇ ਦੀ ਉਪ ਸੰਪ੍ਰਦਾਇ 'ਨੌਰੰਗਾਬਾਦ' ਦੇ ਹਰਖੋਵਾਲ (ਹੁਸ਼ਿਆਰਪੁਰ) ਡੇਰੇ ਦੇ ਸੰਤ ਮਹਿੰਦਰ ਸਿੰਘ ਜੀ ਨੇ ਕੀਤੀ ਸੀ। ਸੰਤ ਮਹਿੰਦਰ ਸਿੰਘ ਸੰਤ ਜਵਾਲਾ ਸਿੰਘ ਜੀ ਦੇ ਉਤਰਾਧਿਕਾਰੀ (1937 ਈ. ਵਿਚ ਡੇਰੇ ਦੇ ਮਹੰਤ ਬਣੇ) ਹੋਏ ਹਨ। ਸੰਤ ਮਹਿੰਦਰ ਸਿੰਘ ਜੀ ਨੇ "ਹਰਖੋਵਾਲ ਡੇਰੇ ਦੀ ਅਤਿਅੰਤ ਸੁੰਦਰ ਇਮਾਰਤ ਤਿਆਰ ਕੀਤੀ। ... ਸ੍ਰੀ ਆਨੰਦਪੁਰ ਸਾਹਿਬ ਵਿਚ 'ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ' ਦੀ ਸਥਾਪਨਾ ਕੀਤੀ, ਦਰਸ਼ਨੀਯ ਇਮਾਰਤ ਬਣਵਾਈ। ਇਸ ਕਾਲਜ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਪ੍ਰਬੰਧ ਵਿਚ ਲੈਣ ਦੀ ਇੱਛਾ ਪ੍ਰਗਟ ਕੀਤੀ ਤਾਂ ਤੁਰੰਤ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ, ਕੋਈ ਮੁਆਵਜ਼ਾ ਨਹੀਂ ਲਿਆ ਕੋਈ ਸ਼ਰਤ ਨਹੀਂ ਰੱਖੀ।"[55] ਇਹ ਵਿਦਿਅਕ ਅਦਾਰਾ ਨਿਰਮਲੇ ਸੰਤਾਂ ਦੀ ਦੇਣ ਹੈ। ਅਜੋਕੇ ਸਮੇਂ ਇਹ ਸ਼੍ਰੋਮਣੀ ਕਮੇਟੀ ਦੀ ਇਕ ਵੱਡੀ ਵਿਦਿਅਕ ਸੰਸਥਾ ਹੈ ਜਿਸ ਨੂੰ 'ਖ਼ੁਦਮੁਖਤਿਆਰ ਸੰਸਥਾ' ਦਾ ਦਰਜਾ ਪ੍ਰਾਪਤ ਹੈ।

### ਸੰਤ ਦਲੀਪ ਸਿੰਘ ਖ਼ਾਲਸਾ ਕਾਲਜ, ਡੁਮੇਲੀ (ਕਪੂਰਥਲਾ)

ਇਹ ਵਿਦਿਅਕ ਸੰਸਥਾ ਵੀ ਨਿਰਮਲੇ ਸੰਤਾਂ ਦੀ ਦੇਣ ਹੈ। ਪਿੰਡ ਡੁਮੇਲੀ ਵਿਖੇ ਸੰਤ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੇ ਨਿਕਟਵਰਤੀ ਸੰਤ ਦਲੀਪ ਸਿੰਘ ਜੀ ਦਾ ਸਥਾਨ ਹੈ। "ਜਿਨ੍ਹਾਂ ਦੇ ਉਤਰਾਧਿਕਾਰੀ ਸੰਤ ਹਰਬੰਸ ਸਿੰਘ ਅਤੇ ਸੰਤ ਸਰਬਣ ਸਿੰਘ ਜੀ 'ਗੰਧਰਭ' (ਰਾਗਾ ਸਿੰਘ) ਡਬਲ ਐਮ.ਏ (ਸੰਗੀਤ) ਹੋਏ ਹਨ। ਆਪ ਜੀ, ਵੱਖੋ ਵੱਖਰੇ 32 ਸਾਜਾਂ ਨੂੰ ਵਜਾਉਣ ਦੀ ਮੁਹਾਰਤ ਰੱਖਦੇ ਸਨ। ਆਪ ਜੀ ਨੇ 'ਸੰਤ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ, ਡੁਮੇਲੀ' ਬਣਾਇਆ ਅਤੇ ਅੱਜ-ਕੱਲ ਇਹ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਹੈ।"[56] ਇਹ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਮਾਨਤਾ ਪ੍ਰਾਪਤ ਹੈ ਅਤੇ ਵਿਦਿਅਕ ਅਦਾਰਿਆਂ ਵਿਚ ਆਪਣਾ ਸਨਮਾਨਯੋਗ ਸਥਾਨ ਰੱਖਦਾ ਹੈ।

---

[55] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 373.

[56] ਪ੍ਰੋ ਹਰਬੰਸ ਸਿੰਘ ਬੋਲੀਨਾ, ਨਿਰਮਲ ਦੁਆਬਾ ਮੰਡਲ ਦੇ ਯੋਗਦਾਨ ਦੀ ਪ੍ਰਮਾਣਿਕਤਾ ਅਤੇ ਪ੍ਰਸੰਗਿਕਤਾ, ਡਾ. ਸਰਬਜਿੰਦਰ ਸਿੰਘ, (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 242.

ਇਸ ਤਰ੍ਹਾਂ ਦੇਖਦੇ ਹਾਂ ਕਿ ਨਿਰਮਲ ਸੰਪ੍ਰਦਾਇ ਨੇ ਵਿਦਿਅਕ ਅਦਾਰਿਆਂ ਨੂੰ ਸਥਾਪਤ ਕਰਨ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਦੇ ਦਿੱਤਾ। ਵਿਦਿਅਕ ਅਦਾਰਿਆਂ ਦੀ ਸਥਾਪਤੀ ਵਿਚ ਨਿਰਮਲ ਸੰਪ੍ਰਦਾਇ ਦਾ ਯੋਗਦਾਨ ਪ੍ਰਸੰਸਾਯੋਗ ਹੈ।

ਨਿਰਮਲ ਸੰਪ੍ਰਦਾਇ ਦੇ ਵਿਦਿਅਕ ਖੇਤਰ ਦਾ ਘੇਰਾ ਬਹੁਤ ਵਿਸ਼ਾਲ ਹੈ, ਪ੍ਰੰਤੂ ਖੋਜ-ਕਾਰਜ ਦੇ ਘੇਰੇ ਨੂੰ ਸੀਮਿਤ ਕਰਦਿਆਂ ਇਹ ਕਹਿਣਾ ਯੋਗ ਹੋਵੇਗਾ ਕਿ ਨਿਰਮਲ ਸੰਪ੍ਰਦਾਇ ਦਾ ਪਠਨ-ਪਾਠਨ ਦੇ ਖੇਤਰ ਵਿਚ ਅਨੇਕਾਂ ਵਿਦਿਆਲਿਆ ਬਣਾ ਕੇ ਵਡਮੁੱਲਾ ਯੋਗਦਾਨ ਦਿੱਤਾ ਹੈ, ਜਿਸ ਨੂੰ ਨਕਾਰਿਆ ਨਹੀਂ ਜਾ ਸਕਦਾ।

**2. ਸੰਤ ਮੰਡਲੀਆਂ ਦੁਆਰਾ ਵਿਦਿਅਕ ਯੋਗਦਾਨ (1708 ਈ. ਤੋਂ 1910 ਈ. ਤੱਕ)**

ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਪਹਿਲਾਂ ਆਪ ਵਿਦਿਆ ਗ੍ਰਹਿਣ ਕੀਤੀ ਫਿਰ ਜਨ-ਸਾਧਾਰਨ ਨੂੰ ਵਿਦਿਆ ਦੇਣ ਲਈ ਆਪਣੇ ਸਥਾਨਾਂ ਉੱਤੇ ਵਿਦਿਆ ਦੇਣ ਦੇ ਪ੍ਰਬੰਧ ਕੀਤੇ। ਪ੍ਰੰਤੂ ਇਨ੍ਹਾਂ ਸਥਾਨਾਂ ਉੱਤੇ ਵੀ ਕਿੰਨੇ ਕੁ ਪ੍ਰਾਣੀ ਵਿਦਿਆ ਗ੍ਰਹਿਣ ਕਰਨ ਲਈ ਆ ਸਕਦੇ ਸਨ? ਕੁੱਝ ਸਮਾਂ ਨਿਰਮਲੇ ਵਿਦਵਾਨ ਤੁਰ-ਫਿਰ ਕੇ ਕਥਾ ਵਾਰਤਾ ਰਾਹੀਂ, ਜਗ੍ਹਾ-ਜਗ੍ਹਾ ਧਰਮਸ਼ਾਲਾਂ ਆਦਿ ਵਿਚ ਰਹਿ ਕੇ ਵਿਦਿਆ ਅਤੇ ਧਰਮ ਪ੍ਰਚਾਰ ਦਾ ਕਾਰਜ ਕਰਦੇ ਰਹੇ। ਪ੍ਰੰਤੂ ਇਹ ਸੰਤ ਆਪਣੇ ਮਨੋਰਥ ਤੋਂ ਦੂਰ ਸਨ ਕਿਉਂਕਿ ਇਨ੍ਹਾਂ ਦਾ ਉਦੇਸ਼ ਤਾਂ ਹਰ ਪ੍ਰਾਣੀ ਮਾਤਰ ਨੂੰ ਵਿਦਿਆ ਦੇਣਾ ਅਤੇ ਉਸ ਨੂੰ ਗੁਰਮਤਿ ਦੀ ਸੋਝੀ ਕਰਾਉਣਾ ਸੀ। ਫਿਰ ਨਿਰਮਲੇ ਸੰਤਾਂ ਨੇ ਮਨੋਰਥ ਪੂਰਤੀ ਵਜੋਂ ਆਪਣੇ ਸਥਾਨ ਕਾਇਮ ਕੀਤੇ। ਨਿਰਮਲੇ ਸੰਤਾਂ ਦੇ ਇਹ ਸਥਾਨ ਅਤੇ ਟਿਕਾਣੇ ਸੀਮਿਤ ਸਨ ਅਤੇ ਕੁੱਝ ਸਥਾਨਕ ਲੋਕਾਂ ਤੋਂ ਬਿਨਾਂ ਬਹੁਤੇ ਲੋਕਾਂ ਦੀ ਰਿਹਾਇਸ਼ ਕਾਫ਼ੀ ਦੂਰ-ਦੂਰ ਸਨ ਅਤੇ ਇਨ੍ਹਾਂ ਤੋਂ ਵਿਦਿਆ ਗ੍ਰਹਿਣ ਕਰਨ ਲਈ ਹਰ ਵਿਦਿਆ ਅਭਿਲਾਖੀ ਨੂੰ ਉਸ ਟਿਕਾਣੇ ’ਤੇ ਹੀ ਵਾਸ ਕਰਨਾ ਪੈਣਾ ਸੀ ਜੋ ਕਿ ਹਰ ਇਕ ਗ੍ਰਹਿਸਥੀ ਲਈ ਮੁਸ਼ਕਲ ਸੀ। ਇਸ ਲਈ ਇਨ੍ਹਾਂ ਸੰਤਾਂ ਨੇ ਵੱਡੇ ਪੱਧਰ ’ਤੇ ਪਿੰਡਾਂ ਵਿਚ ਰਹਿ ਰਹੀ ਵਸੋਂ ਨੂੰ ਵਿਦਿਆ ਅਤੇ ਗੁਰਮਤਿ ਦੀ ਚਿਣਗ ਲਾਉਣ ਲਈ ਉਨ੍ਹਾਂ ਤੱਕ ਕੁੱਝ ਸੰਤਾਂ ਦੀਆਂ ਮੰਡਲੀਆਂ ਦੇ ਰੂਪ ਵਿਚ ਪਹੁੰਚਣ ਦਾ ਫ਼ੈਸਲਾ ਕੀਤਾ। ਇਸ ਤਰ੍ਹਾਂ ਉਹ ਲੋਕਾਂ ਦੇ ਦਰਾਂ ਤੱਕ ਜਾਂਦੇ ਅਤੇ ਲੋਕ ਉਨ੍ਹਾਂ ਦਾ ਸਨੇਹ ਸਤਿਕਾਰ ਕਰਦੇ।

ਨਿਰਮਲੇ ਸੰਤਾਂ ਦੀ ਮੰਡਲੀਆਂ ਵਾਲੀ ਵਿਧੀ ਨੂੰ ਚੰਗਾ ਹੁੰਘਾਰਾ ਮਿਲਿਆ। ਫਿਰ ਨਿਰਮਲ ਸੰਪ੍ਰਦਾਇ ਦੇ ਸੰਤ ਵਿਧੀਵਤ ਤਰੀਕੇ ਨਾਲ ਇਕ ਮੰਡਲੀ ਤਿਆਰ ਕਰਦੇ, ਜੋ ਵਿਦਿਆ ਤੇ ਗੁਰਮਤਿ ਦਾ ਪਠਨ-ਪਾਠਨ

ਕਰਨ ਵਾਲੇ ਸੰਤਾਂ ਦਾ ਚਲਦਾ-ਫਿਰਦਾ ਪ੍ਰਚਾਰਕ ਜਥਾ ਹੁੰਦਾ ਸੀ। ਇਹ ਮੰਡਲੀ ਵਿਚਲੇ ਸੰਤ ਪਿੰਡਾਂ ਵਿਚ ਪਹੁੰਚ ਆਪਣਾ ਡੇਰਾ ਜਮਾ ਲੈਂਦੇ ਅਤੇ ਕਥਾ ਕੀਰਤਨ ਦੁਆਰਾ ਗੁਰੂ ਨਾਨਕ ਦੇਵ ਜੀ ਸਿਧਾਂਤਾਂ ਦਾ ਪ੍ਰਚਾਰ ਕਰਦੇ ਸਨ। ਵਿਦਵਾਨਾਂ ਦੀ ਰਹਿਣੀ-ਬਹਿਣੀ ਅਤੇ ਪਰਉਪਕਾਰੀ ਜੀਵਨ ਤੋਂ ਲੋਕ ਪ੍ਰਭਾਵਿਤ ਹੋ ਕੇ ਉਨ੍ਹਾਂ ਨਾਲ ਮੇਲ-ਜੋਲ ਵਧਾਉਂਦੇ ਅਤੇ ਉਨ੍ਹਾਂ ਦਾ ਸਤਿਕਾਰ ਕਰਦੇ ਸਨ। ਇਸ ਤਰ੍ਹਾਂ ਨਾਲ ਸੰਤ ਜਨ-ਸਾਧਾਰਨ ਦੇ ਦਿਲਾਂ ਵਿਚ ਵਸਕੇ ਉਨ੍ਹਾਂ ਨੂੰ ਅੱਖਰ ਗਿਆਨ ਅਤੇ ਗੁਰਮਤਿ ਵੱਲ ਪ੍ਰੇਰਦੇ ਸਨ।

ਗੁਰੂ ਨਾਨਕ ਦੇ ਘਰ ਦਾ ਪ੍ਰਚਾਰ ਕਰਦੀਆਂ ਇਹ ਮੰਡਲੀਆਂ ਇਕ ਥਾਂ ਕੁੱਝ ਸਮਾਂ ਟਿਕਾਣਾ ਕਰਦੀਆਂ, ਫਿਰ ਆਪਣਾ ਟਿਕਾਣਾ ਬਦਲਦੀਆਂ ਹੋਈਆਂ ਦੇਸ਼ ਦੇ ਵੱਖ-ਵੱਖ ਖਿੱਤਿਆਂ ਵਿਚ ਵਿਚਰਦੀਆਂ ਸਨ। ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿਚ ਗਿਆਨ ਵੰਡਦੇ ਹੋਏ ਇਹ ਵਿਦਵਾਨ ਸੰਤ ਆਪਣਾ ਜੀਵਨ ਬਤੀਤ ਕਰਦੇ ਸਨ। ਕਈ ਵਾਰੀ ਕਿਸੇ ਪਿੰਡ ਵਿਚ ਲੋਕਾਂ ਦੀ ਬੇਨਤੀ ਜਾਂ ਉਸ ਇਲਾਕੇ ਦੀ ਜ਼ਰੂਰਤ ਨੂੰ ਦੇਖਦੇ ਹੋਏ ਮੰਡਲੀ ਦੇ ਮੰਡਲੇਸ਼ਵਰ (ਮੰਡਲੀ ਦੇ ਮੋਢੀ ਸੰਤ) ਵੱਲੋਂ ਉਸੇ ਟਿਕਾਣੇ ’ਤੇ ਕਿਸੇ ਵਿਦਵਾਨ ਸੰਤ ਨੂੰ ਰਹਿਣ ਦਾ ਆਦੇਸ਼ ਵੀ ਕੀਤਾ ਜਾਂਦਾ ਕਿ ਉਹ ਇੱਥੇ ਰਹਿ ਕੇ ਲੋਕਾਂ ਦੀ ਸੇਵਾ ਕਰੇਗਾ। ਸੰਤ ਇਸ ਆਦੇਸ਼ ਦੀ ਪਾਲਣਾ ਕਰਦੇ ਅਤੇ ਉਥੇ ਰਹਿ ਕੇ ਹੀ ਆਪਣਾ ਜੀਵਨ ਗੁਜ਼ਾਰਦੇ ਸਨ। ਬਹੁਤ ਸਾਰੇ ਡੇਰੇ ਇਸ ਤਰ੍ਹਾਂ ਲੋਕ ਸੇਵਾ ਵਿਚ ਜੁਟੇ ਸੰਤਾਂ ਦੇ ਟਿਕਾਣਿਆਂ ਤੋਂ ਹੋਂਦ ਵਿਚ ਆਏ ਹਨ।

ਨਿਰਮਲੇ ਸੰਤ ਪ੍ਰਚਾਰਕ ਮੰਡਲੀਆਂ ਵਿਚ ਵਿਰੱਕਤ ਅਵਸਥਾ ਵਿਚ ਵਿਚਰਦੇ ਸਨ ਤੇ ਲੋਕਾਂ ਨੂੰ ਗੁਰਬਾਣੀ ਵਾਲੇ ਪਾਸੇ ਪ੍ਰੇਰਦੇ ਸਨ। “ਪੁਰਾਤਨ ਸਮੇਂ ਵਿਚ ਨਿਰਮਲੇ ਮਹਾਂਪੁਰਖ 25-30 ਤੋਂ 70-80 ਦੀ ਗਿਣਤੀ ਵਿਚ ਮੰਡਲੀਆਂ ਦੇ ਰੂਪ ਵਿਚ ਪ੍ਰਚਾਰ ਕਰਦੇ ਸਨ। ਨਾਲ ਹੀ ਦੇਸ਼ ਭ੍ਰਮਣ ਕਰਦੇ ਸਨ ਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਪ੍ਰਚਾਰ ਕਰਦੇ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਗੁਰਬਾਣੀ ਤੇ ਸ਼ਾਸਤ੍ਰਾਂ ਦਾ ਅਧਿਐਨ ਵੀ ਕਰਵਾਉਂਦੇ ਸਨ।”[57] ਇਨ੍ਹਾਂ ਮੰਡਲੀਆਂ ਨੇ ਦੇਸ਼ ਦੇ ਕੋਨੇ-ਕੋਨੇ ਵਿਚ ਜਾ ਕੇ ਵਿਦਿਆਹੀਣ ਲੋਕਾਂ ਨੂੰ ਵਿਦਿਆਪਤੀ ਬਣਾਉਣ ਦਾ ਸੰਕਲਪ ਪੂਰਾ ਕਰਨ ਲਈ ਬਣਦੀ ਸੇਵਾ ਕੀਤੀ।

---

[57] ਤੇਜਾ ਸਿੰਘ ਐਮ.ਏ. (ਸੰਤ), ਨਿਰਮਲ ਸੰਪ੍ਰਦਾਇ ਦਾ ਆਰੰਭ ਤੇ ਵਿਕਾਸ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 85.

ਇਹ ਨਿਰਮਲੇ ਸੰਤ ਜਦੋਂ ਮੰਡਲੀਆਂ ਦੇ ਰੂਪ ਵਿਚ ਦੇਸ਼ ਦੇ ਕੋਨੇ-ਕੋਨੇ ਵਿਚ ਪ੍ਰਚਾਰ-ਪ੍ਰਸਾਰ ਲਈ ਨਿਕਲਦੇ ਤਾਂ ਇਨ੍ਹਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਸੀ। ਕਈ ਵਾਰ ਦੂਜੇ ਮਤਾ ਦੇ ਪੈਰੋਕਾਰਾਂ ਦੀਆਂ ਕਰਮਕਾਂਡੀ ਬਿਰਤੀਆਂ ਨੂੰ ਤੋੜਨ ਲਈ ਸ਼ਾਸਤ੍ਰਾਰਥ ਵੀ ਕਰਨੇ ਪਏ (ਜਿਨ੍ਹਾਂ ਦਾ ਜ਼ਿਕਰ ਅੱਗੇ ਕੀਤਾ ਜਾਵੇਗਾ)। ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਗੁਰੂ ਸਾਹਿਬ ਦੇ ਆਦੇਸ਼ ਅਤੇ ਉਦੇਸ਼ ਪ੍ਰਤੀ ਨਿਰ-ਸਵਾਰਥ ਮੰਡਲੀਆਂ ਦੇ ਰੂਪ ਵਿਚ ਅਕਿਹ ਸੇਵਾ ਕੀਤੀ ਹੈ। ਸੰਤਾਂ ਦੀ ਇਸ ਸੇਵਾ ਭਾਵਨਾ ਨਾਲ 'ਨਿਰਮਲ ਸੰਪ੍ਰਦਾਇ' ਦੇ ਇਤਿਹਾਸਕ ਪੰਨੇ ਹਮੇਸ਼ਾ ਰੁਸ਼ਨਾਉਂਦੇ ਰਹਿਣਗੇ।

ਇਹ ਮੰਡਲੀਆਂ ਇਕੱਲੀਆਂ ਪ੍ਰਚਾਰ ਦਾ ਸਾਧਨ ਹੀ ਨਹੀਂ ਸਨ ਬਲਕਿ ਚਲਦੀਆਂ-ਫਿਰਦੀਆਂ ਪਾਠਸ਼ਾਲਾਵਾਂ ਵੀ ਸਨ। ਇਤਿਹਾਸ ਪੜ੍ਹਦਿਆਂ ਪਤਾ ਲਗਦਾ ਹੈ ਕਿ ਮੰਡਲੇਸ਼ਵਰ (ਮੰਡਲੀ ਮੁਖੀ) ਕੋਈ ਵਿਦਵਾਨ ਸੰਤ ਹੀ ਬਣਦਾ ਸੀ। ਉਸ ਦੀ ਮੰਡਲੀ ਵਿਚ ਅਨੇਕਾਂ ਜਿਗਿਆਸੂ ਵੀ ਮੰਡਲੀ ਵਿਚ ਹੀ ਵਿਚਰਦੇ ਸਨ ਅਤੇ ਮੰਡਲੀ ਵਿਚਲੇ ਸੰਤਾਂ ਤੋਂ ਵਿਦਿਆ ਗ੍ਰਹਿਣ ਕਰਦੇ ਸਨ। ਮੰਡਲੇਸ਼ਵਰਾਂ ਵਿਚੋਂ ਮਿਹਰ ਸਿੰਘ ਜੀ ਵਿਰਕਤ ਹੋਏ ਹਨ ਜੋ "ਮੰਡਲੀ ਦ੍ਵਾਰਾ ਭਾਰਤ ਦੇ ਕੋਨੇ-ਕੋਨੇ ਵਿਚ ਧਰਮ-ਪ੍ਰਚਾਰ ਕਰਦੇ ਰਹੇ। ਅਨੇਕ ਵਿਦਿਆਰਥੀਆਂ, ਸਾਧੂਆਂ, ਬ੍ਰਾਹਮਣਾਂ ਨੂੰ ਪੜ੍ਹਾਇਆ। ਪੰਜਾਬ ਅਤੇ ਰਾਜਸਥਾਨ ਵਿਚ ਅਧਿਕ ਲੋਕਾਂ ਨੂੰ ਸਦ-ਮਾਰਗ ਪਾਇਆ। ਕਈ ਪੁਰਾਤਨ ਗ੍ਰੰਥਾਂ ਨੂੰ ਦੇਵਨਾਗਰੀ ਵਿਚ ਪ੍ਰਕਾਸ਼ਤ ਕੀਤਾ।"[58] ਅਖਾੜੇ ਦੀ ਵਿਧੀਵਤ ਸਥਾਪਨਾ ਤੋਂ ਬਾਅਦ ਇਨ੍ਹਾਂ 'ਮੰਡਲੀਆਂ' ਦਾ ਰੂਪ ਬਦਲਕੇ 'ਰੰਮਤ ਅਖਾੜਾ' (ਘੁੰਮ-ਫਿਰ ਕੇ ਪ੍ਰਚਾਰ ਕਰਨ ਵਾਲੇ ਸੰਤਾਂ ਦੀ ਸਮੂਹਿਕ ਮੰਡਲੀ) ਬਣਾਇਆ ਗਿਆ, ਜਿਨ੍ਹਾਂ ਦਾ ਜ਼ਿਕਰ ਅੱਗੇ ਕੀਤਾ ਜਾਵੇਗਾ।

**1910 ਈ. ਤੋਂ 2010 ਈ. ਤੱਕ**

ਭਾਵੇਂ 1862 ਈ. ਵਿਚ ਨਿਰਮਲ ਪੰਚਾਇਤੀ ਅਖਾੜੇ ਦੇ ਵਿਧੀਵਤ ਸਥਾਪਿਤ ਹੋਣ ਦੇ ਨਾਲ ਹੀ ਨਿਰਮਲੇ ਸੰਤਾਂ ਦੀਆਂ ਪ੍ਰਚਾਰਕ ਮੰਡਲੀਆਂ ਨੂੰ ਵਿਧੀਵਤ ਕਰਕੇ ਇਸ ਨੂੰ 'ਰੰਮਤ ਅਖਾੜੇ' ਦਾ ਨਾਮ ਦੇ ਦਿੱਤਾ ਗਿਆ ਸੀ ਪ੍ਰੰਤੂ ਫਿਰ ਵੀ ਕਈ ਨਿਰਮਲੇ ਸੰਤ-ਮਹੰਤ ਭ੍ਰਮਣ ਕਰਦੇ ਰਹਿੰਦੇ ਸਨ। ਇਹ ਸੰਤ ਮੰਡਲੀਆਂ ਜਗ੍ਹਾ-ਜਗ੍ਹਾ ਵਿਦਿਆ ਅਤੇ ਧਰਮ ਦਾ ਪ੍ਰਚਾਰ-ਪ੍ਰਸਾਰ ਕਰਦੀਆਂ ਸਨ।

[58] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 583.

ਵਰਣਨਯੋਗ ਹੈ ਕਿ 20ਵੀਂ ਸਦੀ ਦੇ ਦੂਜੇ ਅੱਧ ਵਿਚ ਮੰਡਲੀਆਂ ਦੁਆਰਾ ਵਿਦਿਆ ਅਤੇ ਗੁਰਮਤਿ ਦੇ ਪ੍ਰਚਾਰ-ਪਾਸਾਰ ਵਿਚ ਕਮੀ ਆਉਣੀ ਸ਼ੁਰੂ ਹੋ ਗਈ ਸੀ। 20ਵੀਂ ਸਦੀ ਦੇ ਮੁਕਾਬਲੇ 18ਵੀਂ ਅਤੇ 19ਵੀਂ ਸਦੀ ਵਿਚ ਨਿਰਮਲੇ ਸੰਤਾਂ ਦੇ ਟਿਕਾਣੇ ਬਹੁਤ ਘੱਟ ਸਨ ਅਤੇ ਸਮਕਾਲੀ ਹਾਲਾਤਾਂ ਦੇ ਚਲਦੇ ਲੋਕਾਂ ਦਾ ਉਸ ਸਮੇਂ ਤੱਕ ਬਣੇ ਨਿਰਮਲੇ ਸਥਾਨਾਂ ਤੱਕ ਆਉਣਾ ਮੁਸ਼ਕਲ ਸੀ। ਇਸ ਲਈ ਮੰਡਲੀਆਂ ਦੁਆਰਾ ਨਿਰਮਲੇ ਸੰਤ ਉਨ੍ਹਾਂ ਲੋਕਾਂ ਵਿਚ ਵਿਦਿਆ ਅਤੇ ਗੁਰਮਤਿ ਪ੍ਰਚਾਰ ਕਰਦੇ ਰਹੇ। 20ਵੀਂ ਸਦੀ ਦੇ ਅਰੰਭ ਤੱਕ ਬਹੁਤ ਸਾਰੇ ਨਿਰਮਲੇ ਸੰਤਾਂ ਨੇ ਦੇਸ਼ ਦੇ ਵੱਖ-ਵੱਖ ਖਿੱਤਿਆਂ ਵਿਚ ਆਪਣੇ ਸਥਾਨ ਕਾਇਮ ਕਰ ਲਏ ਸਨ। ਇਸ ਸਮੇਂ ਤੱਕ ਵਿਦਿਆਰਥੀ ਜਿਆਦਾਤਰ ਆਪਣੀ ਮਰਜੀ ਅਨੁਸਾਰ ਵਿਦਿਆ ਸਥਾਨ (ਜਿਥੋਂ ਅਤੇ ਜਿਸ ਸੰਤ ਤੋਂ ਉਹ ਵਿਦਿਆ ਪ੍ਰਾਪਤ ਕਰਨੀ ਚਾਹੁੰਦਾ ਹੈ) ਦੀ ਚੋਣ ਕਰਕੇ ਉਸ ਸਥਾਨ ਤੋਂ ਵਿਦਿਆ ਪ੍ਰਾਪਤੀ ਨੂੰ ਪਹਿਲ ਦਿੰਦਾ ਸੀ। ਇਸ ਲਈ ਬਹੁਤੇ ਸੰਤ ਮੰਡਲੀਆਂ ਤਿਆਗ ਕੇ ਸਥਾਨਾਂ ਵਿਚੋਂ ਹੀ ਵਿਦਿਆ ਅਤੇ ਗੁਰਮਤਿ ਪ੍ਰਚਾਰ ਵਿਚ ਰੁਚਿਤ ਹੋਣ ਲੱਗੇ। ਇਸ ਕਾਰਨ ਨਿਰਮਲੇ ਸੰਤਾਂ ਦੀਆਂ ਪ੍ਰਚਾਰਕ ਮੰਡਲੀਆਂ ਵਿਚ ਕਮੀ ਆਉਣੀ ਸ਼ੁਰੂ ਹੋ ਗਈ। ਇਥੇ ਇਹ ਵੀ ਵਰਣਨਯੋਗ ਹੈ ਕਿ ਪ੍ਰਚਾਰਕ ਮੰਡਲੀਆਂ ਦੇ ਸੰਤ-ਮਹੰਤ ਸਿਰਫ਼ ਮੰਡਲੇਸ਼ਵਰ ਨੂੰ ਜਵਾਬਦੇਹ ਸਨ। ਇਸ ਲਈ ਉਹ ਮੰਡਲੀ ਫੇਰਨ ਜਾਂ ਨਾ ਫੇਰਨ ਇਹ ਉਨ੍ਹਾਂ ਦੇ ਆਪਣੇ ਅਧਿਕਾਰ ਖੇਤਰ ਵਿਚ ਸੀ ਜਦੋਂ ਕਿ ਰੰਮਤ ਵਿਚ ਇਹ ਸੇਵਾ 'ਸ੍ਰੀ ਨਿਰਮਲ ਪੰਚਾਇਤੀ ਅਖਾੜੇ' ਵੱਲੋਂ ਲਗਦੀ ਸੀ। ਫਿਰ ਵੀ ਕੁੱਝ ਸੰਤਾਂ-ਮਹੰਤਾਂ ਦੇ ਮੰਡਲੀਆਂ ਫ਼ੇਰਨ ਦੇ ਜ਼ਿਕਰ ਮਿਲਦੇ ਹਨ, ਜਿਵੇਂ:

ਸੰਤ ਲਾਲ ਸਿੰਘ ਜੀ ਡੇਰਾ ਡਰੌਲੀ ਖੁਰਦ ਦੇ ਮਹੰਤ ਹੋਏ ਹਨ। ਇਹ 25 ਵਰਸ਼ ਦੀ ਆਯੂ ਵਿਚ ਸਭ ਕੁਝ ਤਿਆਗ ਕੇ ਸੰਤ ਦਇਆ ਸਿੰਘ ਦੇ ਸ਼ਿਸ਼ ਬਣ ਗਏ। ਸੇਵਾ ਕਰਦੇ ਵਿਦਿਆ ਪੜ੍ਹਕੇ ਪੰਡਿਤ ਬਣ ਗਏ ਅਤੇ ਭੇਖ ਵਿਚ ਮੰਡਲੇਸ੍ਵਰ ਪ੍ਰਸਿਧ ਹੋਏ। 40-50 ਸਾਧੂ/ਵਿਦਿਆਰਥੀ ਹਰ ਸਮੇਂ ਨਾਲ ਰਹਿਕੇ ਵਿਦਿਆ ਪ੍ਰਾਪਤ ਕਰਦੇ ਸਨ। ਇਹ ਪ੍ਰਭਾਵਸ਼ਾਲੀ ਮਹਾਂਪੁਰਖ ਸਨ। ਇਕ ਵਾਰ ਮੰਡਲੀ ਸਹਿਤ ਡਰੌਲੀ ਖੁਰਦ ਆਏ ਤਾਂ ਪ੍ਰੇਮੀ ਸਤਿਸੰਗੀਆਂ ਨੇ ਇਥੇ ਹੀ ਰੱਖ ਲਏ। ਇਥੇ 15 ਵਰਸ਼ ਵਿਦਿਆ-ਦਾਨ ਕਰਕੇ 70 ਵਰਸ਼ ਦੀ ਆਯੂ ਵਿਚ ਸੰਮਤ 1977 (1920 ਈ.) ਵਿਚ ਪ੍ਰਲੋਕ ਸਿਧਾਰ ਗਏ। ਇਨ੍ਹਾਂ ਦੇ ਗੂੜ੍ਹ ਗਿਆਨ ਦਾ ਬਹਤ ਜਿਗਿਆਸੂ ਸੰਤਾਂ ਨੇ ਲਾਭ ਲਿਆ।

ਵਰਣਨਯੋਗ ਹੈ ਕਿ ਇਹ ਨਿਰਮਲਾ ਪ੍ਰਚਾਰਕ ਮੰਡਲੀਆਂ ਨੇ ਲਗਭਗ 200 ਸਾਲ (18ਵੀਂ, ਪਿਛਲਾ ਅੱਧ, 19ਵੀਂ ਅਤੇ 20ਵੀਂ, ਪਹਿਲਾ ਅੱਧ) ਲੋਕਾਂ ਵਿਚ ਵਿਚਰ ਕੇ ਉਨ੍ਹਾਂ ਨੂੰ ਇਲਮ ਪੱਖੋਂ ਭਰਪੂਰ ਕੀਤਾ ਹੈ।

ਇਸਦੇ ਸ਼ੁਰੂਆਤ ਵਿਚ ਉਹ ਸਮਾਂ ਸੀ ਜਦੋਂ ਲੋਕੀ ਸਿੱਖ ਧਰਮ ਦੇ ਪੈਰੋਕਾਰ ਕਹਾਉਣ ਤੋਂ ਵੀ ਡਰਦੇ ਸਨ ਅਤੇ ਇਹ ਸੰਤ ਲੋਕ ਗੁਰਮਤਿ ਅਤੇ ਵਿਦਿਆ ਪ੍ਰਚਾਰ ਦੁਆਰਾ ਲੋਕਾਂ ਦਾ ਬੌਧਿਕ ਪੱਧਰ ਉੱਚਾ ਚੁੱਕਣ ਵਿਚ ਲੱਗੇ ਹੋਏ ਸਨ। ਬਹੁਤ ਲੰਮਾ ਸਮਾਂ ਇਨ੍ਹਾਂ ਸੰਤਾਂ ਨੇ ਪ੍ਰਚਾਰਕ ਮੰਡਲੀਆਂ ਦੇ ਰੂਪ ਵਿਚ ਵਿਚਰਕੇ ਵਿਦਿਆ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਦਿੱਤਾ ਹੈ। ਬਾਅਦ ਵਿਚ ਪਿੱਛੇ ਵਿਚਾਰੇ ਗਏ ਕਾਰਨਾਂ ਕਰਕੇ ਇਹ ਪ੍ਰਚਾਰਕ ਮੰਡਲੀਆਂ ਬੰਦ ਹੋ ਗਈਆਂ। ਨਿਰਮਲ ਸੰਪ੍ਰਦਾਇ ਦੇ ਸੰਤਾਂ-ਮਹੰਤਾਂ ਨੇ ਇਨ੍ਹਾਂ ਵਿਚ ਵਿਚਰ ਕੇ ਜੋ ਕਾਰਜ ਕੀਤੇ ਉਹ ਅਭੁੱਲ ਹਨ।

### 3. ਸ਼ਾਸਤ੍ਰਾਰਥਾਂ (ਧਰਮ ਸ਼ਾਸਤ੍ਰੀ ਬਹਿਸਾਂ) ਦੁਆਰਾ ਵਿਦਿਅਕ ਯੋਗਦਾਨ (1708 ਈ. ਤੋਂ 1910 ਈ. ਤੱਕ)

ਨਿਰਮਲੇ ਸੰਤ ਗੁਰ-ਉਦੇਸ਼ ਅਨੁਸਾਰ ਵਿਦਿਆ-ਦਾਨ ਦੇਣ ਲਈ ਲੋਕਾਂ ਵਿਚ ਵਿਚਰਦੇ ਸਨ। ਜਿਥੇ ਉਨ੍ਹਾਂ ਆਪਣੇ ਸਥਾਨਾਂ ਵਿਚੋਂ ਅੱਖਰ-ਦਾਨ ਦੀ ਸੇਵਾ ਕੀਤੀ ਉਥੇ ਉਹ ਵੱਖ-ਵੱਖ ਰੂਪ ਵਿਚ ਲੋਕਾਂ ਨਾਲ ਸੰਬੰਧ ਕਾਇਮ ਕਰਕੇ ਉਨ੍ਹਾਂ ਨੂੰ ਵਿਦਿਆ ਦੀ ਚਿਣਗ ਲਾਉਂਦੇ ਰਹੇ। ਵਿਦਿਆ ਅਤੇ ਗੁਰਮਤਿ ਪ੍ਰਚਾਰ-ਪ੍ਰਸਾਰ ਦੌਰਾਨ ਨਿਰਮਲੇ ਸੰਤਾਂ ਨੂੰ ਕਈ ਵਾਰ ਗੁਰਮਤਿ ਦੀ ਉੱਚਤਾ-ਸੁੱਚਤਾ ਸਾਬਤ ਕਰਨ ਲਈ ਧਰਮ ਸ਼ਾਸਤ੍ਰੀ ਬਹਿਸਾਂ ਵੀ ਕਰਨੀਆਂ ਪਈਆਂ ਜਿਨ੍ਹਾਂ ਵਿਚੋਂ ਇਹ ਹਮੇਸ਼ਾ ਵਿਜਈ ਹੁੰਦੇ ਰਹੇ।

ਨਿਰਮਲੇ ਦੇ ਸੰਤ ਵੱਖ-ਵੱਖ ਰਾਜਾਂ ਵਿਚ ਮੰਡਲੀਆਂ ਦੇ ਰੂਪ ਵਿਚ ਥਾਂ-ਥਾਂ ਭ੍ਰਮਣ ਕਰਦੇ ਹੋਏ ਪ੍ਰਚਾਰ ਕਰਦੇ ਰਹੇ ਹਨ ਜਿਸ ਦੌਰਾਨ ਉਨ੍ਹਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ। ਉਸ ਸਮੇਂ ਹਿੰਦੂ ਤੀਰਥਾਂ 'ਤੇ ਲਗਭਗ ਹਿੰਦੂ ਧਰਮ ਦਾ ਪ੍ਰਚਾਰ ਹੀ ਕੀਤਾ ਜਾਂਦਾ ਸੀ ਅਤੇ ਬਾਕੀ ਜਿੱਥੇ ਗੁਰੂ ਸਾਹਿਬਾਨ ਨੇ ਆਪਣੇ ਸਿਧਾਂਤ ਪ੍ਰਚਾਰੇ ਉਸ ਖਿੱਤੇ ਵਿਚ ਮੁਗਲ ਪ੍ਰਭਾਵ ਨੇ ਗੁਰਮਤਿ ਪ੍ਰਭਾਵ ਦਾ ਬਹੁਤ ਨੁਕਸਾਨ ਕੀਤਾ ਸੀ। ਇਨ੍ਹਾਂ ਸੰਤਾਂ ਨੇ ਜਦੋਂ ਗੁਰਮਤਿ ਪ੍ਰਚਾਰ-ਪ੍ਰਸਾਰ ਆਰੰਭਿਆ ਤਾਂ ਉਸ ਸਮੇਂ ਹਿੰਦੂ ਤੀਰਥਾਂ ਉੱਤੇ ਸਨਾਤਨੀ ਮਹੰਤਾਂ ਨੇ ਆਪਣੇ ਨਿਯਮ ਬਣਾਏ ਹੋਏ ਸਨ। ਅਜਿਹੀ ਜਗ੍ਹਾ ਜਾ ਕੇ ਗੁਰਮਤਿ ਦਾ ਪ੍ਰਚਾਰ ਕਰਨਾ ਅਤੇ ਆਪਣਾ ਪ੍ਰਭਾਵ ਸਥਾਪਿਤ ਕਰਦੇ ਹੋਏ ਲੋਕਾਂ ਨੂੰ ਕਰਮਕਾਂਡ ਦਾ ਤਿਆਗ ਕਰ ਗੁਰ ਸਿਧਾਤਾਂ ਵੱਲ ਪ੍ਰੇਰਿਤ ਕਰਨਾ ਬਹੁਤ ਮੁਸ਼ਕਲ ਵਾਲਾ ਕੰਮ ਸੀ ਜੋ ਇਨ੍ਹਾ ਸੰਤਾਂ ਨੇ ਕਰ ਵਿਖਾਇਆ। ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ "ਪੜ੍ਹਨ-ਪੜ੍ਹਾਉਣ ਤੋਂ ਇਲਾਵਾ ਕਥਾ, ਵਾਰਤਾ, ਵਖਿਆਨ ਤੇ ਸ਼ਾਸਤ੍ਰਾਰਥ ਆਦਿ ਐਸੇ ਗੁਣ ਹਨ ਜਿਨ੍ਹਾਂ ਦੁਆਰਾ ਵਿਦਵਾਨ ਸ੍ਰੋਤਿਆਂ ਨੂੰ ਸੁਸਿਖਿਅਤ ਕਰਦੇ ਤੇ ਆਪਣਾ ਪ੍ਰਭਾਵ ਜਮਾਉਂਦੇ ਹਨ। ਨਿਰਮਲੇ ਪੰਡਤਾਂ, ਭਾਸ਼ਨ ਕਲਾ

ਦੁਆਰਾ ਵੀ ਚੰਗੇ-ਚੰਗੇ ਤੀਰਥਾਂ ਉਪਰ ਲਗੀਆਂ ਸਭਾਵਾਂ ਅਤੇ ਨਗਰਾਂ ਦੇ ਇਕੱਠਾਂ ਵਿਚ ਵਾਹਵਾਹ ਸ਼ੋਭਾ ਖੱਟੀ।"[59] ਇਸ ਨਾਲ ਸਮੁੱਚੀ ਸਿੱਖ ਕੌਮ ਦੇ ਵਿਦਵਾਨ ਹੋਣ ਦਾ ਸੁਨੇਹਾ ਦੂਰ-ਦੂਰ ਤੱਕ ਗਿਆ।

ਪ੍ਰਚਾਰ-ਪ੍ਰਸਾਰ ਦੌਰਾਨ ਨਿਰਮਲ ਸੰਪ੍ਰਦਾਇ ਦੇ ਵਿਦਵਾਨ ਸੰਤਾਂ ਵੱਲੋਂ ਬਹੁਤ ਸਾਰੇ ਸ਼ਾਸਤ੍ਰਾਰਥ ਰਚਾਏ ਗਏ, ਜਿਨ੍ਹਾਂ ਵਿਚੋਂ ਕੁੱਝ ਵਿਸ਼ੇਸ਼ ਇਸ ਤਰ੍ਹਾਂ ਹਨ:

**1. ਪੰਡਿਤ ਦੀਵਾਨ ਸਿੰਘ ਜੀ ਦਾ ਸ਼ਾਸਤ੍ਰਾਰਥ**

1872 ਈ. ਵਿਚ ਪੰਡਿਤ ਰਾਮ ਸਿੰਘ ਜੀ ਕੁਬੇਰੀਆ ਨਾਲ ਬਹੁਤ ਸਾਰੇ ਨਿਰਮਲੇ ਸੰਤ ਤ੍ਰਿਯੰਬਕੇਸ਼ਵਰ ਮਹਾਂਦੇਵ ਮੰਦਰ, ਜ਼ਿਲ੍ਹਾ ਨਾਸਿਕ (ਮਹਾਰਾਸ਼ਟਰ) ਦੇ ਦਰਸ਼ਨ ਕਰਨ ਗਏ। ਇੱਥੇ ਬਾਰਾਂ ਸਾਲ ਬਾਅਦ ਕੁੰਭ ਇਸ਼ਨਾਨ ਹੁੰਦਾ ਹੈ। ਇਥੇ ਮੰਦਿਰ ਦੇ ਦਰਸ਼ਨਾ ਨੂੰ ਲੈ ਕੇ ਪੁਜਾਰੀਆਂ ਅਤੇ ਨਿਰਮਲੇ ਵਿਦਵਾਨ ਸ੍ਰੀ ਮਾਨ ਪੰਡਿਤ ਦੀਵਾਨ ਸਿੰਘ ਜੀ ਨਾਲ ਧਰਮ ਸ਼ਾਸਤ੍ਰੀ ਬਹਿਸ ਕੀਤੀ ਗਈ। ਪੰਡਿਤ ਜੀ ਇਕ ਘੰਟਾ ਸੰਸਕ੍ਰਿਤ ਵਿਚ ਵਿਖਿਆਨ ਦਿੰਦੇ ਰਹੇ। ਉਕਤ ਦੋ ਪ੍ਰਸਨਾਂ ਨੂੰ ਲੈ ਕੇ ਪੰਡਿਤ ਜੀ ਨੇ ਵੇਦਾਂ ਸ਼ਾਸਤਰ੍ਹਾਂ ਵਿਚੋਂ ਪ੍ਰਮਾਣ ਦੇ ਕੇ ਜਾਤੀਵਾਦ ਦੀਆਂ ਧੱਜੀਆਂ ਉਡਾਈਆਂ ਨਾਲ ਹੀ ਤੀਰਥਾਂ ’ਤੇ ਹਰ ਪ੍ਰਾਣੀ-ਮਾਤਰ ਨੂੰ ਇਸ਼ਨਾਨ ਕਰਨ ਦਾ ਹੱਕ ਹੈ, ਸਿੱਧ ਕੀਤਾ। (ਇਸ ਘਟਨਾ ਦਾ ਵਿਸਤਾਰ ਨਾਲ ਜ਼ਿਕਰ ਪਿਛਲੇ ਅਧਿਆਇ ਵਿਚ ਕੀਤਾ ਜਾ ਚੁੱਕਾ ਹੈ।)

ਉਪਰੰਤ ਮੁੱਖ ਪੁਜਾਰੀ ਨੇ ਖਿਮਾ ਮੰਗੀ, ਨਾਲ ਹੀ ਆਪਣੇ ਨਿਯਮਾਂ ਵਿਚ ਬਦਲਾਅ ਕਰਦੇ ਹੋਏ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੂੰ ਸੀਤੇ ਹੋਏ ਕੱਪੜਿਆਂ ਸਮੇਤ ਮੰਦਰ ਦੇ ਦਰਸ਼ਨ ਕਰਨ ਦੀ ਲਿਖਤ ਕੀਤੀ, ਜਿਸ ’ਤੇ ਹੁਣ ਤੱਕ ਅਮਲ ਹੋ ਰਿਹਾ ਹੈ। ਇਸ ਸ਼ਾਸਤ੍ਰਾਰਥ ਨਾਲ ਦੂਸਰੇ ਭੇਖਾਂ ਵਿਚ ਵੀ ਨਿਰਮਲ ਸੰਪ੍ਰਦਾਇ ਦੇ ਸੰਤਾਂ ਦੀ ਵਿਦਵਤਾ ਦਾ ਸਿੱਕਾ ਬੈਠ ਗਿਆ ਅਤੇ ਇਨ੍ਹਾਂ ਦਾ ਜਸ ਵਧ ਗਿਆ।

**2. ਪੰਡਿਤ ਈਸ਼ਰ ਸਿੰਘ ਜੀ ‘ਕਲਯੁਗ’ ਦਾ ਸ਼ਾਸਤ੍ਰਾਰਥ**

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਵਿਚ ਸ੍ਰੀ ਮਾਨ ਪੰ. ਈਸ਼ਰ ਸਿੰਘ ਜੀ ਬਹੁਤ ਸਤਿਕਾਰਤ ਸਨ। ਇਹ ਗੁਰਮੁਖੀ, ਸੰਸਕ੍ਰਿਤ, ਬ੍ਰਿਜ਼ ਅਤੇ ਫ਼ਾਰਸੀ ਆਦਿ ਭਾਸ਼ਾਵਾਂ ਦੇ ਗਿਆਤਾ ਸਨ। ਇਨ੍ਹਾਂ ਨੇ ਆਪਣੀ ਵਿਦਵਤਾ ਦਾ ਲੋਹਾ ਕਈ ਸ਼ਾਸਤ੍ਰਾਰਥਾਂ ਵਿਚ ਮਨਵਾਇਆ ਹੈ। ਇਹ “ਜਦ ਕਦੀ ਵਿਦਵਾਨਾਂ ਦੀ ਸਭਾ ਵਿਚ ਜਾਂਦੇ ਤਾਂ

---

[59] ਪ੍ਰੋ. ਪਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ,* ਪੰਨਾ 66.

ਆਪਣੇ ਆਪ ਨੂੰ ਵੱਡੇ ਪੰਡਿਤ ਅਖਵਾਉਣ ਵਾਲਿਆਂ ਦੇ ਦਿਲ ਧੜਕਣ ਲੱਗ ਪੈਂਦੇ ਸਨ। ਕਾਰਨ ਕਿ ਇਹ ਸ਼ਾਸਤ੍ਰ-ਅਰਥ ਜਾਂ ਸ਼ਾਸਤ੍ਰ ਸੰਬੰਧੀ ਬਹਿਸ ਮੁਬਾਹਿਸੇ ਵਿਚ ਬੋਲਣ ਲਗਦੇ ਤਾਂ ਇਨ੍ਹਾਂ ਦੀ ਜ਼ਬਾਨ ਵਿੱਚੋਂ ਇਸ ਤਰ੍ਹਾਂ ਸੰਸਕ੍ਰਿਤ ਦੇ ਵਾਕ ਨਿਕਲਦੇ ਜਿਵੇਂ ਸਟੈਨਗੱਨ ਵਿਚੋਂ ਗੋਲੀਆਂ ਨਿਕਲਦੀਆਂ ਹੋਣ। ਇਨ੍ਹਾਂ ਦੀ ਧੂੰਆਂ-ਧਾਰ ਬਹਿਸ ਅੱਗੇ ਮੁਕਾਬਿਲਾਂ ਦੀ ਜ਼ਬਾਨ ਬੰਦ ਹੋ ਜਾਂਦੀ। ਇਸ ਲਈ ਇਨ੍ਹਾਂ ਦਾ ਤਖ਼ੱਲਸ 'ਕਲਯੁਗ' ਬਣ ਗਿਆ। ਕਈ ਤਾਂ ਇਨ੍ਹਾਂ ਦਾ ਨਾਮ ਸੁਣ ਕੇ ਹੀ ਸਭਾ ਵਿਚੋਂ ਖਿਸਕ ਜਾਂਦੇ ਤਾਂ ਜੋ ਹਾਰ ਦਾ ਮੂੰਹ ਨਾ ਵੇਖਣਾ ਪਏ।"[60] ਇਹ ਜੀ ਇਕ ਉੱਚ ਕੋਟੀ ਦੇ ਵਿਦਵਾਨ ਸਨ। ਇਨ੍ਹਾਂ ਦੀ ਵਿਦਵਤਾ ਕਾਰਨ ਨਾਭਾ ਅਤੇ ਪਟਿਆਲਾ ਰਿਆਸਤਾਂ ਵਿਚ ਇਨ੍ਹਾਂ ਦਾ ਬਹੁਤ ਸਤਿਕਾਰ ਸੀ।

ਇਨ੍ਹਾਂ ਵੱਲੋਂ ਰਚੇ ਸ਼ਾਸਤ੍ਰਾਰਥਾਂ ਦੀ ਸੂਚੀ ਲੰਬੀ ਹੈ। "ਸੰਮਤ 1950 ਵਿਚ ਯਾਨੀ ਕਿ ਸੰਨ 1893 ਈ. ਦੇ ਲਗਭਗ ਆਪ ਦੇ ਹਿਮਾਚਲ ਦੀ ਮੰਡੀ ਰਿਆਸਤ ਅਤੇ ਪੰਜਾਬ ਦੀਆਂ ਪਟਿਆਲਾ ਤੇ ਨਾਭਾ ਰਿਆਸਤਾਂ ਵਿਚ ਬਹੁਤ ਸ਼ਾਸਤ੍ਰਾਰਥ ਹੋਏ। ਲਗਭਗ ਛਪੰਜਾ (56) ਗੋਸ਼ਟਾਂ ਹੋਈਆਂ। ਸਾਰੀਆਂ ਗੋਸ਼ਟਾਂ ਵਿਚ ਆਪ ਨੂੰ ਜਿੱਤ ਪਰਾਪਤ ਹੋਈ ਅਤੇ ਸਰਟੀਫਿਕੇਟ ਵੀ ਪ੍ਰਾਪਤ ਕੀਤੇ। ਰਿਆਸਤ ਪਟਿਆਲਾ ਤੇ ਨਾਭੇ ਵੱਲੋਂ ਦੋ-ਦੋ ਰੁਪਏ ਰੋਜ਼ਾਨਾ ਪੂਜਾ ਮਿਲਦੀ ਸੀ।"[61] ਉਕਤ ਤੋਂ ਇਲਾਵਾ "ਕਾਸ਼ੀ, ਬੰਬਈ, ਤ੍ਰਿਯੰਬਕ, ਨਾਸਿਕ ਸ਼ਹਿਰ, ਰਿਆਸਤ ਦਰਭੰਗਾ, ਰਿਆਸਤ ਡੁਮਰਾ, ਰਿਆਸਤ ਸੂਰਜਪੁਰ, ਬਖਰਾ, ਮੰਡੀ, ਨਾਭਾ, ਪਟਿਆਲਾ, ਜੀਦ, ਰਿਆਸਤਾਂ ਵਿਚ ਵੀ ਅਨੇਕਾਂ ਵੇਰ ਸ਼ਾਸਤ੍ਰਾਰਥ ਕਰਕੇ ਪੰਡਿਤ ਜੀ ਨੇ ਨਿਰਮਲ ਭੇਖ ਦਾ ਧਵਜ ਬੁਲੰਦ ਕੀਤਾ ਹੈ।"[62] ਇਸ ਤਰ੍ਹਾਂ ਇਤਿਹਾਸ ਵਾਚਦਿਆਂ ਪਤਾ ਚਲਦਾ ਹੈ ਕਿ ਸਮਕਾਲੀ ਦੂਜੇ ਮੱਤਾਂ ਦੇ ਪੈਰੋਕਾਰਾਂ ਵੱਲੋਂ ਰਚਾਏ ਸ਼ਾਸਤ੍ਰਾਰਥਾਂ ਵਿਚ ਨਿਰਮਲੇ ਸੰਤਾਂ ਦਾ ਵਿਜੈ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਉਨ੍ਹਾਂ ਦਾ ਵਿਦਿਆ ਪੱਧਰ ਕਿਨ੍ਹਾਂ ਉੱਚਾ ਸੀ।

### 3. ਮਹਾਂਕਵੀ ਭਾਈ ਸੰਤੋਖ ਸਿੰਘ ਜੀ ਦਾ ਸ਼ਾਸਤ੍ਰਾਰਥ

ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨਿਰਮਲ ਸੰਪ੍ਰਦਾਇ ਦੇ ਮਹਾਨ ਵਿਦਵਾਨਾਂ ਵਿਚੋਂ ਇਕ ਸਨ। ਇਨ੍ਹਾਂ ਨੇ ਸੰਤ ਸਿੰਘ ਨਿਰਮਲੇ ਤੋਂ ਬਹੁਤ ਰੁਚੀ ਨਾਲ ਵਿਦਿਆ ਗ੍ਰਹਿਣ ਕੀਤੀ। ਇਨ੍ਹਾਂ ਦੀ ਵਿਦਵਤਾ ਕਾਰਨ ਹੀ ਕੈਥਲ

---

[60] ਹਕੀਕਤ ਰਾਏ ਅਰਵਿੰਦ, ਨਿਰਮਲ ਸੰਤਾਂ ਦੀ ਦਰਸ਼ਨ ਤੇ ਧਰਮ ਨੂੰ ਦੇਣ, *ਨਿਰਮਲ ਸੰਪ੍ਰਦਾਇ*, ਪੰਨਾ 194.

[61] ਜਸਵਿੰਦਰ ਕੌਰ (ਡਾ.), *ਪੰਡਿਤ ਈਸ਼ਰ ਸਿੰਘ ਜੀਵਨ, ਰਚਨਾ ਤੇ ਸਿਧਾਂਤ*, ਪੰਨਾ 10.

[62] ਸੰਤ ਜੈਲ ਸਿੰਘ ਸ਼ਾਸਤਰੀ, ਨਿਰਮਲੇ ਸੰਤਾਂ ਦੀ ਸੰਸਕ੍ਰਿਤ ਸਾਹਿਤਯ ਨੂੰ ਦੇਨ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 137

ਦੇ ਰਾਜੇ ਉਦੈ ਸਿੰਘ ਨੇ 1827 ਈ. ਵਿਚ ਇਨ੍ਹਾਂ ਨੂੰ ਆਪਣੇ ਰਾਜ ਦੇ ਰਾਜ ਕਵੀ ਦੇ ਰੂਪ ਵਿਚ ਸਨਮਾਨਯੋਗ ਸਥਾਨ ਦਿੱਤਾ। ਇਹ ਸੰਸਕ੍ਰਿਤ, ਬ੍ਰਿਜ਼, ਫ਼ਾਰਸੀ, ਹਿੰਦੀ ਅਤੇ ਪੰਜਾਬੀ ਆਦਿ ਭਾਸ਼ਾਵਾਂ ਦੇ ਗਿਆਤਾ ਸਨ। ਪ੍ਰੋ, ਪਿਆਰਾ ਸਿੰਘ ਪਦਮ ਜੀ ਇਨ੍ਹਾਂ ਦੀ ਵਿਦਵਤਾ ਬਾਰੇ ਲਿਖਦੇ ਹਨ ਕਿ "ਜੇਕਰ ਸਿੱਖ ਕੌਮ ਦੇ ਸਦੀ ਵਾਰ ਪ੍ਰਤਿਨਿਧ ਵਿਦਵਾਨਾਂ ਦੀ ਚੋਣ ਕਰਨੀ ਹੋਵੇ ਤਾਂ ਸਤਾਰ੍ਹਵੀਂ ਸਦੀ ਦੇ ਭਾਈ ਗੁਰਦਾਸ (1553-1637 ਈ:), ਅਠਾਰਵੀ ਸਦੀ ਦੇ ਭਾਈ ਮਨੀ ਸਿੰਘ (1669-1734 ਈ:), ਉਨ੍ਹੀਵੀਂ ਸਦੀ ਦੇ ਭਾਈ ਸੰਤੋਖ ਸਿੰਘ (1785-1843 ਈ:), ਅਤੇ ਭਾਈ ਕਾਨ੍ਹ ਸਿੰਘ ਨਾਭਾ (1861-1938 ਈ:) ਨੂੰ ਮੰਨਣਾ ਹੋਵੇਗਾ। ਜਿਨ੍ਹਾਂ ਕਲਮੀ ਸੇਵਾ ਰਾਹੀਂ ਸਿੱਖ ਪੰਥ ਦੀ ਆਨ-ਸ਼ਾਨ ਨੂੰ ਚਮਕਾਇਆ।"[63] ਇਕ ਸਦੀ ਦੇ ਵਿਦਵਾਨ ਵਜੋਂ ਇਨ੍ਹਾਂ ਦੀ ਤੁਲਨਾ ਦਰਸਾਉਂਦੀ ਹੈ ਕਿ ਇਨ੍ਹਾਂ ਨੇ ਕਿੰਨੀ ਘਾਲਣਾ ਸਦਕਾ ਗੂੜ੍ਹ ਗਿਆਨ ਦੀ ਪ੍ਰਾਪਤੀ ਕੀਤੀ ਹੋਵੇਗੀ। ਇਨ੍ਹਾਂ ਦੀ ਵਿਦਵਤਾ ਨੇ ਬਹੁਤ ਸਾਰੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਅਤੇ ਉਹ ਲੋਕ ਇਨ੍ਹਾਂ ਜੀ ਦੇ ਦਰਸਾਏ ਮਾਰਗ 'ਤੇ ਚਲਦੇ ਹੋਏ ਗੁਰਮਤਿ ਦੇ ਧਾਰਨੀ ਬਣੇ।

ਇਤਿਹਾਸ ਇਸ ਗੱਲ ਦੀ ਹਾਮੀ ਵੀ ਭਰਦਾ ਹੈ ਕਿ ਕੈਥਲ ਵਿਚ ਗੁਰ-ਇਤਿਹਾਸ ਨੂੰ ਕਾਨੀਬੱਧ ਕਰਨ ਸਮੇਂ ਇਹ ਉਸ ਦੀ ਕਥਾ ਵੀ ਕਰਿਆ ਕਰਦੇ ਸੀ, ਨਾਲ ਹੀ ਸ੍ਰੋਤਿਆਂ ਦੇ ਸ਼ੰਕੇ ਵੀ ਦੂਰ ਕਰਦੇ ਸੀ। "ਕੈਥਲ ਵੈਸੇ ਹੀ ਬ੍ਰਾਹਮਣੀ ਮਤ ਦਾ ਗੜ੍ਹ ਸੀ, ਕੁਝ ਰਾਜਾ ਉਦੈ ਸਿੰਘ ਦੀ ਸਰਪ੍ਰਸਤੀ ਨੇ ਚੰਗੀ ਰੌਣਕ ਲਾ ਛੱਡੀ ਸੀ, ਇਸ ਕਰਕੇ ਇਥੇ ਬਹਿਸ ਮੁਬਾਹਸੇ ਆਮ ਹੁੰਦੇ ਸਨ। ਭਾਈ ਸੰਤੋਖ ਸਿੰਘ ਆਪਣੀ ਧਾਰਮਿਕ ਵਿਦਵਤਾ ਸਦਕੇ ਸਦਾ ਵਿਜੇ ਪ੍ਰਾਪਤ ਕਰਦੇ ਤੇ ਇਸ ਨਾਲ ਮਹਾਰਾਜ ਬਹੁਤ ਪ੍ਰਸੰਨ ਹੁੰਦੇ ਪ੍ਰੰਤੂ ਦੂਜੇ ਪਾਸੇ ਈਰਖਾਲੂ ਪੰਡਤ ਮੰਡਲੀ ਵਿਚੇ ਵਿਚ ਔਖੀ ਵੀ ਹੁੰਦੀ ਲੇਕਿਨ ਭਾਈ ਸਾਹਿਬ ਬੜੀ ਉੱਚੀ ਅਵਸਥਾ ਦੇ ਮਾਲਕ ਸਨ, ਉਹ ਸਭ ਕੁਝ ਜਰ ਕੇ ਗੁਰ-ਇਤਿਹਾਸ ਨੂੰ ਸੰਪੂਰਣ ਕਰਨ ਵਿਚ ਲਗੇ ਰਹਿੰਦੇ ਜੋ ਕਿ ਉਨ੍ਹਾਂ ਦੇ ਜੀਵਨ ਦਾ ਵੱਡਾ ਮਿਸ਼ਨ ਸੀ।"[64] ਨਿਰਮਲ ਸੰਪ੍ਰਦਾਇ ਦੇ ਸੰਤ ਆਪਣੀ ਵਿਦਵਤਾ ਨਾਲ ਸ਼ਾਸਤ੍ਰਾਰਥਾਂ ਵਿਚ ਲੋਕਾਂ ਦੇ ਭਰਮਾਂ ਨੂੰ ਤੋੜਕੇ ਉਨ੍ਹਾਂ ਦੀ ਬੁੱਧੀ ਵਿਚ ਨਿਰਮਲ ਪ੍ਰਕਾਸ਼ ਦੀ ਜੋਤ ਜਗਾਉਂਦੇ ਸਨ।

---

[63] ਪ੍ਰੋ. ਪਿਆਰਾ ਸਿੰਘ ਪਦਮ, ਮਹਾਂ ਕਵੀ ਸੰਤੋਖ ਸਿੰਘ ਦੀ ਵਿਦਵਤਾ, ਪ੍ਰੋ. ਹਰਮੀਤ ਸਿੰਘ (ਸੰਪਾ.) *ਮਹਾਂ ਕਵੀ ਭਾ: ਸੰਤੋਖ ਸਿੰਘ ਜੀ*, ਪੰਨਾ 12.

[64] ਉਹੀ, *ਮਹਾਂ ਕਵੀ ਭਾ: ਸੰਤੋਖ ਸਿੰਘ ਜੀ*, ਪੰਨਾ 17.

**4. ਪੰਡਿਤ ਸਦਾ ਸਿੰਘ ਜੀ 'ਦੰਡੀ' ਦਾ ਸ਼ਾਸਤ੍ਰਾਰਥ**

ਪੰਡਿਤ ਸਦਾ ਸਿੰਘ ਜੀ ਜੋ ਚੇਤਨ ਮਠ ਕਾਸ਼ੀ ਦੇ ਮਹੰਤ ਸਨ, ਕਾਸ਼ੀ ਵਿਚ ਪ੍ਰਬੁੱਧ ਨਿਰਮਲੇ ਵਿਦਵਾਨ ਸਨ। ਇਨ੍ਹਾਂ ਬਾਰੇ ਤਾਰਾ ਸਿੰਘ ਨਰੋਤਮ ਜੀ ਚੇਤਨ ਮਠ ਦੇ ਮਹੰਤਾਂ ਦਾ ਜ਼ਿਕਰ ਵਿਚ ਲਿਖਦੇ ਹਨ "ਜਯ ਸਿੰਘ ਜੀ ਕੇ ਮੇਹਰ ਸਿੰਘ ਹੂਏ। ਉਨ ਕੇ ਅੰਬੀਰ ਸਿੰਘ ਜੀ, ਉਨ ਕੇ ਚੇਤ ਸਿੰਘ ਜੀ ਚੇਤ ਸਿੰਘ ਕੇ ਦੋ ਸਿੱਖ ਹੂਏ। ਏਕ ਚਰਨ ਕੇ ਅੰਮ੍ਰਿਤ ਵਾਲੇ ਮੋਤੀ ਰਾਮ ਜੀ ਬ੍ਰਾਹਮਣ। ਦੂਸਰੇ ਖੰਡੇ ਕੇ ਅੰਮ੍ਰਿਤ ਵਾਲੇ ਸਦਾ ਸਿੰਘ ਜੀ। ਯੇਹ ਬਡੇ ਨਾਮੀ ਪੰਡਿਤ ਜਿਨਹੁੰ ਨੇ ਬੇਦਾਂਤ ਕੇ ਅਤੀ ਕਠਨ ਗ੍ਰੰਥ ਅਦ੍ਵੈਤ ਸਿੱਧੀ ਪੈ ਬਡੀ ਸੁਗਮ ਸਾਰ ਚੰਦ੍ਰ ਕਾ ਟੀਕਾ ਕਰੀ ਹੈ।"[65] ਇਨ੍ਹਾਂ ਦੀ ਵਿਦਵਤਾ ਦਾ ਕਾਸ਼ੀ ਵਿਚ ਬਹੁਤ ਪ੍ਰਭਾਵ ਸੀ ।

ਇਕ ਵਾਰ ਕਾਸ਼ੀ ਵਿਚ ਇਕ ਧੁਰੰਦਰ ਵਿਦਵਾਨ ਪੰਡਿਤ ਨੇ ਕਾਸ਼ੀ ਦੇ ਪੰਡਿਤਾਂ ਨੂੰ ਸ਼ਾਸਤ੍ਰਾਰਥ ਲਈ ਵੰਗਾਰਿਆ। ਕਾਸ਼ੀ ਦੇ ਸਮੂਹ ਵਿਦਵਾਨ ਇਕੱਠੇ ਹੋਏ ਕਿ ਇਸ ਨਾਲ ਕੌਣ ਸ਼ਾਸਤ੍ਰਾਰਥ ਕਰੇਗਾ। ਹਰ ਵਿਦਵਾਨ ਉਸ ਸਾਹਮਣੇ ਬਹਿਸ ਕਰਨ ਤੋਂ ਸੰਕੋਚ ਕਰ ਰਿਹਾ ਸੀ। ਲਿਖਦੇ ਹਨ ਕਿ "ਇਸ ਸਮੇਂ ਸ੍ਰੀ ਮਾਨ ਪੰਡਿਤ ਸਦਾ ਸਿੰਘ ਜੀ ਉੱਠੇ ਅਤੇ ਕਿਹਾ, 'ਆਏ ਹੋਏ ਪੰਡਿਤ ਨੂੰ ਕਹੋ, ਸ਼ਾਸਤ੍ਰਾਰਥ ਮੈਂ ਕਰਾਂਗਾ।' ਸਮੇਂ ਅਨੁਸਾਰ ਸ਼ਾਸਤ੍ਰਾਰਥ ਅਰੰਭ ਹੋਇਆ। ਆਪਣੇ ਪੱਖ ਸਿੱਧ ਕਰਨ ਵਾਸਤੇ ਪ੍ਰਮਾਣ/ਦ੍ਰਿਸ਼ਟਾਂਤ ਚਲਦੇ ਰਹੇ। ਅੰਤ ਆਇਆ ਹੋਇਆ ਦਿਗਵਿਜਈ ਪੰਡਿਤ ਨਿਰੁਤਰ ਹੋ ਗਿਆ। ਵਿਜੈ ਪੰਡਿਤ ਸਦਾ ਸਿੰਘ ਜੀ ਦੀ ਹੋਈ। ਕਾਸ਼ੀ ਵਿਚ ਪ੍ਰਸੰਨਤਾ ਦੀ ਲਹਿਰ ਦੌੜ ਗਈ। ਦੂਸਰੇ ਦਿਨ ਕਾਸ਼ੀ ਦੇ ਸਮੂਹ ਪੰਡਿਤ ਇਕੱਤਰ ਹੋਏ। ਪੰਡਿਤ ਸਦਾ ਸਿੰਘ ਜੀ ਦੀ ਭਰਪੂਰ ਉਸਤਤੀ ਕੀਤੀ ਗਈ।"[66] ਇਸ ਤੋਂ ਬਾਅਦ ਕਾਸ਼ੀ ਦੇ ਸਮੂਹ ਪੰਡਿਤਾਂ ਅਤੇ ਵਿਦਵਾਨਾਂ ਨੇ ਇਨ੍ਹਾਂ ਨੂੰ ਇਨ੍ਹਾਂ ਦੀ ਸਹਿਮਤੀ ਅਨੁਸਾਰ 'ਦੰਡੀ' ਖ਼ਿਤਾਬ ਨਾਲ ਸਨਮਾਨਿਆ। ਨਿਰਮਲ ਸੰਪ੍ਰਦਾਇ ਵਿਚ ਪੰਡਿਤ ਸਦਾ ਸਿੰਘ ਜੀ 'ਦੰਡੀ' ਮਹਾਨ ਵਿਦਵਾਨ ਹੋਏ ਹਨ।

**5. ਗਿਆਨੀ ਗਿਆਨ ਸਿੰਘ**

ੳ) ਨਿਰਮਲ ਸੰਪ੍ਰਦਾਇ ਦੀ ਤੀਖਣ ਬੁੱਧੀ ਤੇ ਖੋਜੀ ਸੁਭਾਅ ਦੇ ਮਾਲਕ, ਵਿਦਵਾਨ ਸਨ। ਇਕ ਵਾਰ "ਮੋਰ ਧੁਜ' ਸ਼ਹਿਰ ਦੇ ਰਾਜੇ ਸੈਨਾਪਾਲ ਨਾਲ ਪ੍ਰਸਿੱਧ ਆਪ ਜੀ ਦਾ 'ਤਦਬੀਰ' ਅਤੇ 'ਤਕਦੀਰ' 'ਤੇ ਕਈ ਦਿਨ

---

[65] ਤਾਰਾ ਹਰਿ ਨਰੋਤਮ, *ਸ੍ਰੀ ਗੁਰੁ ਤੀਰਥ ਸੰਗਹਿ*, ਪੰਨਾ 335.

[66] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨੇ 45-46.

ਸ਼ਾਸਤ੍ਰਾਰਥ ਹੋਇਆ ਅਤੇ ਵਿਜੈ ਆਪ ਜੀ ਦੀ ਹੋਈ।"[67] ਕਿਸੇ ਵਿਸ਼ੇ 'ਤੇ ਕਈ-ਕਈ ਦਿਨ ਬਹਿਸ ਕਰਨ ਲਈ ਬਹੁਤ ਗਿਆਨ ਦੀ ਜ਼ਰੂਰਤ ਹੈ। ਗਿਆਨੀ ਗਿਆਨ ਸਿੰਘ ਜੀ ਨੇ ਇਸ ਸ਼ਾਸਤ੍ਰਾਰਥ ਵਿਚੋਂ ਵਿਜਈ ਹੋ ਕੇ ਦਰਸਾ ਦਿੱਤਾ ਕਿ ਉਨ੍ਹਾਂ ਨੇ ਗ੍ਰੰਥਾਂ ਦਾ ਡੂੰਘਾਈ ਨਾਲ ਅਧਿਐਨ ਕੀਤਾ ਹੈ।

ਅ) ਗਿਆਨੀ ਗਿਆਨ ਸਿੰਘ ਜੀ ਦਾ ਦੂਸਰਾ ਸ਼ਾਸਤ੍ਰਾਰਥ: ਗਿਆਨੀ ਗਿਆਨ ਸਿੰਘ ਜੀ ਦਾ ਇਕ ਵਾਰ "ਆਗਰੇ ਵਿਚ ਰਾਧਾ ਸੁਆਮੀ ਮੱਤ ਦੇ ਸੰਚਾਲਕ ਸ਼ਿਵਦਿਆਲ ਸਿੰਘ ਜੀ ਖੱਤ੍ਰੀ ਨਾਲ ਵੀ ਸ਼ਾਸਤ੍ਰਾਰਥ ਹੋਇਆ। ਇਹ ਸ੍ਰੀ ਗੁਰੂ ਗਰੰਥ ਸਾਹਿਬ ਜੀ ਤੋਂ ਉੱਚਾ ਬੈਠਿਆ ਕਰਦਾ ਸੀ। ਹੁੱਕਾ ਪੀਂਦਾ ਸੀ। ਸੇਵਕਾਂ ਨੂੰ ਮੂੰਹ ਦੀ ਪੀਕ ਪਿਉਂਦਾ ਸੀ। ਗਿਆਨੀ ਜੀ ਨੇ ਅਜਿਹੇ ਕੁਕਰਮ ਤੋਂ ਰੋਕਿਆ। ਧਰਮ ਸ਼ਾਸਤ੍ਰੀ ਬਹਿਸ ਦੌਰਾਨ ਗੁਰਬਾਣੀ/ਇਤਿਹਾਸ ਦੀਆਂ ਦਲੀਲਾਂ ਦੇ-ਦੇ ਕੇ ਨਿਰੁਤਰ ਕੀਤਾ। ਸ਼ਿਵਦਿਆਲ ਸਿੰਘ ਨੇ ਸਾਰੇ ਔਗੁਣ ਛੱਡਣ ਦਾ ਪ੍ਰਣ ਕੀਤਾ।"[68] ਸ਼ਿਵਦਿਆਲ ਜੀ ਦੇ ਜੀਵਨ ਵਿਚ ਆਏ ਪਰਿਵਰਤਨ ਪਿਛੋਂ ਗਿਆਨੀ ਗਿਆਨ ਸਿੰਘ ਜੀ ਦੇ ਸਤਿਕਾਰ ਵਿਚ ਹੋਰ ਵਾਧਾ ਹੋਇਆ।

### 6. ਪੰਡਿਤ ਮਹੇਸ਼ਰਾ ਸਿੰਘ ਜੀ ਦਾ ਸ਼ਾਸਤ੍ਰਾਰਥ

ਸ੍ਰੀ ਮਾਨ ਪੰ. ਮਹੇਸ਼ਰਾ ਸਿੰਘ ਜੀ ਨਿਰਮਲ ਸੰਪ੍ਰਦਾਇ ਦੇ ਮਹਾਨ ਵਿਦਵਾਨ ਹੋਏ ਹਨ। ਇਨ੍ਹਾਂ ਨੇ "ਪ੍ਰਯਾਗ ਦੇ ਕੁੰਭ ਉੱਤੇ ਸ਼ਾਸਤ੍ਰਾਰਥ ਕੀਤਾ। ਇਨ੍ਹਾਂ ਦੀ ਸ਼ਾਸਤ੍ਰਾਰਥ ਸ਼ੈਲੀ ਤੇ ਵਿਦਿਆ ਪ੍ਰੋੜਤਾ ਨੂੰ ਹੁਣ ਤੱਕ ਲੋਗ ਯਾਦ ਕਰਦੇ ਹਨ।"[69] ਇਹ ਸ਼ਾਸਤ੍ਰਾਰਥ ਕਰਨ ਵਿਚ ਅਦੁੱਤੀ ਯੋਗਤਾ ਰੱਖਦੇ ਸਨ।

### 7. ਪੰਡਿਤ ਤਾਰਾ ਸਿੰਘ ਨਰੋਤਮ ਜੀ ਦਾ ਸ਼ਾਸਤ੍ਰਾਰਥ

ਪੰਡਤ ਤਾਰਾ ਸਿੰਘ ਨਰੋਤਮ ਨਿਰਮਲ ਸੰਪ੍ਰਦਾਇ ਦੇ ਮਹਾਨ ਵਿਦਵਾਨਾਂ ਵਿਚੋਂ ਇਕ ਸਨ। ਇਨ੍ਹਾਂ ਦਾ ਗੂੜ੍ਹ ਗਿਆਨ ਇਨ੍ਹਾਂ ਦੇ ਕਾਰਜਾਂ ਵਿਚੋਂ ਸਾਫ਼ ਝਲਕਦਾ ਹੈ। ਇਕ ਵਾਰ ਕਿਸੇ ਵਿਰੋਧੀ ਵੱਲੋਂ 'ਵਾਹਿਗੁਰੂ' ਸ਼ਬਦ 'ਤੇ ਸਵਾਲ ਚੁਕਦਿਆਂ ਕਿਹਾ ਕਿ ਇਸਦਾ ਕੋਈ ਯਥਾਰਥ ਨਹੀਂ ਹੈ। ਇਸ 'ਤੇ ਪੰਡਿਤ ਜੀ ਦਾ ਸ਼ਾਸਤ੍ਰਾਰਥ

---

[67] ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ, ਡਾ. ਸਰਬਜਿੰਦਰ ਸਿੰਘ (ਸੰਪਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ*, ਭਾਗ ਤੀਜਾ, ਪੰਨਾ 195.

[68] ਉਹੀ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 47.

[69] ਗੁਰਦੀਪ ਸਿੰਘ ਕੇਸਰੀ, ਗੁਰੂ ਨਾਨਕ ਦਰਸ਼ਨ ਤੇ ਸਿੱਖ ਧਰਮ ਨੂੰ ਬਹੁਪੱਖੀ ਦੇਣ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 122.

ਹੋਇਆ। ਜਿਸ ਬਾਰੇ ਦਰਸ਼ਨ ਸਿੰਘ ਜੀ ਸ਼ਾਸਤ੍ਰੀ ਦੱਸਦੇ ਹਨ ਕਿ "ਸਿੱਖ ਪੰਥ ਵੱਲੋਂ ਇਸ ਸਵਾਲ ਦਾ ਜਵਾਬ ਦੇਣ ਲਈ ਪੰਡਿਤ ਤਾਰਾ ਸਿੰਘ ਨਰੋਤਮ ਨੇ ਬਨਾਰਸ ਜਾ ਕੇ ਸਾਰੇ ਵਿਦਵਾਨ ਪੰਡਿਤ ਇਕੱਠੇ ਕਰ ਲਏ। ਉਨ੍ਹਾਂ ਕਿਹਾ ਕਿ ਮੈਂ ਮੂਲ ਮੰਤਰ ਦੇ ਅਰਥ ਸੁਣਾਵਾਂਗਾ ਜੇ ਅਰਥ ਤੁਹਾਡੇ ਅਨੁਸਾਰ ਨਾ ਹੋਏ ਤਾਂ ਮੈਨੂੰ ਤੁਸੀਂ ਸਟੇਜ ਤੋਂ ਉਤਾਰ ਦੇਣਾ, ਨਹੀਂ ਤਾਂ ਤੁਹਾਨੂੰ ਮੁਆਫ਼ੀ ਮੰਗਣੀ ਪਵੇਗੀ। ਵਿਦਵਾਨ ਪੰਡਿਤਾਂ ਦੇ ਸਵੀਕਾਰ ਕਰਨ ਉਪਰੰਤ ਪੰਡਿਤ ਜੀ ਨੇ ਮੂਲ ਮੰਤਰ ਦੇ 17 ਅਰਥ ਕੀਤੇ ਅਤੇ ਸੰਸਕ੍ਰਿਤ ਦੇ ਸ਼ਲੋਕ ਵੀ ਬੋਲੇ। ਨਰੋਤਮ ਜੀ ਦੁਆਰਾ ਦੱਸੇ ਵਾਹਿਗੁਰੂ ਸ਼ਬਦ ਦੇ ਅਰਥਾਂ ਤੋਂ ਪੰਡਿਤਾਂ ਸ਼ੰਕੇ ਨਵਿਰਤ ਹੋ ਗਏ। ਪੰਡਿਤਾਂ ਨੇ ਮੁਆਫ਼ੀ ਮੰਗੀ।"[70] 'ਵਾਹਿਗੁਰੂ' ਸ਼ਬਦ ਦੇ ਅਰਥਾਂ ਨੂੰ ਨਰੋਤਮ ਜੀ ਨੇ 'ਸ੍ਰੀ ਗੁਰੁਮਤ ਨਿਰਣਯ ਸਾਗਰ' ਗ੍ਰੰਥ ਵਿਚ 'ਵਾਹਿਗੁਰੂ ਮੰਤ੍ਰਾਰਥ' ਸਿਰਲੇਖ ਅਧੀਨ ਦਰਜ ਕੀਤਾ ਹੈ। ਇਹ ਇਸ ਗ੍ਰੰਥ ਦੇ ਪੰਨਾ 327 ਤੋਂ ਪੰਨਾ 335 ਤੱਕ ਅੰਕਿਤ ਹੈ। ਇਸ ਵਿਚ ਵਾਹਿਗੁਰੂ ਸ਼ਬਦ ਦੇ 17 ਅਰਥਾਂ ਦਾ ਵਿਸਤਾਰ ਹੈ। ਅਧਿਆਇ ਦੇ ਅੰਤ 'ਤੇ 'ਇਤਿ ਸ੍ਰੀ ਮਤ ਨਿਰਮਲ ਪਥਿਪ੍ਰਸਿਟ ਤਾਰਾ ਹਰਿ ਰਚਿਤਾ ਵਾਹਗੁਰੂ ਸ਼ਬਦਾਰਥ ਟੀਕਾ ਸੁਭਾ ਸਮਾਪਤਾ' ਲਿਖ ਕੇ ਸਮਾਪਤੀ ਕੀਤੀ ਹੈ।

**8. ਪੰਡਿਤ ਤਾਰਾ ਸਿੰਘ (ਡੇਰਾ ਗਲੀ ਬਾਗ ਵਾਲੀ, ਅੰਮ੍ਰਿਤਸਰ)**

ਡੇਰਾ ਗਲੀ ਬਾਗ ਵਾਲੀ, ਅੰਮ੍ਰਿਤਸਰ ਸਾਈਂ ਲੋਕ ਸੰਤ ਰਾਮ ਸਿੰਘ ਜੀ ਨੇ 1873 ਈ. ਵਿਚ ਬਣਵਾਇਆ। ਸੰਤ ਜੀ ਦੇ ਪ੍ਰਲੋਕ ਸਿਧਾਰ ਜਾਣ ਉਪਰੰਤ ਪੰ. ਤਾਰਾ ਸਿੰਘ ਜੀ ਇਸ ਡੇਰੇ ਦੇ ਮਹੰਤ ਨਿਯੁਕਤ ਹੋਏ। "ਇਕ ਵਾਰ ਪੰਡਤ ਤਾਰਾ ਸਿੰਘ ਜੀ ਕਸ਼ਮੀਰ ਗਏ। ਆਪ ਦੀ ਸੋਭਾ ਸੁਣ ਕੇ ਮਹਾਰਾਜਾ ਸਾਹਿਬ ਨੇ ਦਰਸ਼ਨ ਦੇਣ ਦੀ ਪ੍ਰਾਰਥਨਾ ਕੀਤੀ। ਆਪ ਗਏ ਤਾਂ ਪਾਸ ਬੈਠੇ ਇਕ ਬ੍ਰਾਹਮਣ ਨੇ ਸੰਸਕ੍ਰਿਤ ਦਾ ਇਕ ਸ਼ਲੋਕ ਅਸ਼ੁੱਧ ਬੋਲ ਦਿੱਤਾ, ਜਿਸ ਉੱਤੇ ਪੰਡਿਤ ਜੀ ਨੇ ਕਿਹਾ 'ਬ੍ਰਾਹਮਣ ਦੇਵਤਾ! ਪੰਡਿਤਾਂ ਦੇ ਪਾਸ ਬੈਠਿਆਂ ਸ਼ਲੋਕ ਅਸ਼ੁੱਧ ਨਹੀਂ ਬੋਲੀਦਾ।' ਇਸ ਉੱਤੇ ਬ੍ਰਾਹਮਣ ਨੂੰ ਗੁੱਸਾ ਚੜ੍ਹ ਗਿਆ। ਵਿਆਕਰਣ ਦੀ ਕੋਟੀ (ਵਾਦ-ਵਿਵਾਦ ਦਾ ਪੂਰਬ ਪੱਖ, ਦਲੀਲਾਂ) ਉੱਤੇ ਬਹਿਸ ਚੱਲ ਪਈ। ਪੰਡਿਤ ਹੋਰਾਂ ਨੇ ਬ੍ਰਾਹਮਣ ਨੂੰ ਕੋਟੀ ਵਿਚ ਅਜਿਹਾ ਰੋਲਿਆ ਕਿ ਉਸ ਨੂੰ ਹਾਰ ਮੰਨਣੀ ਪਈ।"[71] ਨਿਰਮਲੇ ਸੰਤ ਵਿਆਕਰਣ ਦੇ ਵੀ ਚੰਗੇ ਵਿਦਵਾਨ ਰਹੇ ਹਨ।

---

[70] ਸੰਤ ਦਰਸ਼ਨ ਸਿੰਘ ਸ਼ਾਸਤ੍ਰੀ, *ਨਿੱਜੀ ਮੁਲਾਕਾਤ*, ਮਿਤੀ 1 ਜਨਵਰੀ 2016 ਵਿਚੋਂ.

[71] ਮਹੰਤ ਗਿਆਨੀ ਸੁਖਚੈਨ ਸਿੰਘ, ਮਾਝੇ ਦੇ ਨਿਰਮਲ ਡੇਰਿਆਂ ਦਾ ਸੰਖੇਪ ਇਤਿਹਾਸ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 227.

**9. ਪੰਡਿਤ ਨਿਹਾਲ ਸਿੰਘ ਥੋਹਾ ਖ਼ਾਲਸਾ**

ਪੰਡਿਤ ਨਿਹਾਲ ਸਿੰਘ ਦੁਆਰਾ ਸ੍ਵਾਮੀ ਦਯਾਨੰਦ ਆਰੀਆ ਸਮਾਜੀ ਨਾਲ 'ਖ਼ਾਲਸਾ' ਸ਼ਬਦ 'ਤੇ ਸ਼ਾਸਤ੍ਰਾਰਥ ਕੀਤਾ ਗਿਆ, ਜਿਸ ਦਾ ਜ਼ਿਕਰ ਅਗਲੇ ਪੰਨਿਆਂ 'ਤੇ ਕੀਤਾ ਜਾਵੇਗਾ।

ਉਕਤ ਸ਼ਾਸਤ੍ਰਾਰਥਾਂ ਤੋਂ ਇਲਾਵਾ ਨਿਰਮਲੇ ਸੰਤਾਂ ਦੇ ਅਨੇਕਾਂ ਸ਼ਾਸਤ੍ਰਾਰਥ ਹੋਏ ਹਨ ਜਿਨ੍ਹਾਂ ਵਿਚ ਇਨ੍ਹਾਂ ਨੇ ਆਪਣੀ ਵਿਦਵਤਾ ਨਾਲ ਹਮੇਸ਼ਾ ਜਿੱਤ ਪ੍ਰਾਪਤ ਕੀਤੀ ਹੈ ਅਤੇ ਆਪਣੀ ਵਿਦਵਤਾ ਦਾ ਲੋਹਾ ਮਨਵਾਇਆ ਹੈ। ਇਹ ਸ਼ਾਸਤ੍ਰਾਰਥ ਵਿਦਿਆ ਵੀ ਜਿਗਿਆਸੂਆਂ ਨੂੰ ਪ੍ਰੇਰਦੀ ਸੀ ਕਿ ਵਿਦਿਆ ਦੇ ਗਿਆਨ ਨਾਲ ਹੀ ਪ੍ਰਮਾਣ ਦੇ ਕੇ ਸਾਹਮਣੇ ਵਾਲੇ ਨੂੰ ਨਿਰੁੱਤਰ ਕੀਤਾ ਜਾ ਸਕਦਾ ਹੈ। ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਜਿੱਥੇ ਅੱਖਰ ਗਿਆਨ ਰਾਹੀਂ ਲੋਕਾਂ ਨੂੰ ਵਿਦਿਆ ਦਿੱਤੀ ਉਥੇ ਸ਼ਾਸਤ੍ਰਾਰਥ ਵਿਦਿਆ ਨਾਲ ਭਰਮੀ ਲੋਕਾਂ ਦੇ ਭਰਮ ਤੋੜਕੇ ਵੀ ਗਿਆਨ-ਦਾਨ ਦੇਣ ਦਾ ਪ੍ਰਕਾਰਜ ਕੀਤਾ ਹੈ।

**1910 ਈ. ਤੋਂ 2010 ਈ. ਤੱਕ**

ਨਿਰਮਲ ਸੰਪ੍ਰਦਾਇ ਦੇ ਇਤਿਹਾਸ ਵਿਚੋਂ 1910 ਈ. ਤੋਂ ਪਹਿਲਾਂ ਦੇ ਸਮੇਂ ਵਿਚ ਹੋਏ ਸ਼ਾਸਤ੍ਰਾਰਥਾਂ ਬਾਰੇ ਤਾਂ ਪਤਾ ਲੱਗਦਾ ਹੈ ਜਿਨ੍ਹਾਂ ਦਾ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ ਪ੍ਰੰਤੂ 1910 ਈ. ਤੋਂ ਬਾਅਦ ਨਿਰਮਲ ਸੰਪ੍ਰਦਾਇ ਵਿਚ ਕਿਸੇ ਤਰ੍ਹਾਂ ਦੇ ਹੋਏ ਸ਼ਾਸਤ੍ਰਾਰਥ ਬਾਰੇ ਇਤਿਹਾਸ ਚੁੱਪ ਹੈ। ਇਸ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਇਸ ਸਮੇਂ ਤੱਕ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਦੀ ਵਿਦਵਤਾ ਲੋਕਾਂ ਸਾਹਮਣੇ ਆ ਚੁੱਕੀ ਸੀ ਜੋ ਉਨ੍ਹਾਂ ਨੂੰ ਕੋਈ ਸਵਾਲ ਨਹੀਂ ਸੀ ਕਰਦਾ ਅਤੇ ਦੂਜਾ ਇਸ ਸਮੇਂ ਤੱਕ ਬਹੁਤ ਸਾਰਾ ਸਾਹਿਤ ਰਚਿਆ ਜਾ ਚੁੱਕਾ ਸੀ ਤੇ ਲੋਕ ਆਪਣੇ ਸ਼ੰਕਿਆਂ ਦੀ ਨਵਿਰਤੀ ਸਾਹਿਤ ਵਾਚਕੇ ਕਰ ਲੈਂਦੇ ਸਨ।

ਇਥੇ ਇਹ ਵਰਣਨਯੋਗ ਹੈ ਕਿ ਜੇਕਰ ਕਿਸੇ ਨੇ ਪਿੱਠ ਪਿੱਛੇ ਨਿਰਮਲ ਸੰਪ੍ਰਦਾਇ ਦੇ ਸੰਤਾਂ ਦੀ ਜੀਵਨਸ਼ੈਲੀ ਅਤੇ ਉਨ੍ਹਾਂ ਦੀ ਕਾਰਜਸ਼ੈਲੀ 'ਤੇ ਉਂਗਲ ਚੁੱਕੀ ਤਾ ਸੰਤਾਂ ਨੇ ਉਸ ਕਿੰਤੂ ਦਾ ਪ੍ਰਮਾਣਾਂ ਸਾਹਿਤ ਜਵਾਬ ਦਿੱਤਾ। ਇਹ ਵੀ ਸ਼ਾਸਤ੍ਰਾਰਥ ਦਾ ਰੂਪ ਹੀ ਸੀ ਪਰ ਲਿਖਤੀ। ਇਸ ਤਰ੍ਹਾਂ ਦਾ ਇਕ ਹਵਾਲਾ ਇਤਿਹਾਸ ਵਿਚੋਂ ਮਿਲਦਾ ਹੈ।

ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਪ੍ਰੋ. ਧਰਮਾਂਨੰਤ ਸਿੰਘ ਨੇ ਮਿਤੀ 14-4-1933 ਈ. ਨੂੰ ਹਰਿਦੁਆਰ ਵਿਚ ਇਕ ਸਨਾਤਨੀ ਕਾਨਫ਼ਰੰਸ ਵਿਚ ਆਰੀਆ ਸਮਾਜੀ ਦਇਆਨੰਦ ਸਰਸਵਤੀ ਦੀ ਮਹਿਮਾ

ਗਾਉਂਦੇ ਹੋਏ ਇਕ ਪਰਚਾ ਪੜ੍ਹਿਆ। ਜਿਸ ਵਿਚ ਉਨ੍ਹਾਂ ਨੇ ਇਸਤਰੀ ਦੇ ਕਿਰਦਾਰ ਅਤੇ ਨਿਰਮਲੇ ਸੰਤਾਂ ਬਾਰੇ ਨੀਵੇਂ ਪੱਧਰ ਦੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਅਤੇ ਅਪਸ਼ਬਦ ਬੋਲੇ। ਇਹ ਸ਼ਬਦ ਨਿਰਮਲੇ ਸੰਤਾਂ ਲਈ ਕਿਸੇ ਵੰਗਾਰ ਤੋਂ ਘੱਟ ਨਹੀਂ ਸਨ। ਨਿਰਮਲੇ ਸੰਤਾਂ ਨੇ ਪ੍ਰਿੰ. ਧਰਮਾਂਨੰਤ ਦੁਆਰਾ ਬੋਲੇ-ਵਰਤੇ ਅਪਸ਼ਬਦਾਂ ਦਾ ਕੋਈ ਜਵਾਬ ਨਾ ਦਿੱਤਾ ਤਾਂ ਪ੍ਰਿੰ. ਸਾਹਿਬ ਨੇ ਕਾਨਫਰੰਸ ਵਿਚ ਪੜ੍ਹਿਆ ਪੇਪਰ ਸਮਕਾਲੀ ਪੱਤ੍ਰਕਾ 'ਗੁਰੂ ਨਾਨਕ ਦਰਸ਼ਨ' (ਮਾਸਕ), ਵਿਚ ਫਰਵਰੀ ਅਤੇ ਮਾਰਚ ਦੇ ਅੰਕਾਂ ਵਿਚ ਛਪਵਾ ਦਿੱਤਾ। ਇਸ ਨੇ ਅੱਗ 'ਤੇ ਤੇਲ ਪਾਉਣ ਵਾਲਾ ਕੰਮ ਕੀਤਾ। ਇਸ ਲੇਖ ਬਾਰੇ ਨਿਰਮਲੇ ਵਿਦਵਾਨਾਂ ਨੇ ਆਪਣੇ ਸਮਕਾਲੀ ਅਖ਼ਬਾਰ 'ਨਿਰਮਲ ਸਮਾਚਾਰ' ਵਿਚ ਛਾਪਿਆ ਤਾਂ ਕਈ ਨਿਰਮਲੇ ਵਿਦਵਾਨਾਂ ਨੂੰ ਇਸ ਬਾਰੇ ਪਤਾ ਲੱਗਾ।

ਨਿਰਮਲੇ ਵਿਦਵਾਨ ਪਹਿਲਾਂ ਤਾਂ ਸ਼ਾਤ ਚਿੱਤ ਸਨ ਫਿਰ ਜਦੋਂ ਪ੍ਰਿੰ. ਸਾਹਿਬ ਨੇ ਇਸ ਲੇਖ ਰਾਹੀਂ ਨਿਰਮਲ ਸੰਤਾਂ ਨੂੰ ਭੰਡਣਾ ਸ਼ੁਰੂ ਕੀਤਾ ਤਾਂ ਇਸ ਸਮੇਂ ਦੇ ਮਹਾਨ ਨਿਰਮਲੇ ਵਿਦਵਾਨ ਸੰਤ ਦਿਆਲ ਸਿੰਘ ਨੇ ਪ੍ਰਿੰ. ਧਰਮਾਂਨੰਤ ਦੇ ਲਿਖੇ ਇਕ-ਇਕ ਸਵਾਲ ਦਾ ਬਾ-ਤਰਤੀਬ ਇਤਿਹਾਸ ਵਿਚੋਂ ਪ੍ਰਮਾਣਾਂ ਸਹਿਤ ਉੱਤਰ ਦੇ ਕੇ ਇਕ ਕਿਤਾਬ ਹੀ ਲਿਖ ਦਿੱਤੀ ਜਿਸ ਨੇ ਨਿਰਮਲ ਸਮਾਜ ਦੇ ਸਮੁੱਚੇ ਅਕਸ ਨੂੰ ਉਭਾਰਿਆ। ਉਹ ਕਿਤਾਬ ਰਚਣ ਦੇ ਮਨੋਰਥ ਵਜੋਂ ਲਿਖਦੇ ਹਨ ਕਿ "ਮੈਂ ਇਸ ਲੇਖ ਦਾ ਕਦੇ ਉੱਤਰ ਨਾ ਲਿਖਦਾ, ਜੇਕਰ ਕਿਸੀ ਗ਼ੈਰ ਕੌਮ ਵਾਲੇ ਵਲੋਂ ਇਹ ਸ਼ੋਸ਼ਾ ਛੇੜਿਆ ਹੁੰਦਾ, ਪਰ ਏਹ ਤਾਂ ਇਕ ਪੂਰਨ ਗੁਰਸਿੱਖ ਸਦਾਉਣ ਵਾਲੇ ਭਾਈ ਧਰਮਾਨੰਤ ਸਿੰਘ ਜੀ ਵਲੋਂ ਪੰਥ ਵਿਚ ਫੁੱਟ ਨੂੰ ਵਧਾਉਣ ਦਾ ਯਤਨ ਕੀਤਾ ਗਿਆ ਹੈ, ਇਸ ਲਈ ਉਨ੍ਹਾਂ ਦੇ ਲੇਖ ਦਾ ਸਾਰ ਭੂਤ ਉਤਰ ਲਿਖਦਾ ਹਾਂ।"[72] ਸਮਕਾਲੀ ਅਕਾਲੀ ਚਿੰਤਕ ਤੇ ਵਿਦਵਾਨ ਗਿਆਨੀ ਹੀਰਾ ਸਿੰਘ ਦਰਦ ਨੇ ਵੀ ਪ੍ਰਿੰ. ਧਰਮਾਂਨੰਤ ਸਿੰਘ ਦੁਆਰਾ ਔਰਤ ਅਤੇ ਨਿਰਮਲੇ ਸੰਤਾਂ ਬਾਰੇ ਲਿਖੇ-ਬੋਲੇ ਅਪਸ਼ਬਦਾਂ ਦੀ ਨਿਖੇਧੀ ਕਰਦੇ ਹੋਏ ਹੈਰਾਨੀ ਪ੍ਰਗਟ ਕੀਤੀ ਕਿ ਇਕ ਸਿੱਖ ਵਿਦਵਾਨ ਕਿਵੇਂ ਔਰਤ ਬਾਰੇ ਅਜਿਹੀ ਸ਼ਬਦਾਵਲੀ ਵਰਤ ਸਕਦਾ ਹੈ। ਕਿਤਾਬ ਵਿਚ ਵਿਸਤਾਰਤ ਲੇਖ ਵਿਚਲੇ ਇਸ (ਔਰਤ ਬਾਰੇ) ਹਿੱਸੇ ਨੂੰ ਛੱਡਦੇ ਹੋਏ ਲਿਖਦੇ ਹਨ ਕਿ "ਮੈਨੂੰ ਤਾਂ ਇਸ ਲੇਖ ਦੇ ਉਸ ਹਿੱਸੇ ਉੱਤੇ ਸਭ ਤੋਂ ਵੱਧ ਇਤਰਾਜ਼ ਹੈ ਜੋ ਆਪਨੇ ਨਿਰਮਲ ਸੰਪ੍ਰਦਾਇ ਸੰਬੰਧੀ ਲਿਖਿਆ ਹੈ। ਮੇਰਾ ਨਿਸਚਾ ਇਹ ਹੈ ਕਿ ਹਰ ਇਕ ਸੰਪ੍ਰਦਾਇ ਵਿਚ ਚੰਗੇ, ਨੇਕ, ਵਿਦਵਾਨ ਤੇ ਮਹਾਂਪੁਰਸ਼ ਹੋਏ ਹਨ। ਪਾਖੰਡੀ ਤੇ ਦੁਰਾਚਾਰੀ ਵੀ। ਇਸ ਲਈ ਕਿਸੇ ਸੰਪ੍ਰਦਾਇ ਨੂੰ ਸਮੁੱਚੇ ਤੌਰ ਤੇ ਬੁਰਾ ਕਹਿਣਾ ਸਿਆਣਪ ਦਾ ਕੰਮ

---

[72] ਦਿਆਲ ਸਿੰਘ ਲਾਹੌਰ, *ਬਾਬਾ ਨਾਨਕ ਜੀ ਦਾ ਨਿਰਮਲ ਪੰਥ,* ਪੰਨਾ 6.

ਨਹੀਂ। ਭਾਈ ਧਰਮਾਂਨੰਤ ਸਿੰਘ ਜੀ ਨੇ ਕੇਵਲ ਇਤਨਾ ਲਿਖ ਕੇ ਹੀ ਬੱਸ ਨਹੀਂ ਕੀਤਾ ਕਿ 'ਨਿਰਮਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੇਵਕ ਨਹੀਂ।' ਬਲਕੇ ਇਨਾਂ ਲਈ ਬੜੇ ਕੌੜੇ, ਦਿਲ ਦੁਖਾਵੇਂ ਅਤੇ ਅਯੋਗ ਸ਼ਬਦ ਵਰਤੇ ਹਨ। ਇਸ ਬਾਰੇ ਇਹ ਲਿਖਦੇ ਹਨ:[73]

1. ਏਹ ਪੇਟ ਭਰਨ ਲਈ ਦਰ ਬਦਰ ਟੁਕੜੇ ਮੰਗਦੇ ਫਿਰਦੇ ਹਨ।
2. ਇਹ ਲੋਕ ਭਗਵੇਂ ਕੱਪੜੇ ਪਾ ਕੇ, ਪਰਵਾਰ, ਸਮਾਜ ਤੇ ਰਾਜ ਦੇ ਸਭ ਧਰਮ ਤਿਆਗ ਕੇ ਆਪਣਾ ਜੀਵਨ ਅਰਥ ਹੀਨ ਤੇ ਭੂ ਮਾਪਣ ਵਿਚ ਬਤੀਤ ਕਰਦੇ ਹਨ।
3. ਇਹ ਸਮਾਜ ਪੁਰ ਕਾਲ ਦੇ ਅੰਤ ਤੱਕ ਮ੍ਰਿਤ ਬੋਝ ਬਣੇ ਹਨ।
4. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਪੰਕਤੀਆਂ ਪਾਖੰਡ ਦੇ ਖੰਡਨ ਬਾਰੇ ਆਈਆਂ ਹਨ ਆਪ ਦੀ ਰਾਇ ਵਿਚ ਏਹ ਸਭ 'ਨਿਰਮਲ ਤੇ ਉਦਾਸੀਨ' ਦੋਹਾਂ ਸ਼੍ਰੇਣੀਆਂ ਤੇ ਘਟਦੀਆਂ ਹਨ।
5. ਇਸ ਬਾਰੇ ਆਪ ਲਿਖਦੇ ਹਨ 'ਏਹ ਭਿਕਸ਼ੂ ਭਿਛੂ ਯਾ ਬਿਛੂ-ਬਿਖ ਦੇਸ ਦਾ ਸੱਤਿਆਨਾਸ ਕਰ ਰਹੀ ਹੈ।'

   ਅਜੇਹੇ ਦਿਲ ਦੁਖਾਵੇਂ ਸ਼ਬਦ ਇਕ ਵਿਦਵਾਨ ਦੀ ਕਲਮ ਤੋਂ ਲਿਖ ਜਾਣੇ ਕਦੇ ਵੀ ਸ਼ੋਭਾ ਨਹੀਂ ਦੇਂਦੇ।"

ਗਿਆਨੀ ਹੀਰਾ ਸਿੰਘ ਦਰਦ ਦੁਆਰਾ ਇਸ ਸੰਦਰਭ ਵਿਚ 6 ਪੰਨਿਆਂ ਦਾ ਇਕ ਲੇਖ ਲਿਖਿਆ ਗਿਆ ਜੋ ਪ੍ਰਿੰ. ਧਰਮਾਂਨੰਤ ਦੁਆਰਾ ਕੀਤੇ ਸਵਾਲਾਂ ਦੇ ਜਵਾਬ ਵਿਚ ਛਪੀ ਕਿਤਾਬ 'ਬਾਬਾ ਨਾਨਕ ਜੀ ਦਾ ਨਿਰਮਲ ਪੰਥ' ਦੇ ਅਰੰਭ ਵਿਚ ਦਰਜ ਹੈ। ਲੇਖ ਦੇ ਅੰਤ 'ਤੇ ਉਹ ਲਿਖਦੇ ਹਨ ਇਹ ਲੇਖ ਪੰਥ ਦੀ ਏਕਤਾ ਤੇ ਪ੍ਰੇਮ ਵਿਚ ਵਿਘਨ ਪਾਉਣ ਵਾਲਾ ਹੈ ਇਸ ਲਈ ਸਭ ਨੂੰ ਇਸਦੀ ਵਿਰੋਧਤਾ ਕਰਨੀ ਚਾਹੀਦੀ ਹੈ।

ਪ੍ਰਿੰਸੀਪਲ ਧਰਮਾਂਨੰਤ ਸਿੰਘ ਨੇ ਨਿਰਮਲੇ ਸੰਤਾਂ 'ਤੇ ਉਕਤ ਤੋਂ ਇਲਾਵਾ ਵੀ ਕਈ ਸਵਾਲ (ਇਤਰਾਜ਼) ਖੜ੍ਹੇ ਕੀਤੇ ਜਿਨ੍ਹਾਂ ਦੇ ਜਵਾਬ ਨਿਰਮਲੇ ਵਿਦਵਾਨ ਵੱਲੋਂ ਬਹੁਤ ਵਿਸਤਾਰ ਨਾਲ ਦਿੱਤੇ ਗਏ, "ਭਾਈ ਧਰਮਾਂਨੰਤ ਸਿੰਘ ਜੀ ਹੇਠ ਲਿਖੇ ਇਤਰਾਜ਼ ਪ੍ਰਗਟ ਕਰਕੇ ਲਿਖਦੇ ਹਨ ਕਿ ਸ੍ਰੀ ਗੁਰੂ ਜੀ ਨੇ ਕਿਸੇ ਨਿਰਮਲੇ ਨੂੰ ਕਾਸ਼ੀ ਨਹੀਂ ਭੇਜਿਆ।[74]

---

[73] ਗਿ. ਹੀਰਾ ਸਿੰਘ ਦਰਦ, ਨਿਰਮਲ ਸੰਪ੍ਰਦਾਇ ਅਤੇ ਭਾਈ ਧਰਮਾਂਨੰਤ ਸਿੰਘ ਜੀ, ਦਿਆਲ ਸਿੰਘ ਲਾਹੌਰ, *ਬਾਬਾ ਨਾਨਕ ਜੀ ਦਾ ਨਿਰਮਲ ਪੰਥ*, ਪੰਨੇ ਸ-ਹ

[74] ਦਿਆਲ ਸਿੰਘ ਲਾਹੌਰ, *ਬਾਬਾ ਨਾਨਕ ਜੀ ਦਾ ਨਿਰਮਲ ਪੰਥ*, ਪੰਨਾ 47.

1. ਬਵੰਜਾ ਕਵੀ ਵਿਦ੍ਵਾਨਾਂ ਦੇ ਹੁੰਦਿਆਂ ਸੁੰਦਿਆਂ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣ ਦੀ ਕੀ ਲੋੜ ਸੀ ਕਿਉਂਕਿ ਐਸਾ ਕੇੜ੍ਹਾ ਕੰਮ ਸੀ ਜੋ ਕਵੀਆਂ ਦ੍ਵਾਰਾ ਪੂਰਾ ਨਹੀਂ ਹੋ ਸਕਦਾ ਸੀ।
2. ਜੇਕਰ ਲੋੜ ਭਾਸੀ ਵੀ ਸੀ, ਤਾਂ ਕਾਸ਼ੀ ਕਿਉਂ ਭੇਜਿਆ, ਕਿਉਂਕਿ ਜਿਸ ਗੁਰੂ ਜੀ ਦੇ ਪਿਤਾ ਜੀ ਦੀ ਕੁਰਬਾਨੀ ਦੇ ਬ੍ਰਾਹਮਣ ਲੋਗ ਰਿਣੀ ਸਨ ਉਨ੍ਹਾਂ ਨੂੰ ਮਹਾਰਾਜ ਦੇ ਸਿੱਖਾਂ ਨੂੰ ਪੜ੍ਹਾਉਣ ਵਲੋਂ ਨਾਂਹ ਕਰਨ ਦੀ ਜੁਰੱਤ ਕਿਸ ਤਰ੍ਹਾਂ ਪੈ ਸਕਦੀ ਸੀ।
3. ਕਾਸ਼ੀ ਭੇਜਕੇ ਕਿਉਂ ਬਿਪਤਾ ਦੇ ਵਿਚ ਪਾਇਆ।
4. ਕਾਸ਼ੀ ਦੇ ਕੰਗਾਲ ਮੰਗਤਿਆਂ ਪਾਸੋਂ ਕਿਉਂ ਹੱਤਕ ਕਰਵਾਈ।
5. ਜੇਕਰ ਮੰਨ ਲਿਤਾ ਜਾਵੇ ਕਿ ਭਗਵਿਆਂ ਬਸਤ੍ਰਾਂ ਨਾਲ ਕਾਸ਼ੀ ਗਏ ਸਨ, ਤਾਂ ਆਣਕੇ ਕਿਉਂ ਨਾ ਉਤਾਰ ਦਿੱਤੇ।
6. ਜੇਕਰ ਪੜ੍ਹੇ ਵੀ ਤਾਂ ਪੰਥ ਦਾ ਕੀ ਕੰਮ ਸਵਾਰਿਆ।
7. ਚਾਰ ਵਰ੍ਹਿਆਂ ਵਿਚ ਕਿਤਨੀ ਵਿਦਿਆ ਪੜ੍ਹ ਗਏ ਹੋਣਗੇ।”

ਇਨ੍ਹਾਂ ਉਕਤ ਇਤਰਾਜਾਂ ਤੋਂ ਬਿਨ੍ਹਾਂ ਪ੍ਰਿੰ. ਧਰਮਾਂਨੰਤ ਸਿੰਘ ਨੇ ਨਿਰਮਲੇ ਸੰਤਾਂ ’ਤੇ ਹੋਰ ਵੀ ਕਈ ਸਵਾਲ ਉਠਾਏ ਹਨ। ਜਿਨ੍ਹਾਂ ਦਾ ਜਵਾਬ ਮਹੰਤ ਦਿਆਲ ਸਿੰਘ ਲਾਹੌਰ ਵਾਲਿਆਂ ਨੇ ਆਪਣੀ 88 ਪੰਨਿਆਂ ਦੀ ਕਿਤਾਬ ਵਿਚ ਪ੍ਰਮਾਣ ਦੇ ਕੇ ਵਿਸਤਾਰ ਨਾਲ ਨਿਰਮਲ ਸੰਪ੍ਰਦਾਇ ਨੂੰ ਸਿੱਖ ਧਰਮ ਦਾ ਇਕ ਅੰਗ ਸਾਬਤ ਕੀਤਾ ਹੈ। ਇਸ ਕਿਤਾਬ ਵਿਚ ਉਨ੍ਹਾਂ ਸਿਰਫ਼ ਨਿਰਮਲ ਸੰਪ੍ਰਦਾਇ ’ਤੇ ਉਠੇ ਸਵਾਲਾਂ ਦੇ ਹੀ ਨਹੀਂ ਬਲਕਿ ਔਰਤ ਸੰਬੰਧੀ ਸਵਾਲਾਂ ਦੇ ਜਵਾਬ ਵੀ ਦਿੱਤੇ ਹਨ। ਉਕਤ ਤਰਕ-ਵਿਤਰਕ ਸ਼ਾਸਤ੍ਰਾਰਥ ਦਾ ਹੀ ਇਕ ਹਿੱਸਾ ਹੈ ਜੋ ਪ੍ਰਿੰ. ਧਰਮਾਂਨੰਤ ਸਿੰਘ ਅਤੇ ਨਿਰਮਲੇ ਵਿਦਵਾਨ ਵਿਚ ਹੋਇਆ।

ਇਸ ਤਰ੍ਹਾਂ ਸਹਿਜੇ ਅਨੁਭਵ ਹੋ ਜਾਂਦਾ ਹੈ ਕਿ ਜਦੋਂ ਵੀ ਕਿਸੇ ਨੇ ਸਿੱਖ ਧਰਮ ਜਾ ਨਿਰਮਲ ਸੰਪ੍ਰਦਾਇ ਵੱਲ ਉਂਗਲ ਚੁੱਕੀ ਤਾਂ ਨਿਰਮਲੇ ਵਿਦਵਾਨਾਂ ਨੇ ਵਿਦਵਤਾ ਨਾਲ ਧਰਮ ਸ਼ਾਸਤ੍ਰੀ ਬਹਿਸ ਵਿਚ ਉਸ ਦਾ ਜਵਾਬ ਦੇ ਕੇ ਸਿੱਖ ਪੰਥ ਦੇ ਅਕਸ ਨੂੰ ਉਭਾਰਿਆ ਹੈ।

ਵਰਣਨਯੋਗ ਹੈ ਕਿ ਸ਼ਾਸਤ੍ਰਾਰਥ ਕਿੰਤੂ ਕਰਤਾ ਅਤੇ ਉੱਤਰ-ਦਾਤਾ ਵਿਚਕਾਰ ਬਿਲਕੁਲ ਆਹਮੋ-ਸਾਹਮਣੇ ਹੁੰਦਾ ਹੈ। ਇਸ ਵਿਚ ਸਵਾਲਾਂ ਦੇ ਜਵਾਬ ਹਾਜ਼ਰ-ਜਵਾਬੀ ਨਾਲ ਦੇਣੇ ਹੁੰਦੇ ਹਨ ਜੋ ਗੂੜ੍ਹ ਗਿਆਨ ਦਾ

ਧਾਰਨੀ ਹੀ ਦੇ ਸਕਦਾ ਹੈ ਅਤੇ ਨਿਰਮਲੇ ਇਸ ਪ੍ਰਕਿਰਿਆ ਵਿਚ ਖ਼ਰ੍ਹੇ ਉਤਰਦੇ ਰਹੇ ਹਨ। ਸਿੱਖ ਵਿਦਵਾਨ ਸੰਪ੍ਰਦਾਇ ਦੇ ਸੰਤਾਂ ਨੇ ਸ਼ਾਸਤ੍ਰਾਰਥਾਂ ਵਿਚੋਂ ਵਿਜਈ ਹੋ ਕੇ ਅਨਯ ਮਤਾਂ ਨੂੰ ਦੱਸ ਦਿਤਾ ਕਿ ਸਿੱਖ ਸਿਰਫ਼ ਸ਼ਸਤ੍ਰ ਵਿਚ ਹੀ ਸ਼ਾਸਤ੍ਰ ਵਿਚ ਵੀ ਪ੍ਰਬੀਨ ਹਨ।

**4. ਗ੍ਰੰਥ ਰਚਨਾ ਦੁਆਰਾ ਵਿਦਿਅਕ ਯੋਗਦਾਨ (1708 ਈ. ਤੋਂ 1910 ਈ. ਤੱਕ)**

ਗ੍ਰੰਥ ਗਿਆਨ ਦੇ ਸੋਮੇ ਹੁੰਦੇ ਹਨ। ਹਰ ਵਿਦਵਾਨ ਦੀ ਇੱਛਾ ਹੁੰਦੀ ਹੈ ਕਿ ਜਿਹੜਾ ਗਿਆਨ ਉਸ ਨੇ ਪ੍ਰਾਪਤ ਕੀਤਾ ਹੈ, ਜਿਗਿਆਸੂ ਵੀ ਉਸ ਗਿਆਨ ਦਾ ਲਾਹਾ ਲੈ ਸਕਣ ਇਸ ਲਈ ਉਹ ਆਪਣੇ ਗਿਆਨ ਨੂੰ ਲਿਖਤੀ ਰੂਪ ਵਿਚ ਪ੍ਰਗਟ ਕਰਦਾ ਹੈ। ਵਿਦਵਾਨ ਦੇ ਵਿਚਰਨ ਦੀ ਇਕ ਸੀਮਾ ਹੈ, ਉਹ ਇਕੋ ਸਮੇਂ ਸਭ ਲਈ ਸਭ ਜਗ੍ਹਾ ਮੌਜੂਦ ਨਹੀਂ ਹੋ ਸਕਦਾ ਪ੍ਰੰਤੂ ਦੁਰਾਡੇ ਬੈਠਾ ਜਿਗਿਆਸੂ ਆਪਣੇ ਸਮੇਂ, ਸਥਾਨ ਅਨੁਸਾਰ ਉਸਦੇ ਗ੍ਰੰਥਾਂ ਤੋਂ ਲਾਹਾ ਲੈ ਸਕਦਾ ਹੈ। ਵਿਦਵਾਨ ਜਿਸ ਵਿਸ਼ੇ ਨਾਲ ਸੰਬੰਧਿਤ ਜਿੰਨੀ ਜਾਣਕਾਰੀ ਜਿਗਿਆਸੂ ਨੂੰ ਦੇਣੀ ਚਾਹੁੰਦਾ ਹੈ ਉਹ ਉਸ ਵਿਚ ਓਨਾਂ ਗਿਆਨ ਬੰਨ੍ਹ ਦਿੰਦਾ ਹੈ। ਵਿਦਵਾਨਾਂ ਦੁਆਰਾ ਰਚੇ ਗ੍ਰੰਥਾਂ ਦੀ ਇਹ ਖ਼ੂਬਸੂਰਤੀ ਹੈ।

ਨਿਰਮਲੇ ਵਿਦਵਾਨਾਂ ਨੇ ਜਨ-ਸਾਧਾਰਨ ਨੂੰ ਆਪਣੇ ਉਦਮਾਂ ਨਾਲ ਹਰ ਸੰਭਵ ਵਿਦਿਆ ਦਿੱਤੀ। “ਵਿਦਿਆਵਾਨ ਪੁਰਸ਼ ਦੀ ਵਿਦਿਆ ਦਾ ਪ੍ਰਕਾਸ਼ ਦੋ ਹੀ ਤਰ੍ਹਾਂ ਨਾਲ ਹੁੰਦਾ ਹੈ; ਜ਼ਬਾਨ ਅਤੇ ਕਲਮ ਦੁਆਰਾ। ਨਿਰਮਲੇ ਵਿਦਵਾਨਾਂ ਨੇ ਜਿੱਥੇ ਕਥਾ ਵਾਰਤਾ ਦੁਆਰਾ ਪੰਜਾਬ ਦੇ ਲੋਕਾਂ ਨੂੰ ਕ੍ਰਿਤਾਰਥ ਕੀਤਾ ਤੇ ਥਾਂ-ਥਾਂ ਵਿਦਿਆ ਪ੍ਰਦਾਨ ਕਰ ਕੇ ਜਨ-ਸਾਧਾਰਣ ਨੂੰ ਸੁਸਿੱਖਿਅਤ ਕੀਤਾ ਹੈ, ਓਥੇ ਅਨੇਕ ਪ੍ਰਕਾਰ ਦੇ ਗ੍ਰੰਥ ਰਚ ਕੇ ਸਿੱਖ ਧਰਮ ਦੀ ਸੇਵਾ ਕੀਤੀ ਹੈ।”[75] ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਰਸਨਾ ਅਤੇ ਲਿਖਤੀ ਦੋਵੇਂ ਰੂਪ ਵਿਚ ਲੋਕਾਂ ਨੂੰ ਵਿਦਿਆ ਦੇਣ ਦਾ ਉਪਰਾਲਾ ਕੀਤਾ।

ਨਿਰਮਲੇ ਵਿਦਵਾਨਾਂ ਨੇ ਸਮੁੱਚੀਆਂ ਸਿੱਖ ਸੰਪ੍ਰਦਾਵਾਂ ਵਿਚੋਂ ਸਭ ਤੋਂ ਵੱਧ ਸਾਹਿਤ ਦੀ ਰਚਨਾ ਕੀਤੀ ਹੈ। ਨਿਰਮਲੇ ਸੰਤਾਂ ਨੇ “ਜਿਥੇ ਵੈਦਿਕ, ਦਾਰਸ਼ਨਿਕ, ਪੁਰਾਣ, ਸਮ੍ਰਿਤੀਆਂ, ਉਪਨਿਸ਼ਦਾਂ ਦਾ ਭਾਸ਼ਾ ਅਨੁਵਾਦ ਕੀਤਾ ਉਥੇ ਗੁਰਮਤਿ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਟੀਕਾਵਾਂ, ਪ੍ਰਯਾਯ, ਗੁਰੂ ਇਤਿਹਾਸ, ਛੰਦ ਸ਼ਾਸਤ੍ਰ, ਕੋਸ਼, ਭਾਈ ਗੁਰਦਾਸ ਜੀ ਦੀ ਬਾਣੀ ਵਿਆਖਿਆ, ਸ੍ਰੀ ਦਸਮ ਗ੍ਰੰਥ ਵਿਆਖਿਆ ਆਦਿਕ ਅਨਮੋਲ

[75] ਪਿਆਰਾ ਸਿੰਘ ਪਦਮ, ਵਿਦਿਆਪਤੀ ਨਿਰਮਲੇ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 220.

ਗ੍ਰੰਥਾਂ ਦੀ ਰਚਨਾ ਕਰਕੇ ਸਿੱਖ ਪੰਥ ਤਥਾ ਭਾਰਤੀਯ ਸੰਸਕ੍ਰਿਤੀ ਨੂੰ ਇਤਿਹਾਸਕ, ਦਾਰਸ਼ਨਿਕ, ਸਾਹਿਤਕ ਪੱਖ ਤੋਂ ਪ੍ਰਫੁਲਿਤ ਕੀਤਾ।"[76] ਨਿਰਮਲੇ ਸੰਤਾਂ ਨੇ ਵੱਖ-ਵੱਖ ਵਿਸ਼ਿਆਂ ਦੇ ਗ੍ਰੰਥਾਂ ਦੀ ਰਚਨਾ ਕੀਤੀ। ਸਿੱਖ ਕੌਮ ਦੀ ਸਾਹਿਤਕ ਅਮੀਰੀ ਵਿਚ ਵੱਡਾ ਯੋਗਦਾਨ ਪਾਉਣ ਕਰਕੇ ਸਮਾਜ ਵਿਚ ਇਸ ਸੰਪ੍ਰਦਾਇ ਨੂੰ 'ਸਿੱਖਾਂ ਦੀ ਵਿਦਵਾਨ ਸੰਪ੍ਰਦਾਇ' ਦੇ ਲਕਬ ਨਾਲ ਸਤਿਕਾਰਿਆ, ਸਨਮਾਨਿਆ ਜਾਂਦਾ ਰਿਹਾ ਹੈ।

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਦੁਆਰਾ ਸਾਹਿਤ ਰਚਨ ਨਾਲ ਧਾਰਮਿਕ ਗਿਆਨ ਵਿਚ ਇਕ ਵੱਡੀ ਤਬਦੀਲੀ ਆਈ। ਇਨ੍ਹਾ ਤੋਂ ਪਹਿਲਾਂ ਪੁਰਾਤਨ ਧਾਰਮਿਕ ਸਾਹਿਤ 'ਤੇ ਇਕ ਵਰਗ ਕਾਬਜ਼ ਸੀ ਤੇ ਉਸੇ ਦੀ ਪ੍ਰਧਾਨਤਾ ਸੀ। ਉਨ੍ਹਾਂ ਧਰਮ ਨੂੰ ਆਮ ਲੋਕਾਂ ਦੀ ਸਮਝ ਵਿਚ ਨਾ ਆਉਣ ਵਾਲੀ ਵਿਦਿਆ ਬਣਾ ਰੱਖਿਆ ਸੀ। ਉਸ ਸਮੇਂ ਤਕਰੀਬਨ ਸਾਰੇ ਧਾਰਮਿਕ ਗ੍ਰੰਥ ਸੰਸਕ੍ਰਿਤ ਭਾਸ਼ਾ ਵਿਚ ਲਿਖੇ ਹੋਏ ਸਨ, ਨਾਲ ਹੀ ਇਹ ਵਿਧਾਨ ਵੀ ਪ੍ਰਚਲਿਤ ਕੀਤਾ ਹੋਇਆ ਸੀ ਕਿ ਸੰਸਕ੍ਰਿਤ ਦੇਵ ਭਾਸ਼ਾ ਹੈ ਅਤੇ ਇਸ ਦਾ ਗਿਆਨ ਦੂਜੇ ਨੀਵੇਂ ਵਰਗ ਨਹੀਂ ਲੈ ਸਕਦੇ। ਸਮਾਜ ਵਿਚ ਇਸ ਧਾਰਨਾ ਦਾ ਪ੍ਰਚਲਨ ਵੀ ਸੀ ਕਿ ਅਸਲ ਧਰਮ ਗ੍ਰੰਥ ਤਾਂ ਸਿਰਫ਼ ਸੰਸਕ੍ਰਿਤ ਵਿਚ ਹੀ ਰਚੇ ਹੋਏ ਹਨ, ਹੋਰ ਕੋਈ ਧਰਮ ਗ੍ਰੰਥ ਨਹੀਂ। ਦੂਰਅੰਦੇਸ਼ੀ ਗੁਰੂ ਸਾਹਿਬ ਨੇ ਪੁਰਾਤਨ ਭਾਰਤੀ ਧਰਮ ਗ੍ਰੰਥਾਂ ਦੇ ਗਿਆਨ ਨੂੰ ਖੋਲਣ ਅਤੇ ਇਸ ਨੂੰ ਲੋਕਾਂ ਵਿਚ ਪ੍ਰਚਾਰਨ ਲਈ ਨਿਰਮਲ ਸੰਪ੍ਰਦਾਇ ਦੀ ਜ਼ਿੰਮੇਵਾਰੀ ਲਗਾਈ।

ਨਿਰਮਲੇ ਸੰਤਾਂ ਨੇ ਗ੍ਰੰਥ ਰਚਨਾ ਹਿੰਦੂ ਤੀਰਥਾਂ ਉੱਤੇ ਟਿਕਣ ਸਮੇਂ ਹੀ ਸ਼ੁਰੂ ਕਰ ਦਿੱਤੀ ਸੀ। ਮੁਗਲਾਂ ਦੀ ਮਾਰ-ਧਾੜ ਤੋਂ ਪਾਸੇ ਹੋ ਕੇ ਇਹ ਸੰਤ ਆਪਣੇ ਸਥਾਨਾਂ ਵਿਚ ਬਾਣੀ ਦੇ ਉਤਾਰੇ ਕਰਦੇ, ਨਾਲ ਹੀ ਅਰਥਾਂ ਦੀ ਸੌਖ ਲਈ ਬਾਣੀਆਂ ਦੇ ਟੀਕੇ ਕਰਨੇ ਸ਼ੁਰੂ ਕੀਤੇ। ਨਿਰਮਲੇ ਸੰਤਾਂ ਨੇ ਗੁਰਬਾਣੀ ਦੇ ਨਾਲ-ਨਾਲ ਗੁਰਮੁਖੀ ਦੇ ਅੱਖਰ ਗਿਆਨ ਲਈ ਪਾਠਬੋਧ ਕਿਤਾਬਚੇ (ਕਾਇਦੇ) ਵੀ ਰਚੇ ਅਤੇ ਲੋਕਾਂ ਵਿਚ ਵੰਡੇ। ਅਜੋਕੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਮਿਲਦੇ ਹੱਥ ਲਿਖਤ ਸਰੂਪਾਂ ਵਿਚੋਂ ਨਿਰਮਲੇ ਸੰਤਾਂ ਦੇ ਲਿਖੇ ਸਰੂਪ ਵੀ ਵੇਖਣ ਨੂੰ ਮਿਲਦੇ ਹਨ।

---

[76] ਸੰਤ ਦਰਸ਼ਨ ਸਿੰਘ ਸ਼ਾਸਤ੍ਰੀ, ਸੰਤ ਸਤਨਾਮ ਸਿੰਘ ਸ਼ਾਸਤ੍ਰੀ, ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਭੇਖ ਤਥਾ ਨਿਰਮਲੇ ਸੰਤਾਂ ਦਾ ਸਮਾਜ ਨੂੰ ਸਰਵ ਪੱਖੀ ਯੋਗਦਾਨ, ਡਾ. ਹਰਭਜਨ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆਕਾਰੀ*, ਪੰਨਾ 41.

ਨਿਰਮਲੇ ਸੰਤ ਗਿਆਨ ਨੂੰ ਵੇਚਣਾ ਨਹੀਂ ਵੰਡਣਾ ਚਾਹੁੰਦੇ ਸਨ ਇਸ ਕਈ ਉਨ੍ਹਾਂ ਪਹਿਲਾਂ ਗਿਆਨ ਨੂੰ ਮੌਖਿਕ ਰੂਪ ਵਿਚ ਹੀ ਪ੍ਰਚਾਰਿਆ। ਮੌਖਿਕ ਗਿਆਨ ਦੇ ਘੇਰਾ ਸੀਮਿਤ ਸੀ। ਫਿਰ ਉਨ੍ਹਾਂ ਸਮਕਾਲੀ ਪ੍ਰਸਥਿਤੀਆਂ ਦੇ ਅਨੁਕੂਲ ਸਾਹਿਤ ਰਚਨਾ ਸ਼ੁਰੂ ਕੀਤੀ। ਕਈ ਨਿਰਮਲੇ ਵਿਦਵਾਨਾਂ ਨੇ ਆਪਣੀਆਂ ਆਪਣੀਆਂ ਰਚਨਾਵਾਂ ਨੂੰ ਕਿਸੇ ਵੀ ਮੁੱਲ ’ਤੇ ਵਿਕਾਊ ਨਹੀਂ ਕੀਤਾ ਕਿਉਂਕਿ ਉਹ ਗਿਆਨ ਵੇਚਣ ਨੂੰ ਪਾਪ ਸਮਝਦੇ ਸਨ। ਕਈ ਮਹਾਤਮਾ ਨੇ ਤਾਂ ਆਪਣੀਆਂ ਕ੍ਰਿਤਾਂ ਛਪਵਾਈਆਂ ਹੀ ਨਹੀਂ। ਉਹ ਸੋਚਦੇ ਸਨ ਕਿ ਛਪਵਾ ਕੇ ਮੁਫ਼ਤ ਵੰਡਣ ਨਾਲ ਅਨ-ਅਧਿਕਾਰੀ ਦੇ ਹੱਥ ਗ੍ਰੰਥ ਚਲਾ ਜਾਂਦਾ ਹੈ। ਇਹ ਸੰਤ ਗੂੜ੍ਹ ਗਿਆਨ ਨੂੰ ਸੰਭਾਲ ਕੇ ਰੱਖਦੇ ਅਤੇ ਪ੍ਰੀਖਿਆ ਵਿਚ ਪੂਰੇ ਉੱਤਰੇ ਕਿਸੇ ਚੇਲੇ ਨੂੰ ਬਖਸ਼ਦੇ ਸਨ। ਕਈ ਸੰਤ ਪੋਥੀ ਦੇ ਉਤਾਰੇ ਲਈ ਵੀ ਕਰੜੀ ਪ੍ਰੀਖਿਆ ਲੈਂਦੇ ਸਨ। “ਸ੍ਰੀ ਮਾਨ ਗਿਆਨੀ ਹਰਦਿੱਤ ਸਿੰਘ ਜੀ ਨੇ ਇਕ ਵੇਰ ਇਕ ਪ੍ਰੀਖਿਆ ਦਾ ਜ਼ਿਕਰ ਕੀਤਾ ਹੈ ਜਿਸ ਦੁਆਰਾ ਉਨ੍ਹਾਂ ਨੂੰ ਕੁੱਝ ਗ੍ਰੰਥ ਮਿਲੇ। ਉਹ ਮਹਾਤਮਾ ਦੇ ਡੇਰੇ ’ਤੇ ਗਏ। ਇਕ ਕੁਟੀਆ ਵਿਚ ਆਸਣ ਜਮਾਇਆ। ਉਹਨਾਂ ਦੀ ਰਹਿਣੀ-ਬਹਿਣੀ ਨੂੰ ਤੱਕਿਆ ਗਿਆ। ਤਿੰਨ ਦਿਨ ਪਿੱਛੋਂ ਮਹਾਂਪੁਰਖ ਨੇ ਯਾਦ ਕੀਤਾ। ਬਚਨ-ਬਿਲਾਸ ਹੋਏ, ਵਿਚਾਰ ਕੀਤੀ। ਅਧਿਕਾਰੀ ਜਾਣ ਕੇ ਆਪਣੇ ਹੱਥੀਂ ਪ੍ਰਸ਼ਾਦਾ ਛਕਾਇਆ ਤੇ ਜੂਠੇ ਬਰਤਨ ਸਾਫ਼ ਕੀਤੇ। ਹੱਥ ਧੋ ਕੇ, ਧੁਆ ਕੇ, ਪੁਸਤਕ ਸੀਸ ਉੱਤੇ ਰੱਖ ਕੇ ਲਿਆਂਦੀ ਤੇ ਦੋਹਾਂ ਹੱਥਾਂ ਨਾਲ ਸਤਿਕਾਰ ਸਹਿਤ ਪਕੜਾ ਕੇ ਚਰਨਾਂ ਉੱਤੇ ਮੱਥਾ ਵੀ ਟੇਕਿਆ।”[77] ਵਿਦਵਾਨ ਸੰਤ ਗਿਆਨ ਦੀਆਂ ਲਿਖਤਾਂ ਦਾ ਇਨ੍ਹਾਂ ਸਤਿਕਾਰ ਕਰਦੇ ਸਨ। ਬਾਅਦ ਵਿਚ ਜਦੋਂ ਸਾਹਿਤ ਛਾਪਿਆ ਜਾਣ ਲੱਗਾ ਤਾਂ ਸ਼ੁਰੂਆਤ ਸਮੇਂ ਨਿਰਮਲੇ ਆਪਣੀਆਂ ਰਚਨਾਵਾਂ ਉੱਤੇ ਆਪਣੀ ਪਛਾਣ ਨਹੀਂ ਦਰਸਾਉਂਦੇ ਸਨ। ਕਰਤਾ ਵਜੋਂ ਆਪਣੇ ਨਾਮ ਦਰਜ ਨਹੀਂ ਕਰਦੇ ਸਨ। ਉਹ ਸਾਹਿਤ ਲਿਖਣ ਪ੍ਰਕਿਰਿਆ ਨੂੰ ਪਰਮਾਤਮਾ ਦੀ ਮਿਹਰ ਸਮਝਦੇ ਸਨ ਤੇ ਸੋਚਦੇ ਸਨ ਕਿ ਕਰਤਾ (ਪਰਮਾਤਮਾ) ਆਪ ਹੀ ਜਾਣੀਜਾਣ ਹੈ। ਬਾਅਦ ਵਿਚ ਕਰਤਾ ਵਜੋਂ ਨਾਮ ਅੰਕਿਤ ਹੋਣੇ ਸ਼ੁਰੂ ਹੋਏ।

ਜਿਸ ਤਰ੍ਹਾਂ ਖੋਜ-ਕਾਰਜ ਦੇ ਇਸ ਅਧਿਆਇ ਵਿਚ ਪਹਿਲਾਂ ਦੱਸਿਆ ਗਿਆ ਹੈ ਕਿ ਨਿਰਮਲੇ ਸੰਤਾਂ ਦੀ ਗ੍ਰੰਥ ਰਚਨਾ ਦਾ ਘੇਰਾ ਬਹੁਤ ਵਿਸ਼ਾਲ ਹੈ ਅਤੇ ਇਥੇ ਉਨ੍ਹਾਂ ਦੇ ਸਮੁੱਚੇ ਗ੍ਰੰਥਾਂ ਬਾਰੇ ਚਰਚਾ ਕਰਨਾ ਅਸੰਭਵ ਹੈ। ਇਸ ਲਈ ਖੋਜ-ਕਾਰਜ ਦੀ ਅਹਿਮੀਅਤ ਨੂੰ ਸਮਝਦੇ ਹੋਏ ਇਥੇ ਸਿਰਫ਼ ਉਨ੍ਹਾਂ ਦੁਆਰਾ ਵੱਖ-ਵੱਖ ਖੇਤਰਾਂ ਵਿਚ ਰਚੇ ਸਾਹਿਤ ਵਿਚੋਂ ਕੁੱਝ ਵਿਸ਼ੇਸ਼ ਖੇਤਰਾਂ ਵਿਚ ਪਾਏ ਯੋਗਦਾਨ ਬਾਰੇ ਗੱਲ ਕਰਾਂਗੇ ਤਾਂ ਜੋ ਉਨ੍ਹਾਂ ਦੇ ਰਚੇ

[77] ਪ੍ਰੋ. ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਪੰਨਾ 18.

ਗ੍ਰੰਥਾਂ ਦਾ ਵਿਸ਼ੇਵਾਰ ਵਿਵੇਚਨ ਹੋ ਸਕੇ ਅਤੇ ਉਨ੍ਹਾਂ ਦੁਆਰਾ ਸਾਹਿਤ ਰਚਨਾ ਵਿਚ ਪਾਏ ਯੋਗਦਾਨ ਬਾਰੇ ਜਾਣਿਆ ਜਾ ਸਕੇ।

ਖੋਜ-ਕਾਰਜ ਦੌਰਾਨ ਨਿਰਮਲ ਸੰਪ੍ਰਦਾਇ ਦੇ ਸਾਹਿਤਕ ਯੋਗਦਾਨ ਨੂੰ ਵਾਚਦਿਆਂ ਇਕ ਗੱਲ ਸਾਹਮਣੇ ਆਈ ਕਿ ਇਸ ਸੰਪ੍ਰਦਾਇ ਬਾਰੇ ਜਿੰਨੇ ਵੀ ਵਿਦਵਾਨਾਂ ਨੇ ਲੇਖਣ ਕਾਰਜ ਕੀਤਾ ਹੈ ਕਿਤੇ ਵੀ ਨਿਰਮਲੇ ਸੰਤਾਂ ਦੀ ਸਮੁੱਚੀ ਗ੍ਰੰਥਾਂਵਲੀ (ਜਿੰਨੇ ਵੀ ਗ੍ਰੰਥਾਂ ਦੇ ਵੇਰਵੇ ਮਿਲਦੇ ਹਨ) ਸਾਂਝੀ ਨਹੀਂ ਕੀਤੀ ਗਈ। ਖੋਜ-ਕਾਰਜ ਦੌਰਾਨ ਨਿਰਮਲੇ ਵਿਦਵਾਨਾਂ ਦੇ ਬਹੁਤ ਗ੍ਰੰਥਾਂ ਵੇਰਵੇ ਮਿਲੇ (ਅਲੱਗ-ਅਲੱਗ ਸ੍ਰੋਤਾਂ ਵਿਚੋਂ) ਜਿਨ੍ਹਾਂ ਨੂੰ ਇਕੱਤਰ ਕਰ ਸੂਚੀਬੱਧ ਕਰਨ ਉਪਰੰਤ ਇਸ ਅਧਿਆਏ ਦੇ ਅੰਤ ’ਤੇ ਅੰਕਿਤ ਕੀਤਾ ਜਾਵੇਗਾ।

ਨਿਰਮਲਾ ਸਾਹਿਤ ਦੇ ਰਚਨਾ ਕਾਲ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਵੇਖਿਆ ਜਾ ਸਕਦਾ ਹੈ:

1. **ਅਰੰਭਿਕ ਕਾਲ:** *ਸੰਨ 1699 ਈ. ਤੋਂ 1777 ਈ. ਤੱਕ,* ਇਸ ਕਾਲ ਵਿਚ ਨਿਰਮਲੇ ਵਿਦਵਾਨਾਂ ਦੀ ਪ੍ਰਚਾਰ ਵਿਧੀ ਮੌਖਿਕ ਹੀ ਰਹੀ ਕਿਉਂਕਿ ਨਿਰਮਲੇ ਵਿਦਵਾਨਾਂ ਦੀ ਸਾਹਿਤ ਰਚਨਾ ਵੱਲ ਰੁਚੀ ਹੀ ਨਹੀਂ ਸੀ।

2. **ਮੱਧ ਕਾਲ:** *ਸੰਨ 1777 ਈ. ਤੋਂ 1900 ਈ. ਤੱਕ,* ਇਸ ਕਾਲ ਤੋਂ ਨਿਰਮਲੇ ਵਿਦਵਾਨਾਂ ਨੇ ਸਾਹਿਤ ਰਚਨ ਵਿਚ ਰੁਚੀ ਦਿਖਾਈ ਅਤੇ ਸੰਨ 1777 ਈ. ਵਿਚ ਪੰਡਿਤ ਗੁਲਾਬ ਸਿੰਘ ਦੀ ਪਲੇਠੀ ਲਿਖਤ ‘ਭਾਵਰਸਾਮ੍ਰਿਤ’ ਸਾਹਮਣੇ ਆਉਂਦੀ ਹੈ। ਇਸ ਤੋਂ ਪਹਿਲਾਂ ਦੀ ਕਿਸੇ ਨਿਰਮਲੇ ਵਿਦਵਾਨ ਦੀ ਲਿਖਤ ਨਹੀਂ ਮਿਲਦੀ। ਇਸ ਤੋਂ ਬਾਅਦ ਬਹੁਤ ਸਾਰੇ ਨਿਰਮਲੇ ਵਿਦਵਾਨਾਂ ਵਿਚ ਸਾਹਿਤ ਰਚਨ ਵਿਚ ਰੁਚੀ ਵਿਖਾਈ ਅਤੇ ਬਹੁਤ ਸਾਰਾ ਵਡਮੁੱਲਾ ਸਾਹਿਤ ਰਚਿਆ।

3. **ਆਧੁਨਿਕ ਕਾਲ:** *1900 ਤੋਂ 2000 ਈ. ਤੱਕ,* ਵੀਹਵੀਂ ਸਦੀ ਵਿਚ ਨਿਰਮਲੇ ਵਿਦਵਾਨਾਂ ਦੀ ਲੇਖਣ ਰੁਚੀ ਵਿਚ ਕਮੀ ਆਉਣੀ ਸ਼ੁਰੂ ਹੋਈ ਅਤੇ ਇਸਦੇ ਪਿਛਲੇ ਅੱਧ ਵਿਚ ਇਹ ਰੁਚੀ ਬਹੁਤ ਘਟ ਗਈ। ਭਾਵੇਂ ਕਈ ਵਿਦਵਾਨਾਂ ਦੀਆਂ ਲਿਖਤਾਂ ਪੜ੍ਹਨ ਨੂੰ ਮਿਲਦੀਆਂ ਹਨ ਪ੍ਰੰਤੂ ਇਨ੍ਹਾਂ ਦਾ ਮਿਆਰ ਉਹ ਨਹੀਂ ਜਿਸ ਕਾਰਨ ਨਿਰਮਲ ਸੰਪ੍ਰਦਾਇ ਦੀ ਵੱਖਰੀ ਪਛਾਣ ਬਣੀ।

ਨਿਰਮਲੇ ਵਿਦਵਾਨਾਂ ਦੁਆਰਾ ਸਾਹਿਤ ਦੇ ਵੱਖ-ਵੱਖ ਖੇਤਰਾਂ ਵਿਚ ਪਾਏ ਯੋਗਦਾਨ ਵਿਚੋਂ ਹੇਠ ਲਿਖੇ ਕੁੱਝ ਵਿਸ਼ੇਸ ਖੇਤਰਾਂ ਦੀ ਉਨ੍ਹਾਂ ਦੇ ਗ੍ਰੰਥਾਂ ਦੇ ਆਧਾਰ ’ਤੇ ਚਰਚਾ ਕਰਦੇ ਹਾਂ:

1. ਕੋਸ਼
2. ਟੀਕਾ ਸਾਹਿਤ
3. ਇਤਿਹਾਸਕ ਗ੍ਰੰਥ
4. ਦਾਰਸ਼ਨਿਕ ਗ੍ਰੰਥ
5. ਬਹੁਭਾਸ਼ੀ ਗ੍ਰੰਥ
6. ਚਕਿਤਸਾ, ਜੋਤਿਸ਼ ਅਤੇ ਯੋਗਾਭਿਆਸ
7. ਧਰਮ ਸ਼ਾਸਤ੍ਰੀ ਬਹਿਸ ਅਤੇ ਨਿਰਮਲ ਸੰਪ੍ਰਦਾਇ ਦੀ ਕਾਰਜਸ਼ੈਲੀ ਉੱਤੇ ਕਿੰਤੂ ਦੇ ਪ੍ਰਤੀਰੋਧ ਵਜੋਂ ਹੋਂਦ ਵਿਚ ਆਏ ਗ੍ਰੰਥ

1. ਕੋਸ਼

ਪੰਡਿਤ ਤਾਰਾ ਸਿੰਘ ਨਰੋਤਮ ਨੇ ਗੁਰਬਾਣੀ ਨੂੰ ਪੜ੍ਹਿਆ, ਸਮਝਿਆ ਅਤੇ ਇਸ ਦੇ ਅਰਥਾਂ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਦੂਜਿਆਂ ਦੀ ਸਮਝ ਗੋਚਰੇ ਬਣਾਉਣ ਹਿਤ ਗੁਰਬਾਣੀ ਦਾ ਇਕ ਕੋਸ਼ ਤਿਆਰ ਕਰਨ ਦਾ ਉਪਰਾਲਾ ਕੀਤਾ। ਕੋਸ਼ ਤਿਆਰ ਕਰਨ ਦਾ ਮੁੱਖ ਉਦੇਸ਼ ਕੋਸ਼ ਤਿਆਰ ਕਰਨਾ ਨਹੀਂ ਸਗੋਂ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਸਮਝਣ ਲਈ, ਉਸ ਵਿਚੋਂ ਹੀ ਸ਼ਬਦਾਂ, ਵਾਕਾਂ ਅਤੇ ਵਾਕੰਸ਼ਾਂ ਦਾ ਕੋਸ਼ ਤਿਆਰ ਕਰਨਾ ਸੀ। ਨਰੋਤਮ ਜੀ ਨੇ ਇਸ ਦੀ ਪੂਰਤੀ ਵਜੋਂ 'ਗੁਰੁ ਗਿਰਾਰਥ ਕੋਸ਼' ਸੰਮਤ 1946 (ਸੰਨ 1889 ਈ.) ਵਿਚ ਤਿਆਰ ਕੀਤਾ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਮੁਕੰਮਲ ਕੋਸ਼ ਹੈ। ਇਸ ਰਾਹੀਂ ਨਰੋਤਮ ਜੀ ਗੁਰਬਾਣੀ ਦੇ ਪਹਿਲੇ ਕੋਸ਼ਕਾਰ ਦੇ ਤੌਰ ਉੱਤੇ ਸਾਡੇ ਸਾਹਮਣੇ ਆਉਂਦੇ ਹਨ। ਨਰੋਤਮ ਜੀ ਕਈ ਭਾਸ਼ਾਵਾਂ ਦੇ ਗਿਆਤਾ ਸਨ। "ਪੰਡਿਤ ਜੀ ਸੰਸਕ੍ਰਿਤ ਦੇ ਅਦੁੱਤੀ ਵਿਦਵਾਨ ਹੁੰਦੇ ਹੋਏ ਵੀ ਗ੍ਰੰਥ ਰਚਨਾ ਗੁਰਮੁਖੀ ਲਿਪੀ ਵਿਚ ਕਰਦੇ ਸਨ। ਆਪ ਜੀ ਨੇ ਦੇਵਨਾਗਰੀ ਲਿਪੀ ਦੀ ਤਰ੍ਹਾਂ ਸ਼ੁੱਧ ਸ੍ਵਰ (ਆਵਾਜ਼) ਉਚਾਰਨ ਵਾਸਤੇ ਗੁਰਮੁਖੀ ਲਿਪੀ ਵਿਚ ਨਵੇਂ ਅੱਖਰ ਵੀ ਬਣਾਏ। ਜਿਸ ਤਰ੍ਹਾਂ:

ਸ ਇਹ ਸੰਸਕ੍ਰਿਤ ਦਾ ਹੈ, ਜੋ ਦੋਸ –ਭੂਸਣ-ਵਿਸਯ-ਵਿਸ਼ੇਸ ਆਦਿ ਸ਼ਬਦਾਂ ਵਿੱਚ ਵਰਤਿਆ ਜਾਂਦਾ ਹੈ।

ਕ ਇਹ ਸੰਸਕ੍ਰਿਤ ਦਾ ਹੈ, ਜੋ ਅਕਰ –ਪਰਿਕਾ-ਲਕਣ ਆਦਿ ਸ਼ਬਦਾਂ ਵਿਖੇ ਵਰਤੀਦਾ ਹੈ।

ੲ ਇਹ ਸਿਰ ਪਰ ਲਗਨੇ ਵਾਲਾ ਰਾਰਾ ਹੈ, ਜੋ ਅੱਧੇ ਰਾਰੇ ਦੀ ਦੂਜੇ ਅੱਖਰ ਨਾਲ ਮਿਲਕੇ ਆਵਾਜ਼ ਦਿੰਦਾ ਹੈ, ਯਥਾ-ਸੰਵ-ਕੰਮ-ਰੰਵ ਚੰਚਾ ਆਦਿ

ਇਨ੍ਹਾਂ ਧੁਨੀਆਂ ਨੂੰ ਆਪ ਜੀ ਨੇ 'ਗੁਰੁ ਗਿਰਾਰਥ ਕੋਸ਼' ਵਿਚ ਵਰਤਿਆ ਹੈ। ਭਾਈ ਕਾਨ੍ਹ ਸਿਘ ਨਾਭਾ ਨੇ ਆਪਣੇ ਗ੍ਰੰਥਾਂ [78] ਵਿਚ ਇਨ੍ਹਾਂ ਨਵੇਂ ਅੱਖਰਾਂ ਦਾ ਖੁਲ੍ਹ ਕੇ ਪ੍ਰਯੋਗ ਕੀਤਾ ਹੈ। ਇਹ ਪੰਡਿਤ ਜੀ ਦੀ ਗੁਰਮੁਖੀ ਲਿਪੀ ਵਾਸਤੇ ਮਹਾਨ ਦੇਣ ਹੈ।"[79] ਹੋਰਨਾਂ ਗੁਰਬਾਣੀ ਕੋਸ਼ਾਂ ਵਿਚ 'ਗੁਰੁ ਗਿਰਾਰਥ ਕੋਸ਼' ਦਾ ਸਥਾਨ ਨਿਰਧਾਰਤ ਕਰਨ ਲਈ ਵਿਦਵਾਨ ਡਾ. ਹਰਕੀਰਤ ਸਿੰਘ ਲਿਖਦੇ ਹਨ "ਵਿਆਖਿਆ ਦੀ ਵਿਧੀ ਤੋਂ ਕੋਸ਼ਾਂ ਦੀਆਂ ਮੁੱਖ ਸ਼੍ਰੇਣੀਆਂ ਮੰਨੀਆਂ ਜਾਂਦੀਆਂ ਹਨ- 'ਡਿਕਸ਼ਨਰੀ', ਜਿਸ ਨੂੰ ਅਸੀਂ ਪੰਜਾਬੀ ਵਿਚ ਕੋਸ਼ ਹੀ ਕਹਿੰਦੇ ਹਾਂ ਅਤੇ 'ਇਨਸਾਈਕਲੋਪੀਡੀਆ', ਜਿਸ ਲਈ ਅਸੀਂ ਨਵਾਂ ਸ਼ਬਦ 'ਵਿਸ਼ਵਕੋਸ਼' ਘੜਿਆ ਹੈ। ਹੁਣ ਇਹਨਾਂ ਦੇ ਵਿਚਾਲੇ ਇਕ ਤੀਜੀ ਸ਼੍ਰੇਣੀ ਮੰਨੀ ਜਾਂਦੀ ਹੈ 'ਐਨਸਾਈਪੀਡਿਕ ਡਿਕਸ਼ਨਰੀ', ਜਿਸ ਨੂੰ ਪੰਜਾਬੀ ਵਿਚ ਅਸੀਂ 'ਵਿਆਖਿਆਕਾਰੀ ਕੋਸ਼' ਕਹਿ ਸਕਦੇ ਹਾਂ। ਗੁਰੁ ਗਿਰਾਰਥ ਕੋਸ਼ ਇਸ ਤੀਜੀ ਸ਼੍ਰੇਣੀ ਵਿਚ ਆਉਂਦਾ ਹੈ ਕਿਉਂਕਿ ਇਸ ਵਿਚ ਸਾਰੇ ਨਹੀਂ ਪਰ ਕਾਫ਼ੀ ਸ਼ਬਦਾਂ ਦੇ ਸਿਰਫ ਅਰਥ ਹੀ ਨਹੀਂ ਦਿੱਤੇ, ਸਗੋਂ ਉਹਨਾਂ ਨਾਲ ਕਈ ਹੋਰ ਵਿਸਤਾਰ ਵੀ ਦਿੱਤੇ ਹਨ।"[80] ਪੰਡਿਤ ਤਾਰਾ ਸਿੰਘ ਨਰੋਤਮ ਦੇ ਇਸ ਕੋਸ਼ ਨੂੰ ਨਾਮਵਾਰ ਵਿਦਵਾਨ ਵੀ ਇਕ ਨਿਵੇਕਲੀ ਅਤੇ ਮਹੱਤਵਪੂਰਨ ਰਚਨਾ ਮੰਨਦੇ ਹਨ।

ਨਿਰਮਲੇ ਸੰਤਾਂ ਦੁਆਰਾ ਰਚੇ ਗ੍ਰੰਥ ਸਿੱਖ ਧਰਮ ਪ੍ਰੇਮੀਆਂ ਤੇ ਜਿਗਿਆਸੂਆਂ ਲਈ ਰਾਹ ਮੁਨਾਰਾ ਰਹੇ ਹਨ। ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਦੀ ਰਚਨਾ ਕਰਨ ਲਈ ਪ੍ਰੇਰਨਾ ਪੰਡਿਤ ਤਾਰਾ ਸਿੰਘ ਨਰੋਤਮ ਦੁਆਰਾ ਰਚਿਤ 'ਗੁਰੁ ਗਿਰਾਰਥ ਕੋਸ਼' ਨੂੰ ਮੰਨਦੇ ਹਨ, ਜਿਸਦਾ ਜ਼ਿਕਰ ਉਨ੍ਹਾਂ ਖ਼ੁਦ ਮਹਾਨ ਕੋਸ਼ ਦੀ ਭੂਮਿਕਾ ਦੀ ਪਹਿਲੀ ਪੰਕਤੀ ਵਿਚ ਇਉਂ ਕੀਤਾ ਹੈ "ਸੰਮਤ 1955 ਵਿੱਚ ਪੰਡਿਤ ਤਾਰਾ ਸਿੰਘ ਜੀ ਦਾ 'ਗੁਰੁ ਗਿਰਾਰਥ ਕੋਸ਼' ਅਤੇ ਸੰਮਤ 1957 ਵਿੱਚ ਭਾਈ ਹਜ਼ਾਰਾ ਸਿੰਘ ਜੀ ਦਾ 'ਸ੍ਰੀ ਗੁਰੂ ਗ੍ਰੰਥ ਕੋਸ਼' ਪੜ੍ਹਕੇ ਮੈਨੂੰ ਸੰਕਲਪ ਫੁਰਿਆ ਕਿ ਇਨ੍ਹਾਂ ਕੋਸ਼ਾਂ ਵਿਚ ਜੋ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਹੀਂ ਆਏ, ਉਹ ਸ਼ਾਮਿਲ ਕਰਕੇ ਅਰ ਅੱਖਰ ਤਥਾ ਮਾਤ੍ਰਾ ਕ੍ਰਮ ਅਨੁਸਾਰ ਸ਼ਬਦ ਜੋੜਕੇ, ਇੱਕ ਉੱਤਮ ਕੋਸ਼ ਲਿਖਿਆ ਜਾਵੇ।"[81] ਇਹ ਕੋਈ 130 ਸਾਲ ਪਹਿਲਾਂ ਰਚਿਆ ਕੋਸ਼ ਹੈ। ਇਸ ਦੀ ਲਿਖਤ ਤੋਂ ਪੰਡਿਤ ਤਾਰਾ ਸਿੰਘ ਨਰੋਤਮ ਜੀ ਦੀ ਘਾਲਣਾ, ਲਗਨ ਤੇ ਵਿਦਵਤਾ ਦਾ ਪਤਾ ਲਗਦਾ ਹੈ। ਇਹ ਵਾਰਤਕ ਦੀ ਨਵੀਨ ਸ਼ੈਲੀ ਵਿਚ ਉੱਤਰੀ ਭਾਰਤ ਦਾ ਪਹਿਲਾ ਕੋਸ਼ ਹੈ

---

[78] ਮਹਾਨ ਕੋਸ ਵਿਚ ਇਨ੍ਹਾਂ ਧੁਨੀਆਂ ਦੀ ਵਰਤੋਂ ਬਹੁਤ ਜਗ੍ਹਾ ਹੋਈ ਵੇਖੀ ਜਾ ਸਕਦੀ ਹੈ।

[79] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 69.

[80] ਹਰਕੀਰਤ ਸਿੰਘ, ਗੁਰੁ ਗਿਰਾਥ ਕੋਸ਼: ਤੁਲਨਾਤਮਿਕ ਅਧਿਐਨ, ਪ੍ਰੀਤਮ ਸਿੰਘ (ਸੰਪਾ.) *ਨਿਰਮਲ ਸੰਪ੍ਰਦਾਇ*, ਪੰਨਾ 324.

[81] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ ਅੰਕਿਤ ਨਹੀਂ (ਅਰੰਭ ਭੂਮਿਕਾ).

ਜੋ ਸ਼ਬਦਾਂ ਦੀ ਵਿਆਖਿਆ ਉਦਾਹਰਨ ਸਹਿਤ ਕਰਦਾ ਹੈ। ਇਸ ਤਰ੍ਹਾਂ ਅਸੀ ਕਹਿ ਸਕਦੇ ਹਾਂ ਕਿ ਪੰਡਿਤ ਤਾਰਾ ਸਿੰਘ ਨਰੋਤਮ ਨੇ ਗੁਰਬਾਣੀ ਦਾ ਇਕ ਵੱਖਰੀ ਕਿਸਮ ਦਾ ਕੋਸ਼ ਤਿਆਰ ਕੀਤਾ ਜੋ ਜਿਗਿਆਸੂਆਂ ਲਈ ਬਹੁਤ ਲਾਹੇਵੰਦ ਸਾਬਤ ਹੋਇਆ।

**2. ਟੀਕਾ ਸਾਹਿਤ**

ਟੀਕਾ ਸਾਹਿਤ ਵਿਚ ਨਿਰਮਲੇ ਸੰਤਾਂ ਦੀ ਦੇਣ ਅਦੁੱਤੀ ਹੈ। ਕਿਸੇ ਵਾਕ ਜਾਂ ਪਦ ਦੇ ਅਰਥ ਸਪਸ਼ਟ ਕਰਨ ਵਾਲੀ ਰਚਨਾ ਟੀਕਾ ਅਖਵਾਉਂਦੀ ਹੈ। ਹਰ ਧਾਰਮਿਕ ਸੰਪ੍ਰਦਾਇ ਦੇ ਵਿਦਵਾਨਾਂ ਨੇ ਧਰਮ ਗ੍ਰੰਥਾਂ ਦੇ ਟੀਕਾ ਰਚੇ ਹਨ। ਟੀਕੇ ਰਚਨ ਦਾ ਉਦੇਸ਼ ਹੁੰਦਾ ਹੈ ਕਿ ਧਰਮ ਗ੍ਰੰਥ ਵਿਚਲਾ ਸੰਦੇਸ਼ ਟੀਕਿਆਂ ਰਾਹੀਂ ਸੌਖਿਆਂ ਸਮਝਾਇਆ ਜਾ ਸਕੇ। ਜਿਹਾ ਕਿ ਪਹਿਲਾਂ ਇਸ਼ਾਰਾ ਕੀਤਾ ਗਿਆ ਹੈ ਕਿ ਨਿਰਮਲੇ ਵਿਦਵਾਨ ਪਹਿਲਾਂ ਆਪਣੀਆਂ ਲਿਖਤਾਂ 'ਤੇ ਆਪਣਾ ਨਾਮ ਨਹੀਂ ਦਰਜ ਕਰਦੇ ਸਨ। ਪੁਰਾਤਨ ਸਾਹਿਤ ਵਿਚ ਕਈ ਟੀਕੇ ਮਿਲਦੇ ਹਨ ਜੋ ਸਿੱਧੇ ਰੂਪ ਵਿਚ ਲੇਖਕ ਦੀ ਪਛਾਣ ਨਹੀਂ ਕਰਾਉਂਦੇ ਕਿਉਂਕਿ "ਕੁੱਝ ਕੁ ਟੀਕਾਵਾਂ ਉੱਪਰ ਨਿਰਮਲਿਆਂ ਨੇ ਹੋਰ ਗ੍ਰੰਥਾਂ ਵਾਂਗ ਲੇਖਕ ਦਾ ਨਾਮ ਨਹੀਂ ਲਿਖਿਆ, ਪਰ ਉਨ੍ਹਾਂ ਵਿਚੋਂ ਵੇਦਾਂਤ ਦੇ ਹਵਾਲਿਆਂ ਆਦਿ ਜਾਂ ਸ਼ੈਲੀ ਤੋਂ ਪਤਾ ਲਗਦਾ ਹੈ ਕਿ ਉਹ ਨਿਰਮਲਿਆਂ ਦੀਆਂ ਹੀ ਹਨ। ਨਾਮ ਨਾ ਦੇਣ ਦਾ ਕਾਰਨ ਉਨ੍ਹਾਂ ਦੀ ਨਿਮਰਤਾ ਜਾਪਦੀ ਹੈ। ਅਜੇਹੇ ਨਿਰਮਲੇ ਸਾਧੂਆਂ ਦਾ ਇਹ ਖਿਆਲ ਸੀ ਕਿ ਉਨ੍ਹਾਂ ਦਾ ਕੋਈ ਵੀ ਜਤਨ ਆਪਣਾ ਨਹੀਂ ਉਹ ਸਭ ਜਤਨ ਕੇਵਲ ਗੁਰੂ ਦੀ ਮਿਹਰ ਨਾਲ ਹੋਏ ਸਮਝਦੇ ਸਨ। ਇਹੋ ਕਾਰਨ ਹੈ ਕਿ ਜਪੁਜੀ ਸਾਹਿਬ ਦੀਆਂ ਕੁੱਝ ਕੁ ਹੱਥ ਲਿਖਤ ਟੀਕਾਵਾਂ ਭਾਵੇਂ ਅੰਦਰਲੀ ਲਿਖਤ ਤੋਂ ਕਿਧਰੇ-ਕਿਧਰੇ ਇਹ ਸੰਕੇਤ ਦਿੰਦੀਆਂ ਹਨ ਕਿ ਉਹ ਨਿਰਮਲਿਆਂ ਦੀਆਂ ਲਿਖੀਆਂ ਹੋਈਆਂ ਹਨ ਪਰ ਟੀਕਾਕਾਰਾਂ ਦੇ ਨਾਂ ਆਦਿ ਕਰਕੇ ਅਜੇ ਅਗਿਆਤ ਹੀ ਹਨ।"[82] ਨਿਰਮਲਿਆਂ ਦੀ ਵੇਦਾਂਤਕ ਸ਼ੈਲੀ ਉਨ੍ਹਾਂ ਦੀ ਪਛਾਣ ਵੀ ਸਥਾਪਤ ਕਰਦੀ ਹੈ।

ਜਿਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਉਚਾਰੀ, ਗੁਰਬਾਣੀ ਨੂੰ ਡੂੰਘਾਈ ਨਾਲ ਸਮਝਣ ਲਈ ਉਸ ਕਾਲ ਤੋਂ ਹੀ ਇਸ ਦੀ ਟੀਕਾਕਾਰੀ ਦਾ ਅਰੰਭ ਹੋ ਗਿਆ, ਮੰਨਣਾ ਉਚਿਤ ਹੈ। "ਗੁਰਬਾਣੀ ਦੀ ਵਿਆਖਿਆ ਭਿੰਨ-ਭਿੰਨ ਰੂਪਾਂ ਵਿਚ ਕੀਤੀ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਦੀ ਵਿਆਖਿਆ ਬਾਣੀ ਵਿਚ ਹੀ ਕੀਤੀ। ਆਪ ਦੇ ਉਤਰ-ਅਧਿਕਾਰੀ ਗੁਰੂ ਸਾਹਿਬਾਨ ਨੇ ਵੀ ਆਪਣੀ ਬਾਣੀ ਵਿਚ ਗੁਰਮਤਿ ਦੇ ਉਹਨਾਂ ਮੁੱਖ ਸਿਧਾਂਤਾਂ ਅਤੇ ਵਿਚਾਰਾਂ ਦੀ ਵਿਆਖਿਆ ਕੀਤੀ ਜੋ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਸਥਾਪਿਤ ਕਰ

---

[82] ਪ੍ਰਕਾਸ਼ ਸਿੰਘ, ਨਿਰਮਲਿਆਂ ਦੇ ਜਪੁ ਜੀ ਸਟੀਕ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 294.

ਚੁੱਕੇ ਸਨ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰਬਾਣੀ ਦੇ ਭਾਵਾਂ ਨੂੰ ਸਪਸ਼ਟ ਕੀਤਾ ਗਿਆ ਹੈ ਤਦੇ ਹੀ ਇਹਨਾਂ ਦੀਆਂ ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਗਿਆ ਹੈ।"[83] ਇਸ ਤੋਂ ਭਾਈ ਗੁਰਦਾਸ ਜੀ ਨੂੰ ਗੁਰਬਾਣੀ ਦੇ ਪਹਿਲੇ ਟੀਕਾਕਾਰ ਕਿਹਾ ਜਾ ਸਕਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਵੀ ਪ੍ਰਬੁੱਧ ਵਿਦਵਾਨ ਸਨ ਜੋ ਗੁਰਬਾਣੀ ਦੇ ਭਾਵ ਅਰਥ ਅੰਕਿਤ ਕਰਦੇ ਰਹਿੰਦੇ ਸਨ ਅਤੇ ਸ਼ੰਕਿਆਂ ਦੀ ਨਵਿਰਤੀ ਗੁਰੂ ਸਾਹਿਬ ਤੋਂ ਕਰ ਲੈਂਦੇ ਸਨ। "ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿੱਚ ਟੀਕਾਕਾਰੀ ਅਤੇ ਵਿਆਖਿਆ ਦਾ ਕੰਮ, ਟੀਕਾ ਸਾਹਿਤ ਵਿਚ ਇੱਕ ਮਹੱਤਵਪੂਰਨ ਸਥਾਨ ਧਾਰਨ ਕਰ ਲੈਂਦਾ ਹੈ। ਇਹ ਕਾਲ ਹੀ ਨਿਰਮਲਾ ਸੰਪ੍ਰਦਾਇ ਦੇ ਟੀਕਾ ਸਾਹਿਤ ਦੀ ਪਿੱਠ ਭੂਮੀ ਹੈ। ਇਸ ਕਾਲ ਤੋਂ ਹੀ ਨਿਰਮਲ ਸੰਪ੍ਰਦਾਇ ਦੀ ਟੀਕਾ ਪੱਧਤੀ ਚਲੀ ਆ ਰਹੀ ਹੈ। ਇਸ ਸੰਪ੍ਰਦਾਇ ਦੇ ਵਿਦਵਾਨਾਂ ਨੇ ਗੁਰਬਾਣੀ ਤੋਂ ਇਲਾਵਾ ਹੋਰ ਧਰਮਾਂ ਦੇ ਗ੍ਰੰਥਾਂ ਦੇ ਟੀਕੇ ਅਤੇ ਅਨੁਵਾਦ ਵੀ ਕੀਤੇ ਹਨ।"[84] ਤਕਰੀਬਨ ਹਰ ਨਿਰਮਲੇ ਵਿਦਵਾਨ ਨੇ ਟੀਕਾਕਾਰੀ ਵਿਚ ਆਪਣੀ ਰੁਚੀ ਦਿਖਾਈ ਹੈ। ਭਾਵੇਂ ਇਨ੍ਹਾਂ ਵਿਦਵਾਨਾਂ ਨੇ ਕਈ ਬਾਣੀਆਂ ਦੇ ਟੀਕੇ ਕੀਤੇ ਹਨ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਾਹਕਾਰ ਬਾਣੀ ਜਪੁਜੀ ਸਾਹਿਬ ਪ੍ਰਤੀ ਹਰ ਸੰਪ੍ਰਦਾਈ ਸਾਧੂ ਦੀ ਵਿਸ਼ੇਸ ਰੁਚੀ ਸੀ। ਇਸ ਲਈ ਤਕਰੀਬਨ ਹਰ ਨਿਰਮਲੇ ਵਿਦਵਾਨ ਨੇ ਜਪੁਜੀ ਸਾਹਿਬ ਦਾ ਟੀਕਾ ਕੀਤਾ ਹੈ। ਸਬੂਤ ਵਜੋਂ ਅੱਜ ਮਿਲਦੇ ਬਹੁਤੇ ਟੀਕਿਆਂ ਵਿਚੋਂ ਜਪੁਜੀ ਸਾਹਿਬ ਦੇ ਟੀਕੇ ਵਧੇਰੇ ਮਿਲਦੇ ਹਨ। ਨਿਰਮਲੇ ਵਿਦਵਾਨਾਂ ਦੇ ਟੀਕਿਆਂ ਦੀ ਬਹੁਤਾਤ ਦਾ ਸਿੱਟਾ ਇਹ ਹੋਇਆ ਕਿ ਇਕ-ਇਕ ਤੁਕ ਦੇ ਕਈ-ਕਈ ਅਰਥ ਕੀਤੇ ਜਾਣ ਲੱਗੇ। ਅਜਿਹੇ ਵਿਚ ਚਲਦੇ ਹੋਏ ਗੁਰਬਾਣੀ ਵਿਆਖਿਆ ਦੇ ਰੁਝਾਨ ਅਤੇ ਵੇਦਾਂਤਕ ਲੋਅ ਵਿਚ ਟੀਕੇ ਕਰਨ-ਕਾਰਨ ਨਿਰਮਲ ਸੰਪ੍ਰਦਾਇ ਦੀ ਇਕ ਵਿਆਖਿਆ ਪ੍ਰਣਾਲੀ ਹੀ ਸਥਾਪਿਤ ਹੋ ਗਈ।

### ਜਪੁ ਗੂਢਾਰਥਦੀਪਕਾ (ਜਪੁਜੀ ਦੀ ਸੰਸਕ੍ਰਿਤ ਟੀਕਾ), ਕ੍ਰਿਤ ਪੰਡਿਤ ਨਿਹਾਲ ਸਿੰਘ ਜੀ, ਥੋਹਾ ਖ਼ਾਲਸਾ

ਪੰਡਿਤ ਨਿਹਾਲ ਸਿੰਘ ਜੀ ਵਾਸੀ ਪਿੰਡ-ਥੋਹਾ, ਜ਼ਿਲ੍ਹਾ ਰਾਵਲਪਿੰਡੀ ਜੋ ਸੰਸਕ੍ਰਿਤ ਦੇ ਅਦੁੱਤੀ ਵਿਦਵਾਨ ਸਨ। ਨਿਰਮਲਾ ਸਾਹਿਤ ਵਿਚ ਇਨ੍ਹਾਂ ਦੁਆਰਾ ਰਚਿਤ ਕਈ ਗ੍ਰੰਥ ਮਿਲਦੇ ਹਨ। ਆਪ ਨੇ "(1849 ਈ.) ਵਿਚ ਜਪੁ ਗੂਢਾਰਥਦੀਪਕਾ ਨਾਮ ਦਾ ਟੀਕਾ ਕੀਤਾ ਹੈ। ਜਿਸ ਵਿਚ ਵੇਦਾਂ ਦੀਆਂ ਸ਼ਰੁਤੀਆਂ ਤੇ ਸਮ੍ਰਿਤੀਆਂ ਦੇ ਚੋਖੇ ਹਵਾਲੇ ਦਿੱਤੇ ਗਏ ਹਨ। ਜਦ ਇਹ ਟੀਕਾ ਛਪੀ ਤਾਂ ਕਈ ਵਿਦਵਾਨਾਂ ਅਤੇ ਗੁਰਬਾਣੀ ਦੇ ਖੋਜੀਆਂ ਨੇ ਮੰਗ

---

[83] ਸੁਰਿੰਦਰ ਸਿੰਘ ਸ਼ੇਰਗਿਲ, *ਪੰਡਤ ਤਾਰਾ ਸਿੰਘ ਨਰੋਤਮ ਜੀਵਨ ਤੇ ਰਚਨਾ*, ਪੰਨਾ 87.

[84] ਉਹੀ

ਕੀਤੀ ਕਿ ਪੰਡਿਤ ਜੀ ਨੇ ਇਸ ਟੀਕਾ ਵਿਚ ਜੋ ਵੇਦਾਂ ਦੇ ਤੇ ਸ਼ਾਸਤ੍ਰਾਂ ਆਦਿ ਦੇ ਪ੍ਰਮਾਣ ਦਿੱਤੇ ਹਨ ਉਨ੍ਹਾਂ ਦੇ ਆਧਾਰ ਉੱਪਰ ਗੁਰਮੁਖੀ ਅੱਖਰਾਂ ਵਿਚ ਟੀਕਾ ਕੀਤੀ ਜਾਵੇ ਤੇ ਪ੍ਰਮਾਣ ਵੀ ਗੁਰਮੁਖੀ ਅੱਖਰਾਂ ਵਿਚ ਹੀ ਹੋਣ। ਇਸ ਮੰਗ ਨੂੰ ਮੁੱਖ ਰੱਖ ਕੇ ਨਿਰਮਲ ਸਾਧੂ ਦੇਵਾ ਸਿੰਘ ਨੇ 'ਜਪੁ ਪ੍ਰਦੀਪ' ਟੀਕਾ ਲਿਖੀ।"[85] ਇਸ ਤੋਂ ਸਾਨੂੰ ਪਤਾ ਚਲਦਾ ਹੈ ਕਿ ਨਿਰਮਲੇ ਸਾਧੂਆਂ ਨੇ ਸੰਸਕ੍ਰਿਤ ਦੇ ਜਾਣਕਾਰਾਂ ਲਈ ਸੰਸਕ੍ਰਿਤ ਅਤੇ ਫਿਰ ਲੋੜ ਅਨੁਸਾਰ ਉਸੇ ਗ੍ਰੰਥ ਨੂੰ ਗੁਰਮੁਖੀ ਵਿਚ ਰਚ ਕੇ ਵੀ ਸਾਹਿਤਕ ਸੇਵਾ ਕੀਤੀ ਹੈ।

ਪੰਡਿਤ ਨਿਹਾਲ ਸਿੰਘ ਨੇ ਇਹ ਜਪੁਜੀ ਸਾਹਿਬ ਦਾ ਟੀਕਾ ਸੰਸਕ੍ਰਿਤ ਵਿੱਚ ਕਰਕੇ ਗੁਰਮਤ ਦਰਸ਼ਨ ਨੂੰ ਭਾਰਤ ਦੀ ਵਿਦਵਾਨ ਪੰਡਤ ਸ੍ਰੇਣੀ ਤੱਕ ਪਹੁੰਚਾਇਆ ਅਤੇ ਹਿੰਦੂ ਮੱਤ ਦੇ ਵਿਦਵਾਨਾਂ ਨੂੰ ਸਿੱਖ ਮੱਤ ਦੀ ਮੌਲਿਕਤਾ ਤੋਂ ਜਾਣੂੰ ਕਰਵਾਇਆ। ਇਹ ਟੀਕਾ ਨਿਰਮਲੇ ਸੰਤਾਂ ਦੇ ਮਿਲਦੇ ਟੀਕਿਆਂ ਵਿਚੋਂ ਸਭ ਤੋਂ ਪੁਰਾਣਾ ਹੈ।

**ਟੀਕਾ: ਤੁਲਸੀ ਰਾਮਾਇਣ, ਕ੍ਰਿਤ ਸ੍ਰੀ ਮਾਨ ਗਿਆਨੀ ਸੰਤ ਸਿੰਘ ਜੀ**

ਸ੍ਰੀ ਮਾਨ ਗਿਆਨੀ ਸੰਤ ਸਿੰਘ ਜੀ (ਮਹਾਂਕਵੀ ਸੰਤੋਖ ਸਿੰਘ ਜੀ ਦੇ ਗੁਰੂ) ਚੰਗੇ ਕਥਾਕਾਰ ਸਨ। ਇਹ ਕਾਫ਼ੀ ਸਮਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਥਾ ਕਰਦੇ ਰਹੇ ਹਨ। "ਆਪ ਲੇਖਕ ਅਤੇ ਟੀਕਾਕਾਰ ਵੀ ਅਦੁੱਤੀ ਸਨ। 'ਤੁਲਸੀ ਰਾਮਾਇਣ' ਦਾ ਸੁੰਦਰ ਟੀਕਾ ਕੀਤਾ ਹੈ। ਆਪ ਜੀ ਦੀ ਅਪੂਰਵ ਖੋਜ-ਵ੍ਰਿਤੀ ਦਾ ਇਥੋਂ ਪਤਾ ਲਗਦਾ ਹੈ ਕਿ ਤੁਲਸੀ ਰਾਮਾਇਣ ਦਾ ਟੀਕਾ ਕਰਨ ਸਮੇਂ 21 ਪੋਥੀਆਂ ਨਾਲ ਪਾਠ ਮੇਲ/ਸ਼ੋਧ ਕੇ ਲਿਖੇ ਹਨ। ਇਹ ਟੀਕਾ ਸੰਮਤ 1875 (1818 ਈ.) ਵਿਚ ਅਰੰਭ ਕਰਕੇ ਸੰਮਤ 1881 ਮੱਘਰ ਵਦੀ 1 ਨੂੰ ਸੰਪੂਰਨ ਕੀਤਾ ਸੀ ਜਿਸ ਦਾ ਪਹਿਲਾ ਭਾਗ ਸੰਮਤ 1951 ਨੂੰ ਪੱਥਰ ਦੇ ਛਾਪੇ ਵਿਚ ਲਾਹੌਰ ਤੋਂ ਛਪਿਆ ਸੀ।"[86] ਇਨ੍ਹਾਂ ਦੀ ਵਿਦਵਤਾ ਨੇ ਮਹਾਰਾਜਾ ਰਣਜੀਤ ਸਿੰਘ ਜੀ ਸਮੇਤ ਬਹੁਤ ਲੋਕਾਂ ਨੂੰ ਪ੍ਰਭਾਵਿਤ ਕੀਤਾ ਅਤੇ ਇਹ ਮਹਾਰਾਜਾ ਰਣਜੀਤ ਸਿੰਘ ਦੇ ਧਾਰਮਕ ਸਲਾਹਕਾਰ ਵਜੋਂ ਵਿਚਰੇ।

**ਭਾਈ ਸੰਤੋਖ ਸਿੰਘ ਜੀ**

ਭਾਈ ਸੰਤੋਖ ਸਿੰਘ ਜੀ ਉਨੀਂਵੀ ਸਦੀ ਦੇ ਪ੍ਰਸਿੱਧ ਨਿਰਮਲੇ ਵਿਦਵਾਨ ਹੋਏ ਹਨ। ਆਪ ਨੇ ਸੰਸਕ੍ਰਿਤ, ਹਿੰਦੀ, ਪੰਜਾਬੀ, ਕਾਵਿ ਸ਼ਾਸਤਰ, ਵੇਦਾਂਤ ਅਤੇ ਗੁਰਬਾਣੀ ਆਦਿ ਦਾ ਭਰਪੂਰ ਅਧਿਐਨ ਕੀਤਾ, ਜਿਸਦਾ

---

[85] ਪ੍ਰਕਾਸ਼ ਸਿੰਘ, ਨਿਰਮਲਿਆਂ ਦੇ ਜਪੁਜੀ ਸਟੀਕ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨੇ 297-98.

[86] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 630.

ਜ਼ਿਕਰ ਅਸੀਂ ਦੂਜੇ ਅਧਿਆਇ ਵਿਚ ਕਰ ਚੁੱਕੇ ਹਾਂ। ਪਟਿਆਲਾ ਅਤੇ ਕੈਥਲ ਰਾਜ ਦਰਬਾਰਾਂ ਵਿਚ ਰਹਿ ਕੇ ਭਾਈ ਸੰਤੋਖ ਸਿੰਘ ਜੀ ਨੇ *'ਸ੍ਰੀ ਗੁਰੂ ਨਾਨਕ ਪ੍ਰਕਾਸ਼', 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਅਤੇ *'ਗਰਬ ਗੰਜਨੀ ਟੀਕਾ'* ਆਦਿ ਕਈ ਮਹੱਤਵਪੂਰਨ ਰਚਨਾਵਾਂ ਰਚੀਆਂ, ਜੋ ਆਪ ਦੀ ਪ੍ਰਸਿੱਧੀ ਦਾ ਆਧਾਰ ਹਨ। ਇਨ੍ਹਾਂ ਵਿਚੋਂ ਕੁੱਝ ਗ੍ਰੰਥਾਂ ਬਾਰੇ ਸੰਖਿਪਤ ਚਰਚਾ ਕਰਦੇ ਹਾਂ:

**ਗਰਬ ਗੰਜਨੀ ਟੀਕਾ (ਟੀਕਾ ਜਪੁਜੀ ਸਾਹਿਬ), ਕ੍ਰਿਤ ਭਾਈ ਸੰਤੋਖ ਸਿੰਘ ਜੀ**

ਨਿਰਮਲੇ ਟੀਕਾਕਾਰਾਂ ਵਿਚ ਭਾਈ ਸੰਤੋਖ ਜੀ ਮਹਾਨ ਟੀਕਾਕਾਰ ਹੋਏ ਹਨ। ਇਨ੍ਹਾਂ ਦੀ ਵਿਦਵਤਾ ਸਦਕਾ ਹੀ ਇਨ੍ਹਾਂ ਨੂੰ ਕੈਥਲ ਰਾਜ ਦਰਬਾਰ ਵਿਚ ਸਨਮਾਨ-ਯੋਗ ਸਥਾਨ ਮਿਲਿਆ। ਕੈਥਲ ਵਿਖੇ ਰਹਿੰਦਿਆਂ ਇਨ੍ਹਾਂ ਨੇ ਜਪੁਜੀ ਸਾਹਿਬ ਦਾ *'ਗਰਬ ਗੰਜਨੀ ਟੀਕਾ'* ਰਚਿਆ। ਇਹ ਟੀਕਾ ਕੈਥਲ ਦੇ ਰਾਜੇ ਉਦੈ ਸਿੰਘ ਦੁਆਰਾ ਕਵੀ ਜੀ ਨੂੰ ਬੇਨਤੀ ਕਰਨ ਉਪਰੰਤ ਰਚਿਆ ਗਿਆ ਕਿਉਂਕਿ "ਸੰਮਤ 1852 (1795 ਈ.) ਵਿਚ ਆਨੰਦਘਣ ਨਾਂ ਦੇ ਇਕ ਉਦਾਸੀ ਸਾਧੂ ਨੇ 'ਜਪੁਜੀ' ਦਾ ਇਕ ਟੀਕਾ ਕੀਤਾ ਸੀ। ਇਸ ਵਿਚ ਕਈ ਅਰਥ ਭਰਮ ਵਾਲੇ ਅਤੇ ਅਸ਼ੁੱਧ ਸਨ। ਕਈ ਵਿਆਖਿਆਵਾਂ ਇਸ ਤਰ੍ਹਾਂ ਦੀਆਂ ਸਨ ਜੋ ਸਿੱਖ ਧਰਮ ਦੇ ਅਨੁਕੂਲ ਨਹੀਂ ਸਨ। ਇਨ੍ਹਾਂ ਅਸ਼ੁੱਧੀਆਂ ਨੂੰ ਵੇਖ ਕੇ ਸਿੱਖ ਮਤ ਦੇ ਸ਼ਰਧਾਲੂ ਕੈਥਲ ਰਾਜਾ ਭਾਈ ਉਦੈ ਸਿੰਘ ਨੇ ਆਪਣੇ ਆਸਰਿਤ ਕਵੀ ਸੰਤੋਖ ਸਿੰਘ ਨੂੰ 'ਜਪੁਜੀ' ਦਾ (ਅਲੰਕਾਰ ਸਹਿਤ) ਟੀਕਾ ਕਰਨ ਦੀ ਬੇਨਤੀ ਕੀਤੀ, ਜਿਸ ਵਿਚ ਇਨ੍ਹਾਂ ਭਰਮਾਂ ਅਤੇ ਸ਼ੰਕਿਆਂ ਨੂੰ ਹੱਲ ਕੀਤਾ ਜਾ ਸਕੇ।"[87] ਇਹ ਟੀਕਾ ਰਚਨਾ ਇਨ੍ਹਾਂ ਲਈ ਬੇਨਤੀ ਵੀ ਸੀ ਅਤੇ ਇਕ ਚੁਣੌਤੀ ਵੀ ਸੀ ਕਿਉਂਕਿ ਇਸ ਵਿਚ ਇਨ੍ਹਾਂ ਨੇ ਪ੍ਰਸਿੱਧ ਉਦਾਸੀ ਵਿਦਵਾਨ ਸਾਧੂ ਆਨੰਦਘਣ ਦੀ ਵਿਦਵਤਾ 'ਤੇ ਕਿੰਤੂ ਕਰਦਿਆਂ ਜਪੁਜੀ ਦੇ ਸ਼ੁੱਧ ਅਰਥਾਂ ਨੂੰ ਉਜਾਗਰ ਕਰਨਾ ਸੀ, ਜੋ ਇਨ੍ਹਾਂ ਨੇ ਕੀਤਾ।

1829 ਈ. ਵਿਚ ਇਨ੍ਹਾਂ ਨੇ ਟੀਕਾ ਸੰਪੂਰਨ ਕੀਤਾ। ਇਸ ਟੀਕੇ ਵਿਚ ਸਾਧੂ ਆਨੰਦਘਣ ਵੱਲੋਂ ਪਾਈਆਂ ਭਰਾਂਤੀਆਂ ਨੂੰ ਦੂਰ ਕਰਕੇ ਸੰਤੋਖ ਸਿੰਘ ਜੀ ਨੇ ਕੈਥਲ ਨਰੇਸ਼ ਸਮੇਤ ਲੋਕਾਂ ਦੇ ਮਨ੍ਹਾਂ ਵਿਚ ਆਪਣਾ ਸਤਿਕਾਰ ਵਧਾਇਆ। ਇਨ੍ਹਾਂ ਨੇ ਇਸ ਟੀਕੇ ਦਾ ਨਾਮ 'ਗਰਬ ਗੰਜਨੀ' ਰਖਿਆ ਹੈ। ਇਸ ਟੀਕੇ ਦੇ ਨਾਮ ਤੋਂ ਹੀ ਪਤਾ ਚਲਦਾ ਹੈ ਕਿ ਇਹ ਟੀਕਾ ਸਾਧੂ ਆਨੰਦਘਣ ਦੇ ਗਰਬ (ਹੰਕਾਰ) ਨੂੰ ਤੋੜਨ ਲਈ ਅਤੇ ਉਸ ਦੁਆਰਾ ਕੀਤੇ

---

[87] ਜੈ ਭਗਵਾਨ ਗੋਇਲ, *ਮਹਾਂਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ*, ਪੰਨਾ 31.

ਟੀਕੇ ਵਿਚਲੀਆਂ ਭ੍ਰਾਂਤੀਆਂ ਨੂੰ ਦੂਰ ਕਰਨ ਦੇ ਉਦੇਸ਼ ਨਾਲ ਕੀਤਾ ਗਿਆ। ਇਸ ਦੇ ਨਾਮਕਰਣ ਬਾਰੇ ਉਹ ਲਿਖਦੇ ਹਨ "ਗਰਬ ਗੰਜਨੀ ਕੋ ਅਰਥ: ਇਸ ਕੇ ਪਦਨ ਵਿਚਾਰਨਵਾਰੇ ਕੋ ਅਗਾਰੀ, ਜੋ ਕੋਈ ਅਰਥਨ ਕੋ ਗਰਬ ਕਰੈ ਤਿਸ ਕੋ ਗੰਜਨ ਹੋਇ ਜਾਤ ਹੈ, ਕਯਾ ਤਿਸ ਕੇ ਗਰਬ ਕੋ ਦੂਰ ਕਰ ਦੇਤ ਹੈ। ਦੂਸਰੋ ਅਰਥ ਔਰ: ਇਸ ਕੋ ਪਢਿਕੈ ਆਪਨੇ ਗਰਬ ਕੋ ਗੰਜਨ ਕਰੈ, ਗਰੀਬੀ ਕੋ ਗਹਿ ਕਰਿ ਮੁਕਤਿ ਕੇ ਮਾਰਗ ਪਰੈ, ਯਾਂਤੇ ਇਸ ਟੀਕੇ ਕੋ ਨਾਮ 'ਗਰਬ ਗੰਜਨੀ' ਧਰਯੋ।"[88] ਕਵੀ ਜੀ ਨੇ ਨਾਲ ਹੀ ਨਾਮਕਰਣ ਵਾਲੇ ਸੰਕੇ ਵੀ ਦੂਰ ਕਰ ਦਿੱਤੇ ਹਨ।

ਸੰਤੋਖ ਸਿੰਘ ਜੀ ਦੁਆਰਾ ਰਚਿਤ ਇਸ ਟੀਕੇ ਵਿਚ "ਉਨ੍ਹਾਂ ਜਿੱਥੇ ਗੁਰਮਤਿ ਦੇ ਸਿਧਾਂਤਾਂ ਨੂੰ ਉਸ ਸਮੇਂ ਦੇ ਪ੍ਰਚਲਿਤ ਸ਼ਾਸਤ੍ਰੀ ਤਰੀਕੇ ਅਨੁਸਾਰ ਵਰਣਨ ਕੀਤਾ ਹੈ, ਉਥੇ ਜਪੁਜੀ ਵਰਗੀ ਦਾਰਸ਼ਨਿਕ ਰਚਨਾ ਵਿਚ ਅਲੰਕਾਰਕ ਚਮਤਕਾਰਾਂ ਨੂੰ ਉਜਾਗਰ ਕਰਕੇ ਦਰਸਾਉਣਾ ਵੀ ਆਪ ਦੀ ਸਾਹਿਤਕ ਪ੍ਰਤਿਭਾ ਦਾ ਹੀ ਕ੍ਰਿਸ਼ਮਾ ਹੈ। ਉਨ੍ਹਾਂ ਜਪੁਜੀ ਸਾਹਿਬ ਦੀ ਹਰ ਪਾਉੜੀ ਵਿਚ ਕਿਸੇ ਨਾ ਕਿਸੇ ਅਲੰਕਾਰਕ ਰੰਗ ਨੂੰ ਤੱਕਿਆ ਹੈ।"[89] ਆਪ ਨੇ ਇਸ ਟੀਕੇ ਵਿਚ ਜਪੁਜੀ ਦੀਆਂ ਅਨੇਕ ਪਾਉੜੀਆਂ ਅਤੇ ਟੂਕਾਂ ਦੀ ਦਾਰਸ਼ਨਿਕ ਵਿਆਖਿਆ ਕੀਤੀ ਹੈ। ਇਸ ਵਿਚ 'ਓਅੰਕਾਰ' ਸ਼ਬਦ ਦੀ ਵਿਆਖਿਆ ਕਰਦਿਆਂ ਉਨ੍ਹਾਂ ਨੇ ਉਪਨਿਸ਼ਦਾਂ, ਪੁਰਾਣਾਂ, ਸ਼ਾਸਤ੍ਰਾਂ ਵਿਚ ਦੱਸੇ ਗਏ ਇਸਦੇ ਲਗਭਗ 63 ਨਿਰਗੁਣ ਅਤੇ ਸਗੁਣ ਰੂਪਾਂ ਦਾ ਉਲੇਖ ਕੀਤਾ ਹੈ। ਇਸ ਵਿਚ ਭਾਈ ਸੰਤੋਖ ਸਿੰਘ ਜੀ ਵੱਲੋਂ '੧ਓ' ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ:[90]

*ਧਰਮ ਕੀ ਸਥਿਰਤਾ ਕੇ ਹਿਤ ਜਗਤ ਕੇ ਉਧਾਰਬੇ ਹਿਤ ਜੋ ਸ੍ਰੁਤਿ 'ਏਕ ਓਅੰਕਾਰ' ਮੇਂ ਰਾਖੀ ਹੈ, ਸੋਈ ਕਹਤ ਹੈ। ਜਥਾ ਸ੍ਰੁਤੀ: ਏਕੋਹੰ ਬਹੁ ਸਯਾਮ: ਜਬ ਮਾਯਾਸਵਲ ਬ੍ਰਹਮ ਭਯੋ, ਤਬ ਕਰਤਾ ਪੁਰਖ ਰੂਪ ਪ੍ਰਗਟਯੋ। 'ਏਕੋਹੰ' ਏਕ ਜੋ ਮੈਂ ਸੋ ਬਹੁ ਹੋਵੌਂ। ਇਸ ਕਹਿਨ ਤੇ ਬਿਸਤਾਰ ਕੋ ਜਗਤ ਪ੍ਰਾਪਤਿ ਹੋਤ ਭਯੋ। 'ਏਕੋਹੰ' ਇਸ ਕਹਿਨ ਤੇ ਪ੍ਰਿਥਮ ਇਹ ਭੀ ਕਹਿਨਾ ਨਹੀ ਬਨਤ ਹੁਤੋ। 'ਏਕੋਹੰ' ਇਨ ਅਖਯਰਨ ਤੇ 'ਏਕ ਓਅੰਕਾਰ' '੧ਓ' ਬਨਯੋ ਸੋ ਕਹਿਤ ਹੈ। 'ਏਕੋਹੰ', 'ਏਕੋ' ਕੇ ਕਕਾਰ ਤੇ ਉਕਾਰ ਨਿਕਾਸਯੋ। 'ਹੰ' ਕੇ ਬੀਚ ਤੇ ਅਕਾਰ ਸ੍ਵਰ ਅਰ*

---

[88] ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ, *ਸ੍ਰੀ ਜਪੁ ਸਾਹਿਬ ਸਟੀਕ ਗਰਬ ਗੰਜਨੀ ਟੀਕਾ*, ਪੰਨਾ 184.

[89] ਪਿਆਰਾ ਸਿੰਘ ਪਦਮ, ਦੋ ਸ਼ਬਦ, ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ, *ਸ੍ਰੀ ਜਪੁ ਸਾਹਿਬ ਸਟੀਕ ਗਰਬ ਗੰਜਨੀ ਟੀਕਾ*, ਛਾਪ 1986, ਪੰਨੇ 4-5.

[90] ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ, *ਸ੍ਰੀ ਜਪੁ ਸਾਹਿਬ ਸਟੀਕ ਗਰਬ ਗੰਜਨੀ ਟੀਕਾ*, ਪੰਨੇ 5-6.

*ਮਕਾਰ ਕੀ ਜੋ ਬਨੀ ਬਿੰਦੀ, ਸੋ ਦੋਊ ਨਿਕਾਸੇ ਤੀਨ ਅਖਯਰ ਹੋਤ ਭਯੇ; ਉਕਾਰ, ਅਕਾਰ, ਮਕਾਰ। ਤੀਨੋ ਅੱਛਰੋਂ ਤੇ 'ਓਅੰ' ਬਨਯੋ। ਸੋ 'ਇਕ ਓਅੰਕਾਰ' ਅਰਥ ਭਯੋ। ਯਾਤੇ ਗੁਰੂ ਜੀ ਨੇ ਬੇਦੁ ਕੀ ਸਰੁਤੀ ਰਾਖੀ ਹੈ। ਨਹੀਂ ਤੌ ਬੇਦ ਭੀ ਤਿਨਕੇ ਹੀ ਸ੍ਵਾਸ ਰੂਪ ਥੇ। ਤਿਨੋ ਸੇ ਬਿਰੁਧ ਜੇ ਕਹਿਤੇ ਬਾਨੀ ਤੌ ਅਪਨੇ ਮਤ ਮੇ ਬਿਰੋਧ ਪਰਤੋ। ਯਾਂਤੇ ਸੋਈ ਬਾਨੀ ਮੋ ਕਹਯੋ ਹੈ ਜੋ ਪੂਰਬ ਬੇਦ ਮੇਂ ਆਪਿ ਬਰਨਨ ਕਰਯੋ ਹੈ। ਸਰਬ ਜੋ ਜਗਤ ਓਅੰਕਾਰ ਮਾਤ੍ਰ ਹੈ। ਸਭ ਹੀ ਜਗਤ ਓਅੰਕਾਰ ਕੋ ਵਾਚਯ ਹੈ। ਓਅੰਕਾਰ ਇਸ ਕੋ ਵਾਚਕ ਹੈ, ਅਰ ਇਹ ਜੋ ਓਅੰਕਾਰ ਨਾਮ ਹੈ, ਅਰੁ ਜਗਤ ਨਾਮੀ ਹੈ। ਯਾਂਤੇ ਜਗਤ ਓਅੰਕਾਰ ਰੂਪ ਹੀ ਹੈ .... । ਏਕ ਸ਼ਬਦ ਬ੍ਰਹਮ ਹੈ ਏਕ ਪਰਮ ਬ੍ਰਹਮ ਹੈ। ਜੋ ਕਿਛੁ ਦ੍ਰਿਸ਼ਟਿ ਸ੍ਰਵਨਾਦਿਕੋ ਮੇ ਹੈ ਸੋ ਸਭ ਸ਼ਬਦ ਬ੍ਰਹਮ ਕੇ ਅੰਤਰਗਤਿ ਹੈ ਜੋ ਪਰਮ ਬ੍ਰਹਮ ਹੈ ਸੋ ਮਨ ਬਾਨੀ ਤੇ ਪਰੇ ਹੈ। ਇਸੀ ਹੇਤ ਤੇ ਸਭਨ ਕੇ ਆਦਿ ਓਅੰਕਾਰ ਲਿਖਯਤਿ ਹੈ। ਜਿਸੁ ਮੰਤ੍ਰ ਕੇ ਆਦਿ ਓਅੰਕਾਰ ਹੋਤਾ ਹੈ ਸੋ ਮੰਤ੍ਰ ਭੀ ਓਅੰਕਾਰ ਹੋ ਜਾਤ ਹੈ।*

ਇਹ ਟੀਕਾ ਗੱਦ ਵਿਚ ਤੇ ਸੰਤ ਭਾਸ਼ਾ ਵਿਚ ਹੈ। ਜਿਸ ਤਰ੍ਹਾਂ ਉਸ ਸਮੇਂ ਕਾਵਿ ਰਚਨਾ ਲਈ ਬ੍ਰਿਜਭਾਸ਼ਾ ਪ੍ਰਮਾਣੀਕ ਭਾਸ਼ਾ ਸੀ "ਉਸ ਤਰ੍ਹਾਂ ਵਾਰਤਕ ਰਚਨਾ ਲਈ 'ਸਾਧੁਕੜੀ' ਜਾਂ 'ਸਾਧ ਭਾਸ਼ਾ' ਦਾ ਪ੍ਰਯੋਗ ਕਰਨਾ ਵਧੇਰੇ ਪ੍ਰਚਲਤ ਭਾਸ਼ਾ ਸੀ। ਅਸਲ ਗੱਲ ਇਹ ਸੀ ਕਿ ਦਾਰਸ਼ਨਿਕ ਜਾਂ ਧਾਰਮਿਕ ਮਾਮਲਿਆਂ ਦੀ ਚਰਚਾ ਆਮ ਤੌਰ 'ਤੇ ਸਾਧੂ ਜਾਂ ਪੰਡਿਤ ਇਸੇ ਭਾਸ਼ਾ ਵਿਚ ਕਰਿਆ ਕਰਦੇ ਸੀ ਤੇ ਮਹਾਂਕਵੀ ਜੀ ਦਾ ਪ੍ਰਯੋਜਨ ਵੀ ਜਪੁਜੀ ਸਾਹਿਬ ਦੀ ਪ੍ਰਭੁਤਾ ਅਤੇ ਸਿੱਧਾਂਤਕ ਮਹਾਨਤਾ ਉਨ੍ਹਾਂ ਲੋਕਾਂ ਤੱਕ ਪਹੁੰਚਾਉਣਾ ਸੀ। ਸੋ ਇਸ ਲਈ ਉਨ੍ਹਾਂ ਸਮੇਂ ਦੀ ਮੰਗ ਅਨੁਸਾਰ ਕਵੀ ਹੋਣ ਦੇ ਬਾਵਜੂਦ ਇਸ ਪੰਡਤਾਈ ਵਾਲੇ ਕੰਮ ਨੂੰ ਬੜੀ ਸੁਹਣੀ ਭਾਸਾ ਵਿਚ ਸੁਚੱਜੀ ਤਰ੍ਹਾਂ ਪੇਸ਼ ਕੀਤਾ। ਇਸ ਟੀਕੇ ਵਿਚ ਇਕ-ਇਕ ਤੁਕ ਦੇ ਕਈ-ਕਈ ਅਰਥ ਵੀ ਦਿੱਤੇ ਗਏ ਹਨ।"[91] ਜਪੁਜੀ ਸਾਹਿਬ ਦੀ ਬਾਣੀ ਦਾ *'ਗਰਬ ਗੰਜਨੀ ਟੀਕਾ'* ਭਾਈ ਸੰਤੋਖ ਸਿੰਘ ਦੀ ਇਕ ਮਹੱਤਵਪੂਰਨ ਪ੍ਰਾਪਤੀ ਹੈ। ਜਿਸ ਪਿੱਛੇ ਉਨ੍ਹਾਂ ਦੀ ਘਾਲਣਾ ਦਾ ਇਤਿਹਾਸ ਫਰੋਲਿਆਂ ਪਤਾ ਲਗਦਾ ਹੈ ਕਿ ਉਨ੍ਹਾਂ ਨੂੰ ਕੈਥਲ ਨਰੇਸ਼ ਦੀ ਬੇਨਤੀ ਤੋਂ ਟੀਕਾ ਰਚਨ ਤੱਕ 34 ਸਾਲ ਦਾ ਸਮਾਂ ਲੱਗਿਆ।

---

[91] ਪਿਆਰਾ ਸਿੰਘ ਪਦਮ, ਦੋ ਸ਼ਬਦ, ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ, *ਸ੍ਰੀ ਜਪੁ ਸਾਹਿਬ ਸਟੀਕ ਗਰਬ ਗੰਜਨੀ ਟੀਕਾ*, ਛਾਪ 1986, ਪੰਨਾ 5.

**ਗੁਰੂ ਭਾਵ ਦੀਪਕਾ (ਟੀਕਾ ਜਪੁਜੀ ਸਾਹਿਬ), ਕ੍ਰਿਤ ਪੰਡਿਤ ਤਾਰਾ ਸਿੰਘ ਨਰੋਤਮ**

ਪੰਡਿਤ ਤਾਰਾ ਸਿੰਘ ਨਰੋਤਮ ਨੇ ਨਿਰਮਲ ਸੰਪ੍ਰਦਾਇ ਦੇ ਮਹਾਨ ਟੀਕਾਕਾਰਾਂ ਵਿਚ ਵੀ ਆਪਣਾ ਸਥਾਨ ਬਣਾਇਆ ਹੈ। ਆਪ ਨੇ 'ਟੀਕਾ ਸਿਰੀ ਰਾਗ' ਦੀ ਰਚਨਾ ਕੀਤੀ। ਉਨ੍ਹਾਂ ਦੀ ਇੱਛਾ ਸੀ ਕਿ ਉਹ ਪੂਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਤਿਆਰ ਕਰਦੇ, ਪਰ ਜਿੰਦਗੀ ਨੇ ਸਾਥ ਨਾ ਦਿੱਤਾ। ਪੰਡਿਤ ਤਾਰਾ ਸਿੰਘ ਨਰੋਤਮ ਨੇ "*ਗੁਰੂ ਭਾਵ ਦੀਪਕਾ'* ਨਾਮ ਦੀ ਟੀਕਾ ਲਿਖੀ। ਉਸ ਦੀ ਰਜਿਸਟ੍ਰੀ ਬਾਮੂਜਬ ਦਫਾ 18 ਐਕਟ ਨੰਬਰ 25 ਸੰਨ 1867 ਈ. ਨੂੰ ਲਾਹੌਰ ਵਿਚ ਕਰਾਈ ਗਈ ਤੇ ਸੰਮਤ 1933 (1881 ਈ.) ਨੂੰ ਛਾਪੀ ਗਈ। ਇਸ ਤੋਂ ਸਾਬਤ ਹੁੰਦਾ ਹੈ ਕਿ ਜਪੁਜੀ ਤੇ ਸ਼ਬਦ ਹਜ਼ਾਰੇ ਦੀ ਟੀਕਾ ਫ਼ਰੀਦਕੋਟੀ ਟੀਕੇ ਤੋਂ 24-25 ਵਰ੍ਹੇ ਪਹਿਲੇ ਲਿਖੀ ਗਈ ਸੀ। ਇਸ ਲਿਖਤ ਤੋਂ ਸਿੱਧ ਹੁੰਦਾ ਹੈ ਕਿ ਆਪ ਗੁਰਮਤ ਦੇ ਸਭ ਤੋਂ ਪੁਰਾਣੇ ਪ੍ਰਚਾਰਕ ਹੋਏ ਹਨ। ਨਿਰਮਲਿਆਂ ਵਿਚ ਗੁਰਮਤ ਦੇ ਪ੍ਰਚਾਰ ਦੇ ਮੋਢੀ ਆਪ ਨੂੰ ਹੀ ਮੰਨਿਆ ਜਾਣਾ ਚਾਹੀਦਾ ਹੈ। ਬਾਕੀ ਸਾਰੇ ਲਿਖਾਰੀ ਆਪ ਦੀ ਦਿੱਤੀ ਸੇਧ ਅਨੁਸਾਰ ਲਿਖਦੇ ਰਹੇ ਹਨ।"[92]

ਇਨ੍ਹਾਂ ਦੀ ਟੀਕਾ 'ਗੁਰੂ ਭਾਵ ਦੀਪਕਾ'; ਅੰਸ਼ਿਕ ਨਮੂਨਾ:

"ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰ:

ਹੇ ਸਿੱਖਯ ਕਰਮੋ ਸੇ ਕਰਮੀ ਕਹੀਏ। ਕਰਮਾ ਵਾਲੇ ਪੁਰਖ ਕੋ ਪੁਰਬ ਸਰੀਰ ਛੋਡ ਕੇ ਕਪੜਾ ਨਾਮ ਬਸਤ੍ਰ ਕੁਲ ਪਹਰਨੇ ਕੋ ਦੂਸਰਾ ਸਰੀਰ ਰੂਪ ਬਸਤਰ ਹੀ ਮਿਲੈ ਹੈ। ਬਿਦੇਹ ਕੇਵਲ ਮੁਕਤੀ ਨਹੀਂ ਮਿਲੇ। ... ਮੋਖ ਦੁਆਰ ਕਹੀਯੇ ਮੁਕਤੀ ਕੇ ਦਰਵਾਜੇ ਗਯਾਨ ਸੇ ਨਦਰੀ ਨਾਮ ਗਯਾਨੀ ਪੁਰਖ ਕੇ ਤਾਪ ਤ੍ਰਯ ਰੂਪ ਸੰਸਾਰ ਦੁਖ ਕਾ ਨਾਸ ਔ ਪਰਮ ਆਨੰਦ ਕੀ ਪ੍ਰਾਪਤੀ ਰੂਪ ਮੁਕਤੀ ਹੋਵੇ ਹੈ, ਬੰਧਨ ਨਹੀਂ ਹੋਵੇ।"[93]

ਤਾਰਾ ਸਿੰਘ ਨਰੋਤਮ ਦਾ ਲਿਖਿਆ ਸਮੁੱਚਾ ਸਾਹਿਤ ਪੜ੍ਹ ਕੇ ਆਖਿਆ ਜਾ ਸਕਦਾ ਹੈ ਕਿ ਇਸ ਵਿਦਵਾਨ ਨੇ ਕਿਸ ਪੱਧਰ ਦੀ ਸਾਧਨਾ ਕੀਤੀ ਹੈ ਅਤੇ ਇਨ੍ਹਾਂ ਦੇ ਗ੍ਰੰਥ ਗੁਰਮਤਿ ਸੰਬੰਧੀ ਸਾਹਿਤ ਦਾ ਇਕ ਅਨਮੋਲ ਖ਼ਜ਼ਾਨਾ ਹਨ। ਪੰਡਿਤ ਤਾਰਾ ਸਿੰਘ ਨਰੋਤਮ ਜੀ ਦੁਆਰਾ ਲਿਖੇ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ

---

[92] ਹਕੀਕਤ ਸਿੰਘ ਅਰਵਿੰਦ, ਨਿਰਮਲੇ ਸੰਤਾਂ ਦੀ ਦਰਸ਼ਨ ਤੇ ਧਰਮ ਨੂੰ ਦੇਣ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 187.

[93] ਤਾਰਨ ਸਿੰਘ, ਨਿਰਮਲ ਸੰਪ੍ਰਦਾਇ ਦੀ ਟੀਕਾ-ਪੱਧਤੀ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨੇ 280-281.

ਗ੍ਰੰਥ ਦਰਸਾਉਂਦੇ ਹਨ ਕਿ ਉਨ੍ਹਾਂ ਦਾ ਗ੍ਰੰਥ ਰਚਨਾ ਪੱਖੋਂ ਧਾਰਮਿਕ ਅਤੇ ਦਾਰਸ਼ਨਿਕ ਖੇਤਰ ਵਿਚ ਯੋਗਦਾਨ ਵਡਮੁੱਲਾ ਹੈ।

**ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫ਼ਰੀਦਕੋਟੀ ਟੀਕਾ), ਕ੍ਰਿਤ ਗਿਆਨੀ ਬਦਨ ਸਿੰਘ ਸੇਖਵਾਂ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਟੀਕਾ ਲਿਖਣ ਦਾ ਸਿਹਰਾ ਨਿਰਮਲ ਸੰਪ੍ਰਦਾਇ ਸਿਰ ਜਾਂਦਾ ਹੈ। ਇਸ ਦੇ ਵਿਦਵਾਨਾਂ ਵੱਲੋਂ ਕੀਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ 'ਫ਼ਰੀਦਕੋਟੀ ਟੀਕੇ' ਨਾਮ ਨਾਲ ਪ੍ਰਸਿੱਧ ਹੈ ਜੋ ਇਨ੍ਹਾਂ ਦੀ ਵਡਮੁੱਲੀ ਦੇਣ ਹੈ। ਮਹਾਰਾਜਾ ਫ਼ਰੀਦਕੋਟ ਵੱਲੋਂ ਆਪਣੇ ਖ਼ਰਚ 'ਤੇ ਇਹ ਟੀਕਾ ਲਿਖਵਾਇਆ/ਛਪਵਾਇਆ ਗਿਆ, ਇਸ ਕਰਕੇ ਹੀ ਇਸ ਦਾ ਨਾਮ 'ਫ਼ਰੀਦਕੋਟੀ ਟੀਕਾ' ਪ੍ਰਚਲਿਤ ਹੈ। ਇਸ ਦਾ ਪੂਰਾ ਨਾਮ 'ਆਦਿ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਸਟੀਕ' ਹੈ।

ਇਸ ਟੀਕਾ ਰਚਨਾ ਤੋਂ ਪਹਿਲਾਂ "ਕੁੱਝ ਬਾਣੀਆਂ ਦੇ ਹੀ ਟੀਕੇ ਮਿਲਦੇ ਸਨ, ਪਰ ਟ੍ਰੰਪ ਨੇ 1877 ਈ. ਜਦੋਂ ਅੰਗਰੇਜ਼ੀ ਵਿਚ ਤਿਆਰ ਕੀਤਾ ਆਪਣਾ ਟੀਕਾ ਪ੍ਰਕਾਸ਼ਿਤ ਕੀਤਾ ਅਤੇ ਉਹ ਸਿੱਖ ਸਮਾਜ ਵਲੋਂ ਅਪ੍ਰਵਾਨਿਤ ਕੀਤਾ ਗਿਆ, ਤਦੋਂ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੇ ਸਰਪ੍ਰਸਤ ਫ਼ਰੀਦਕੋਟ ਦੇ ਰਾਜਾ ਬਿਕ੍ਰਮ ਸਿੰਘ (ਸੰਨ 1842-98 ਈ.) ਨੇ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਟੀਕਾ ਲਿਖਵਾਉਣ ਦੀ ਵਿਵਸਥਾ ਕੀਤੀ।"[94]

ਇਸ ਸਮੇਂ ਨਿਰਮਲੇ ਸੰਤਾਂ ਦੀ ਵਿਦਵਤਾ ਨੇ ਸਭ ਨੂੰ ਪ੍ਰਭਾਵਿਤ ਕੀਤਾ ਹੋਇਆ ਸੀ। ਇਸ ਲਈ ਮਹਾਰਾਜਾ ਬਿਕ੍ਰਮਾ ਸਿੰਘ ਫ਼ਰੀਦਕੋਟ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਕਰਾਉਣ ਲਈ "ਉਸ ਨੇ ਸਮੇਂ ਦੇ ਵਿਦਵਾਨ ਨਿਰਮਲ ਸੰਤਾਂ ਦਾ ਇਕੱਠ ਬੁਲਾਇਆ ਤੇ ਉਨ੍ਹਾਂ ਅੱਗੇ ਆਪਣਾ ਵਿਚਾਰ ਪੇਸ਼ ਕੀਤਾ। ਉਨ੍ਹਾਂ ਆਖਿਆ ਤੁਸੀਂ ਲੋਗ ਹੀ ਇਸ ਪਵਿੱਤਰ ਅਤੇ ਮਹਾਨ ਕੰਮ ਕਰਨ ਦੇ ਸਮਰਥ ਹੋ। ਮਹਾਰਾਜਾ ਦੀ ਇਸ ਬੇਨਤੀ ਨੂੰ ਸੰਤਾਂ ਨੇ ਪ੍ਰਵਾਨ ਕੀਤਾ। ਸੰਸਕ੍ਰਿਤ, ਫ਼ਾਰਸੀ ਤੇ ਉਰਦੂ ਆਦਿ ਬਹੁਤ ਸਾਰੀਆਂ ਭਾਸ਼ਾਵਾਂ ਦੇ ਜਾਣਕਾਰ ਮਹਾਤਮਾਵਾਂ ਨੇ ਸਹਿਯੋਗ ਦਿੱਤਾ।"[95] ਨਿਰਮਲੇ ਸੰਤ ਗਿਆਨੀ ਬਦਨ ਸਿੰਘ ਇਸ ਵਿਦਵਾਨ ਮੰਡਲੀ ਦੇ ਮੋਢੀ ਸਨ।

---

[94] ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਦੂਜਾ, ਪੰਨਾ 1205.

[95] ਹਕੀਕਤ ਸਿੰਘ ਅਰਵਿੰਦ, ਨਿਰਮਲ ਸੰਤਾਂ ਦੀ ਦਰਸ਼ਨ ਤੇ ਧਰਮ ਨੂੰ ਦੇਣ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 186.

ਇਸ ਸਮੇਂ ਤੱਕ "ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਟੀਕਾ ਹੈ। ਮਗਰੋਂ ਹੋਏ ਸਮੂਹ ਟੀਕਾਕਾਰ ਇਸੇ ਟੀਕੇ ਤੋਂ ਸੇਧ ਲੈਂਦੇ ਰਹੇ ਹਨ। ਇਸ ਟੀਕੇ ਨੂੰ ਮਹਾਰਾਜਾ ਬਿਕ੍ਰਮ ਸਿੰਘ ਜੀ ਵਾਲੀਏ ਰਿਆਸਤ ਫ਼ਰੀਦਕੋਟ ਨੇ ਲਿਖਵਾਇਆ ਸੀ। ਗਿਆਨੀ ਬਦਨ ਸਿੰਘ ਜੀ ਨੇ ਸੰਮਤ 1934 ਬਿ. (1877 ਈ.) ਵਿਚ ਟੀਕਾ ਲਿਖਣਾ ਅਰੰਭ ਕੀਤਾ ਅਤੇ 1940 ਬਿ. (1883 ਈ.) ਵਿਚ ਪੂਰਾ ਹੋਇਆ।"[96] ਇਹ ਟੀਕਾ ਗਿਆਨੀ ਬਦਨ ਸਿੰਘ ਦੀ ਵਡਮੁੱਲੀ ਕਿਰਤ ਹੈ।

ਵਿਚਾਰਨਯੋਗ ਹੈ ਕਿ ਇਸ ਦੇ ਰਚੇ ਜਾਣ ਪਿਛੋਂ ਕੁੱਝ ਸੰਪ੍ਰਦਾਵਾਂ ਵੱਲੋਂ ਗੁਰਬਾਣੀ ਦੇ ਸਹੀ ਅਰਥ-ਬੋਧ ਨੂੰ ਲੈ ਕੇ ਕਿੰਤੂ ਵੀ ਹੋਏ। ਇਸ ਦੇ ਦੋ ਕਾਰਨ ਸਨ, ਪਹਿਲਾ; ਜਦੋਂ ਕੋਈ ਕਾਰਜ ਪਹਿਲੀ ਵਾਰ ਕੀਤਾ ਜਾਵੇ ਤਾਂ ਉਸ ਵਿਚ ਉਣਤਾਈਆਂ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਲਈ ਕੁੱਝ ਉਣਤਾਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਵਿਸ਼ਾਲ ਟੀਕੇ ਵਿਚ ਵੀ ਰਹੀਆਂ। ਦੂਜਾ; ਵਿਦਵਾਨ ਜਿਸ ਖੇਤਰ ਵਿਚੋਂ ਵਿਦਿਆ ਗ੍ਰਹਿਣ ਕਰਦਾ ਹੈ ਉਸ ਖੇਤਰ ਦਾ ਪ੍ਰਭਾਵ ਉਸ ਦੀਆਂ ਲਿਖਤਾਂ ਵਿਚੋਂ ਵੀ ਝਲਕਦਾ ਹੈ, ਇਸ ਲਈ ਨਿਰਮਲ ਸੰਪ੍ਰਦਾਇ ਉਪਰਲਾ ਸਨਾਤਨੀ ਪ੍ਰਭਾਵ ਇਸ ਟੀਕੇ ਉੱਤੇ ਵੀ ਪਿਆ, ਜਿਸ ਕਾਰਨ ਬਾਅਦ ਵਿਚ ਇਕ ਕਮੇਟੀ ਬਣਾ ਕੇ ਇਸ ਨੂੰ ਸੋਧਣ ਉਪਰੰਤ ਦੁਬਾਰਾ ਛਾਪਿਆ ਗਿਆ।

ਉਕਤ ਦੋਨੋਂ ਟੀਕਾ (ਗਰਬ ਗੰਜਨੀ ਅਤੇ ਫ਼ਰੀਦਕੋਟੀ ਟੀਕਾ) ਨਿਰਮਲ ਸੰਪ੍ਰਦਾਇ ਦੇ ਟੀਕਾ ਸਾਹਿਤ ਵਿਚ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਗਰਬ ਗੰਜਨੀ ਅਤੇ 'ਫ਼ਰੀਦਕੋਟੀ ਟੀਕਾ' ਦੋਨੋਂ ਇਕ ਚੁਣੌਤੀ ਭਰਿਆ ਕਾਰਜ ਸਨ, ਗਰਬ ਗੰਜਨੀ ਵਿਚ ਇਕ ਵਿਦਵਾਨ ਦੇ ਹੰਕਾਰ ਨੂੰ ਸਾਹਿਤਕ ਵਿਦਵਤਾ ਨਾਲ ਤੋੜਨਾ ਸੀ ਤੇ ਫ਼ਰੀਦਕੋਟੀ ਟੀਕਾ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਟੀਕਾ ਸੀ ਇਸ ਲਈ ਇਹ ਕਾਰਜ ਵੀ ਚੁਣੌਤੀ ਭਰਿਆ ਸੀ। ਪਰ ਨਿਰਮਲੇ ਸੰਤਾਂ ਨੇ ਦੋਵੇਂ ਕਾਰਜਾਂ ਨੂੰ ਆਪਣੀ ਵਿਦਵਤਾ ਸਦਕਾ ਸੰਪੂਰਨ ਕੀਤਾ। ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਟੀਕਾਕਾਰੀ ਦੁਆਰਾ ਨਿਰਮਲਾ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ।

### 3. ਇਤਿਹਾਸਕ ਗ੍ਰੰਥ

ਜਦੋਂ ਉਨੀਵੀਂ ਸਦੀ ਵਿਚ ਪ੍ਰਵੇਸ਼ ਕਰਦੇ ਹਾਂ ਤਾਂ ਸਿੱਖ ਇਤਿਹਾਸ ਨਾਲ ਸੰਬੰਧਿਤ ਗੁਰਮੁਖੀ ਸ੍ਰੋਤਾਂ ਦਾ ਭੰਡਾਰ ਪਹਿਲਾਂ ਨਾਲੋਂ ਜਿਆਦਾ ਭਰਪੂਰ ਦਿਖਾਈ ਦੇਣ ਲਗਦਾ ਹੈ। ਨਿਰਮਲੇ ਸੰਤਾਂ ਨੇ ਜਿਥੇ ਬਾਕੀ ਵਿਦਿਆਂ

---

[96] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 83.

’ਤੇ ਸਾਹਿਤ ਦੀ ਰਚਨਾ ਕੀਤੀ ਉਥੇ ਸਿੱਖ ਇਤਿਹਾਸ ਨੂੰ ਵੀ ਕਾਨੀਬੱਧ ਕਰਕੇ ਸੰਭਾਲਿਆ। ਨਿਰਮਲੇ ਵਿਦਵਾਨਾਂ ਦੀਆਂ ਸਮੁੱਚੀਆਂ ਸੇਵਾਵਾਂ ਵਿਚੋਂ ਇਹ ਵਡਮੁੱਲੀ ਸੇਵਾ ਹੈ। ਇਹ ਕਾਰਜ ਹਰ ਕਿਸੇ ਦੇ ਵਸ ਦੀ ਗੱਲ ਨਹੀਂ ਕਿਉਂਕਿ ਇਸ ਲਈ ਲਗਨ, ਮਿਹਨਤ, ਬਹੁਭਾਸ਼ੀ ਗਿਆਨ ਤੇ ਰਮਤਾ ਪ੍ਰਵਿਰਤੀ ਦੀ ਜ਼ਰੂਰਤ ਹੈ। ਨਿਰਮਲੇ ਸੰਤਾਂ ਨੇ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ 40-40 ਸਾਲ ਘੁੰਮ-ਫਿਰ ਕੇ ਪਹਿਲਾਂ ਸਿੱਖ ਇਤਿਹਾਸ ਇਕੱਤਰ ਕੀਤਾ, ਫਿਰ ਬਾ-ਤਰਤੀਬ ਉਸ ਨੂੰ ਕਲਮਬੱਧ ਕੀਤਾ।

ਨਿਰਮਲੇ ਵਿਦਵਾਨਾਂ ਦੀਆਂ ਪੰਜਾਬੀ, ਹਿੰਦੀ, ਉਰਦੂ, ਬ੍ਰਜ, ਫ਼ਾਰਸੀ, ਸੰਸਕ੍ਰਿਤ ਅਤੇ ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਵਿਚ ਅੰਗਰੇਜ਼ੀ ਭਾਸ਼ਾ ਦੇ ਹਵਾਲੇ ਮਿਲਣਾ ਦਰਸਾਉਂਦਾ ਹੈ ਕਿ ਇਹ ਵਿਦਵਾਨ ਕਿਨ੍ਹੀਆਂ ਭਾਸ਼ਾਵਾਂ ਦੇ ਗਿਆਤਾ ਸਨ। ਸਿੱਖ ਇਤਿਹਾਸ ਨੂੰ ਕਲਮਬੱਧ ਕਰਨ ਲਈ ਇਨ੍ਹਾਂ ਨੇ ਵੱਖ-ਵੱਖ ਸੋਮਿਆਂ ਤੋਂ ਸਮੱਗਰੀ ਇਕੱਠੀ ਕੀਤੀ। ਪ੍ਰਚਲਿਤ ਭਾਸ਼ਾਵਾਂ ਵਿਚ ਰਚਿਤ ਸਾਹਿਤ ਨੂੰ ਘੋਖਿਆ, ਸਾਖੀਆਂ, ਪ੍ਰਮਾਣਿਕ ਥਾਵਾਂ ਅਤੇ ਵਡੇਰੀ ਉਮਰ ਦੇ ਬਜ਼ੁਰਗਾਂ ਤੋਂ ਇਤਿਹਾਸ ਦੀ ਜਾਣਕਾਰੀ ਇਕੱਤਰ ਕੀਤੀ ਅਤੇ ਪ੍ਰਾਪਤ ਜਾਣਕਾਰੀ ਨੂੰ ਸਿੱਖ ਇਤਿਹਾਸ ਦੀ ਰਚਨਾ ਸਮੇਂ ਪ੍ਰਯੋਗ ਵਿਚ ਲਿਆਂਦਾ। ਇਸ ਕਾਰਜ ਪਿੱਛੇ ਨਿਰਮਲੇ ਸੰਤਾਂ ਦੀ ਕਿੰਨੀ ਘਾਲਣਾ ਹੈ ਇਹ ਉਨ੍ਹਾਂ ਦੀਆਂ ਹਜ਼ਾਰਾਂ ਪੰਨਿਆਂ ਦੀਆਂ ਲਿਖਤਾਂ ਦਰਸਾਉਂਦੀਆਂ ਹਨ।

ਸਿੱਖ ਇਤਿਹਾਸ ਨੂੰ ਕਈ ਨਿਰਮਲੇ ਵਿਦਵਾਨਾਂ ਨੇ ਕਲਮਬੱਧ ਕੀਤਾ ਹੈ। ਖੋਜ-ਕਾਰਜ ਦੇ ਦਾਇਰੇ ਨੂੰ ਧਿਆਨ ਵਿਚ ਰਖਦਿਆਂ ਇਨ੍ਹਾਂ ਵਿਦਵਾਨਾਂ ਵਿਚੋਂ ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ ਅਤੇ ਪੰਡਿਤ ਤਾਰਾ ਸਿੰਘ ਨਰੋਤਮ ਦੁਆਰਾ ਪਾਏ ਇਤਿਹਾਸਕ ਯੋਗਦਾਨ ਵਿਚੋਂ ਕੁੱਝ ਵਡਮੁੱਲੇ ਗ੍ਰੰਥਾਂ ਦੀ ਚਰਚਾ ਕਰਾਂਗੇ:

**ਮਹਾਂਕਵੀ ਸੰਤੋਖ ਸਿੰਘ ਜੀ**

ਭਾਈ ਸੰਤੋਖ ਸਿੰਘ ਜੀ ਮਹਾਨ ਨਿਰਮਲੇ ਵਿਦਵਾਨ ਸਨ। ਇਨ੍ਹਾਂ ਨੇ ਕਈ ਅਨਮੋਲ ਗ੍ਰੰਥ ਸਿੱਖ ਇਤਿਹਾਸ ਦੀ ਝੋਲੀ ਪਾਏ ਹਨ। ਇਹ ਸੰਸਕ੍ਰਿਤ, ਬ੍ਰਜ, ਪੰਜਾਬੀ, ਫ਼ਾਰਸੀ, ਅਰਬੀ, ਉਰਦੂ, ਲਹਿੰਦੀ, ਪਹਾੜੀ ਆਦਿ ਭਾਸ਼ਾਵਾਂ ਦੇ ਗਿਆਤਾ ਸਨ। ਆਪ ਕਾਵਿ ਤੇ ਪਿੰਗਲ ਗਿਆਨ ਵਿਚ ਵੀ ਨਿਪੁੰਨ ਅਤੇ ਗੁਣਾਂ ਦੇ ਧਾਰਨੀ ਸਨ। ਇਨ੍ਹਾਂ ਦੇ ਵਿਦਿਅਕ ਗੁਰੂ ਗਿਆਨੀ ਸੰਤ ਸਿੰਘ ਜੀ ਪ੍ਰਬੁੱਧ ਵਿਦਵਾਨ ਸਨ ਤੇ ਆਪਣੀਆਂ ਸੇਵਾਵਾਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦਿੰਦੇ ਰਹੇ ਹਨ। ਇਸ ਸਮੇਂ “ਪਟਿਆਲਾ-ਪਤੀ ਮਹਾਰਾਜਾ ਕਰਮ ਸਿੰਘ ਬੜੇ ਧਰਮੀ, ਗੁਰੂ ਦੇ ਸਿਦਕੀ ਸਿੱਖ ਅਤੇ ਗੁਣੀ ਪੁਰਸ਼ਾਂ ਦਾ ਸਤਿਕਾਰ ਕਰਨ ਵਾਲੇ ਸਨ। ਭਾਈ ਸਾਹਿਬ ਭਾਈ

ਸੰਤੋਖ ਸਿੰਘ ਜੀ ਦੋ ਸਾਲ ਉਨ੍ਹਾਂ ਪਾਸ ਪਟਿਆਲੇ ਰਹੇ। ਸੰਮਤ 1882 ਬਿ. ਵਿਚ ਕੈਥਲ ਦੇ ਰਾਜਾ, ਭਾਈ ਸਾਹਿਬ ਉਦਯ ਸਿੰਘ ਜੀ ਆਪ ਨੂੰ ਪਟਿਆਲੇ ਵਾਲਿਆਂ ਤੋਂ ਮੰਗ ਕੇ ਆਪਣੇ ਪਾਸ ਲੈ ਗਏ ਅਤੇ ਬੜੇ ਸਤਿਕਾਰ ਨਾਲ ਆਪਣੇ ਪਾਸ ਪੱਕੇ ਤੌਰ 'ਤੇ ਰੱਖ ਲਿਆ।"[97] ਇਨ੍ਹਾਂ ਦੀ ਵਿਦਵਤਾ ਕਾਰਨ ਹੀ ਇਨ੍ਹਾਂ ਨੂੰ ਰਾਜੇ-ਮਹਾਰਾਜਿਆਂ ਦੇ ਦਰਬਾਰਾਂ ਵਿਚ ਸਨਮਾਨ-ਯੋਗ ਸਥਾਨ ਮਿਲਿਆ।

ਕਵੀ ਸੰਤੋਖ ਸਿੰਘ ਜੀ ਨੇ ਕਾਵਿ ਰੂਪ ਵਿਚ ਸਿੱਖ ਇਤਿਹਾਸ ਦੇ ਦੋ ਗ੍ਰੰਥ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਤੇ 'ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰੰਥ' ਮਹੱਤਵਪੂਰਨ ਰਚਨਾਵਾਂ ਰਚੀਆਂ ਜੋ ਇਨ੍ਹਾਂ ਦੀ ਪ੍ਰਸਿੱਧੀ ਦਾ ਆਧਾਰ ਹਨ। ਇਨ੍ਹਾਂ ਗ੍ਰੰਥਾਂ ਬਾਰੇ ਸੰਖਿਪਤ ਚਰਚਾ ਕਰਦੇ ਹਾਂ:

### ਸ੍ਰੀ ਗੁਰੂ ਨਾਨਕ ਪ੍ਰਕਾਸ਼, ਕ੍ਰਿਤ ਮਹਾਂਕਵੀ ਸੰਤੋਖ ਸਿੰਘ ਜੀ

ਕਵੀ ਸੰਤੋਖ ਸਿੰਘ ਜੀ ਨੇ ਇਸ ਗ੍ਰੰਥ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਪੂਰਨ ਜੀਵਨ ਬ੍ਰਿਤਾਂਤ ਲਿਖਿਆ ਹੈ। ਇਹ ਗ੍ਰੰਥ ਕਵੀ ਜੀ ਦੀ ਮਹੱਤਵਪੂਰਨ ਰਚਨਾ ਹੈ ਜੋ "ਉਨ੍ਹਾਂ ਨੇ ਬੂੜੀਆਂ ਨਿਵਾਸ ਦੇ ਸਮੇਂ ਕੱਤਕ ਪੂਰਨਮਾਸ਼ੀ 1880 ਬਿ. ਨੂੰ ਪੂਰਨ ਕੀਤੀ। ਇਹ ਗ੍ਰੰਥ ਪੂਰਵਾਰਧ ਅਤੇ ਉੱਤਰਾਰਧ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਪੂਰਵਾਰਧ ਵਿਚ 73 ਅਤੇ ਉੱਤਰਾਰਧ ਵਿਚ 57 ਅਧਿਆਇ ਹਨ। ਕੁੱਲ ਛੰਦ-ਸੰਖਿਆ 9700 ਹੈ।"[98] ਇਹ ਕਵੀ ਜੀ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਖੋਜ ਭਰਪੂਰ ਗ੍ਰੰਥ ਹੈ ਜੋ ਉਨ੍ਹਾਂ ਦੇ ਜੀਵਨ ਦੇ ਹਰ ਪਹਿਲੂ ਨੂੰ ਉਘਾੜਦਾ ਹੈ।

### ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰੰਥ, ਕ੍ਰਿਤ ਮਹਾਂਕਵੀ ਸੰਤੋਖ ਸਿੰਘ ਜੀ

ਇਹ ਗ੍ਰੰਥ ਕਵੀ ਸੰਤੋਖ ਸਿੰਘ ਜੀ ਦੇ ਜੀਵਨ ਦੀ ਆਖ਼ਰੀ ਅਤੇ ਸਰਵੋਤਮ ਰਚਨਾ ਹੈ। "ਇਸ ਗ੍ਰੰਥ ਨੂੰ ਕਵੀ ਜੀ ਨੇ ਸੰ. 1893 ਬਿ. (1836 ਈ.) ਵਿਚ ਕੈਥਲ ਨਗਰ ਅੰਦਰ ਲਿਖਣਾ ਸ਼ੁਰੂ ਕਰਕੇ 7 ਸਾਲ ਦੀ ਲਗਾਤਾਰ ਸਾਧਨਾ ਤੋਂ ਬਾਅਦ 1900 ਬਿ. (1843 ਈ.) ਵਿਚ ਪੂਰਾ ਕੀਤਾ। ਇਸ ਗ੍ਰੰਥ ਦੇ ਨਾਮ ਅਨੁਸਾਰ ਇਹ ਗੁਰੂ ਸਾਹਿਬਾਨ ਦੇ ਪ੍ਰਤਾਪ ਦਾ ਸੂਰਜ ਹੈ। ਇਸ ਲਈ ਸਾਰੇ ਕਥਾਨਕ ਨੂੰ ਸੂਰਜ ਦੀ ਗਤੀ ਅਨੁਸਾਰ 12 ਰਾਸਾਂ, 6 ਰੁੱਤਾਂ ਅਤੇ 2 ਐਨਾਂ (ਅਯਨਾਂ) ਵਿਚ ਵੰਡਿਆ ਹੋਇਆ ਹੈ। ਇਸ ਤਰ੍ਹਾਂ ਇਸ ਗ੍ਰੰਥ ਦੇ ਕੁੱਲ ਵੀਹ ਅਧਿਆਇ ਬਣਦੇ ਹਨ। ਇਨ੍ਹਾਂ ਅਧਿਆਵਾਂ ਨੂੰ ਅੱਗੋਂ 1151 ਅੰਸੂਆਂ/ਕਿਰਨਾਂ ਵਿਚ ਵੰਡਿਆ ਹੋਇਆ ਹੈ। ਇਸ

[97] ਗਿ, ਗੁਰਚਰਨ ਸਿੰਘ ਮੁਕਤਸਰੀ, ਭਾਈ ਸੰਤੋਖ ਸਿੰਘ ਜੀ, ਰੂਪ ਸਿੰਘ (ਸੰਪਾ.), *ਪ੍ਰਮੁੱਖ ਸਿੱਖ ਸ਼ਖ਼ਸੀਅਤਾਂ*, ਪੰਨਾ 166.

[98] ਜੈ ਭਗਵਾਨ ਗੋਇਲ, *ਮਹਾਂਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ*, ਪੰਨਾ 10.

ਵਿਚ ਕੁੱਲ ਛੰਦ ਗਿਣਤੀ 51829 ਹੈ।"[99] ਕਵੀ ਸੰਤੋਖ ਸਿੰਘ ਜੀ ਦੁਆਰਾ ਰਚਿਤ ਇਸ ਗ੍ਰੰਥ ਵਿਚ ਦੂਜੇ ਗੁਰੂ ਸਾਹਿਬ ਤੋਂ ਲੈ ਕੇ ਬੰਦਾ ਸਿੰਘ ਬਹਾਦਰ ਦੇ ਜੀਵਨ ਚਰਿਤ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਗ੍ਰੰਥ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਯਾਤਰਾਵਾਂ ਦਾ ਵਿਸਤਾਰ ਸਹਿਤ ਵਰਣਨ ਕੀਤਾ ਹੋਇਆ ਹੈ। ਛੇਵੇਂ ਅਤੇ ਦਸਵੇਂ ਗੁਰੂ ਸਾਹਿਬ ਦੇ ਯੁੱਧਾਂ ਦਾ ਵਰਣਨ ਬਾਰੀਕੀ ਨਾਲ ਚਿਤਰਿਆ ਹੈ।

ਸਿੱਖ ਧਰਮ ਦੀ ਜਾਣਕਾਰੀ ਭਰਪੂਰ ਇਸ ਗ੍ਰੰਥ ਦੀ ਅਰੰਭਤਾ ਤੋਂ ਪਹਿਲਾਂ ਵੀ ਕਵੀ ਜੀ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਬਹੁਤ ਸਾਰੀ ਸਮੱਗ੍ਰੀ ਇਕੱਤਰ ਕਰ ਲਈ ਸੀ। ਉਨ੍ਹਾਂ ਇਸ ਲਈ ਪੀੜ੍ਹੀ-ਦਰ-ਪੀੜ੍ਹੀ ਚਲੀਆਂ ਆਉਂਦੀਆਂ ਸਾਖੀਆਂ ਅਤੇ ਬਜ਼ੁਰਗਾਂ ਤੋਂ ਜਾਣਕਾਰੀ ਇਕੱਠੀ ਕੀਤੀ। ਇਸ ਤਰ੍ਹਾਂ ਇਹ ਗ੍ਰੰਥ 20 ਸਾਲ ਤੋਂ ਵੱਧ ਸਮੇਂ ਵਿਚ ਇਕੱਤਰ ਕੀਤੀ ਸਮੱਗ੍ਰੀ ਦੀ ਰਚਨਾ ਕਰਨ ਤੋਂ ਬਾਅਦ ਹੋਂਦ ਵਿਚ ਆਇਆ। ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ ਇਹ 'ਸ੍ਰੀ ਗੁਰੁ ਪ੍ਰਤਾਪ ਸੂਰਜ' ਗ੍ਰੰਥ ਮਹਾਂਭਾਰਤ ਤੋਂ ਬਾਅਦ ਦੂਜਾ ਵਡ-ਅਕਾਰੀ ਗ੍ਰੰਥ ਹੈ, ਜੋ ਭਾਸ਼ਾ ਵਿਭਾਗ ਪੰਜਾਬ ਨੇ 14 ਜਿਲਦਾਂ ਵਿਚ ਛਾਪਿਆ ਹੈ।

ਨਿਰਮਲੇ ਵਿਦਵਾਨ ਕਵੀ ਸੰਤੋਖ ਸਿੰਘ ਜੀ ਨੇ ਉਕਤ ਤੋਂ ਇਲਾਵਾ ਹੋਰ ਵੀ ਕਈ ਉੱਚ ਪੱਧਰ ਦੇ ਗ੍ਰੰਥ ਰਚੇ ਹਨ। ਇਨ੍ਹਾਂ ਦੇ ਗੁਣਾ ਤੋਂ ਪ੍ਰਭਾਵਿਤ ਕੈਥਲ ਨਰੇਸ਼ ਨੇ ਇਨ੍ਹਾਂ ਨੂੰ ਸ਼ੇਰਾਂ ਵਾਲੀ ਹਵੇਲੀ ਵਿਚ ਪਰਮ ਸਤਿਕਾਰ ਨਾਲ ਰੱਖਿਆ ਅਤੇ ਬਾਲਮੀਕੀ ਰਾਮਾਇਣ ਦੇ ਬ੍ਰਜ ਭਾਸ਼ਾ ਵਿਚ ਅਨੁਵਾਦ ਕਰਨ ਬਦਲੇ 'ਮੋਰਥਲੀ' ਪਿੰਡ ਇਨਾਮ ਵਿਚ ਦਿੱਤਾ। ਆਪ ਜੀ ਦੇ ਅਮੁੱਲ ਸਾਹਿਤਕ ਯੋਗਦਾਨ ਕਰਕੇ ਹੀ ਇਨ੍ਹਾਂ ਨੂੰ 'ਮਹਾਂਕਵੀ' ਜਿਹੇ ਸਨਮਾਨ-ਜਨਕ ਲਕਬ ਨਾਲ ਯਾਦ ਕੀਤਾ ਜਾਂਦਾ ਹੈ। ਮਹਾਂਕਵੀ ਸੰਤੋਖ ਸਿੰਘ ਦੁਆਰਾ ਰਚਿਤ 'ਸ੍ਰੀ ਗੁਰੁ ਪ੍ਰਤਾਪ ਸੂਰਜ' ਅਤੇ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਗ੍ਰੰਥ ਸਿੱਖ ਧਰਮ ਦਾ ਸੰਪੂਰਨ ਇਤਿਹਾਸ ਸਮੋਈ ਬੈਠੇ ਹਨ, ਜੋ ਸਿੱਖ ਇਤਿਹਾਸ ਦਾ ਵਡਮੁੱਲਾ ਧਾਰਮਿਕ ਸਰਮਾਇਆ ਹੈ।

**ਗਿਆਨੀ ਗਿਆਨ ਸਿੰਘ ਜੀ**

ਨਿਰਮਲ ਸੰਪ੍ਰਦਾਇ ਦੇ ਵਿਦਵਾਨ ਗਿਆਨੀ ਗਿਆਨ ਸਿੰਘ ਇਕ ਚੰਗੇ ਇਤਿਹਾਸਕਾਰ ਸਨ। ਇਨ੍ਹਾਂ ਨੇ ਸਿੱਖ ਇਤਿਹਾਸ ਦੇ ਕਈ ਵਡਮੁੱਲੇ ਗ੍ਰੰਥਾਂ ਦੀ ਰਚਨਾ ਕੀਤੀ ਹੈ। ਇਨ੍ਹਾਂ ਦੇ ਰਚੇ ਗ੍ਰੰਥਾਂ ਵਿਚੋਂ ਸਮੁੱਚਾ ਸਿੱਖ ਇਤਿਹਾਸ ਰੂਪਮਾਨ ਹੁੰਦਾ ਹੈ ਜੋ ਇਨ੍ਹਾਂ ਦੀ ਲਗਨ ਅਤੇ ਸਖ਼ਤ ਮਿਹਨਤ ਦਾ ਨਤੀਜਾ ਹੈ। ਸਿੱਖ ਇਤਿਹਾਸ

[99] ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਭਾਗ ਪਹਿਲਾ, ਪੰਨੇ 644-45.

ਦਾ ਵਿਵੇਚਨ ਕਰਦੇ ਜਿਗਿਆਸੂ ਇਨ੍ਹਾਂ ਦੇ ਗ੍ਰੰਥਾਂ ਦਾ ਪੂਰਾ ਲਾਹਾ ਲੈਂਦੇ ਹਨ। ਇਨ੍ਹਾਂ ਦਾ ਜੀਵਨ ਸੰਘਰਸ਼ ਭਰਿਆ ਰਿਹਾ ਹੈ। ਇਹ 1841 ਈ. ਵਿਚ ਪਟਿਆਲਾ ਫ਼ੌਜ ਵਿਚ ਭਰਤੀ ਹੋਏ ਅਤੇ 1849 ਈ. ਵਿਚ ਹੋਈ ਇਕ ਲੜਾਈ ਵਿਚ ਇਨ੍ਹਾਂ ਦੀ ਇਕ ਲੱਤ ਨਕਾਰਾ ਹੋ ਗਈ, ਨੌਕਰੀ ਛੁਟ ਗਈ। ਅਤਿ ਦੀ ਗਰੀਬੀ ਤੋਂ ਤੰਗ ਆ ਕੇ "ਇਕ ਦਿਨ ਪਿੰਡੋਂ ਬਾਹਰ ਜੰਗਲ ਵਿਚ ਗੈਰ ਆਬਾਦ ਖੂਹ ਵਿਚ ਛਾਲ ਮਾਰ ਕੇ ਆਤਮਘਾਤ ਕਰਨ ਹੀ ਲੱਗੇ ਸਨ ਕਿ ਕਿਸੇ ਨੇ ਪਿਛੋਂ ਆ ਕੇ ਬਾਂਹ ਫੜ ਲਈ। ਇਹ ਸੰਤ ਜਾਨਕੀ ਦਾਸ ਸਨ। ਬਾਅਦ ਵਿਚ ਇਨ੍ਹਾਂ ਦੇ ਤਾਇਆ ਪ੍ਰੇਮ ਸਿੰਘ ਨੇ ਆਪ ਨੂੰ ਪਟਿਆਲੇ ਗ੍ਰੰਥੀ ਸਿੰਘਾਂ ਵਿਚ ਭਰਤੀ ਕਰਵਾ ਦਿੱਤਾ।"[100] ਇਹ ਇਨ੍ਹਾਂ ਦੇ ਜੀਵਨ ਦੀ ਮਹੱਤਵਪੂਰਨ ਘਟਨਾ ਸੀ। ਇਸ ਘਟਨਾ ਉਪਰੰਤ ਇਨ੍ਹਾਂ ਨੇ ਮਹੱਤਵਪੂਰਨ ਕਾਰਜ ਅਰੰਭ ਕੀਤੇ ਜਿਨ੍ਹਾਂ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਹੈ।

ਗਿਆਨੀ ਗਿਆਨ ਸਿੰਘ ਜੀ ਦੇ ਸਰੀਰਕ ਅਤੇ ਆਰਥਿਕ ਹਾਲਾਤ ਕੋਈ ਬਹੁਤੇ ਚੰਗੇ ਨਹੀਂ ਰਹੇ। ਜਿਨ੍ਹਾਂ ਦਾ ਜ਼ਿਕਰ ਆਪ ਨੇ ਆਪਣੀਆਂ ਲਿਖਤਾਂ ਵਿਚ ਕੀਤਾ ਹੈ। ਆਪ ਨੇ "ਸਿੱਖ ਇਤਿਹਾਸ ਲਿਖਣ ਲਈ ਸਮੱਗਰੀ ਇਕੱਠੀ ਕਰਨ ਲੱਗ ਪਏ। ਇਹ 'ਗੁਰੂ ਧਾਮ ਸੰਗ੍ਰਹਿ' ਵਿਚ ਲਿਖਦੇ ਹਨ:[101]

ਕੁਲ ਕਾਰਜ ਮਮ ਦੋਊ ਥੇ ਖੇਤੀ ਔ ਸੰਗ੍ਰਾਮ।
ਲਾਤ ਨਿਕਾਰੀ ਹੋਨ 'ਤੇ ਛੁੱਟ ਗਏ ਦੋਨੋ ਕਾਮ।

..........

ਭੋ ਗਯਾਨ ਹਰਿ ਤੇਗ ਹਲ ਛੁਟੇ ਤੇ ਨ ਕਰ ਸ਼ੋਕ।
ਹਲ ਤਲਵਾਰੋਂ ਬਲੀ ਹੈ ਤੁੱਛ ਕਲਮ ਕੀ ਨੋਕ।
ਕਲਮ ਪਕੜ ਕਰ ਦਾਹਨੇ ਵੇਸ ਫਕੀਰੀ ਧਾਰ।
ਦੇਸ਼ ਰਟਨ ਕਰ ਪੰਥ ਕੀ ਸੇਵਾ ਕਰ ਦਿਲ ਠਾਰ।"

ਉਕਤ ਬਿਰਤਾਂਤ ਦਸਦਾ ਹੈ ਕਿ ਇਨ੍ਹਾਂ ਨੇ ਕਲਮ ਦੀ ਤਾਕਤ ਨੂੰ ਪਛਾਣਦੇ ਹੋਏ ਫ਼ਕੀਰੀ ਵਿਰਤੀ ਨਾਲ ਵੱਖ-ਵੱਖ ਇਤਿਹਾਸਕ ਸੋਮਿਆਂ ਤੋਂ ਜਾਣਕਾਰੀ ਇਕੱਤਰ ਕਰਨ ਲਈ ਭ੍ਰਮਣ ਕਰਨਾ ਸ਼ੁਰੂ ਕਰ ਦਿੱਤਾ।

---

100 ਗਿ. ਕਿਰਪਾਲ ਸਿੰਘ, ਗਿਆਨੀ ਗਿਆਨ ਸਿੰਘ ਜੀ, ਰੂਪ ਸਿੰਘ (ਸੰਪਾ.), *ਪ੍ਰਮੁੱਖ ਸਿੱਖ ਸ਼ਖ਼ਸੀਅਤਾਂ*, ਪੰਨਾ 191.

101 ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਪਹਿਲਾ, ਪੰਨਾ 590.

ਇਨ੍ਹਾਂ ਨੇ ਮਿਹਨਤ ਨਾਲ ਜਾਣਕਾਰੀ ਇਕੱਤਰ ਕਰਕੇ ਕਈ ਗ੍ਰੰਥਾਂ ਦੀ ਰਚਨਾ ਕੀਤੀ, ਜਿਸ ਵਿਚੋਂ ਪ੍ਰਮੁੱਖ 'ਸ੍ਰੀ ਗੁਰੂ ਪੰਥ ਪ੍ਰਕਾਸ਼' ਬਾਰੇ ਇਥੇ ਚਰਚਾ ਕਰਾਂਗੇ:

**ਸ੍ਰੀ ਗੁਰੂ ਪੰਥ ਪ੍ਰਕਾਸ਼ (ਪੰਥ ਪ੍ਰਕਾਸ਼), ਕ੍ਰਿਤ ਗਿਆਨੀ ਗਿਆਨ ਸਿੰਘ ਜੀ**

ਗਿਆਨੀ ਗਿਆਨ ਸਿੰਘ ਜੀ ਹਾਲਾਤ ਵਸ ਪਟਿਆਲੇ ਆ ਗਏ ਅਤੇ ਪੰਡਿਤ ਤਾਰਾ ਸਿੰਘ ਨਰੋਤਮ ਦੇ ਸ਼ਿਸ਼ ਬਣ ਗਏ। ਉਨ੍ਹਾਂ ਤੋਂ ਇਨ੍ਹਾਂ ਨੇ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੇ ਗ੍ਰੰਥ ਪੜ੍ਹੇ ਅਤੇ ਵੀਚਾਰੇ। ਨਰੋਤਮ ਜੀ ਦੇ ਨਾਲ ਸਿੱਖ ਇਤਿਹਾਸ ਨੂੰ ਲਿਖਣ ਬਾਰੇ ਵਿਚਾਰ ਹੋਈ। ਇਸ ਸਮੇਂ "ਪਹਿਲਾਂ 'ਸ੍ਰੀ ਗੁਰੂ ਪੰਥ ਪ੍ਰਕਾਸ਼' (ਸ. ਰਤਨ ਸਿੰਘ ਭੰਗੂ), ਸ੍ਰੀ ਗੁਰੂ ਬੰਸ ਬਿਨੋਦ (ਕਾਵਿ ਬੰਸ, ਪਟਿਆਲਵੀ), ਸ੍ਰੀ ਅਕਾਲ ਨਾਟਕ ਨਾਮੀ ਪੰਥ ਪ੍ਰਕਾਸ਼ (ਸੰਤ ਨਿਹਾਲ ਸਿੰਘ) ਆਦਿ ਕਈ ਪੰਥ ਪ੍ਰਕਾਸ਼ ਬਣ ਚੁੱਕੇ ਸਨ। ਫੇਰ ਇਸ ਪੰਥ ਪ੍ਰਕਾਸ਼ ਦੀ ਲੋੜ ਇਸ ਕਰਕੇ ਪਈ ਕਿ ਪਹਿਲੇ ਪੰਥ ਪ੍ਰਕਾਸ਼ ਬਹੁਤ ਕਰਕੇ ਪੰਥ ਦੇ ਪ੍ਰਕਾਸ਼ ਦੀ ਮੁਕੰਮਲ ਤਸਵੀਰ ਨਹੀਂ ਸਨ। ਉਹ ਹਿਠਾੜ ਸਤਲੁਜ ਦੇ ਇਲਾਕਾਈ ਸਿੱਖਾਂ ਨਾਲ ਏਨਾਂ ਸੰਬੰਧ ਨਹੀਂ ਸਨ ਰੱਖਦੇ, ਜਿਨ੍ਹਾਂ ਚਾਹੀਦਾ ਸੀ। ਫੂਲਕੀਆਂ ਰਿਆਸਤਾਂ, ਨਾਭਾ, ਪਟਿਆਲਾ, ਜੀਂਦ ਅਤੇ ਕੈਥਲ ਵਾਲੇ ਭਾਈ ਕਿਆਂ ਦਾ ਇਤਿਹਾਸਕ ਹਾਲ ਉਨ੍ਹਾਂ ਵਿਚ ਨਹੀਂ ਸੀ।"[102] ਕੁੱਝ ਗ੍ਰੰਥਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਮਿਸਲਾਂ ਦੇ ਸਮੇਂ ਤੱਕ ਦਾ ਹੀ ਇਤਿਹਾਸ ਸੀ। ਪੰਡਿਤ ਤਾਰਾ ਸਿੰਘ ਜੀ ਦੀ ਪ੍ਰੇਰਨਾ ਨਾਲ ਆਪ ਨੇ ਉਸ ਸਮੇਂ ਤੱਕ ਦੇ ਸੰਪੂਰਨ ਸਿੱਖ ਇਤਿਹਾਸ ਲਿਖਣ ਲਈ ਕਲਮ ਚੁੱਕੀ ਅਤੇ ਆਪ ਨੇ 'ਸ੍ਰੀ ਗੁਰੁ ਪੰਥ ਪਰਕਾਸ਼' ਸਿਰਲੇਖ ਅਧੀਨ ਸਮੁਚੇ ਸਿੱਖ ਇਤਿਹਾਸ ਨੂੰ ਕਲਮਬੱਧ ਕੀਤਾ। ਆਪ ਨੇ ਇਸ ਦੀ (ਪੰਥ ਪ੍ਰਕਾਸ਼) ਅਰੰਭਤਾ ਵਿਚ ਹੀ ਇਸਦੇ ਕਲਮਬੱਧ ਕਰਨ ਦੇ ਮਨੋਰਥ ਨੂੰ ਸਪਸ਼ਟ ਕਰ ਦਿੱਤਾ। ਆਪਣੇ ਭਾਵਾਂ ਨੂੰ ਵਿਅਕਤ ਕਰਦੇ ਹੋਏ ਇਹ ਲਿਖਦੇ ਹਨ:[103]

ਚੌਪਈ

ਨਗਰ ਪਟਿਆਲਾ ਸੁਭ ਅਸਥਾਨ। ਫੂਲਬੰਸ ਜਿਹ ਭੂਪ ਲਹਾਨ।
ਤਹਿ ਪੰਡਤ ਤਾਰਾ ਮ੍ਰਿਗੇਸੂ। ਬਿਦਯਾ ਗੁਰਮਮ ਰਹਿਤ ਬਸੇਸੂ
ਇਕ ਦਿਨ ਉਨ ਆਗਯਾ ਮੋਹਿ ਦੀਨੀ। ਤੁਮ ਪੋਥੀ ਇਹ ਰਚੋ ਨਵੀਨੀ।

---

102 ਸ਼ਮਸ਼ੇਰ ਸਿੰਘ ਅਸ਼ੋਕ, ਸਾਡਾ ਪਹਿਲਾ ਇਤਿਹਾਸਕਾਰ-ਗਿਆਨੀ ਗਿਆਨ ਸਿੰਘ, ਗੁਰਦਿੱਤ ਸਿੰਘ ਗਿਆਨੀ (ਸੰਪਾ.), *ਸਿੰਘ ਸਭਾ ਪਤ੍ਰਿਕਾ* (ਮਾਸਕ), ਜੂਨ 1979, ਪੰਨੇ 57-58.

103 ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 5.

ਨਾਮ ਗ੍ਰੰਥ ਪੰਥ ਪੰਥ ਪ੍ਰਕਾਸ਼। ਜੱਦਪਿ ਰਚਯੋ ਰਤਨ ਸਿੰਘ ਖਾਸ।

ਪਰਵਹਿ ਅਤਿ ਢੀਲੀ ਕਵਿਤਾਈ। ਮਤਲਬ ਥੋਰਾ ਬਹੁ ਫੈਲਾਈ।

ਇਨ੍ਹਾਂ ਨੂੰ ਪਹਿਲੇ ਰਚੇ ਗਏ 'ਸ੍ਰੀ ਗੁਰੂ ਪੰਥ ਪ੍ਰਕਾਸ਼' (ਸ. ਰਤਨ ਸਿੰਘ ਭੰਗੂ) ਵਿਚ ਕਈ ਕਮਜ਼ੋਰੀਆਂ ਮਹਿਸੂਸ ਹੋਈਆਂ। ਇਹ ਕਮਜ਼ੋਰੀਆਂ ਵੀ ਇਨ੍ਹਾਂ ਦੁਆਰਾ 'ਪੰਥ ਪ੍ਰਕਾਸ਼' ਰਚੇ ਜਾਣ ਦਾ ਕਾਰਨ ਬਣੀਆਂ। ਇਨ੍ਹਾਂ ਨੇ ਮਹਿਸੂਸ ਕੀਤਾ ਕਿ ਇਕ ਸਿੱਖ ਇਤਿਹਾਸਕਾਰ ਦੇ ਨਾਤੇ ਇਲਾਕਾ ਪ੍ਰਸਤੀ ਤੋਂ ਉਪਰ ਉੱਠ ਕੇ ਹਰ ਇਲਾਕੇ ਦੇ ਗੁਰਸਿੱਖ ਨੂੰ ਭਾਈ ਸਮਝ ਕੇ ਪੈਦਾ ਹੋਏ ਇਲਾਕਾਈ ਅਤੇ ਜਾਤੀ ਪਾੜਿਆਂ ਨੂੰ ਮੇਟਣ ਦਾ ਯਤਨ ਕਰਨਾ ਚਾਹੀਦਾ ਹੈ ਜਿਸਦਾ ਵਰਨਣ ਗਿਆਨੀ ਜੀ ਲਿਖਦੇ ਹਨ:[104]

ਪੱਖ ਨ ਕਿਸ ਹੀ ਕਾ ਪੁਨ ਚਾਹੀਏ। ਸਾਚ ਸਾਚ ਸਭ ਹੀ ਕਹਿ ਦਈਏ।

ਰਤਨ ਸਿੰਘ ਜੋ ਗਾਥ ਬਣਾਈ। ਤਿਸ ਮਹਿ ਕਰਯੋ ਪੱਖ ਅਧਿਕਾਈ।

ਮਹਿਮਾ ਅਧਿਕ ਮਝੈਲਨ ਕੇਰੀ। ਨਿੰਦਯਾ ਮਲਵੱਈਅਨ ਕੀ ਟੇਰੀ।

ਰਤਨ ਸਿੰਘ ਭੀ ਹੁਤੋ ਮਝੈਲ, ਗਹਯੋ ਯਾਹਿ ਤੇ ਉਨ ਯਹਿ ਗੈਲ।

ਬਲਿਕੇ ਲਿਖਤਿ ਬਾਹੁਤ ਨਾ ਐਸੇ, ਬਢੇ ਬਿਬਾਦ ਪੰਥ ਮਹਿਂ ਜੈਸੇ।

ਕਾਇਰ ਕੂਰ ਬਿਅਕਲ ਬਤਾਵਤ, ਮਲਵੱਈਅਨ ਕੋ ਢੱਗੇ ਗਾਵਤ।

ਉਕਤ ਗ੍ਰੰਥਾਂ ਵਿਚਲੀਆਂ ਕਮਜ਼ੋਰੀਆਂ ਨੂੰ ਦੂਰ ਕਰਕੇ ਬਾ-ਤਰਤੀਬ ਸਿੱਖ ਇਤਿਹਾਸ ਲਿਖਣ ਲਈ ਗਿਆਨੀ ਗਿਆਨ ਸਿੰਘ ਜੀ ਨੇ ਖੋਜ ਕੇਵਲ ਲਾਇਬ੍ਰੇਰੀਆਂ ਵਿਚ ਬੈਠ ਕੇ ਨਹੀਂ ਕੀਤੀ ਸਗੋਂ ਉਨ੍ਹਾਂ ਉਹ ਟਿਕਾਣੇ ਅਤੇ ਗੁਰ-ਸਥਾਨ ਅੱਖਾਂ ਨਾਲ ਦੇਖੇ ਜਿੱਥੇ ਗੁਰੂ ਸਾਹਿਬਾਨ ਪਧਾਰੇ ਸਨ। ਉਨ੍ਹਾਂ ਉਸ ਸਮੇਂ ਜਿਉਂਦੇ ਬਿਰਧ ਬਜ਼ੁਰਗਾਂ ਤੋਂ ਪੁੱਛ ਕੇ ਤੱਤ ਕੱਢ ਕੇ ਗ੍ਰੰਥਾਂ ਦੀ ਰਚਨਾ ਕੀਤੀ। ਉਸ ਸਮੇਂ ਅਜੋਕੇ ਸਮੇਂ ਵਰਗੇ ਆਵਾਜਾਈ ਦੇ ਸਾਧਨ ਤੇ ਸਹੂਲਤਾਂ ਨਹੀਂ ਸਨ। ਪੁਰਾਤਨ ਵਿਦਵਾਨ ਤੇ ਖੋਜੀਆਂ ਦੀ ਸਰਪ੍ਰਸਤੀ ਧਨਾਢ ਵਿਅਕਤੀ ਅਤੇ ਰਾਜੇ-ਮਹਾਰਾਜੇ ਕਰਦੇ ਸਨ ਪਰ ਗਿਆਨੀ ਜੀ ਦੀ ਸਰਪਰਸਤੀ ਕਰਨ ਵਾਲਾ ਕੋਈ ਨਹੀਂ ਸੀ। ਉਨ੍ਹਾਂ ਨੂੰ ਲਗਨ ਸੀ ਕਿ ਸਿੱਖ ਇਤਿਹਾਸ ਲਿਖਣ ਦਾ ਕਾਰਜ ਮੈਂ ਕਰਨਾ ਹੈ ਇਸ ਲਈ ਉਨ੍ਹਾਂ ਨੇ 1911 ਬਿ. ਤੋਂ ਲੈ ਕੇ 1952 ਬਿ. ਤੱਕ ਲਗਭਗ 41 ਸਾਲ ਇਸ ਲਈ ਜਾਣਕਾਰੀ ਇਕੱਤਰ ਕੀਤੀ। ਉਨ੍ਹਾਂ ਨੂੰ ਬਹੁਤੀ ਵਾਰ ਪੈਦਲ ਚੱਲ ਕੇ ਪਹਾੜਾਂ, ਜੰਗਲਾਂ ਅਤੇ ਰੇਤਲੇ ਮਾਰੂਥਲਾਂ ਦਾ ਸਫ਼ਰ ਵੀ ਕਰਨਾ ਪਿਆ। ਉਨ੍ਹਾਂ ਇਕੱਤਰਤ ਜਾਣਕਾਰੀ

---

104 ਗਿ. ਗਿਆਨ ਸਿੰਘ, ਗਿ. ਕਿਰਪਾਲ ਸਿੰਘ (ਸੰਪਾ.), *ਸ੍ਰੀ ਗੁਰੂ ਪੰਥ ਪ੍ਰਕਾਸ਼,* ਭਾਗ ਪਹਿਲਾ, ਪੰਨਾ 315.

ਨੂੰ ਪਹਿਲਾਂ ਬ੍ਰਿਜ ਭਾਸ਼ਾ ਕਾਵਿ ਰੂਪ ਰਾਹੀਂ 'ਸ੍ਰੀ ਗੁਰੁ ਪੰਥ ਪ੍ਰਕਾਸ਼' ਵਿਚ ਤੇ ਫਿਰ ਸ਼ੁੱਧ ਪੰਜਾਬੀ ਵਾਰਤਕ ਦੁਆਰਾ 'ਤਵਾਰੀਖ ਗੁਰੂ ਖ਼ਾਲਸਾ' (ਪੰਜ ਭਾਗ) ਦੇ ਰੂਪ ਵਿਚ ਅੰਕਿਤ ਕੀਤਾ।

ਇਨ੍ਹਾਂ ਨੇ ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਅਕਾਲੀ ਲਹਿਰ ਤੱਕ ਦੇ ਪੰਜ ਸੌ ਸਾਲਾਂ ਦਾ ਬਾ-ਤਰਤੀਬ ਸਿੱਖ ਇਤਿਹਾਸ ਲਿਖਿਆ ਹੈ। ਗ੍ਰੰਥ ਦੇ ਅੰਤ 'ਤੇ ਗਿਆਨੀ ਜੀ ਨੇ ਸਿੱਖਾਂ ਦੀਆਂ ਪ੍ਰਸਿੱਧ ਸੰਪ੍ਰਦਾਵਾਂ ਵਿਸ਼ੇਸ਼ ਕਰਕੇ ਨਾਮਧਾਰੀ, ਨਿਰਮਲੇ, ਉਦਾਸੀ, ਨਿਹੰਗ ਸਿੰਘ ਆਦਿ ਦਾ ਵੇਰਵਾ ਦਿੱਤਾ ਹੈ। ਇਸ ਗ੍ਰੰਥ ਦੀ ਰਚਨਾ ਸਮੇਂ ਗਿਆਨੀ ਜੀ ਨੇ ਅਨੇਕ ਛੰਦ ਤੇ ਕਾਵਿਕ ਭੇਦ ਵਰਤੇ ਹਨ, ਅਲੰਕਾਰ ਤੇ ਸ਼ਬਦ ਚਿੱਤਰ ਹਨ, ਉਨ੍ਹਾਂ ਦੀ ਗਦ ਤੇ ਪਦ ਦੀ ਸ਼ਬਦ ਚੋਣ ਬਹੁਤ ਸੁਚੱਜੀ ਹੈ। ਗਿਆਨੀ ਗਿਆਨ ਸਿੰਘ ਜੀ ਦੀ ਇਹ ਵਡ-ਅਕਾਰੀ ਰਚਨਾ ਹੈ। ਇਸ ਗ੍ਰੰਥ ਦੀ ਰਚਨਾ ਨੇ ਸਿੱਖ ਧਰਮ ਦੇ ਹਰ ਪੱਖ ਦਾ ਇਤਿਹਾਸ ਅੰਕਿਤ ਕੀਤਾ ਹੈ ਜਿਸ ਨਾਲ ਸਿੱਖ ਧਰਮ ਦੀਆਂ ਪ੍ਰਾਪਤੀਆਂ ਯੁਗ-ਗਰਦੀਆਂ ਦਾ ਸ਼ਿਕਾਰ ਹੋਣ ਤੋਂ ਬਚ ਗਈਆਂ। ਗਿਆਨੀ ਗਿਆਨ ਸਿੰਘ ਜੀ ਨੇ ਇਕ ਪ੍ਰਕਾਰ ਮਹਾਂਕਵੀ ਸੰਤੋਖ ਸਿੰਘ ਜੀ ਦੁਆਰਾ ਰਚੇ ਸਿੱਖ ਇਤਿਹਾਸ ਵਿਚੋਂ ਛੁਟੇ ਕੁੱਝ ਤੱਥਾਂ ਨੂੰ ਉਜਾਗਰ ਕਰਕੇ ਅੱਗੇ ਤੋਰਿਆ ਹੈ। ਮਹਾਂਕਵੀ ਜੀ ਨੇ ਪਹਿਲੇ ਗੁਰੂ ਸਾਹਿਬ ਤੋਂ ਬੰਦਾ ਸਿੰਘ ਬਹਾਦਰ ਤੱਕ ਦੇ ਜੀਵਨ ਬ੍ਰਿਤਾਂਤ ਨੂੰ ਰਚਿਆ ਸੀ, ਗਿਆਨੀ ਗਿਆਨ ਸਿੰਘ ਜੀ ਨੇ ਉਸ ਤੋਂ ਵੀ ਅੱਗੇ ਲਹਿਰਾਂ ਤੱਕ ਦੇ ਇਤਿਹਾਸ ਨੂੰ ਇਸ ਗ੍ਰੰਥ ਵਿਚ ਅੰਕਿਤ ਕੀਤਾ ਹੈ।

'ਸ੍ਰੀ ਗੁਰੁ ਪੰਥ ਪ੍ਰਕਾਸ਼' ਪਹਿਲੀ ਵਾਰ 1878 ਈ. ਵਿਚ ਦਿੱਲੀ ਤੋਂ ਪ੍ਰਕਾਸ਼ਿਤ ਹੋਇਆ। ਇਸ ਉਪਰੰਤ ਉਨ੍ਹਾਂ ਦੇ ਜਿਉਂਦੇ ਜੀਅ ਇਸ ਵਿਚ ਉਨ੍ਹਾਂ ਵੱਲੋਂ ਕੀਤੇ ਵਾਧਿਆਂ ਨਾਲ ਫਿਰ ਛਪਿਆ। ਗਿਆਨੀ ਗਿਆਨ ਸਿੰਘ ਜੀ ਦੇ ਸਮੇਂ ਤੱਕ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਜਿਆਦਾਤਰ ਗੁਰਮਤਿ ਨਾਲ ਸੰਬੰਧਿਤ ਗ੍ਰੰਥਾਂ ਦੀ ਰਚਨਾ ਕੀਤੀ ਸੀ। ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ (ਕਾਵਿ ਰੂਪ) ਤੇ ਤਵਾਰੀਖ ਗੁਰੂ ਖ਼ਾਲਸਾ ਵਿਚ ਆਪਣੀ ਖੋਜ-ਪ੍ਰਤਿਭਾ ਨਾਲ ਪੂਰਾ ਸਿੱਖ ਇਤਿਹਾਸ ਲਿਖਿਆ ਹੈ। ਇਸ ਦੀ ਪ੍ਰਮਾਣਿਕਤਾ ਅਤੇ ਇਤਿਹਾਸਕ ਮਹੱਤਤਾ ਨੂੰ ਪ੍ਰਸਿੱਧ ਇਤਿਹਾਸਕਾਰਾਂ ਨੇ ਸਵੀਕਾਰ ਕੀਤਾ ਹੈ। ਬਾਅਦ ਦੇ ਇਤਿਹਾਸਕਾਰਾਂ ਦੀਆਂ ਲਿਖਤਾਂ ਵਿਚ ਗਿਆਨੀ ਗਿਆਨ ਸਿੰਘ ਜੀ ਦੇ ਇਤਿਹਾਸਕ ਗ੍ਰੰਥਾਂ ਵਿਚੋਂ ਹਵਾਲੇ ਦਿੱਤੇ ਮਿਲਦੇ ਹਨ। ਸਿੱਖ ਧਰਮ ਦੀ ਇਤਿਹਾਸਕ ਲਿਖਤ ਵਜੋਂ 'ਸ੍ਰੀ ਗੁਰੁ ਪੰਥ ਪ੍ਰਕਾਸ਼' ਵਡਮੁੱਲਾ ਸ੍ਰੋਤ ਹੈ।

ਗਿਆਨੀ ਗਿਆਨ ਸਿੰਘ ਨੇ ਆਪਣੇ ਗ੍ਰੰਥਾਂ ਵਿਚ ਵੱਡੇ ਪੱਧਰ 'ਤੇ ਸਿੱਖ ਇਤਿਹਾਸ ਦੀ ਰਚਨਾ ਕੀਤੀ ਹੈ। "ਆਪ ਦੀਆਂ ਇਤਿਹਾਸਕ ਰਚਨਾਵਾਂ, ਜੋ ਸਿੱਖ ਇਤਿਹਾਸ ਨੂੰ ਪਹਿਲੇ-ਪਹਿਲ ਮੁਕੰਮਲ ਰੂਪ ਵਿਚ ਪੇਸ਼

ਕਰਨ ਵਿਚ ਸਮਰਥ ਹੋਈਆਂ, ਉਹ ਹਨ- ਤਵਾਰੀਖ ਗੁਰੂ ਖ਼ਾਲਸਾ (3 ਭਾਗ), ਸ਼ਮਸ਼ੇਰ ਖ਼ਾਲਸਾ, ਰਾਜ ਖ਼ਾਲਸਾ (2 ਭਾਗ), *ਸ੍ਰੀ ਗੁਰੂ ਪੰਥ ਪ੍ਰਕਾਸ਼, ਨਿਰਮਲ ਪੰਥ ਪ੍ਰਦੀਪਕਾ, ਗੁਰਧਾਮ ਦੀਦਾਰ, ਰਿਪੁਦਮਨ ਪ੍ਰਕਾਸ਼* (ਪੰਜ ਭਾਗ), *ਇਤਿਹਾਸ ਬਾਗੜੀਆਂ, ਤਵਾਰੀਖ ਅੰਮ੍ਰਿਤਸਰ* ਆਦਿ। ਜੇ ਇਨ੍ਹਾਂ ਦੀਆਂ ਅਮੋਲਕ ਤਾਰੀਖ਼ੀ ਪੁਸਤਕਾਂ ਸਿੱਖ-ਸਾਹਿਤ ਵਿਚੋਂ ਕੱਢ ਲਈਆਂ ਜਾਣ ਤਾਂ ਸਿੱਖਾਂ ਪਾਸ ਇਤਿਹਾਸਕ ਵਿਰਸਾ ਬਹੁਤ ਘੱਟ ਰਹਿ ਜਾਂਦਾ ਹੈ। ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਗਿਆਨੀ ਗਿਆਨ ਸਿੰਘ ਜੀ ਕਿੰਨੇ ਉੱਚੇ ਵਿਦਵਾਨ ਤੇ ਲੇਖਕ ਸਨ।"[105] ਇਨ੍ਹਾਂ ਦੀਆਂ ਲਿਖਤਾਂ ਸਿੱਖ ਸਾਹਿਤ ਦਾ ਵਡਮੁੱਲਾ ਸਰਮਾਇਆ ਹਨ।

ਭਾਵੇਂ ਇਸ ਨਿਰਮਲੇ ਵਿਦਵਾਨ ਨੂੰ ਉਨ੍ਹਾਂ ਦੀਆਂ ਸਾਹਿਤਕ ਅਤੇ ਇਤਿਹਾਸਕ ਸੇਵਾਵਾਂ ਲਈ ਪੰਥ ਵੱਲੋਂ ਕੋਈ ਖ਼ਾਸ ਸਨਮਾਨ ਨਹੀਂ ਮਿਲਿਆ ਪਰ ਵਾਹਿਗੁਰੂ ਵੱਲੋਂ ਜੋ ਸਨਮਾਨ ਉਨ੍ਹਾਂ ਨੂੰ ਮਿਲਿਆ ਹੈ ਉਹ ਕਿਸੇ ਦੇ ਹਿੱਸੇ ਨਹੀਂ ਆਇਆ। ਉਹ ਹੈ, "ਸਿੱਖ ਜਗਤ ਵਿਚ ਅਰਦਾਸ ਮਗਰੋਂ ਅਸੀਂ ਸਾਰੇ ਹੇਠ ਲਿਖੇ ਗਿਆਨੀ ਜੀ ਦੇ ਦੋਹਰੇ ਨੂੰ ਬੜੀ ਸ਼ਰਧਾ ਤੇ ਪ੍ਰੇਮ ਨਾਲ ਪੜ੍ਹਦੇ ਚਲੇ ਆ ਰਹੇ ਹਾਂ ਜਿਸ ਵਿਚ ਦਸ਼ਮੇਸ਼ ਗੁਰੂ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰ ਗੱਦੀ ਦੇਣ ਦਾ ਭਾਵ ਸਮੋਇਆ ਹੈ।"[106]

ਦੋਹਿਰਾ

ਨਾਨਕ ਗੁਰੂ ਗੋਬਿੰਦ ਸਿੰਘ, ਪੂਰਨ ਹਰਿ ਅਵਤਾਰ॥
ਜਗਮਗ ਜੋਤਿ ਬਿਰਾਜਹੀ ਸ੍ਰੀ ਗੁਰੂ ਗ੍ਰੰਥ ਮਝਾਰ॥
ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ।
ਸਭਿ ਸਿੱਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭੁ ਕੋ ਮਿਲਯੋ ਚਹੇ, ਖੋਜ ਸਬਦ ਮੈਂ ਲੇਹ।[107]

---

105 ਸ਼ਮਸ਼ੇਰ ਸਿੰਘ ਅਸ਼ੋਕ, ਨਿਰਮਲੇ ਸਾਧੂਆਂ ਦੀ ਸਿੱਖ ਧਰਮ ਨੂੰ ਦੇਣ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 155.

106 ਡਾ. ਮਹਿੰਦਰ ਸਿੰਘ ਢਿਲੋਂ, ਵੱਡਾ ਪੰਥ ਪ੍ਰਕਾਸ਼ ਰਚਿਤ ਗਿਆਨੀ ਗਿਆਨ ਸਿੰਘ ਜੀ (ਸਰਬਾਂਗੀ ਅਧਿਐਨ), ਗੁਰਦਿੱਤ ਸਿੰਘ ਗਿਆਨੀ (ਸੰਪਾ.), *ਸਿੰਘ ਸਭਾ ਪਤ੍ਰਿਕਾ* (ਮਾਸਕ), ਜੁਲਾਈ 1979, ਪੰਨਾ 147.

107 ਗਿ. ਗਿਆਨ ਸਿੰਘ, ਗਿ. ਕਿਰਪਾਲ ਸਿੰਘ (ਸੰਪਾ.) *ਸ੍ਰੀ ਗੁਰੂ ਪੰਥ ਪ੍ਰਕਾਸ਼,* ਭਾਗ ਤੀਜਾ, ਪੰਨਾ 1719.
ਨੋਟ: ਮੌਜੂਦਾ ਸਮੇਂ ਸਿੱਖ ਅਰਦਾਸ ਤੋਂ ਬਾਅਦ ਗਿਆਨੀ ਗਿਆਨ ਸਿੰਘ ਜੀ ਦੇ ਉਕਤ ਦੋਹਰੇ ਨੂੰ ਸੋਧਣ ਉਪਰੰਤ ਇਸ ਤਰ੍ਹਾਂ ਬੋਲਿਆ ਜਾਂਦਾ ਹੈ:
ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।
ਸਬ ਸਿਖਨ ਕੋ ਹੁਕਮ ਹੈ ਗੁਰੂ ਮਾਨੀਯੋ ਗ੍ਰੰਥ।
ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਯੋ ਚਹੈ ਖੋਜ ਸ਼ਬਦ ਮੇਂ ਲੇਹ।

ਗਿਆਨੀ ਗਿਆਨ ਸਿੰਘ ਨੇ ਭ੍ਰਮਣ ਕਰਦਿਆਂ ਬਹੁਤ ਸਾਰੀ ਧਾਰਮਿਕ ਜਾਣਕਾਰੀ ਇਕੱਤਰ ਕਰ ਲਈ ਸੀ ਜਿਸ ਨੂੰ ਉਨ੍ਹਾਂ ਨੇ ਵੱਖ-ਵੱਖ ਗ੍ਰੰਥਾਂ ਅਤੇ ਵੱਖ-ਵੱਖ ਭਾਸ਼ਾਵਾਂ ਵਿਚ ਅੰਕਿਤ ਕੀਤਾ ਹੈ। ਇਤਿਹਾਸਕ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਨੇ 40 ਤੋਂ ਉਪਰ ਗ੍ਰੰਥਾਂ ਦੀ ਰਚਨਾ ਕੀਤੀ ਹੈ। ਇਹ ਉਨ੍ਹਾਂ ਦੀ 40-41 ਸਾਲਾਂ ਦੀ ਸਖ਼ਤ ਮਿਹਨਤ ਅਤੇ ਘਾਲਣਾ ਦਾ ਨਤੀਜਾ ਹਨ। ਇਨ੍ਹਾਂ ਗ੍ਰੰਥਾਂ ਦੀ ਰਚਨਾ ਦਸਦੀ ਹੈ ਕਿ ਗਿਆਨੀ ਗਿਆਨ ਸਿੰਘ ਜੀ ਨੇ ਸਿੱਖ ਇਤਿਹਾਸ ਨੂੰ ਕਾਨੀਬੱਧ ਕਰਕੇ ਧਾਰਮਿਕ ਖੇਤਰ ਵਿਚ ਉੱਤਮ ਯੋਗਦਾਨ ਦਿੱਤਾ ਹੈ।

ਜੇਕਰ ਸਿੱਖ ਸਾਹਿਤ ਖ਼ਾਸਕਰ ਨਿਰਮਲਾ ਸਾਹਿਤ ਵਿਚ ਇਤਿਹਾਸਕ ਪੱਖ ਤੋਂ ਚਰਚਾ ਕਰਨੀ ਹੋਵੇ ਤਾਂ ਉਕਤ ਦੋਨੋਂ ਨਿਰਮਲੇ ਵਿਦਵਾਨਾਂ ਦੇ ਸਾਹਿਤਕ ਯੋਗਦਾਨ ਤੋਂ ਬਿਨਾਂ ਪੂਰੀ ਹੋ ਹੀ ਨਹੀਂ ਸਕਦੀ ਕਿਉਂਕਿ ਉਕਤ ਵਿਦਵਾਨਾਂ ਨੇ ਸਦੀਆਂ ਦੇ ਸਿੱਖ ਇਤਿਹਾਸ ਨੂੰ ਬਾ-ਤਰਤੀਬ ਕਲਮਬੱਧ ਕੀਤਾ ਹੈ। ਇਹ ਇਤਿਹਾਸ ਦੇ ਪਹਿਲਾਂ ਲਿਖੇ ਗ੍ਰੰਥਾਂ ਵਿਚਲੇ ਖੱਪਿਆਂ ਨੂੰ ਕਾਫ਼ੀ ਹੱਦ ਤੱਕ ਪੂਰਦੇ ਹਨ। ਭਾਵੇਂ ਇਨ੍ਹਾਂ ਦੀਆਂ ਸਮਕਾਲੀ ਸਿੱਖ ਸੰਪ੍ਰਦਾਵਾਂ ਵਿਚੋਂ ਉਦਾਸੀਆਂ ਨੇ ਵੀ ਸਾਹਿਤ ਦੀ ਰਚਨਾ ਕੀਤੀ ਹੈ ਪ੍ਰੰਤੂ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਜੀ ਦੇ ਸਰੂਪ ਜਿਆਦਾ ਲਿਖੇ ਹਨ। ਸਿੱਖ ਇਤਹਾਸ ਜਿਆਦਾਤਰ ਨਿਰਮਲੇ ਵਿਦਵਾਨਾਂ ਨੇ ਕਲਮਬੱਧ ਕੀਤਾ ਹੈ।

ਭਾਈ ਸੰਤੋਖ ਸਿੰਘ ਜੀ ਨੇ ਲਗਭਗ ਢਾਈ ਸਦੀਆਂ ਦਾ ਇਤਿਹਾਸ ਲਿਖਿਆ ਅਤੇ ਗਿਆਨੀ ਗਿਆਨ ਸਿੰਘ ਜੀ ਨੇ ਉਨ੍ਹਾਂ ਤੋਂ ਵੀ ਦੁੱਗਣੇ ਸਮੇਂ ਦੇ ਸਿੱਖ ਇਤਿਹਾਸ ਨੂੰ ਕਲਮਬੱਧ ਕਰਨਾ ਸੀ ਇਹ ਕੋਈ ਛੋਟੀ ਗੱਲ ਨਹੀਂ ਸੀ ਇਕ ਤਾਂ 500 ਸਾਲ ਤੋਂ ਉਪਰ ਦਾ ਇਤਿਹਾਸ ਲਿਖਣਾ ਅਤੇ ਉਹ ਵੀ ਬਾ-ਤਰਤੀਬ, ਇਹ ਆਪਣੇ ਆਪ ਵਿਚ ਬਹੁਤ ਵੱਡੀ ਗੱਲ ਹੈ ਕਿਉਂਕਿ ਇਨ੍ਹੀ ਜਾਣਕਾਰੀ ਇਕੱਤਰ ਕਰਨਾ ਹਰ ਕਿਸੇ ਆਮ ਵਿਅਕਤੀ ਦੇ ਵਸ ਦੀ ਗੱਲ ਨਹੀਂ। ਇਨ੍ਹੇ ਲੰਬੇ ਅਰਸੇ ਦੇ ਸਿੱਖ ਇਤਿਹਾਸ ਨੂੰ ਅੰਕਿਤ ਕਰਨ ਸਮੇਂ ਕੁੱਝ ਉਣਤਾਈਆਂ ਰਹਿਣ ਦੀ ਸੰਭਾਵਨਾ ਬਣ ਜਾਂਦੀ ਹੈ ਕਿਉਂਕਿ ਮੁਗਲ ਬਾਦਸ਼ਾਹ ਤਾਂ ਆਪਣੇ ਦਰਬਾਰ ਵਿਚ ਹੱਥੀਂ ਰੋਜ਼ਨਾਮਚਾ ਲਿਖਵਾਉਂਦੇ ਸਨ ਪ੍ਰੰਤੂ ਭਾਰਤ ਵਿਚ ਇਤਿਹਾਸ ਲਿਖਣ ਦਾ ਰਿਵਾਜ ਨਹੀਂ ਸੀ। ਜਾਣਕਾਰੀ ਗੌਣ ਰੂਪ ਵਿਚ ਪ੍ਰਾਪਤ ਕਰਨ ਕਰਕੇ ਕਈ ਵਾਰ ਜਾਣਕਾਰੀ ਇਕੱਤਰ ਕਰਦਿਆਂ ਕਿਸੇ ਤੱਥ ਜਾਂ ਤਿੱਥ ਵਿਚ ਫ਼ਰਕ ਆਉਣਾ ਸੁਭਾਵਿਕ ਹੈ।

ਆਧੁਨਿਕ ਸਮੇਂ ਦੇ ਕੁੱਝ ਵਿਦਵਾਨ ਉਕਤ ਗ੍ਰੰਥਾਂ ਵਿਚਲੇ ਤੱਥਾਂ ’ਤੇ ਕਿੰਤੂ ਵੀ ਕਰਦੇ ਹਨ ਜੋ ਸਿੱਧੇ ਰੂਪ ਵਿਚ ਵਿਦਵਾਨਾਂ ਦੀ ਘਾਲਣਾ ਉੱਤੇ ਉਂਗਲ ਉੱਠਦੀ ਹੈ। ਜੇਕਰ ਕਿਸੇ ਹੋਰ ਇਤਿਹਾਸਕ ਸ੍ਰੋਤ ਤੋਂ ਉਨ੍ਹਾਂ ਨੂੰ ਕੋਈ ਠੋਸ ਹਵਾਲਾ ਮਿਲਦਾ ਹੈ ਤਾਂ ਉਸ ਅਨੁਸਾਰ ਬਦਲਾਅ ਦੀ ਸੰਭਾਵਨਾ ਬਣ ਸਕਦੀ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਦੀ ਘਾਲਣਾ ਹੀ ਵਿਅਰਥ ਹੈ। ਬਹੁਤ ਸਾਰੇ ਇਤਿਹਾਸਕ ਤੱਥਾਂ ਦੀ ਪੁਸ਼ਟੀ ਹੀ ਨਿਰਮਲੇ ਗ੍ਰੰਥ ਕਰਦੇ ਹਨ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਥ ਪ੍ਰਕਾਸ਼* ਅਤੇ *ਤਵਾਰੀਖ ਗੁਰੂ ਖ਼ਾਲਸਾ*। ਇਹ ਤਿੰਨ ਗ੍ਰੰਥ ਪ੍ਰਮੁੱਖ ਹਨ ਜੋ ਸਿੱਖ ਇਤਿਹਾਸ ਦੀਆਂ ਪਰਤਾਂ ਖੋਲਦੇ ਹਨ। ਇਹ ਤਿਨੋਂ ਨਿਰਮਲ ਸੰਪ੍ਰਦਾਇ ਦੀ ਦੇਣ ਹਨ।

ਉਕਤ ਤੋਂ ਇਲਾਵਾ ਵੀ ਬਹੁਤ ਸਾਰੇ ਨਿਰਮਲੇ ਵਿਦਵਾਨਾਂ ਨੇ ਪੰਜਾਬੀ ਵਿਚ ਹੀ ਨਹੀਂ ਦੂਜੀਆਂ ਭਾਸ਼ਾਵਾਂ ਵਿਚ ਵੀ ਸਿੱਖ ਇਤਿਹਾਸ ਦੀ ਰਚਨਾ ਕੀਤੀ ਹੈ। ਬਨਾਰਸ ਵਿਚ ਸੁਆਮੀ ਹਰਾ ਸਿੰਘ ਬਹੁਤ ਮਸ਼ਹੂਰ ਸੰਤ ਹੋਏ ਹਨ ਜਿਨ੍ਹਾਂ ਨੇ ਸਿੱਖ ਇਤਿਹਾਸ ਦਾ ਸੰਸਕ੍ਰਿਤ ਭਾਸ਼ਾ ਵਿਚ ‘*ਗੁਰੂ ਸਿਧਾਂਤ ਪਾਰਜਾਤ*’ ਇਕ ਸ਼ਲੋਕਬੱਧ ਗ੍ਰੰਥ ਹੈ। ਇਸ ਵਿਚ ਸਾਰੇ ਸਿੱਖ ਗੁਰੂ ਸਾਹਿਬਾਨ ਨਾਲ ਸੰਬੰਧਿਤ ਇਤਿਹਾਸ ਲਿਖਿਆ ਗਿਆ ਹੈ। ਇਸ ਗ੍ਰੰਥ ਦੀ ਰਚਨਾ ਇਸ ਉਦੇਸ਼ ਕਰਕੇ ਕੀਤੀ ਗਈ ਕਿ ਦੂਜਿਆਂ ਮਤਾਂ ਦੇ ਸਾਧੂ-ਸੰਤ ਤੇ ਪੈਰੋਕਾਰ ਜੋ ਸੰਸਕ੍ਰਿਤ ਦੇ ਗਿਆਤਾ ਸਨ, ਉਹ ਸਿੱਖ ਗੁਰੂਆਂ ਅਤੇ ਸਿੱਖ ਇਤਿਹਾਸ ਬਾਰੇ ਜਾਣ ਸਕਣ। ਨਿਰਮਲੇ ਸੰਤਾਂ ਦੀ ਇਤਿਹਾਸਕ ਖੇਤਰ ਵਿਚ ਸਾਹਿਤ ਰਚਨਾ ਅਦੁੱਤੀ ਹੈ।

**ਗੁਰਦੁਆਰਿਆਂ ਦਾ ਇਤਿਹਾਸ ਅਤੇ ਵੇਰਵੇ**

**ਸ੍ਰੀ ਗੁਰ ਤੀਰਥ ਸੰਗ੍ਰਹਿ, ਕ੍ਰਿਤ ਪੰਡਿਤ ਤਾਰਾ ਸਿੰਘ ਨਰੋਤਮ**

ਪੰਡਿਤ ਤਾਰਾ ਸਿੰਘ ਨਰੋਤਮ ਨਿਰਮਲ ਸੰਪ੍ਰਦਾਇ ਦੇ ਮਹਾਨ ਵਿਦਵਾਨ ਹੋਏ ਹਨ। ਇਨ੍ਹਾਂ ਨੇ ਮੁੱਢਲੀ ਵਿਦਿਆ ਪੰ. ਗੁਲਾਬ ਸਿੰਘ ਜੀ ਤੋਂ ਪ੍ਰਾਪਤ ਕੀਤੀ, ਉਪਰੰਤ ਗੁਰਮਤਿ ਵਿਦਿਆ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਸੰਸਕ੍ਰਿਤ ਭਾਸ਼ਾ ਅਤੇ ਪੁਰਾਤਨ ਸਾਹਿਤਕ ਅਧਿਐਨ ਲਈ ਕਾਸ਼ੀ ਚਲੇ ਗਏ। ਕਾਸ਼ੀ ਵਿਖੇ ਭਾਸ਼ਾ ਅਤੇ ਸਾਹਿਤ ਦੇ ਗ੍ਰੰਥਾਂ ਦਾ ਗੂੜ੍ਹ ਗਿਆਨ ਪ੍ਰਾਪਤ ਕਰਕੇ ਆਪ ਪ੍ਰਬੁੱਧ ਵਿਦਵਾਨ ਬਣੇ ਅਤੇ ਧਾਰਮਿਕ ਵਿਚਾਰਾਂ ਵਿਚ ਹਿੱਸਾ ਲੈਣ ਲੱਗੇ। ਇਹ 1861 ਈ. ਵਿਚ ਕੁੰਭ ਸਮੇਂ ਹਰਿਦੁਆਰ ਪਹੁੰਚੇ, ਜਿਥੇ ਸੰਤਾਂ ਤੇ ਸਾਹਿਤਕਾਰਾਂ ਨਾਲ ਮੇਲ ਹੋਇਆ। “ਸਿੱਖ ਸਾਹਿਤਕਾਰਾਂ ਅਤੇ ਸੰਤਾਂ ਮਹਾਤਮਾਵਾਂ ਰਾਹੀਂ ਨਰੋਤਮ ਦੀ ਪ੍ਰਤਿਭਾ ਅਤੇ ਵਿਦਵਤਾ ਬਾਰੇ

ਮਹਾਰਾਜਾ ਪਟਿਆਲਾ ਸ: ਨਰਿੰਦਰ ਸਿੰਘ ਨੂੰ ਵੀ ਪਤਾ ਲੱਗ ਗਿਆ। ਉਹ ਵਿਦਵਾਨਾਂ ਅਤੇ ਗੁਰਮਤਿ ਦੇ ਪ੍ਰਚਾਰਕਾਂ ਦੇ ਬੜੇ ਕਦਰਦਾਨ ਸਨ। ਉਹਨਾਂ ਨੇ ਨਰੋਤਮ ਨੂੰ ਪਟਿਆਲੇ ਆ ਕੇ ਗੁਰਮਤਿ ਬਾਰੇ ਖੋਜ ਕਰਨ ਅਤੇ ਹੋਰ ਲਿਖਣ ਪੜ੍ਹਨ ਦੇ ਕੰਮ ਕਰਨ ਲਈ ਬੜੇ ਆਦਰ ਸਹਿਤ ਸੱਦਾ ਦਿੱਤਾ। ਉਹਨਾਂ ਦੀਆਂ ਸਾਹਿਤਕ ਕਿਰਤਾਂ ਨੂੰ ਛਪਵਾਉਣ ਲਈ ਸਹਾਇਤਾ ਦਾ ਪੂਰਨ ਵਿਸ਼ਵਾਸ ਦਵਾਇਆ। ਪੰਡਤ ਤਾਰਾ ਸਿੰਘ ਨਰੋਤਮ ਮਹਾਰਾਜਾ ਦਾ ਸੱਦਾ ਪ੍ਰਵਾਨ ਕਰ ਕੇ ਪਟਿਆਲੇ ਪਹੁੰਚ ਗਏ। ਏਥੇ ਇਹਨਾਂ ਦੇ ਠਹਿਰਨ ਦਾ ਪ੍ਰਬੰਧ ਧਰਮ ਧਜਾ ਕੋਠੀ ਵਿਚ ਕੀਤਾ ਗਿਆ ਅਤੇ ਨਾਲ ਹੀ ਸਰਕਾਰੀ ਰਸਦ ਲਗਾ ਦਿੱਤੀ।"[108] ਮਹਾਰਾਜਾ ਵੱਲੋਂ ਨਰੋਤਮ ਜੀ ਨੂੰ ਪਟਿਆਲਾ ਬੁਲਾਉਣਾ ਅਤੇ ਉਨ੍ਹਾਂ ਦੇ ਕੀਤੇ ਲਿਖਤ ਕਰਜਾਂ ਨੂੰ ਛਪਵਾਉਣ ਦੀ ਜ਼ਿੰਮੇਵਾਰੀ ਲੈਣਾ ਅਤੇ ਆਪਣੇ ਖ਼ਜਾਨੇ ਚੋਂ ਰਸਦ ਲਗਾਉਣਾ ਦਰਸਾਉਂਦਾ ਹੈ ਕਿ ਮਹਾਰਾਜਿਆਂ ਦੇ ਮਨਾਂ ਵਿਚ ਵਿਦਿਆਪਤੀਆਂ ਦਾ ਕਿਨ੍ਹਾਂ ਸਤਿਕਾਰ ਸੀ। ਇਸ ਤਰ੍ਹਾਂ ਨਿਰਮਲੇ ਵਿਦਵਾਨ ਪੰਡਿਤ ਤਾਰਾ ਸਿੰਘ ਨਰੋਤਮ ਨੂੰ ਉਨ੍ਹਾਂ ਦੀ ਵਿਦਵਤਾ ਕਾਰਨ ਰਾਜ ਦਰਬਾਰ ਵਿਚ ਸਨਮਾਨਯੋਗ ਸਥਾਨ ਪ੍ਰਾਪਤ ਹੋਇਆ।

ਪੰਡਿਤ ਤਾਰਾ ਸਿੰਘ ਨਰੋਤਮ ਨੇ ਨਿਰਮਲ ਸਾਹਿਤ ਵਿਚ ਕਈ ਅਨਮੋਲ ਗ੍ਰੰਥਾਂ ਦੀ ਰਚਨਾ ਨਾਲ ਆਪਣਾ ਯੋਗਦਾਨ ਪਾਇਆ ਹੈ। ਪੰਡਿਤ ਤਾਰਾ ਸਿੰਘ ਨਰੋਤਮ ਨੇ 'ਸ੍ਰੀ ਗੁਰੁ ਤੀਰਥ ਸੰਗ੍ਰਹਿ' ਨਾਮਕ ਗ੍ਰੰਥ ਦੀ ਰਚਨਾ ਕੀਤੀ ਹੈ ਜੋ ਆਪਣੇ ਆਪ ਵਿਚ ਇਕ ਨਿਵੇਕਲਾ ਸਥਾਨ ਰੱਖਦਾ ਹੈ। ਇਸ ਗ੍ਰੰਥ ਦੀ ਰਚਨਾ ਇਨ੍ਹਾਂ ਨੂੰ ਸਿੱਖ ਇਤਿਹਾਸ ਦੇ ਇਕ ਖੋਜੀ ਇਤਿਹਾਸਕਾਰ ਵਜੋਂ ਉਭਾਰਦੀ ਹੈ। ਇਸ ਗ੍ਰੰਥ ਦਾ ਮੁੱਖ ਵਿਸ਼ਾ ਸਿੱਖ ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਿਆਂ ਦੀ ਸੂਚੀ ਹੈ। ਗੁਰਧਾਮਾਂ ਬਾਰੇ ਦਿੱਤੀ ਗਈ ਪ੍ਰਮਾਣਿਕ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਲੇਖਕ ਨੇ ਆਪ ਘੁੰਮ-ਫਿਰ ਕੇ ਸਿੱਖ ਇਤਿਹਾਸ ਦਾ ਅਧਿਐਨ ਕਰ ਕੇ ਇਹ ਜਾਣਕਾਰੀ ਇਕੱਤਰ ਕਰਨ ਵਿਚ ਬੜੀ ਲਗਨ ਅਤੇ ਮਿਹਨਤ ਨਾਲ ਕੰਮ ਕੀਤਾ ਹੈ।

ਪੰਡਿਤ ਤਾਰਾ ਸਿੰਘ ਨਰੋਤਮ ਜੀ ਨੇ ਭਰਪੂਰ ਖੋਜ ਉਪਰੰਤ ਪਹਿਲੀ ਵਾਰ ਇਸ ਗ੍ਰੰਥ ਵਿਚ ਭਾਰਤ ਦੇ 508 ਇਤਿਹਾਸਕ ਗੁਰਦੁਆਰਿਆਂ ਦੀ ਸੂਚੀ ਦੇ ਕੇ ਉਨ੍ਹਾਂ ਦਾ ਸੰਖੇਪ ਇਤਿਹਾਸ ਵੀ ਲਿਖਿਆ ਹੈ, ਨਾਲ ਹੀ ਪਹੁੰਚ ਸਥਾਨਾਂ ਦੀ ਦੂਰੀ ਆਦਿ ਦੇ ਵੇਰਵੇ ਅੰਕਿਤ ਕੀਤੇ ਗਏ ਹਨ। ਹਰ ਗੁਰਧਾਮ ਦੀ ਮਹੱਤਤਾ ਦੱਸਦੇ ਹੋਏ ਉਸਦੀ ਭੂਗੋਲਿਕ ਦ੍ਰਿਸ਼ਟੀ ਤੋਂ ਵੇਰਵਾ ਇਸ ਢੰਗ ਨਾਲ ਦਿੱਤਾ ਗਿਆ ਹੈ ਕਿ ਇਸ ਨੂੰ ਪੜ੍ਹਕੇ ਜਿਗਿਆਸੂ ਸਹਿਜੇ

---

[108] ਸੁਰਿੰਦਰ ਸਿੰਘ ਸ਼ੇਰਗਿਲ, *ਪੰਡਤ ਤਾਰਾ ਸਿੰਘ ਨਰੋਤਮ ਜੀਵਨ ਤੇ ਰਚਨਾ*, ਪੰਨਾ 6.

ਹੀ ਉਸ ਤੱਕ ਪਹੁੰਚ ਸਕਦਾ ਹੈ। ਸ਼ੁਰੂ ਵਿਚ ਗੁਰਦੁਆਰਿਆਂ ਦਾ ਇਤਿਹਾਸ ਦੇ ਕੇ ਅੰਤਲੇ ਪੰਨਿਆਂ 'ਤੇ ਮੁਗਲਾਂ ਦਾ ਵੇਰਵਾ, ਮਿਸਲਾਂ ਆਦਿ ਦਾ ਸੰਖੇਪ ਵਰਣਨ ਕੀਤਾ ਹੈ। ਇਸ ਗ੍ਰੰਥ ਵਿਚ ਗੁਰਧਾਮਾਂ ਦਾ ਵੇਰਵਾ ਦੇਣ ਦਾ ਮਨੋਰਥ ਕੇਵਲ ਇਤਿਹਾਸਕ ਪੱਖੋਂ ਗਿਆਨ ਵਿਚ ਵਾਧਾ ਕਰਨਾ ਹੀ ਨਹੀਂ ਸਗੋਂ ਇਨ੍ਹਾਂ ਪਵਿੱਤਰ ਤੀਰਥਾਂ ਦੀ ਯਾਤਰਾ ਦੀ ਜੀਵਨ ਵਿਚ ਮਹੱਤਾ ਦੱਸਣਾ ਅਤੇ ਯਾਤਰਾ ਕਰਨ ਦੀ ਪ੍ਰੇਰਣਾ ਦੇਣਾ ਵੀ ਹੈ। ਇਸ ਲਈ ਪੁਸਤਕ ਦੇ ਅਰੰਭ ਵਿਚ ਤੀਰਥ ਯਾਤਰਾ ਦੀ ਜੀਵਨ ਵਿਚ ਮਹੱਤਾ, ਇਸ ਦੇ ਲਾਭ ਅਤੇ ਜੀਵਨ-ਜਾਚ ਲਈ ਇਸ ਤੋਂ ਮਿਲਦੇ ਉਤਸ਼ਾਹ ਦੀ ਚਰਚਾ ਵੀ ਕੀਤੀ ਗਈ ਹੈ। ਸੰਤ ਕਰਤਾਰ ਸਿੰਘ ਖੁੱਡਾ ਨੇ ਇਸ ਗ੍ਰੰਥ ਦੀ ਭੂਮਿਕਾ (ਮਈ 1975 ਵਾਲੀ ਛਾਪ ਦੀ) ਲਿਖੀ ਹੈ ਜਿਸ ਵਿਚ ਉਹ ਲਿਖਦੇ ਹਨ ਕਿ "ਓਹਨਾਂ ਦੀ ਰਚਨਾ ਸ੍ਰੀ ਗੁਰੁ ਤੀਰਥ ਸੰਗ੍ਰਹਿ ਸਭ ਗ੍ਰੰਥਾਂ ਤੋਂ ਪਹਿਲੀ ਰਚਨਾ ਹੈ। ਜੇਕਰ ਤੀਰਥ ਸੰਗ੍ਰਹਿ ਗ੍ਰੰਥ ਨਾ ਹੁੰਦਾ ਤਾਂ ਸਿੱਖ ਪੰਥ ਨੂੰ ਗੁਦਵਾਰਿਆਂ ਦੀ ਭਾਲ ਕਰਨੀ ਬਹੁਤ ਕਠਨ ਹੁੰਦੀ।"[109] ਪੰਡਿਤ ਤਾਰਾ ਸਿੰਘ ਨਰੋਤਮ ਨੇ ਪਹਾੜੀ ਰਸਤੇ ਲੰਘ ਕੇ ਪਹਿਲੀ ਵਾਰ ਹੇਮਕੁੰਟ ਸਾਹਿਬ ਦੇ ਦਰਸ਼ਨ ਕੀਤੇ ਅਤੇ ਉਸਦੇ ਮਹੱਤਵ ਨੂੰ ਉਜਾਗਰ ਕੀਤਾ। ਜੇਕਰ ਪੰਡਿਤ ਜੀ ਖੋਜ ਪ੍ਰਵਿਰਤੀ ਸਦਕਾ ਇਸ ਗ੍ਰੰਥ ਦੀ ਰਚਨਾ ਨਾ ਕਰਦੇ ਤਾਂ ਸ਼ਾਇਦ ਅੱਜ ਅਸੀਂ ਕਈ ਇਤਿਹਾਸਕ ਗੁਰਧਾਮਾਂ ਤੋਂ ਵਿਰਵੇ ਰਹਿ ਜਾਂਦੇ।

ਤਾਰਾ ਸਿੰਘ ਨਰੋਤਮ ਰਚਿਤ ਇਸ ਗ੍ਰੰਥ ਦੇ ਸਮੁੱਚੇ ਅਧਿਐਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਇਹ ਗ੍ਰੰਥ ਕੇਵਲ ਗੁਰਧਾਮਾਂ ਦੀ ਸੂਚੀ ਦਾ ਸੰਗ੍ਰਹਿ ਹੀ ਨਹੀਂ ਸਗੋਂ ਧਾਰਮਿਕ, ਸਮਾਜਿਕ, ਅਤੇ ਨੈਤਿਕ ਕਦਰਾਂ ਕੀਮਤਾਂ ਬਾਰੇ ਭਰਪੂਰ ਜਾਣਕਾਰੀ ਵੀ ਦਿੰਦਾ ਹੈ। ਪ੍ਰਭਾਵਸ਼ਾਲੀ ਵਿਅਕਤਿਤਵ ਦੇ ਮਾਲਕ ਪੰਡਿਤ ਤਾਰਾ ਸਿੰਘ ਨਰੋਤਮ ਨੇ ਕਈ ਅਮੁੱਲ ਗ੍ਰੰਥਾਂ ਦੀ ਰਚਨਾ ਕੀਤੀ ਹੈ, ਜੋ ਨਿਰਮਲਾ ਸਾਹਿਤ ਨੂੰ ਅਮੀਰੀ ਬਖ਼ਸ਼ਦੇ ਹਨ।

**ਗੁਰਧਾਮ ਸੰਗ੍ਰਹਿ, ਕ੍ਰਿਤ ਗਿਆਨੀ ਗਿਆਨ ਸਿੰਘ**

ਗਿਆਨੀ ਗਿਆਨ ਸਿੰਘ ਬਹੁਤ ਹੀ ਖੋਜੀ ਪ੍ਰਵਿਰਤੀ ਦੇ ਨਿਰਮਲੇ ਵਿਦਵਾਨ ਸਨ। ਉਨ੍ਹਾਂ ਸਿੱਖ ਸਾਹਿਤ ਵਿਚ ਕਈ ਅਨਮੋਲ ਗ੍ਰੰਥਾਂ ਦੀ ਰਚਨਾ ਕਰਕੇ ਆਪਣਾ ਯੋਗਦਾਨ ਪਾਇਆ ਹੈ, ਜਿਨ੍ਹਾਂ ਵਿਚੋਂ ਇਕ ਹੈ 'ਗੁਰਧਾਮ ਸੰਗ੍ਰਹਿ'।

---

[109] ਸੰਤ ਕਰਤਾਰ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ ਦੀ ਸੰਖੇਪ ਜੀਵਨੀ, ਸ੍ਰੀ ਮਾਨ ਤਾਰਾ ਹਰਿ ਨਰੋਤਮ, *ਸ੍ਰੀ ਗੁਰੂ ਤੀਰਥ ਸੰਗਹਿ,* ਪੰਨਾ ਝ.

ਗਿਆਨੀ ਗਿਆਨ ਸਿੰਘ ਦੁਆਰਾ ਰਚਿਤ ਇਸ ਪੁਸਤਕ ਵਿਚ ਇਤਿਹਾਸਕ ਗੁਰਦੁਆਰਿਆਂ ਦੇ ਨਾਲ ਸੰਬੰਧਿਤ ਸਾਖੀਆਂ, ਗੁਰ-ਸਥਾਨ ਦਾ ਇਤਿਹਾਸ ਅਤੇ ਉਨ੍ਹਾਂ ਦੇ ਬਣਨ ਦੇ ਹਾਲ ਆਦਿ ਦੀ ਵਡਮੁੱਲੀ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ ਅੰਕਿਤ ਵੇਰਵੇ ਦਸਦੇ ਹਨ ਕਿ ਇਸ ਦੀ ਰਚਨਾ ਲਈ ਗਿਆਨੀ ਗਿਆਨ ਸਿੰਘ ਜੀ ਨੇ ਕਿੰਨੀ ਘਾਲਣਾ ਘਾਲੀ ਹੋਵੇਗੀ। "ਗਿਆਨੀ ਗਿਆਨ ਸਿੰਘ ਜੀ ਇਸ ਦੀ ਭੂਮਿਕਾ ਵਿਚ ਯਾਤਰਾ ਦਾ ਮਹਾਤਮ ਇਸ ਤਰ੍ਹਾਂ ਲਿਖਦੇ ਹਨ:

ਮੁਕਤਯੋਂ ਕੀ ਸ਼੍ਰੇਣੀ ਵਿਖੇ ਮਨਯੋ ਜਾਤ ਨਰ ਸੋਇ।
ਗੁਰਧਾਮਨ ਕੀ ਯਾਤ੍ਰਾ ਕਰੇ ਸਿੱਖ ਭਲ ਜੋਇ।

ਇਹੋ ਜਹੇ ਸ਼ਰਧਾਲੂ ਸਿੱਖਾਂ ਲਈ ਜੋ ਗੁਰਧਾਮਾਂ ਦੀ ਯਾਤਰਾ ਕਰਨਾ ਚਾਹੁੰਦੇ ਹਨ ਤੇ ਹਰ ਇਕ ਗੁਰਦੁਆਰੇ ਆਦਿ ਦਾ ਇਤਿਹਾਸ ਤੇ ਹੋਰ ਵੇਰਵਾ ਜਾਨਣਾ ਲੋਚਦੇ ਹਨ ਉਨ੍ਹਾਂ ਲਈ ਇਹ ਪੁਸਤਕ ਤਿਆਰ ਕੀਤੀ। ਆਪ ਲਿਖਦੇ ਹਨ:

ਅਸ ਸਰਧਾਲੂ ਸਿੱਖਨ ਹਿਤ ਉੱਦਮ ਕਰਿ ਹਰਿ ਗਯਾਨ।
ਗੁਰਦਵਾਰੇ ਸੰਗ੍ਰਹ ਕਰੇ, ਪਰੀਸ਼ਰਮ ਬਹੁ ਠਾਨਿ।"[110]

ਗਿਆਨੀ ਗਿਆਨ ਸਿੰਘ ਜੀ ਨੇ ਇਸ ਪੁਸਤਕ ਨੂੰ ਕਈ ਸਾਲ ਜਾਣਕਾਰੀ ਇਕੱਤਰ ਕਰਨ ਉਪਰੰਤ ਕਲਮਬੱਧ ਕੀਤਾ। ਪੁਸਤਕ ਦੇ ਸ਼ੁਰੂ ਵਿਚ ਉਹ ਲਿਖਦੇ ਹਨ ਕਿ ਗੁਰਦੁਆਰਾ ਕਿਸ ਨੂੰ ਕਹਿੰਦੇ ਹਨ, ਗੁਰਧਾਮ ਦੇ ਲੱਛਣ ਕੀ ਹਨ?, ਸਿੱਖਾਂ ਲਈ ਗੁਰਦੁਆਰਿਆਂ ਦੀ ਯਾਤਰਾ ਕਰਨੀ ਕਿਉਂ ਜਰੂਰੀ ਹੈ ਅਤੇ ਯਾਤਰਾ ਉਪਰੰਤ ਕੀ ਫਲ ਮਿਲਦਾ ਹੈ।

ਗਿਆਨੀ ਜੀ ਨੇ ਪੁਸਤਕ ਰਚਨ ਲਈ ਜਗ੍ਹਾ-ਜਗ੍ਹਾ ਜਾ ਕੇ ਇਤਿਹਾਸਕ ਗੁਰ-ਸਥਾਨਾਂ ਦਾ ਵੇਰਵਾ ਇਕੱਤਰ ਕੀਤਾ। ਇਨ੍ਹਾਂ ਅਸਥਾਨਾਂ ਦਾ ਵੇਰਵਾ ਇਕੱਤਰ ਕਰਨ ਲਈ ਗਿਆਨੀ ਜੀ ਨੂੰ ਜਿਹੜੀਆ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਉਨ੍ਹਾਂ ਦਾ ਵਰਣਨ ਕਰਦੇ ਹੋਏ ਦਸਦੇ ਹਨ:

---

110 ਪ੍ਰੋ. ਪ੍ਰਕਾਸ਼ ਸਿੰਘ, ਗਿਆਨੀ ਗਿਆਨ ਸਿੰਘ ਦੀਆਂ ਰਚਨਾਵਾਂ, ਗੁਰਦਿੱਤ ਸਿੰਘ ਗਿਆਨੀ, *ਸਿੰਘ ਸਭਾ ਪਤ੍ਰਿਕਾ*, ਜੁਲਾਈ 1979, ਪੰਨਾ 82ੲ.

ਏਤਿਕ ਆਗਯਾ ਮਾਤ ਕੀ, ਪਾਲਣ ਹਿਤ ਚਿਤ ਧਾਰ।

ਅਸ ਧਰ ਤੀਰਥ ਯਾਤ੍ਰਾ, ਫਿਰ ਜੁਆਨੀ ਲਈ ਟਾਰ।

ਕੀਨੋ ਭਾਰਤ ਵਰਸ਼ ਕਾ, ਸਰਸ ਸੈਲ ਸਭ ਤੌਰ।

ਤਬ ਗੁਰਦੁਆਰੇ ਸੰਗ੍ਰਹਿ, ਕਰੇ ਦਰਸ ਕਰ ਗੌਰ।

ਇਸ ਹਿਤ ਬਸਯੋ ਨਾ ਗ੍ਰਸਯੋ ਕਿਤ, ਤ੍ਰਈ ਉਪਾਯ ਅਗਾਧਾ।

ਸੰਤ ਵੇਸ ਵਿਚਰਿਓ, ਤੇਤੀ ਬਰਸ ਅਬਾਧ।[111]

ਇਸ ਪੁਸਤਕ ਵਿਚ ਲਗਭਗ ਸਾਢੇ ਛੇ ਸੌ ਗੁਰਧਾਮਾਂ ਦਾ ਇਤਿਹਾਸ ਅੰਕਿਤ ਹੈ। ਹਰ ਗੁਰਦੁਆਰੇ ਨਾਲ ਸੰਬੰਧਿਤ ਸਾਖੀ ਇਤਿਹਾਸ, ਗੁਰਦੁਆਰੇ ਦੀ ਆਮਦਨੀ-ਜਗੀਰ ਦਾ ਵੇਰਵਾ ਦੇਣ ਦੇ ਨਾਲ-ਨਾਲ ਉਸਦੇ ਪ੍ਰਬੰਧਕ ਦਾ ਵੇਰਵਾ ਵੀ ਦਿੱਤਾ ਗਿਆ ਹੈ। ਗਿਆਨੀ ਜੀ ਨੇ ਇਸ ਪੁਸਤਕ ਵਿਚ ਗੁਰਦੁਆਰਿਆਂ ਨਾਲ ਸੰਬੰਧਿਤ ਹਰ ਵੇਰਵੇ ਦੇਣ ਦਾ ਯਤਨ ਕੀਤਾ ਹੈ। ਗੁਰਦੁਆਰਿਆਂ ਦੀ ਮਹੱਤਵਪੂਰਨ ਜਾਣਕਾਰੀ ਦਿੰਦੀ ਗਿਆਨੀ ਜੀ ਦੀ ਇਹ ਖੋਜ ਭਰਪੂਰ ਪੁਸਤਕ ਸਿੱਖ ਧਰਮ ਲਈ ਵਡਮੁੱਲੀ ਹੈ।

**4. ਦਾਰਸ਼ਨਿਕ ਗ੍ਰੰਥ**

**ਗੁਰਮਤਿ ਨਿਰਣਯ ਸਾਗਰ, ਪੰਡਿਤ ਤਾਰਾ ਸਿੰਘ ਨਰੋਤਮ**

ਪੰਡਿਤ ਤਾਰਾ ਸਿੰਘ ਨਰੋਤਮ ਜੀ ਨੇ ਬ੍ਰਹਮ ਦੇ ਸਰੂਪ, ਸਾਧਨਾ ਤੇ ਗੁਰਮਤ ਰਹਿਤ ਦੇ ਨਿਰਣੇ ਲਈ 'ਗੁਰਮਤਿ ਨਿਰਣਯ ਸਾਗਰ' ਦੀ ਰਚਨਾ ਕੀਤੀ। "ਇਹ ਗ੍ਰੰਥ ਰਤਨ ਗੁਰਬਾਣੀ ਦੀ ਵਿਆਖਿਆ, ਗੁਰਮਤਿ ਸਿਧਾਂਤ ਨੂੰ ਨਿਰੂਪਣ ਕਰਨ ਵਾਲਾ ਦਾਰਸ਼ਨਿਕ ਗ੍ਰੰਥ ਹੈ। ਆਪ ਜੀ ਨੇ ਗੁਰਮਤਿ ਦੀ ਗੰਭੀਰਤਾ ਨਾਲ ਵਿਆਖਿਆ ਕੀਤੀ ਹੈ। ਇਸ ਤੋਂ ਪਹਿਲਾਂ ਗੁਰਮਤਿ ਸੰਬੰਧੀ ਕੋਈ ਵੀ ਦਾਰਸ਼ਨਿਕ ਗ੍ਰੰਥ ਉਪਲਬਧ ਨਹੀਂ ਸੀ। 'ਗੁਰਮਤਿ ਨਿਰਣਯ ਸਾਗਰ' ਗਿਆਨ ਦੀ ਬਹੁਲਤਾ, ਵਿਚਾਰ ਨਿਸ਼ਠਾ ਵਿਚ ਭਰਪੂਰ ਹੈ। ਆਪ ਜੀ ਨੇ ਅਤਿਅੰਤ ਸੁੰਦਰ ਢੰਗ ਨਾਲ ਇਕ-ਇਕ ਵਿਚਾਰ ਦੀ ਵਿਆਖਿਆ ਕੀਤੀ ਹੈ।"[112] ਇਹ ਗ੍ਰੰਥ ਨਿਰਮਲੇ ਵਿਦਵਾਨਾਂ

---

111 ਪ੍ਰੋ. ਪ੍ਰਕਾਸ਼ ਸਿੰਘ, ਗਿਆਨੀ ਗਿਆਨ ਸਿੰਘ ਦੀਆਂ ਰਚਨਾਵਾਂ, ਗੁਰਦਿੱਤ ਸਿੰਘ ਗਿਆਨੀ, *ਸਿੰਘ ਸਭਾ ਪਤ੍ਰਿਕਾ*, ਜੁਲਾਈ 1979, ਪੰਨਾ 82ਸ.

112 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 67.

ਵੱਲੋਂ ਲਿਖੇ ਦਾਰਸ਼ਨਿਕ ਗ੍ਰੰਥਾਂ ਵਿਚੋਂ ਸ਼੍ਰੋਮਣੀ ਹੈ। ਪੰਡਿਤ ਤਾਰਾ ਸਿੰਘ ਨਰੋਤਮ ਨੇ ਇਸ ਗ੍ਰੰਥ ਵਿਚ ਗੁਰਮਤਿ ਦਾ ਦਾਰਸ਼ਨਿਕ ਪੱਖ ਉਭਾਰਿਆ ਹੈ।

**ਵਾਹਿਗੁਰੂ ਮੰਤ੍ਰਾਰਥ, ਕ੍ਰਿਤ ਪੰਡਿਤ ਈਸ਼ਰ ਸਿੰਘ ਜੀ 'ਕਲਯੁਗ**

ਨਿਰਮਲ ਸੰਪ੍ਰਦਾਇ ਦੇ ਮਹਾਨ ਵਿਦਵਾਨ ਸੀ। ਆਪ ਗੂੜ੍ਹ ਗਿਆਨ ਦੇ ਧਾਰਨੀ ਸੀ ਅਤੇ ਸ਼ਾਸਤ੍ਰਾਰਥਾਂ ਵਿਚ ਆਪਣੀ ਵਿਦਵਤਾ ਨਾਲ ਸਾਹਮਣੇ ਵਾਲੇ ਨੂੰ ਧਾਰਾਵਾਹਿਕ ਪ੍ਰਮਾਣਾਂ ਨਾਲ ਨਿਰੁੱਤਰ ਕਰ ਦਿੰਦੇ। ਹਰ ਕੋਈ ਆਪ ਨਾਲ ਸ਼ਾਸਤ੍ਰਾਰਥ ਕਰਨ ਤੋਂ ਘਬਰਾਉਂਦਾ ਸੀ। ਸਾਸ਼ਤ੍ਰਾਰਥਾਂ ਵਿਚ ਆਪਦੀ ਪਕੜ ਕਾਰਨ ਆਪ ਦੇ ਨਾਮ ਨਾਲ 'ਕਲਯੁਗ' ਤਖੱਲਸ ਪੈ ਗਿਆ। ਆਪ ਕਈ ਭਾਸ਼ਾਵਾਂ ਦੇ ਗਿਆਤਾ ਅਤੇ ਰਾਗ ਵਿਦਿਆ ਦੇ ਮਾਹਰ ਵਿਦਵਾਨ ਸਨ।

ਵਾਹਿਗੁਰੂ ਮੰਤ੍ਰਾਰਥ ਆਪ ਜੀ ਦੀ ਪ੍ਰਮੁੱਖ ਦਾਰਸ਼ਨਿਕ ਰਚਨਾ ਹੈ। ਇਹ ਰਚਨਾ ਪਹਿਲਾ 1901 ਈ. ਵਿਚ ਸੰਸਕ੍ਰਿਤ ਅਤੇ ਬਾਅਦ ਵਿਚ 1909 ਈ. ਵਿਚ ਗੁਰਬਖ਼ਸ਼ ਪ੍ਰੈਸ ਲਾਹੌਰ ਤੋਂ ਗੁਰਮੁਖੀ ਵਿਚ ਛਪੀ। ਇਸ ਰਚਨਾ ਰਾਹੀਂ ਆਪ ਨੇ ਵਾਹਿਗੁਰੂ ਸ਼ਬਦ 'ਤੇ ਕੁਤਰਕ ਅਤੇ ਉਸਦੇ ਗਲਤ ਅਰਥ ਕਰਨ ਵਾਲਿਆਂ ਨੂੰ ਚੁਣੋਤੀ ਦਿੱਤੀ। ਵਾਹਿਗੁਰੂ ਸ਼ਬਦ ਦੀ ਵਿਆਖਿਆ ਕਈ ਨਿਰਮਲੇ ਵਿਦਵਾਨਾਂ ਨੇ ਕੀਤੀ ਹੈ। "ਪੰਡਿਤ ਤਾਰਾ ਸਿੰਘ ਨਰੋਤਮ ਅਤੇ ਪੰਡਿਤ ਈਸ਼ਰ ਸਿੰਘ ਜੀ ਨੇ ਆਪਣੇ ਅਧਿਐਨ ਵਿਚ 'ਵਾਹਿਗੁਰੂ' ਸ਼ਬਦ ਨੂੰ ਖ਼ਾਸ ਤੌਰ ਤੇ ਸ਼ਾਮਲ ਕੀਤਾ ਹੈ। ਦੋਵਾਂ ਵਿਦਵਾਨਾਂ ਨੇ ਕ੍ਰਮਵਾਰ 17 ਅਤੇ 26 ਤਰ੍ਹਾਂ ਨਾਲ 'ਵਾਹਿਗੁਰੂ' ਸ਼ਬਦ ਦੇ ਅਰਥ ਕੀਤੇ ਹਨ।"[113] ਇਕ ਵਾਰ ਕਿਸੇ ਰਾਜਾ ਨੇ ਕਿਹਾ ਕਿ ਮੇਰੀ ਇੱਛਾ ਹੈ ਮੈਂ "ਸ੍ਰੀ ਗੁਰੂਜੀ ਕੇ ਮਤਕੇ ਮੰਤ੍ਰ ਕਾ ਉਪਦੇਸ ਲੀਆ ਚਾਹਤੇ ਹੈਂ ਪਰੰਤੂ ਵਾਹਗੁਰੂ ਇਸ ਮੰਤ੍ਰ ਕਾ ਅਰਥ ਕੋਈ ਭੀ ਯਥਾਰਥ ਪ੍ਰਤੀਤ ਨਹੀਂ ਹੋਤਾ ਹੈ।"[114] ਇਸ ਦੇ ਜਵਾਬ ਵਿਚ ਪੰਡਿਤ ਜੀ ਲਿਖਦੇ ਹਨ "ਮਾਲੂਮ ਹੋ ਬਹੁਤ ਗ੍ਰੰਥੋਂ ਕੇ ਵੀਚ ਮੇਂ ਲਿਖਾ ਹੈ ਬ੍ਰਹਮਾ ਕਾ ਪਾਂਚਮਾਂ ਸਿਰ ਸ਼ਿਵਜੀ ਨੇ ਕਾਟ ਦੀਆ ਥਾ ਸੋ ਮਹੀਮਨ ਗ੍ਰੰਥ ਕੇ ਵੀਚ ਲਿਖਾ ਹੈ। ਔਰ ਸ਼ਿਵ ਕਾ ਲਿੰਗ ਵਿਸ਼ਨੂ ਜੀ ਨੇ ਕਾਟ ਕੇ ਗਿਆਰਾਂ ਟੁਕੜੇ ਕਰਦੀਆ ਥਾ ਔਰ ਵਿਸ਼ਨੂ ਕੇ ਭ੍ਰਿਗੂ ਨੇ ਲਾਤ ਮਾਰੀ ਥੀ ਔਰ ਬਾਵਨ ਬ੍ਰਾਹਮਣ ਥਾ ਰਾਮ ਨੌਮੀ ਕੋ ਰਾਮਚੰਦ੍ਰ ਕਾ ਜਨਮ ਹੂਆ ਥਾ ਔਰ ਭਾਦੋਂ ਕੀ ਅਸਟਮੀ ਕੋ ਕ੍ਰਿਸਨ ਜੀ ਕਾ ਜਨਮ ਹੂਆ ਥਾ।

---

[113] ਜਸਵਿੰਦਰ ਕੌਰ (ਡਾ.), *ਪੰਡਿਤ ਈਸ਼ਰ ਸਿੰਘ ਜੀਵਨ, ਰਚਨਾ ਤੇ ਸਿਧਾਂਤ*, ਪੰਨਾ 150.

[114] ਪੰਡਿਤ ਈਸ਼ਰ ਸਿੰਘ ਜੀ ਕਾਸ਼ੀ, *ਵਾਹਿਗੁਰੂ ਮੰਤ੍ਰਾਅਰਥ ਗੁਰਮੁਖੀ*, ਪੰਨਾ ੪.

ਸੋ ਇਸ ਲੀਏ ਵਾਹਗੁਰੂ ਇਸ ਮੰਤ੍ਰ ਕੇ ਯਿਹ ਉਕਤ ਛੇ ਅਰਥ ਨਹੀਂ ਹੈਂ ਔਰ ਜਿਸਕਾ ਜਨਮ ਨਹੀਂ ਜਾਤ ਨਹੀਂ ਕੁਲ ਨਹੀਂ ਔਰ ਮਰਣ ਨਹੀਂ ਮਾਰਾ ਨਹੀਂ। ਇਨ ਪਾਂਚ ਦੋਖੋਂ ਸੇ ਜੋ ਰਹਿਤ ਹੈ ਸੋ ਵਾਹਗੁਰੂ ਇਸ ਮੰਤ੍ਰ ਕਾ ਅਰਥ ਯਥਾਰਥ ਹੈ। ਯਿਹ ਸਮਾਨ ਸੇਂ ਵਾਹਗੁਰੂ ਇਸ ਮੰਤ੍ਰ ਕੇ ਅਰਥ ਮੇਂ ਵਿਚਾਰ ਹੈ।"[115] ਪੰਡਿਤ ਜੀ ਅਨੁਸਾਰ ਜੋ ਅਕਾਲ ਹੈ ਸੋ ਵਾਹਿਗੁਰੂ ਹੈ।

**5. ਬਹੁਭਾਸ਼ੀ ਗ੍ਰੰਥ**

ਨਿਰਮਲ ਸੰਪ੍ਰਦਾਇ ਦੇ ਵਿਦਵਾਨ ਬਹੁਤ ਸਾਰੀਆਂ ਭਾਸ਼ਾਵਾਂ ਦੇ ਗਿਆਤਾ ਸਨ। ਨਿਰਮਲਾ ਸਕੂਲ ਦਾ ਪਹਿਲਾ ਨਿਯਮ ਹੀ ਇਹ ਹੈ ਕਿ ਵਿਦਵਾਨ ਬਣਨ ਲਈ ਸਭ ਤੋਂ ਪਹਿਲਾਂ ਵਿਦਿਆਰਥੀ ਸੰਤ ਗੁਰਮੁਖੀ ਸਿੱਖੇ, ਉਸ ਤੋਂ ਬਾਅਦ ਗੁਰਮਤਿ ਵਿਦਿਆ ਹਾਸਲ ਕਰੇ, ਫਿਰ ਦੂਜੀਆਂ ਭਾਸ਼ਾਵਾਂ ਦੇ ਗ੍ਰੰਥਾਂ ਦਾ ਅਧਿਐਨ ਕਰਨ ਲਈ ਵੱਖ-ਵੱਖ ਭਾਸ਼ਾਵਾਂ ਦਾ ਗਿਆਨ ਲਵੇ। ਭਾਰਤੀ ਸਾਹਿਤ ਦੀ ਰਚਨਾ ਜਿਆਦਾਤਰ ਸੰਸਕ੍ਰਿਤ ਭਾਸ਼ਾ ਵਿਚ ਹੈ ਇਸ ਲਈ ਵਿਦਿਆਰਥੀ ਸੰਤ ਚਲਦੀ ਪਰਿਪਾਟੀ ਅਨੁਸਾਰ ਸੰਸਕ੍ਰਿਤ ਸਿੱਖਣ ਲਈ ਕਾਸ਼ੀ ਪਹੁੰਚਦੇ ਤੇ ਉਥੋਂ ਵਿਦਵਾਨ ਪੰਡਿਤਾਂ ਕੋਲੋਂ ਸੰਸਕ੍ਰਿਤ ਦੇ ਨਾਲ-ਨਾਲ ਹੋਰ ਭਾਸ਼ਾਵਾਂ ਦਾ ਗਿਆਨ ਵੀ ਹਾਸਲ ਕਰਦੇ।

ਨਿਰਮਲਾ ਇਤਿਹਾਸ ਦੇ ਵਿਦਵਾਨ ਬਹੁਭਾਸ਼ੀ ਗਿਆਤਾ ਹੋਏ ਹਨ ਜਿਨ੍ਹਾਂ ਵਿਚੋਂ ਕੁੱਝ ਵਿਦਵਾਨਾਂ ਦਾ ਜ਼ਿਕਰ ਪਿੱਛੇ ਕੀਤਾ ਜਾ ਚੁੱਕਾ ਹੈ। ਨਿਰਮਲੇ ਵਿਦਵਾਨਾਂ ਨੇ ਜਿਥੇ ਕਈ-ਕਈ ਭਾਸ਼ਾਵਾਂ ਦਾ ਗਿਆਨ ਹਾਸਲ ਕੀਤਾ ਉਥੇ ਅਲੱਗ-ਅਲੱਗ ਭਾਸ਼ਾਵਾਂ ਵਿਚ ਸਾਹਿਤ ਵੀ ਰਚਿਆ। ਬਹੁਤ ਸਾਰੇ ਨਿਰਮਲੇ ਵਿਦਵਾਨਾਂ ਨੇ ਗੁਰਮਤਿ ਦੇ ਕਈ ਗ੍ਰੰਥ ਦੂਜੀਆਂ ਭਾਸ਼ਾਵਾਂ ਵਿਚ ਇਸ ਮਨੋਰਥ ਨਾਲ ਰਚੇ ਕਿ ਉਹ ਸਿੱਖ ਧਰਮ ਦੀ ਗੱਲ ਦੂਜੇ ਮਤਾਂ ਵਾਲਿਆਂ ਨਾਲ ਕਰ ਸਕਣ। ਇਸ ਦਾ ਪ੍ਰਭਾਵ ਇਹ ਪਿਆ ਕਿ ਕਈ ਗੈਰਸਿੱਖ ਵੀ ਸਿੱਖ ਧਰਮ ਦੇ ਸਿਧਾਂਤਾਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਵਾਲੇ ਬਣੇ।

ਨਿਰਮਲੇ ਵਿਦਵਾਨਾਂ ਨੇ ਸੰਸਕ੍ਰਿਤ ਗ੍ਰੰਥਾਂ ਅਤੇ ਭਾਰਤੀ ਧਾਰਮਿਕ ਵਿਚਾਰਧਾਰਾ ਨੂੰ ਭਾਖਾ ਵਿਚ ਲਿਖਕੇ ਅਨੇਕ ਗ੍ਰੰਥ ਤਿਆਰ ਕੀਤੇ ਜਿਨ੍ਹਾਂ ਰਾਹੀਂ ਸੰਸਕ੍ਰਿਤ ਤੋਂ ਅਭਿੱਜ ਸਿੱਖ ਜਿਗਿਆਸੂ ਭਾਰਤੀ ਗਿਆਨ ਨੂੰ ਪ੍ਰਾਪਤ ਕਰਨ ਦੇ ਸਮਰੱਥ ਹੋਏ, ਨਾਲ ਹੀ ਇਨ੍ਹਾਂ ਨਿਰਮਲੇ ਵਿਦਵਾਨਾਂ ਨੇ ਗੁਰਮਤਿ ਨੂੰ ਸੰਸਕ੍ਰਿਤ ਦੇ ਮਾਧਿਅਮ

---

115 ਪੰਡਿਤ ਈਸ਼ਰ ਸਿੰਘ ਜੀ ਕਾਸ਼ੀ, *ਵਾਹਿਗੁਰੂ ਮੰਤ੍ਰਾਅਰਥ ਗੁਰਮੁਖੀ*, ਪੰਨੇ 4-5.

ਰਾਹੀਂ ਭਾਰਤ ਦੇ ਹੋਰ ਸਾਧੂ ਸਮਾਜਾਂ ਵਿਚ ਪ੍ਰਚਾਰਿਆ ਹੈ। ਇਸ ਪਰਯੋਜਨ ਹਿਤ ਨਿਰਮਲੇ ਸੰਤਾਂ ਨੇ ਸੰਸਕ੍ਰਿਤ, ਭਾਖਾ, ਹਿੰਦੀ ਅਤੇ ਪੰਜਾਬੀ ਆਦਿ ਵਿਚ ਅਨੇਕ ਗ੍ਰੰਥ ਰਚਕੇ ਸਾਹਿਤ ਦੇ ਖੇਤਰ ਵਿਚ ਵਡਮੁੱਲੀ ਸੇਵਾ ਕੀਤੀ ਹੈ। ਅਲੱਗ-ਅਲੱਗ ਭਾਸ਼ਾ ਵਿਚ ਸਾਹਿਤ ਰਚਨ ਵਾਲੇ ਨਿਰਮਲੇ ਵਿਦਵਾਨਾਂ ਨੂੰ ਮੋਟੇ ਤੌਰ 'ਤੇ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:

**ਸੰਸਕ੍ਰਿਤ**

ਸੰਸਕ੍ਰਿਤ ਦੇ ਵਿਦਵਾਨ ਲੇਖਕਾਂ ਵਿਚ ਪੰਡਿਤ ਊਧਵ ਸਿੰਘ (ਹਰਿਦੁਆਰ) (ਕਰਤਾ; *ਅਭਾਵ ਰਹਸਯ* (ਨਯਾਯ ਸਾਸਤ੍ਰ) ਦਾਰਸ਼ਨਿਕ ਗ੍ਰੰਥ) ਪੰਡਿਤ ਨਿਹਾਲ ਸਿੰਘ (ਕਰਤਾ; *ਜਪੁ ਨਿਬੰਧ ਸੰਹਿਤਾ*, *ਗੂਢਾਰਥ ਦੀਪਕਾ*, *ਟੀਕਾ ਜਪੁਜੀ ਸਾਹਿਬ*), ਪੰਡਿਤ ਹਰਾ ਸਿੰਘ (ਕਰਤਾ; *ਸ੍ਰੀ ਗੁਰੂ ਸਿਧਾਂਤ ਪਰਿਜਾਤ*), ਪੰਡਿਤ ਕੌਰ ਸਿੰਘ (ਕਰਤਾ; *ਗੁਰੂ ਕੌਮਦੀ*), ਪੰਡਿਤ ਈਸ਼ਰ ਸਿੰਘ (ਕਰਤਾ; *ਵਾਹਿਗੁਰੂ ਮੰਤ੍ਰਾਰਥ*), ਪੰਡਿਤ ਗੁਰਦਿੱਤ ਸਿੰਘ (ਕਰਤਾ; *ਗੁਰੂ ਨਾਨਕ ਸਤੋਤ੍ਰ*), ਪੰ. ਸਦਾ ਸਿੰਘ: ਚੇਤਨ ਮਠ ਕਾਸ਼ੀ ਵਾਲੇ (ਕਰਤਾ; *ਅਦ੍ਵੈਤ ਸਿੱਧੀ ਕੀ ਸੁਗਮਸਾਰ ਚੰਦ੍ਰਿਕਾ*) ਆਦਿ ਮਸ਼ਹੂਰ ਵਿਦਵਾਨ ਸਨ।

**ਬ੍ਰਜ ਭਾਸ਼ਾ ਤੇ ਹਿੰਦੀ ਕਵੀ**

ਪੰਡਿਤ ਤਾਰਾ ਸਿੰਘ ਨਰੋਤਮ (ਕਰਤਾ; *ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ* (ਸ੍ਰੀ ਰਾਗ ਤੱਕ), ਪੰਡਿਤ ਗੁਲਾਬ ਸਿੰਘ (ਕਰਤਾ; *ਮੋਖ ਪੰਥ ਪ੍ਰਕਾਸ਼*), ਪੰਡਿਤ ਅਰਜਨ ਸਿੰਘ ਮੁਨੀ (ਕਰਤਾ; *ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ* (ਮਾਝ ਰਾਗ ਤੱਕ), ਪੰਡਿਤ ਸਾਧੂ ਸਿੰਘ ਜੀ ਪੀਲੀਭੀਤ (ਕਰਤਾ; *ਸਤਯਾਰਥ ਵਿਵੇਕ*), ਪੰਡਿਤ ਤਾਰਾ ਸਿੰਘ, ਗਲੀ ਬਾਗ ਵਾਲੀ ਅੰਮ੍ਰਿਤਸਰ ਵਾਲੇ (ਕਰਤਾ; *ਬਾਲ ਬੋਧਨੀ ਟੀਕਾ* (ਜਪੁਜੀ ਸਟੀਕ), ਸਾਧੂ ਗੁਰਦਿੱਤ ਸਿੰਘ (ਕਰਤਾ; *ਗੁਰਮਤਿ ਸਿਧਾਂਤ ਸਾਰ*), ਆਦਿ ਦੇ ਨਾਮ ਵਰਣਨਯੋਗ ਹਨ।

**ਪੰਜਾਬੀ**

ਗਿਆਨੀ ਗਿਆਨ ਸਿੰਘ (ਕਰਤਾ; *ਸ੍ਰੀ ਗੁਰੁ ਪੰਥ ਪ੍ਰਕਾਸ਼*), ਗਿਆਨੀ ਬਦਨ ਸਿੰਘ (ਕਰਤਾ; *ਫ਼ਰੀਦਕੋਟੀ ਟੀਕਾ*), ਮਹੰਤ ਗਣੇਸ਼ਾ ਸਿੰਘ (ਕਰਤਾ; *ਭਾਰਤ ਮਤ ਦਰਪਣ*), ਮਹੰਤ ਦਿਆਲ ਸਿੰਘ (ਕਰਤਾ; *ਬਾਬੇ ਨਾਨਕ ਦਾ ਨਿਰਮਲ ਪੰਥ*), ਸੰਤ ਹਰਿਭਜਨ ਸਿੰਘ (ਕਰਤਾ; *ਤਤ੍ਵ ਦਰਪਨ*), ਪੰਡਿਤ ਈਸ਼ਰ ਸਿੰਘ 'ਕਲਯੁੱਗ', ਕਾਸ਼ੀ (ਕਰਤਾ; *ਗੁਰਮਤ ਦਿਗ ਵਿਜਯ*), ਮਹੰਤ ਸਾਧੂ ਸਿੰਘ ਪਟਿਆਲਾ (ਕਰਤਾ; *ਗੁਰੂ ਸਿਖਿਆ ਪ੍ਰਭਾਕਰ*), ਸੰਤ ਮੋਹਰ ਸਿੰਘ (ਕਰਤਾ; *ਗ੍ਰੰਥ ਭ੍ਰਮ ਤੋੜ*) ਆਦਿ ਨਾਮਵਾਰ ਵਿਦਵਾਨ ਸਨ।

ਉਕਤ ਤੋਂ ਇਲਾਵਾ ਬਹੁਤ ਸਾਰੇ ਨਿਰਮਲੇ ਵਿਦਵਾਨਾਂ ਨੇ ਅਲੱਗ-ਅਲੱਗ ਭਾਸ਼ਾ ਵਿਚ ਗ੍ਰੰਥ ਰਚਨਾ ਕੀਤੀ ਹੈ। ਇਹ ਨਿਰਮਲੇ ਸੰਤਾਂ ਦੀ ਬਹੁਭਾਸ਼ੀ ਵਿਦਿਆ ਨੂੰ ਦਰਸਾਉਂਦੀ ਇਕ ਵੰਨਗੀ ਹੈ।

**ਚਕਿਤਸਾ, ਜੋਤਿਸ਼ ਅਤੇ ਯੋਗਾਭਿਆਸ ਦੇ ਗ੍ਰੰਥ:**

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਕੁੱਝ ਸਾਹਿਤ ਸਮਾਜ ਸੇਵਾ ਦੇ ਪੱਖ ਤੋਂ ਵੀ ਰਚਿਆ ਹੈ ਜਿਸ ਵਿਚ ਚਕਿਤਸਾ, ਜੋਤਿਸ਼ ਅਤੇ ਯੋਗਾਭਿਆਸ ਦਾ ਖੇਤਰ ਵਿਸ਼ੇਸ਼ ਹੈ। ਨਿਰਮਲੇ ਵਿਦਵਾਨਾਂ ਨੇ ਇਨ੍ਹਾਂ ਖੇਤਰਾਂ ਵਿਚ ਸਾਹਿਤ ਦੀ ਰਚਨਾ ਕੀਤੀ ਹੈ। ਇਹ ਸਾਹਿਤ ਰਚਨਾ ਦਰਸਾਉਂਦੀ ਹੈ ਕਿ ਨਿਰਮਲੇ ਵਿਦਵਾਨਾਂ ਨੇ ਇਸ ਖੇਤਰ ਦੀ ਵਿਦਿਆ ਵੀ ਗ੍ਰਹਿਣ ਕੀਤੀ ਹੋਈ ਸੀ। ਇਸ ਵਿਦਿਆ ਨੂੰ ਗ੍ਰਹਿਣ ਕਰਨ ਲਈ ਨਿਰਮਲੇ ਸੰਤਾਂ ਨੇ ਪੁਰਾਣੇ ਵੈਦ ਹਕੀਮਾਂ, ਯੋਗਗੁਰੂਆਂ ਅਤੇ ਜੋਤਸ਼ੀਆਂ ਕੋਲ ਸਾਲਾਂਬੱਧੀ ਅਭਿਆਸ ਕੀਤਾ। ਇਨ੍ਹਾਂ ਖੇਤਰਾਂ ਦੀਆਂ ਬਾਰੀਕੀਆਂ ਨੂੰ ਸਮਝਿਆ ਤੇ ਫਿਰ ਉਨ੍ਹਾਂ ਨੂੰ ਅੰਕਿਤ ਕੀਤਾ।

ਇਸ ਲਈ ਇਥੇ ਇਸ ਖੇਤਰ ਵਿਚ ਪਾਏ ਯੋਗਦਾਨ ਦੀ ਚਰਚਾ ਕਰਾਂਗੇ। ਇਸ ਖੇਤਰ ਨਾਲ ਸੰਬੰਧਿਤ ਗ੍ਰੰਥਾਂ ਦਾ ਵੇਰਵਾ ਇਸ ਅਧਿਆਇ ਦੀ ਬਾਕੀ ਗ੍ਰੰਥਾਵਲੀ ਵਿਚ ਹੀ ਦਿੱਤਾ ਜਾਵੇਗਾ।

**ਚਕਿਤਸਾ**

ਨਿਰਮਲੇ ਸੰਤਾਂ ਨੇ ਚਕਿਤਸਾ ਦੇ ਖੇਤਰ ਵਿਚ ਵੀ ਜਨ-ਸਾਧਾਰਣ ਦੀ ਸੇਵਾ ਕੀਤੀ ਹੈ। ਜਦੋਂ ਇਨ੍ਹਾਂ ਸੰਤਾਂ ਨੇ ਆਪਣੇ ਡੇਰੇ ਕਾਇਮ ਕੀਤੇ ਤਾਂ ਸਮਕਾਲੀ ਹਾਕਮ ਨੂੰ ਦੀਨ ਦੁਖੀਆਂ ਦੀ ਕੋਈ ਸਾਰ ਨਹੀਂ ਸੀ। ਇਸ ਸਮੇਂ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਆਪਣੇ ਟਿਕਾਣੇ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿਚ ਬਣਾਏ। ਗੁਰੂ ਸਾਹਿਬ ਦੇ ਪਾਏ ਪੂਰਨਿਆਂ ’ਤੇ ਚਲਦੇ ਹੋਏ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਵੀ ਲੋਕਾਈ ਦੇ ਦੁੱਖ ਹਰਨ ਨੂੰ ਆਪਣੇ ਮਨੋਰਥ ਦਾ ਹਿੱਸਾ ਬਣਾਇਆ। ਨਿਰਮਲੇ ਸੰਤਾਂ ਵਿਚੋਂ ਕਈ ਨਿਰਮਲੇ ਵਿਦਵਾਨਾਂ ਨੇ ਆਯੂਰਵੈਦਿਕ ਚਕਿਤਸਾ ਦਾ ਗਿਆਨ ਹਾਸਲ ਕੀਤਾ ਹੋਇਆ ਸੀ। ਉਹ ਸੇਵਾ ਭਾਵਨਾ ਨਾਲ ਲੋਕਾਂ ਦੇ ਦੁੱਖਾਂ ਦਾ ਇਲਾਜ ਮੁਫ਼ਤ ਕਰਦੇ ਸਨ। ਇਲਾਜ ਕਰਨ ਦੇ ਨਾਲ-ਨਾਲ ਬਹੁਤੇ ਸੰਤਾਂ ਨੇ ਚਕਿਤਸਾ ਨਾਲ ਸੰਬੰਧਿਤ ਗ੍ਰੰਥ ਵੀ ਰਚੇ ਹਨ।

**ਜੋਤਿਸ਼**

ਨਿਰਮਲੇ ਸੰਤ ਜੋਤਿਸ਼ ਵਿਦਿਆ ਦੇ ਵੀ ਮਹਾਨ ਵਿਦਵਾਨ ਹੋਏ ਹਨ। ਨਿਰਮਲੇ ਸੰਤ ਇਸ ਵਿਦਿਆ ਨੂੰ ਗੁਰੂ-ਚੇਲਾ ਪੱਧਤੀ ਦੁਆਰਾ ਫੈਲਾਉਂਦੇ ਰਹੇ ਹਨ। ਲੋਕਾਂ ਦੇ ਸੰਪਰਕ ਵਿਚ ਰਹਿਣ ਸਮੇਂ ਇਹ ਸੰਤ ਜੋਤਿਸ਼

ਨਾਲ ਲੋਕਾਂ ਨੂੰ ਉਨ੍ਹਾਂ ਦੇ ਭੂਤ ਅਤੇ ਭਵਿੱਖ ਬਾਰੇ ਵੀ ਜਾਣਕਾਰੀ ਦਿੰਦੇ ਸਨ। ਇਨ੍ਹਾਂ ਦੁਆਰਾ ਦੱਸਿਆ ਅੱਖਰ-ਅੱਖਰ ਸਤਿ ਹੁੰਦਾ ਸੀ। ਠਾਕੁਰ ਨਿਹਾਲ ਸਿੰਘ ਜੀ ਥੋਹਾ ਖ਼ਾਲਸਾ ਵਾਲੇ ਇਸ ਖੇਤਰ ਵਿਚ ਵੀ ਮਹਾਨ ਵਿਦਵਾਨ ਹੋਏ ਹਨ।

ਇਕ ਵਾਰ "ਸ੍ਰੀਮਾਨ 108 ਪੂਜਯ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਆਪ ਜੀ ਨੂੰ ਮਿਲਣ 'ਦੁੱਖ ਭੰਜਨੀ ਆਸ਼ਰਮ' ਥੋਹਾਖ਼ਾਲਸਾ ਵਿਖੇ ਆਏ। ਇਸ ਸਮੇਂ ਸ੍ਰੀ ਸੰਤ ਜੀ ਮਹਾਰਾਜ ਪ੍ਰਸਿੱਧ ਨਹੀਂ ਸਨ। ਪਿੰਡ ਕਨੋਹੇ ਵਿਚ ਸਿਮਰਨ/ਤਪ ਕਰ ਰਹੇ ਸਨ। ਪੈਰਾਂ ਤੋਂ ਨੰਗੇ ਸਨ, ਉਪਰ ਕੰਬਲੀ ਲਈ ਹੋਈ ਸੀ। ਸ਼ਿਸ਼ਟਾਚਾਰ ਤੋਂ ਬਾਅਦ ਦੋਵੇਂ ਮਹਾਂਪੁਰਖ ਗਿਆਨ ਗੋਸ਼ਟ ਦੁਆਰਾ ਆਤਮਿਕ ਆਨੰਦ ਲੈਣ ਲੱਗੇ। ਸ੍ਰੀ ਸੰਤ ਜੀ ਮਹਾਰਾਜ ਦੇ ਪੈਰ ਦੀ ਤਲੀ ਠਾਕੁਰ ਜੀ ਵੇਖ ਰਹੇ ਸਨ। ਪੈਰ ਦੀ ਰੇਖਾ ਨੂੰ ਠਾਕੁਰ ਜੀ ਨੇ ਸਪਸ਼ਟ ਪੜ੍ਹ ਲਿਆ। ਨਾਲ ਹੀ ਸੁਭਾਵਿਕ ਮੁਖ ਤੋਂ ਉਚਾਰਨ ਹੋ ਗਿਆ:

ਪਾਲਕੀਆਂ ਰੱਥ ਉੱਤੇ ਚੱਲਣਾ, ਰੇਖਾ ਪਈ ਬਤਾਂਦੀ।

ਓੜ੍ਹੀ ਕੰਬਲੀ, ਜੁੱਤੀ ਨਾਹੀਂ, ਸਮਝੀ ਗੱਲ ਨ ਜਾਂਦੀ।[116]

ਭਵਿੱਖ ਵਿਚ ਠਾਕੁਰ ਜੀ ਦਾ ਇਹ ਕਥਨ ਅੱਖਰ-ਅੱਖਰ ਸਤਿ ਹੋਇਆ। ਜੋ ਸਤਿਕਾਰ ਦੇਸ ਅਤੇ ਪੰਥ ਵਿਚ ਸ੍ਰੀਮਾਨ 108 ਪੂਜਯ ਸੰਤ ਅਤਰ ਸਿੰਘ ਜੀ ਮਹਾਰਾਜ ਦਾ ਸੀ, ਉਹ ਸਰਵ ਪ੍ਰਸਿੱਧ ਹੈ। ਇਸ ਤੋਂ ਇਲਾਵਾ ਨਿਰਮਲੇ ਸੰਤਾਂ ਨੇ ਜੋਤਿਸ਼ ਵਿਦਿਆ 'ਤੇ ਗ੍ਰੰਥ ਵੀ ਰਚੇ ਹਨ। ਪੰਡਿਤ ਮੰਗਲ ਸਿੰਘ ਜੀ ਪਟਿਆਲੇ ਵਾਲੇ ਜੋਤਿਸ਼ ਦੇ ਪੂਰਨ ਵਿਦਵਾਨ ਸਨ। ਇਨ੍ਹਾਂ ਨੇ ਜੋਤਿਸ਼ ਉਪਰ *'ਮਹੂਰਤ ਚੰਦ੍ਰਕਾ'* ਨਾਮ ਦਾ ਗ੍ਰੰਥ ਰਚਿਆ ਹੈ।

**ਯੋਗਾਭਿਆਸ**

ਨਿਰਮਲ ਪੰਥ ਦੇ ਸੰਤਾਂ ਨੇ ਸਰੀਰ ਦੀ ਅਰੋਗਤਾ ਲਈ ਯੋਗਾਭਿਆਸ ਦੀ ਸਿੱਖਿਆ ਵੀ ਗ੍ਰਹਿਣ ਕੀਤੀ ਹੋਈ ਸੀ। ਇਸ ਵਿਦਿਆ ਨਾਲ ਬਹੁਤ ਸਾਰੇ ਸੰਤ ਅਤੇ ਵਿਦਿਆਰਥੀ ਨਿਤਾਪ੍ਰਤੀ ਯੋਗਾਭਿਆਸ ਕਰਦੇ ਸਨ। ਕਈ ਵਾਰੀ ਸਰੀਰ ਦੀ ਅਰੋਗਤਾ ਲਈ ਕਿਸੇ ਔਸ਼ਦੀ ਨਾਲੋਂ ਯੋਗਾਭਿਆਸ ਵਧੇਰੇ ਲਾਭਦਾਇਕ ਸਿੱਧ ਹੁੰਦਾ ਹੈ।

---

116 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਸੰਪ੍ਰਦਾਇ, ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਤੀਜਾ, ਪੰਨਾ 199.

ਨਿਰਮਲੇ ਸੰਤ ਆਪਣੇ ਸਥਾਨਾਂ 'ਤੇ ਲੋਕਾਂ ਨੂੰ ਇਸ ਵਿਦਿਆ ਤੋਂ ਵੀ ਜਾਣੂ ਕਰਾਉਂਦੇ ਰਹੇ ਹਨ। ਨਿਰਮਲੇ ਸੰਤਾਂ ਨੇ ਲੋਕਾਂ ਵਿਚ ਇਸ ਵਿਦਿਆ ਦੇ ਪ੍ਰਚਾਰ ਲਈ ਗ੍ਰੰਥਾਂ ਦੀ ਰਚਨਾ ਕਰਨਾ ਵੀ ਸ਼ੁਰੂ ਕੀਤਾ ਤਾਂ ਜੋ ਲੋਕ ਇਸ ਵਿਦਿਆ ਦਾ ਚੰਗੀ ਤਰ੍ਹਾਂ ਲਾਹਾ ਲੈ ਸਕਣ।

ਇਸ ਵਿਦਿਆ ਵਿਚ ਸੰਤ ਮੇਹਰ ਸਿੰਘ ਜੀ ਅਤੇ ਈਸ਼ਰ ਸਿੰਘ ਜੀ 'ਕਲਯੁਗ' ਯੋਗ ਸ਼ਾਸਤ੍ਰ ਦਾ ਗਿਆਨ ਰੱਖਦੇ ਸਨ। ਸੰਤ ਮੇਹਰ ਸਿੰਘ ਜੀ ਨੇ ਯੋਗ ਸ਼ਾਸਤ੍ਰ ਉਪਰ *'ਯੋਗ ਸਿੱਖਿਆ ਪ੍ਰਭਾਕਰ'* ਨਾ ਦਾ ਗ੍ਰੰਥ ਰਚਿਆ ਹੈ।

## 6. ਧਰਮ ਸ਼ਾਸਤ੍ਰੀ ਬਹਿਸ ਅਤੇ ਨਿਰਮਲ ਸੰਪ੍ਰਦਾਇ ਦੀ ਕਾਰਜ਼ਸ਼ੈਲੀ ਉੱਤੇ ਕਿੰਤੂ ਦੇ ਪ੍ਰਤੀਰੋਧ ਵਜੋਂ ਹੋਂਦ ਵਿਚ ਆਏ ਗ੍ਰੰਥ

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਦੀ ਵਿਦਿਅਕ ਸੂਝ ਦੇ ਪੱਧਰ ਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ ਜੇਕਰ ਕਿਸੇ ਸ਼ੰਕਾਵਾਦੀ ਇਨਸਾਨ ਨੇ ਉਨ੍ਹਾਂ ਨੂੰ ਧਰਮ ਸ਼ਾਸਤ੍ਰੀ ਬਹਿਸ ਲਈ ਵੰਗਾਰਿਆ ਤਾਂ ਸੰਤਾਂ ਨੇ ਇਸ ਦਾ ਖਿੜੇ ਮੱਥੇ ਪ੍ਰਮਾਣਾਂ ਸਹਿਤ ਜਵਾਬ ਦਿੱਤਾ। ਜਿਸ ਦਾ ਜ਼ਿਕਰ ਅਸੀਂ ਪਿੱਛੇ ਸ਼ਾਸਤ੍ਰਾਰਥ ਵਾਲੇ ਪੱਖ ਤੋਂ ਕਰ ਆਏ ਹਾਂ। ਜਦੋਂ ਕਿਸੇ ਦੂਸਰੀ ਮੱਤ ਦੇ ਪ੍ਰਚਾਰਕ ਨੇ 'ਸਿੱਖ ਕੌਮ' ਦੇ ਵਿਦਵਾਨਾਂ ਨੂੰ ਧਰਮ ਸ਼ਾਸਤ੍ਰੀ ਬਹਿਸ ਲਈ ਖੁੱਲੀ ਚੁਣੌਤੀ ਦਿੱਤੀ ਉਦੋਂ ਵੀ ਨਿਰਮਲੇ ਸੰਤਾਂ ਨੇ ਇਸ ਨੂੰ ਸਵੀਕਾਰਿਆ। ਇਨ੍ਹਾਂ ਨੇ ਬਹਿਸ ਵਿਚ ਵਿਰੋਧੀ ਨੂੰ ਹਰਾਇਆ ਹੀ ਨਹੀਂ ਬਲਕਿ ਰਾਤੋ-ਰਾਤ ਬਹਿਸ ਨਾਲ ਸੰਬੰਧਿਤ ਵਿਸ਼ੇ 'ਤੇ ਗ੍ਰੰਥ ਰਚਨਾ ਕਰਕੇ ਸਿੱਖ ਧਰਮ ਦੀ ਆਨ-ਸ਼ਾਨ ਵਿਚ ਵੀ ਵਾਧਾ ਕੀਤਾ ਹੈ। ਇਸ ਦੀ ਇਸ ਉਦਾਹਰਣ ਜੋ ਸਿੱਖਾਂ ਦੀ ਇਸ ਵਿਦਵਾਨ ਸੰਪ੍ਰਦਾਇ ਦੇ ਗੌਰਵ ਵਿਚ ਵਾਧਾ ਕਰਦੀ ਹੈ।

ਸੰਤ ਨਿਹਾਲ ਸਿੰਘ ਜੀ ਥੋਹਾ ਖ਼ਾਲਸਾ ਨਿਰਮਲ ਸੰਪ੍ਰਦਾਇ ਦੇ ਮਹਾਨ ਅਤੇ ਬਹੁਗੁਣੀ ਵਿਦਵਾਨ ਹੋਏ ਹਨ। ਇਨ੍ਹਾਂ ਦਾ ਜਨਮ ਸੰਮਤ 1864 (1807 ਈਂ) ਦਾ ਹੈ ਤੇ 7 ਸਾਲ ਦੀ ਉਮਰ ਵਿਚ ਇਹ ਠਾਕੁਰ ਦਿਆਲ ਸਿੰਘ ਜੀ ਦੇ ਡੇਰੇ ਵਿਚ ਆ ਗਏ ਸਨ। ਇਹ ਠਾਕੁਰ ਦਿਆਲ ਸਿੰਘ ਜੀ ਦੇ ਹੋਣਹਾਰ ਸ਼ਿਸਾਂ ਵਿਚੋਂ ਇਕ ਸਨ ਜੋ ਡੇਰਾ ਠਾਕੁਰਾਂ, ਚੌਕ ਮੋਨੀ, ਸ੍ਰੀ ਅੰਮ੍ਰਿਤਸਰ ਵਿਚ ਹੀ ਨਿਵਾਸ ਰੱਖਦੇ ਸਨ। "ਇਨ੍ਹਾਂ ਹੀ ਦਿਨਾਂ ਵਿਚ ਸ੍ਵਾਮੀ ਦਇਆ ਨੰਦ ਸਰਸ੍ਵਤੀ ਵੀ ਅੰਮ੍ਰਿਤਸਰ ਆਏ ਹੋਏ ਸਨ। ਉਨ੍ਹਾ ਨੇ 'ਸਤਿਆਰਥ ਪ੍ਰਕਾਸ਼' ਵਿਚ ਗੁਰੂ ਸਾਹਿਬਾਨ ਦੇ ਵੀ ਖ਼ਿਲਾਫ ਕੁੱਝ ਅਯੋਗ ਸ਼ਬਦ ਵਰਤੇ ਭਾਈ ਦਿੱਤ ਸਿੰਘ ਆਦਿ ਵਿਦਵਾਨਾਂ ਨੇ ਸ੍ਵਾਮੀ ਜੀ ਨੂੰ ਮਨਾ ਲਿਆ

ਕਿ ਉਹ ਅਗਲੀ ਐਡੀਸ਼ਨ ਵਿਚੋਂ ਇਸ ਤਰ੍ਹਾਂ ਦੀ ਸਮਗਰੀ ਕੱਢ ਦੇਣਗੇ। ਫਿਰ ਸ੍ਵਾਮੀ ਜੀ ਨੇ ਇਕ ਪ੍ਰਸ਼ਨ ਕਰ ਕੀਤਾ ਕਿ ਆਪ ਪਰਥਾਇ 'ਖ਼ਾਲਸਾ' ਸ਼ਬਦ ਜੋ ਵਰਤਿਆ ਗਿਆ ਹੈ ਇਸ ਦਾ ਸਪਸ਼ਟ ਅਰਥ ਕੀ ਹੈ?"[117] ਇਸ ਸੰਦਰਭ ਵਿਚ ਨਿਰਮਲਾ ਇਤਿਹਾਸ ਵਿਚ ਲਿਖਿਆ ਮਿਲਦਾ ਹੈ ਕਿ:

ਇਕ ਵਾਰ ਦਇਆਨੰਦ ਆਰੀਆ ਸਮਾਜੀ ਨੇ ਅੰਮ੍ਰਿਤਸਰ ਵਿਚ ਆ ਕੇ ਬੜੇ ਹੰਕਾਰ ਨਾਲ ਘੋਸ਼ਣਾ ਕੀਤੀ ਕਿ 'ਖ਼ਾਲਸਾ' ਸ਼ਬਦ ਦਾ ਕੋਈ ਯਥਾਰਥ ਨਹੀਂ ਹੈ। ਜੇ ਕੋਈ ਸਿੱਖ ਅਰਥ/ਵਿਆਖਿਆ ਕਰ ਦੇਵੇ ਤਾਂ, ਮੈਂ ਕੱਲ੍ਹ ਨੂੰ ਇਸੇ ਥਾਂ ਉਸ ਨਾਲ ਵਿਚਾਰ ਕਰਨ ਵਾਸਤੇ ਤਿਆਰ ਹਾਂ। ਨਾਲ ਹੀ ਹੰਕਾਰ ਨਾਲ ਕਿਹਾ, 'ਪਰ ਮੈਨੂੰ ਵਿਸ਼ਵਾਸ ਹੈ ਕਿ ਕਿਸੇ ਨੇ ਅਰਥ ਕਰਨ ਵਾਸਤੇ ਆਉਣਾ ਨਹੀਂ ਹੈ। ਇਸ ਇਕੱਠ ਵਿਚ ਪੰਡਿਤ ਠਾਕੁਰ ਨਿਹਾਲ ਸਿੰਘ ਜੀ ਥੋਹਾ ਖ਼ਾਲਸਾ ਵਾਲੇ ਵੀ ਬੈਠੇ ਸਨ। ਉਨ੍ਹਾਂ ਨੇ ਸੁਣਕੇ ਵਿਚਾਰ ਕੀਤਾ ਕਿ ਦਇਆਨੰਦ ਦਾ ਗਰਬ (ਹੰਕਰ) ਤੋੜਨਾ ਚਾਹੀਦਾ ਹੈ। ਇਹ ਪੂਰੇ ਸਿੱਖ ਪੰਥ ਨੂੰ ਵੰਗਾਰ ਰਿਹਾ ਹੈ। ਇਨ੍ਹਾਂ ਨੇ ਠਾਕੁਰ ਦਿਆਲ ਸਿੰਘ ਜੀ ਦੀ ਮਦਦ ਨਾਲ 'ਖ਼ਾਲਸਾ' ਸ਼ਬਦ ਦੀ ਵਿਆਖਿਆ, ਅਰਥ, ਮਹਾਨਤਾ, ਉਪਮਾ, ਵਰਣਨ ਕਰਕੇ ਇਕ ਰਾਤ ਵਿਚ ਸੰਸਕ੍ਰਿਤ ਦੇ ਸੌ ਸ਼ਲੋਕਾਂ ਵਿਚ 'ਖ਼ਾਲਸਾ ਸ਼ਤਕ' ਗ੍ਰੰਥ ਲਿਖ ਦਿੱਤਾ। "ਪੰਡਿਤ ਨਿਹਾਲ ਸਿੰਘ ਜੀ ਨਿਯਤ ਸਮੇਂ 'ਤੇ ਦਇਆਨੰਦ ਦੇ ਇਕੱਠ ਵਿੱਚ ਪੁੱਜ ਗਏ। ਕਿਹਾ 'ਮੈਂ ਤੁਹਾਡੇ ਕਹਿਣ ਅਨੁਸਾਰ ਖ਼ਾਲਸਾ ਸ਼ਬਦ ਦੀ ਵਿਆਖਿਆ ਕਰਨ ਲਈ ਆਇਆ ਹਾਂ।'

ਸ੍ਵਾਮੀ ਦਇਆਨੰਦ ਨੇ ਸੋਚਿਆ ਕਿ ਇਹ ਸੰਤ ਪੰਜਾਬੀ ਵਿਚ ਇਕ ਦੋ ਗੱਲਾਂ ਕਹੇਗਾ, ਮੈਂ ਇਕ ਗੱਲ ਨਾਲ ਇਸਨੂੰ ਨਿਰੁਤਰ ਕਰ ਦੇਵਾਂਗਾ। ਇਹ ਸੋਚਕੇ ਦਇਆਨੰਦ ਵਿਅੰਗ ਨਾਲ ਬੋਲਿਆ, 'ਹਾਂ ਦੱਸੋ ਖ਼ਾਲਸੇ ਦਾ ਕੀ ਅਰਥ ਹੈ?'

ਬਸ! ਫਿਰ ਕੀ ਸੀ ਪੰਡਿਤ ਜੀ ਨੇ 'ਖ਼ਾਲਸਾ ਸ਼ਤਕ' ਬੋਲਣਾ ਅਰੰਭ ਕਰ ਦਿਤਾ। ਧਾਰਾਵਾਹਕ ਸੰਸਕ੍ਰਿਤ ਵਿਚ ਖਾਲਸੇ ਦੀ ਵਿਆਖਿਆ ਹੋ ਰਹੀ ਸੀ। ਦਇਆਨੰਦ ਸੰਸਕ੍ਰਿਤ ਵਿਚ ਖ਼ਾਲਸਾ ਸ਼ਬਦ ਦੀ ਵਿਉਂਤਪਤੀ, ਪ੍ਰਮਾਣ/ਦ੍ਰਿਸ਼ਟਾਂਤ, ਉਪਮਾ, ਮਹਿਮਾ ਸੁਣਕੇ ਪੰਡਿਤ ਨਿਹਾਲ ਸਿੰਘ ਜੀ ਦੇ ਚਰਨਾਂ ਵਿਚ ਹੱਥ ਜੋੜ ਕੇ ਨਤਸਿਰ ਹੋ ਗਿਆ। ਪੰਡਿਤ ਨਿਹਾਲ ਸਿੰਘ ਜੀ ਦੀ ਜੈ-ਜੈ ਕਾਰ ਹੋ ਰਹੀ ਸੀ। ਦਇਆਨੰਦ ਸ਼ਰਮਿੰਦਾ

---

117 ਈਸ਼ਰ ਸਿੰਘ ਨਾਰਾ, ਕੁੱਝ ਅਣਗੌਲੇ ਨਿਰਮਲੇ ਸੰਤ, ਪ੍ਰੀਤਮ ਸਿੰਘ (ਸੰਪਾ.) *ਨਿਰਮਲ ਸੰਪ੍ਰਦਾਇ*, ਪੰਨਾ 433.

ਹੋਇਆ ਕਹਿ ਰਿਹਾ ਸੀ, 'ਮੈਨੂੰ ਪਤਾ ਨਹੀਂ ਸੀ ਕਿ ਸਿੱਖਾਂ ਵਿਚ ਵੀ ਸੰਸਕ੍ਰਿਤ ਦੇ ਪੰਡਿਤ ਹੁੰਦੇ ਹਨ।"[118] ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਨਿਰਮਲੇ ਸੰਤਾਂ ਨੇ ਬਹੁਤ ਸਾਰੇ ਹੰਕਾਰੇ ਲੋਕਾਂ ਦੇ ਭਰਮ ਆਪਣੀ ਵਿਦਵਤਾ ਨਾਲ ਤੋੜੇ ਹਨ, ਕਦੇ ਸ਼ਾਸਤ੍ਰਾਰਥ ਰਚਕੇ ਕਦੇ ਗ੍ਰੰਥ ਰਚਕੇ। ਇਹ ਤਾਂ ਹੀ ਸੰਭਵ ਸੀ ਕਿ ਇਨ੍ਹਾਂ ਵਿਦਵਾਨਾਂ ਦਾ ਬੌਧਿਕ ਪੱਧਰ ਉੱਚ ਪੱਧਰ ਦਾ ਸੀ।

ਇਸ ਤਰ੍ਹਾਂ ਕਿਸੇ ਦੂਸਰੀ ਮਤ ਦੇ ਵਿਦਵਾਨ ਵੱਲੋਂ ਦਿੱਤੀ ਚੁਣੌਤੀ ਨੂੰ ਸਵੀਕਾਰਨਾ ਅਤੇ ਫਿਰ ਰਾਤੋ-ਰਾਤ ਗ੍ਰੰਥ ਦੀ ਰਚਨਾ ਉਹੀ ਵਿਦਵਾਨ ਕਰ ਸਕਦਾ ਹੈ ਜੋ ਸਾਹਿਤਕ ਗਿਆਨ ਦਾ ਧਾਰਨੀ ਹੋਵੇ। ਬਾਕੀ ਨਿਰਮਲੇ ਵਿਦਵਾਨਾਂ ਵਾਂਗ ਪੰਡਿਤ ਜੀ ਨੇ ਵੀ ਸੰਸਕ੍ਰਿਤ ਦੇ ਗ੍ਰੰਥਾਂ ਦਾ ਅਧਿਐਨ ਕੀਤਾ ਹੋਇਆ ਸੀ ਇਸ ਲਈ ਉਹ ਸੰਸਕ੍ਰਿਤ ਭਾਸ਼ਾ ਵਿਚ ਪ੍ਰਮਾਣ ਦੇ ਕੇ ਸ੍ਵਾਮੀ ਦਇਆਨੰਦ ਨੂੰ ਖ਼ਾਲਸਾ ਸ਼ਬਦ ਦੀ ਮਹੱਤਤਾ ਸਮਝਾਉਣ ਵਿਚ ਕਾਮਯਾਬ ਰਹੇ ਅਤੇ ਉਨ੍ਹਾਂ ਦਾ ਹੰਕਾਰ ਤੋੜਿਆ। ਇਸ ਸ਼ਾਸਤ੍ਰਾਰਥ ਤੋਂ ਬਾਅਦ *'ਖ਼ਾਲਸਾ ਸ਼ਤਕ'* ਗ੍ਰੰਥ ਹੋਂਦ ਵਿਚ ਆਇਆ।

ਉਕਤ ਪੰਨਿਆਂ 'ਤੇ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਵੱਲੋਂ ਗ੍ਰੰਥ ਰਚਨਾ ਕਰਕੇ ਵਿਦਿਆ ਦੇ ਖੇਤਰ ਵਿਚ ਪਾਏ ਯੋਗਦਾਨ ਦੇ ਕੁੱਝ ਨਮੂਨੇ ਦਰਸਾਏ ਗਏ ਹਨ ਜੋ ਇਨ੍ਹਾਂ ਸੰਤਾਂ ਦੀ ਅਲੱਗ-ਅਲੱਗ ਵਿਸ਼ਿਆਂ ਵਿਚਲੀ ਰੁਚੀ ਨੂੰ ਦਰਸਾਉਂਦੇ ਹਨ। ਇਹ ਨਿਰਮਲੇ ਸੰਤਾਂ ਦੀ ਸਾਹਿਤਕ ਦੇਣ ਵਿਚੋਂ ਅੰਸ਼ ਮਾਤਰ ਹੈ, ਜੋ ਦਰਸਾਉਂਦੀ ਹੈ ਕਿ ਸੰਤਾਂ ਨੂੰ ਕਿੰਨੇ ਹੀ ਵਿਸ਼ਿਆਂ ਵਿਚ ਮੁਹਾਰਤ ਹਾਸਲ ਸੀ। "ਸਾਹਿਤ ਦੇ ਰਚੈਤਾ ਸੰਤਾਂ ਵਿਚ ਪੰਡਿਤ ਗੁਲਾਬ ਸਿੰਘ, ਭਾਈ ਸੰਤੋਖ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ, ਸੰਤ ਨਿਹਾਲ ਸਿੰਘ, ਗਿਆਨੀ ਗਿਆਨ ਸਿੰਘ, ਪੰਡਿਤ ਬਾਬਾ ਨਾਨੂੰ ਸਿੰਘ, ਮਹੰਤ ਗਣੇਸ਼ਾ ਸਿੰਘ, ਪੰਡਿਤ ਨਰੈਣ ਸਿੰਘ ਮਜ਼ੰਗ ਵਾਲੇ ਦੇ ਨਾਮ ਵਿਸ਼ੇਸ਼ ਉਲੇਖਯੋਗ ਹਨ।"[119] ਇਨ੍ਹਾਂ ਤੋਂ ਇਲਾਵਾ ਵੀ ਹੋਰ ਅਨੇਕ ਵਿਦਵਾਨਾਂ ਨੇ ਵੱਖ-ਵੱਖ ਵਿਸ਼ਿਆਂ 'ਤੇ ਸ਼ੈਂਕੜੇ ਗ੍ਰੰਥਾਂ ਦੀ ਰਚਨਾ ਕੀਤੀ ਹੈ। ਇਹ ਰਚਨਾ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਕਿਸੇ ਲਾਲਚ ਤੋਂ ਬਿਨਾਂ ਸੇਵਾ ਭਾਵਨਾ ਨਾਲ ਕੀਤੀ ਹੈ।

ਉਕਤ ਵਿਚਾਰ ਚਰਚਾ ਤੋਂ ਇਹ ਅਨੁਭਵ ਹੋ ਜਾਂਦਾ ਹੈ ਕਿ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਆਪਣੀ ਵਿਦਿਅਕ ਰੁਚੀ ਅਨੁਸਾਰ ਲੋਕਾਂ ਦੇ ਗਿਆਨ ਵਿਚ ਵਾਧਾ ਕਰਨ ਲਈ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਕੀਤੀ

---

118 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ,* ਪੰਨਾ 46.

119 ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼,* ਭਾਗ ਦੂਜਾ, ਪੰਨਾ 1083.

ਹੈ। ਨਿਰਮਲੇ ਵਿਦਵਾਨਾਂ ਦੁਆਰਾ ਅਲੱਗ-ਅਲੱਗ ਵਿਸ਼ਿਆਂ ਵਿਚ ਰਚੇ ਗ੍ਰੰਥ ਜਿਗਿਆਸੂਆਂ ਦੇ ਗਿਆਨ ਵਿਚ ਵਾਧਾ ਕਰਦੇ ਹਨ। ਨਿਰਮਲੇ ਵਿਦਵਾਨਾਂ ਦਾ ਵਿਦਿਅਕ ਖੇਤਰ ਵਿਚ ਸਾਹਿਤ ਰਚਨਾ ਦੁਆਰਾ ਪਾਇਆ ਯੋਗਦਾਨ ਪ੍ਰਸੰਸਾਯੋਗ ਹੈ।

**1910 ਈ. ਤੋਂ 2010 ਈ. ਤੱਕ ਗ੍ਰੰਥ ਰਚਨਾ**

ਜਿਵੇਂ ਕਿ ਪਿੱਛੇ ਚਰਚਾ ਕਰ ਆਏ ਹਾਂ ਕਿ ਨਿਰਮਲੇ ਵਿਦਵਾਨਾਂ ਨੇ ਵੱਡੇ ਪੱਧਰ ’ਤੇ ਸਾਹਿਤ ਰਚਨਾ ਕੀਤੀ ਹੈ। 20ਵੀਂ ਸਦੀ ਵਿਚ ਵੀ ਨਿਰਮਲੇ ਵਿਦਵਾਨਾਂ ਵੱਲੋਂ ਸਾਹਿਤ ਰਚਨਾ ਜਾਰੀ ਸੀ। ਇਸ ਸਦੀ ਦੇ “ਪਹਿਲੇ ਦੋ ਦਹਾਕਿਆਂ ਵਿਚ ਹੋਏ ਨਿਰਮਲੇ ਕਵੀਆਂ ਵਿਚੋਂ ਸੰਤ ਸੰਪੂਰਨ ਸਿੰਘ, ਸੰਤ ਟਹਿਲ ਸਿੰਘ, ਅਤੇ ਸੰਤ ਨਿਰੰਕਾਰ ਸਿੰਘ ਦੇ ਨਾਂ ਵਿਸ਼ੇਸ਼ ਤੌਰ ਉੱਤੇ ਵਰਣਨਯੋਗ ਹਨ। ਇਨ੍ਹਾਂ ਕਵੀਆਂ ਨੇ ਗੁਰਮਤਿ ਅਤੇ ਵੇਦਾਂਤ ਦੀ ਵਿਆਖਿਆ ਕਰਨ ਲਈ ਕਾਵਿ ਰੂਪ ਨੂੰ ਮਾਧਿਅਮ ਬਣਾਇਆ ਹੈ। ਵਰਤਮਾਨ ਕਾਲ ਦਾ (1976 ਈ. ਵਿਚ ਸੈਮੀਨਾਰ ਪੇਪਰ ਪੜ੍ਹਨ ਸਮੇਂ) ਪ੍ਰਸਿੱਧ ਨਿਰਮਲਾ ਕਵੀ ਸੰਤ ਬਿਸ਼ਨ ਸਿੰਘ ਕ੍ਰੀਟ ਹੈ। *ਜੀਵਨ ਫੁਹਾਰ, ਨੂਰੀ ਝਲਕਾਂ* ਅਤੇ *ਨੂਰੀ ਰਿਸ਼ਮਾਂ* ਉਸ ਦੇ ਪ੍ਰਸਿੱਧ ਕਾਵਿ ਸੰਗ੍ਰਹਿ ਹਨ।”[120] ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਨਿਰਮਲੇ ਵਿਦਵਾਨ ਹੋਰ ਵਿਦਿਅਕ ਕਾਰਜਾਂ ਦੇ ਨਾਲ-ਨਾਲ ਸਾਹਿਤ ਸਿਰਜਣਾ ਵੀ ਕਰ ਰਹੇ ਹਨ। ਜਿਨ੍ਹਾਂ ਵਿਚੋਂ ਕੁੱਝ ਨਿਮਨ ਲਿਖਤ ਸੰਤ ਵੀ ਸਾਹਿਤ ਰਚਨਾ ਵਿਚ ਆਪਣਾ ਯੋਗਦਾਨ ਦੇ ਰਹੇ ਸਨ:

1. ਸਾਧੂ ਗੁਰਦਿੱਤ ਸਿੰਘ (ਕਰਤਾ; *ਜਪੁਜੀ ਸਾਹਿਬ ਟੀਕਾ*, 1911 ਈ.)
2. ਮਹੰਤ ਗਣੇਸ਼ਾ ਸਿੰਘ (ਕਰਤਾ; *ਜਪੁਜੀ ਸਟੀਕ* 1925 ਈ.)
3. ਸੰਤ ਹਰਿਭਜਨ ਸਿੰਘ (ਕਰਤਾ; *ਸ੍ਰੀ ਗੁਰ ਪ੍ਰਤਾਪ ਸੂਰਜ ਦੇ ਸਮਸਤ ਮੰਗਲ ਸਟੀਕ*, 1927 ਈ.)
4. ਮਹੰਤ ਬਿਸ਼ਨ ਸਿੰਘ ‘ਕ੍ਰੀਟ’ (ਕਰਤਾ; *ਨੂਰੀ ਝਲਕਾਂ*, 1932)
5. ਸੰਤ ਸ਼ੇਰ ਸਿੰਘ ਜੀ (ਕਰਤਾ; *ਬੀਰ ਮ੍ਰਿਗੇਂਦ੍ਰ ਗੁਰਬਿਲਾਸ*, 1935 ਈ.),
6. ਮਹੰਤ ਦਿਆਲ ਸਿੰਘ (ਕਰਤਾ; *ਬਾਬਾ ਨਾਨਕ ਦਾ ਨਿਰਮਲ ਪੰਥ*, 1935 ਈ.)
7. ਪੰਡਿਤ ਹਰਦੇਵ ਸਿੰਘ, ਰਿਸ਼ੀਕੇਸ਼ (ਕਰਤਾ; *ਨਾਰਾਇਣ ਹਰੀ ਉਪਦੇਸ਼,* 1937)

---

[120] ਸੁਰਿੰਦਰ ਸਿੰਘ, ਨਿਰਮਲੇ ਸੰਤਾਂ ਦੀ ਪੰਜਾਬੀ ਸਾਹਿੱਤ ਨੂੰ ਦੇਣ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 263.

8. ਮਹੰਤ ਟਹਿਲ ਸਿੰਘ (ਕਰਤਾ; *ਅਸਲੀ ਗੁਰ ਪ੍ਰਕਾਸ਼*, 1939 ਈ.)

9. ਸੰਤ ਨਿਰੰਕਾਰ ਸਿੰਘ (ਕਰਤਾ; ਸਤੇ ਬਲਵੰਡ ਦੀ ਵਾਰ 1951 ਈ.)

10. ਸੰਤ ਨਰਾਇਣ ਸਿੰਘ ਮਹੇਰਨਾ ਕਲਾਂ (ਕਰਤਾ; *ਸ੍ਰੀ ਸੰਤ ਬਿਲਾਸ*, 1953 ਈ.)

11. ਸੰਤ ਸੰਪੂਰਨ ਸਿੰਘ (ਕਰਤਾ; *ਪ੍ਰਾਣ ਸੰਗਲੀ*, 1958 ਈ.)

12. ਸੰਤ ਗੁਰਬਚਨ ਸਿੰਘ ਖ਼ਾਲਸਾ (ਕਰਤਾ; *ਗੁਰਬਾਣੀ ਪਾਠ ਦਰਸ਼ਨ*, 1988 ਈ.)

13. ਬਲਵੰਤ ਸਿੰਘ ਕੋਠਾ ਗੁਰੂ (ਕਰਤਾ; *ਨਿਰਮਲ ਪੰਥ ਬੋਧ*, 1998 ਈ.)

ਨਿਰਮਲੇ ਵਿਦਵਾਨਾਂ ਦੀ ਉਕਤ ਸੂਚੀ ਤੋਂ ਇਲਾਵਾ ਵੀ ਕੁੱਝ ਹੋਰ ਵੀ ਨਿਰਮਲੇ ਵਿਦਵਾਨ ਹਨ ਜਿਨ੍ਹਾਂ ਨੇ 20ਵੀਂ ਸਦੀ ਵਿਚ ਸਾਹਿਤ ਰਚਿਆ ਹੈ। ਪ੍ਰੰਤੂ ਉਨ੍ਹਾਂ ਦੀਆਂ ਰਚਨਾਵਾਂ ਵੀ ਉਕਤ ਸ਼੍ਰੇਣੀ ਅਤੇ ਦਰਜੇ ਦੀਆਂ ਹੀ ਹਨ। ਜਿਨ੍ਹਾਂ ਤੋਂ ਮਹਿਸੂਸ ਹੁੰਦਾ ਹੈ ਕਿ 20ਵੀਂ ਸਦੀ ਦੇ ਪਿਛਲੇ ਅੱਧ ਵਿਚ ਨਿਰਮਲੇ ਵਿਦਵਾਨਾਂ ਵਿਚ ਉਤਸ਼ਾਹ ਅਤੇ ਲਗਨ ਦੀ ਕਮੀ ਹੈ ਕਿਉਂਕਿ ਉਹ ਪਹਿਲੇ ਪੱਧਰ ਦਾ ਸਾਹਿਤ ਰਚਨ ਵਿਚ ਕਾਮਯਾਬ ਨਾ ਹੋ ਸਕੇ। ਖੋਜ-ਕਾਰਜ ਵਿਚ ਇਸ ਜਗ੍ਹਾ 'ਤੇ ਉਨ੍ਹਾਂ ਵਿਦਵਾਨਾਂ ਦੀ ਸੂਚੀ ਲਿਖਣ ਦੀ ਜਗ੍ਹਾ ਇਸ ਅਧਿਆਇ ਦੇ ਅੰਤ 'ਤੇ ਨਿਰਮਲੇ ਗ੍ਰੰਥਾਂ ਅਤੇ ਗ੍ਰੰਥਕਾਰਾਂ ਦੀ ਸੂਚੀ ਦਿੱਤੀ ਹੈ।

**ਅਖ਼ਬਾਰ ਅਤੇ ਪੱਤ੍ਰਿਕਾਵਾਂ**

ਸਮੇਂ ਦੇ ਹਾਣੀ ਬਣਦੇ ਹੋਏ ਵੀਹਵੀ ਸਦੀ ਵਿਚ ਜਦੋਂ ਅਖ਼ਬਾਰ ਪ੍ਰਚਾਰ ਦਾ ਮੁੱਖ ਸਾਧਨ ਬਣ ਗਏ ਤਾਂ ਨਿਰਮਲੇ ਸੰਤਾਂ ਨੇ ਸੰਪ੍ਰਦਾਈ ਅਤੇ ਧਰਮ ਪ੍ਰਚਾਰ ਵਾਸਤੇ ਅਖ਼ਬਾਰ ਅਤੇ ਪੱਤ੍ਰਿਕਾਵਾਂ ਵੀ ਜਾਰੀ ਕੀਤੀਆਂ। "ਪਤ੍ਰਿਕਾਵਾਂ ਰਾਹੀਂ ਆਪਣੇ ਸੰਪ੍ਰਦਾਇਕ ਸੰਦੇਸ਼ ਨੂੰ ਸ਼ਰਧਾਲੂਆਂ ਅਤੇ ਜਿਗਿਆਸੂਆਂ ਤੱਕ ਪਹੁੰਚਾਣ ਲਈ ਵੀ ਨਿਰਮਲੇ ਸੰਤਾਂ ਨੇ ਪਹਿਲ ਕੀਤੀ। ਸੰਨ 1914 ਈ. ਵਿਚ ਸ਼ੁਰੂ ਹੋਈ ਨਿਰਮਲ ਪਤ੍ਰਿਕਾ ਦੀ ਬੋਲੀ ਹਿੰਦਵੀ ਸੀ, ਪਰ ਬਾਅਦ ਦੀਆਂ ਪਤ੍ਰਿਕਾਵਾਂ ਪੰਜਾਬੀ ਦੇ ਬਹੁਤ ਨੇੜੇ ਹੋ ਗਈਆਂ।"[121] ਨਿਰਮਲੇ ਸਥਾਨਾਂ ਵਿਚੋਂ ਸ਼ੁਰੂ ਹੋਈਆਂ ਇਨ੍ਹਾਂ ਪਤ੍ਰਿਕਾਵਾਂ/ਅਖ਼ਬਾਰਾਂ "ਵਿਚ ਭੇਖ ਸਬੰਧੀ ਖ਼ਬਰਾਂ ਪ੍ਰਕਾਸ਼ਿਤ ਹੁੰਦੀਆਂ ਸਨ। ਵਿਦਵਾਨਾਂ ਦੇ ਧਾਰਮਿਕ ਅਤੇ ਦਾਰਸ਼ਨਿਕ ਲੇਖ ਵੀ ਹੁੰਦੇ ਸਨ। ਨਿਰਮਲ ਭੇਖ ਦੇ ਸਾਰੇ ਅਖ਼ਬਾਰ ਸਪਤਾਹਿਕ ਜਾਂ ਮਾਸਿਕ ਨਿਕਲਦੇ

---

[121] ਰਤਨ ਸਿੰਘ ਜੱਗੀ, ਨਿਰਮਲੇ ਉਦਾਸੀ ਤੇ ਸੇਵਾ ਪੰਥੀ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 480.

ਰਹੇ ਹਨ ਜੋ ਪੰਜਾਬੀ ਅਤੇ ਹਿੰਦੀ ਵਿਚ ਛਪਦੇ ਰਹੇ ਹਨ। ਹੁਣ ਤੱਕ ਨਿਕਲੇ ਜਾਂ ਨਿਕਲ ਰਹੇ ਅਖ਼ਬਾਰ ਅਤੇ ਪੱਤ੍ਰਿਕਾਵਾਂ ਇਸ ਤਰ੍ਹਾਂ ਹਨ:

1. ਨਿਰਮਲ ਪੱਤਰ : ਇਸ ਅਖ਼ਬਾਰ ਦੇ ਸੰਪਾਦਕ ਸੰਤ ਗੁਰਦਿੱਤ ਸਿੰਘ ਆਲੋਮੁਹਾਰ ਸਨ ਅਤੇ ਇਹ ਅਖ਼ਬਾਰ ਅੰਮ੍ਰਿਤਸਰ ਤੋਂ 1909-1915 ਈ. ਤੱਕ ਛਪਦਾ ਰਿਹਾ।
2. ਹਰਿਦਵਾਰ ਸਮਾਚਾਰ : ਇਸ ਅਖ਼ਬਾਰ ਦੇ ਸੰਪਾਦਕ ਮਾਨ ਸਿੰਘ ਸ਼ਾਸਤ੍ਰੀ ਸਨ ਅਤੇ ਇਹ ਅਖ਼ਬਾਰ ਗੁਰਦੁਆਰਾ ਗਿਆਨ ਗੋਦੜੀ, ਹਰਿਦਵਾਰ ਤੋਂ 1927 ਈ. ਵਿਚ ਛਪਿਆ।
3. ਨਿਰਮਲ ਗਜ਼ਟ : ਇਸ ਪੱਤ੍ਰਿਕਾ ਦੇ ਸੰਪਾਦਕ ਸਵਾਮੀ ਸੰਤ ਸਿੰਘ ਜੀ ਸਨ ਅਤੇ ਇਹ ਸ੍ਰੀ ਗੁਰੂ ਨਾਨਕ ਆਸ਼ਰਮ, ਹਰਿਦਵਾਰ ਤੋਂ ਛਪਦਾ ਸੀ।
4. ਨਿਰਮਲ ਸਮਾਚਾਰ : ਇਸ ਅਖ਼ਬਾਰ ਦੇ ਸੰਪਾਦਕ ਮਹੰਤ ਕਿਸ਼ਨ ਸਿੰਘ ਜੀ ਡੇਰਾ ਵਰਪਾਲ ਵਾਲੇ ਸਨ ਅਤੇ ਇਹ ਅੰਮ੍ਰਿਤਸਰ ਤੋਂ 1932 ਈ. ਵਿਚ ਛਪਦਾ ਸੀ।
5. ਨਿਰਮਲ ਪੱਤਰ : ਇਸ ਅਖ਼ਬਾਰ ਦੇ ਮੁੱਖ ਸੰਪਾਦਕ ਮਹੰਤ ਦਿਆਲ ਸਿੰਘ ਜੀ ਅਤੇ ਸਹਿ ਸੰਪਾਦਕ ਗਿਆਨੀ ਬਿਸ਼ਨ ਸਿੰਘ ਜੀ 'ਕ੍ਰੀਟ' ਸਨ। ਇਹ ਅਖ਼ਬਾਰ ਅੰਮ੍ਰਿਤਸਰ ਤੋਂ 1932 ਈ.ਵਿਚ ਛਪਦਾ ਸੀ।
6. ਪੰਜਾਬੀ ਵੈਦ : ਇਸ ਪੱਤ੍ਰਿਕਾ ਦੇ ਸੰਪਾਦਕ ਮਹੰਤ ਹਰੀ ਸਿੰਘ, ਗਲੀ ਬਾਗ ਵਾਲੀ, ਚੌਂਕ ਬਾਬਾ ਸਾਹਿਬ, ਅੰਮ੍ਰਿਤਸਰ ਸਨ ਇਹ ਅਖ਼ਬਾਰ 1950-53 ਈ. ਵਿਚ ਛਪਦਾ ਸੀ।
7. ਨਿਰਮਲ ਉਦੇਸ਼ : ਇਸ ਪੱਤ੍ਰਿਕਾ ਦੇ ਸੰਪਾਦਕ ਮਹੰਤ ਹਰੀ ਸਿੰਘ, ਗਲੀ ਬਾਗ ਵਾਲੀ, ਅੰਮ੍ਰਿਤਸਰ ਸਨ। ਇਹ ਅਖ਼ਬਾਰ ਨਵੰਬਰ 1960 ਈ.ਵਿਚ ਛਪਦਾ ਸੀ।
8. ਗੁਰਮਤਿ ਸਮਾਚਾਰ : ਇਸ ਪੱਤ੍ਰਿਕਾ ਦੇ ਸੰਪਾਦਕ ਸੰਤ ਵਿਸਾਖਾ ਸਿੰਘ ਜੀ ਕਿਸ਼ਨਪੁਰਾ ਕਲਾਂ (ਲੁਧਿਆਣਾ)।
9. ਪੰਜਾਬੀ ਪਰਵਾਨਾ : ਇਸ ਪੱਤ੍ਰਿਕਾ ਮੁੱਖ ਸੰਪਾਦਕ ਸੰਤ ਦਿਆਲ ਸਿੰਘ ਜੀ ਪਰਵਾਨਾ, ਸੰਪਾਦਕ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਸਨ। ਇਹ ਮਾਸਕ ਪੱਤ੍ਰ 1952 ਈ. ਨੂੰ ਕੋਟਕਪੂਰਾ ਤੋਂ ਚਾਲੂ ਕੀਤਾ ਗਿਆ।

10. ਨਿਰਮਲ ਸੰਦੇਸ਼ : ਇਸ ਪੱਤ੍ਰਿਕਾ ਦੇ ਮੁੱਖ ਸੰਪਾਦਕ ਮਹੰਤ ਪ੍ਰਤਾਪ ਸਿੰਘ, ਸੰਪਾਦਕ ਤੇਜਿੰਦਰ ਸਿੰਘ ਜੀ ਸ਼ਾਸਤ੍ਰੀ ਪਿੰਡ ਕਾਉਂਕੇ ਕਲਾਂ, ਜ਼ਿਲ੍ਹਾ ਲੁਧਿਆਣਾ ਸਨ।

11. ਨਿਰਮਲ ਪ੍ਰਕਾਸ਼ : ਇਸ ਪੱਤ੍ਰਿਕਾ ਦੇ ਮੁੱਖ ਸੰਪਾਦਕ ਮਹੰਤ ਪ੍ਰਤਾਪ ਸਿੰਘ, ਕਾਉਂਕੇ ਕਲਾਂ, ਸੰਪਾਦਕ ਮਹੰਤ ਤੇਜਾ ਸਿੰਘ ਖੁੱਡਾ ਹਨ।

12. ਨਿਰਮਲ ਚਿੰਤਾਮਣੀ : ਇਸ ਪੱਤ੍ਰਿਕਾ ਦੇ ਮੁੱਖ ਸੰਪਾਦਕ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ, ਉਪ ਸੰਪਾਦਕ ਗਿਆਨੀ ਕੌਰ ਸਿੰਘ ਕੋਠਾ ਗੁਰੂ ਨੇ ਪਿੰਡ ਕੋਠਾ ਗੁਰੂ ਜ਼ਿਲ੍ਹਾ ਬਠਿੰਡਾ ਤੋਂ ਜਾਰੀ ਕੀਤਾ।"[122]

13. ਨਿਰਮਲ ਮਾਰਗ : ਇਸ ਪੱਤ੍ਰਿਕਾ ਦੇ ਮੁੱਖ ਸੰਪਾਦਕ ਸ੍ਰੀਮਾਨ ਮਹੰਤ ਬਾਬਾ ਭਗਵੰਤ ਭਜਨ ਸਿੰਘ ਜੀ ਤੇ ਸਹਾਇਕ ਸੰਪਾਦਕ ਗਿ. ਬਲਵੰਤ ਸਿੰਘ ਕੋਠਾ ਗੁਰੁ ਸਨ।

14. ਨਿਰਮਲ ਦਰਸ਼ਨ : ਇਸ ਪੱਤ੍ਰਿਕਾ ਦੇ ਮੁੱਖ ਸੰਪਾਦਕ ਮਹੰਤ ਤੇਜਾ ਸਿੰਘ ਜੀ ਤੇ ਸੰਪਾ. ਮਹੰਤ ਸੁਖਵੰਤ ਸਿੰਘ ਜੀ ਹਨ।"[123]

ਨਿਰਮਲ ਸੰਪ੍ਰਦਾਇ ਦੇ ਉਕਤ ਲੇਖਣ ਕਾਰਜ ਤੋਂ ਸਹਿਜੇ ਅਨੁਭਵ ਹੋ ਜਾਂਦਾ ਹੈ ਕਿ ਇਸ ਸੰਪ੍ਰਦਾਇ ਨੇ ਜਿਥੇ ਵੱਡੇ ਪੱਧਰ 'ਤੇ ਮਿਆਰੀ ਗ੍ਰੰਥਾਂ ਦੀ ਰਚਨਾ ਕੀਤੀ ਹੈ ਉਥੇ ਇਸ ਸੰਪ੍ਰਦਾਇ ਦੇ ਵਿਦਵਾਨਾਂ ਨੇ ਸਮੇਂ ਅਨੁਸਾਰ ਆਪਣੀ ਕਲਮ ਦਾ ਮੁਹਾਂਦਰਾ ਅਖ਼ਬਾਰਾਂ ਅਤੇ ਪੱਤ੍ਰਿਕਾਵਾਂ ਵਿਚ ਲਿਖਣ ਵੱਲ ਵੀ ਮੋੜਿਆ ਹੈ। ਵਿਦਵਾਨ ਦਾ ਕੰਮ ਹੁੰਦਾ ਹੈ ਕਿ ਉਹ ਗਿਆਨ ਤੋਂ ਸੱਖਣੇ ਲੋਕਾਂ ਦੇ ਮਨ ਅੰਦਰਲੇ ਹਨੇਰੇ ਨੂੰ ਗਿਆਨ ਦੇ ਪ੍ਰਕਾਸ਼ ਨਾਲ ਦੂਰ ਕਰੇ, ਇਹ ਕਾਰਜ ਨਿਰਮਲੇ ਵਿਦਵਾਨਾਂ ਨੇ ਬਾਖ਼ੂਬੀ ਨਿਭਾਇਆ ਹੈ। ਜਿੱਥੋਂ ਤੱਕ ਸੰਭਵ ਹੋ ਸਕਿਆ ਉਹ ਆਪ ਗਏ ਅਤੇ ਜਿੱਥੇ ਉਨ੍ਹਾਂ ਦੀ ਜਾਣ ਦੀ ਸਮਰੱਥਾ ਨਹੀਂ ਸੀ ਉਥੇ ਉਨ੍ਹਾਂ ਆਪਣੀਆਂ ਲਿਖਤਾਂ ਦੁਆਰਾ ਵਿਦਿਆ ਅਤੇ ਗੁਰਮਤਿ ਪ੍ਰਚਾਰ ਕੀਤਾ।

---

[122] ਬਲਵੰਤ ਸਿੰਘ ਕੋਠਾ ਗੁਰੂ (ਗਿ.), ਨਿਰਮਲ ਸੰਪ੍ਰਦਾਇ, ਡਾ. ਸਰਬਜਿੰਦਰ ਸਿੰਘ (ਸੰਪਾ.) *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 64.

[123] ਸੰਤ ਤੇਜਾ ਸਿੰਘ ਐਮ.ਏ., ਨਿਰਮਲ ਸੰਪ੍ਰਦਾਇ ਦਾ ਆਰੰਭ ਤੇ ਵਿਕਾਸ, ਡਾ. ਸਰਬਜਿੰਦਰ ਸਿੰਘ (ਸੰਪਾ.) *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 86.

ਅਖ਼ਬਾਰ/ਪੱਤ੍ਰਿਕਾ ਤੋਂ ਇਲਾਵਾ ਨਿਰਮਲੇ ਸੰਤਾਂ ਨੇ ਗੁਰਮਤਿ ਦੇ ਵੱਖ-ਵੱਖ ਪੱਖਾਂ ਤੋਂ ਗ੍ਰੰਥ ਰਚੇ ਹਨ। ਬਹੁਤ ਸਾਰੇ ਸੰਤਾਂ ਨੇ ਧਾਰਮਿਕ ਗ੍ਰੰਥਾਂ ਦੇ ਟੀਕੇ ਕੀਤੇ ਹਨ। ਟੀਕਾਕਾਰੀ ਸਾਹਿੱਤ ਵਿਚ ਹਰ ਸੰਤ ਦੀ ਟੀਕਾ ਕਰਨ ਦੀ ਆਪਣੀ ਵਿਧੀ ਅਤੇ ਰੁਚੀ ਹੈ। "ਨਿਰਮਲਾ ਸਕੂਲ ਦੇ ਹਰ ਕਹਿੰਦੇ-ਕਹਾਉਂਦੇ ਸਾਧੂ ਨੇ 'ਜਪੁ ਜੀ' ਦਾ ਟੀਕਾ ਜ਼ਰੂਰ ਕੀਤਾ ਹੈ। ਸੈਂਕੜਿਆਂ ਦੀ ਗਿਣਤੀ ਵਿਚ ਪ੍ਰਾਪਤ ਜਪੁ-ਟੀਕੇ ਇਸ ਤੱਥ ਦਾ ਪ੍ਰਮਾਣ ਹਨ। ਜਪੁ ਜੀ ਦਾ ਟੀਕਾ ਸ਼ਾਇਦ ਨਿਰਮਲੇ ਜਾਂ ਹੋਰ ਸੰਪ੍ਰਦਾਈ-ਸਾਧੂਆਂ ਦਾ ਵਿਦਵਤਾ/ਪੰਡਿਤਾਈ-ਚਿੰਨ੍ਹ ਹੈ। ਉਕਤ ਤੱਥ ਤੋਂ ਇਹ ਧਾਰਨਾ ਬਣਦੀ ਹੈ ਕਿ ਨਿਰਮਲੇ ਜਪੁ ਜੀ ਨੂੰ ਸਿੱਖ ਦਾਰਸ਼ਨਿਕ ਦ੍ਰਿਸ਼ਟੀ ਤੋਂ ਕੇਂਦਰੀ ਮਹੱਤਾ ਦਿੰਦੇ ਰਹੇ ਹਨ।"[124] ਟੀਕੇਆਂ ਦੀ ਬਹੁਤਾਤ ਦਸਦੀ ਹੈ ਕਿ ਹਰ ਸੰਤ ਟੀਕੇ ਵਿਚਲੀ ਬਾਣੀ ਦੇ ਅਰਥਾਂ ਨੂੰ ਆਪਣੇ ਢੰਗਾਂ ਨਾਲ ਸਪਸ਼ਟ ਕਰਨਾ ਚਾਹੁੰਦਾ ਹੈ। ਜਿਵੇਂ:

**ਜਪੁਜੀ ਸਾਹਿਬ ਟੀਕਾ, ਕ੍ਰਿਤ ਸਾਧੂ ਗੁਰਦਿੱਤ ਸਿੰਘ**

ਸਾਧੂ ਗੁਰਦਿੱਤ ਸਿੰਘ ਜੀ ਨਿਰਮਲ ਸੰਪ੍ਰਦਾਇ ਦੇ ਚੰਗੇ ਵਿਦਵਾਨ ਰਹੇ ਹਨ। ਆਪ ਜੀ ਉੱਪਰ ਵੇਦਾਂਤ ਦਾ ਬਹੁਤ ਪ੍ਰਭਾਵ ਸੀ। ਸਾਧਾਰਨ, ਸਰਲ ਤੇ ਸਪਸ਼ਟ ਵਿਚਾਰਾਂ ਨੂੰ ਆਪ ਜੀ ਨੇ ਗੂੜ੍ਹ ਰਹੱਸਮਈ ਬਣਾ ਕੇ ਪੇਸ਼ ਕੀਤਾ ਹੈ। ਸਾਧੂ ਗੁਰਦਿੱਤ ਸਿੰਘ ਦੁਆਰਾ 1911 ਈ. ਵਿਚ ਰਚਿਤ ਜਪੁਜੀ ਸਾਹਿਬ ਦੀ ਟੀਕਾ ਦਾ ਅੰਸ਼ਿਕ ਨਮੂਨਾ:[125]

ਹੁਕਮੀ ਹੋਵਨਿ ਆਕਾਰ- *ਹੁਕਮੀ (ਮਾਯਾ) ਉਪਾਧਿ ਵਾਲੇ ਈਸ੍ਵਰ ਸੇ ਹੀ (ਆਕਾਰ) ਸਥੂਲ ਸੂਖਮ ਦੇਹ ਚਿਦਾਭਾਸ ਯੁਕਤ (ਹੋਵਨ) ਹੋਤੇ ਹੈ ਯਾਂਤੇ ਦ੍ਵੈਤ ਕੋ ਮਾਯਕ ਹੋਨੇ ਸੇ ਵਾਸਤਵ ਅਦ੍ਵੈਤ ਕੀ ਸਿਧੀ ਹੈ।*

ਹੁਕਮੁ ਨ ਕਹਿਆ ਜਾਈ- *(ਹੁਕਮ) ਸਾਖਯਾਤ ਈਸ੍ਵਰ ਦੀ ਆਗਯਾ ਰੂਪ ਸਰੂਤੀ ਸੇ ਭੀ ਸਤ ਅਦ੍ਵੈਤ (ਕਹਿਆ ਨ ਜਾਈ) ਕਹਾ ਨਹੀਂ ਜਾਤਾ।*

ਉਕਤ ਤੁਕਾਂ ਤੋਂ ਟੀਕੇ ਦੇ ਵਿਦਵਾਨ ਸੰਤ ਦੇ ਵਿਚਾਰਾਂ, ਭਾਵਾਂ ਅਤੇ ਟੀਕਾਕਾਰੀ ਦੀ ਸ਼ੈਲੀ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।

---

124 ਗੁਰਮੇਲ ਸਿੰਘ (ਡਾ.), ਗੁਰਬਾਣੀ ਵਿਆਖਿਆ-ਪਧਤੀ ਦੀ ਉਸਾਰੀ ਵਿਚ ਨਿਰਮਲਾ ਸਕੂਲ ਦਾ ਯੋਗਦਾਨ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 91.

125 ਡਾ. ਤਾਰਨ ਸਿੰਘ, ਨਿਰਮਲ ਸੰਪ੍ਰਦਾਇ ਦੀ ਟੀਕਾ-ਪੱਧਤੀ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 282.

**ਜਪੁਜੀ ਸਟੀਕ, ਕ੍ਰਿਤ ਮਹੰਤ ਗਣੇਸ਼ਾ ਸਿੰਘ**

ਮਹੰਤ ਗਣੇਸ਼ਾ ਸਿੰਘ ਜੀ ਨਿਰਮਲ ਸੰਪ੍ਰਦਾਇ ਦੇ ਉੱਘੇ ਵਿਦਵਾਨਾਂ ਵਿਚੋਂ ਇਕ ਸਨ। ਆਪ ਨੇ ਜਿੱਥੇ ਨਿਰਮਲ ਸੰਪ੍ਰਦਾਇ ਦਾ ਇਤਿਹਾਸ, ਵੱਖ-ਵੱਖ ਮਤਾਂ ਦਾ ਇਤਿਹਾਸ ਦਾ ਇਤਿਹਾਸ ਲਿਖਿਆ ਹੈ ਉਥੇ ਆਪ ਨੇ ਗੁਰਬਾਣੀ ਦੀਆਂ ਜਪੁਜੀ ਸਾਹਿਬ, ਰਹਿਰਾਸ ਸਟੀਕ, 'ਸਲੋਕ ਸਹਸਕ੍ਰਿਤੀ ਸਟੀਕ' ਅਤੇ 'ਸੁਖਮਨੀ ਸਟੀਕ' ਆਦਿ ਟੀਕਾਵਾਂ ਵੀ ਲਿਖੀਆਂ ਹਨ। ਆਪ ਭਾਰਤੀ ਵੇਦਾਂਤ ਦਰਸ਼ਨ ਦੇ ਚੰਗੇ ਗਿਆਤਾ ਸਨ, ਇਸ ਲਈ ਆਪ ਦੀਆਂ ਟੀਕਾਵਾਂ ਵੇਦਾਂਤਕ ਰੰਗ ਵਿਚ ਰੰਗੀਆਂ ਮਿਲਦੀਆਂ ਹਨ।

ਮਹੰਤ ਗਣੇਸ਼ਾ ਸਿੰਘ ਨੇ ਇਕ ਆਮ ਕਿਤਾਬ ਦੇ ਸਾਈਜ ਦੀ 76 ਪੰਨਿਆਂ ਦੀ ਛਾਪੀ। ਆਪ ਨੇ "ਨਵੰਬਰ 1924 ਈ. ਵਿਚ ਇਹ ਟੀਕਾ ਸੰਪੂਰਣ ਕੀਤੀ ਜੋ ਜਨਵਰੀ 1925 ਈ. ਵਿਚ ਸ੍ਰੀ ਗੁਰਮਤ ਪ੍ਰੈਸ ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਹੋਈ। ਇਹ ਵਿਦਿਆਰਥੀਆਂ ਦੇ ਲਾਭ ਲਈ ਛਾਪੀ ਗਈ। ਇਸ ਟੀਕਾ ਦੀ ਸੰਖੇਪ ਜਿਹੀ ਭੂਮਿਕਾ ਅੰਤ ਉੱਤੇ ਦਿੱਤੀ ਗਈ ਹੈ। ਇਸ ਭੂਮਿਕਾ ਵਿਚ ਲੇਖਕ ਨੇ ਦੱਸਿਆ ਹੈ ਕਿ ਇਸ ਟੀਕਾ ਵਿਚ 'ਤੁਕ ਤੁਕ ਦਾ ਵੱਖੋ ਵੱਖਰਾ ਥੋੜੇ ਵਿਚ ਨਾਲੋ ਨਾਲ ਅਰਥ ਦਿੱਤਾ ਹੈ ਜਿਸ ਤੋਂ ਤੁਕ ਦਾ ਭਾਵ ਝਟ ਸਮਝ ਆ ਜਾਂਦਾ ਹੈ। ਇਸ ਭਾਵ ਦੀ ਸਮਝ ਨਾਲ ਮਨ ਵਿਚ ਹੋਰ ਵਧੇਰੇ ਰੀਝ ਵਧਦੀ ਹੈ ਜਿਸ ਤੇ ਇਸ ਅਭਯਾਸ ਵਲੋਂ ਮਨ ਮੁੜਦਾ ਨਹੀਂ ਕਿੰਤੂ ਤੁਰਿਆ ਜਾਂਦਾ ਹੈ।"[126] ਜਿਗਿਆਸੂਆਂ ਦੀ ਰੁਚੀ ਵਧਾਉਣ ਲਈ ਵਿਦਵਾਨ ਨੇ ਇਸ ਦੇ ਅਰਥ ਸੰਖੇਪ ਅਤੇ ਤੁਕ ਦੇ ਨਾਲ ਨਾਲ ਕੀਤੇ ਹਨ। ਟੀਕਾ ਲਿਖਣ ਸਮੇਂ ਉਸ ਵਿਚ ਰੁਚੀ ਵਧਾਉਣ ਲਈ ਵੀ ਧਿਆਨ ਦਿੱਤਾ ਜਾਂਦਾ ਸੀ।

**ਜਪੁਜੀ ਸਾਹਿਬ ਸਟੀਕ, ਕ੍ਰਿਤ ਸੰਤ ਨਿਰੰਕਾਰ ਸਿੰਘ ਨਿਰਮਲੇ**

ਆਪ ਦੁਆਰਾ ਰਚਿਤ 'ਜਪੁਜੀ ਸਾਹਿਬ ਸਟੀਕ' "ਜੋ 1951 ਈ. ਵਿਚ ਪ੍ਰਕਾਸ਼ਿਤ ਹੋਈ। ਆਪ ਡੇਰਾ ਲਾਇਲਪੁਰੀ, ਗਲੀ ਕਾਲਿਆਂ ਵਾਲੀ, ਕਟੜਾ ਦਲ ਸਿੰਘ, ਅੰਮ੍ਰਿਤਸਰ ਦੇ ਮਹੰਤ ਰਹੇ ਹਨ। ਇਸ ਟੀਕੇ ਨੂੰ ਛਪਵਾਉਣ ਲਈ 25 ਦੇ ਕਰੀਬ ਸੱਜਣਾ ਨੇ ਆਪ ਦੀ ਸਹਾਇਤਾ ਕੀਤੀ ਅਤੇ ਆਪ ਨੇ ਇਹ ਸੰਗਤਾਂ ਵਿਚ ਧਰਮ ਅਰਥ ਪ੍ਰੇਮ ਭੇਟਾ ਕੀਤੀ। ਇਹ ਇਕ ਬੜੀ ਸੌਖੀ ਤੇ ਸਰਲ ਬੋਲੀ ਵਿਚ ਲਿਖਿਆ ਗਿਆ ਹੈ। ਜਿਸ ਨੂੰ

---

[126] ਸੰਤ ਭਾਗ ਸਿੰਘ, ਨਿਰਮਲੇ ਵਿਦਵਾਨਾ ਦੇ ਜਪੁਜੀ ਸਾਹਿਬ ਜੀ ਦੇ ਟੀਕੇ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 120.

ਅਣਜਾਣ ਤੇ ਅਨਪੜ੍ਹ ਵੀ ਸੁਣ ਕੇ ਸਮਝ ਸਕਦਾ ਹੈ। ਮੁੱਖ ਬੰਦ ਵਿਚ ਸੰਤ ਹੀਰਾ ਸਿੰਘ ਨੇ ਇਹ ਸ਼ਬਦ ਲਿਖ ਕੇ ਪ੍ਰੇਰਨਾ ਕੀਤੀ ਹੈ ਕਿ ਵਿਦਵਾਨਾਂ ਨੂੰ ਚਾਹੀਦਾ ਹੈ ਕਿ ਇਸ ਨੂੰ ਪੜ੍ਹਨ ਤੇ ਸਕੂਲਾਂ ਵਿਚ ਬੱਚਿਆਂ ਨੂੰ ਧਾਰਮਿਕ ਵਿਦਿਆ ਤੋਂ ਜਾਣੂ ਕਰਨ ਲਈ ਇਹ ਪੜ੍ਹਾਉਣ ਵੱਲ ਧਿਆਨ ਦੇਣ।"[127] ਇਸ ਸਟੀਕ ਦੀ ਰਚਨਾ ਕਰਨ ਪਿੱਛੋਂ ਕਰਤਾ ਨੇ ਇਸ ਨੂੰ ਭੇਟਾ ਰਹਿਤ ਲੋਕਾਂ ਵਿਚ ਵੰਡਿਆ। ਇਹ ਸੁਖੈਨ ਭਾਸ਼ਾ ਵਿਚ ਰਚੀ ਤਾਂ ਜੋ ਜਪੁਜੀ ਸਾਹਿਬ ਦੇ ਅਰਥ ਹਰ ਕਿਸੇ ਦੇ ਸਮਝ ਆ ਸਕਣ। ਜਿਸ ਤੋਂ ਕਰਤਾ ਦੇ ਉਦੇਸ਼ ਬਾਰੇ ਪਤਾ ਲੱਗਦਾ ਹੈ ਕਿ ਉਨ੍ਹਾਂ ਦਾ ਮਨੋਰਥ ਗੁਰਬਾਣੀ ਦੇ ਗਿਆਨ ਦਾ ਪ੍ਰਚਾਰ ਸੀ।

### ਸੂਰਜ ਪ੍ਰਕਾਸ਼ ਸਮੱਸਤ ਮੰਡਲ ਸਟੀਕ, ਕ੍ਰਿਤ ਸੰਤ ਹਰਿਭਜਨ ਸਿੰਘ

ਨਿਰਮਲੇ ਵਿਦਵਾਨਾਂ ਵਿਚ "ਕਵੀਰਾਜ ਸੰਤ ਹਰਿਭਜਨ ਸਿੰਘ ਜੀ ਵੀ ਸੰਸਕ੍ਰਿਤ, ਹਿੰਦੀ ਤੇ ਪੰਜਾਬੀ ਦੇ ਚੰਗੇ ਵਿਦਵਾਨ ਸਨ ਤੇ ਪਿੰਗਲ-ਸ਼ਾਸਤਰ ਦੇ ਗਿਆਤਾ ਕਵੀ ਸਨ। ਆਪ ਨੇ 'ਸ੍ਰੀ ਗੁਰੂ ਪ੍ਰਤਾਪ ਸੂਰਜ' ਦੀਆਂ ਬਾਰਾਂ ਰਾਸ਼ਾਂ, ਛੀਹ ਰੁੱਤਾਂ, ਦੋ ਆਇਨਾਂ ਵਿਚ ਆਏ ਗੁਰੂ ਸਾਹਿਬਾਨ ਦੇ ਮੰਗਲਾਂ ਦੀ ਟੀਕਾ ਲਿਖ ਕੇ ਗੁਰੂ ਘਰ ਦੇ ਪ੍ਰੇਮੀਆਂ ਉੱਤੇ ਬੜਾ ਉਪਕਾਰ ਕੀਤਾ।"[128] ਸੂਰਜ ਪ੍ਰਕਾਸ਼ ਦੇ ਮੰਗਲ ਬਹੁਤ ਕਠਨ ਹਨ ਇਨ੍ਹਾਂ ਦੇ ਅਰਥ ਕਰਨੇ ਆਮ ਵਿਦਵਾਨ ਲਈ ਮੁਸ਼ਕਲ ਹਨ। ਇਹ ਸੌਖਿਆਂ ਸਮਝ ਆ ਸਕਣ, ਇਸ ਲਈ ਆਪ ਨੇ ਉਕਤ ਟੀਕਾ ਕੀਤਾ।

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਵੱਲੋਂ ਧਾਰਮਿਕ ਗ੍ਰੰਥਾਂ ਦੇ ਟੀਕਿਆਂ ਵਿਚੋਂ ਨਮੂਨਾ ਮਾਤਰ ਟੀਕਿਆਂ ਦੀ ਸੰਖੇਪਿਤ ਚਰਚਾ ਕੀਤੀ ਹੈ। ਜਿਸ ਤੋਂ ਇਹ ਸਹਿਜੇ ਅਨੁਭਵ ਹੋ ਜਾਂਦਾ ਹੈ ਕਿ ਨਿਰਮਲੇ ਵਿਦਵਾਨਾਂ ਨੇ ਗ੍ਰੰਥਾਂ ਵਿਚਲੇ ਭਾਵਾਂ ਅਤੇ ਅਰਥਾਂ ਦੀ ਸਹੀ ਸੂਝ ਪ੍ਰਾਪਤ ਕਰਨ ਲਈ ਕਿੰਨੇ ਉਪਰਾਲੇ ਕੀਤੇ ਹਨ। ਉਨ੍ਹਾਂ ਦੀ ਕੋਸ਼ਿਸ਼ ਰਹੀ ਹੈ ਕਿ ਜਿਗਿਆਸੂਆਂ ਨੂੰ ਟੀਕਿਆਂ ਦੀ ਮਦਦ ਨਾਲ ਬਾਣੀ ਵਿਚਲਾ ਸੰਦੇਸ਼ ਸੌਖਿਆਂ ਸਮਝ ਆ ਜਾਵੇ।

ਸਿੱਖ ਧਰਮ ਦੀ ਇਸ ਵਿਦਵਾਨ ਸੰਪ੍ਰਦਾਇ ਵੱਲੋਂ ਧਾਰਮਿਕ ਸਾਹਿਤ ਦੇ ਰਚੇ ਕੁੱਝ ਨਮੂਨਾ ਮਾਤਰ ਗ੍ਰੰਥਾਂ ਬਾਰੇ ਕੀਤੀ ਉਕਤ ਚਰਚਾ ਤੋਂ ਸਾਨੂੰ ਪਤਾ ਲਗਦਾ ਹੈ ਕਿ ਇਨ੍ਹਾਂ ਵਿਦਵਾਨਾਂ ਨੇ ਗ੍ਰੰਥਾਂ ਦੀ ਰਚਨਾ ਕਿੰਨੀ

---

[127] ਪ੍ਰਕਾਸ਼ ਸਿੰਘ, ਨਿਰਮਲਿਆਂ ਦੇ ਜਪੁਜੀ ਸਟੀਕ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 311.

[128] ਹਕੀਕਤ ਸਿੰਘ ਅਰਵਿੰਦ, ਨਿਰਮਲ ਸੰਤਾਂ ਦੀ ਦਰਸ਼ਨ ਤੇ ਧਰਮ ਨੂੰ ਦੇਣ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 189.

ਮਿਹਨਤ ਨਾਲ ਕੀਤੀ ਹੈ। ਇਨ੍ਹਾਂ ਸੰਤਾਂ ਦੀ ਘਾਲਣਾ ਦੁਆਰਾ ਰਚੇ ਗ੍ਰੰਥਾਂ ਨਾਲ ਸਿੱਖ ਇਤਿਹਾਸ ਸੰਭਾਲਿਆ ਗਿਆ। ਜਿਸ ਤਰ੍ਹਾਂ ਅਸੀਂ ਪਿੱਛੇ ਜ਼ਿਕਰ ਕੀਤਾ ਹੈ ਕਿ ਜੇਕਰ ਇਸ ਸੰਪ੍ਰਦਾਇ ਦੇ ਸੰਤ ਗ੍ਰੰਥਾਂ ਦੀ ਰਚਨਾ ਨਾ ਕਰਦੇ ਤਾਂ ਇਨ੍ਹਾਂ ਤੋਂ ਬਿਨਾਂ ਲਿਖਿਆ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਬਹੁਤ ਸੀਮਿਤ ਬਚਣਾ ਸੀ। ਇਨ੍ਹਾਂ ਨੂੰ ਰਚਨ ਲਈ ਕਈ ਸੰਤਾਂ ਨੇ ਆਪਣੀ ਜਿੰਦਗੀ ਦੇ ਕਈ ਦਹਾਕੇ ਘਾਲਣਾ ਘਾਲੀ। ਧਾਰਮਿਕ ਸਾਹਿਤ ਵਿਚ ਪਾਏ ਯੋਗਦਾਨ ਦੇ ਸੰਬੰਧ ਵਿਚ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਗਿ. ਬਲਵੰਤ ਸਿੰਘ ਕੋਠਾ ਗੁਰੂ ਕਹਿੰਦੇ ਹਨ, "ਸਭ ਤੋਂ ਪਹਿਲਾਂ ਗੁਰਦੁਆਰਿਆਂ ਦਾ ਇਤਿਹਾਸ ਨਿਰਮਲੇ ਸੰਤਾਂ ਨੇ ਲਿਖਿਆ, *ਪੰਥ ਪ੍ਰਕਾਸ਼*, *ਸੂਰਜ ਪ੍ਰਕਾਸ਼* ਇਨ੍ਹਾਂ ਨੇ ਲਿਖਿਆ ਹੈ, ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਡਿਕਸ਼ਨਰੀ (*ਗੁਰੂ ਗਿਰਾਰਥ ਕੋਸ਼*) ਇਨ੍ਹਾਂ ਨੇ ਤਿਆਰ ਕੀਤੀ। ਭਾਈ ਵੀਰ ਸਿੰਘ ਅਤੇ ਮਹਾਨ ਕੋਸ਼ ਆਦਿ ਇਸ ਗ੍ਰੰਥ ਤੋਂ ਸੇਧ ਲੈ ਕੇ ਲਿਖੇ ਗਏ। ਅਰਦਾਸ ਵਿਚਲਾ 'ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ ...' ਇਹ ਦੋਹਰਾ ਗਿਆਨੀ ਗਿਆਨ ਸਿੰਘ ਜੀ ਦਾ ਹੈ। ਇਹ ਪੰਜ ਦੋਹਰੇ ਹਨ।"[129] ਨਿਰਮਲੇ ਵਿਦਵਾਨ ਦੇ ਇਨ੍ਹਾਂ ਵਿਦਵਾਨਾਂ ਸੰਬੰਧੀ ਵਿਚਾਰ ਦਰਸਾਉਂਦੇ ਹਨ ਕਿ ਨਿਰਮਲੇ ਵਿਦਵਾਨ ਹਮੇਸ਼ਾ ਧਾਰਮਿਕ ਕਾਰਜਾਂ ਵਿਚ ਰੁਚਿਤ ਰਹੇ ਹਨ।

ਵਰਣਨਯੋਗ ਹੈ ਕਿ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ 20ਵੀਂ ਸਦੀ ਦੇ ਅੱਧ ਤੋਂ ਪਹਿਲਾਂ ਬਹੁਤ ਹੀ ਮੁੱਲਵਾਨ ਅਤੇ ਵੱਡੇ ਪੱਧਰ 'ਤੇ ਗ੍ਰੰਥਾਂ ਦੀ ਰਚਨਾ ਕੀਤੀ। ਨਿਰਮਲਾ ਇਤਿਹਾਸ ਵਿਚ ਜਿੰਨੇ ਵੀ ਗ੍ਰੰਥਾਂ ਦਾ ਜ਼ਿਕਰ ਮਿਲਦਾ ਹੈ ਉਨ੍ਹਾਂ ਵਿਚੋਂ ਜਿਆਦਾਤਰ ਗ੍ਰੰਥਾਂ ਦੀ ਰਚਨਾ 1850 ਈ. ਤੋਂ 1950 ਈ. ਵਿਚਕਾਰ ਹੋਈ ਦੇ ਪ੍ਰਮਾਣ ਮਿਲਦੇ ਹਨ। 20ਵੀਂ ਸਦੀ ਦੇ ਪਿਛਲੇ ਅੱਧ ਜਾਂ ਉਸ ਤੋਂ ਬਾਅਦ ਜਿਆਦਾ ਗ੍ਰੰਥ ਰਚੇ ਜਾਣ ਦੇ ਵੇਰਵੇ ਨਹੀਂ ਮਿਲਦੇ, ਹਾਂ ਸੰਸਥਾਗਤ ਤੌਰ 'ਤੇ ਕੁੱਝ ਗ੍ਰੰਥ ਦੁਬਾਰਾ ਜ਼ਰੂਰ ਪ੍ਰਕਾਸ਼ਤ ਹੋਏ ਹਨ।

ਉਕਤ ਚਰਚਾ ਅਤੇ ਇਤਿਹਾਸਕ ਲਿਖਤਾਂ ਇਸ ਗੱਲ ਦੀਆਂ ਗਵਾਹ ਹਨ ਕਿ 20ਵੀਂ ਸਦੀ ਦੇ ਦੂਜੇ ਅੱਧ ਤੋਂ ਬਾਅਦ ਨਿਰਮਲੇ ਵਿਦਵਾਨਾਂ ਦੀ ਸਾਹਿਤ ਰਚਨਾ ਪ੍ਰਤੀ ਰੁਚੀ ਬਹੁਤ ਘਟੀ ਹੈ ਅਤੇ ਜੋ ਸਾਹਿਤ ਰਚਨਾ ਹੋਈ ਵੀ ਹੈ ਇਹ ਵੀ ਉਸ ਪੱਧਰ ਦੀ ਨਹੀਂ ਹੈ ਜਿਸ ਪੱਧਰ ਦੀ ਹੋਣ ਕਾਰਨ ਇਸ ਸੰਪ੍ਰਦਾਇ ਦੀ ਪਛਾਣ ਵਿਦਵਾਨ ਸੰਪ੍ਰਦਾਇ ਵਜੋਂ ਬਣੀ ਸੀ। ਮੌਜੂਦਾ ਸਮੇਂ ਕੋਈ ਵੀ ਨਿਰਮਲ ਸੰਸਥਾ-ਸਥਾਨ ਪੁਰਾਤਨ ਗ੍ਰੰਥਾਂ ਨੂੰ ਮੁੜ ਪ੍ਰਕਾਸ਼ਿਤ ਨਹੀਂ ਕਰਵਾ ਰਿਹਾ। ਭਾਵੇਂ ਮਹੰਤ ਸੁੱਚਾ ਸਿੰਘ ਜੀ ਦੇ ਸ੍ਰੀ ਮਹੰਤ ਹੋਣ ਸਮੇਂ ਕੁੱਝ ਉਪਰਾਲਾ ਜ਼ਰੂਰ

---

[129] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿੱਜੀ ਮੁਲਾਕਾਤ*, ਮਿਤੀ 09 ਜੁਲਾਈ 2015 ਵਿਚੋਂ.

ਹੋਇਆ ਸੀ ਪ੍ਰੰਤੂ ਉਨ੍ਹਾਂ ਤੋਂ ਬਾਅਦ ਨਿਰਮਲ ਸੰਪ੍ਰਦਾਇ ਦੇ ਮੁੱਖ ਸਥਾਨ (ਅਖਾੜੇ) ਵੱਲੋਂ ਵੀ ਕੀਤਾ ਕੋਈ ਉਪਰਾਲਾ ਨਜ਼ਰ ਨਹੀਂ ਆਉਂਦਾ। ਅਜੋਕੇ ਸਮੇਂ ਨਿਰਮਲੇ ਸਥਾਨ ਆਰਥਿਕ ਪੱਖੋਂ ਬਹੁਤ ਮਜ਼ਬੂਤ ਹਨ, ਚਾਹੁਣ ਤਾਂ ਆਪਣੀ ਪ੍ਰਿੰਟਿੰਗ ਪ੍ਰੈਸ ਲਗਾ ਕੇ ਵੀ ਇਸ ਕਾਰਜ ਨੂੰ ਕਰ ਸਕਦੇ ਹਨ। ਨਿਰਮਲ ਸੰਪ੍ਰਦਾਇ ਦੀ ਸਾਹਿਤਕ ਪੱਖੋਂ ਬੇਰੁਖ਼ੀ ਇਸ ਦੇ ਨਿਵਾਣ ਵੱਲ ਜਾ ਰਹੇ ਕਿਰਦਾਰ ਦਾ ਇਕ ਮਹੱਤਵਪੂਰਨ ਕਾਰਨ ਹੈ।

ਨਿਰਮਲ ਸੰਪ੍ਰਦਾਇ ਦਾ ਲੇਖਣ ਕਾਰਜ ਬਹੁਤ ਵਿਸ਼ਾਲ ਹੈ, ਭਾਵੇਂ ਇਸ ਸੰਪ੍ਰਦਾਇ ਕਾਲ ਦੌਰਾਨ ਹੋਰ ਕਈ ਮਤਾਂ/ਸੰਪ੍ਰਦਾਵਾਂ ਵੀ ਲੇਖਣ ਕਾਰਜ ਕਰ ਰਹੀਆਂ ਸਨ ਪ੍ਰੰਤੂ ਧਾਰਮਿਕ ਗ੍ਰੰਥ ਕਾਨੀਬੱਧ ਕਰਨ ਵਿਚ ਇਸ ਸੰਪ੍ਰਦਾਇ ਦਾ ਕੋਈ ਸਾਨੀ ਨਹੀਂ। ਕਈ ਧਾਰਮਿਕ ਖੇਤਰ ਅਜਿਹੇ ਵੀ ਹਨ ਜਿਨ੍ਹਾਂ ਨੂੰ ਕਾਨੀਬੱਧ ਕਰਨ ਵਿਚ ਇਸ ਵਿਦਵਾਨ ਸੰਪ੍ਰਦਾਇ ਨੇ ਪਹਿਲ ਕੀਤੀ।

**5. ਭਾਰਤ ਦੇ ਤੀਰਥ ਸਥਾਨਾਂ 'ਤੇ ਧਰਮ ਕੇਂਦਰਾਂ ਦੇ ਨਿਰਮਾਣ ਦੁਆਰਾ (1708 ਈ. ਤੋਂ 1910 ਈ. ਤੱਕ)**

ਨਿਰਮਲ ਸੰਪ੍ਰਦਾਇ ਵੱਲੋਂ ਭਾਰਤ ਦੇ ਤੀਰਥਾਂ 'ਤੇ ਆਪਣੇ ਟਿਕਾਣੇ ਬਣਾਉਣ ਦੇ ਕਾਰਨਾਂ ਦਾ ਜ਼ਿਕਰ ਅਸੀਂ ਹਥਲੇ ਖੋਜ-ਕਾਰਜ ਦੇ ਪਹਿਲੇ ਅਧਿਆਇ ਵਿਚ ਕਰ ਆਏ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਚਲਾਣੇ ਉਪਰੰਤ ਸਮਕਾਲੀ ਹਾਲਾਤਾਂ ਅਤੇ ਗੁਰੂ ਸਾਹਿਬ ਦੇ ਉਦੇਸ਼ ਦੀ ਪੂਰਤੀ ਲਈ ਕਿਵੇਂ ਅਤੇ ਕਿਉਂ ਜਿਆਦਾ ਇਕੱਠ ਵਾਲੇ ਸਥਾਨਾਂ ਦੀ ਚੋਣ ਕੀਤੀ ਗਈ।

ਨਿਰਮਲ ਸੰਪ੍ਰਦਾਇ ਦੇ ਦੂਰਅੰਦੇਸ਼ੀ ਸੰਤਾਂ ਨੇ ਭਾਰਤੀ ਤੀਰਥਾਂ ਉੱਤੇ ਵਿਚਰਨਾ ਸ਼ੁਰੂ ਕੀਤਾ ਇੱਥੇ ਬਹੁਤਾਤ ਵਿਚ ਇਕੱਠੀ ਹੋਈ ਲੋਕਾਈ ਵਿਚ ਉਹ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕਰਦੇ ਰਹੇ। ਇਸ ਦੌਰਾਨ ਉਨ੍ਹਾਂ ਨੂੰ ਕਈ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ ਪ੍ਰੰਤੂ ਫਿਰ ਵੀ ਉਹ ਆਪਣੇ ਮਨੋਰਥ ਵੱਲ ਵਧਦੇ ਰਹੇ। ਇਨ੍ਹਾਂ ਸੰਤਾਂ ਦੀ ਕਾਰਜਸ਼ੈਲੀ ਤੋਂ ਪ੍ਰਭਾਵਿਤ ਸ਼ਰਧਾਲੂਆਂ ਦੁਆਰਾ ਇਨ੍ਹਾਂ ਦੇ ਗੁਣ-ਗੌਰਵ ਦਾ ਜਸ ਫੈਲਣ ਲੱਗਾ ਤੇ ਕਈ ਗੁਰਮਤਿ ਨੂੰ ਪਿਆਰ ਕਰਨ ਵਾਲੇ ਸੱਜਣ ਪ੍ਰਭਾਵਿਤ ਹੋ ਕੇ ਇਨ੍ਹਾਂ ਦੀ ਸਹਾਇਤਾ ਕਰਨ ਲੱਗੇ। ਇਹ ਕਾਫ਼ੀ ਲੰਮਾ ਸਮਾਂ ਟੁੱਟਵੇਂ ਰੂਪ ਵਿਚ ਇਨ੍ਹਾਂ ਸਥਾਨਾਂ ਉਪਰ ਵਿਚਰਦੇ ਰਹੇ, ਅਖ਼ੀਰ ਆ ਰਹੀਆਂ ਮੁਸ਼ਕਲਾਂ ਕਾਰਨ ਇਨ੍ਹਾਂ ਆਪਣਾ ਸੰਪ੍ਰਦਾਈ ਮੌਢੀ ਅਤੇ ਜਥਾ 'ਨਿਰਮਲ ਪੰਚਾਇਤੀ ਅਖਾੜਾ' ਸਥਾਪਿਤ ਕੀਤਾ ਜਿਸ ਨਾਲ ਇਹ ਸਾਰੇ ਵਿਦਵਾਨ ਸੰਤ ਇਕ ਸੂਤਰ ਵਿਚ ਪਰੋਏ ਗਏ।

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਸਾਲਾਂਬੱਧੀ ਹਿੰਦੂ ਤੀਰਥ ਕਾਸ਼ੀ 'ਤੇ ਟਿਕਾਣਾ ਕਰ ਉਥੋਂ ਵਿਦਿਆ ਗ੍ਰਹਿਣ ਕੀਤੀ ਅਤੇ ਬਾਅਦ ਵਿਚ ਹੋਰ ਵਿਦਿਅਕ ਜਿਗਿਆਸੂਆਂ ਲਈ ਪਹਿਲਾਂ ਕਾਸ਼ੀ ਅਤੇ ਫਿਰ ਹਰਿਦੁਆਰ, ਪ੍ਰਯਾਗ ਰਾਜ, ਉਜੈਨ, ਤ੍ਰਿੰਬਕ, ਆਦਿ ਸਥਾਨਾਂ ਉੱਤੇ ਆਪਣੇ ਟਿਕਾਣੇ ਸਥਾਪਿਤ ਕੀਤੇ। ਸੰਤਾਂ ਵੱਲੋਂ ਇਨ੍ਹਾਂ ਟਿਕਾਣਿਆਂ ਵਿਚ ਮੁਢਲੀਆਂ ਸਹੂਲਤਾਂ ਲਈ ਡੇਰੇ ਅਤੇ ਵਿਦਿਆ ਪ੍ਰਾਪਤੀ ਲਈ ਵਿਦਿਆਲਿਆਂ ਦਾ ਨਿਰਮਾਣ ਕੀਤਾ ਗਿਆ। ਇਨ੍ਹਾਂ ਸਥਾਨਾਂ ਤੋਂ ਇਹ ਸੰਤ ਵਿਦਿਆ ਅਤੇ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਲਈ ਤਤਪਰ ਰਹੇ। ਨਿਰਮਲੇ ਵਿਦਵਾਨਾਂ ਕੋਲੋਂ ਜਿੱਥੇ ਜਿਗਿਆਸੂ ਵਿਦਿਆ ਦਾ ਗਿਆਨ ਗ੍ਰਹਿਣ ਕਰਦੇ, ਉੱਥੇ ਉਹ ਗੁਰਮਤਿ ਵੱਲ ਵੀ ਪ੍ਰੇਰਿਤ ਹੁੰਦੇ ਸਨ। ਇਸ ਤਰ੍ਹਾਂ ਨਿਰਮਲ ਸੰਪ੍ਰਦਾਇ ਵੱਲੋਂ ਭਾਰਤ ਦੇ ਤੀਰਥਾਂ ਉੱਤੇ ਬਣਾਏ ਟਿਕਾਣਿਆਂ ਤੋਂ ਵੀ ਵਿਦਿਆ ਅਤੇ ਗੁਰਮਤਿ ਦਾ ਪ੍ਰਚਾਰ ਹੁੰਦਾ ਰਿਹਾ ਹੈ।

ਨਿਰਮਲੇ ਸੰਤਾਂ ਨੇ ਆਪਣੇ ਪ੍ਰਚਾਰ ਲਈ ਚੁਣੇ ਸਥਾਨਾਂ ਵਿਚੋਂ ਇਕ ਸਥਾਨ ਕੁਰੁਕਸ਼ੇਤਰ ਵਿਖੇ ਵੀ ਆਪਣਾ ਟਿਕਾਣਾ ਕੀਤਾ। "ਜਿਸ ਤਰ੍ਹਾਂ ਸੂਰਜ ਗ੍ਰਹਿਣ 'ਸਨਾਨ ਸਮੇਂ ਕੁਰਖੇਤਰ ਹਜ਼ਾਰਾਂ ਲੋਗ ਇਸ਼ਨਾਨ ਵਾਸਤੇ ਇੱਕਠੇ ਹੁੰਦੇ ਹਨ, ਓਥੇ ਵੀ ਨਿਰਮਲ ਸਥਾਨ ਹਨ, ਜਿਥੇ ਗੁਰੂ ਮਹਾਰਾਜ ਦਾ ਪ੍ਰਚਾਰ ਹੁੰਦਾ ਹੈ। 'ਸ੍ਰੀ ਨਿਰਮਲ ਪੰਚਾਇਤੀ ਅਖਾੜੇ' ਦਾ ਸਥਾਨ ਸਭ ਤੋਂ ਉੱਪਰ ਹੈ। ਏਥੇ ਧਰਮ ਪ੍ਰਚਾਰ ਦਾ ਕੈਂਪ ਲਗਦਾ ਹੈ ਅਤੇ ਆਈਆਂ ਸੰਗਤਾਂ ਨੂੰ ਰਿਹਾਇਸ਼ ਤੇ ਗੁਰੂ ਦਾ ਲੰਗਰ ਅਖਾੜੇ ਵੱਲੋਂ ਅਟੁੱਟ ਵਰਤਦਾ ਹੈ। 'ਚੰਦਰ ਗ੍ਰਹਿਣ` ਸਮੇਂ ਕਾਸ਼ੀ 'ਸ਼ਨਾਨ ਹੁੰਦਾ ਹੈ ਓਥੇ ਵੀ ਨਿਰਮਲ ਸੰਤਾਂ ਦੀਆਂ ਕਈ ਸੰਗਤਾਂ (ਗੁਰਦੁਆਰੇ) ਤੇ ਮੱਠ ਹਨ, ਜਿਨ੍ਹਾਂ ਵਿਚ ਰਿਹਾਇਸ਼, ਲੰਗਰ ਤੇ ਧਰਮ ਪ੍ਰਚਾਰ ਦਾ ਇੰਤਜਾਮ ਹੁੰਦਾ ਹੈ।"[130] ਇਨ੍ਹਾਂ ਤੀਰਥਾਂ 'ਤੇ ਸੰਗਤਾਂ ਕਾਫ਼ੀ ਸਮਾਂ ਰਹਿੰਦੀਆਂ ਸਨ ਅਤੇ ਨਿਰਮਲੇ ਵਿਦਵਾਨ ਆਈਆਂ ਸੰਗਤਾਂ ਲਈ ਜਿੱਥੇ ਬਾਕੀ ਸਹੂਲਤਾਂ ਪ੍ਰਦਾਨ ਕਰਦੇ ਉੱਥੇ ਧਾਰਮਿਕ ਦੀਵਾਨ ਲਗਾ ਕੇ ਗੁਰਮਤਿ ਪ੍ਰਚਾਰ ਵੀ ਕਰਦੇ ਸਨ। ਨਿਰਮਲ ਸੰਪ੍ਰਦਾਇ ਦੁਆਰਾ ਭਾਰਤ ਦੇ ਤੀਰਥ ਸਥਾਨਾਂ ਉੱਤੇ ਬਣਾਏ ਸਾਰੇ ਡੇਰਿਆਂ ਵਿਚ ਸੰਤ ਵਿਦਿਆਰਥੀ ਵਿਦਿਆ ਗ੍ਰਹਿਣ ਕਰਦੇ ਸਨ। ਤੀਰਥਾਂ ਉੱਤੇ ਸਥਿਤ ਇਹ ਡੇਰੇ ਹੀ ਅਸਲ ਵਿਚ ਵਿਦਿਆ ਅਤੇ ਗੁਰਮਤਿ ਗਿਆਨ ਦੀਆਂ ਟਕਸਾਲਾਂ ਹਨ।

ਵੱਖ-ਵੱਖ ਤੀਰਥਾਂ 'ਤੇ ਨਿਰਮਲਾ ਸਥਾਨ: ਕਨਖਲ, ਹਰਿਦੁਆਰ, ਪ੍ਰਯਾਗ ਰਾਜ (ਇਲਾਹਾਬਾਦ) ਕੀਟ ਗੰਜ ਇਲਾਕੇ ਵਿਚ ਹੈ। ਤ੍ਰਿਯੰਬਕ (ਨਾਸਿਕ) ਵਿਖੇ ਗੰਗਾ ਸਾਗਰ ਸਰੋਵਰ ਕਿਨਾਰੇ ਸਥਾਨ ਹੈ, ਉਜੈਨ;

---

[130] ਗੁਰਦੀਪ ਸਿੰਘ ਕੇਸਰੀ, ਗੁਰੂ ਨਾਨਕ ਦਰਸ਼ਨ ਤੇ ਸਿੱਖ ਧਰਮ ਨੂੰ ਬਹੁਪੱਖੀ ਦੇਣ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 129.

ਮਹਾਂਬੀਰ ਬਾਗ ਵਿਚ ਸਥਾਨ ਹੈ। ਕਾਸ਼ੀ ਵਿਚ ਕਈ ਸਥਾਨ ਹਨ। ਕੁਰੂਕਸ਼ੇਤਰ ਵਿਖੇ ਸਿੰਘ ਪੁਰੀਆ ਹਵੇਲੀ ਹੈ ਆਦਿ।

ਨਿਰਮਲੇ ਸੰਤਾਂ ਦਾ ਇਕ ਵੀ ਡੇਰਾ ਅਜਿਹਾ ਨਹੀਂ ਸੀ ਜਿੱਥੇ ਪੁਸਤਕਾਲਾ, ਪਾਠਸ਼ਾਲਾ, ਭੋਜਨਾਲਾ ਅਤੇ ਔਸ਼ਧਾਲਾ ਨਾ ਹੋਵੇ। ਇਹ ਸਭ ਸਥਾਨ ਸਮਾਜ ਸੇਵਾ ਦੇ ਨਾਲ-ਨਾਲ ਵਿਦਿਅਕ ਪ੍ਰਚਾਰ-ਪ੍ਰਸਾਰ ਦੇ ਸਾਧਨ ਵਜੋਂ ਵੀ ਉਭਰ ਕੇ ਸਾਹਮਣੇ ਆਉਂਦੇ ਹਨ।

**1910 ਈ. ਤੋਂ 2010 ਈ. ਤੱਕ**

ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਸ਼ੁਰੂਆਤ ਵਿਚ ਭਾਰਤ ਦੇ ਕੁੱਝ ਮੁੱਖ ਤੀਰਥ ਸਥਾਨਾਂ ਉੱਤੇ ਆਪਣੇ ਟਿਕਾਣੇ ਬਣਾਏ ਅਤੇ ਉਨ੍ਹਾਂ ਵਿਚੋਂ ਸਮਾਜ ਸੇਵਾ ਦੇ ਸਾਧਨਾ ਨਾਲ ਵਿਦਿਆਲੇ ਵੀ ਅਰੰਭ ਕੀਤੇ। ਇਸ ਤੋਂ ਬਾਅਦ ਨਿਰਮਲੇ ਵਿਦਵਾਨ ਵਿਦਿਆ ਅਤੇ ਗੁਰਮਤਿ ਪ੍ਰਚਾਰ ਲਈ ਲੋਕਾਂ ਵਿਚ ਵਿਚਰਨ ਲੱਗੇ। ਉਹ ਭਾਰਤ ਦੇ ਕੋਨੇ-ਕੋਨੇ ਵਿਚ ਗਏ ਅਤੇ ਉਨ੍ਹਾਂ ਕਈ ਤੀਰਥਾਂ ’ਤੇ ਆਪਣੇ ਸਥਾਨ ਬਣਾ ਲਏ।

ਨਿਰਮਲੇ ਸੰਤਾਂ ਦੇ ਜਿਆਦਾਤਰ ਸਥਾਨ ਕਨਕਲ, ਹਰਿਦੁਆਰ, ਰਿਸ਼ੀਕੇਸ਼, ਪ੍ਰਯਾਗ ਰਾਜ, ਤ੍ਰਿਯੰਬਕ (ਨਾਸਿਕ), ਉਜੈਨ, ਕਾਸ਼ੀ ਅਤੇ ਕੁਰੁਕਸ਼ੇਤਰ ਆਦਿ ਵਿਖੇ ਹਨ। 20ਵੀਂ ਸਦੀ ਵਿਚ ਵੀ ਤੀਰਥ ਤਾਂ ਭਾਵੇਂ ਇਹ ਹੀ ਸਨ ਪਰ ਨਿਰਮਲੇ ਸੰਤਾਂ ਦਾ ਪ੍ਰਭਾਵ ਵਧਣ ਕਰਕੇ ਇਨ੍ਹਾਂ ਨੂੰ ਜਿਆਦਾ ਸਥਾਨਾਂ ਦੀ ਜ਼ਰੂਰਤ ਮਹਿਸੂਸ ਹੁੰਦੀ ਸੀ ਇਸ ਲਈ ਨਿਰਮਲੇ ਸੰਤਾਂ ਨੇ ਇਨ੍ਹਾਂ ਤੀਰਥ ਸਥਾਨਾਂ ’ਤੇ ਹੀ ਹੋਰ ਸਥਾਨਾਂ ਦਾ ਨਿਰਮਾਣ ਕਰਵਾ ਲਿਆ। ਜਿਸ ਤਰ੍ਹਾਂ ਕਾਸ਼ੀ ਵਿਚਲੇ ਰਿਹਾਇਸ਼ੀ ਅਤੇ ਵਿਦਿਅਕ ਟਿਕਾਣਿਆਂ ਵਿਚ ਵਾਧਾ ਕਰਨਾ ਪਿਆ। ਕਨਖਲ ਵਿਚ ਨਿਰਮਲ ਬਾਗ, ਰਿਸ਼ੀਕੇਸ਼ ਵਿਖੇ ਸਰਾਵਾਂ/ਸਕੂਲਾਂ ਆਦਿ ਦੀ ਉਸਾਰੀ ਕੀਤੀ ਗਈ। ਇਸ ਤਰ੍ਹਾਂ ਨਾਲ ਨਿਰਮਲੇ ਸੰਤਾਂ ਨੇ ਭਾਰਤ ਦੇ ਤੀਰਥਾਂ ’ਤੇ ਹੋਰ ਨਿਰਮਲੇ ਸਥਾਨਾਂ ਦਾ ਨਿਰਮਾਣ ਕਰਵਾ ਕੇ ਉਨ੍ਹਾਂ ਵਿਚੋਂ ਸਮਾਜ ਸੇਵਾ ਅਤੇ ਗਿਆਨ-ਦਾਨ ਦੇ ਕੇ ਵਿਦਿਅਕ ਖੇਤਰ ਵਿਚ ਪ੍ਰਸੰਸਾਯੋਗ ਕਾਰਜ ਕੀਤੇ ਹਨ।

**6. ਸ੍ਰੀ ਨਿਰਮਲ ਪੰਚਾਇਤੀ ਅਖਾੜਾ ਦੀ ਰੰਮਤ (ਰਮਤ) ਦੁਆਰਾ (1708 ਈ. ਤੋਂ 1910 ਈ. ਤੱਕ)**

ਨਿਰਮਲੇ ਸੰਤਾਂ ਨੇ ਗੁਰੂ ਸਾਹਿਬ ਦੇ ਆਦੇਸ਼ ਨੂੰ ਆਪਣੇ ਜੀਵਨ ਦਾ ਮਨੋਰਥ ਮੰਨਦੇ ਹੋਏ ਉਸ ਦੀ ਪੂਰਤੀ ਲਈ ਹਰ ਸੰਭਵ ਉਪਰਾਲਾ ਕੀਤਾ ਹੈ। ਇਨ੍ਹਾਂ ਦੇ ਉਪਰਾਲਿਆਂ ਸਦਕਾ ਬਿਖੜੇ ਪੈਂਡਿਆਂ ਦੌਰਾਨ

ਗੁਰਮਤਿ ਨੂੰ ਲੱਗੀ ਢਾਹ ਅਤੇ ਆਈ ਖੜੋਤ ਦੁਬਾਰਾ ਰਵਾਂ ਹੋਈ। ਜਨ-ਸਾਧਾਰਨ ਨੂੰ ਵਿਦਿਆ ਅਤੇ ਗੁਰਮਤਿ ਨਾਲ ਜੋੜਨ ਲਈ ਇਸ ਸੰਪ੍ਰਦਾਇ ਦੇ ਸੰਤਾਂ ਨੇ ਆਪਣੇ ਜੀਵਨ ਵਿਚ ਔਕੜਾਂ ਦਾ ਸਾਹਮਣਾ ਕਰਦੇ ਹੋਏ ਵਡਮੁੱਲੇ ਕਾਰਜ ਕੀਤੇ। ਇਸ ਦੇ ਸੰਪ੍ਰਦਾਈ ਕਾਰਜਾਂ ਵਿਚ ਪਹਿਲਾਂ-ਪਹਿਲ ਇਨ੍ਹਾਂ ਨੇ ਜਿਆਦਾ ਇਕੱਠ ਵਾਲੇ ਸਥਾਨ ਚੁਣੇ ਤਾਂ ਜੋ ਲੋਕਾਂ ਵਿਚ ਸਿੱਖ ਇਤਿਹਾਸ ਬਾਰੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਨੂੰ ਗੁਰੂ ਅਤੇ ਗੁਰਬਾਣੀ ਨਾਲ ਜੋੜਿਆ ਜਾ ਸਕੇ। ਫਿਰ ਇਨ੍ਹਾਂ ਮਹਿਸੂਸ ਕੀਤਾ ਕਿ ਸਾਰੇ ਗ੍ਰਹਿਸਤੀ ਅਤੇ ਕਿਰਤੀ ਲੋਕ ਇਨ੍ਹਾਂ ਤੀਰਥਾਂ ਜਾਂ ਧਰਮ ਸਥਾਨਾਂ ਉੱਤੇ ਨਹੀਂ ਆ ਸਕਦੇ ਇਸ ਲਈ ਉਨ੍ਹਾਂ ਲੋਕਾਂ ਵਿਚ ਵਿਦਿਆ ਅਤੇ ਗੁਰਮਤਿ ਦੀ ਜੋਤਿ ਜਗਾਉਣ ਲਈ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਤੱਕ ਪਹੁੰਚ ਕਰਨੀ ਜਰੂਰੀ ਸੀ। ਜਿਸ ਦੀ ਪੂਰਤੀ ਲਈ ਨਿਰਮਲੇ ਸੰਤਾਂ ਨੇ ਕੁੱਝ ਵਿਦਵਾਨ ਸੰਤਾਂ ਦੀਆਂ ਮੰਡਲੀਆਂ (ਜਿਨ੍ਹਾਂ ਦਾ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ) ਦੀ ਸਥਾਪਨਾ ਕੀਤੀ। "ਇਹ ਮੰਡਲੀਆਂ ਲੋਕਾਂ ਵਿਚ ਵਿਚਰਦੀਆਂ ਗੁਰਮੁਖੀ ਅਤੇ ਗੁਰਮਤਿ ਗਿਆਨ ਦੀ ਜੋਤਿ ਜਗਾਉਂਦੀਆਂ ਥਾਂ-ਥਾਂ ਭ੍ਰਮਣ ਕਰਦੀਆਂ ਰਹਿੰਦੀਆਂ। ਪ੍ਰੰਤੂ ਇਨ੍ਹਾਂ ਮੰਡਲੀਆਂ ਨੂੰ ਕਈ ਮੁਸ਼ਕਲਾਂ ਪੇਸ਼ ਆ ਰਹੀਆਂ ਸਨ ਜਿਵੇ: ਸੰਤਾਂ ਲਈ ਕੋਈ ਟਿਕਾਣਾ ਨਾ ਹੋਣਾ, ਰਿਹਾਇਸ਼ ਤੇ ਖ਼ਰਚੇ ਦੀ ਸਮੱਸਿਆ ਅਤੇ ਕਈ ਵਾਰੀ ਕੋਈ ਵਿਦਵਾਨ ਵੀ ਘਰੋਗੀ ਕਾਰਨਾਂ ਕਰਕੇ ਮੰਡਲੀ ਵਿਚੋਂ ਵਾਪਸ ਆ ਜਾਂਦਾ ਸੀ ਆਦਿ। ਸੰਨ 1862 ਈ. ਵਿਚ ਨਿਰਮਲ ਪੰਚਾਇਤੀ ਅਖਾੜੇ ਦੇ ਵਿਧੀਵਤ ਸਥਾਪਤੀ ਨਾਲ ਹੀ ਉਸੇ ਸਮੇਂ ਰੰਮਤ ਅਖਾੜੇ ਲਈ ਵੀ ਵਿਧੀ-ਵਿਧਾਨ ਬਣੇ, ਜਿਵੇਂ ਅਖਾੜਾ ਜ਼ਰੂਰਤ ਦਾ ਕੀ-ਕੀ ਸਮਾਨ ਆਪਣੇ ਨਾਲ ਲੈ ਕੇ ਜਾਵੇਗਾ, ਰਿਹਾਇਸ਼ ਲਈ ਟੈਂਟ ਲਗਵਾਉਣ ਤੋਂ ਲੈ ਕੇ ਉਸ ਜਗ੍ਹਾ ਨੂੰ ਛੱਡਣ ਤੱਕ ਰੋਜ਼ਾਨਾ ਦੀਆਂ ਗਤੀਵਿਧੀਆਂ ਦੀ ਸਮੁੱਚੀ ਜਿੰਮਵਾਰੀ ਕਿਹੜੇ-ਕਿਹੜੇ ਸੰਤ ਦੀ ਹੋਵੇਗੀ, ਆਦਿ।"[131] ਇਸ ਦੇ ਕਾਰਜਾਂ ਨੂੰ ਸਹੀ ਦਿਸ਼ਾ 'ਤੇ ਤੋਰਨ ਲਈ ਹੋਰ ਵੀ ਕਈ ਨਿਯਮ ਬਣੇ। ਇਸ ਤੋਂ ਇਲਾਵਾ ਰੰਮਤ ਮੁਖੀਆਂ, ਸਾਧੂਆਂ ਅਤੇ ਸਮੁੱਚੇ ਰੰਮਤ ਅਖਾੜੇ ਦੇ ਨਿਯਮ ਬਣਾਏ ਗਏ।

ਇਸ ਅਖਾੜੇ ਦਾ ਸਿਰਜਨ ਉਦੇਸ਼ ਸੀ ਕਿ ਕੁੰਭ ਇਸ਼ਨਾਨਾਂ ਸਮੇਂ ਤੀਰਥਾਂ ਉੱਤੇ ਪੁੱਜ ਕੇ ਸ਼ਰਧਾਵਸ ਆਏ ਲੋਕਾਂ ਲਈ ਲੰਗਰ, ਰਿਹਾਇਸ਼ ਅਤੇ ਧਰਮ ਪ੍ਰਚਾਰ ਆਦਿ ਦਾ ਇੰਤਜਾਮ ਕਰਨਾ। ਇਸ ਤੋਂ ਇਲਾਵਾ ਰੰਮਤ ਅਖਾੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲੈ ਕੇ ਭਾਰਤ ਦੇ ਕੋਨੇ-ਕੋਨੇ ਪਿੰਡਾਂ, ਸ਼ਹਿਰਾਂ, ਕਸਬਿਆਂ ਵਿਚ ਪੁੱਜ ਕੇ ਵਿਦਿਆ, ਗੁਰਬਾਣੀ ਅਤੇ ਗੁਰ ਸਿਧਾਂਤਾਂ ਦਾ ਪ੍ਰਚਾਰ ਕਰੇ। "ਰੰਮਤ ਅਖਾੜੇ ਦੇ ਨਿਯਮਾਂ ਅਨੁਸਾਰ ਰੰਮਤ ਜਿੱਥੇ ਵੀ ਪੁੱਜਦਾ ਹੈ ਸਾਫ਼-ਸੁਥਰੀ ਜਗ੍ਹਾ ਦੇਖ ਕੇ ਖੇਮਾਂ ਲਗਾਉਣਾ ਅਤੇ ਚੰਦੋਆ ਲਾ ਕੇ ਸ੍ਰੀ ਗੁਰੂ ਗ੍ਰੰਥ

[131] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿੱਜੀ ਮੁਲਾਕਾਤ,* ਮਿਤੀ 09 ਜੁਲਾਈ 2015 ਵਿਚੋਂ.

ਸਾਹਿਬ ਜੀ ਦਾ ਪ੍ਰਕਾਸ਼ ਕਰ ਸਭ ਤੋਂ ਪਹਿਲਾਂ ਆਸਾ ਦੀ ਵਾਰ ਦਾ ਕੀਰਤਨ ਉਸ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ, ਆਰਤੀ ਪੂਜਨ, ਅਰਦਾਸੇ, ਇਹ ਪ੍ਰੋਗਰਾਮ ਸੁਬਹ ਸ਼ਾਮ ਹੁੰਦਾ ਹੈ।"[132] ਇਸ ਅਖਾੜੇ ਵੱਲੋਂ ਜਦੋਂ ਪੜਾਅ ਕੀਤਾ ਜਾਂਦਾ ਤਾਂ ਇਹ ਉਸ ਇਲਾਕੇ ਦੇ ਲੋਕਾਂ ਨੂੰ ਗੁਰਮਤਿ ਦੇ ਨਾਲ-ਨਾਲ ਵਿਦਿਅਕ ਗਿਆਨ ਵੀ ਦਿੰਦੇ। ਇਸ ਅਖਾੜੇ ਨੇ ਭਾਰਤ ਵਿਚ ਥਾਂ-ਥਾਂ ਭ੍ਰਮਣ ਕੀਤਾ ਅਤੇ ਇਸ ਵਿਚ ਸਮੇਂ-ਸਮੇਂ ਨਿਰਮਲੇ ਵਿਦਵਾਨ ਸੰਤ ਆਪਣੀਆਂ ਸੇਵਾਵਾਂ ਦਿੰਦੇ ਰਹੇ ਹਨ।

ਇਨ੍ਹਾਂ ਅਖਾੜਿਆਂ ਦੇ ਪੜ੍ਹੇ ਬਹੁਤੇ ਸੰਤ ਵਿਦਵਾਨ ਬਣੇ ਹਨ। ਜਿਨ੍ਹਾਂ ਵਿਚੋਂ ਪੰਡਿਤ ਜੀਵਨ ਸਿੰਘ ਜੀ ਲਾਹੌਰ ਵਾਲੇ ਨਿਰਮਲ ਸੰਪ੍ਰਦਾਇ ਦੇ ਮਹਾਨ ਵਿਦਵਾਨ ਹੋਏ ਹਨ। ਇਨ੍ਹਾਂ ਨੇ ਗ੍ਰੰਥਾਂ ਦੀ ਵਿਦਿਆ ਅਤੇ ਭਾਸ਼ਨ ਕਲਾ ਰੰਮਤ ਅਖਾੜੇ ਵਿਚ ਰਹਿ ਕੇ ਹੀ ਪ੍ਰਾਪਤ ਕੀਤੀ ਹੈ। "ਪਹਿਲਾਂ ਆਪ ਅੰਮ੍ਰਿਤਸਰ ਸੰਤ ਜੋਗਾ ਸਿੰਘ ਸਿੰਘ ਦੇ ਡੇਰੇ ਵਿਚ ਪੜ੍ਹਦੇ ਰਹੇ। ਫਿਰ ਆਪ ਸੰਸਕ੍ਰਿਤ ਦੀ ਵਿਦਿਆ ਲੈਣ ਲਈ ਕਾਸ਼ੀ ਚਲੇ ਗਏ। ਇਥੇ ਹੀ ਆਪ ਜੀ ਦਾ ਪੰਡਿਤ ਇੰਦਰ ਸਿੰਘ ਜੀ ਮੁਜ਼ਫਰਾਬਾਦ ਵਾਲੇ ਨਾਲ ਪਿਆਰ ਪੈ ਗਿਆ। ਪੰਡਿਤ ਇੰਦਰ ਸਿੰਘ ਜੀ ਪੰਜਾਬ ਆ ਨਿਕਲੇ ਅਤੇ ਮੰਡਲੀ (ਰੰਮਤ) ਫ਼ੇਰਨ ਲੱਗੇ। ਆਪ ਤਿੰਨ ਵਰਸ ਮੰਡਲੀ ਵਿਚ ਰਹੇ। ਫਿਰ ਪੰਡਿਤ ਇੰਦਰ ਸਿੰਘ ਜੀ ਰਾਵਲਪਿੰਡੀ ਵਿਚ ਪ੍ਰਲੋਕ ਗਮਨ ਕਰ ਗਏ ਅਤੇ ਆਪ ਪਹਿਲਾਂ ਜੰਮੂ, ਫਿਰ ਪੂਨਛ ਪਹੁੰਚੇ। ਸ੍ਰੀ ਮਹੰਤ ਪੰਡਿਤ ਉਧਵ ਸਿੰਘ ਜੀ ਨੇ ਪੋਠੋਹਾਰ ਦੀ ਰੰਮਤ ਸਮੇਂ ਆਪ ਜੀ ਨੂੰ ਉਚੇਚੇ ਰੰਮਤ ਨਾਲ ਤੋਰਿਆ ਤਾਂ ਕਿ ਗੁਰਮਤਿ ਪ੍ਰਚਾਰ ਦੁਆਰਾ ਅਖਾੜੇ ਦਾ ਪ੍ਰਭਾਵ ਬਣ ਸਕੇ। ਇਕ ਵਰਸ਼ ਰੰਮਤ ਨਾਲ ਰਹੇ। ਜਦੋਂ ਵੀ ਰੰਮਤ ਅਖਾੜਾ ਕਿਸੇ ਰਾਜੇ-ਮਹਾਰਾਜੇ ਦੇ ਸੱਦੇ 'ਤੇ ਜਾਂਦਾ ਤਾਂ ਆਪ ਨੂੰ ਜ਼ਰੂਰ ਬੁਲਾਇਆ ਜਾਂਦਾ।"[133] ਇਨ੍ਹਾਂ ਨੇ ਜਗ੍ਹਾ-ਜਗ੍ਹਾ ਰੰਮਤ ਦੌਰਾਨ ਪ੍ਰਚਾਰ ਕਰਕੇ ਆਪਣੀ ਵਿਦਵਤਾ ਨਾਲ ਲੋਕਾਂ ਨੂੰ ਗੁਰਮਤਿ ਦੇ ਧਾਰਨੀ ਬਣਾਇਆ ਹੈ।

ਨਿਰਮਲ ਸੰਪ੍ਰਦਾਇ ਦੇ ਅਨੇਕ ਵਿਦਵਾਨਾਂ ਨੇ ਰੰਮਤ ਦੁਆਰਾ ਲੋਕਾਂ ਨੂੰ ਵਿਦਿਆ ਗਿਆਨ ਦੇ ਕੇ ਬਾਣੀ ਅਤੇ ਬਾਣੇ ਨਾਲ ਜੋੜਿਆ ਹੈ। ਨਿਰਮਲ ਸੰਪ੍ਰਦਾਇ ਦੀ ਇਸ ਵਿਦਵਾਨ ਲੜੀ ਵਿਚ ਮਹੰਤ ਬਾਬਾ ਬੁੱਢਾ ਸਿੰਘ ਜੀ (ਰਿਸ਼ੀਕੇਸ਼ ਵਾਲੇ) ਵੀ 1896 ਈ. ਤੋਂ 1908 ਈ. ਤੱਕ ਮੁਖੀ ਵਜੋਂ ਰੰਮਤ ਫੇਰਦੇ ਰਹੇ ਹਨ। ਇਨ੍ਹਾਂ ਨੇ ਸਮੁੱਚੇ ਭਾਰਤ ਵਿਚ 12 ਸਾਲ ਰੰਮਤ ਦੁਆਰਾ ਆਪਣੀਆਂ ਸੇਵਾਵਾਂ ਦਿੱਤੀਆਂ।

---

132 ਗੁਰਦੀਪ ਸਿੰਘ ਕੇਸਰੀ, ਗੁਰੂ ਨਾਨਕ ਦਰਸ਼ਨ ਤੇ ਸਿੱਖ ਧਰਮ ਨੂੰ ਬਹੁਪੱਖੀ ਦੇਣ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 130.

133 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 410.

ਰੰਮਤ ਅਖਾੜੇ ਵਿਚ ਸੇਵਾ ਪੱਖੋਂ ਬਕਾਇਦਾ ਤੌਰ 'ਤੇ ਉੱਚ ਕੋਟੀ ਦੇ ਸੰਤਾਂ-ਮਹੰਤਾਂ ਦੀ ਚੋਣ ਹੁੰਦੀ ਸੀ। ਇਨ੍ਹਾਂ ਵਿਦਵਾਨ ਸੰਤਾਂ ਦੀ ਵਿਦਵਤਾ ਦਾ ਲਾਹਾ ਲੈਣ ਲਈ ਕਈ ਵਿਦਿਆਰਥੀ ਸੰਤ, ਜਿਗਿਆਸੂ ਵੀ ਰੰਮਤ ਵਿਚ ਮੌਜੂਦ ਹੁੰਦੇ ਸਨ। ਲੋਕਾਂ ਵਿਚ ਵਿਚਰਦਿਆਂ ਇਨ੍ਹਾਂ ਦਾ ਪ੍ਰਭਾਵ ਅਜਿਹਾ ਪੈਂਦਾ ਕਿ ਕਈ ਵਾਰ ਲੋਕ ਆਪਣੇ ਬੱਚਿਆਂ ਨੂੰ ਵਿਦਿਆ ਗ੍ਰਹਿਣ ਕਰਨ ਲਈ ਅਖਾੜੇ ਵਿਚ ਸੰਤਾਂ ਦੇ ਸਪੁਰਦ ਕਰ ਦਿੰਦੇ। ਨਿਰਮਲੇ ਵਿਦਵਾਨ ਮਹੰਤ ਦਿਆਲ ਸਿੰਘ ਜੀ ਰੰਮਤ ਅਖਾੜੇ ਦੀ ਖੋਜ ਹਨ। "ਸੰਮਤ 1958 (1901 ਈ.) ਵਿਚ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਧੰਨੀ ਪੋਠੋਹਾਰ ਦੀ ਰੰਮਤ ਕਰਦਾ ਹੋਇਆ ਪਿੰਡ ਢੁਡਿਆਲ ਆਇਆ। ਇਸ ਸਮੇਂ ਮੁਖੀਏ ਮਹੰਤ ਈਸ਼ਰ ਸਿੰਘ ਜੀ, ਪੰਡਿਤ ਹਰਦਿਆਲ ਸਿੰਘ ਜੀ, ਪੰਡਿਤ ਜੀਵਨ ਸਿੰਘ ਜੀ ਆਦਿਕ 50-60 ਪ੍ਰਭਾਵਸ਼ਾਲੀ ਮਹਾਂਪੁਰਖ ਸਨ। ਇਸ ਪਿੰਡ ਵਿਚ 20 ਦਿਨ ਕਥਾ ਕੀਰਤਨ ਦਾ ਪ੍ਰਵਾਹ ਚੱਲਿਆ। ਇਕ ਦਿਨ ਏਕਾਂਤ ਸਮਾਂ ਦੇਖਕੇ ਆਪ ਜੀ ਦੇ ਮਾਤਾ ਜੀ ਨੇ ਨਿਮਰਤਾ ਨਾਲ ਪੰਡਿਤ ਜੀਵਨ ਸਿੰਘ ਜੀ ਅੱਗੇ ਬੇਨਤੀ ਕੀਤੀ ਕਿ 'ਜੇ ਮੇਰਾ ਪੁਤਰ ਵੀ ਭਰੀ ਸਭਾ ਵਿਚ ਆਪ ਜੀ ਦੀ ਤਰ੍ਹਾਂ ਕਥਾ ਵਿਖਿਆਨ ਕਰਨ ਲੱਗ ਜਾਵੇ ਮੈਂ ਆਪ ਜੀ ਦਾ ਸ਼ਿਸ ਬਨਾਉਣ ਵਾਸਤੇ ਤਿਆਰ ਹਾਂ। ਪੰਡਿਤ ਜੀ ਨੇ ਕਿਹਾ 'ਮਾਤਾ ਜੀ! ਕੇਹੜਾ ਕੰਮ ਹੈ ਜੋ ਹੋ ਨਹੀਂ ਸਕਦਾ, ਵਿਦਿਆ ਪ੍ਰਾਪਤ ਕਰਕੇ ਤੁਹਾਡਾ ਪੁੱਤਰ ਵੀ ਸੁੰਦਰ ਕਥਾ ਕਰ ਸਕਦਾ ਹੈ।' ਮਾਤਾ ਜੀ ਨੇ ਆਪ ਨੂੰ ਪੰਡਿਤ ਜੀਵਨ ਸਿੰਘ ਜੀ ਨੂੰ ਸੰਭਾਲ ਦਿੱਤਾ।"[134] ਵਿਦਿਆ ਪ੍ਰਾਪਤੀ ਉਪਰੰਤ ਮਹੰਤ ਦਿਆਲ ਸਿੰਘ ਜੀ ਨਿਰਮਲ ਸੰਪ੍ਰਦਾਇ ਦੇ ਨਾਮਵਾਰ ਵਿਦਵਾਨ ਬਣੇ।

ਰੰਮਤ ਅਖਾੜੇ ਵਿਚ ਵਿਦਵਾਨ ਮਹਾਤਮਾ ਕੋਲ ਵਿਦਿਆਰਥੀ ਵਿਦਿਆ ਪ੍ਰਾਪਤ ਕਰਦੇ ਰਹਿੰਦੇ ਸਨ। ਰੰਮਤ ਦੇ ਪ੍ਰਚਾਰ ਦੌਰੇ ਵਿਚ ਹੀ ਜਿਗਿਆਸੂ ਵਿਦਿਆਰਥੀ ਨਿਤਾਪ੍ਰਤੀ ਦੀ ਕਾਰਜ਼ਸ਼ੈਲੀ ਦੌਰਾਨ ਵਿਦਿਆ ਦਾ ਅਭਿਆਸ ਵੀ ਕਰ ਲੈਂਦੇ। ਕਥਾ, ਕੀਰਤਨ, ਸੰਗੀਤ ਅਤੇ ਭਾਸ਼ਣ ਕਲਾ ਦਾ ਅਭਿਆਸ ਇਨ੍ਹਾਂ ਸੰਤਾਂ ਦੀ ਦੇਖ-ਰੇਖ ਵਿਚ ਅਖਾੜੇ ਵਿਚ ਹੀ ਹੋ ਜਾਂਦਾ ਸੀ। ਰੰਮਤ ਅਖਾੜੇ ਦੇ ਵਿਦਵਾਨ ਸਵੇਰੇ ਸ਼ਾਮ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਗੁਰਮਤਿ ਵਿਚਾਰਾਂ ਕਰਦੇ ਅਤੇ ਦਿਨ ਵਿਚ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਸਨ। ਇਹ ਰੰਮਤ ਅਖਾੜੇ ਸਿਰਫ਼ ਗੁਰਮਤਿ ਪ੍ਰਚਾਰ ਹੀ ਨਹੀਂ ਕਰਦੇ ਸਨ, ਵਿਦਿਆ ਦੇ ਸੋਮੇਂ ਵੀ ਸਨ। ਇਸ ਤਰ੍ਹਾਂ ਨਾਲ ਅਸੀਂ ਕਹਿ ਸਕਦੇ ਹਾਂ ਕਿ ਇਹ ਸੰਤਾਂ ਦੀਆਂ ਰੰਮਤਾਂ (ਰਮਤਾ ਮੰਡਲੀਆਂ) ਚਲਦੀਆਂ-ਫਿਰਦੀਆਂ ਪਾਠਸ਼ਾਲਾਵਾਂ ਸਨ।

---

134 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 411.

ਇਹ ਰੰਮਤ ਅਖਾੜਾ ਹਿੰਦੂ-ਸਿੱਖ ਸਭ ਤੀਰਥਾਂ ਉੱਤੇ ਵਿਚਰਦਾ ਸੀ। ਇਕ ਵਾਰ ਰੰਮਤ ਅਖਾੜਾ ਘੁੰਮਦਾ-ਘੁੰਮਾਉਂਦਾ ਹਜ਼ੂਰ ਸਾਹਿਬ ਪਹੁੰਚਿਆ ਤਾਂ ਉੱਥੇ ਦੇ ਇਕ ਧੜੇ ਨੇ ਇਨ੍ਹਾਂ ਸੰਤਾਂ ਨਾਲ ਲੜਾਈ-ਝਗੜਾ ਕੀਤਾ, ਜਿਸ ਤੋਂ ਬਾਅਦ ਇਨ੍ਹਾਂ ਖ਼ਿਲਾਫ਼ ਵੱਖ-ਵੱਖ ਤਖ਼ਤਾ ਤੋਂ ਨਾ-ਮਿਲਵਰਤਨੀ ਮਤੇ ਵੀ ਜਾਰੀ ਹੋਏ। ਇਸ ਘਟਨਾ ਦਾ ਵਿਸਤਾਰਤ ਜ਼ਿਕਰ ਅਗਲੇ (ਧਾਰਮਿਕ ਯੋਗਦਾਨ ਵਾਲੇ) ਅਧਿਆਇ ਵਿਚ ਕੀਤਾ ਜਾਵੇਗਾ।

**1910 ਈ. ਤੋਂ 2010 ਈ. ਤੱਕ**

ਆਪਣੇ ਰਵਾਇਤੀ ਕਾਰਜਾਂ ਅਨੁਸਾਰ ਨਿਰਮਲੇ ਸੰਤਾਂ ਦੀਆਂ ਰੰਮਤ ਮੰਡਲੀਆਂ ਆਪਣੇ ਉਦੇਸ਼ ਦੀ ਪੂਰਤੀ ਲਈ ਇੱਕ ਜਗ੍ਹਾ ਪੱਕਾ ਟਿਕਾਣਾ ਨਾ ਬਣਾ ਕੇ ਕੁੱਝ ਸਮੇਂ ਬਾਅਦ ਟਿਕਾਣਾ ਬਦਲ ਲੈਂਦੀਆਂ। ਜ਼ਰੂਰਤ ਦਾ ਸਮਾਨ ਰੰਮਤ ਕੋਲ ਆਪਣਾ ਹੁੰਦਾ ਸੀ ਤਾਂ ਜੋ ਇਹ ਰੰਮਤ ਕਿਸੇ ਪਿੰਡ ਵਾਲੇ ’ਤੇ ਭਾਰ ਨਾ ਬਣੇ। ਵਿਰਕਤ ਪ੍ਰਵਿਰਤੀ ਅਤੇ ਸੀਮਿਤ ਲੋੜਾਂ ਦੇ ਧਾਰਨੀ ਇਨ੍ਹਾਂ ਸੰਤਾਂ ਨੂੰ ਟਿਕਾਣਾ ਬਦਲਦੇ ਹੋਏ ਜੇਕਰ ਰਸਤੇ ਵਿਚ ਰਾਤ ਪੈ ਜਾਂਦੀ ਤਾਂ ਇਹ ਉਥੇ ਹੀ ਟਿਕਾਣਾ ਕਰ ਲੈਂਦੇ ਅਤੇ ਜਮੀਨ ਉੱਤੇ ਆਸਣ ਲਗਾ ਕੇ ਆਰਾਮ ਕਰਦੇ। “ਰੰਮਤ ਅਖਾੜੇ ਪਾਸ ਹਾਥੀ, ਘੋੜੇ, ਚਾਨਣੀਆਂ, ਕਨਾਤਾਂ ਤੇ ਭਾਂਡੇ ਆਦਿ ਸਭ ਕੁਝ ਹੁੰਦਾ ਸੀ। ਇਹ ਲੋਕ ਕਥਾ ਵਾਰਤਾ ਸੁਣਾਉਂਦੇ ਤੇ ਨਾਲ-ਨਾਲ ਸੰਥਾ ਵੀ ਪੜ੍ਹਾਉਂਦੇ ਸਨ, ਜਿਵੇਂ ਕਿ ਪੰ. ਫ਼ੌਜਾ ਸਿੰਘ, ਸੰਤ ਸਮੁੰਦਰ ਸਿੰਘ, ਸੰਤ ਜੁਆਲਾ ਸਿੰਘ ਦਾਦਾਂ ਵਾਲੇ, ਸੰਤ ਆਨੰਦ ਸਿੰਘ, ਪੰ. ਕਾਲਾ ਸਿੰਘ ਤੇ ਪੰ. ਭਾਨ ਸਿੰਘ ਕੋਕਰੀ ਆਦਿ। ਇਹ ਮੰਡਲੇਸ਼ਵਰ ਵਿਦਵਾਨ ਵਿਦਿਆਰਥੀਆਂ ਦੀਆਂ ਮੰਡਲੀਆਂ ਆਪਣੇ ਨਾਲ ਰੱਖਦੇ ਤੇ ਮਹੀਨਾ ਕਿਤੇ ਤੇ ਦੋ ਮਹੀਨੇ ਕਿਤੇ ਰਹਿ ਕੇ ਗਿਆਨ ਦਾ ਦੀਵਾ ਜਗਾਉਂਦੇ। ਮਾਲਵੇ ਵੱਲ ਇਹ ਲੋਕ ਵਧੇਰੇ ਫੇਰੀਆਂ ਪਾਉਂਦੇ ਰਹੇ। ਅਸਰ ਇਹ ਹੋਇਆ ਕਿ ਬਹੁਤ ਸਾਰੇ ਮਲਵਈ ਸਿੱਖ ਵੇਦਾਂਤ ਗ੍ਰੰਥਾਂ ਦੇ ਪਠਨ-ਪਾਠਨ ਵਲ ਰੁਚਿਤ ਹੋਏ ਤੇ ਇਨ੍ਹਾਂ ਭਾਸ਼ਾ ਦੇ ਗ੍ਰੰਥਾਂ ਦਾ ਬੋਧ ਕਰਕੇ ਕਵੀਸ਼ਰੀ ਦਾ ਕੰਮ ਸ਼ੁਰੂ ਕੀਤਾ ਤੇ ਬੈਂਤ ਦੋਹਰਾ ਦੀ ਥਾਂ ਪੰਜਾਬੀ ਵਿਚ ਕਬਿੱਤ ਸਵੈਈਏ ਲਿਖਣ ਦਾ ਰਿਵਾਜ ਪਾਇਆ। ਸੋ ਇਹ ਨਿਰਮਲੇ ਸਾਧੂਆਂ ਦਾ ਹੀ ਪ੍ਰਭਾਵ ਸੀ ਕਿ ਪੰਜਾਬੀ ਕਿੱਸਾਕਾਰੀ ਵਿਚ ਆਮ ਗਿਆਨ, ਵੈਰਾਗ ਤੇ ਮੁਕਤੀ ਆਦਿ ਦੇ ਪਰਮਾਰਥਕ ਵਿਸ਼ਿਆਂ ਨੂੰ ਕਾਫ਼ੀ ਥਾਂ ਪ੍ਰਾਪਤ ਹੋਈ।”[135] ਪਿਆਰਾ ਸਿੰਘ ਪਦਮ ਦੀਆਂ ਰੰਮਤ ਬਾਰੇ ਲਿਖੀਆਂ ਇਹ ਲਾਈਨਾਂ ਇਸ ਗੱਲ ਬਾਰੇ ਵੀ ਇਸ਼ਾਰਾ ਕਰਦੀਆਂ ਹਨ ਕਿ ਕਈ ਵਾਰ ਮੰਡਲੀਆ ਨੇ ਕਿਸੇ ਇਕ ਖਿਤੇ ਵਿਚ ਵੀ ਜਿਆਦਾ ਪ੍ਰਚਾਰ ਕੀਤਾ।

---

[135] ਪ੍ਰੋ. ਪਿਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ,* ਪੰਨਾ 66.

ਰੰਮਤ ਅਖਾੜੇ ਵਿਚ ਵਿਦਵਾਨ ਸੰਤ ਵਿਚਰਦੇ ਸਨ ਜੋ ਆਪਣੀ ਵਿਦਵਤਾ ਨਾਲ ਗਿਆਨ ਦੀਆਂ ਜੋਤਾਂ ਜਗਾਉਂਦੇ ਭ੍ਰਮਣ ਕਰਦੇ ਰਹਿੰਦੇ ਸਨ। ਇਸ ਰੰਮਤ ਅਖਾੜੇ ਦਾ ਪ੍ਰਚਾਰ ਬਹੁਤ ਪ੍ਰਭਾਵਸ਼ਾਲੀ ਹੁੰਦਾ ਸੀ। ਇਹ ਜਿਸ ਜਗ੍ਹਾ ਵੀ ਵਿਦਿਆ ਅਤੇ ਧਰਮ ਪ੍ਰਚਾਰ ਕਰਦੇ ਪ੍ਰਭਾਵਿਤ ਹੋਏ ਕਈ ਜਿਗਿਆਸੂ ਇਨ੍ਹਾਂ ਸੰਤਾਂ ਤੋਂ ਵਿਦਿਆ ਗ੍ਰਹਿਣ ਕਰਨ ਦੀ ਇੱਛਾ ਰਖਦੇ। ਕਈ ਵਾਰ ਅਜਿਹੇ ਜਿਗਿਆਸੂ ਵਿਰਤੀ ਵਾਲੇ ਵਿਅਕਤੀ ਨੂੰ ਸੰਤ ਅਖਾੜੇ ਵਿਚ ਸ਼ਾਮਲ ਕਰ ਲੈਂਦੇ ਅਤੇ ਅਖਾੜੇ ਦੌਰਾਨ ਹੀ ਉਸ ਦੀਆਂ ਗੁਰੂ-ਸ਼ਿਸ਼ ਵਾਲੀਆਂ ਸਾਰੀਆਂ ਕਿਰਿਆਵਾਂ ਪੂਰੀਆਂ ਕਰਨ ਉਪਰੰਤ ਪੜ੍ਹਾਈ ਸ਼ੁਰੂ ਹੋ ਜਾਂਦੀ। ਅਖਾੜੇ ਵਿਚ ਹੀ ਉਸ ਦਾ ਅਭਿਆਸ ਹੁੰਦਾ ਰਹਿੰਦਾ। ਇਸ ਤਰ੍ਹਾਂ ਨਿਤਾਪ੍ਰਤੀ ਦੇ ਅਭਿਆਸ ਨਾਲ ਇਹ ਸਿਖਿਆਰਥੀ ਨਿਰਮਲ ਸੰਪ੍ਰਦਾਇ ਦੇ ਵਿਦਵਾਨ ਸੰਤ ਬਣਦੇ। ਇਹ ਰੰਮਤ ਅਖਾੜੇ ਚਲਦੀਆਂ-ਫਿਰਦੀਆਂ ਪਾਠਸ਼ਾਲਾਵਾਂ ਸਨ। ਸੰਪ੍ਰਦਾਇ ਗਿਰਵੜੀ ਦੇ "ਮਹੰਤ ਜੋਧ ਸਿੰਘ ਜੀ ਮਹਾਂਪੁਰਖਾਂ ਨਾਲ ਰਮਤ ਅਖਾੜੇ ਵਿਚ ਰਹਿੰਦੇ ਹੋਏ ਵਿਦਿਆ ਪੜ੍ਹਦੇ ਸਨ। ਰਮਤ ਅਖਾੜੇ ਵਿਚ ਵਿਚ ਕ੍ਰਮਵਾਰ ਕਾਰਬਾਰੀ, ਕੁਠਾਰੀ ਅਤੇ 12 ਸਾਲ ਮੁਖੀਏ ਮਹੰਤ ਰਹੇ।"[136] ਇਸ ਤਰ੍ਹਾਂ ਰਮਤੇ ਦਲਾਂ ਵਿਚ ਰਹਿ ਕੇ ਵਿਦਵਾਨ ਸੰਤਾਂ ਤੋਂ ਵਿਦਿਆ ਗ੍ਰਹਿਣ ਕਰਨ ਦੇ ਇਤਿਹਾਸ ਵਿਚ ਹੋਰ ਵੀ ਪ੍ਰਮਾਣ ਮਿਲਦੇ ਹਨ। ਇਨ੍ਹਾਂ ਰੰਮਤ ਅਖਾੜਿਆਂ ਵਿਚ ਆਪਣੀਆਂ ਸੇਵਾਵਾਂ ਦੇਣ ਵਾਲਿਆਂ ਵਿਚੋਂ "ਪੰਡਿਤ ਮੋਹਰ ਸਿੰਘ ਜੀ ਦੇ ਸ਼ਿਸ਼ ਪੰਡਿਤ ਮਾਨ ਸਿੰਘ ਜੀ ਮਹਾਨ ਵਿਦਵਾਨ ਸੰਤ ਹੋਏ ਹਨ। ਆਪ ਸੰਮਤ 1992 (1935 ਈ.) ਵਿਚ ਰਮਤ ਅਖਾੜੇ ਦੇ ਮੁਖੀਏ ਚੁਣੇ ਗਏ।"[137] ਇਨ੍ਹਾਂ ਤੋਂ ਇਲਾਵਾ ਇਤਿਹਾਸ ਹੋਰ ਵੀ ਸੰਤਾਂ-ਮਹੰਤਾਂ, ਵਿਦਵਾਨਾਂ ਦੇ ਨਾਵਾਂ ਦੀ ਤਸਦੀਕ ਕਰਦਾ ਹੈ ਜਿਨ੍ਹਾਂ ਨੇ ਰੰਮਤ ਅਖਾੜੇ ਵਿਚ ਆਪਣੀਆਂ ਸੇਵਾਵਾਂ ਦਿੱਤੀਆਂ ਹਨ।

ਇਥੇ ਇਹ ਵੀ ਵਰਣਨਯੋਗ ਹੈ ਕਿ ਰੰਮਤ ਵਿਚ ਮੁਖੀਏ ਮਹੰਤ ਲਈ ਚੋਣ 'ਸ੍ਰੀ ਪੰਚਾਇਤੀ ਅਖਾੜਾ ਨਿਰਮਲਾ' ਕਰਦਾ ਸੀ। ਇਸ ਵੱਲੋਂ ਹੀ ਮੁਖੀਏ ਮਹੰਤ ਦੀ ਸਮਰੱਥਾ ਅਨੁਸਾਰ ਇਹ ਸੇਵਾ ਲਈ ਜਾਂਦੀ ਸੀ। ਜਦੋਂ ਮੁਖੀਆ ਮਹੰਤ ਅਸਮਰੱਥਾ ਜ਼ਾਹਰ ਕਰਦਾ ਤਾਂ ਅਖਾੜੇ ਵੱਲੋਂ ਨਵੇਂ ਵਿਦਵਾਨ ਮਹੰਤ ਨੂੰ ਇਹ ਸੇਵਾਵਾਂ ਦਿੱਤੀਆਂ ਜਾਂਦੀਆਂ ਸਨ। ਭਾਵ ਰੰਮਤ ਵਿਚ ਮੁਖੀਏ ਦਾ ਸਮਾਂ ਨਿਸਚਿਤ ਨਹੀਂ ਸੀ। ਇਤਿਹਾਸ ਪੜ੍ਹਦਿਆਂ ਪਤਾ ਲਗਦਾ ਹੈ ਕਿ 19ਵੀਂ ਸਦੀ ਤੱਕ ਰੰਮਤ ਦੇ ਮੁਖੀਏ ਮਹੰਤ ਕਾਫ਼ੀ ਲੰਮਾ ਸਮਾਂ ਰੰਮਤ ਦੀ ਸੇਵਾ ਕਰਦੇ ਰਹੇ ਹਨ ਪ੍ਰੰਤੂ 20ਵੀਂ ਸਦੀ ਵਿਚਲੇ ਰੰਮਤ ਦੇ ਮੁਖੀਏ ਮਹੰਤਾਂ ਨੇ ਪਹਿਲੇ ਮਹੰਤਾਂ ਵਾਂਗ ਜਿਆਦਾ ਸਮਾਂ ਸੇਵਾਵਾਂ ਨਹੀਂ ਦਿੱਤੀਆਂ।

---

136 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 665.

137 ਉਹੀ, ਪੰਨਾ 664.

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਆਪਣੇ ਮਹਾਂਪੁਰਖਾਂ (ਸ੍ਰੀ ਮਹੰਤਾਂ ਅਤੇ ਨਾਇਬ ਸ੍ਰੀ ਮਹੰਤਾਂ) ਦੀ ਰਹਿਨੁਮਾਈ ਵਿਚ ਥਾਂ-ਥਾਂ ਫਿਰ ਕੇ ਲੋਕਾਂ ਨੂੰ ਵਿਦਿਆ-ਦਾਨ ਦਿੱਤਾ ਅਤੇ ਧਰਮ ਪ੍ਰਚਾਰ ਕੀਤਾ। ਇਸ ਸੰਪ੍ਰਦਾਇ ਦੇ ਵਿਦਿਆਪਤੀ ਸੰਤਾਂ ਨੇ ਅਨੇਕ ਗ੍ਰੰਥਾਂ ਦੀ ਰਚਨਾ ਕਰਕੇ, ਕਥਾ ਵਾਰਤਾ ਦੁਆਰਾ ਅਤੇ ਧਰਮ ਸ਼ਾਸਤ੍ਰੀ ਬਹਿਸਾਂ ਵਿਚ ਜਿੱਤ ਪ੍ਰਾਪਤ ਕਰਕੇ ਸਿੱਖ ਧਰਮ ਦੀ ਵਿਦਵਾਨ ਸੰਪ੍ਰਦਾਇ ਵਜੋਂ ਆਪਣਾ ਲੋਹਾ ਮਨਵਾਇਆ। ਵਿਦਿਆ ਅਤੇ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਵਿਚ ਨਿਰਮਲ ਸੰਪ੍ਰਦਾਇ ਦੇ 'ਰੰਮਤ ਅਖਾੜੇ' ਦਾ ਸ਼ਲਾਘਾਯੋਗ ਯੋਗਦਾਨ ਰਿਹਾ ਹੈ। ਪ੍ਰਸਥਿਤੀਆਂ ਦੇ ਅਨੁਕੂਲ ਰੰਮਤ ਅਖਾੜੇ ਨੇ ਨਿਰਮਲ ਸੰਪ੍ਰਦਾਇ ਦੇ ਬਾਕੀ ਸਾਰੇ ਸਥਾਨਾਂ ਜਿਨ੍ਹਾਂ ਹੀ ਪ੍ਰਚਾਰ ਕੀਤਾ। ਰੰਮਤ ਦੁਆਰਾ ਨਿਰਮਲੇ ਵਿਦਵਾਨ ਲੋਕਾਂ ਦੇ ਦਰ-ਦਰ ਵਿਦਿਆ ਦਾ ਦੀਵਾ ਬਾਲਦੇ ਰਹੇ।

ਵਰਣਨਯੋਗ ਹੈ ਕਿ 20ਵੀਂ ਸਦੀ ਦੇ ਅੰਤ 'ਤੇ ਰੰਮਤ ਫੇਰਨੀ ਬੰਦ ਹੋ ਗਈ ਕਿਉਂਕਿ ਇਤਿਹਾਸ ਵਿਚ 20ਵੀਂ ਸਦੀ ਦੇ ਅੰਤਲੇ ਸਮੇਂ ਵਿਚ ਰੰਮਤ ਫੇਰਨ ਦੇ ਪ੍ਰਮਾਣ ਨਹੀਂ ਮਿਲਦੇ। ਇਸਦੇ ਕੁੱਝ ਕਾਰਨ ਜੋ ਨਜ਼ਰ ਆਉਂਦੇ ਹਨ:

ੳ) ਪਹਿਲਾ ਸਭ ਤੋਂ ਵੱਡਾ ਕਾਰਨ ਹੈ ਕਿ ਨਿਰਮਲੇ ਸੰਤਾਂ ਨੇ ਆਪਣੇ ਸਥਾਨ ਕਾਇਮ ਕਰਨੇ ਸ਼ੁਰੂ ਕਰ ਦਿੱਤੇ।

ਅ) ਨਿਰਮਲੇ ਸੰਤਾਂ ਨੇ ਨਿਰਮਲੇ ਸਥਾਨਾਂ ਦੇ ਨਾਮ ਲੱਗੀਆਂ ਵੱਡੀਆਂ ਜਾਇਦਾਦਾਂ ਨੂੰ ਸੰਭਾਲ ਕੇ ਮਾਲਕਾਨਾ ਜੀਵਨ ਬਤੀਤ ਕਰਨਾ ਸ਼ੁਰੂ ਕਰ ਦਿੱਤਾ।

ੲ) ਰੰਮਤ ਅਖਾੜੇ ਨੂੰ ਪ੍ਰਚਾਰ ਦੌਰਾਨ ਸ਼ਰਧਾਲੂਆਂ ਵੱਲੋਂ ਪੂਰਨ ਉਤਸ਼ਾਹ ਨਾ ਮਿਲਣਾ।

ਸ) ਭ੍ਰਮਣ ਪ੍ਰਵਿਰਤੀ ਵਾਲੇ ਵਿਦਵਾਨ ਸੰਤ ਅਤੇ ਜਿਗਿਆਸੂਆਂ ਦੀ ਕਮੀ।

ਹ) ਜਿਗਿਆਸੂ ਲੋਕਾਂ ਲਈ ਵਿਦਿਆ-ਦਾਨ ਦੇ ਬਦਲਵੇਂ ਸਾਧਨਾ ਦੀ ਮੌਜੂਦਗੀ।

ਰੰਮਤ ਵਿਚ ਵਿਰਾਮ ਦੇ ਉਕਤ ਪ੍ਰਮੁੱਖ ਕਾਰਨਾਂ ਤੋਂ ਬਿਨ੍ਹਾਂ ਹੋਰ ਵੀ ਕਈ ਕਾਰਨ ਹੋਣਗੇ ਪ੍ਰੰਤੂ ਸਮੁੱਚੀ ਨਿਰਮਲ ਸੰਪ੍ਰਦਾਇ ਦੁਆਰਾ ਜੋ ਕਾਰਜ ਕੀਤੇ ਗਏ ਹਨ ਉਨ੍ਹਾਂ ਕਾਰਜਾਂ ਦਾ ਵੱਡਾ ਹਿੱਸਾ 'ਰੰਮਤ ਅਖਾੜੇ' ਦੀ ਦੇਣ ਹੈ। ਇਸ ਦੇ ਸੰਤਾਂ ਨੇ ਭ੍ਰਮਣ ਵਿਰਤੀ ਅਪਣਾ ਕੇ ਸਿੱਖ ਧਰਮ ਅਤੇ ਲੋਕਾਂ ਨੂੰ ਅੱਖਰ ਦਾਨ ਦੇਣ ਦੀ ਜੋ ਸੇਵਾ ਕੀਤੀ ਹੈ, ਉਹ ਵਡਮੁੱਲੀ ਹੈ। 20ਵੀਂ ਸਦੀ ਦੇ ਪਿਛਲੇ ਅੱਧ ਵਿਚ ਜਦੋਂ ਰੰਮਤ ਫੇਰਨੀ ਬੰਦ ਹੋਈ ਉਦੋਂ ਤੋਂ

ਬਾਅਦ ਹੀ ਨਿਰਮਲ ਸੰਪ੍ਰਦਾਇ ਦੇ ਕਾਰਜਾਂ ਵਿਚ ਖੜੋਤ ਆ ਗਈ। ਪਹਿਲਾਂ ਫਿਰ ਵੀ ਨਿਰਮਲੇ ਸੰਤ ਰੰਮਤ ਵਿਚ ਜਾਂਦੇ ਆਉਂਦੇ ਲੋਕਾਂ ਵਿਚ ਆਪਣੀ ਹੋਂਦ ਦਰਸਾਉਂਦੇ ਸਨ ਇਸਦੇ ਬੰਦ ਹੋਣ ਨਾਲ ਸੰਪ੍ਰਦਾਇ ਵੀ ਆਮ ਨਜ਼ਰਾਂ ਵਿਚੋਂ ਓਝਲ ਹੁੰਦੀ ਨਜ਼ਰ ਆਉਂਦੀ ਹੈ।

ਭਾਵੇਂ ਅਜੋਕੇ ਸਮੇਂ ਰੰਮਤ ਬੰਦ ਹੈ ਫਿਰ ਵੀ ਕਈ ਨਿਰਮਲੇ ਸੰਤ ਥਾਂ-ਥਾਂ ਵਿਦਿਆ ਦੇਣ ਦਾ ਉਪਰਾਲਾ ਕਰ ਰਹੇ ਹਨ ਜਿਨ੍ਹਾਂ ਵਿਚੋਂ ਇਕ ਹਨ, ਸੰਤ ਹਰਚਰਨ ਸਿੰਘ ਗੋਨਿਆਣਾ: ਇਹ ਨਿਰਮਲ ਸੰਪ੍ਰਦਾਇ ਦੇ ਸੰਤ ਹਨ ਜੋ ਵੱਖ-ਵੱਖ ਸਕੂਲਾਂ ਵਿਚ ਜਾ ਕੇ ਬੱਚਿਆਂ ਨੂੰ ਪੜਾਉਂਦੇ ਅਤੇ ਫਿਰ ਉਨ੍ਹਾਂ ਦੀਆਂ ਪ੍ਰੀਖਿਆਵਾਂ ਵੀ ਲੈਂਦੇ ਹਨ। ਅੱਵਲ ਆਉਣ ਵਾਲੇ ਬੱਚਿਆਂ ਨੂੰ ਵਿਦਿਆ-ਦਾਨ ਦੇ ਨਾਲ-ਨਾਲ ਹੌਸਲਾ ਅਫ਼ਜਾਈ ਲਈ ਇਨਾਮ ਵੀ ਦਿੰਦੇ ਹਨ। ਆਪਣੀ ਸਮਰੱਥਾ ਅਨੁਸਾਰ ਵਿਦਿਅਕ ਕਾਰਜ ਵਿਚ ਰੁਚਿਤ ਹਨ।

ਖੋਜ-ਕਾਰਜ ਦੀ ਮੰਗ ਅਨੁਸਾਰ ਉਪਰਲੇ ਪੰਨਿਆਂ ਵਿਚ ਨਿਰਮਲ ਸੰਪ੍ਰਦਾਇ ਦੇ ਵਿਸ਼ਾਲ ਘੇਰੇ ਵਿਚੋਂ ਵਿਦਿਅਕ ਖੇਤਰ ਦਾ ਵਿਸ਼ਲੇਸ਼ਣ ਕਰਦਿਆਂ ਇਸ ਸੰਪ੍ਰਦਾਇ ਦੇ ਸਮੁੱਚੇ ਵਿਦਿਅਕ ਕਾਰਜਾਂ ਨੂੰ ਸਿਰਲੇਖਾਂ ਅਧੀਨ ਕਾਲਕ੍ਰਮ ਅਨੁਸਾਰ ਵੰਡ ਕੇ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ। ਜਿਸ ਵਿਚੋਂ ਮੁੱਖ ਤੌਰ ’ਤੇ ਨਿਮਨ ਲਿਖਤ ਪੱਖ ਉਭਰਕੇ ਸਾਹਮਣੇ ਆਉਂਦੇ ਹਨ:

1. ਇਕ ਇਹ ਉਹ ਸਮਾਂ ਸੀ ਜਦੋਂ ਅੱਜ ਦੇ ਮੁਕਾਬਲੇ ਲੋੜੀਂਦੇ ਸਾਧਨਾਂ ਦੀ ਬਹੁਤ ਕਮੀਂ ਸੀ। ਆਪਣੇ ਮਨੋਰਥ ਦੀ ਪੂਰਤੀ ਵੱਲ ਵਧਦਿਆਂ ਨਿਰਮਲੇ ਸੰਤਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ ਪਰ ਇਹ ਕਾਰਜਸ਼ੀਲ ਰਹੇ। ਇਨ੍ਹਾਂ ਸੰਤਾਂ ਨੇ ਲੋਕਾਂ ਵਿਚ ਜਾ ਕੇ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿਚ ਅਪਣੇ ਕੁੱਝ ਟਿਕਾਣੇ ਬਣਾਏ। ਸੰਤ ਪ੍ਰਵਿਰਤੀ, ਸੰਤੋਖੀ ਅਤੇ ਪਰਉਪਕਾਰੀ ਸੁਭਾਅ ਕਾਰਨ ਇਹ ਬਹੁਤ ਜਲਦੀ ਲੋਕਾਂ ਦੇ ਮਨਾਂ ਵਿਚ ਉਤਰ ਜਾਂਦੇ। ਮਿਲਵਰਤਨ ਭਾਵ ਕਾਰਨ ਜਲਦੀ ਹੀ ਲੋਕ ਇਨ੍ਹਾਂ ਦੇ ਸ਼ਰਧਾਲੂ ਬਣ ਜਾਂਦੇ ਅਤੇ ਇਨ੍ਹਾਂ ਸ਼ਰਧਾਲੂਆਂ ਵੱਲੋਂ ਹੀ ਸ਼ਰਧਾਭਾਵ ਨਾਲ ਇਨ੍ਹਾਂ ਦੇ ਟਿਕਾਣਿਆਂ ਨੂੰ ਡੇਰਿਆਂ ਦੇ ਰੂਪ ਵਿਚ ਬਦਲ ਦਿੱਤਾ ਗਿਆ, ਜਿੱਥੋਂ ਨਿਰਮਲੇ ਸੰਤਾਂ ਨੇ ਲੋਕਾਂ ਵਿਚ ਵਿਦਿਆ ਅਤੇ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕੀਤਾ।

2. ਨਿਰਮਲੇ ਵਿਦਵਾਨਾਂ ਨੇ ਮਹਿਸੂਸ ਕੀਤਾ ਕਿ ਹਰ ਸਾਧਾਰਨ ਅਤੇ ਕਿਰਤੀ ਇਨਸਾਨ ਅਲੱਗ-ਅਲੱਗ ਸਥਾਨਾਂ ’ਤੇ ਬਣੇ ਇਨ੍ਹਾਂ ਟਿਕਾਣਿਆਂ ਤੱਕ ਪਹੁੰਚ ਨਹੀਂ ਕਰ ਸਕਦਾ ਇਸ ਲਈ ਉਨ੍ਹਾਂ ਲੋਕਾਂ ਨੂੰ

ਸਿਖਿਅਤ ਕਰਨ ਲਈ ਇਹ ਵਿਦਵਾਨ ਸੰਤ ਪ੍ਰਚਾਰਕ ਮੰਡਲੀਆਂ ਦੇ ਰੂਪ ਵਿਚ ਉਨ੍ਹਾਂ ਤੱਕ ਗਏ। ਇਹ ਮੰਡਲੀਆਂ ਇਕ ਨਿਰਮਲੇ ਸਥਾਨ ਦੇ ਸਾਰੇ ਕਾਰਜ ਕਰਨ ਦੇ ਸਮਰੱਥ ਸਨ। ਇਹ ਨਿਰਮਲੇ ਵਿਦਵਾਨਾਂ ਦੀ ਅਮੁੱਲ ਘਾਲਣਾ ਹੈ।

3. ਸਿੱਖ ਧਰਮ ਦੀ ਆਨ-ਸ਼ਾਨ ਅਤੇ ਸੰਪ੍ਰਦਾਇ ਬਾਰੇ ਜੇ ਕਿਸੇ ਨੇ ਕੋਈ ਤਰਕ-ਵਿਤਰਕ ਕੀਤਾ ਤਾਂ ਇਨ੍ਹਾਂ ਨਿਰਮਲੇ ਵਿਦਵਾਨਾਂ ਨੇ ਆਪਣੀ ਵਿਦਵਤਾ ਨਾਲ ਉਨ੍ਹਾਂ ਦੇ ਸ਼ੰਕੇ ਦੂਰ ਕਰਕੇ ਸਿੱਖ ਪੰਥ ਦੇ ਗੌਰਵ ਵਿਚ ਵਾਧਾ ਕੀਤਾ।

4. ਨਿਰਮਲੇ ਵਿਦਵਾਨਾਂ ਨੇ ਪੁਰਾਤਨ ਭਾਰਤੀ ਸਾਹਿਤ ਵਿਚਲੇ ਗਿਆਨ ਨੂੰ ਪ੍ਰਚਲਤ ਭਾਸ਼ਾਵਾਂ ਦੇ ਗ੍ਰੰਥਾਂ ਵਿਚ ਅਨੁਵਾਦ ਕਰਕੇ ਸਾਹਮਣੇ ਲਿਆਂਦਾ। ਉਨ੍ਹਾਂ ਵੱਖ-ਵੱਖ ਵਿਸ਼ਿਆਂ ’ਤੇ ਗ੍ਰੰਥਾਂ ਦੀ ਰਚਨਾ ਕੀਤੀ ਤਾਂ ਜੋ ਜਿਆਦਾ ਤੋਂ ਜਿਆਦਾ ਲੋਕ ਉਨ੍ਹਾਂ ਦੇ ਗਿਆਨ ਦਾ ਲਾਭ ਲੈ ਸਕਣ।

5. ਨਿਰਮਲੇ ਵਿਦਵਾਨਾਂ ਨੇ ਗੁਰਮਤਿ ਤੇ ਵਿਦਿਆ ਪ੍ਰਚਾਰ ਲਈ ਭਾਰਤ ਦੇ ਤੀਰਥ ਸਥਾਨਾਂ ਦੀ ਚੋਣ ਇਸ ਲਈ ਕੀਤੀ ਕਿ ਉਥੇ ਵੱਡੀ ਗਿਣਤੀ ਵਿਚ ਧਾਰਮਿਕ ਪ੍ਰਵਿਰਤੀ ਵਾਲੇ ਲੋਕ ਤੀਰਥ ਇਸ਼ਨਾਨ ਦੇ ਨਾਲ ਸਾਧਾ-ਸੰਤਾਂ ਦੇ ਉਪਦੇਸ਼ ਸੁਣਨ ਜਾਂਦੇ ਸਨ। ਉਨ੍ਹਾਂ ਵਿਚ ਗੁਰਮਤਿ ਤੇ ਵਿਦਿਆ ਦਾ ਪ੍ਰਚਾਰ ਕੀਤਾ ਜਾ ਸਕਦਾ ਸੀ। ਇਸ ਲਈ ਉਨ੍ਹਾ ਨੇ ਭਾਰਤ ਦੇ ਵੱਡੇ-ਵੱਡੇ ਤੀਰਥਾਂ ਉੱਤੇ ਆਪਣੇ ਸਥਾਨ ਕਾਇਮ ਕੀਤੇ ਅਤੇ ਇਨ੍ਹਾਂ ਵਿਚ ਗੁਰਮਤਿ ਗਿਆਨ ਦੇਣ ਦੇ ਨਾਲ ਪਾਠਸ਼ਾਲਾਂ ਵੀ ਜਾਰੀ ਕੀਤੀਆਂ।

6. ਨਿਰਮਲੇ ਵਿਦਵਾਨਾਂ ਨੇ ਭਾਰਤ ਦੇ ਤੀਰਥਾਂ ’ਤੇ ਲੱਗਣ ਵਾਲੇ ਵੱਡੇ ਮੇਲਿਆਂ ਸਮੇਂ ਪ੍ਰਬੰਧ ਅਤੇ ਭਾਰਤ ਦੇ ਵੱਖ-ਵੱਖ ਖਿੱਤਿਆਂ ਵਿਚ ਵਿਧੀਵਤ ਪ੍ਰਚਾਰ ਲਈ ‘ਰੰਮਤ ਅਖਾੜੇ' ਦੀ ਸਥਾਪਨਾ ਕੀਤੀ। ਇਸ ਅਖਾੜੇ ਨੇ ਸਮੁੱਚੇ ਭਾਰਤ ਵਿਚ ਨਿਰਮਲ ਸੰਪ੍ਰਦਾਇ ਦੀ ਵੱਖਰੀ ਪਛਾਣ ਸਥਾਪਤ ਕੀਤੀ। ਇਸ ਵਿਚਲੇ ਵਿਦਵਾਨ ਸੰਤ ਲੋਕਾਂ ਵਿਚ ਗਿਆਨ ਵੰਡਦੇ ਹੋਏ ਕਈ-ਕਈ ਸਾਲ ਆਪਣੇ ਟਿਕਾਇਆਂ ਵਿਚ ਨਾ ਪਰਤਦੇ। ਇਹ ਅਖਾੜਾ ਥਾਂ-ਥਾਂ ਲੋਕਾਂ ਦੇ ਸੱਦੇ ’ਤੇ ਜਾਂ ਮੁਖੀਏ ਦੇ ਚੁਣੇ ਹੋਏ ਸਥਾਨਾਂ ’ਤੇ ਪਹੁੰਚਦਾ। ਉਥੇ ਮਹੀਨਾ-ਮਹੀਨਾ ਟਿਕਾਣਾ ਕਰਦਾ ਅਤੇ ਇਸ ਵਿਚਲੇ ਪ੍ਰਬੁੱਧ ਵਿਦਵਾਨ ਸੰਤ ਕਥਾ-ਕੀਰਤਨ ਆਦਿ ਨਾਲ ਗੁਰਮਤਿ ਪ੍ਰਚਾਰ ਕਰਦੇ। ਇਸ ਜੱਥੇ ਵਿਚ ਵਿਦਿਆਰਥੀ ਸੰਤ ਵੀ ਹੁੰਦੇ ਸਨ ਜੋ ਅਖਾੜੇ ਵਿਚਲੇ ਵਿਦਵਾਨਾਂ ਦੇ ਗਿਆਨ ਦਾ ਲਾਹਾ ਲੈਂਦੇ ਅਤੇ ਵਿਦਿਆ ਪ੍ਰਾਪਤ ਕਰਦੇ ਸਨ। ਦੂਰ-ਦੁਰਾਡੇ ਦੇ ਲੋਕ ਅਤੇ ਰਾਜੇ-ਮਹਾਰਾਜੇ ਆਦਿ ਅਗਾਊਂ ਟਾਈਮ ਲੈ ਕੇ ਰੰਮਤ ਅਖਾੜੇ ਨੂੰ ਆਪਣੇ ਸਥਾਨਾਂ ਉੱਤੇ

ਬੁਲਾਉਣ ਵਿਚ ਮਾਣ ਮਹਿਸੂਸ ਕਰਦੇ ਸਨ। ਇਸ ਅਖਾੜੇ ਦਾ ਨਿਰਮਲ ਸੰਪ੍ਰਦਾਇ ਦੇ ਸਮੁੱਚੇ ਕਾਰਜਾਂ ਵਿਚ ਅਹਿਮ ਯੋਗਦਾਨ ਹੈ।

ਨਿਰਮਲ ਸੰਪ੍ਰਦਾਇ ਦੁਆਰਾ ਕੀਤੇ ਗਏ ਉਕਤ ਉਪਰਾਲੇ ਦਰਸਾਉਂਦੇ ਹਨ ਕਿ ਕਿਵੇਂ ਇਹ ਸੰਤ ਪੂਰੇ ਉਤਸ਼ਾਹ, ਲਗਨ ਅਤੇ ਸੁਹਿਰਦਤਾ ਨਾਲ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਬਿਨਾਂ ਕਿਸੇ ਲਾਲਸਾ ਤੋਂ ਲੋਕ ਸੇਵਾ ਦੇ ਕਾਰਜਾਂ ਵਿਚ ਰੁਚਿਤ ਰਹੇ। ਇਸ ਸਮੇਂ ਦੌਰਾਨ ਸੰਪ੍ਰਦਾਇ ਦੀ ਕਾਰਜਸ਼ੈਲੀ ਇਨ੍ਹੀ ਪ੍ਰਭਾਵਸ਼ਾਲੀ ਰਹੀ ਕਿ ਇਸ ਸੰਪ੍ਰਦਾਇ ਦੀ ਪਛਾਣ 'ਸਿੱਖਾਂ ਦੀ ਵਿਦਵਾਨ ਸੰਪ੍ਰਦਾਇ' ਵਜੋਂ ਸਥਾਪਤ ਹੋ ਗਈ।

**ਵਿਦਿਆਪਤੀ ਨਿਰਮਲੇ**

ਸ਼ੁਰੂਆਤੀ ਦੌਰ ਵਿਚ 'ਨਿਰਮਲ ਸੰਪ੍ਰਦਾਇ` ਦਾ ਵਿਦਿਅਕ ਕੇਂਦਰ ਬਨਾਰਸ ਵਿਚ ਹੀ ਰਿਹਾ। ਉਸ ਤੋਂ ਬਾਅਦ ਬਨਾਰਸ ਤੋਂ ਇਲਾਵਾ ਕਨਖਲ (ਹਰਿਦਵਾਰ), ਰਿਸ਼ੀਕੇਸ਼, ਅੰਮ੍ਰਿਤਸਰ, ਲਾਹੌਰ, ਜੰਮੂ, ਪਟਿਆਲਾ, ਦਮਦਮਾ ਸਾਹਿਬ, ਕਰਨਾਲ ਆਦਿ ਸਥਾਨਾਂ ਤੇ ਨਿਰਮਲ ਡੇਰੇ ਕਾਇਮ ਕੀਤੇ ਗਏ। ਜਿੱਥੇ ਹਰ ਤਰ੍ਹਾਂ ਦੀ ਵਿਦਿਆ ਧਾਰਮਿਕ, ਰਾਜਨੀਤਿਕ, ਅਧਿਆਤਮਿਕ, ਸੰਗੀਤ, ਆਯੁਰਵੈਦਿਕ ਆਦਿ ਦਾ ਗਿਆਨ ਸਾਰਾ ਕੁਝ ਨਿਰਮਲੇ ਮਹਾਂਪੁਰਖਾਂ ਦੇ ਡੇਰਿਆਂ-ਧਰਮਸ਼ਾਲਾਂ ਵਿਚ ਹੀ ਦਿੱਤਾ ਜਾਂਦਾ ਸੀ। ਇਹ ਨਿਰਮਲੇ ਸਥਾਨ ਸਮੁੱਚੇ ਗਿਆਨ ਦਾ ਸੋਮਾ ਸਨ। ਇੱਥੇ ਧਾਰਮਿਕ ਅਤੇ ਦੁਨਿਆਵੀ ਵਿਦਿਆ ਪ੍ਰਦਾਨ ਕਰਨ ਦਾ ਕਾਰਜ ਵੀ ਕੀਤਾ ਜਾਂਦਾ ਸੀ। ਨਿਰਮਲ ਡੇਰਿਆਂ ਤੋਂ ਵਿਦਿਆ ਪ੍ਰਾਪਤ ਕਰਕੇ ਅਨੇਕਾਂ ਵਿਦਵਾਨਾਂ ਨੇ ਗੁਰਬਾਣੀ ਅਤੇ ਗੁਰ ਇਤਿਹਾਸ ਦਾ ਪ੍ਰਚਾਰ ਕੀਤਾ ਅਤੇ ਅੱਜ ਵੀ ਬਹੁਤ ਸਾਰੇ ਨਿਰਮਲੇ ਸੰਤ ਵਿਦਿਆ-ਦਾਨ ਦੇ ਰਹੇ ਹਨ।

ਨਿਰਮਲੇ ਸੰਤਾਂ ਦੀ ਵਿਦਵਤਾ ਦਾ ਪੱਧਰ ਬਹੁਤ ਉੱਚਾ ਸੀ। ਇਹ ਸੰਤ ਵਿਦਿਆ ਗ੍ਰਹਿਣ ਕਰਨ ਲਈ ਲਗਨ ਤੇ ਉਤਸ਼ਾਹ ਨਾਲ ਗੁਰਮਤਿ ਅਤੇ ਪੁਰਾਤਨ ਭਾਰਤੀ ਸਾਹਿਤ ਦੇ ਗ੍ਰੰਥਾਂ ਦਾ ਗਹਿਨ ਅਧਿਐਨ ਕਰਦੇ ਸਨ। ਉਹ ਉਦੋਂ ਤੱਕ ਆਪਣੇ ਵਿਦਿਆ ਦਾਤਿਆਂ ਕੋਲੋਂ ਵਿਦਿਆ ਪ੍ਰਾਪਤ ਕਰਦੇ ਸਨ ਜਦੋਂ ਤੱਕ ਵਿਦਿਆ ਗੁਰੂ ਨੂੰ ਵਿਦਿਆਰਥੀ ਸੰਤ ਦੀ ਵਿਦਵਤਾ ਤੋਂ ਸੰਤੁਸ਼ਟੀ ਨਹੀਂ ਹੁੰਦੀ ਸੀ। ਇਸੇ ਕਾਰਨ ਬਹੁਤੇ ਲੋਕ ਵਿਦਿਆ ਪ੍ਰਾਪਤੀ ਲਈ ਪਹਿਲ ਨਿਰਮਲੇ ਸੰਤਾਂ ਨੂੰ ਦਿੰਦੇ ਸਨ। ਧਾਰਮਿਕ ਖੇਤਰ ਵਿਚ ਇਨ੍ਹਾਂ ਦੀ ਕਾਰਜਸ਼ੈਲੀ ਇੰਨੀ ਪ੍ਰਭਾਵਸ਼ਾਲੀ ਰਹੀ ਕਿ ਇਹ ਧਰਮ ਦੇ ਵਿਦਵਾਨ ਪੰਡਿਤ ਬਣ ਗਏ। ਸਾਧਾਰਨ ਸਿਖਿਆਰਥੀ ਤੋਂ ਲੈ ਕੇ ਵੱਡਿਆਂ ਤੱਕ ਨੂੰ ਨਿਰਮਲੇ ਵਿਦਵਾਨਾਂ ਨੇ ਗੁਰਮਤਿ ਸਿਧਾਂਤ ਸਿਖਾਉਣ ਦੀ ਸੇਵਾ ਨਿਭਾਈ ਹੈ। "1812 ਈ. ਵਿਚ ਜ਼ੋਨ ਮੈਲਕਮ

ਨੇ 'ਸਕੈਚ ਆਫ ਦੀ ਸਿੱਖਜ਼' ਕਿਤਾਬੜੀ ਲਿਖੀ। ਉਸ ਨੇ ਇਹ ਗੁਰਮਤ-ਗਿਆਨ ਕਿਸੇ ਨਿਰਮਲੇ ਸਾਧੂ ਤੋਂ ਹੀ ਪ੍ਰਾਪਤ ਕੀਤਾ ਸੀ। ਜਰਮਨ ਪਾਦਰੀ ਮਿ. ਟਰੰਪ ਜਦੋਂ ਗੁਰੂ ਗ੍ਰੰਥ ਸਾਹਿਬ ਦੇ ਅਰਥ ਸਮਝਣ ਲਈ ਅੰਮ੍ਰਿਤਸਰ ਆਇਆ ਤਾਂ ਸੰਤ ਆਤਮਾ ਸਿੰਘ ਜੀ ਨੇ ਇਸ ਦੀ ਕਾਫ਼ੀ ਮਦਦ ਕੀਤੀ।"[138] ਇਥੋਂ ਸਹਿਜੇ ਅਨੁਭਵ ਹੋ ਜਾਂਦਾ ਹੈ ਕਿ ਨਿਰਮਲੇ ਕਿਸ ਪੱਧਰ ਦੇ ਵਿਦਵਾਨ ਸਨ।

ਨਿਰਮਲੇ ਸੰਤ ਸਿੱਖ ਪੰਥ ਦੇ ਵਿਦਵਾਨ ਹਨ, ਜਿਨ੍ਹਾਂ ਨੂੰ 'ਵਿਦਿਆਪਤੀ' ਕਹਿ ਕੇ ਵੀ ਸਤਿਕਾਰਿਆ ਜਾਂਦਾ ਹੈ। ਇਥੇ ਉਨ੍ਹਾਂ ਦੀ ਵਿਦਿਅਕ ਰੁਚੀ ਅਤੇ ਸਮਾਜ ਵਿਚ ਸਥਾਨ ਬਾਰੇ ਚਰਚਾ ਕਰਾਂਗੇ। ਜਿਸ ਤਰ੍ਹਾਂ ਪਿਛਲੇ ਅਧਿਆਇ ਵਿਚ ਇਸ਼ਾਰਾ ਕੀਤਾ ਗਿਆ ਸੀ ਕਿ ਨਿਰਮਲੇ ਸੰਤ ਕਾਸ਼ੀ ਤੋਂ ਵਿਦਿਆ ਪ੍ਰਾਪਤੀ ਨੂੰ ਪ੍ਰਾਥਮਿਕਤਾ ਦਿੰਦੇ ਹਨ। ਉਥੋਂ ਵਿਦਿਆ ਕਿਉਂ ਅਤੇ ਕਿਵੇਂ ਪ੍ਰਾਪਤ ਕਰਦੇ ਸਨ? ਇਸ ਬਾਰੇ ਚਰਚਾ ਕਰਦੇ ਹਾਂ:

ਪਹਿਲਾਂ ਨਿਰਮਲੇ ਸੰਤ ਆਪਣੇ ਸਥਾਨਾਂ ਵਿਚ ਆਏ ਵਿਦਿਆਰਥੀ ਨੂੰ ਮੁੱਢਲੀ ਸਿੱਖਿਆ ਆਪ ਦਿੰਦੇ ਬਾਅਦ ਵਿਚ ਉਸਨੂੰ ਕਾਸ਼ੀ ਤੋਂ ਵਿਦਿਆ ਹਾਸਲ ਕਰਾਉਂਦੇ। ਖੋਜ ਕਰਦਿਆਂ ਇਸਦੇ ਦੋ ਕਾਰਨ ਸਾਹਮਣੇ ਆਉਂਦੇ ਹਨ, ਬਣਾਉਣ ਦੇ ਧਾਰਨੀ ਸਨ, ਜਿਵੇਂ:

1. ਪਹਿਲਾ: ਇਸ ਸਮੇਂ ਕਾਸ਼ੀ ਵਿਚ ਸੰਸਕ੍ਰਿਤ ਵਿਦਿਆ ਗ੍ਰਹਿਣ ਕਰਨ ਲਈ ਮਾਹੌਲ ਕਾਫ਼ੀ ਵਧੀਆ ਸੀ। ਉੱਥੇ ਪੁਰਾਤਨ ਭਾਰਤੀ ਸਾਹਿਤ ਦਾ ਖ਼ਜ਼ਾਨਾ ਸੀ ਜਿਸਦਾ ਅਧਿਐਨ ਕਾਸ਼ੀ ਵਿਚ ਵੱਡੇ ਪੱਧਰ 'ਤੇ ਕਰਵਾਇਆ ਜਾਂਦਾ ਸੀ। ਵੇਦਾਂਤ ਦੇ ਸਾਰੇ ਗ੍ਰੰਥਾਂ ਦੀ ਪੜ੍ਹਾਈ (ਜਿਸਦਾ ਸਨਾਤਨੀ ਬ੍ਰਾਹਮਣ ਵਿਦਵਾਨ ਮਾਣ ਕਰਦੇ ਸਨ) ਕਾਸ਼ੀ ਵਿਚ ਕਰਾਈ ਜਾਂਦੀ ਸੀ। ਕਾਸ਼ੀ ਵਿਚ ਅਲੱਗ-ਅਲੱਗ ਮਤਾਂ, ਸੰਪ੍ਰਦਾਵਾਂ ਦੇ ਵਿਦਵਾਨ ਪੰਡਿਤ ਵਿਦਿਆ ਪੜ੍ਹਾਉਂਦੇ ਸਨ। ਗੁਰੂ-ਸ਼ਿਸ਼ ਪਰੰਪਰਾ ਵਿਚ ਵਿਦਿਆਰਥੀ ਬਹੁਤ ਕੁੱਝ ਸਿੱਖਦਾ ਸੀ ਕਿਉਂਕਿ ਇਕ ਵਿਦਵਾਨ ਦੀ ਇੱਛਾ ਹੁੰਦੀ ਹੈ ਕਿ ਉਹ ਆਪਣੇ ਵਿਦਿਆਰਥੀ ਵਿਚ ਉਹ ਸਾਰਾ ਗਿਆਨ ਸਮੋ ਦੇਵੇ ਜਿਸ ਨਾਲ ਵਿਦਵਾਨ ਦਾ ਗਿਆਨ ਉਸ ਦੇ ਸ਼ਿਸ਼ ਵਿਚੋਂ ਝਲਕੇ।
2. ਦੂਸਰਾ: ਇਸ ਸਮੇਂ ਤੱਕ ਨਿਰਮਲੇ ਸੰਤਾਂ ਨੇ ਉੱਥੇ ਆਪਣੇ ਟਿਕਾਣੇ ਅਤੇ ਆਪਣੇ ਵਿਦਿਆ ਕੇਂਦਰ ਸਥਾਪਿਤ ਕਰ ਲਏ ਸਨ। ਕਾਸ਼ੀ ਵਿਚੋਂ ਵਿਦਿਆ ਪ੍ਰਾਪਤ ਕਰਨ ਉਪਰੰਤ ਉੱਥੇ ਗਏ ਸੰਤ ਉੱਚ ਦਰਜੇ

[138] ਪਿਆਰਾ ਸਿੰਘ ਪਦਮ, ਵਿਦਿਆਪਤੀ ਨਿਰਮਲੇ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 216.

ਦੇ ਵਿਦਵਾਨ ਬਣਦੇ, ਜੋ ਗੁਰਮੁਖੀ ਵਿਦਿਆ ਦੇ ਨਾਲ-ਨਾਲ ਦੂਜੀਆਂ ਕਈ ਭਾਸ਼ਾਵਾਂ ਦੀ ਵਿਦਿਆ ਵੀ ਹਾਸਲ ਕਰਦੇ ਸਨ। ਇਥੋਂ ਦੀ ਉੱਚ ਵਿਦਿਆ ਦਾ ਪ੍ਰਮਾਣ ਇਹ ਹੈ ਕਿ ਨਿਰਮਲ ਸੰਪ੍ਰਦਾਇ ਦੇ ਵਰਤਮਾਨ ਤੱਕ ਕੁੱਲ ਦਸ ਸ੍ਰੀ ਮਹੰਤ ਸਾਹਿਬਾਨ ਹੋਏ ਹਨ, ਵਿਚੋਂ ਅੱਠ ਸ੍ਰੀ ਮਹੰਤ ਸਾਹਿਬਾਨ ਨੇ ਵਿਦਿਆ ਕਾਸ਼ੀ ਤੋਂ ਗ੍ਰਹਿਣ ਕੀਤੀ ਹੈ। ਇਸ ਸੰਪ੍ਰਦਾਇ ਦੇ ਜਿਆਦਾਤਰ ਨਾਮੀ-ਗਰਾਮੀ ਵਿਦਵਾਨ ਕਾਸ਼ੀ ਤੋਂ ਪੜ੍ਹੇ ਹਨ।

**ਕਾਸ਼ੀ: ਸੰਤਾਂ-ਮਹੰਤਾਂ ਦੀ ਵਿਦਿਆ ਪ੍ਰਾਪਤੀ ਦਾ ਮਨਪਸੰਦ ਸਥਾਨ**

ਜਿਸ ਤਰ੍ਹਾਂ ਪਿੱਛੇ ਜ਼ਿਕਰ ਕਰ ਆਏ ਹਾਂ ਕਿ ਕਾਸ਼ੀ ਵਿਦਿਆ ਪ੍ਰਾਪਤੀ ਲਈ ਢੁਕਵਾਂ ਸਥਾਨ ਸੀ, ਅੱਜ ਵੀ ਹੈ। ਵਿਦਿਆਰਥੀ ਜੋ ਪੁਰਾਤਨ ਭਾਰਤੀ ਸਾਹਿਤ ਦੀ ਗੂੜ੍ਹ ਵਿਦਿਆ ਪ੍ਰਾਪਤ ਕਰਨਾ ਚਾਹੁੰਦੇ ਹਨ ਉਹ ਇਸ ਸਥਾਨ ਵੱਲ ਖਿੱਚੇ ਚਲੇ ਜਾਂਦੇ ਹਨ। ਕਾਸ਼ੀ ਨਿਰਮਲੇ ਸੰਤਾਂ ਲਈ ਗਿਆਨ ਦਾ ਕੁੰਭ ਸੀ ਜਿੱਥੇ ਜਾ ਕੇ ਹਜਾਰਾਂ ਸੰਤਾਂ-ਮਹੰਤਾਂ ਨੇ ਗਿਆਨ ਇਸ਼ਨਾਨ ਕੀਤਾ। ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਕਾਸ਼ੀ ਤੋਂ ਵਿਦਿਆ ਪ੍ਰਾਪਤੀ ਕਰਕੇ ਸੰਤਾਂ ਨੇ ਭਾਰਤ ਦੇ ਕੋਨੇ-ਕੋਨੇ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ। ਭਾਵੇਂ ਬਹੁਤ ਸਾਰੇ ਸੰਤ ਕਾਸ਼ੀ ਵਿਦਿਆ ਪ੍ਰਾਪਤੀ ਤੋਂ ਬਾਅਦ ਭਾਰਤ ਦੇ ਹੋਰ ਸਥਾਨਾਂ (ਅੰਮ੍ਰਿਤਸਰ, ਕਨਖਲ ਆਦਿ) 'ਤੇ ਵੀ ਪੁਰਾਤਨ ਭਾਰਤੀ ਸਾਹਿਤ ਦੀ ਵਿਦਿਆ ਦਿੰਦੇ ਰਹੇ ਹਨ ਪਰ ਫਿਰ ਵੀ ਜਿਆਦਾਤਰ ਵਿਦਿਆਰਥੀ ਸੰਤਾਂ ਨੇ ਸੰਸਕ੍ਰਿਤ ਆਦਿ ਦੇ ਗਿਆਤਾ ਬਣਨ ਲਈ ਕਾਸ਼ੀ ਨੂੰ ਪਹਿਲ ਦਿੱਤੀ ਹੈ। ਹੁਣ ਵੀ ਬਹੁਤ ਸਾਰੇ ਸੰਤ-ਮਹੰਤ ਉਥੇ ਵਿਦਿਆ ਲਈ ਪਹੁੰਚਦੇ ਹਨ।

ਕਾਸ਼ੀ ਵਿਚ ਵਿਦਿਆ-ਦਾਨ ਪ੍ਰਤੀ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਬ੍ਰਾਹਮਣ ਵਰਗ ਨੇ ਇਹ ਨਿਯਮ ਬਣਾਇਆ ਹੋਇਆ ਸੀ ਕਿ ਇਸ ਸਥਾਨ ਦੇ ਵਿਦਿਆਦਾਤੇ (ਵਿਦਿਆ ਦੇਣ ਵਾਲੇ) ਗੈਰ-ਬ੍ਰਾਹਮਣ ਵਰਗ ਨੂੰ ਵਿਦਿਆ ਨਹੀਂ ਦਿੰਦੇ ਸਨ। ਜੇਕਰ ਲਗਨ ਹੋਵੇ ਤਾਂ ਜਿਗਿਆਸੂ ਵਿਦਿਆ ਪ੍ਰਾਪਤੀ ਲਈ ਕੁੱਝ ਵੀ ਕਰ ਸਕਦਾ ਹੈ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਇਸ ਦੀਆਂ ਦੋ ਉਦਾਹਰਨਾਂ ਦਿੰਦੇ ਹਨ:

ਪਹਿਲੀ : "ਕਾਸ਼ੀ ਤੋਂ ਵਿਦਿਆ ਪ੍ਰਾਪਤੀ ਦੀ ਲਗਨ ਇੰਨੀ ਸੀ ਕਿ ਬੰਦਾ ਬਹਾਦਰ ਦੇ ਸਮਕਾਲੀ ਇਕ 'ਸੰਤ ਨਿਸਚਲ ਦਾਸ' ਜੀ ਹੋਏ ਹਨ। ਜੋ ਦਾਦੂਪੰਥੀ ਸੰਪ੍ਰਦਾਇ ਨਾਲ ਸੰਬੰਧ ਰੱਖਦੇ ਸਨ। ਇਨ੍ਹਾਂ ਨੇ *'ਵਿਚਾਰ ਸਾਗਰ'* ਗ੍ਰੰਥ ਲਿਖਿਆ ਹੈ। ਇਹ ਵੇਦਾਂਤ ਦਾ ਪ੍ਰਸਿੱਧ ਗ੍ਰੰਥ ਹੈ। ਇਸ ਦੇ ਪੜ੍ਹੇ ਬਿਨ੍ਹਾਂ ਵੇਦਾਂਤ ਔਖੀ ਸਮਝ ਆਉਂਦੀ ਹੈ। ਨਿਸਚਲ ਦਾਸ ਜੀ ਜਾਤ ਦੇ ਜੱਟ ਸਨ। ਇਹ ਵੇਦਾਂਤ ਪੜ੍ਹਨ

ਲਈ ਕਾਸ਼ੀ ਗਏ। ਇਨ੍ਹਾਂ ਪੰਡਿਤ ਜੀ ਨੂੰ ਕਿਹਾ ਕਿ ਮੈਂ ਬ੍ਰਾਹਮਣ ਹਾਂ, ਮੈਨੂੰ ਵਿਦਿਆ ਬਖ਼ਸ਼ੋ। ਤਾਂ ਪੰਡਿਤ ਜੀ ਨੇ ਇਨ੍ਹਾਂ ਨੂੰ ਪੜ੍ਹਾ ਦਿੱਤਾ। ਉਸ ਦੀ ਲਗਨ ਵੇਖ ਕੇ ਪੰਡਿਤ ਨੇ ਉਨ੍ਹਾਂ ਨੂੰ ਕਿਹਾ ਕਿ ਮੈਂ ਆਪਣੀ ਲੜਕੀ ਦੀ ਸ਼ਾਦੀ ਤੁਹਾਡੇ ਨਾਲ ਕਰਨਾ ਚਾਹੁੰਦਾ ਹਾਂ। ਉਸ ਨੇ ਦੱਸ ਦਿੱਤਾ ਕਿ, 'ਪੰਡਿਤ ਜੀ ਮੈਂ ਤਾਂ ਜੱਟ ਹਾਂ! ਤਾਂ ਪੰਡਿਤ ਨੇ ਉਸ ਨੂੰ ਸ਼ਰਾਪ ਦਿੱਤਾ 'ਜਵਰ ਮਾਰਿਆ' (ਬੁਖਾਰ/ਤਾਪ ਨਾਲ ਮਰਨ ਵਾਲਾ)। ਉਸ ਤੋਂ ਬਾਅਦ ਜੀਵਨ ਦੇ ਅੰਤ ਤੱਕ ਪੰਡਿਤ ਨਿਸ਼ਚਲ ਦਾਸ ਨੂੰ ਰੋਜ਼ਾਨਾ ਇਕ ਘੰਟਾ 'ਜਵਰ' (ਬੁਖਾਰ/ਤਾਪ) ਚੜਦਾ ਰਿਹਾ।

ਦੂਜੀ : ਪੰਡਿਤ ਗੁਲਾਬ ਸਿੰਘ ਦੀ ਵਿਦਿਆ ਪ੍ਰਾਪਤੀ ਬਾਰੇ ਵੀ ਇਕ ਅਨੋਖੀ ਕਹਾਣੀ ਹੈ। ਇਹ ਪੰ. ਮਾਨ ਸਿੰਘ ਜੀ ਕੁਰੁਕਸ਼ੇਤਰ ਵਾਲਿਆਂ ਦੇ ਚੇਲੇ ਸਨ। ਉਹ ਗੁਰੂ ਗੋਬਿੰਦ ਸਿੰਘ ਜੀ ਤੋਂ ਮਸਾਂ ਕੋਈ 50 ਕੁ ਸਾਲ ਮਗਰੋਂ ਹੋਏ। ਉਹ ਵਿਦਿਆ ਪ੍ਰਾਪਤੀ ਲਈ ਕਾਸ਼ੀ ਗਏ ਇੱਛਾ ਸੀ ਕਿ ਅਜਿਹੇ ਵਿਦਵਾਨ ਤੋਂ ਵਿਦਿਆ ਲੈਣੀ ਹੈ ਜੋ ਕਈ ਸਾਲਾਂ ਦੀ ਵਿਦਿਆ ਛੇ ਮਹੀਨੇ ਵਿਚ ਪੜ੍ਹਾ ਦੇਣ। ਜਿਸ ਉੱਚ ਬੌਧਿਕ ਵਾਲੇ ਸੰਤ ਤੋਂ ਉਹ ਵਿਦਿਆ ਲੈਣੀ ਚਾਹੁੰਦੇ ਸਨ ਉਨ੍ਹਾਂ ਨੇ ਪੜ੍ਹਾਉਣਾ ਛੱਡ ਦਿੱਤਾ ਸੀ। ਇਸ ਲਈ ਪੰਡਿਤ ਜੀ ਨੇ ਵਿਦਿਆ ਦੇਣ ਤੋਂ ਇਨਕਾਰ ਕਰ ਦਿੱਤਾ। ਗੁਲਾਬ ਸਿੰਘ ਜੀ ਨੇ "ਪੰਡਿਤ ਜੀ ਦੇ ਘਰ ਗੁਪਤ ਸੇਵਾ ਸ਼ੁਰੂ ਕਰ ਦਿੱਤੀ, ਇਕ ਭਾਰ ਹਰ ਰੋਜ਼ ਪੰਡਿਤ ਜੀ ਦੇ ਘਰ ਲੱਕੜਾਂ ਲਿਆ ਕੇ ਸਿੱਟਦੇ ਅਤੇ ਸਾਮ ਨੂੰ ਗੋਹਾ ਥੱਪਦੇ। ਛੇ ਮਹੀਨੇ ਨਿਮਰਤਾ ਨਾਲ ਸੇਵਾ ਕੀਤੀ। ਹੌਲੀ-ਹੌਲੀ ਪੰਡਿਤ ਦੇ ਬੱਚੇ ਨਾਲ ਉਸਦਾ ਪਿਆਰ ਪੈ ਗਿਆ। ਪੰਡਿਤਾਇਣ ਖੁਸ਼ ਹੋ ਗਈ ਅਤੇ ਪੰਡਿਤ ਜੀ ਅੱਗੇ ਸਿਫ਼ਾਰਸ਼ ਕੀਤੀ।"[139] ਪੰਡਿਤਾਇਣ ਨੇ ਪੰਡਿਤ ਜੀ ਨੂੰ ਕਿਹਾ ਕਿ "ਇਸ ਨੂੰ ਵਿਦਿਆ ਦੇ ਦੇਵੋ ਹੁਣ ਤਾਂ ਆਪਣਾ ਬੱਚਾ ਵੀ ਇਸ ਤੋਂ ਬਿਨ੍ਹਾਂ ਨਹੀਂ ਰਹਿੰਦਾ, ਤਾਂ ਪੰਡਿਤ ਜੀ ਨੇ ਗੁਲਾਬ ਸਿੰਘ ਜੀ ਨੂੰ ਕਿਹਾ ਕਿ ਮੈ ਤੁਹਾਨੂੰ ਇਕ ਸ਼ਰਤ ਤੇ ਵਿਦਿਆ ਪੜਾਵਾਂਗਾ। ਮੈ ਹਰ ਗੱਲ ਤੁਹਾਨੂੰ ਸਿਰਫ਼ ਇਕ ਵਾਰ ਦੱਸਾਂਗਾ। ਫਿਰ ਪੰਡਿਤ, ਜੋ ਵੀ ਵਿਆਕਰਣ ਦਾ ਸੂਤਰ ਉਨ੍ਹਾਂ ਨੂੰ ਪੜ੍ਹਾਉਂਦਾ ਉਹ ਦਿਨ ਰਾਤ ਉਸ ਨੂੰ ਕੰਠ ਕਰਕੇ ਤਿਆਰੀ ਕਰ ਲੈਂਦੇ। ਆਪਣੇ ਕੇਸ ਵੀ ਛੱਤ ਨਾਲ ਬੰਨ੍ਹ ਲੈਂਦੇ ਸਨ ਤਾਂ ਜੋ ਨੀਂਦ ਨਾ ਆਵੇ।"[140] ਪੰਡਿਤ ਦੇ ਪੜ੍ਹਾਉਣ ਦਾ ਢੰਗ ਅਤੇ ਪੰਡਿਤ ਗੁਲਾਬ ਸਿੰਘ ਜੀ ਦੀ ਇਕਾਗਰਤਾ, ਅਭਿਆਸ, ਚਿੰਤਨ ਕਾਰਨ ਜਲਦੀ ਹੀ ਵਿਆਕਰਣ, ਉਪਨਿਸ਼ਦ, ਵੇਦਾਂਤ, ਇਤਿਹਾਸ, ਮਿਥਿਹਾਸ ਆਦਿ ਦੇ ਗ੍ਰੰਥ ਪੜ੍ਹ ਲਏ। ਵਿਦਿਆ ਪ੍ਰਾਪਤੀ ਉਪਰੰਤ ਵਿਦਿਆ ਗੁਰੂ ਦੀ ਆਗਿਆ ਲੈ ਕੇ ਕੁਰੁਕਸ਼ੇਤਰ ਆ ਗਏ।

---

139 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 633.

140 ਉਹੀ, *ਨਿੱਜੀ ਮੁਲਾਕਾਤ*, ਮਿਤੀ 09 ਜੁਲਾਈ 2015 ਵਿਚੋਂ.

ਉਕਤ ਦੋ ਉਦਾਹਰਨਾ ਤੋਂ ਸਾਨੂੰ ਪਤਾ ਲਗਦਾ ਹੈ ਕਿ ਸੰਤਾਂ ਵਿਚ ਕਾਸ਼ੀ ਤੋਂ ਵਿਦਿਆ ਪ੍ਰਾਪਤੀ ਦੀ ਕਿੰਨੀ ਲਗਨ ਸੀ। ਵਿਦਿਆ ਪ੍ਰਾਪਤੀ ਲਈ ਉਹ ਕਿਸੇ ਵੀ ਤਰ੍ਹਾਂ ਦੇ ਕਸ਼ਟ ਝੱਲਣ ਲਈ ਤਿਆਰ ਸਨ। ਇਸੇ ਲਗਨ ਕਾਰਨ ਉਹ ਕਈ ਪ੍ਰਕਾਰ ਦੀ ਵਿਦਿਆ ਵਿਚ ਮੁਹਾਰਤ ਹਾਸਲ ਕਰ ਲੈਂਦੇ ਸਨ।

ਕਾਸ਼ੀ ਤੋਂ ਵਿਦਿਆ ਪ੍ਰਾਪਤ ਕਰਨ ਉਪਰੰਤ ਇਹ ਸੰਤ ਆਪਣੇ ਗੁਰੂ ਸੰਤਾਂ ਦੀ ਆਗਿਆ ਅਨੁਸਾਰ ਗੁਰ-ਆਸ਼ੇ ਦੀ ਪੂਰਤੀ ਵਿਚ ਰੁਚਿਤ ਹੋ ਜਾਂਦੇ ਸਨ। ਇਹ ਸੰਤ ਵਿਦਿਆ ਪ੍ਰਾਪਤੀ ਤਪ ਸਾਧਨਾ ਦੀ ਤਰ੍ਹਾਂ ਇਕਾਗਰ ਚਿੱਤ ਹੋ ਕੇ ਉਦੋਂ ਤੱਕ ਕਰਦੇ ਜਦੋਂ ਤੱਕ ਉਹ ਵਿਦਿਆ ਦਾ ਬਹੁਪੱਖੀ ਗਿਆਨ ਹਾਸਲ ਨਾ ਕਰ ਲੈਂਦੇ ਜਾਂ ਉਨ੍ਹਾਂ ਦੇ ਵਿਦਿਆਦਾਤੇ (ਅਧਿਆਪਕ) ਉਨ੍ਹਾਂ ਨੂੰ 'ਵਿਦਿਆਪਤੀ' ਹੋਣ ਦਾ ਖਿਤਾਬ ਨਾ ਦੇ ਦਿੰਦੇ। ਵਿਦਿਆ ਹਾਸਲ ਕਰਨ ਉਪਰੰਤ ਇਹ ਸੰਤ ਸੰਪ੍ਰਦਾਇ ਦੇ ਟਿਕਾਣਿਆਂ ਵਿਚ ਜਾ ਕੇ ਵਿਦਿਆ-ਦਾਨੀ ਦੀ ਭੂਮਿਕਾ ਅਦਾ ਕਰਦੇ। ਵਿਦਿਆ-ਦਾਨ ਦੇਣ ਸਮੇਂ ਇਹ ਸੰਤ ਬਹੁਤ ਦਿਲਚਸਪੀ ਅਤੇ ਸੇਵਾ ਭਾਵਨਾ ਨਾਲ ਵਿਦਿਆ ਦਿੰਦੇ ਸਨ। ਇਨ੍ਹਾਂ ਟਿਕਾਣਿਆਂ 'ਤੇ ਜਿਗਿਆਸੂਆਂ ਦੀ ਰੁਚੀ ਵਾਲੀ ਵਿਦਿਆ ਦੇ ਨਾਲ-ਨਾਲ ਇਹ ਸੰਤ ਗੁਰਮਤਿ ਅਤੇ ਭਾਸ਼ਾਵਾਂ ਦੇ ਗਿਆਨ ਵੀ ਕਰਾਉਂਦੇ ਸਨ।

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਦੀ ਵਿਦਵਤਾ ਇਸ ਪੱਧਰ ਦੀ ਸੀ ਕਿ ਇਨ੍ਹਾਂ ਤੋਂ ਵਿਦਿਆ ਗ੍ਰਹਿਣ ਕਰਕੇ ਬਹੁਤ ਸਾਰੇ ਵਿਦਿਆ ਦੇ ਜਿਗਿਆਸੂਆਂ ਨੂੰ ਸਮਾਜ ਵਿਚ ਉੱਚ ਪਾਏ ਦਾ ਸਨਮਾਨ ਹਾਸਲ ਹੋਇਆ। "ਸਿੰਘ ਸਭਾ ਤੇ ਅਕਾਲੀ ਲਹਿਰਾਂ ਵੇਲੇ ਦੇ ਵਿਦਵਾਨਾਂ ਨੇ ਆਮ ਤੌਰ ਤੇ ਨਿਰਮਲੇ ਵਿਦਵਾਨਾਂ ਪਾਸੋਂ ਹੀ ਵਿਦਿਆ ਪ੍ਰਾਪਤ ਕੀਤੀ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਜਲਾਲ ਦੇ ਸੰਤ ਵੀਰ ਸਿੰਘ ਜੀ, ਪੰਡਿਤ ਕਰਤਾਰ ਸਿੰਘ ਜੀ ਦਾਖਾ ਨੇ ਪੰਡਿਤ ਬਸੰਤ ਸਿੰਘ ਜੀ ਠੀਕਰੀਵਾਲਾ (ਇਨ੍ਹਾਂ ਪੰਡਿਤ ਜੀ ਪਾਸੋਂ ਹੀ ਮਹਾਰਾਜਾ ਭੁਪਿੰਦਰ ਸਿੰਘ ਜੀ ਪਟਿਆਲਾ ਨੇ ਧਾਰਮਿਕ ਸਿੱਖਿਆ ਪ੍ਰਾਪਤ ਕੀਤੀ ਸੀ) ਪਾਸੋਂ ਅਤੇ ਗਿਆਨੀ ਸ਼ੇਰ ਸਿੰਘ ਨੇ ਦੌਧਰ ਡੇਰੇ ਵਿਚੋਂ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ ਸੀ।"[141] ਇਸੇ ਤਰ੍ਹਾਂ ਮਹੰਤ ਆਨੰਦ ਸਿੰਘ ਜੀ ਰਿਸ਼ੀਕੇਸ਼ ਜੋ ਉੱਚ ਕੋਟੀ ਦੇ ਵਿਦਵਾਨ ਸਨ, ਪੰਡਿਤ ਦੀਵਾਨ ਸਿੰਘ ਜੀ ਦੇ ਸ਼ਿਸ਼ ਸਨ। ਇਹ "ਮਹਾਰਾਜਾ ਪਟਿਆਲਾ ਅਤੇ ਰਾਜਕੁਮਾਰਾਂ ਦੇ ਕਈ ਵਰਸ਼ ਉਪ-ਅਧਿਆਪਕ ਰਹੇ। ਠੀਕਰੀ ਵਾਲੇ ਡੇਰੇ ਦੇ ਛੋਟੇ ਮਹੰਤ ਸਨ।"[142] ਇਨ੍ਹਾਂ ਮਹਾਨ ਵਿਦਵਾਨਾਂ ਦੀ ਵਿਦਿਆ ਪ੍ਰਾਪਤੀ ਤੋਂ ਸਹਿਜੇ ਅਨੁਭਵ ਹੋ ਜਾਂਦਾ ਹੈ ਕਿ ਇਹ (ਨਿਰਮਲੇ) ਕਿਸ ਪੱਧਰ ਦੇ ਵਿਦਵਾਨ ਸਨ।

---

141 ਗਿ. ਗੁਰਚਰਨ ਸਿੰਘ, ਕਰਮਜੀਤ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ ਸ਼ਾਖ ਬਰਨਾਲਾ*, ਪੰਨਾ 19.

142 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 896.

## ਨਿਰਮਲੇ ਸੰਤਾਂ ਦੀ ਵਿਦਿਅਕ ਪ੍ਰਵਿਰਤੀ

ਨਿਰਮਲ ਸੰਮ੍ਰਦਾਇ ਦੇ ਸੰਤਾਂ-ਮਹੰਤਾਂ ਨੇ ਇਸ ਸੰਪ੍ਰਦਾਇ ਦੇ ਸਾਧੂ ਵਜੋਂ ਵਿਚਰਦਿਆਂ ਵਿਦਿਅਕ ਖੇਤਰ ਵਿਚ ਅਹਿਮ ਕਾਰਜ ਕਰਕੇ ਨਿਰਮਲ ਸੰਪ੍ਰਦਾਇ ਦੇ ਗੁਣ-ਗੌਰਵ ਨੂੰ ਚਮਕਾਇਆ ਹੈ। ਇਨ੍ਹਾਂ ਵਿਚੋਂ ਕੁੱਝ ਨਾਮ ਹਨ:

## ਪੰਡਿਤ ਨਿਹਾਲ ਸਿੰਘ ਜੀ, ਥੋਹਾ ਖ਼ਾਲਸਾ

ਪੰਡਿਤ ਨਿਹਾਲ ਸਿੰਘ 'ਥੋਹਾ ਖ਼ਾਲਸਾ' ਬਹੁਤ ਗੁਣਾਂ ਦੇ ਧਾਰਨੀ ਵਿਦਵਾਨ ਸੰਤ ਸਨ। ਪੰਡਿਤ ਜੀ ਪੰਜਾਬੀ ਤੋਂ ਇਲਾਵਾ "ਸੰਸਕ੍ਰਿਤ ਦੇ ਪੰਡਿਤ ਤੇ ਉਰਦੂ, ਫ਼ਾਰਸੀ, ਅਰਬੀ ਜਾਣਨ ਵਾਲੇ ਗੁਰਬਾਣੀ ਦੇ ਗਿਆਨੀ ਸਨ। ਉਹ ਉੱਚ ਚੋਟੀ ਦੇ ਹਕੀਮ ਤੇ ਜੋਤਸ਼ੀ ਵੀ ਸਨ। ਯੋਗ ਅਭਿਆਸੀ, ਰਾਗ-ਤਾਲ, ਤਬਲੇ ਦਾ ਮਾਹਰ ਸਨ। ਉਹ ਬ੍ਰਜ ਭਾਸ਼ਾ (ਹਿੰਦੀ) ਦੇ ਪ੍ਰਸਿੱਧ ਕਵੀਸ਼ਰ ਤੇ ਲਿਖਾਰੀ ਵੀ ਸਨ।"[143] ਇਹ ਮਹਾਨ ਕੀਰਤਨੀਏ ਸਨ। ਮਹਾਰਾਜਾ ਨਰਿੰਦਰ ਸਿੰਘ ਪਟਿਆਲਾ ਇਨ੍ਹਾਂ ਨੂੰ ਉਚੇਚਾ ਸੱਦਾ ਦੇ ਕੇ ਕੀਰਤਨ ਸੁਣਦੇ ਸਨ। ਇਹ ਸ਼ਾਤ੍ਰਾਰਥ (ਭਾਸ਼ਣ ਕਲਾ) ਵਿਚ ਵੀ ਨਿਪੁੰਨ ਸਨ। ਇਹ ਸਭ ਨਿਰਮਲੇ ਵਿਦਵਾਨ ਦੇ ਗੁਣ ਹਨ। ਇਸ ਸੰਪ੍ਰਦਾਇ ਦੇ ਸੰਤ ਕਈ-ਕਈ ਪੀੜ੍ਹੀਆਂ ਤੱਕ ਬਹਗੁਣੀ ਹੋਏ ਹਨ।

ਇਹ ਬਹੁਗੁਣੀ ਵਿਦਵਾਨ ਉਹ ਆਪ ਹੀ ਨਹੀਂ ਬਲਕਿ ਉਨ੍ਹਾਂ ਦੇ ਚੇਲੇ ਵੀ ਵਿਦਵਾਨ ਹੀ ਹੁੰਦੇ ਸਨ, ਵਿਦਵਾਨ ਗੁਰੂ ਚੇਲਾ ਲੜੀ ਦੀ ਇਕ ਝਲਕ (ਗੁਰੂ-ਚੇਲਾ ਪੱਧਤੀ ਅਨੁਸਾਰ):

ਸੰਤ ਰਾਮ ਸਿੰਘ ਜੀ, ਅੰਮ੍ਰਿਤਸਰ
↓
ਚੇਲਾ ਸੰਤ: ਠਾਕੁਰ ਦਿਆਲ ਸਿੰਘ ਜੀ
↓
ਚੇਲਾ ਸੰਤ: ਪੰ. ਨਿਹਾਲ ਸਿੰਘ ਜੀ 'ਥੋਹਾ ਖ਼ਾਲਸਾ'
↓
ਚੇਲਾ ਸੰਤ: ਸੰਤ ਸਿੰਘ ਜੀ (ਦਰਬਾਰ ਸਾਹਿਬ, ਅੰਮ੍ਰਿਤਸਰ)
↓
ਚੇਲਾ ਸੰਤ: ਮਹਾਂਕਵੀ ਸੰਤੋਖ ਸਿੰਘ ਜੀ
↓
ਚੇਲਾ ਸੰਤ: ਪੰ. ਗੁਲਾਬ ਸਿੰਘ ਜੀ
↓
ਚੇਲਾ ਸੰਤ: ਪੰ. ਤਾਰਾ ਸਿੰਘ ਨਰੋਤਮ

---

[143] ਈਸ਼ਰ ਸਿੰਘ ਨਾਰਾ, ਕੁੱਝ ਅਣਗੌਲੇ ਨਿਰਮਲੇ ਸੰਤ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 436.

ਇਹ ਵਿਦਵਾਨ 'ਇਕ ਗੁਰੂ-ਚੇਲਾ' ਲੜੀ ਵਿਚਲੇ ਮੋਤੀ ਹਨ ਅਤੇ ਇਹ ਸਾਰੇ ਵਿਦਵਾਨ ਨਿਰਮਲ ਸੰਪ੍ਰਦਾਇ ਦੇ ਨਾਮੀ-ਗ੍ਰਾਮੀ ਵਿਦਵਾਨ ਹੋਏ ਹਨ। ਇਸ ਤੋਂ ਸਹਿਜੇ ਅਨੁਭਵ ਹੋ ਜਾਂਦਾ ਹੈ ਕਿ ਨਿਰਮਲ ਸੰਪ੍ਰਦਾਇ ਵਿਚ ਵਿਦਵਾਨਾਂ ਦੀ ਵਿਦਵਤਾ ਦਾ ਪੱਧਰ ਕਿਹੋ ਜਿਹਾ ਹੋਵੇਗਾ।

**ਸੰਤ ਅਤਰ ਸਿੰਘ ਜੀ, ਮਸਤੂਆਣਾ**

ਇਨ੍ਹਾਂ ਨੇ ਵਿਦਿਆ ਦੇ ਖੇਤਰ ਵਿਚ ਮਹੱਵਪੂਰਨ ਕਾਰਜ ਕੀਤੇ ਹਨ। "ਅਤਿਅੰਤ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਸੁਆਮੀ ਅਤੇ ਅਧਿਆਤਮਿਕ ਸਾਧਨਾਂ ਵਿਚ ਨਿਪੁੰਨ ਸੰਤ ਅਤਰ ਸਿੰਘ ਦਾ ਜਨਮ 13 ਮਾਰਚ 1866 ਈ: ਨੂੰ ਚੀਮਾ (ਜ਼ਿਲ੍ਹਾ ਸੰਗਰੂਰ) ਵਿਚ ਸ. ਕਰਮ ਸਿੰਘ ਦੇ ਘਰ ਮਾਈ ਭੋਲੀ ਦੀ ਕੁੱਖੋਂ ਹੋਇਆ। ਗੁਰਬਾਣੀ ਪੜ੍ਹਨ ਵਿਚ ਆਪ ਦੀ ਰੁਚੀ ਬਚਪਨ ਤੋਂ ਹੀ ਸੀ। ਆਪਣੇ ਪਿੰਡ ਦੇ ਭਾਈ ਰਾਮ ਸਿੰਘ ਨਿਰਮਲੇ ਦੇ ਡੇਰੇ ਵਿਚ ਭਾਈ ਬੂਟਾ ਸਿੰਘ ਤੋਂ ਆਪ ਨੇ ਗੁਰਮੁਖੀ ਪੜ੍ਹੀ ਅਤੇ ਸਿੱਖ ਧਾਰਮਿਕ ਸਾਹਿਤ ਦਾ ਗੰਭੀਰਤਾ-ਪੂਵਕ ਅਧਿਐਨ ਕੀਤਾ।"[144] ਬਾਅਦ ਵਿਚ ਇਨ੍ਹਾਂ ਨੇ ਵਿਦਿਆ ਦੇ ਪ੍ਰਚਾਰ-ਪ੍ਰਸਾਰ ਲਈ ਅਕਹਿ ਕਾਰਜ ਕੀਤੇ ਹਨ।

ਇਨ੍ਹਾਂ ਨੇ "ਗੁਰੂ ਸਾਗਰ ਮਸਤੂਆਣਾ ਸਾਹਿਬ ਦੇ ਇਲਾਕਾ ਨਿਵਾਸੀਆਂ ਨੂੰ ਵਿਦਿਆ ਨਾਲ ਜੋੜਨ ਵਾਸਤੇ 1906-07 ਈ. ਵਿਚ ਲੜਕੀਆਂ ਦੇ ਸਕੂਲ ਦੀ ਸਥਾਪਨਾ ਕੀਤੀ। ਜਿਸ ਵਿਚ ਗੁਰਮੁਖੀ/ਗੁਰਬਾਣੀ ਦਾ ਪੂਰਾ ਗਿਆਨ ਦਿੱਤਾ ਜਾਂਦਾ ਸੀ। ਆਪ ਜੀ ਜਿੱਥੇ ਵੀ ਸਕੂਲ/ਕਾਲਜ ਖੋਲ੍ਹਦੇ ਸਨ, ਮਰਯਾਦਾ ਅਨੁਸਾਰ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਖੰਡ ਪਾਠ ਰਖਵਾਉਂਦੇ ਸਨ। ਵਿਦਿਆ ਸਥਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸਥਾਨ (ਗੁਰਦੁਆਰਾ ਸਾਹਿਬ) ਕਾਇਮ ਕਰਦੇ ਸਨ। ਆਪ ਨੇ 'ਕਾਸ਼ੀ ਹਿੰਦੂ ਯੂਨੀਵਰਸਿਟੀ, ਵਾਰਾਣਸੀ' ਵਿਚ ਵੀ ਲਿਖਤੀ ਰੂਪ ਵਿਚ ਗੁਰਦੁਆਰੇ ਦੀ ਸਥਾਪਨਾ ਕਰਵਾਈ ਹੈ।"[145] ਇਨ੍ਹਾਂ ਦੇ ਚਰਨ ਕਮਲਾਂ ਨਾਲ ਸ਼ੁਰੂ ਹੋਏ ਹੋਰ ਵਿਦਿਅਕ ਸੋਮੇ: "1906 ਈ. ਵਿਚ ਅੰਬਾਲਾ ਵਿਖੇ ਸਕੂਲ ਦਾ ਨੀਂਹ ਪੱਥਰ ਰੱਖਿਆ। 1906 ਈ. ਵਿਚ ਮਸਤੂਆਣਾ ਸਾਹਿਬ ਵਿਖੇ ਲੜਕੀਆਂ ਦੇ ਸਕੂਲ ਦਾ ਨੀਂਹ ਪੱਥਰ ਰੱਖਿਆ। 1916 ਈ. ਵਿਚ ਇਥੇ ਹੀ ਲੜਕਿਆਂ ਦਾ ਹਾਈ ਸਕੂਲ ਸਥਾਪਿਤ ਕੀਤਾ। ਸੰਨ 1920 ਈ. ਵਿਚ ਅਕਾਲ ਕਾਲਜ ਮਸਤੂਆਣਾ ਚਾਲੂ ਕੀਤਾ ਗਿਆ।"[146] ਇਨ੍ਹਾਂ ਦੁਆਰਾ ਪਿੰਡ ਚੱਕਵਾਲ, ਸਿਧਸਰ ਸਹੋੜਾ, ਰਾਵਲਪਿੰਡੀ,

---

[144] ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਭਾਗ ਪਹਿਲਾ, ਪੰਨਾ 45.

[145] ਗਿ. ਬਲਵੰਤ ਸਿੰਘ ਕੋਠਾ ਗੁਰੂ, *ਸੰਪ੍ਰਦਾਇ ਮਸਤੂਆਣਾ*, ਪੰਨੇ 75-76.

[146] ਉਹੀ, ਪੰਨਾ 76.

ਲਾਇਲਪੁਰ ਆਦਿਕ ਸਥਾਨਾਂ 'ਤੇ ਵਿਦਿਅਕ ਅਦਾਰੇ ਚਾਲੂ ਕੀਤੇ ਗਏ। ਇਨ੍ਹਾਂ ਦੁਆਰਾ ਅਨੇਕਾਂ ਵਿਦਿਆਲਿਆਂ ਦੀ ਅਰੰਭਤਾ ਹੋਈ ਹੈ ਜਿਨ੍ਹਾਂ ਬਾਰੇ ਇਤਿਹਾਸ ਵਿਚ ਅੰਕਿਤ ਹੈ।

**ਗਿਆਨੀ ਬਖਸ਼ੀਸ਼ ਸਿੰਘ ਜੀ**

ਗਿਆਨੀ ਬਖਸ਼ੀਸ਼ ਸਿੰਘ ਨਿਰਮਲ ਸੰਪ੍ਰਦਾਇ ਦੀ ਨੌਰੰਗਾਬਾਦ ਸੰਪ੍ਰਦਾਇ (ਉਪ-ਸੰਪ੍ਰਦਾਇ) ਨਾਲ ਸੰਬੰਧਿਤ ਮਹਾਨ ਵਿਦਵਾਨ ਸਨ। "ਆਪ ਫ਼ਾਰਸੀ ਦੇ ਮਹਾਨ ਵਿਦਵਾਨ ਸਨ। ਫ਼ਾਰਸੀ ਦੇ ਪੂਰਣ ਗਿਆਨ ਬਿਨ੍ਹਾਂ ਫ਼ਾਰਸੀ ਦੇ ਲਫਜਾਂ (ਇਲਫਾਜ਼) ਦਾ ਸ਼ੁੱਧ ਉਚਾਰਨ ਨਹੀਂ ਹੋ ਸਕਦਾ। ਦਸਮ ਗ੍ਰੰਥ ਵਿਚ 'ਜ਼ਫਰਨਾਮਹਿ', ਹਿਕਾਇਤਾਂ ਆਦਿਕ ਫ਼ਾਰਸੀ ਵਿਚ ਬਹੁਤ ਸਾਰੀ ਬਾਣੀ ਆਉਂਦੀ ਹੈ। ਆਪ ਜੀ ਦੇ ਪੜ੍ਹਾਏ ਵਿਦਿਆਰਥੀ ਫ਼ਾਰਸੀ ਦਾ ਅਜਿਹਾ ਸ਼ੁੱਧ ਉਚਾਰਨ ਕਰਦੇ ਸਨ, ਜਿਸ ਨੂੰ ਸੁਣਕੇ ਫ਼ਾਰਸੀ ਦੇ ਵਿਦਵਾਨ ਵੀ ਅਸਚਰਜ ਹੋ ਜਾਂਦੇ ਸਨ। ਉਦਾਸੀ, ਨਿਰਮਲੇ, ਸੇਵਾ ਪੰਥੀ, ਨਿਹੰਗ ਸਿੰਘ ਅਤੇ ਅਨੇਕ ਵਿਦਿਆਰਥੀਆਂ ਨੇ ਵਿਦਿਆ ਪ੍ਰਾਪਤ ਕੀਤੀ।"[147] ਇਨ੍ਹਾਂ ਦੀ ਵਿਦਵਤਾ ਦੇ ਚਰਚੇ ਵਿਦਵਾਨਾਂ ਵਿਚੋਂ ਸੁਣਨ ਨੂੰ ਮਿਲਦੇ ਹਨ।

ਉਕਤ ਕੁੱਝ ਨਿਰਮਲੇ ਵਿਦਵਾਨਾਂ ਦੀ ਵਿਦਵਤਾ ਅਤੇ ਉਨ੍ਹਾਂ ਦੇ ਕਾਰਜ ਦਰਸਾਉਂਦੇ ਹਨ ਕਿ ਇਹ ਵਿਦਵਾਨ ਵਿਦਿਅਕ ਖੇਤਰ ਲਈ ਕਿੰਨੇ ਸਮਰਪਿਤ ਸਨ। ਨਿਰਮਲੇ ਸੰਤਾਂ ਦੀ ਵਿਦਵਤਾ ਨੇ ਇਨ੍ਹਾਂ ਵਿਦਵਾਨ ਸੰਤਾਂ ਨੂੰ ਰਾਜ-ਦਰਬਾਰਾਂ ਵਿਚ ਵੀ ਸਨਮਾਨ ਦਿਵਾਇਆ। ਬਹੁਤ ਸਾਰੇ ਰਾਜੇ-ਮਹਾਰਾਜੇ ਹਮੇਸ਼ਾ ਇਨ੍ਹਾਂ ਦੇ ਸੰਪਰਕ ਵਿਚ ਰਹੇ ਹਨ।

**ਗੌਰਵਸ਼ਾਲੀ ਨਿਰਮਲੇ**

ਨਿਰਮਲ ਸੰਪ੍ਰਦਾਇ ਲਈ ਇਹ ਗੌਰਵ ਵਾਲੀ ਗੱਲ ਹੈ ਕਿ ਨਿਰਮਲੇ ਵਿਦਵਾਨ/ਸੰਤ ਕਈ ਰਾਜਾਂ ਵਿਚ ਮਹਾਰਾਜਿਆਂ ਦੇ ਸਲਾਹੀਏ ਜਾਂ ਰਾਜਗੁਰੂ ਦੀਆਂ ਪਦਵੀਆਂ 'ਤੇ ਵੀ ਬਿਰਾਮਾਨ ਰਹੇ ਹਨ। ਗਿਆਨੀ ਗਿਆਨ ਸਿੰਘ, ਭਾਈ ਸੰਤੋਖ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ ਅਤੇ ਹੋਰ ਕਈ ਵਿਦਵਾਨ ਅਜਿਹੀ ਫੁਲਵਾੜੀ ਦਾ ਹਿੱਸਾ ਰਹੇ ਹਨ। ਪੰਡਿਤ ਤਾਰਾ ਸਿੰਘ ਨਰੋਤਮ, ਜੋ ਪਟਿਆਲਾ ਰਿਆਸਤ ਦੇ ਰਾਜਗੁਰੂ ਸਨ, "ਸੰਨ 1881 ਈ. ਵਿਚ ਪਟਿਆਲੇ ਵਿਖੇ ਪ੍ਰਲੋਕ ਸਿਧਾਰ ਗਏ। ਇਨ੍ਹਾਂ ਦਾ ਸੰਸਕਾਰ ਸਰਕਾਰੀ ਸਨਮਾਨ ਨਾਲ ਕੀਤਾ ਗਿਆ।

[147] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 339.

ਸੋਗ ਵਜੋਂ ਸਾਰੇ ਸ਼ਹਿਰ ਦੀਆਂ ਦੁਕਾਨਾਂ, ਪਬਲਿਕ ਸੰਸਥਾਵਾਂ ਅਤੇ ਦਫ਼ਤਰ ਬੰਦ ਰਹੇ।"[148] ਸਰਕਾਰ ਅਤੇ ਲੋਕਾਂ ਨੇ ਇਨ੍ਹਾਂ ਦੇ ਚਲਾਣੇ 'ਤੇ ਬਹੁਤ ਦੁੱਖ ਮਨਾਇਆ। "ਪੰਡਿਤ ਤਾਰਾ ਸਿੰਘ ਜੀ ਨਰੋਤਮ ਦੇ ਬ੍ਰਹਮਲੀਨ ਹੋਣ ਸਮੇਂ ਰਿਆਸਤ ਪਟਿਆਲਾ ਵਿਚ 7 ਦਿਨ ਰਾਜ਼ਕੀਯ ਤੌਰ ਉੱਤੇ ਸ਼ੋਕ ਮਨਾਇਆ ਗਿਆ ਸੀ ਅਤੇ ਰਾਜਕੀਯ ਧਵਜ ਨੀਵੇਂ ਰਹੇ ਸਨ।"[149] ਇਸ ਤਰ੍ਹਾਂ ਦਾ ਸ਼ੋਕ ਦਰਸਾਉਂਦਾ ਹੈ ਕਿ ਨਿਰਮਲੇ ਵਿਦਵਾਨਾਂ ਪ੍ਰਤੀ ਰਾਜਿਆਂ ਦੇ ਦਿਲਾਂ ਵਿਚ ਕਿੰਨਾ ਸਤਿਕਾਰ ਸੀ। ਉਹ ਅਜਿਹੇ ਵਿਦਵਾਨਾਂ ਦੇ ਦੁਨੀਆਂ ਤੋਂ ਵਿਦਾ ਹੋਣ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਸਮਝਦੇ ਸਨ। ਪੰਡਿਤ ਸਾਧੂ ਸਿੰਘ ਜੀ ਪਟਿਆਲਾ ਵਾਲਿਆਂ ਦੇ ਅਕਾਲ ਚਲਾਣੇ ਸਮੇਂ ਵੀ ਮਹਾਰਾਜਾ ਪਟਿਆਲਾ ਵੱਲੋਂ ਸ਼ੋਕ ਮਨਾਇਆ ਗਿਆ। ਇਸ ਤੋਂ ਇਲਾਵਾ 'ਸ੍ਰੀ ਮਹੰਤ ਸਾਹਿਬਾਨ' ਦੇ ਬ੍ਰਹਮਲੀਨ ਹੋਣ ਉਪਰੰਤ ਨਵੇਂ ਸ੍ਰੀ ਮਹੰਤ ਦੀ ਚੋਣ, ਗੁਰਗੱਦੀ ਸਮਾਗਮ ਸਮੇਂ ਇਸ ਰਾਜ ਘਰਾਣੇ ਵੱਲੋਂ ਪੱਗ, ਦੁਸ਼ਾਲਾ ਅਤੇ ਪੂਜਾ ਲਈ ਰਾਸ਼ੀ ਭੇਜਣ ਦੀ ਪ੍ਰੰਪਰਾ ਮੌਜੂਦਾ ਸ੍ਰੀ ਮਹੰਤ ਸਾਹਿਬ ਤੱਕ ਵੀ ਜਾਰੀ ਹੈ।

**ਨਿਰਮਲੇ ਵਿਦਵਾਨ, ਸਥਾਨ ਅਤੇ ਤਖ਼ੱਲਸ**

ਖੋਜ-ਕਾਰਜ ਕਰਦਿਆਂ ਵਿਦਿਆ ਦੇ ਖੇਤਰ ਵਿਚ ਇਕ ਨਵੀਂ ਗੱਲ ਸਾਹਮਣੇ ਆਈ ਕਿ ਕੁੱਝ ਨਿਰਮਲੇ ਵਿਦਵਾਨਾਂ ਨੂੰ ਕਿਸੇ ਵਿਸ਼ੇਸ਼ 'ਉਪਾਧੀ' ਨਾਲ ਸਨਮਾਨਿਆ ਹੋਇਆ ਹੈ। ਇਹ ਉਪਾਧੀ ਉਨ੍ਹਾਂ ਵੱਲੋਂ ਵਿਦਿਆ ਦੇ ਕਿਸੇ ਇਕ ਵਿਸ਼ੇ/ਖੇਤਰ ਵਿਚ ਨਿਪੁੰਨਤਾ ਹਾਸਲ ਕਰਨ ਬਦਲੇ ਮਿਲੀ ਹੈ। ਇਨ੍ਹਾਂ ਵਿਚੋਂ ਕੁੱਝ ਵਿਦਵਾਨਾਂ ਬਾਰੇ ਚਰਚਾ ਕਰਦੇ ਹਾਂ ਜਿਨ੍ਹਾਂ ਦੇ ਨਾਮ ਨਾਲ ਕੋਈ ਨਾ ਕੋਈ ਲਕਬ (ਉਪਾਧੀ, ਪਦਵੀ ਜਾਂ ਖ਼ਿਤਾਬ) ਲੱਗੀ ਹੋਈ ਹੈ, ਜਿਵੇ:

1. **'ਵਿਦਿਆ ਮਾਰਤੰਡ' ਪੰਡਿਤ ਊਧਵ ਸਿੰਘ ਜੀ ਨਯਾਯਕ (ਸ੍ਰੀ ਮਹੰਤ):** ਇਨ੍ਹਾਂ ਦੀ ਵਿਦਵਤਾ ਕਰਕੇ ਇਨ੍ਹਾਂ ਨੂੰ ਨਿਰਮਲ ਸੰਪ੍ਰਦਾਇ ਵਿਚ 'ਵਿਦਿਆ ਮਾਰਤੰਡ' ਤਥਾ 'ਵਿਦਿਆ ਸਾਗਰ' ਕਹਿ ਕੇ ਸਨਮਾਨਿਆ ਗਿਆ ਹੈ। ਇਨ੍ਹਾਂ ਦੇ ਅਨੁਭਵੀ ਗਿਆਨ ਦੀ ਕਾਸ਼ੀ ਵਿਚ ਇਨ੍ਹੀਂ ਪ੍ਰਸਿੱਧੀ ਸੀ ਕਿ "ਕਾਸ਼ੀ ਦੇ ਵੱਡੇ-ਵੱਡੇ ਬ੍ਰਾਹਮਣ, ਸੰਨਿਆਸੀ, ਅਤੇ ਉਦਾਸੀ ਆਪ ਜੀ ਕੋਲੋਂ ਵਿਦਿਆ ਅਧਿਐਨ ਕਰਨ ਵਿਚ ਮਾਣ ਸਮਝਦੇ ਸਨ। ਵਿਆਕਰਣ ਦੇ ਟੀਕੇ, ਖਟ ਸ਼ਾਸਤ੍ਰਾਂ ਦਾ ਪਠਨ-ਪਾਠਨ, ਵੇਦਾਂਤ ਦੇ ਮਹਾਨ ਗ੍ਰੰਥ 'ਚਿੱਤ ਸੁਖੀ',

---

148 ਡਾ. ਸੁਰਿੰਦਰ ਸਿੰਘ ਸ਼ੇਰਗਿਲ, *ਪੰਡਤ ਤਾਰਾ ਸਿੰਘ ਨਰੋਤਮ ਜੀਵਨ ਤੇ ਰਚਨਾ*, ਪੰਨਾ 7.

149 ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ: ਸਾਹਿੱਤਕ ਤੇ ਵਿਦਵਤਾ ਦਾ ਪੁੰਜ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 233.

'ਮੀਮਾਂਸਾ' ਆਦਿ ਸ਼ਾਸਤ੍ਰਾਂ ਵਿਚ ਪੂਰਣ ਨਿਪੁੰਣਤਾ ਪ੍ਰਾਪਤ ਕੀਤੀ ਸੀ। ਨਯਾਯ ਦੇ 'ਪੰਚਵਾਦ' ਦਾ ਤਾਂ ਆਪ ਨੇ ਇਨ੍ਹਾਂ ਅਧਿਐਨ ਕੀਤਾ ਹੋਇਆ ਸੀ ਕਿ ਕਾਸ਼ੀ ਦੇ ਵਿਦਵਾਨ ਪੰਡਿਤ ਇਕ ਮੱਤ ਆਪ ਜੀ ਨੂੰ 'ਗੌਤਮ' ਦਾ 'ਅਵਤਾਰ' ਮੰਨਦੇ ਸਨ।"[150] ਇਨ੍ਹਾਂ ਦੀ ਵਿਦਵਤਾ ਕਾਰਨ ਇਨ੍ਹਾਂ ਦੇ ਨਾਮ ਨਾਲ 'ਨਯਾਯਕ' ਲਕਬ ਲੱਗਿਆ।

2. **ਪੰਡਿਤ ਈਸ਼ਰ ਸਿੰਘ 'ਕਲਯੁਗ'**: ਇਨ੍ਹਾਂ ਨੂੰ ਸ਼ਾਸਤ੍ਰਾਰਥਾਂ (ਭਾਸ਼ਨ ਕਲਾ) ਵਿਚ ਨਿਪੁੰਨ ਹੋਣ ਕਾਰਨ ਇਹ ਲਕਬ ਮਿਲਿਆ ਹੋਇਆ ਸੀ। ਇਨ੍ਹਾਂ ਨੇ 30 ਸਾਲ ਕਾਸ਼ੀ ਰਹਿ ਕੇ ਸੰਸਕ੍ਰਿਤ ਦੇ ਗ੍ਰੰਥਾਂ ਅਤੇ ਪੁਰਾਤਨ ਭਾਰਤੀ ਸਾਹਿਤ ਵਿਦਿਆ ਪ੍ਰਾਪਤ ਕੀਤੀ। ਇਹ ਗੂੜ੍ਹ ਗਿਆਨ ਦੇ ਧਾਰਨੀ ਸਨ ਇਸ ਲਈ ਜਦੋਂ ਵੀ ਕਿਸੇ ਵਿਸ਼ੇ 'ਤੇ ਵਾਰਤਾਲਾਪ ਹੁੰਦਾ ਤਾਂ ਇਹ ਹਾਜ਼ਰ-ਜਵਾਬੀ ਨਾਲ ਉੱਤਰ ਦਿੰਦੇ। ਇਨ੍ਹਾਂ ਦੁਆਰਾ ਦਿੱਤੇ ਪ੍ਰਮਾਣ/ਦ੍ਰਿਸ਼ਟਾਂਤ ਅਕੱਟ ਹੁੰਦੇ ਸਨ। ਇਨ੍ਹਾਂ ਦੀ ਨਿਰਭੈਤਾ ਅਤੇ ਦ੍ਰਿੜਤਾ ਕਾਰਨ ਵਿਰਰੋਧੀਆਂ ਨੇ ਇਨ੍ਹਾਂ ਨੂੰ ਇਹ ਲਕਬ ਦਿੱਤੇ ਹੋਏ ਸਨ।

3. **ਪੰਡਿਤ ਈਸ਼ਰ ਸਿੰਘ ਜੀ 'ਵਿਆਕਰਣੀ'**: ਇਹ ਨਿਰਮਲ ਸੰਪ੍ਰਦਾਇ ਵਿਚ ਵਿਆਕਰਣ ਦੇ ਮਾਹਰ ਵਿਦਵਾਨ ਸਨ। "ਆਪ ਦਾ ਜਨਮ ਸਿਆਲਕੋਟ ਦਾ ਹੈ ਅਤੇ ਆਪ 18 ਸਾਲ ਦੀ ਉਮਰ ਵਿਚ ਪ੍ਰਯਾਗ-ਰਾਜ ਦੀ ਯਾਤਰਾ ਕਰਨ ਗਏ, ਯੋਗੀਰਾਜ ਸੰਤ ਨਿਹਾਲ ਸਿੰਘ ਜੀ ਦੇ ਦਰਸ਼ਨ ਕਰਕੇ ਸਿੱਖ ਬਣ ਗਏ। ਇਕ ਦਿਨ ਮਧੂਕੜੀ ਮੰਗਣ ਗਏ ਤਾਂ ਇਕ ਮਾਈ ਨੇ ਕਿਹਾ 'ਕਿੰਨਾ ਨਰੋਆ ਨੌਜਵਾਨ ਹੈ ਪਰ ਮੰਗਦਾ ਫਿਰਦਾ ਹੈ।' ਇਸ ਗੱਲ ਦਾ ਮਨ 'ਤੇ ਅਸਰ ਹੋਇਆ ਅਤੇ ਆਪ ਮਹਾਂਪੁਰਖਾਂ ਦੀ ਆਗਿਆ ਨਾਲ ਵਿਦਿਆ ਪ੍ਰਾਪਤੀ ਲਈ ਕਾਸ਼ੀ ਚਲੇ ਗਏ। 14 ਸਾਲ ਪੜ੍ਹਕੇ ਸੰਸਕ੍ਰਿਤ ਦੇ ਪ੍ਰਸਿੱਧ ਵਿਦਵਾਨ ਬਣੇ। ਵਿਆਕਰਣ ਦਾ ਇਨ੍ਹਾਂ ਅਭਿਆਸ ਕੀਤਾ ਕਿ ਭੇਖ ਵਿਚ 'ਵਿਆਕਰਣੀ' ਲਕਬ ਨਾਲ ਪ੍ਰਸਿੱਧ ਹੋਏ।"[151] ਇਹ ਪ੍ਰਚਾਰ ਮੰਡਲੀ ਵੀ ਫੇਰਦੇ ਰਹੇ ਹਨ ਅਤੇ ਮੰਡਲੀ ਵਿਚ ਬਹੁਤ ਸਾਰੇ ਵਿਦਿਆਰਥੀ ਸੰਤ ਇਨ੍ਹਾਂ ਤੋਂ ਵਿਆਕਰਣ ਦੀ ਵਿਦਿਆ ਲੈਂਦੇ ਰਹੇ ਹਨ।

4. **ਪੰਡਿਤ ਭਾਗ ਸਿੰਘ ਜੀ 'ਨਯਾਯ ਗੌਤਮ'**: ਇਹ ਨਿਰਮਲ ਸੰਪ੍ਰਦਾਇ ਦੇ ਧੁਰੰਧਰ ਵਿਦਵਾਨ ਸਨ। ਇਨ੍ਹਾਂ ਦਾ ਜਨਮ ਪਿੰਡ ਨੱਥੂਵਾਲਾ (ਮੋਗਾ) ਦਾ ਹੈ। ਪਹਿਲਾਂ ਇਹ ਅੰਮ੍ਰਿਤਸਰ ਵਿਖੇ ਪੰਡਿਤ ਸਰੂਪ ਦਾਸ ਜੀ

---

[150] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 231.

[151] ਉਹੀ, *ਨਿਰਮਲ ਪੰਥ ਬੋਧ*, ਪੰਨੇ 1037-38.

ਸਿੰਧੀ ਕੋਲੋਂ ਵਿਦਿਆ ਗ੍ਰਹਿਣ ਕਰਦੇ ਰਹੇ। ਉਪਰੰਤ ਇਹ ਉੱਚ ਵਿਦਿਆ ਪ੍ਰਾਪਤੀ ਲਈ ਕਾਸ਼ੀ ਚਲੇ ਗਏ। "ਇਥੇ ਨਯਾਯ ਦੇ ਕਠਨ ਤੋਂ ਕਠਨ ਗ੍ਰੰਥਾਂ ਦਾ ਅਧਿਐਨ ਕੀਤਾ, ਕਈ ਵਰਸ਼ ਕਾਸ਼ੀ ਵਿਖੇ ਪਠਨ-ਪਾਠਨ ਕਰਕੇ ਉਤਕ੍ਰਿਸ਼ਟ ਕੌਸ਼ਿਲਤਾ ਪ੍ਰਾਪਤ ਕਰਨ ਵਾਸਤੇ ਨਯਾਯ ਦੀ ਵਿਸ਼੍ਵ ਪ੍ਰਸਿੱਧ ਵਿਦਿਆ ਪੀਠ 'ਨਦੀਆ ਸ਼ਾਂਤੀ ਦੀਪ ਆਸ਼ਰਮ, ਬੰਗਾਲ' ਜਾ ਪੜ੍ਹਨ ਲੱਗੇ। 'ਨਯਾਯ' ਦੇ ਪ੍ਰਕਾਂਡ ਪੰਡਿਤ ਬਣ ਗਏ ਤੇ ਕਾਸ਼ੀ ਵਾਪਸ ਆ ਗਏ। ਕਾਸ਼ੀ ਨਿਵਾਸੀ ਪੰਡਿਤਾਂ ਨੇ ਨਯਾਯ ਦਾ ਅਦ੍ਵਤੀਯ ਗਿਆਨ ਵੇਖਕੇ 'ਨਯਾਯ ਗੌਤਮ' ਦੀ ਉਪਾਧੀ ਨਾਲ ਵਿਭੂਸ਼ਤ ਕੀਤਾ।"[152] ਇਥੇ ਵੱਡੇ-ਵੱਡੇ ਵਿਦਵਾਨ ਅਤੇ ਵਿਦਿਆਰਥੀ ਇਨ੍ਹਾਂ ਕੋਲੋਂ ਨਯਾਯ ਵਿਦਿਆ ਪ੍ਰਾਪਤ ਕਰਨ ਲੱਗੇ।

5. **ਪੰਡਿਤ ਅਰਜਨ ਸਿੰਘ 'ਮੁਨੀ' 'ਵਿਆਕਰਣਾਚਾਰੀਆ'**: ਇਨ੍ਹਾਂ ਨੂੰ ਇਹ ਲਕਬ ਵਿਆਕਰਣ ਦੇ ਖੇਤਰ ਵਿਚ ਮੁਹਾਰਤ ਕਾਰਨ ਮਿਲਿਆ।

ਉਕਤ ਤੋਂ ਇਲਾਵਾ ਇਤਿਹਾਸ ਵਿਚ ਹੋਰ ਵੀ ਨਿਰਮਲੇ ਵਿਦਵਾਨਾਂ ਦੇ ਨਾਮ ਨਾਲ ਉਨ੍ਹਾਂ ਦੀ ਵਿਦਿਅਕ ਵਿਸ਼ੇਸ਼ਤਾ ਕਾਰਨ ਜੁੜੇ ਲਕਬ ਪੜ੍ਹਨ ਨੂੰ ਮਿਲਦੇ ਹਨ, ਜਿਵੇਂ; ਪੰਡਿਤ ਬਲਵੀਰ ਸਿੰਘ ਵੇਦਾਂਤਾਚਾਰਯ, ਪੰਡਿਤ ਸੰਤ ਸਿੰਘ ਵੇਦਾਂਤਾਚਾਰਯ (ਸ਼ਾਸਤ੍ਰਾਰਥ ਵਿਚ ਪ੍ਰਬੀਨ), ਪੰਡਿਤ ਭਾਨ ਸਿੰਘ ਜੀ ਨਯਾਯ ਸ਼ਾਸਤ੍ਰੀ (ਸੰਪ੍ਰਦਾਇ ਬਾਬਾ ਕ੍ਰਮਾ ਜੀ) ਆਦਿ।

ਵਰਣਨਯੋਗ ਹੈ ਕਿ ਜਿਥੇ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੂੰ ਉਨ੍ਹਾਂ ਦੀ ਵਿਸ਼ੇਸ਼ਤਾ ਕਾਰਨ ਲਕਬ ਮਿਲੇ ਉਥੇ ਵਿਦਵਾਨ ਸੰਤਾਂ ਦੁਆਰਾ ਵਿਦਿਆ ਦੇ ਕਿਸੇ ਇਕ ਵਿਸ਼ੇ ਲਈ ਵਿਸ਼ੇਸ਼ ਵਿਦਿਆਲੇ ਚਲਾਉਣ ਦੇ ਪ੍ਰਮਾਣ ਵੀ ਮਿਲਦੇ ਹਨ, ਜਿਵੇ:

6. **"ਗਿਆਨੀਆਂ ਦਾ ਬੁੰਗਾ।**
7. **ਰਾਗੀਆਂ ਦਾ ਬੁੰਗਾ।**
8. **ਵਿਆਕਰਣੀ ਬੁੰਗਾ**, ਜਿਸ ਵਿਚੋਂ ਭਾਈ ਵੀਰ ਸਿੰਘ ਨੇ ਛੰਦਾ-ਬੰਦੀ ਸਿੱਖੀ ਸੀ। ਬੁੰਗਿਆਂ ਦੀ ਵਿਸ਼ੇਸਤਾ ਦਰਸਾਉਂਦੀ ਹੈ ਕਿ ਨਿਰਮਲੇ ਕਿਸ ਪੱਧਰ ਦੇ ਗਿਆਤਾ ਸਨ।"[153] ਇਹ ਬੁੰਗੇ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਦੁਆਲੇ ਸਨ।

---

[152] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 1060.

[153] ਰੋਸ਼ਨ ਲਾਲ ਆਹੂਜਾ, ਸਿੱਖਿਆ ਵਿਚ ਪੁਨਰ ਜਾਗ੍ਰਤੀ ਦੇ ਆਗੂ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 244.

ਇਨ੍ਹਾਂ ਬੁੰਗਿਆਂ ਦੀ ਵਿਸ਼ੇਸ਼ਤਾ ਤੋਂ ਪਤਾ ਲਗਦਾ ਹੈ ਕਿ ਨਿਰਮਲੇ ਸੰਤ ਵਿਦਿਆਰਥੀ ਦੀ ਰੁਚੀ ਅਨੁਸਾਰ ਉਸ ਨੂੰ ਕਿਸੇ ਇਕ ਖੇਤਰ ਵਿਚ ਮੁਹਾਰਤ ਹਾਸਲ ਕਰਾਉਣ ਦਾ ਗਿਆਨ ਵੀ ਰੱਖਦੇ ਸਨ। ਕਿਸੇ ਵਿਸ਼ੇ ਵਿਚ ਮੁਹਾਰਤ ਹਾਸਲ ਕਰਾਉਣ ਲਈ ਨਵੀਂ ਵਿਦਿਅਕ ਪ੍ਰਣਾਲੀ ਵਿਚ ਮੌਜੂਦਾ ਸਮੇਂ ਕਾਲਜਾਂ/ਯੂਨੀਵਰਸਿਟੀਆਂ ਦੇ ਵੱਖਰੇ-ਵੱਖਰੇ ਵਿਭਾਗ ਹਨ। ਇਹ ਸਾਰਾ ਕਾਰਜ ਪਹਿਲਾਂ ਨਿਰਮਲੇ ਵਿਦਵਾਨ ਕਰ ਲੈਂਦੇ ਸਨ।

9. **ਨਿਰਮਲ ਵੇਦਾਂਤ ਨਿਕੇਤਨ, ਅੰਮ੍ਰਿਤਸਰ** ਇਹ ਆਸ਼ਰਮ ਸਵਾਮੀ ਨਿਰਮਲ ਹਰੀ ਜੀ ਨੇ ਬਣਵਾਇਆ ਸੀ। ਇਹ ਵੇਦਾਂਤ ਦੇ ਪ੍ਰਬੁੱਧ ਗਿਆਤਾ ਸਨ। ਇਨ੍ਹਾਂ ਦਾ ਜਨਮ ਅੰਮ੍ਰਿਤਸਰ ਵਿਚ ਹੋਇਆ। ਇਹ "18 ਸਾਲ ਦੀ ਉਮਰ ਵਿਚ ਸਵਾਮੀ ਰਾਮ ਸਿੰਘ ਜੀ ਦੇ ਸ਼ਿਸ਼ ਬਣੇ। ਵੇਦਾਂਤ ਦੇ ਗ੍ਰੰਥਾਂ ਦਾ ਅਧਿਐਨ ਕੀਤਾ। ਜੀਵਨ ਭਰ ਬ੍ਰਹਮ ਵਿਦਿਆ ਦਾ ਉਪਦੇਸ਼ ਦਿੰਦੇ ਰਹੇ। ਅੰਮ੍ਰਿਤਸਰ ਵਿਚ ਮਾਲ ਰੋਡ ਉੱਤੇ 'ਵੇਦਾਂਤ ਨਿਕੇਤਨ' ਨਾਮ ਦਾ ਆਸ਼ਰਮ ਬਣਾਇਆ। ਆਪ ਜੀ ਦੀ ਵਿਆਖਿਆ ਸ਼ੈਲੀ ਪ੍ਰਭਾਵਸ਼ਾਲੀ ਸੀ ਜਿਸ ਦਾ ਸਰੋਤਿਆਂ ਉੱਤੇ ਅਕਹਿ ਅਸਰ ਪੈਂਦਾ ਸੀ। ਦੇਸ਼ ਵਿਚ ਆਪ ਜੀ ਨੇ ਵੇਦਾਂਤ ਦੇ ਅਨੇਕਾਂ ਸੰਮੇਲਨ ਕੀਤੇ। ਦੀਪਮਾਲਾ ਦੇ ਸਮੇਂ ਅੰਮ੍ਰਿਤਸਰ ਵਿਚ ਬੜਾ ਭਵਯ ਵੇਦਾਂਤ ਸੰਮੇਲਨ ਕਰਦੇ ਸਨ, ਜਿਸ ਵਿਚ ਕੇਵਲ ਬ੍ਰਹਮ ਵਿਦਿਆ ਦਾ ਹੀ ਚਿੰਤਨ ਹੁੰਦਾ ਸੀ।"[154] ਸਵਾਮੀ ਨਿਰਮਲ ਹਰੀ ਜੀ ਨੇ ਵੇਦਾਂਤ ਉੱਤੇ ਹਿੰਦੀ, ਉਰਦੂ, ਅੰਗਰੇਜ਼ੀ ਵਿਚ ਕਈ ਗ੍ਰੰਥ ਲਿਖੇ ਹਨ, ਜਿਨ੍ਹਾਂ ਵਿਚੋਂ ਜਪੁਜੀ ਦਾ ਹਿੰਦੀ ਟੀਕਾ ਪ੍ਰਸਿੱਧ ਹੈ। ਮੌਜੂਦਾ ਸ੍ਰੀ ਮਹੰਤ ਪੰਡਿਤ ਗਿਆਨ ਦੇਵ ਜੀ ਇਨ੍ਹਾਂ ਦੇ ਸ਼ਿਸ਼ ਹਨ।

ਉਕਤ ਕੁੱਝ ਵਿਸ਼ੇਸ਼ਤਾਵਾਂ ਦਰਸਾਉਂਦੀਆਂ ਹਨ ਕਿ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਵਿਦਿਆ ਦੇ ਵੱਖ-ਵੱਖ ਵਿਸ਼ਿਆਂ ਵਿਚ ਵੀ ਮੁਹਾਰਤ ਹਾਸਲ ਕੀਤੀ ਹੋਈ ਸੀ। ਨਿਰਮਲੇ ਵਿਦਵਾਨਾਂ ਵਿਚ ਗਿਆਨ ਦਾ ਵਿਸ਼ੇਸ਼ੀਕਰਣ, ਵਿਦਿਆ ਦੀ ਇਕ ਅਹਿਮ ਪ੍ਰਾਪਤੀ ਹੈ।

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਭਾਰਤ ਦੇ ਕੋਨੇ-ਕੋਨੇ ਵਿਚ ਬਿਨਾਂ ਕਿਸੇ ਲੋਭ, ਲਾਲਚ ਦੇ ਵਿਦਿਆ ਅਤੇ ਗੁਰੂ ਸਿਧਾਂਤ ਨੂੰ ਪ੍ਰਚਾਰਿਆ। ਇਨ੍ਹਾਂ ਵਿਦਵਾਨਾਂ ਦੇ ਸਾਦੇ ਰਹਿਣ-ਸਹਿਣ ਅਤੇ ਭਗਤੀ ਭਾਵ ਨੇ ਬਹੁਤ ਸਾਰੇ ਰਾਜੇ-ਮਹਾਰਾਜਿਆਂ ਅਤੇ ਰਾਈਸਾਂ ਨੂੰ ਪ੍ਰਭਾਵਿਤ ਕੀਤਾ। ਕਈ ਵੱਡੇ-ਵੱਡੇ ਜਗੀਰਦਾਰ ਅਤੇ

---

[154] ਮਹੰਤ ਗਿਆਨੀ ਸੁਖਚੈਨ ਸਿੰਘ, ਮਾਝੇ ਦੇ ਨਿਰਮਲ ਡੇਰਿਆਂ ਦਾ ਸੰਖੇਪ ਇਤਿਹਾਸ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 217.

ਰਾਜਿਆਂ-ਮਹਾਰਾਜਿਆਂ ਨੇ ਇਨ੍ਹਾਂ ਨੂੰ ਕਈ ਵਾਰ ਜਗੀਰਾਂ ਦੇਣ ਦੀ ਪੇਸ਼ਕਸ ਕੀਤੀ, ਜੋ ਇਹ ਅਪ੍ਰਵਾਨ ਕਰਦੇ ਰਹੇ ਕਿਉਂਕਿ ਪੈਸਾ ਇਕੱਠਾ ਕਰਨ, ਜਮੀਨ-ਜਾਇਦਾਦ ਆਦਿ ਨੂੰ ਇਹ ਬੰਧਨ ਸਮਝਦੇ ਸਨ। ਇਤਿਹਾਸ ਵਿਚ ਅਜਿਹੇ ਬਹੁਤ ਹਵਾਲੇ ਹਨ ਜਿੱਥੇ ਇਨ੍ਹਾਂ ਨੇ ਕਈ ਵਾਰ ਮਿਲ ਰਹੀਆਂ ਜਗੀਰਾਂ ਦਾ ਤਿਆਗ ਕੀਤਾ ਹੈ। ਇਨ੍ਹਾਂ ਵਿਚੋਂ ਕੁੱਝ ਦਾ ਜ਼ਿਕਰ ਪਿਛਲੇ ਅਧਿਆਇ ਵਿਚ ਹੋ ਚੁੱਕਾ ਹੈ, ਇਥੇ ਉਨ੍ਹਾਂ ਦੇ ਤਿਆਗ ਭਾਵ ਵਿਚੋਂ ਇਕ ਅੰਸ਼ ਅੰਕਿਤ ਕਰਦੇ ਹਾ: "ਮਹਾਰਾਜਾ ਰਣਜੀਤ ਸਿੰਘ ਜੀ ਨਾਭਾਪਤੀ ਦੇ ਸਮੇਂ ਦੀ ਗੱਲ ਹੈ ਕਿ ਇਕ ਵਾਰ ਮਾਨਯੋਗ ਪੂਜਯ ਪੰਡਿਤ ਈਸ਼ਰ ਸਿੰਘ ਜੀ ਵਿਰਕਤ ਬਾਣੀ ਦਾ ਪ੍ਰਚਾਰ ਕਰਦੇ ਹੋਏ ਨਾਭੇ ਆ ਗਏ। ਕਥਾ-ਉਪਦੇਸ਼ ਸੁਣਕੇ ਹਜ਼ਾਰਾਂ ਲੋਕ ਸਦ-ਮਾਰਗ ਦੇ ਧਾਰਨੀ ਬਣੇ, ਸ੍ਵਯੰ ਮਹਾਰਾਜਾ ਹੀਰਾ ਸਿੰਘ ਜੀ ਕਥਾ ਵਿਚ ਸ਼ਾਮਿਲ ਹੁੰਦੇ ਰਹੇ। ਬੜੇ ਪ੍ਰਸੰਨ ਤੇ ਪ੍ਰਭਾਵਿਤ ਹੋਏ। ਵਿਦਾਇਗੀ ਸਮੇਂ ਮਹਾਰਾਜੇ ਨੇ ਸਵਾ ਲੱਖ ਰੁਪੈ ਪੰਡਿਤ ਜੀ ਦੀ ਭੇਟ ਕੀਤੇ। ਅੱਗੋਂ ਪੰਡਿਤ ਜੀ ਨੇ ਮਿੱਟੀ ਦੀ ਤਰ੍ਹਾਂ ਸਵਾ ਲੱਖ ਰੁਪੈ ਵੱਲ ਵੇਖਿਆ ਵੀ ਨਹੀਂ, ਅਤੇ ਫੁਰਮਾਇਆ ਇਸ ਧਨ ਨੂੰ ਚੁੱਕ ਲਵੋ, ਸਾਡੇ ਕਿਸੇ ਕੰਮ ਨਹੀਂ। ਮਹਾਰਾਜੇ ਨੇ ਆਪਣੇ ਹੱਸਮੁਖੇ ਸੁਭਾਅ ਅਨੁਸਾਰ ਹੱਸ ਕੇ ਆਖਿਆ, ਸ੍ਵਾਮੀ ਜੀ ! ਇਹ ਧਨ ਚੁੱਕ ਲਵੋ ਮੇਰੇ ਵਰਗਾ ਰਾਜਾ ਨਹੀਂ ਮਿਲਣਾ, ਜੋ ਇਕੱਲਾ ਸਵਾ ਲੱਖ ਰੁਪਿਆ ਦਾਨ ਕਰ ਦੇਵੇ। ਪੰਡਿਤ ਜੀ ਨੇ ਬੇਪ੍ਰਵਾਹੀ ਨਾਲ ਫੁਰਮਾਇਆ, ਸਾਡੇ ਵਰਗਾ ਵਿਰਕਤ ਈਸ਼ਰ ਸਿੰਘ ਵੀ ਨਹੀਂ ਮਿਲਣਾ ਜੋ ਸਵਾ ਲੱਖ ਰੁਪੈ ਨੂੰ ਲੱਤ ਮਾਰ ਦੇਵੇ।"[155] ਇਨ੍ਹਾਂ ਸਮਿਆਂ ਵਿਚ ਸਵਾ ਲੱਖ ਰੁਪੈ ਦਾ ਤਿਆਗ ਆਪਣੇ ਆਪ ਵਿਚ ਵੱਡੀ ਗੱਲ ਹੈ। ਇਤਿਹਾਸ ਵਿਚਲੇ ਇਸ ਤਰ੍ਹਾਂ ਦੇ ਕਈ ਪ੍ਰਮਾਣ ਦਰਸਾਉਂਦੇ ਹਨ ਕਿ ਨਿਰਮਲੇ ਸੰਤਾਂ ਨੇ ਗੁਰੂ ਉਦੇਸ਼ ਅਤੇ ਆਦੇਸ਼ ਅਨੁਸਾਰ ਸਬਰ ਸੰਤੋਖ ਦੇ ਧਾਰਨੀ ਬਣ ਵਿਦਿਆ ਅਤੇ ਗੁਰੂ ਨਾਨਕ ਦੇ ਬਚਨਾਂ ਨੂੰ ਲੋਕਾਂ ਵਿਚ ਪ੍ਰਚਾਰਿਆ।

ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਆਪਣੇ ਸ਼ੁਰੂਆਤੀ ਸੰਗਠਾਤਮਿਕ ਦੌਰ ਤੋਂ ਲੈ ਕੇ ਬਹੁਤ ਲੰਬਾ ਸਮਾਂ ਥਾਂ-ਥਾਂ 'ਤੇ ਜਾ ਕੇ ਗੁਰਮਤਿ ਪ੍ਰਚਾਰ-ਪ੍ਰਸਾਰ ਅਤੇ ਵਿਦਿਆ-ਦਾਨ ਦਾ ਕਾਰਜ ਬਹੁਤ ਸੁਚੱਜੇ ਢੰਗ ਨਾਲ ਕੀਤਾ ਹੈ। ਸਮੇਂ ਦੇ ਗੇੜ ਨਾਲ ਜਦੋਂ ਦੂਜੇ ਮਤਾਂ/ਸੰਪ੍ਰਦਾਵਾਂ ਨੇ ਦੇਸ-ਦੇਸਾਂਤਰ੍ਹਾਂ ਵਿਚ ਆਪਣੇ ਸਥਾਨ ਕਾਇਮ ਕਰ ਲਏ ਤਾਂ ਨਿਰਮਲ ਸੰਪ੍ਰਦਾਇ ਦੇ ਸਥਾਨਾਂ ਦੀ ਜ਼ਰੂਰਤ ਵੀ ਮਹਿਸੂਸ ਹੋਣ ਲੱਗੀ। ਰਾਜੇ-ਮਹਾਰਾਜਿਆਂ ਨੇ ਨਿਰਮਲੇ ਸੰਤਾਂ ਨਾਲ ਵਿਚਾਰਾਂ ਕਰਨ ਉਪਰੰਤ ਇਸ ਸੰਪ੍ਰਦਾਇ ਨੂੰ ਨਾ ਹੀ ਸਿਰਫ ਪੱਕਿਆਂ ਕੀਤਾ ਬਲਕਿ

---

155 ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ: ਸਾਹਿਤ ਤੇ ਵਿਦਵਤਾ ਦਾ ਪੁੰਜ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 238.

ਇਸ ਸੰਪ੍ਰਦਾਇ ਦੇ ਕਾਰਜਾਂ ਅਤੇ ਭਵਿੱਖ ਲਈ ਵਿਧੀ-ਵਿਧਾਨ ਵੀ ਇਨ੍ਹਾਂ ਰਾਜਿਆਂ ਦੀ ਰਾਇ ਨਾਲ ਬਣੇ ਤਾਂ ਜੋ ਇਸ ਸੰਪ੍ਰਦਾਇ ਦਾ ਭਵਿੱਖ ਰੌਸ਼ਨ ਰਹੇ ਅਤੇ ਇਹ ਆਪਣੇ ਕਾਰਜ ਨਿਰਵਿਘਨ ਕਰ ਸਕਣ। ਬਾਅਦ ਵਿਚ ਲੋਕਾਂ ਦੇ ਸਹਿਯੋਗ ਨਾਲ ਇਸ ਸੰਪ੍ਰਦਾਇ ਦੇ ਟਿਕਾਣੇ ਹੋਂਦ ਵਿਚ ਆਏ। ਇਨ੍ਹਾਂ ਟਿਕਾਣਿਆਂ ਵਿਚ ਸੰਪ੍ਰਦਾਇ ਦੇ ਸੰਤਾਂ ਨੇ ਜਨ-ਸਾਧਾਰਨ ਨੂੰ ਸਿਖਿਅਤ ਕਰਨ ਹਿਤ ਗੁਰਮਤਿ ਦੀ ਸੋਝੀ ਕਰਾਉਣ ਦੇ ਨਾਲ-ਨਾਲ ਵਿਦਿਆ-ਦਾਨ ਵੀ ਦੇਣਾ ਸ਼ੁਰੂ ਕੀਤਾ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਨਿਰਮਲ ਸੰਪ੍ਰਦਾਇ ਨੇ ਸਿੱਖ ਧਰਮ ਦੇ ਵਿਕਾਸ ਲਈ ਵਿਦਿਅਕ ਖੇਤਰ ਵਿਚ ਵਿਸ਼ੇਸ਼ ਯੋਗਦਾਨ ਦਿੱਤਾ। ਇਨ੍ਹਾਂ ਦੁਆਰਾ ਵਿਦਿਅਕ ਖੇਤਰ ਵਿਚ ਕੀਤੇ ਕਾਰਜਾਂ ਨੂੰ ਪ੍ਰੋ. ਪਿਆਰਾ ਸਿੰਘ ਪਦਮ ਨੇ ਪੰਜ ਭਾਗਾਂ ਵਿਚ ਵੰਡਿਆ ਹੈ:[156]

1. ਅਧਿਐਨ ਕਾਰਜ: ਪ੍ਰਾਚੀਨ ਭਾਰਤੀ ਸ਼ਾਸ਼ਤ੍ਰ-ਪ੍ਰਣਾਲੀ ਦਾ ਅਧਿਐਨ, ਖ਼ਾਸ ਕਰਕੇ ਸੰਸਕ੍ਰਿਤ ਵਿਆਕਰਣ, ਨਿਆਇ ਤੇ ਵੇਦਾਂਤ ਦਾ ਵਿਸ਼ੇਸ਼ ਵਿਵੇਚਨ।
2. ਅਧਿਆਪਨ ਕਾਰਜ: ਆਪਣੇ ਸ਼ਾਗਿਰਦਾਂ ਨੂੰ ਭਾਸ਼ਾ, ਸੰਸਕ੍ਰਿਤ ਤੇ ਗੁਰਮਤਿ ਦੇ ਗ੍ਰੰਥਾਂ ਦਾ ਅਧਿਐਨ ਕਰਾਉਣਾ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਆਦਿ ਅਰਥਾਂ ਸਮੇਤ ਪੜ੍ਹਾਇਆ ਜਾਂਦਾ ਸੀ। ਜਿੱਥੇ ਵੀ ਕੋਈ ਨਿਰਮਲ ਡੇਰਾ ਸੀ, ਉੱਥੇ ਨਾਲ-ਨਾਲ ਪਾਠਸ਼ਾਲਾ ਹੁੰਦੀ ਸੀ।
3. ਕਥਾ ਵਿਖਿਆਨ ਤੇ ਸ਼ਾਸਤ੍ਰਾਰਥ ਦੁਆਰਾ ਗੁਰਮਤਿ ਦਾ ਮਹੱਤਵ ਦਰਸਾਉਣਾ ਤੇ ਵਿਦਿਆਰਥੀ ਮੰਡਲੀ ਨੂੰ ਨਾਲ ਲੈ ਕੇ ਥਾਂ-ਥਾਂ ਫਿਰਨਾ ਅਤੇ ਅੰਮ੍ਰਿਤ ਪ੍ਰਚਾਰ ਕਰਨਾ, ਇਸ ਨੂੰ 'ਰੰਮਤ ਅਖਾੜਾ' ਕਿਹਾ ਜਾਂਦਾ ਸੀ।
4. ਧਰਮ ਸਥਾਨਾਂ (ਡੇਰਿਆਂ) ਤੇ ਵਿਦਿਆ-ਸਥਾਨਾਂ (ਟਕਸਾਲਾਂ) ਦੀ ਸਥਾਪਨਾ ਤੇ ਇਨ੍ਹਾਂ ਵਿਚ ਵਿਦਿਆ ਦਾ ਯਥਾਯੋਗ ਪ੍ਰਬੰਧ ਕਰਨਾ ਤੇ ਫਿਰ ਉਚੇਰੀ ਵਿਦਿਆ ਲਈ ਲਾਇਕ ਵਿਦਿਆਰਥੀਆਂ ਨੂੰ ਬਨਾਰਸ ਆਦਿ ਭੇਜਣਾ।
5. ਗ੍ਰੰਥ ਰਚਨਾ: ਸੌ ਤੋਂ ਉੱਤੇ ਕਿਤਾਬ ਦੱਸਦੀ ਹੈ, ਇਨ੍ਹਾਂ ਕੀ ਕੁੱਝ ਕੀਤਾ।

---

[156] ਪ੍ਰੋ. ਪਿਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ,* ਪੰਨਾ 64.

ਇਸ ਵਿਚ ਕੋਈ ਸੰਦੇਹ ਨਹੀਂ ਕਿ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਵਿਦਿਆ ਵਿਹੂਣੇ ਲੋਕਾਂ ਨੂੰ ਹਰ ਪੱਖ ਤੋਂ ਵਿਦਿਅਕ ਗਿਆਨ ਦੇਣ ਦਾ ਕਾਰਜ ਕੀਤਾ। ਇਸ ਲਈ ਉਨ੍ਹਾਂ ਨੇ ਜੋ ਘਾਲਣਾ ਘਾਲੀ ਹੈ ਉਹ ਬਹੁਤ ਸ਼ਲਾਘਾਯੋਗ ਹੈ। ਸਮਕਾਲੀ ਪ੍ਰਸਥਿਤੀਆਂ ਅਨੁਸਾਰ ਇਨ੍ਹਾਂ ਦੀ ਵਿਦਵਤਾ ਦੇ ਕਦਰਦਾਨ ਲੋਕਾਂ ਨੇ ਇਨ੍ਹਾਂ ਦਾ ਪੂਰਾ ਮਾਣ-ਸਤਿਕਾਰ ਵੀ ਕੀਤਾ ਹੈ। ਇਹ ਉਹ ਸਮਾਂ ਸੀ ਜਦੋਂ ਕੋਈ ਵਿਦਿਆ ਅਭਿਲਾਖੀ ਨਿਰਮਲੇ ਵਿਦਵਾਨ ਤੋਂ ਵਿਦਿਆ ਹਾਸਲ ਕਰਨ ਵਿਚ ਮਾਣ ਮਹਿਸੂਸ ਕਰਦਾ ਸੀ ਪ੍ਰੰਤੂ ਸਮੇਂ ਨਾਲ ਇਹ ਸਮੀਕਰਨ ਵੀ ਬਦਲ ਗਏ ਜਾਪਦੇ ਹਨ।

### ਵਿਦਵਾਨਾਂ ਦੀ ਦ੍ਰਿਸ਼ਟੀ ਵਿਚ ਵਿਦਿਆਪਤੀ ਨਿਰਮਲੇ

ਉਕਤ ਵਿਚਾਰ ਚਰਚਾ ਵਿਚ ਨਿਰਮਲ ਸੰਪ੍ਰਦਾਇ ਵੱਲੋਂ ਵਿਦਿਅਕ ਖੇਤਰ ਵਿਚ ਪਾਏ ਸਮੁੱਚੇ ਯੋਗਦਾਨ ਨੂੰ ਵੱਖ-ਵੱਖ ਸਿਰਲੇਖਾਂ ਅਧੀਨ ਵੰਡ ਕੇ ਪੜਚੋਲ ਕੀਤੀ ਗਈ ਹੈ। ਜਿਸ ਤੋਂ ਉਭਰੇ ਪੱਖਾਂ ਪੜਚੋਲ ਉਪਰੰਤ ਬਣੀ ਰਾਇ ਨੂੰ ਅੰਕਿਤ ਕਰਨ ਤੋਂ ਪਹਿਲਾਂ ਸੰਪ੍ਰਦਾਇ ਦੇ ਕਾਰਜਾਂ ਪ੍ਰਤੀ ਉਨ੍ਹਾਂ ਕੁੱਝ ਵਿਦਵਾਨਾਂ ਦੀ ਰਾਇ ਜਾਣਦੇ ਹਾਂ ਜਿਨ੍ਹਾਂ ਨੇ ਇਸ ਸੰਪ੍ਰਦਾਇ ਬਾਰੇ ਖੋਜ ਉਪਰੰਤ ਕੁੱਝ ਨਾ ਕੁੱਝ ਜ਼ਰੂਰ ਲਿਖਿਆ ਹੈ:

### ਪ੍ਰੋ. ਪਿਆਰਾ ਸਿੰਘ ਪਦਮ

"ਨਿਰਮਲੇ ਇਸ ਕਿਸਮ ਦੇ ਮਿਸ਼ਨਰੀ ਸਨ, ਜੋ ਕੇਸਾਧਾਰੀ ਹੋ ਕੇ ਅੰਮ੍ਰਿਤ ਛਕਣ ਛਕਾਉਣ ਤੇ ਵਿਦਿਆ ਪੜ੍ਹਨ ਪੜ੍ਹਾਉਣ ਉੱਤੇ ਵਧੇਰੇ ਜੋਰ ਦੇ ਕੇ ਆਪਣਾ ਵਿਲੱਖਣ ਸਥਾਨ ਬਣਾਉਂਦੇ ਗਏ। ਦੂਜੇ ਸ਼ਬਦਾਂ ਵਿਚ ਇਨ੍ਹਾਂ ਸਿੱਖੀ ਦਾ ਹੀ ਪ੍ਰਚਾਰ ਨਹੀਂ ਕੀਤਾ ਬਲਕਿ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਈ ਆਦਰਸ਼ਾਂ ਨੂੰ ਪ੍ਰਚਾਰ ਕੇ ਸਿੰਘ ਮਤ ਦਾ ਪ੍ਰਸਾਰ ਕੀਤਾ ਤੇ ਨਾਲ ਹੀ ਪੁਰਾਤਨ ਸ਼ਾਸਤ੍ਰ ਪ੍ਰਣਾਲੀ ਅਨੁਸਾਰ ਗੁਰਮਤਿ ਸਿਧਾਂਤਾਂ ਦੀ ਵਡਿਆਈ ਦਰਸਾ ਕੇ ਪੰਡਿਤਗਣ ਵਿਚ ਆਪਣਾ ਸਿੱਕਾ ਜਮਾਇਆ। ਵਿਦਿਅਕ ਖੇਤਰ ਵਿਚ ਨਿਰਮਲੇ ਵਿਦਵਾਨਾਂ ਦੀ ਆਪਣੀ ਥਾਂ ਹੈ, ਇਸ ਤਰ੍ਹਾਂ ਦਾ ਮਾਣ ਸਮੁੱਚੇ ਰੂਪ ਵਿਚ ਸ਼ਾਇਦ ਕਿਸੇ ਹੋਰ ਸਿੱਖ ਸੰਪ੍ਰਦਾ ਨੂੰ ਪ੍ਰਾਪਤ ਹੋਵੇ।"[157]

### ਸ. ਸ਼ਮਸ਼ੇਰ ਸਿੰਘ ਅਸ਼ੋਕ

"ਨਿਰਮਲੇ ਸਾਧੂਆਂ ਦਾ ਮੁੱਢ ਤੋਂ ਹੀ ਵਿਦਿਆ ਨਾਲ ਖ਼ਾਸ ਤੌਰ ਉੱਤੇ ਬੜਾ ਗਹਿਰਾ ਸੰਬੰਧ ਰਿਹਾ ਹੈ। ਚਾਰ ਵੇਦ, ਨੌਂ ਵਿਆਕਰਣ, ਖਟ ਸ਼ਾਸਤਰ, ਅਠਾਰਾਂ ਪੁਰਾਣ ਤੇ 27 ਸਿਮ੍ਰਤੀਆਂ ਦਾ ਪਠਨ-ਪਾਠਨ ਤੇ

---

[157] ਪ੍ਰੋ. ਪਿਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ,* ਪੰਨਾ 61.

ਆਲੋਚਨਾਤਮਕ ਅਧਿਐਨ ਕਰਨਾ ਤੇ ਇਸ ਨੂੰ ਹਿੰਦੂ ਸਾਹਿਤ ਦੇ ਆਧਾਰ ਉੱਪਰ ਹਰ ਥਾਈਂ ਹਿੰਦੂ ਤਟ-ਤੀਰਥਾਂ ਉੱਤੇ ਪਹੁੰਚ ਕੇ ਦੇਸ਼-ਵਾਸੀਆਂ ਵਿਚ ਗੁਰਮਤ ਪ੍ਰਚਾਰਨਾ ਨਿਰਮਲ ਸਾਧੂਆਂ ਦੇ ਜੀਵਨ ਦਾ ਮੁੱਖ ਆਦਰਸ਼ ਰਿਹਾ ਹੈ।"[158]

## ਪ੍ਰੋ. ਪ੍ਰੀਤਮ ਸਿੰਘ

1976 ਈ. ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਨਿਰਮਲ ਸੰਪ੍ਰਦਾਇ 'ਤੇ ਹੋਏ ਸੈਮੀਨਾਰ ਦੇ ਧੰਨਵਾਦੀ ਸ਼ਬਦਾਂ ਵਿਚ "ਇਨ੍ਹਾਂ ਤਿੰਨ ਦਿਨਾਂ ਵਿਚ ਸਾਨੂੰ ਪੰਜਾਬ ਦੇ ਇਕ ਐਸੇ ਸਾਧੂ ਵਰਗ ਦੇ ਬਹੁਪੱਖੀ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ, ਜਿਸ ਨੇ ਸਾਹਿੱਤ ਦੇ ਰਚਣ ਤੇ ਵਿਆਖਿਆਉਣ ਅਤੇ ਧਰਮ; ਦਰਸ਼ਨ ਤੇ ਸਾਹਿਤ ਦੇ ਵਿਵੇਚਨ ਲਈ ਥਾਂ ਪਰ ਥਾਂ ਕੇਂਦਰ ਕਾਇਮ ਕਰਨ ਵਿਚ ਬੜੀ ਖਮਤਾ ਦਾ ਸਬੂਤ ਦਿੱਤਾ ਹੈ। ਇਸ ਤਰ੍ਹਾਂ ਦੇ ਵਿਦਵਾਨ ਸੇਵਕਾਂ ਦੀ ਘਾਲ ਨੂੰ ਸਮੇਂ ਦੀ ਕਾਲੀ ਬੁੱਕਲ ਵਿਚੋਂ ਕੱਢਣ ਦੇ ਜਤਨ ਨਾ ਕਰਨੇ ਉਨ੍ਹਾਂ ਨਾਲ ਅਨਿਆਂ ਹੀ ਨਹੀਂ, ਆਪਣੇ ਆਪ ਨਾਲ ਵੀ ਅਨਿਆਂ ਹੈ ਕਿਉਂਕਿ ਇਸ ਤਰ੍ਹਾਂ ਅਸੀਂ ਪੰਜਾਬ ਵਿਚ ਸਿੱਖ ਧਰਮ ਦਰਸ਼ਨ ਤੇ ਸਾਹਿੱਤ ਦੇ ਇਕ ਵੱਡੇ ਸਨਾਤਨ ਸ੍ਰੋਤ ਤੋਂ ਵਾਂਝਿਆਂ ਰਹਿੰਦੇ ਹਾਂ।"[159]

## ਡਾ. ਰਤਨ ਸਿੰਘ ਜੱਗੀ

"ਸਿੱਖਾਂ ਦੀ ਇਕ ਵਿਦਵਾਨ ਅਧਿਆਪਕ ਸੰਪ੍ਰਦਾਇ ਜਿਸ ਦੀ ਭਾਰਤੀ ਅਧਿਆਤਮਿਕ ਸਾਹਿਤ ਦੇ ਪਠਨ-ਪਾਠਨ ਵਿਚ ਵਿਸ਼ੇਸ਼ ਰੁਚੀ ਹੈ। ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਨਿਰਮਲ ਸੰਤਾਂ ਦੀ ਦੇਣ ਇਤਿਹਾਸਕ ਅਤੇ ਅਦੁੱਤੀ ਹੈ। ਨਿਸ਼ਠਾ-ਪੂਰਣ ਨਿਰੰਤਰ ਪ੍ਰਚਾਰ ਰਾਹੀਂ ਇਨ੍ਹਾਂ ਨੇ ਵਿਦਿਆਲਿਆਂ, ਮੰਡਲੀਆਂ, ਰਮਤੇ ਦਲਾਂ, ਸ਼ਾਸਤ੍ਰਾਰਥਾਂ ਅਤੇ ਧਰਮ ਪੁਸਤਕਾਂ ਦੇ ਪ੍ਰਕਾਸ਼ਨ ਦੀ ਵਿਵਸਥਾ ਕੀਤੀ ਹੈ। ਸਾਹਿਤ ਦੇ ਖੇਤਰ ਵਿਚ ਨਿਰਮਲੇ ਸੰਤਾਂ ਦੀ ਸਥਾਈ ਦੇਣ ਹੈ।"[160]

## ਭਾਈ ਕਾਨ੍ਹ ਸਿੰਘ ਨਾਭਾ

"ਸਿੱਖ ਕੌਮ ਵਿਚ ਨਿਰਮਲੇ ਸਾਧੂ ਵਿਦਯਾ ਦੇ ਪ੍ਰੇਮੀ ਅਰ ਵਿਚਾਰ ਵਾਨ ਹਨ।"[161]

---

[158] ਸ਼ਮਸ਼ੇਰ ਸਿੰਘ ਅਸ਼ੋਕ, ਨਿਰਮਲੇ ਸਾਧੂਆਂ ਦੀ ਸਿੱਖ ਧਰਮ ਨੂੰ ਦੇਣ. ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 152.

[159] ਪ੍ਰੀਤਮ ਸਿੰਘ (ਸੰਪਾ.) *ਨਿਰਮਲ ਸੰਪ੍ਰਦਾਇ*, ਪੰਨਾ 521.

[160] ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਦੂਜਾ, ਪੰਨੇ 1082-83.

[161] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 712.

**ਡਾ. ਮਹਿੰਦਰ ਕੌਰ ਗਿੱਲ**

"ਨਿਰਮਲੇ ਸੰਤਾਂ ਨੇ ਪੰਜਾਬ ਤੇ ਪੰਜਾਬੋਂ ਬਾਹਰ ਹਜ਼ਾਰਾਂ ਡੇਰੇ ਕਾਇਮ ਕਰਕੇ ਅਧਿਆਤਮ ਵਿਦਿਆ ਦਾ ਪ੍ਰਵਾਹ ਚਲਾ ਦਿੱਤਾ। ਇਨ੍ਹਾਂ ਡੇਰਿਆਂ ਦੀ ਪੜ੍ਹਾਈ ਦਾ ਮਾਧਿਅਮ ਸਾਧੂਕੜੀ ਭਾਸ਼ਾ ਹੀ ਹੁੰਦਾ ਸੀ। ਇਸ ਲਈ ਇਸ ਵਿਚ ਹਰ ਇਕ ਗਿਆਨ ਅਭਿਲਾਖੀ ਦਾਖ਼ਲ ਹੋ ਕੇ ਵਿਦਿਆ ਗ੍ਰਹਿਣ ਕਰ ਸਕਦਾ ਸੀ।"[162]

ਉਕਤ ਤੋਂ ਬਿਨ੍ਹਾਂ ਵੀ ਬਹੁਤ ਸਾਰੇ ਵਿਦਵਾਨਾਂ ਨੇ ਆਪਣੀਆਂ ਲਿਖਤਾਂ ਵਿਚ ਨਿਰਮਲ ਸੰਪ੍ਰਦਾਇ ਸੰਬੰਧੀ ਜੋ ਰਾਇ ਸਥਾਪਿਤ ਕੀਤੀ ਹੈ ਉਸਦਾ ਸਾਰਾਂਸ਼ ਇਹੀ ਹੈ ਕਿ ਨਿਰਮਲ ਸੰਪ੍ਰਦਾਇ ਸਿੱਖ ਧਰਮ ਦੀ ਹੀ ਇਕ ਵਿਦਵਾਨ ਸੰਪ੍ਰਦਾਇ ਹੈ ਜਿਸਦੇ ਵਿਦਵਾਨ ਹਮੇਸ਼ਾ ਪਠਨ-ਪਾਠਨ ਵਿਚ ਰੁਚਿਤ ਰਹੇ ਹਨ।

ਖੋਜ-ਕਾਰਜ ਦੌਰਾਨ ਪਿਛਲੇ ਪੰਨਿਆਂ 'ਤੇ ਨਿਰਮਲ ਸੰਪ੍ਰਦਾਇ ਬਾਰੇ ਕਾਲਕ੍ਰਮ ਅਨੁਸਾਰ ਜੋ ਚਰਚਾ ਕੀਤੀ ਗਈ ਹੈ ਉਸ ਤੋਂ ਨਿਰਮਲ ਸੰਪ੍ਰਦਾਇ ਦੀ ਕਾਰਜਸ਼ੈਲੀ ਦੇ ਨਿਮਨ ਪੱਖ ਉਭਰ ਕੇ ਸਾਹਮਣੇ ਆਉਂਦੇ ਹਨ:

1. ਨਿਰਮਲੇ ਵਿਦਵਾਨਾਂ ਨੇ ਗੁਰੂ ਸਾਹਿਬ ਜੀ ਦੀ ਮਨਸ਼ਾ ਅਨੁਸਾਰ ਲੋਕਾਈ ਨੂੰ ਵਿਦਿਆ-ਦਾਨ ਦੇਣ ਲਈ ਬਹੁਪੱਖੀ ਪ੍ਰਚਾਰ ਆਰੰਭਿਆ। ਇਨ੍ਹਾਂ ਨੇ ਸਮਕਾਲੀ ਹਾਲਾਤਾਂ ਅਨੁਸਾਰ ਪਹਿਲਾਂ ਹਿੰਦੂ ਤੀਰਥਾਂ ਉੱਤੇ ਆਪਣੇ ਸਥਾਨ ਬਣਾਏ ਫਿਰ ਕੁੱਝ ਥਾਵਾਂ 'ਤੇ ਲੋਕਾਂ ਦੀ ਰਿਹਾਇਸ਼ ਦੇ ਨੇੜੇ ਆਪਣੇ ਟਿਕਾਣੇ ਬਣਾਉਣੇ ਅਰੰਭ ਕੀਤੇ। ਫਿਰ ਇਨ੍ਹਾਂ ਟਿਕਾਣਿਆਂ ਵਿਚੋਂ ਮੁਫ਼ਤ ਚਕਿਤਸਾ ਤੇ ਗੁਰਮਤਿ ਪ੍ਰਚਾਰ ਦਾ ਅਰੰਭ ਕੀਤਾ। ਇਨ੍ਹਾਂ ਦੇ ਸਾਧੂਆਂ ਵਾਲੇ ਭੇਖ, ਸ਼ਾਂਤ ਤੇ ਭਜਨੀਕ ਪ੍ਰਵਿਰਤੀ ਕਾਰਨ ਲੋਕ ਜਲਦੀ ਹੀ ਇਨ੍ਹਾਂ ਦੇ ਸਥਾਨਾਂ ਵੱਲ ਖਿੱਚੇ ਗਏ। ਇਨ੍ਹਾਂ ਦੇ ਸਦਉਪਦੇਸ਼ ਸ੍ਰਵਣ ਕਰਨ ਲਈ ਲੋਕ ਇਨ੍ਹਾਂ ਕੋਲ ਆਉਂਦੇ ਤਾਂ ਇਹ ਸੰਤ ਉਨ੍ਹਾਂ ਨੂੰ ਅੱਖਰ-ਗਿਆਨ ਵੱਲ ਪ੍ਰੇਰਿਤ ਕਰਦੇ। ਇਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਲੋਕਾਂ ਨੇ ਆਪਦੇ ਸਾਧਾਰਨ ਟਿਕਾਣਿਆਂ ਨੂੰ ਡੇਰਿਆਂ/ਮਠਾਂ/ਆਸ਼ਰਮਾਂ ਵਿਚ ਬਦਲ ਦਿੱਤਾ।
2. ਇਸ ਦੌਰ ਵਿਚ ਨਿਰਮਲੇ ਸੰਤ ਪੂਰੀ ਸੁਹਿਰਦਤਾ ਨਾਲ ਵਿਦਿਆ ਅਤੇ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਵਿਚ ਲੱਗੇ ਹੋਏ ਸਨ। ਨਿਰਮਲੇ ਵਿਦਵਾਨਾਂ ਨੇ ਕੁੱਝ ਸਥਾਨ ਭਾਵੇਂ ਬਣਾਏ ਪਰ ਵਸੋਂ ਦਾ ਬਹੁਤਾ ਹਿੱਸਾ

[162] ਡਾ. ਮਹਿੰਦਰ ਕੌਰ ਗਿੱਲ, ਨਿਰਮਲ ਸੰਪ੍ਰਦਾਇ ਉਦਭਵ ਅਤੇ ਵਿਕਾਸ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 14.

ਉਨ੍ਹਾਂ ਸਥਾਨਾਂ ਦੀ ਪਹੁੰਚ ਤੋਂ ਦੂਰ ਸੀ ਜਿਸ ਵਿਚ ਗ੍ਰਹਿਸਤੀ ਅਤੇ ਕਿਰਤੀ ਲੋਕ ਸਨ। ਉਨ੍ਹਾਂ ਨੂੰ ਸਿੱਖਿਅਤ ਕਰਨ ਲਈ ਨਿਰਮਲੇ ਸੰਤਾਂ ਨੇ ਪ੍ਰਚਾਰ ਮੰਡਲੀਆਂ ਦੇ ਰੂਪ ਵਿਚ ਉਨ੍ਹਾਂ ਦੇ ਦਰਾਂ ਤੱਕ ਜਾ ਕੇ ਲੋਕਾਂ ਨੂੰ ਗਿਆਨ ਦੇਣ ਦੀ ਘਾਲਣਾ ਘਾਲੀ।

3. ਨਿਰਮਲ ਸੰਪ੍ਰਦਾਇ ਨੂੰ ਮੁਕੰਮਲ ਸੰਪ੍ਰਦਾਇ ਦੇ ਰੂਪ ਵਜੋਂ ਸਥਾਪਿਤ ਹੋਣ ਵਿਚ ਕਾਫ਼ੀ ਸਮਾਂ ਲੱਗਾ। ਇਸ ਲਈ ਕਈ ਵਾਰ ਸ਼ੰਕਾਵਾਦੀ ਪ੍ਰਵਿਰਤੀ ਦੇ ਲੋਕ ਇਨ੍ਹਾਂ ਨੂੰ ਸਾਦੇ ਜਿਹੇ ਸਾਧੂ ਸਮਝਕੇ ਇਨ੍ਹਾਂ ਅੱਗੇ ਕੋਈ ਸ਼ੰਕਾ ਖੜ੍ਹਾ ਕਰ ਦਿੰਦੇ ਜਾਂ ਕਿਸੇ ਰਵਾਇਤ ਦੇ ਹਵਾਲੇ ਤੋਂ ਇਨ੍ਹਾਂ ਨਾਲ ਤਰਕ-ਕੁਤਰਕ ਵੀ ਕਰਦੇ। ਪਰ ਇਹ ਵਿਦਵਾਨ ਸੰਤ, ਸ਼ਾਂਤ ਪ੍ਰਵਿਰਤੀ ਅਤੇ ਗੁੜ੍ਹ ਗਿਆਨ ਦੇ ਧਾਰਨੀ ਸਨ। ਇਨ੍ਹਾਂ ਨੇ ਸ਼ੰਕਾਵਾਦੀ ਲੋਕਾਂ ਨੂੰ ਵਿਦਵਤਾ ਨਾਲ ਹੀ ਜਵਾਬ ਦਿੱਤਾ। ਇਨ੍ਹਾਂ ਨੇ ਬਹਿਸਾਂ ਵਿਚ ਵਿਜਈ ਹੋ ਕੇ ਦੂਜੇ ਮਤਾਂ/ਸੰਪ੍ਰਦਾਵਾਂ ਦੀ ਇਹ ਧਾਰਨਾ ਤੋੜੀ ਕਿ ਸਿੱਖ ਕੇਵਲ ਸ਼ਸਤ੍ਰ ਹੀ ਵਧੀਆ ਚਲਾ ਸਕਦੇ ਹਨ। ਨਿਰਮਲੇ ਵਿਦਵਾਨਾਂ ਨੇ ਬਹੁਤੇ ਲੋਕਾਂ ਦੇ ਸ਼ੰਕੇ ਦੂਰ ਕਰਕੇ ਸਿੱਧ ਕੀਤਾ ਕਿ ਸਿੱਖ ਸ਼ਸਤ੍ਰ ਹੀ ਨਹੀਂ ਸ਼ਾਸਤ੍ਰ ਗਿਆਨ ਵਿਚ ਵੀ ਨਿਪੁੰਨ ਹਨ।

4. ਸਾਹਿਤ-ਸਿਰਜਣਾ ਵਿਚ ਨਿਰਮਲੇ ਵਿਦਵਾਨਾਂ ਦਾ ਕੋਈ ਸੰਪ੍ਰਦਾਇ ਵੀ ਮੁਕਾਬਲਾ ਨਹੀਂ ਕਰ ਸਕਦੀ। ਇਨ੍ਹਾਂ ਵਿਦਵਾਨਾਂ ਨੇ ਹਰ ਪੱਖ ਤੋਂ ਸਾਹਿੱਤ ਰਚਨਾ ਕੀਤੀ ਹੈ। ਜਿੱਥੇ ਇਨ੍ਹਾਂ ਵੈਦਿਕ ਸਾਹਿੱਤ, ਪੁਰਾਣਾ, ਉਪਨਿਸ਼ਦਾਂ, ਖਟ ਸ਼ਾਸਤ੍ਰਾਂ ਦੀਆਂ ਟੀਕਾਵਾਂ, ਅਨੁਵਾਦ, ਭਾਸ਼ਯ, ਵਿਆਖਿਆ ਆਦਿ ਅੰਕਿਤ ਕੀਤੀ ਹੈ ਉੱਥੇ ਗੁਰਮਤਿ ਸੰਬੰਧੀ ਇਤਿਹਾਸਕ, ਦਾਰਸ਼ਨਿਕ, ਸਾਹਿੱਤਕ, ਕੋਸ਼, ਵਿਆਕਰਣ ਆਦਿਕ ਸੈਂਕੜੇ ਵਡਮੁੱਲੇ ਗ੍ਰੰਥਾਂ ਰਚ ਕੇ ਸਿੱਖ ਕੌਮ ਨੂੰ ਸਾਹਿਤਕ ਪੱਖੋਂ ਭਰਪੂਰ ਕੀਤਾ ਹੈ।

5. ਨਿਰਮਲੇ ਵਿਦਵਾਨਾਂ ਨੇ ਸ਼ੁਰੂ ਵਿਚ ਹਿੰਦੂ ਤੀਰਥ ਹੀ ਆਪਣੇ ਪ੍ਰਚਾਰ ਪ੍ਰਸਾਰ ਲਈ ਚੁਣੇ ਕਿਉਂਕਿ ਇਨ੍ਹਾਂ ਸਥਾਨਾਂ ਉੱਤੇ ਲੋਕਾਂ ਦਾ ਜਿਆਦਾ ਇਕੱਠ ਹੁੰਦਾ ਸੀ। ਬਾਅਦ ਵਿਚ ਭਾਰਤ ਦੇ ਵੱਡੇ ਤੀਰਥ ਸਥਾਨਾਂ ’ਤੇ ਨਿਰਮਲੇ ਸੰਤਾਂ ਨੇ ਆਪਣੇ ਸਥਾਨ ਬਣਾ ਲਏ ਜਿਨ੍ਹਾਂ ਵਿਚੋਂ ਉਨ੍ਹਾਂ ਵਿਦਿਆ ਅਤੇ ਗੁਰਮਤਿ ਦਾ ਪ੍ਰਚਾਰ-ਪਾਸਾਰ ਕੀਤਾ। ਇਨ੍ਹਾਂ ਵਿਚੋਂ ਕਾਸ਼ੀ ਤੇ ਹਰਿਦੁਆਰ ਆਦਿ ਸਥਾਨਾਂ ’ਤੇ ਉਚੇਚੇ ਵਿਦਿਅਕ ਅਦਾਰੇ ਵੀ ਸਥਾਪਿਤ ਕੀਤੇ ਤਾਂ ਜੋ ਵਿਦਿਆਰਥੀ ਇਨ੍ਹਾਂ ਦਾ ਲਾਭ ਲੈ ਸਕਣ।

6. ਨਿਰਮਲ ਸੰਪ੍ਰਦਾਇ ਦੇ ਸੰਗਠਨਾਤਮਿਕ ਰੂਪ ਵਿਚ ਉਭਰਨ ਤੋਂ ਬਾਅਦ ਇਸ ਨੇ ਥਾਂ-ਥਾਂ ਵਿਚਰਦੀਆਂ ਸਾਧੂ ਮੰਡਲੀਆਂ ਨੂੰ ਵਿਧੀਵਤ ਕਰਨ ਦੀ ਮਨਸ਼ਾ ਨਾਲ 'ਨਿਰਮਲ ਅਖਾੜਾ ਰੰਮਤ' ਦੀ ਸਥਾਪਨਾ ਕੀਤੀ। ਇਸ ਦਾ ਮੁੱਖ ਉਦੇਸ਼ ਤੀਰਥ ਸਥਾਨਾਂ 'ਤੇ ਅਖਾੜੇ ਦੇ ਪ੍ਰਚਾਰ ਲਈ ਪ੍ਰਬੰਧ ਕਰਨੇ ਅਤੇ ਭਾਰਤ ਵਿਚ ਭ੍ਰਮਣ ਕਰਦੇ ਹੋਏ ਵਿਦਿਆ ਅਤੇ ਗੁਰੂ ਨਾਨਕ ਸੰਦੇਸ ਦਾ ਪ੍ਰਚਾਰ ਸੀ। ਇਸ ਅਖਾੜੇ ਨੇ ਆਪਣੀ ਕਾਰਗੁਜਾਰੀ ਇੰਨੀ ਵਧੀਆ ਨਿਭਾਈ ਕਿ ਇਸ ਦੀ ਜਿੰਨੀ ਤਾਰੀਫ਼ ਕੀਤੀ ਜਾਵੇ ਥੋੜ੍ਹੀ ਹੈ। ਇਹ ਨਿਰਮਲੇ ਵਿਦਵਾਨਾਂ ਦਾ ਜਥਾ ਥਾਂ-ਥਾਂ ਵਾਹਿਗੁਰੂ ਦਾ ਗੁਣਗਾਣ ਤਾਂ ਕਰਦਾ ਹੀ ਸੀ ਨਾਲ ਹੀ ਇਸ ਨੇ ਚਲਦੀਆਂ ਫ਼ਿਰਦੀਆਂ ਵਿਦਿਅਕ ਟਕਸਾਲਾਂ ਦੀ ਭੂਮਿਕਾ ਵੀ ਅਦਾ ਕੀਤੀ।

ਉਕਤ ਪੜਚੋਲ ਸਾਨੂੰ ਅਨੁਭਵ ਕਰਾਉਂਦੀ ਹੈ ਕਿ ਵਿਦਿਆ ਦਾ ਅਧਿਐਨ ਪਠਨ-ਪਾਠਨ ਨਿਰਮਲ ਸੰਪ੍ਰਦਾਇ ਦੀ ਪ੍ਰੰਪਰਾ ਹੈ। ਜਨ-ਸਾਧਾਰਨ ਵਿਚ ਜਾ ਕੇ ਉਨ੍ਹਾਂ ਨੂੰ ਅੱਖਰ ਗਿਆਨ ਦੇਣ ਵਿਚ ਪਹਿਲ ਕੀਤੀ। ਉਨ੍ਹਾਂ ਨੂੰ ਹੌਲੀ-ਹੌਲੀ ਗੁਰਮਤਿ ਵੱਲ ਰੁਚਿਤ ਕੀਤਾ। ਇਸ ਸੰਪ੍ਰਦਾਇ ਨੇ ਵਿਦਿਆ ਦੇ ਖੇਤਰ ਵਿਚ ਬਹੁਤ ਮਹਾਨ ਵਿਦਵਾਨ ਪੈਦਾ ਕੀਤੇ। ਇਨ੍ਹਾਂ ਵਿਦਵਾਨਾਂ ਨੇ ਅੱਗੇ ਜਾ ਕੇ ਅਜਿਹੇ ਕਾਰਜ ਕੀਤੇ ਜੋ ਕਿ ਪਹਿਲਾਂ ਕਿਸੇ ਸੰਪ੍ਰਦਾਇ ਦੇ ਸੰਤਾਂ ਨੇ ਨਹੀਂ ਕੀਤੇ। ਭਾਰਤ ਦੀਆਂ ਸਮੂਹ ਸੰਪ੍ਰਦਾਵਾਂ ਵਿਚੋਂ ਕੇਵਲ ਨਿਰਮਲ ਸੰਪ੍ਰਦਾਇ ਹੀ ਅਜਿਹੀ ਸੰਪ੍ਰਦਾਇ ਹੈ ਜਿਸ ਨੇ ਵੱਡੇ ਪੱਧਰ 'ਤੇ ਪਠਨ-ਪਾਠਨ ਦੇ ਮਾਹੌਲ ਨੂੰ ਅਪਣਾਇਆ। ਇਸ ਸੰਪ੍ਰਦਾਇ ਨੇ ਦੂਜੀਆਂ ਸੰਪ੍ਰਦਾਵਾਂ ਦੇ ਮੁਕਾਬਲੇ ਵੱਧ ਗ੍ਰੰਥ ਲਿਖੇ ਅਤੇ ਗੁਰਮਤਿ ਪ੍ਰਚਾਰ ਕੀਤਾ। ਜਨ ਸਾਧਾਰਨ ਨੂੰ ਆਪਣੇ ਕਿਰਦਾਰ ਨਾਲ ਪ੍ਰਭਾਵਿਤ ਕਰਕੇ ਬਾਣੀ ਅਤੇ ਬਾਣੇ ਲੜ ਲਾਉਣਾ ਇਨ੍ਹਾਂ ਦੇ ਮੁੱਖ ਕਾਰਜ ਰਹੇ ਹਨ। ਇਹੀ ਗੁਰਆਸ਼ਾ ਸੀ।

ਵਿਚਾਰਯੋਗ ਹੈ ਕਿ ਇਸ ਖੋਜ-ਕਾਰਜ ਦੇ ਇਸ ਅਧਿਆਇ (ਵਿਦਿਅਕ ਯੋਗਦਾਨ) ਦੀ ਪੜਚੋਲ ਕਰਦੇ ਸਮੇਂ ਨਿਰਮਲ ਸੰਪ੍ਰਦਾਇ ਦੇ ਜਿਥੇ ਚੰਗੇ ਪੱਖ ਉਭਰ ਕੇ ਸਾਹਮਣੇ ਆਏ ਉਥੇ ਕੁੱਝ ਅਜਿਹੇ ਤੱਥ ਵੀ ਸਾਹਮਣੇ ਆਏ ਹਨ ਜੋ ਕੁੱਝ ਨਵੇਂ ਪ੍ਰਸ਼ਨਾਂ ਨੂੰ ਜਨਮ ਦਿੰਦੇ ਹਨ, ਜਿਵੇਂ:

1. ਕਈ ਵਿਦਵਾਨਾਂ ਦੀਆਂ ਲਿਖਤਾਂ ਨਿਰਮਲ ਸੰਪ੍ਰਦਾਇ ਦੇ ਸੰਦਰਭ ਵਿਚ ਲਿਖਣ ਸਮੇਂ ਵਰਤਮਾਨ ਦੀ ਬਜਾਇ ਭੂਤਕਾਲ, ਭਾਵ 'ਹੈ' ਦੀ ਜਗ੍ਹਾ 'ਸੀ' ਜਾਂ 'ਹਨ' ਦੀ ਜਗ੍ਹਾ 'ਸਨ'' ਵਾਲੇ ਪੱਖ ਨਾਲ ਲਿਖ ਰਹੇ ਹਨ। ਵਿਦਵਾਨਾਂ ਦੀਆਂ ਅਜਿਹੀਆਂ ਲਿਖਤਾਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਨਿਰਮਲ ਸੰਪ੍ਰਦਾਇ ਦੀ ਕਾਰਜਸ਼ੈਲੀ ਵਿਚ ਖੜੋਤ ਆ ਗਈ ਹੈ, ਭਾਵ ਮੌਜੂਦਾ ਸਮੇਂ ਉਨੀ ਪ੍ਰਭਾਵਸ਼ਾਲੀ

ਨਹੀਂ ਰਹੀ ਜਿੰਨੀ ਪਹਿਲਾਂ ਸੀ। ਇਹ ਲੋਕਾਂ ਦੇ ਮਨਾਂ ਵਿਚ ਨਿਰਮਲ ਸੰਪ੍ਰਦਾਇ ਦੇ ਅਕਸ ਨੂੰ ਲੱਗੀ ਢਾਹ ਦਰਸਾਉਂਦੀਆਂ ਹਨ।

2. ਨਿਰਮਲ ਸੰਪ੍ਰਦਾਇ ਦੀਆਂ ਪ੍ਰਚਾਰਕ ਮੰਡਲੀਆਂ ਅਤੇ ਰੰਮਤ ਅਖਾੜੇ ਬੰਦ ਹੋ ਗਏ ਹਨ। ਇਨ੍ਹਾਂ ਦੇ ਬੰਦ ਹੋਣ ਨਾਲ ਪਿੰਡਾਂ, ਕਸਬਿਆਂ ਅਤੇ ਨਗਰਾਂ ਵਿਚ ਇਸ ਸੰਪ੍ਰਦਾਇ ਦੀ ਪਛਾਣ ਨੂੰ ਖੋਰਾ ਲੱਗਾ ਹੈ।

3. ਕੋਈ ਸਮਾਂ ਸੀ ਜਦੋਂ ਜਿਗਿਆਸੂ ਦੇ ਹਰ ਸ਼ੰਕੇ ਦਾ ਹੱਲ ਨਿਰਮਲਾ ਸਾਹਿਤ ਵਿਚੋਂ ਮਿਲ ਜਾਂਦਾ ਸੀ। ਇਹ ਸਮੇਂ ਦੇ ਨਾਲ ਚਲਦਾ, ਭਾਵ ਸਮੇਂ ਦਾ ਹਾਣੀ ਹੁੰਦਾ ਸੀ। ਪ੍ਰੰਤੂ ਅਜੋਕੇ ਸਮੇਂ ਨਵਾਂ ਮਿਆਰੀ ਸਾਹਿਤ ਤਾਂ ਕੀ ਰਚਨਾ ਸੀ ਪੁਰਾਤਨ ਦੀ ਹੀ ਸੰਭਾਲ ਨਹੀਂ ਹੋਈ। ਜਿਸ ਕਾਰਨ ਨਿਰਮਲਾ ਸਾਹਿਤ ਦੇ ਬਹੁਤ ਮੁੱਲਵਾਨ ਗ੍ਰੰਥ ਜਾਂਦੇ ਰਹੇ। ਇਥੋਂ ਸਹਿਜੇ ਅਨੁਭਵ ਹੋ ਜਾਂਦਾ ਹੈ ਕਿ ਸਾਹਿਤ ਰਚਨਾ ਸੰਬੰਧੀ ਨਿਰਮਲੇ ਵਿਦਵਾਨਾਂ ਦੇ ਉਤਸ਼ਾਹ ਅਤੇ ਲਗਨ ਵਿਚ ਕਮੀ ਆਈ ਹੈ।

4. ਪਹਿਲਾਂ ਨਿਰਮਲੇ ਸਥਾਨਾਂ ਵਿਚ ਵਿਦਿਆਰਥੀਆਂ ਅਤੇ ਵਿਦਵਾਨਾਂ ਦੀ ਬਹੁਤਾਤ ਸੀ। ਕਿਸੇ-ਕਿਸੇ ਸਥਾਨ ਵਿਚ ਤਾਂ ਸੈਂਕੜੇ ਵਿਦਿਆਰਥੀ ਵੀ ਹੁੰਦੇ ਸਨ। ਹੁਣ ਨਿਰਮਲੇ ਸਥਾਨਾਂ 'ਤੇ ਇਨ੍ਹਾਂ ਦੀ ਘਾਟ ਮਹਿਸੂਸ ਹੁੰਦੀ ਹੈ।

5. ਪਹਿਲਾਂ ਨਿਰਮਲੇ ਵਿਦਵਾਨ ਬਹੁਗੁਣੀ (ਪੰ. ਨਿਹਾਲ ਸਿੰਘ 'ਥੋਹਾਖ਼ਾਲਸਾ' ਵਾਂਗ) ਸਨ ਪਰ ਹੁਣ ਪੁਰਾਤਨ ਗੁਣ-ਗੌਰਵ ਨਜ਼ਰ ਨਹੀਂ ਆਉਂਦਾ।

6. ਨਿਰਮਲੇ ਸੰਤ ਆਪਣੇ ਸਥਾਨਾਂ ਵਿਚ ਜਿਗਿਆਸੂਆਂ ਨੂੰ ਵਿਦਿਆ ਦਾਨ ਦੇਣ ਸਮੇਂ ਗੁਰਬਾਣੀ ਦੀ ਸੰਥਿਆ ਅਤੇ ਗੁਰਮੁਖੀ ਗਿਆਨ ਦੇਣ ਨੂੰ ਪ੍ਰਾਥਮਿਕਤਾ ਦਿੰਦੇ ਸਨ ਪ੍ਰੰਤੂ ਮੌਜੂਦਾ ਸਮੇਂ ਇਹ ਰੁਝਾਨ ਵੀ ਘਟ ਗਿਆ ਹੈ।

ਖੋਜ ਕਰਦਿਆਂ ਨਿਰਮਲ ਸੰਪ੍ਰਦਾਇ ਕਈ ਹੋਰ ਪੱਖ ਵੀ (ਨਿਸਵਾਰਥ ਸੇਵਾ ਅਤੇ ਤਿਆਗ ਦੀ ਭਾਵਨਾ ਆਦਿ) ਸਾਹਮਣੇ ਆਉਂਦੇ ਸਨ ਜੋ ਨਿਰਮਲ ਸੰਪ੍ਰਦਾਇ ਦੇ ਅਕਸ ਨੂੰ ਉਭਾਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਸਨ। ਮੌਜੂਦਾ ਸਮੇਂ ਉਨ੍ਹਾਂ ਕਈ ਪੱਖਾਂ ਦੀ ਅਣਹੋਂਦ ਕਾਰਨ ਨਿਰਮਲ ਸੰਪ੍ਰਦਾਇ ਦੇ ਅਕਸ ਨੂੰ ਜੋ ਢਾਹ ਲੱਗੀ ਹੈ ਉਸਦੀ ਪੂਰਤੀ ਹੋਣਾ ਅਸੰਭਵ ਜਾਪਦਾ ਹੈ।

'ਸ੍ਰੀ ਪੰਚਾਇਤੀ ਅਖਾੜਾ ਨਿਰਮਲਾ' ਨੂੰ ਕਦੀ ਵੀ ਪੈਸੇ ਦੀ ਕੋਈ ਤੋਟ ਨਹੀਂ ਰਹੀ। ਪਹਿਲਾਂ ਰਾਜੇ-ਮਹਾਰਾਜੇ ਇਸ ਸੰਸਥਾ ਦੀ ਪੂਰੀ ਮਦਦ ਕਰਦੇ ਸਨ ਉਸ ਤੋਂ ਬਾਅਦ ਰਾਜਿਆਂ ਅਤੇ ਸ਼ਰਧਾਵਾਨ ਗੁਰਮਤਿ ਪ੍ਰੇਮੀਆਂ ਵੱਲੋਂ ਅਖਾੜੇ ਦੇ ਨਾਮ ਲਗਾਈ ਹੋਈ ਜਗੀਰ ਤੋਂ ਇਸ ਨੂੰ ਵਾਧੂ ਆਮਦਨ ਹੈ। ਆਰਥਿਕ ਪੱਖੋਂ ਇਹ ਸੰਪ੍ਰਦਾਇ ਬਹੁਤ ਮਜ਼ਬੂਤ ਹੈ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਨਿਰਮਲ ਸੰਪ੍ਰਦਾਇ ਦੇ ਮੁੱਖ ਸਥਾਨ (ਅਖਾੜੇ) ਵੱਲੋਂ ਕੋਈ ਵੱਡੀ ਵਿਦਿਅਕ ਸੰਸਥਾ, ਔਸ਼ਧਾਲਯ ਜਾਂ ਗੁਰਮਤਿ ਕੇਂਦਰ ਦੀ ਸਥਾਪਤੀ ਇਤਿਹਾਸ ਵਿਚ ਨਜਰੀਂ ਨਹੀਂ ਪੈਂਦੀ। ਨਿਰਮਲ ਸੰਪ੍ਰਦਾਇ ਦੇ ਇਸ ਮੋਢੀ ਅਖਾੜੇ ਨੂੰ ਚਾਹੀਦਾ ਸੀ ਕਿ ਇਹ ਕੋਈ ਵੱਡੀ ਸੰਸਥਾ ਦਾ ਨਿਰਮਾਣ ਕਰਦੀ ਜਿੱਥੇ ਉਹ ਵਿਰਾਸਤੀ ਸਾਹਿਤ ਦੀ ਵਿਦਿਆ ਦਿੰਦੀ ਅਤੇ ਨਵੇਂ ਕੀਰਤੀਮਾਨ ਸਥਾਪਤ ਕਰਦੀ ਪਰ ਅਜਿਹਾ ਨਹੀਂ ਹੋਇਆ। ਜਦੋਂ ਕਿ ਇਸ ਸੰਪ੍ਰਦਾਇ ਦੀਆਂ ਉਪ ਸ਼ਾਖਾਵਾਂ ਵੱਲੋਂ ਅਜਿਹੇ ਅਨੇਕਾਂ ਕਾਰਜ ਕੀਤੇ ਗਏ ਹਨ ਜਿਨ੍ਹਾਂ ਦੀ ਵਡਿਆਈ ਕਰਨੀ ਬਣਦੀ ਹੈ। ਉਨ੍ਹਾਂ ਹਸਪਤਾਲ, ਲੰਗਰ ਅਤੇ ਯੂਨੀਵਰਸਿਟੀ ਪੱਧਰ ਤੱਕ ਦੀਆਂ ਵਿਦਿਆਕ ਸੰਸਥਾਵਾਂ ਲੋਕਾਈ ਦੀ ਝੋਲੀ ਪਾਈਆਂ ਹਨ। ਇਹ ਸੰਸਥਾਵਾਂ ਨਿਰਮਲ ਸੰਪ੍ਰਦਾਇ ਦੀ ਬਹੁਪੱਖੀ ਸੇਵਾ ਭਾਵਨਾ ਨੂੰ ਰੂਪਮਾਨ ਕਰਦੀਆਂ ਇਸਦੀ ਰਵਾਨਗੀ ਦਾ ਪ੍ਰਤਿਪਾਦਨ ਕਰਦੀਆਂ ਹਨ।

ਖੋਜ-ਕਾਰਜ ਦੇ ਇਸ ਅਧਿਆਇ ਵਿਚਲੇ ਵਿਵੇਚਨ ਦਾ ਭਾਵ ਨਿਰਮਲ ਸੰਪ੍ਰਦਾਇ ਦੁਆਰਾ ਵਿਦਿਅਕ ਖੇਤਰ ਵਿਚ ਪਾਏ ਯੋਗਦਾਨ ਦੀ ਪੜਚੋਲ ਕਰਕੇ ਉਭਰ ਰਹੇ ਤੱਥਾਂ ਨੂੰ ਸਾਹਮਣੇ ਲਿਆਉਣਾ ਸੀ। ਇਸ ਸੰਦਰਭ ਵਿਚ ਸੰਪ੍ਰਦਾਇ ਦੇ ਹੋਏ ਅਤੇ ਹੋ ਰਹੇ ਕਾਰਜਾਂ ਦੀ ਪੜਚੋਲ ਕਰਨ ਲਈ ਸਾਹਿਤਕ ਪੁਣਛਾਣ ਤੋਂ ਇਲਾਵਾ ਖੇਤਰੀ ਸਰਵੇਖਣ ਕੀਤੇ ਗਏ, ਨਿਰਮਲੇ ਵਿਦਵਾਨਾਂ, ਸੰਤਾਂ, ਮਹੰਤਾਂ ਅਤੇ ਪ੍ਰਬੰਧਕਾਂ ਨਾਲ ਗੋਸ਼ਟਾਂ ਕਰਨ ਉਪਰੰਤ ਜੋ ਰਾਇ ਬਣੀ ਉਸ ਦਾ ਜ਼ਿਕਰ ਪਿਛੇ ਕੀਤਾ ਜਾ ਚੁੱਕਾ ਹੈ। ਖੋਜ-ਕਾਰਜ ਦੌਰਾਨ ਨਿਰਮਲ ਸੰਪ੍ਰਦਾਇ ਦੇ ਵਿਦਿਅਕ ਖੇਤਰ ਵਿਚ ਕੁੱਝ ਅਜਿਹੇ ਨਿਵੇਕਲੇ ਕਾਰਜ ਵੀ ਨਜ਼ਰ ਵਿਚ ਆਏ ਹਨ ਜੋ ਇਸ ਸੰਪ੍ਰਦਾਇ ਨੂੰ ਦੂਜੀਆਂ ਸੰਪ੍ਰਦਾਵਾਂ ਨਾਲੋਂ ਨਿਖੇੜਦੇ ਅਤੇ ਉਭਾਰਦੇ ਹਨ:

**ਨਿਰਮਲ ਸੰਪ੍ਰਦਾਇ ਦੇ ਵਿਦਿਅਕ ਖੇਤਰ ਵਿਚ ਨਿਵੇਕਲੇ ਉਪਰਾਲੇ:**

1. ਨਿਰਮਲ ਸੰਪ੍ਰਦਾਇ ਸਿੱਖਾਂ ਨੂੰ ਸੰਸਕ੍ਰਿਤ ਵਿਦਿਆ ਦੇਣ ਵਾਲੀ ਇਕੱਲੀ ਸੰਪ੍ਰਦਾਇ ਹੈ ਜਿਸ ਨੇ ਸੰਸਕ੍ਰਿਤ ਭਾਸ਼ਾ ਦੀ ਵਿਦਿਆ ਗ੍ਰਹਿਣ ਕਰਨ ਲਈ ਵਿਦਿਆਲੇ ਵੀ ਸਥਾਪਿਤ ਕੀਤੇ ਹੋਏ ਹਨ। ਗੁਰੂ ਸਾਹਿਬ ਦੀ ਇੱਛਾ ਸੀ ਕਿ ਮੇਰੇ ਸਿੱਖ ਪੁਰਾਤਨ ਕਲਾਸੀਕਲ ਜ਼ਬਾਨਾਂ ਦੇ ਗਿਆਤਾ ਬਣਨ, ਗੁਰਇੱਛਾ ਦੀ

ਪੂਰਤੀ ਕਰਦਿਆਂ ਨਿਰਮਲੇ ਵਿਦਵਾਨ ਜਿਥੇ ਇਸ ਭਾਸ਼ਾ ਦੇ ਮਹਾਨ ਵਿਦਵਾਨ ਬਣੇ ਉਥੇ ਉਨ੍ਹਾਂ ਸੰਸਕ੍ਰਿਤ ਵਿਚ ਬਹੁਤ ਸਾਰਾ ਸਾਹਿਤ ਵੀ ਰਚਿਆ ਅਤੇ ਇਹ ਵਿਦਵਾਨ ਵੀ ਸਨਾਤਨੀ ਵਿਦਵਾਨਾਂ ਵਾਂਗ 'ਪੰਡਿਤ ਜੀ' ਆਦਿ ਲਕਬ ਨਾਲ ਸਤਿਕਾਰੇ, ਸਨਮਾਨੇ ਗਏ।

2. ਇਕ ਸੰਪ੍ਰਦਾਇ ਦੇ ਤੌਰ 'ਤੇ ਸਾਹਿਤ-ਸਿਰਜਣਾ ਵਿਚ ਨਿਰਮਲ ਸੰਪ੍ਰਦਾਇ ਦਾ ਵਿਸ਼ਵ ਵਿਚ ਕੋਈ ਸੰਪ੍ਰਦਾਇ ਮੁਕਾਬਲਾ ਨਹੀਂ ਕਰ ਸਕਦੀ। ਨਿਰਮਲੇ ਵਿਦਵਾਨਾਂ ਦਾ ਮੁੱਖ ਉਦੇਸ਼ ਭਾਵੇਂ ਗੁਰਬਾਣੀ ਪ੍ਰਚਾਰ, ਗੁਰੂ ਨਾਨਕ ਸਿਧਾਂਤ ਦੀ ਵਿਆਖਿਆ ਹੀ ਸੀ ਪਰ ਫਿਰ ਵੀ ਇਨ੍ਹਾਂ ਨੇ ਧਰਮ, ਕਰਮਕਾਂਡ, ਵੇਦਾਂਤ, ਨਯਾਯ, ਇਤਿਹਾਸ, ਮਿਥਿਹਾਸ, ਟੀਕੇ, ਕੋਸ਼, ਵਿਆਕਰਣ ਆਦਿ ਦੇ ਵਡਮੁੱਲੇ ਗ੍ਰੰਥਾਂ ਦੀ ਰਚਨਾ ਕਰਕੇ ਭਾਰਤੀ ਸਾਹਿਤ ਨੂੰ ਅਮੀਰੀ ਬਖ਼ਸ਼ੀ ਹੈ।

3. ਨਿਰਮਲੇ ਸੰਤਾਂ ਨੇ ਪਰਮਾਤਮਾ ਦੀ ਮਿਹਰ ਸਦਕਾ ਦੁਨਿਆਵੀ ਵਲਗਣਾ ਤੋਂ ਉਪਰ ਉਠ ਕੇ, ਆਪਣੇ ਘਰ-ਬਾਰ ਅਤੇ ਸਾਰੀਆਂ ਸੁਖ-ਸਹੂਲਤਾਂ ਤਿਆਗ ਕੇ ਸਿਰਫ ਸੇਵਾ ਭਾਵਨਾ ਨਾਲ ਗੁਰੂ ਸਾਹਿਬ ਦੇ ਉਦੇਸ਼ ਅਤੇ ਆਦੇਸ਼ ਦੀ ਪੂਰਤੀ ਲਈ ਥਾਂ-ਥਾਂ ਭ੍ਰਮਣ ਕੀਤਾ। ਇਸ ਸੰਪ੍ਰਦਾਇ ਨੇ ਵਿਦਵਾਨ ਸੰਤਾਂ ਦੀਆਂ ਅਜਿਹੀਆਂ ਪ੍ਰਚਾਰਕ ਮੰਡਲੀਆਂ ਸਥਾਪਿਤ ਕੀਤੀਆਂ ਜੋ ਦੇਸ਼ ਦੇ ਕੋਨੇ-ਕੋਨੇ ਵਿਚ ਜਾ ਕੇ ਵਿਦਿਆ ਅਤੇ ਗੁਰਮਤਿ ਪ੍ਰਚਾਰ ਦੀ ਜ਼ਿੰਮੇਵਾਰੀ ਨਿਭਾਉਂਦੀਆਂ ਰਹੀਆਂ ਹਨ। ਇਸ ਵਿਚਲੇ ਸੰਤ ਥਾਂ-ਥਾਂ ਜਾ ਕੇ ਗਿਆਨ ਦਾ ਦੀਵਾ ਜਗਾਉਂਦੇ ਰਹੇ ਹਨ। ਇਸ ਨਾਲ ਉਨ੍ਹਾਂ ਜਿਗਿਆਸੂਆਂ ਨੂੰ ਬਹੁਤ ਲਾਭ ਮਿਲਦਾ ਰਿਹਾ ਜੋ ਘਰੋਗੀ ਜ਼ਿੰਦਗੀ ਦਾ ਤਿਆਗ ਕਰਕੇ ਕਿਸੇ ਟਿਕਾਣਿਆਂ 'ਤੇ ਜਾ ਕੇ ਵਿਦਿਆ ਗ੍ਰਹਿਣ ਕਰਨ ਤੋਂ ਅਸਮਰੱਥ ਸਨ। ਅਜਿਹੇ ਵਿਦਵਾਨ ਪ੍ਰਚਾਰਕ ਦਲ ਹੋਰ ਸੰਪ੍ਰਦਾਵਾਂ ਦੇ ਇਤਿਹਾਸ ਵਿਚ ਪੜ੍ਹਨ-ਸੁਣਨ ਨੂੰ ਨਹੀਂ ਮਿਲਦੇ।

4. ਸਨਾਤਨੀ ਭੇਸ ਵਿਚ ਗੁਰੂ ਸਾਹਿਬ ਦੁਆਰਾ ਵਰੋਸਾਈ ਇਕੱਲੀ ਵਿਦਵਾਨ ਸੰਪ੍ਰਦਾਇ ਹੈ ਜਿਸ ਦਾ ਮੁੱਢ ਗੁਰੂ ਗੋਬਿੰਦ ਸਿੰਘ ਜੀ ਨੇ ਵਿਦਵਾਨ ਮੰਡਲੀ ਨੂੰ ਕਾਸ਼ੀ ਵਿਦਿਆ ਗ੍ਰਹਿਣ ਲਈ ਭੇਜ ਕੇ ਆਪ ਕੀਤਾ।

5. ਨਿਰਮਲ ਸੰਪ੍ਰਦਾਇ ਵਿਦਿਆ ਵਿਚ ਮੁਹਾਰਤ ਹਾਸਲ ਕਰਨ ਕਰਕੇ ਰਾਜ ਦਰਬਾਰਾਂ ਵਿਚ ਰਾਜ-ਕਵੀ ਜਾਂ ਸਲਾਹਕਾਰ ਦੀ ਉਪਾਧੀ ਪ੍ਰਾਪਤ ਕਰਨ ਵਾਲੇ ਵਿਦਵਾਨ ਸੰਤਾਂ ਦੀ ਸੰਪ੍ਰਦਾਇ ਹੈ। ਜਿਸ ਨੇ ਸਿੱਖ ਧਰਮ ਪ੍ਰਤੀ ਸ਼ੰਕੇ ਖੜ੍ਹੇ ਕਰਨ ਵਾਲਿਆਂ ਨਾਲ ਸ਼ਾਸਤ੍ਰਾਰਥ ਰਚਾ ਕੇ ਉਨ੍ਹਾਂ ਦੇ ਸ਼ੰਕਿਆਂ ਦੀ ਨਵਿਰਤੀ ਕੀਤੀ ਅਤੇ ਸਿੱਖ ਧਰਮ ਦੇ ਅਕਸ ਨੂੰ ਉਭਾਰਿਆ।

ਗੁਰੂ ਸਾਹਿਬ ਦੇ ਪ੍ਰਲੋਕ ਗਮਨ ਉਪਰੰਤ ਨਿਰਮਲ ਸੰਪ੍ਰਦਾਇ ਨੇ ਸਮੁੱਚੇ ਭਾਰਤ ਵਿਚ ਵਿਦਿਆ-ਦਾਨ ਨੂੰ ਇਕ ਲਹਿਰ ਦੇ ਰੂਪ ਵਿਚ ਪ੍ਰਚਾਰਿਆ। ਪਹਿਲਾਂ ਇਹ ਇਕੱਲੀ ਸਿੱਖ ਸੰਪ੍ਰਦਾਇ ਸੀ ਜਿਸ ਦੇ ਸੰਤਾਂ ਨੇ ਸਿੰਘ ਸਭਾਵਾਂ ਦੇ ਹੋਂਦ ਵਿਚ ਆਉਣ ਤੱਕ ਵੱਡੇ ਪੱਧਰ ’ਤੇ ਵਿਦਿਅਕ ਸੋਮੇਂ ਸਥਾਪਿਤ ਕਰਕੇ ਉੱਚ ਪੱਧਰ ਦੇ ਵਿਦਵਾਨ ਪੈਦਾ ਕੀਤੇ ਅਤੇ ਲੋਕਾਈ ਨੂੰ ਅੱਖਰ ਗਿਆਨ ਦਿੱਤਾ ਹੈ।

**ਨਿਰਮਲੇ ਵਿਦਵਾਨਾਂ ਦੀ ਸਾਹਿਤ ਰਚਨਾ (ਗ੍ਰੰਥਾਂ ਦੀ ਸੂਚੀ)**

ਨਿਰਮਲੇ ਵਿਦਵਾਨਾਂ ਨੇ ਬਹੁਤ ਸਾਰਾ ਸਾਹਿਤ ਕਾਨੀਬੱਧ ਕੀਤਾ ਹੈ ਇਹ ਸਾਹਿਤ ਨਿਰਮਲ ਸੰਪ੍ਰਦਾਇ ਦਾ ਅਮੁੱਲ ਖ਼ਜਾਨਾ ਹੈ। ਨਿਰਮਲੇ ਵਿਦਵਾਨਾਂ ਦੀ ਸਾਹਿਤ ਰਚਨ ਦੀ ਰੁਚੀ ਸ਼ੁਰੂ ਤੋਂ ਹੀ ਰਹੀ ਹੈ, ਜਿਸਦੀ ਪ੍ਰੋੜਤਾ ਕਰਦੇ “ਗਿਆਨੀ ਗਿਆਨ ਸਿੰਘ ਲਿਖਦੇ ਹਨ:[163]

ਪੁਸਤਕ ਰਚੇ ਨਿਰਮਲਯੋ ਜੇਹੈ। ਪਰਾਚੀਨ ਕਿਛ ਕੈਹੋਂ ਤੇਹੈਂ।
ਸਤ੍ਰਾ ਸੈ ਪਚਾਨਵੇਂ ਮਾਹੈ। ਸਦਾ ਸਿੰਘ ਨੇ ਕਾਂਸੀ ਜਾਹੈ।
ਚੇਤਨ ਮਠ ਦਿਢ ਬਾਧਯੋ ਨੀਕਾ। ਰਚਯੋ ਅਦ੍ਵੈਤ ਸਿਧੀ ਪਤ ਟੀਕਾ।
ਪਢਨ ਹਾਰ ਪੰਡਤ ਬਹੁ ਜਾਨੈ। ਪੁਨ ਗੁਲਾਬ ਸਿੰਘ ਭਯੋ ਮਹਾਨੈ।
ਭਾਵਰ ਸਾਮ੍ਰਿਤ ਜਾਹਿ ਰਚਾਯੋ। ਕਰਮ ਵਿਪਾਕ ਸ੍ਵਪਨ ਅਧਯਾਯੋ।
ਨਾਟਕ ਚੰਦ੍ਰ ਪ੍ਰਬੋਧ ਉਧਾਰੇ। ਮੋਖ ਪੰਥ ਅਧਾਯਾਤਮ ਭਾਰੇ।
ਗੁਰੂ ਕੌਮ ਦੀ ਕੌਰ ਮ੍ਰਿਗੇਸ। ਪਰਾਚੀਨ ਹੈ ਰਚੀ ਵਿਸੇਸ।
ਇਤਿਯਾਦਕ ਉਨ ਗ੍ਰੰਥ ਅਪਾਰੇ। ਜਬ ਜਬ ਰਚੇਸੋ ਲੇਹੁ ਨਿਹਾਰੇ।”

ਜਿਸ ਤਰਾਂ ਪਿੱਛੇ ਜ਼ਿਕਰ ਕੀਤਾ ਗਿਆ ਹੈ ਕਿ ਨਿਰਮਲੇ ਵਿਦਵਾਨਾਂ ਦੀਆਂ ਜਿਨ੍ਹਾਂ ਰਚਨਾਵਾਂ ਦੇ ਜਿੰਨੇ ਵੀ (ਅਧੂਰੇ-ਪੂਰੇ) ਵੇਰਵੇ ਮਿਲਦੇ ਹਨ ਉਨ੍ਹਾਂ ਨੂੰ ਇਸ ਜਗ੍ਹਾ ਇਕੱਠਾ ਕਰਕੇ ਲਿਖਿਆ ਜਾ ਰਿਹਾ ਹੈ। ਬਹੁਤ ਸਾਰੇ ਗ੍ਰੰਥਾਂ ਦੇ ਸਿਰਫ਼ ਨਾਮ ਅਤੇ ਕਰਤਾ ਦੇ ਨਾਮ ਹੀ ਮਿਲਦੇ ਹਨ ਉਨ੍ਹਾਂ ਨੂੰ ਵੀ ਇਸ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਅਲੱਗ-ਅਲੱਗ ਸਰੋਤਾਂ ਵਿਚ ਆਏ ਵੇਰਵਿਆਂ ਨੂੰ ਇਕੱਤਰ ਕਰਕੇ ਲਿਖਣ ਨਾਲ ਜਿਥੇ ਸਾਨੂੰ ਨਿਰਮਲਾ ਸਾਹਿਤ ਦੀ ਅਮੀਰੀ ਦਾ ਅਹਿਸਾਸ ਹੋਵੇਗਾ ਉਥੇ ਨਿਰਮਲਾ ਸਾਹਿਤ ਦੇ ਗ੍ਰੰਥਾਂ ਦੀ ਸੂਚੀ ਵੀ ਬਣ ਜਾਵੇਗੀ ਜਿਸ ਵਿਚ ਵਾਧੇ ਦੀ ਸੰਭਾਵਨਾ ਬਣੀ ਰਹੇਗੀ।

[163] ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨੇ 1260-1261.

## 1777 ਈ. ਤੋਂ 1910 ਈ. ਤੱਕ ਅਤੇ ਮਿਤੀਹੀਣ ਗ੍ਰੰਥਾਂ ਦੀ ਸੂਚੀ

| ਨੰ. | ਗ੍ਰੰਥਕਾਰ ਦਾ ਨਾਮ | ਗ੍ਰੰਥ ਦਾ ਨਾਮ | ਪ੍ਰਕਾਸ਼ਨ ਸਾਲ | ਭਾਸ਼ਾ |
|---|---|---|---|---|
| 1 | ਪੰਡਿਤ ਗੁਲਾਬ ਸਿੰਘ | 1. ਭਾਵਰਾਸਾਮ੍ਰਿਤ | 1777 ਈ. | ਪੰਜਾਬੀ |
| | | 2. ਮੋਖ ਪੰਥ ਪ੍ਰਕਾਸ਼ (ਮੋਖ ਪੰਥ) | 1778 ਈ. | ਪੰਜਾਬੀ |
| | | 3. ਅਧਯਾਤਮ ਰਾਮਾਯਣ (ਤਰਜਮਾ) | 1778 ਈ. | ਪੰਜਾਬੀ |
| | | 4. ਪ੍ਰਬੋਧ ਚੰਦਰ ਨਾਟਕ | 1779 ਈ. | ਪੰਜਾਬੀ |
| | | 5. ਕਰਮ ਵਿਪਾਕ | 1779 ਈ. | ਪੰਜਾਬੀ |
| 2 | ਪੰਡਿਤ ਗੋਬਿੰਦ ਸਿੰਘ ਜੀ ਨਿਰਮਲ ਸਾਧੂ | 1. ਵੇਦਾਂਤ ਪਰਿਭਾਸ਼ਾ | ਸੰ. 1979 | ਹਿੰਦੀ |
| | | 2. ਵੈਰਾਗ ਸ਼ਤਕ : ਭਾਸ਼ਾ ਟੀਕਾ | | ਹਿੰਦੀ |
| | | 3. ਨਯਾਯ ਮੁਕਤਾਵਲੀ ਦਾ ਹਿੰਦੀ ਟੀਕਾ | 1831 ਈ. | ਹਿੰਦੀ |
| | | 4. ਇਤਿਹਾਸ ਗੁਰੂ ਖਾਲਸਾ | | ਹਿੰਦੀ |
| | | 5. ਉਦਯੋਗ ਤਥਾ ਪ੍ਰਾਰਬਧ | | ਹਿੰਦੀ |
| 3 | ਪੰਡਿਤ ਸਾਧੂ ਸਿੰਘ ਜੀ ਪੀਲੀਭੀਤ | 1. ਸ੍ਰੀ ਗੁਰੂ ਸਿਖਸ਼ਾ ਪ੍ਰਭਾਕਰ (ਪੰਜ ਭਾਗ) | | ਹਿੰਦੀ |
| | | 2. ਗੁਰੂ ਗ੍ਰੰਥ ਪ੍ਰਦੀਪ (ਜਪੁ ਸਟੀਕ) | 1906 ਈ. | ਹਿੰਦੀ |
| | | 3. ਸਤਯਾਰਥ ਵਿਵੇਕ | | ਹਿੰਦੀ |
| | | 4. ਸ੍ਰੀ ਮੁਖ ਵਾਕਯ ਸਿਧਾਂਤ | | ਹਿੰਦੀ |
| | | 5. ਗੁਰੂ ਕੀਰਤਿ ਕਵਿਤਾਵਲੀ | | ਹਿੰਦੀ |
| 4 | ਪੰਡਿਤ ਪ੍ਰੇਮ ਸਿੰਘ ਜੀ ਰਿਸ਼ੀਕੇਸ਼ | 1. ਗੁਰੂ ਸਤ੍ਰੋਤ | | ਸੰਸਕ੍ਰਿਤ |
| | | 2. ਗੁਰੂ ਸਤੁਤੀ ਦਸਕਮ ਸਤੋਤ੍ਰ | | ਸੰਸਕ੍ਰਿਤ |
| | | 3. ਵਾਹਿਗੁਰੂ ਮੰਤ੍ਰ ਸਤੋਤ੍ਰ | | ਸੰਸਕ੍ਰਿਤ |
| | | 5. ਸੀ ਗੁਰੂ ਸਤਿਸਾਰ ਸਤੋਤ੍ਰ | | ਸੰਸਕ੍ਰਿਤ |
| 5 | ਪੰ. ਨਿਹਾਲ ਸਿੰਘ | 1. ਗੁਰਮਤ ਜੀਵਨ | | ਪੰਜਾਬੀ |
| 6 | ਪੰਡਿਤ ਨਿਹਾਲ ਸਿੰਘ ਜੀ ਕਵੀਂਦ੍ਰ, | 1. ਕਵੀਂਦ੍ਰ ਪ੍ਰਕਾਸ਼ | 1858 ਈ. | ਪੰਜਾਬੀ |
| | | 2. ਹੋਲੀ ਜੁਲਾਸ | | ਪੰਜਾਬੀ |

| | | | | |
|---|---|---|---|---|
| | ਬੁੰਗਾ ਸੋਹਲਾਂ ਵਾਲਾ, ਅੰਮ੍ਰਿਤਸਰ, | 3. ਸੁਧਾਸਰ ਸ਼ਤਕ ਪਚੀਸਾ | 1863 ਈ. | ਪੰਜਾਬੀ |
| | | 4. ਭਵ ਸਾਗਰ ਸੇਤੁ | 1848 ਈ. | ਪੰਜਾਬੀ |
| | | 5. ਸ੍ਰੀ ਦੋਹਰਾ ਭੇਦਾਵਲੀ | | ਪੰਜਾਬੀ |
| | | 6. ਨਿਰਮਲ ਸੰਪ੍ਰਦਾ ਪ੍ਰਕਾਸ਼ | | ਪੰਜਾਬੀ |
| | | 7. ਵੇਦਾਂਤੀ ਬਾਰਾਂ ਮਾਹਾ (ਪੁਨਰ ਛਾਪ) | ਸੰ. 1904 | ਪੰਜਾਬੀ |
| | | 8. ਛਪਸ ਭੇਦਾਵਲੀ | | ਪੰਜਾਬੀ |
| | | 9. ਕਵੀਂਦ੍ਰ ਕਵਿਤਾਵਲੀ | | ਪੰਜਾਬੀ |
| | | 10. ਖੋੜਸ ਤਿਥਾਂ ਵੇਦਾਂਤੀ | | ਪੰਜਾਬੀ |
| | | 11. ਖਟ ਸ਼ਾਸਤ੍ਰ ਕੋ ਸਾਰ | | ਪੰਜਾਬੀ |
| | | 12. ਅਪ੍ਰੋਖ ਅਨੁਭਵ ਪ੍ਰਕਾਸ਼ | | ਪੰਜਾਬੀ |
| | | 13. ਅਮੋਲਾ ਹੋਲਾ | | ਪੰਜਾਬੀ |
| 7 | ਪੰ. ਨਿਹਾਲ ਸਿੰਘ, ਥੋਹਾ ਖਾਲਸਾ, ਜ਼ਿਲ੍ਹਾ: ਰਾਵਲਪਿੰਡੀ, ਪਾਕਿਸਤਾਨ | 1. ਜਪੁ ਨਿਬੰਧ ਸਹਿੰਤਾ ਗੂਢਾਰਥ ਦੀਪਕਾ | 1849 ਈ. | ਸੰਸਕ੍ਰਿਤ |
| | | 2. ਖਾਲਸਾ ਸ਼ਤਕ | | ਸੰਸਕ੍ਰਿਤ |
| | | 3. ਗੁਰੂ ਸਿਧਾਂਤ (ਟੀਕਾ ਜਪੁਜੀ) | | ਪੰਜਾਬੀ |
| | | 4. ਗੁਰ ਸਿਧਾਂਤ ਰਵਿ ਪ੍ਰਕਾਸ਼ | | ਪੰਜਾਬੀ |
| | | 5. ਚਕ੍ਰਧਰ ਚਰਿਤ੍ਰ ਚਾਰੁ ਚੰਦ੍ਰਿਕਾ (ਜਾਪੁ ਸਾਹਿਬ, ਦਸਮ ਗ੍ਰੰਥ ਦੀ ਟੀਕਾ) | 1898 ਈ. | ਹਿੰਦੀ |
| 8 | ਸੰਤ ਨਿਹਾਲ ਸਿੰਘ ਗੋਬਿੰਦ ਮੰਦਿਰ ਲਾਹੌਰ | 1. ਨਿਰਮਲ ਪ੍ਰਭਾਕਰ | 1902 ਈ. | ਪੰਜਾਬੀ |
| | | 2. ਸਿਖੀ ਪ੍ਰਭਾਕਰ | 1902 ਈ. | ਪੰਜਾਬੀ |
| | | 3. ਅਕਾਲ ਨਾਟਕ | | ਪੰਜਾਬੀ |
| | | 4. ਸ੍ਰੀ ਜਗਤ ਗੁਰੂ ਪੰਥ ਪ੍ਰਬੋਧ ਨਾਟਕ | | ਪੰਜਾਬੀ |
| | | 5. ਨਿਰਮਲ ਪੰਥ ਪ੍ਰਬੋਧ | | ਪੰਜਾਬੀ |
| 9 | ਸੰਤ ਤਾਰਾ ਸਿੰਘ (ਤਰਨਤਾਰਨ) | 1. ਮੁਮਖਸ਼ੂ ਬੋਧਨ ਪ੍ਰਕਾਸ਼ | | ਹਿੰਦੀ |
| 10 | ਗਿਆਨੀ ਗਿਆਨ ਸਿੰਘ, ਲੌਂਗੋਵਾਲ | 1. ਤ੍ਵਾਰੀਖ ਗੁਰੂ ਖਾਲਸਾ (3 ਭਾਗ) | 1905 ਈ. | ਪੰਜਾਬੀ |
| | | 2. ਸ੍ਰੀ ਗੁਰੁ ਪੰਥ ਪ੍ਰਕਾਸ਼ | 1875 ਈ. | ਪੰਜਾਬੀ |

| | | | | |
|---|---|---|---|---|
| | | 3. ਨਿਰਮਲ ਪੰਥ ਪ੍ਰਦੀਪਕਾ | 1891 ਈ. | ਪੰਜਾਬੀ |
| | | 4. ਸ਼ਮਸ਼ੇਰ ਖਾਲਸਾ, ਰਾਜ ਖਾਲਸਾ (2 ਭਾਗ) | 1925 ਈ. | |
| | | 5. ਰਿਪੁਦਮਨ ਪ੍ਰਕਾਸ਼ (ਪੰਜ ਭਾਗ) | 1919 ਈ. | ਪੰਜਾਬੀ |
| | | 6. ਇਤਿਹਾਸ ਗੁਰੂ ਖਾਲਸਾ | 1946 ਈ. | ਪੰਜਾਬੀ |
| | | 7. ਇਤਿਹਾਸ ਬਾਗੜੀਆਂ | 1917 ਈ. | ਪੰਜਾਬੀ |
| | | 8. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਵਿਧੀ (ਪੁਨਰ ਛਾਪ) | 1968 ਈ. | ਪੰਜਾਬੀ |
| | | 9. ਗੁਰਧਾਮ ਸੰਗ੍ਰਹਿ | 1921 ਈ. | ਪੰਜਾਬੀ |
| | | 10. ਇਤਿਹਾਸ ਭਾਈ ਰੂਪ ਚੰਦ | | ਪੰਜਾਬੀ |
| | | 11. ਪਤਿਤ ਪਾਵਨ | 1895 ਈ. | ਪੰਜਾਬੀ |
| | | 12. ਅੰਮ੍ਰਿਤ ਪ੍ਰਕਾਸ਼ | | ਪੰਜਾਬੀ |
| | | 13. ਸਰਦਾਰ ਖਾਲਸਾ | | ਪੰਜਾਬੀ |
| | | 14. ਤਵਾਰੀਖ ਸ੍ਰੀ ਅੰਮ੍ਰਿਤਸਰ (ਉਰਦੂ) | 1919 ਈ. | ਪੰਜਾਬੀ |
| | | 15. ਰਾਮਾਇਣ ਭਾਈ ਮਨੀ ਸਿੰਘ | | ਪੰਜਾਬੀ |
| | | 16. ਕੰਵਰ ਫੂਲਮਾਲਾ | | ਪੰਜਾਬੀ |
| | | 17. ਨੀਤੀ ਪ੍ਰਕਾਸ਼ | | ਪੰਜਾਬੀ |
| | | 18. ਰਾਜ ਖਾਲਸਾ | 1894 ਈ. | ਪੰਜਾਬੀ |
| | | 19. ਪੰਥ ਖਾਲਸਾ | | ਪੰਜਾਬੀ |
| | | 20. ਸੂਰਜ ਪ੍ਰਕਾਸ਼ ਵਾਰਤਕ (ਤਿੰਨ ਭਾਗ) | | ਪੰਜਾਬੀ |
| | | 21. ਕਥਾ ਪੂਰਨਮਾਸ਼ੀ | | ਪੰਜਾਬੀ |
| | | 22. ਭੁਪਿੰਦਰਾ ਨੰਦ | 1917 ਈ. | ਪੰਜਾਬੀ |
| | | 23. ਤਵਾਰੀਖ ਲਾਹੌਰ | | |
| | | 24. ਅਨਿਕ ਪ੍ਰਕਾਰ | | ਪੰਜਾਬੀ |
| | | 25. ਦੋਹਾਵਲੀ | | ਪੰਜਾਬੀ |
| | | 26. ਪ੍ਰਸ਼ਨੋਤ੍ਰੀ | | ਪੰਜਾਬੀ |
| | | 27. ਭੇਖ ਭਾਸਕਰ | | ਪੰਜਾਬੀ |

| | | | | |
|---|---|---|---|---|
| | | 28. ਪੰਜਾਬੀ ਸ਼ੀਹਰਫੀ | | ਪੰਜਾਬੀ |
| | | 29. ਇਕ ਵੈਦਕ ਦੀ ਪੁਸਤਕ | | ਪੰਜਾਬੀ |
| | | 30. ਗੁਰਪੁਰਬ ਪ੍ਰਕਾਸ਼ | ਸੰ. 1940 | ਪੰਜਾਬੀ |
| | | 31. ਸਵੈ ਜੀਵਨੀ ਗਿ. ਗਿਆਨ ਸਿੰਘ | | ਪੰਜਾਬੀ |
| | | 32. ਟੀਕਾ ਜਪੁਜੀ ਸਾਹਿਬ ਜੀ | | ਪੰਜਾਬੀ |
| 11 | ਪੰਡਿਤ ਤਾਰਾ ਸਿੰਘ ਨਰੋਤਮ | 1. ਟੀਕਾ ਗੁਰੂ ਭਾਵ ਦੀਪਕਾ (ਟੀਕਾ) | 1881 ਈ. | ਪੰਜਾਬੀ |
| | | 2. ਮੋਖ ਪੰਥ ਦੀ ਟੀਕਾ | 1865 ਈ. | ਹਿੰਦੀ |
| | | 3. ਸੁਰਤਰੂ ਕੋਸ਼ | 1866 ਈ. | |
| | | 4. ਗੁਰਮਤਿ ਨਿਰਣਯ ਸਾਗਰ | 1877 ਈ. | ਪੰਜਾਬੀ |
| | | 5. ਪ੍ਰੀਖਿਯਾ ਪ੍ਰਕਰਣ | 1878 ਈ. | ਪੰਜਾਬੀ |
| | | 6. ਵਾਹਿਗੁਰੂ ਸ਼ਬਦਾਰਥ | 1878 ਈ. | ਪੰਜਾਬੀ |
| | | 7. ਅਕਾਲ ਮੂਰਤ ਪ੍ਰਦਰਸ਼ਨ | 1878 ਈ. | ਪੰਜਾਬੀ |
| | | 8. ਕਾਲਾਦਿ ਸ਼ਬਦਾਰਥ | 1878 ਈ. | ਪੰਜਾਬੀ |
| | | 9. ਗੁਰੂ ਵੰਸ਼ ਦਰਪਣ | 1878 ਈ. | ਪੰਜਾਬੀ |
| | | 10. ਜਪੁਜੀ, ਰਹਰਾਸ, ਕੀਰਤਨ ਸੋਹਿਲਾ ਅਤੇ ਹਜ਼ਾਰੇ ਸ਼ਬਦਾਂ ਦੀ ਟੀਕਾ | 1880 ਈ. | ਪੰਜਾਬੀ |
| | | 11. ਟੀਕਾ ਭਗਤ ਬਾਣੀ | 1882 ਈ. | ਪੰਜਾਬੀ |
| | | 12. ਗੁਰ ਤੀਰਥ ਸੰਗ੍ਰਹਿ | 1883 ਈ. | ਪੰਜਾਬੀ |
| | | 13. ਸ੍ਰੀ ਰਾਗ, ਗਾਉੜੀ ਰਾਗ ਦੀ ਵਿਸਤਾਰ ਸਹਿਤ ਟੀਕਾ | 1885 ਈ. | ਪੰਜਾਬੀ |
| | | 14. ਗੁਰੁ ਗਿਰਾਰਥ ਕੋਸ਼ (ਭਾਗ ਪਹਿਲਾ) | 1891 ਈ. | ਪੰਜਾਬੀ |
| | | 15. ਗੁਰੁ ਗਿਰਾਰਥ ਕੋਸ਼ (ਭਾਗ ਦੂਜਾ) | 1898 ਈ. | ਪੰਜਾਬੀ |
| | | 16. ਭਯਾਨਕ ਬਚਨ ਸੰਗ੍ਰਹਿ (ਪੁਨਰ ਛਾਪ) | 1969 ਈ. | ਪੰਜਾਬੀ |
| 12 | ਤਾਰਾ ਸਿੰਘ ਲਾਹੌਰ ਵਾਲੇ | 1. ਨਿਰਮਲ ਪ੍ਰਭਾਕਰ | | ਪੰਜਾਬੀ |
| | | 2. ਮਲੇਛ ਮਤ ਖੰਡਨ | | ਹਿੰਦੀ |

| | | | | |
|---|---|---|---|---|
| 13 | ਪੰਡਿਤ ਹਰ ਸਿੰਘ ਨਰੋਤਮ | 1. ਪੋਥੀ ਟੀਕਾ ਸ੍ਰੀ ਜਪ ਜੀ ਕਾ (ਟੀਕਾ) | 1884 ਈ. | ਪੰਜਾਬੀ |
| 14 | ਲਾਲ ਸਿੰਘ ਨਰੋਤਮ | 1. ਸੁਧਾਸਰ ਮਹਾਤਮ | 1908 ਈ. | ਪੰਜਾਬੀ |
| | | 2. ਸ੍ਰੀ ਗੁਰ ਭਗਤ ਮਾਲਾ | 1908 ਈ. | ਪੰਜਾਬੀ |
| | | 3. ਪ੍ਰਲੋਕ ਝਾਤੀ | 1908 ਈ. | ਪੰਜਾਬੀ |
| | | 4. ਬਚਨ ਪ੍ਰਕਾਸ਼ | 1908 ਈ. | ਪੰਜਾਬੀ |
| | | 5. ਬਾਰਾ ਮਾਹ | 1908 ਈ. | ਪੰਜਾਬੀ |
| | | 6. ਪਰਿਆਇ ਸ੍ਰੀ ਗੁਰੂ ਗ੍ਰੰਥ ਸਾਹਿਬ | 1908 ਈ. | ਪੰਜਾਬੀ |
| | | 7. ਮਹਿਮਾ ਪ੍ਰਕਾਸ਼ | 1908 ਈ. | ਪੰਜਾਬੀ |
| | | 8. ਸ਼ਲੋਕ ਸਹਿਸਕ੍ਰਿਤੀ ਟੀਕਾ | 1908 ਈ. | ਪੰਜਾਬੀ |
| | | 9. ਗਿਣਤੀ ਸ਼ਬਦੋਂ ਕੀ | 1908 ਈ. | ਹਿੰਦੀ |
| | | 10. ਬਾਰਾਮਾਹ ਤੁਖਾਰੀ ਸਟੀਕ | 1908 ਈ. | ਪੰਜਾਬੀ |
| 15 | ਪੰਡਿਤ ਤਾਰਾ ਸਿੰਘ, ਗਲੀ ਬਾਗ ਵਾਲੀ, ਅੰਮ੍ਰਿਤਸਰ | 1. ਬਾਲ ਬੋਧਨੀ ਟੀਕਾ (ਜਪੁਜੀ ਸਟੀਕ) | | ਪੰਜਾਬੀ |
| | | 2. ਸਾਰ ਬਿਬੇਕ ਗ੍ਰੰਥ | | ਪੰਜਾਬੀ |
| | | 3. ਸੁਖਮਨੀ ਸਾਹਿਬ ਸਟੀਕ | | ਪੰਜਾਬੀ |
| | | 4. ਜ਼ਫ਼ਰਨਾਮਾ ਹਕਾਇਤਾਂ ਸਟੀਕ | | ਪੰਜਾਬੀ |
| | | 5. ਪਰਿਆਇ ਸ੍ਰੀ ਗੁਰੂ ਗ੍ਰੰਥ ਸਾਹਿਬ | | ਪੰਜਾਬੀ |
| | | 6. ਪਰਿਆਇ ਭਗਤ ਬਾਣੀ | | ਪੰਜਾਬੀ |
| | | 7. ਸ਼ਲੋਕ ਕਬੀਰ-ਫਰੀਦ ਜੀ ਸਟੀਕ | | ਪੰਜਾਬੀ |
| 16 | ਪੰਡਿਤ ਕੌਰ ਸਿੰਘ (ਚੇਤ ਸਿੰਘ) | 1. ਗੁਰੂ ਕੌਮਦੀ | | ਸੰਸਕ੍ਰਿਤ |
| 17 | ਮਹੰਤ ਸਾਧੂ ਸਿੰਘ, ਪਟਿਆਲਾ (ਪੰ. ਤਾਰਾ ਸਿੰਘ ਨਰੋਤਮ ਦੇ ਗੁਰਭਾਈ) | 1. ਗੁਰੂ ਸਿਧਾਂਤ ਰਵਿ | | ਪੰਜਾਬੀ |
| | | 2. ਗੁਰੂ ਸਿਖਿਆ ਪ੍ਰਭਾਕਰ | | ਪੰਜਾਬੀ |
| | | 3. ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ | 1898 ਈ. | ਪੰਜਾਬੀ |
| | | 4. ਸ੍ਰੀ ਮੁਖਵਾਕ ਸਿਧਾਂਤ ਜਯੋਤੀ (ਪੁਨਰ ਛਾਪ) | 1950 ਈ. | ਪੰਜਾਬੀ |

| | | | | |
|---|---|---|---|---|
| | | 5. ਸ੍ਰੀ ਗੁਰੂ ਦੇਵ ਪੰਥ ਪ੍ਰਦੀਪਕਾ | | ਪੰਜਾਬੀ |
| | | 6. ਪੰਚਮਤ ਲੱਛਣ ਮਣਿ | | ਪੰਜਾਬੀ |
| | | 7. ਗ੍ਰੰਥ ਬ੍ਰਿਤਿ ਦੀਪਕਾ ਅਤੇ ਪਾਂਚ ਕੋਸ ਵਿਵੇਕ | 1907 ਈ. | ਪੰਜਾਬੀ |
| | | 8. ਗੰਗਾਯਤੀ ਨਿਦਾਨ (ਔਸ਼ਦੀ ਵਿਗਿਆਨ) | | |
| | | 9. ਟੀਕਾ ਸ੍ਰੀ ਰਾਗ | | ਪੰਜਾਬੀ |
| | | 10. ਪੰਚ ਕੋਸ਼ ਵਿਵੇਕ | | ਪੰਜਾਬੀ |
| | | 11. ਸਤਿਆਰਥ ਵਿਵੇਕ | | ਪੰਜਾਬੀ |
| 18 | ਪੰਡਿਤ ਈਸ਼ਰ ਸਿੰਘ 'ਕਲਯੁੱਗ', ਕਾਸ਼ੀ | 1. ਵਾਹਿਗੁਰੂ ਮੰਤ੍ਰਾਰਥ | 1901 ਈ. | ਸੰਸਕ੍ਰਿਤ |
| | | 2. ਗੁਰਮਤ ਦਿਗ ਵਿਜਯ | 1903 ਈ. | ਪੰਜਾਬੀ |
| | | 3. ਗ੍ਰੰਥ ਬੁਧਿ ਬਾਰਿਧਿ (ਅਰਥਾਤ: ਬੁੱਧੀ ਦਾ ਸਮੁੰਦਰ, ਦਰਸ਼ਨ ਸ਼ਾਸਤ੍ਰ ਦਾ ਗ੍ਰੰਥ) | 1910 ਈ. | ਪੰਜਾਬੀ |
| | | 4. ਸਵੈ ਸੁਪਨ ਨਾਟਕ | 1910 ਈ. | ਪੰਜਾਬੀ |
| | | 5. ਗੁਰੂ ਮੰਤ੍ਰਾਰਥ ਪ੍ਰਕਾਸ਼ | | ਸੰਸਕ੍ਰਿਤ |
| 19 | ਮਹਾਂਕਵੀ ਸੰਤੋਖ ਸਿੰਘ | 1. ਗੁਰੂ ਨਾਨਕ ਪ੍ਰਕਾਸ਼ | 1823 ਈ. | ਪੰਜਾਬੀ |
| | | 2. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ | 1843 ਈ. | ਪੰਜਾਬੀ |
| | | 3. ਗਰਭ ਗੰਜਨੀ ਟੀਕਾ | 1829 ਈ. | ਪੰਜਾਬੀ |
| | | 4. ਬਾਲਮੀਕੀ ਰਾਮਾਇਣ | 1834 ਈ. | ਪੰਜਾਬੀ |
| | | 5. ਆਤਮ ਪੁਰਾਣ (ਅਨੁਵਾਦ) | | ਪੰਜਾਬੀ |
| | | 6. ਨਾਮ ਕੋਸ਼ | 1821 ਈ. | ਪੰਜਾਬੀ |
| 20 | ਪੰਡਿਤ ਹਰੀ ਸਿੰਘ | 1. ਤਪਿਸਿਆ ਦੇ ਅਵਤਾਰ | | ਪੰਜਾਬੀ |
| 21 | ਪੰਡਿਤ ਹਰੀ ਸਿੰਘ, ਛੇਤ੍ਰ ਵਾਲੇ | 1. ਅਦ੍ਵੈਤਾ ਨੁਭਵ ਪ੍ਰਕਾਸ਼ | | ਪੰਜਾਬੀ |
| 22 | ਸੰਤ ਹਰਿਭਜਨ ਸਿੰਘ | 1. ਤਤ੍ਵ ਦਰਪਨ | | ਪੰਜਾਬੀ |
| | | 2. ਗੁਰੂ ਚਰਿਤ੍ਰ ਚੰਦ੍ਰਿਕਾ | 1898 ਈ. | ਪੰਜਾਬੀ |
| | | 2. ਅਦ੍ਵੈਤਾਮ੍ਰਿਤ ਗ੍ਰੰਥ ਭਾਖਾ | 1918 ਈ. | ਪੰਜਾਬੀ |
| | | 3. ਅਸ਼ਟਾਂਗ ਯੋਗ | | ਪੰਜਾਬੀ |

| | | | | |
|---|---|---|---|---|
| | | 4. ਜਪੁ ਜੀ ਕੀ ਸਰਲ ਬੋਧ ਟੀਕਾ | | ਪੰਜਾਬੀ |
| | | 5. ਸੂਰਜ ਪ੍ਰਕਾਸ਼ ਦੇ ਸਮੱਸਤ ਮੰਡਲ ਸਟੀਕ | 1927 ਈ. | ਪੰਜਾਬੀ |
| | | 6. ਤਤਵ ਭਾਸ਼ਾ | | ਪੰਜਾਬੀ |
| 23 | ਪੰਡਿਤ ਗੰਡਾ ਸਿੰਘ ਉਰਫ ਗੋਬਿੰਦ ਸਿੰਘ | 1. ਨਯਾਯ ਮੁਕਤਾਵਲੀ (ਟੀਕਾ) | 1933 ਈ. | ਹਿੰਦੀ |
| | | 2. ਇਤਿਹਾਸ ਗੁਰੂ ਖਾਲਸਾ | 1925 ਈ. | ਪੰਜਾਬੀ |
| | | 3. ਉਦਿਯੋਗ ਤਥਾ ਪ੍ਰਾਰਬਧ | | ਹਿੰਦੀ |
| | | 4. ਵੇਦਾਂਤ ਪਰਿਭਾਸ਼ਾ | 1921 ਈ. | ਪੰਜਾਬੀ |
| | | 5. ਵੈਰਾਗ ਸ਼ਤਕ | 1901 ਈ. | ਪੰਜਾਬੀ |
| | | 6. ਗੁਰੂ ਨਾਨਕ ਸਤੋਤ੍ਰ | 1900 ਈ. | ਪੰਜਾਬੀ |
| | | 7. ਗੁਰੂ ਗੋਬਿੰਦ ਸਿੰਘ ਅਸ਼ਟਕਮ | 1901 ਈ. | ਪੰਜਾਬੀ |
| | | 8. ਵੇਦਾਂਤ ਪਰਿਭਾਸ਼ਾ ਦੀ ਅਰਥ ਦੀਪਿਕਾ | | ਪੰਜਾਬੀ |
| 24 | ਪੰਡਿਤ ਊਧਵ ਸਿੰਘ, ਕਨਖਲ ਤੀਜੇ ਸ੍ਰੀ ਮਹੰਤ | 1. ਅਭਾਵ ਰਹਸਯ (ਨਯਾਯ ਸਾਸਤ੍ਰ) ਦਾਰਸ਼ਨਿਕ ਗ੍ਰੰਥ | | ਸੰਸਕ੍ਰਿਤ |
| | | 2. ਵਰਣ ਆਸ਼੍ਰਮ ਧਰਮ ਰਹਸਯ | | ਸੰਸਕ੍ਰਿਤ |
| 25 | ਪੰਡਿਤ ਨਾਰਾਇਣ ਸਿੰਘ | 1. ਨਾਰਾਇਣ ਹਰੀ ਉਪਦੇਸ਼ | | ਹਿੰਦੀ |
| 26 | ਸੰਤ ਨਰਾਇਣ ਸਿੰਘ ਤਰਨਤਾਰਨ | 1. ਸ੍ਰੀ ਗੁਰੂ ਨਾਨਕ ਪੰਚਕ | | ਪੰਜਾਬੀ |
| | | 2. ਗੁਰੂ ਅਸ਼ਟਕ ਸੰਗ੍ਰਹਿ | | ਪੰਜਾਬੀ |
| | | 3. ਸੰਗ੍ਰਹਿ (ਕੇਵਲ ਜ਼ੋਤਿਸ਼, ਵਾਰ ਧੰਨੇ ਭਗਤ ਕੀ) | | ਪੰਜਾਬੀ |
| | | 4. ਹਕ ਹਦਾਇਤਨਾਮਾ ਕੁਤਬ | | ਪੰਜਾਬੀ |
| | | 5. ਗੋਪ ਗਿਰਾ ਦਸ਼ਮੇਸ਼ | | ਪੰਜਾਬੀ |
| | | 6. ਅਸ਼ਟਕ, ਪੰਚਕ, ਸ਼ਤਕ ਸੰਗ੍ਰਹਿ | | ਪੰਜਾਬੀ |
| 27 | ਪੰ. ਸਦਾ ਸਿੰਘ ਦੰਡੀ, ਚੇਤਨ ਮਠ ਕਾਸ਼ੀ | 1. ਅਦ੍ਵੈਤ ਸਿੱਧੀ ਕੀ ਸੁਗਮਸਾਰ ਚੰਦ੍ਰਿਕਾ | 1764 ਈ. | ਸੰਸਕ੍ਰਿਤ |

| | | | | |
|---|---|---|---|---|
| 28 | ਪੰਡਿਤ ਹਰਾ ਸਿੰਘ, ਕਾਸ਼ੀ | 1. ਸ੍ਰੀ ਗੁਰੂ ਸਿਧਾਂਤ ਪਾਰਿਜਾਤ | 1917 ਈ. | ਸੰਸਕ੍ਰਿਤ |
| 29 | ਸੰਤ ਠਾਕੁਰ ਸਿੰਘ, ਬ੍ਰਹਮ ਕੁਟੀ ਕਾਸ਼ੀ | 1. ਸ੍ਰੀ ਗੁਰੂ ਨਾਨਕਾਦਿ ਦਸਾਵਤਾਰ ਸਤੋਤ੍ਰ | 1886 ਈ. | ਪੰਜਾਬੀ |
| | | 2. ਸ੍ਰੀ ਗੁਰੂ ਸਤਰਾਜ ਸਤੋਤ੍ਰ | 1886 ਈ. | ਪੰਜਾਬੀ |
| | | 3. ਸ੍ਰੀ ਗੁਰੂ ਪਰਿਜਾਤ ਸਿਧਾਂਤ ਸਤੋਤ੍ਰ | 1886 ਈ. | ਪੰਜਾਬੀ |
| | | 4. ਸ੍ਰੀ ਗੁਰੂ ਗੋਬਿੰਦ ਸਿੰਘ ਅਸਟਕ੍ਰਮ | 1886 ਈ. | ਪੰਜਾਬੀ |
| 30 | ਭਾਈ ਦਲ ਸਿੰਘ, ਸੇਖਵਾਂ | 1. ਬਾਵਨ ਅੱਖਰੀ ਭਾਵਾਰਥ ਪ੍ਰਕਾਸ਼ਨੀ ਟੀਕਾ | | ਪੰਜਾਬੀ |
| | | 2. ਟੀਕਾ ਗਾਉੜੀ ਰਾਗ | 1902 ਈ. | ਪੰਜਾਬੀ |
| | | 3. ਅਨੰਦ ਪ੍ਰਕਾਸ਼ ਸਤਸੈਯਾ | 1835 ਈ. | ਪੰਜਾਬੀ |
| | | 4. ਸੋਹੇ ਚਿੰਤਾਮਣੀ | | ਪੰਜਾਬੀ |
| | | 5. ਬਾਰਾ ਮਾਸਾ | | ਪੰਜਾਬੀ |
| | | 6. ਹਜ਼ਾਰੇ ਦੇ ਸ਼ਬਦ | 1900 ਈ. | ਪੰਜਾਬੀ |
| | | 7. ਟੀਕਾ ਸੁਖਮਨੀ ਸਾਹਿਬ | 1919 ਈ. | ਪੰਜਾਬੀ |
| | | 8. ਟੀਕਾ ਪੈਂਤੀਸ ਅੱਖਰੀ | 1899 ਈ. | ਪੰਜਾਬੀ |
| 31 | ਸੰਤ ਦੇਵਾ ਸਿੰਘ ਨਿਰਮਲਾ | 1. ਜਪੁ ਪ੍ਰਦੀਪ (ਟੀਕਾ) ਸੰਸਕ੍ਰਿਤ ਹਵਾਲਿਆਂ ਸਹਿਤ | 1899 ਈ. | ਪੰਜਾਬੀ |
| | | 2. ਸੁਗਮ ਜਪੁ ਪ੍ਰਦੀਪ (ਸੰਸਕ੍ਰਿਤ ਸ਼ਲੋਕ ਨਹੀਂ) | | ਪੰਜਾਬੀ |
| 32 | ਪੰ. ਭਗਵਾਨ ਸਿੰਘ | 1. ਟੀਕਾ ਵਾਰ ਆਸਾ | | ਪੰਜਾਬੀ |
| 33 | ਪੰ. ਨਿਹਾਲ ਸਿੰਘ | 1. ਟੀਕਾ ਆਸਾ ਦੀ ਵਾਰ | | ਪੰਜਾਬੀ |
| 34 | ਪੰ. ਬਸੰਤ ਸਿੰਘ ਜੀ ਠੀਕਰੀਵਾਲੇ (ਬਾਅਦ ਵਿਚ ਪਟਿਆਲਾ ਵਾਲੇ ਕਰਕੇ ਜਾਣੇ ਗਏ) | 1. ਟੀਕਾ ਗੁਰੂ ਗ੍ਰੰਥ ਸਾਹਿਬ ਜੀ (ਟੀਕਾ) | | ਪੰਜਾਬੀ |
| | | 2. ਟੀਕਾ ਦਸਮ ਗ੍ਰੰਥ ਸਾਹਿਬ ਜੀ (ਟੀਕਾ) | | ਪੰਜਾਬੀ |
| 35 | ਸੰਤ ਮੋਹਰ ਸਿੰਘ, ਅਪਰਾ, ਜਲੰਧਰ | 1. ਗ੍ਰੰਥ ਭਰਮ ਤੋੜ | | ਪੰਜਾਬੀ |
| | | 2. ਬੈਂਤਾਂ | | ਪੰਜਾਬੀ |

| | | | | |
|---|---|---|---|---|
| | | 3. ਸੀਂਹਰਫੀ | | ਪੰਜਾਬੀ |
| | | 4. ਬੈਂਤਾਂ ਸਮਝੌਤੀ ਕੀਆਂ | | ਪੰਜਾਬੀ |
| | | 5. ਕੋਰੜੇ | | ਪੰਜਾਬੀ |
| | | 6. ਵਿਵੇਕ ਬਿਲਾਸ | | ਪੰਜਾਬੀ |
| | | 7. ਫ਼ਕਰ ਨਾਮਾ | | ਪੰਜਾਬੀ |
| | | 8. ਮੰਤ੍ਰ | | ਪੰਜਾਬੀ |
| | | 9. ਗੁਰ ਉਸਤਤਿ ਕਵਿਤਾਵਲੀ | | ਪੰਜਾਬੀ |
| 36 | ਸਾਧੂ ਕਰਮ ਸਿੰਘ ਨਿਰਮਲਾ | 1. ਹਰਿ ਅਦ੍ਰਿਸ਼ਟ ਸਤਸਈ | 1845 ਈ. | ਹਿੰਦੀ |
| | | 2. ਸਦ ਸੁਖ ਪ੍ਰਕਾਸ਼ | 1864 ਈ. | ਹਿੰਦੀ |
| 37 | ਚਤੁਰ ਸਿੰਘ (ਵੈਦ ਸਿੰਘ) ਨਿਰਮਲੇ | 1. ਸ੍ਰੀਮਦ ਭਾਗਵਦ ਮੋਖ ਸਾਗਰ ਗ੍ਰੰਥ | 1900 ਈ | ਪੰਜਾਬੀ |
| 38 | ਬਖਸ਼ੀਸ਼ ਸਿੰਘ ਨਿਰਮਲਾ | 1. ਜਪੁ ਸਾਹਿਬ ਦਾ ਟੀਕਾ | 1857 ਈ. | ਪੰਜਾਬੀ |
| 39 | ਬੁੱਧ ਸਿੰਘ ਲਾਹੌਰੀ | 1. ਉਸਤਤਿ ਸ੍ਰੀ ਅੰਮ੍ਰਿਤਸਰ ਜੀ ਕੀ | 1844 ਈ. | |
| 40 | ਰਾਮ ਸਿੰਘ ਸਾਂਈ ਲੋਕ | 1, ਸ੍ਰੀ ਵਿਵੇਕ ਪੈਂਤੀਸ ਅੱਖਰੀ | | ਪੰਜਾਬੀ |
| | | 2. ਜਪੁ ਸਾਖੀ ਸਟੀਕ | | ਪੰਜਾਬੀ |
| 41 | ਸਾਂਈ ਲੋਕ ਸੰਤ ਸੁੱਖਾ ਸਿੰਘ | 1. ਈਸ਼ਵਰ ਪ੍ਰਾਰਥਨਾ | | ਪੰਜਾਬੀ |
| | | 2. ਵਿਵੇਕ ਸਾਰ | | ਪੰਜਾਬੀ |
| | | 3. ਵੈਰਾਗ ਸ਼ਤਕ | | ਪੰਜਾਬੀ |
| 42 | ਸੰਤ ਉੱਤਮ ਸਿੰਘ ਕੋਠਾਗੁਰੂ, ਵਜੀਰਾਵਾਦ ਵਾਲੇ | 1. ਬਾਲ ਬੋਧਨੀ ਟੀਕਾ | 1901 ਈ. | ਪੰਜਾਬੀ |
| | | 2. ਗੁਰੂ ਢੰਡੋਰਾ | 1901 ਈ. | ਪੰਜਾਬੀ |
| | | 3. ਜਪੁਜੀ ਸਟੀਕ | | ਪੰਜਾਬੀ |
| | | 4. ਨਿਤਨੇਮ ਸਟੀਕ | | ਪੰਜਾਬੀ |
| | | 5. ਰਹਿਰਾਸ ਸਟੀਕ | | ਪੰਜਾਬੀ |
| | | 6. ਕੀਰਤਨ ਸੋਹਲੇ ਸਟੀਕ | | ਪੰਜਾਬੀ |
| | | 7. ਵੈਰਾਗ ਸ਼ਤਕ | | ਪੰਜਾਬੀ |

| | | | | |
|---|---|---|---|---|
| 43 | ਸੰਤ ਉਤਮ ਸਿੰਘ | 1. ਵਿਸ਼ਣੂਪੁਰਾਣ ਭਾਖਾ | | ਪੰਜਾਬੀ |
| 44 | ਸੰਤ ਸ਼ਾਮ ਸਿੰਘ, ਡੇਰਾ ਮੰਗਵਾਲ, ਜੇਹਲਮ | 1. ਪ੍ਰਿਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ | 1906 ਈ. | ਪੰਜਾਬੀ |
| 45 | ਗੁਰਮੁਖ ਸਿੰਘ ਨਿਰਮਲਾ, ਹੋਤੀ ਮਰਦਾਨ | 1. ਸ੍ਰੀ ਗੁਰੂ ਗ੍ਰੰਥ ਕੋਸ਼ ਸਮੇਤ ਬਾਣੀ ਬਿਓਰਾ | | ਪੰਜਾਬੀ |
| | | 2. ਸ੍ਰੀ ਗੁਰੂ ਗ੍ਰੰਥ ਬਾਲ ਬੋਧਨੀ | | ਪੰਜਾਬੀ |
| 46 | ਝੰਡਾ ਸਿੰਘ ਸੰਤ | 1. ਪਾਹੁਲ ਕੀ ਮ੍ਰਿਯਾਦਾ ਕਾ ਗ੍ਰੰਥ | | ਪੰਜਾਬੀ |
| 47 | ਦੇਵਾ ਸਿੰਘ ਦੇਵਪੁਰਾ, ਹਰਿਦੁਆਰ | 1. ਅਧਯਾਤਮ ਅਨੁਭਵ ਵਿਵੇਕ | 1905 ਈ. | ਪੰਜਾਬੀ |
| | | 2. ਸਿੱਧ ਗੋਸ਼ਟ | 1898 ਈ. | ਪੰਜਾਬੀ |
| | | 3. ਸੁਪਨ ਵਿਚਾਰ | | ਪੰਜਾਬੀ |
| | | 4. ਗੁਰਬਾਣੀ ਦੇ ਕਠਨ ਪਦਾਂ ਦੇ ਪਰਿਆਇ | 1899 ਈ. | ਪੰਜਾਬੀ |
| | | 5. ਜਪੁਜੀ ਟੀਕਾ (ਸੁਗਮ ਜਪੁ ਪ੍ਰਦੀਪ) | 1906 ਈ. | ਪੰਜਾਬੀ |
| | | 6. ਜਪੁ ਪ੍ਰਦੀਪ | 1904 ਈ. | ਪੰਜਾਬੀ |
| | | 7. ਪਰਿਆਇ ਸ੍ਰੀ ਗੁਰੂ ਗ੍ਰੰਥ ਸਾਹਿਬ | | ਪੰਜਾਬੀ |
| | | 8. ਪੈਂਤੀਸ ਅੱਖਰੀ | | ਪੰਜਾਬੀ |
| | | 9. ਫਨਾਹ ਦਾ ਮਕਾਨ | | |
| | | 10. ਮ੍ਰਿਤਯੂ ਚਿੰਨ੍ਹ ਪ੍ਰਦੀਪਕਾ | | ਪੰਜਾਬੀ |
| 48 | ਮੋਹਰ ਸਿੰਘ 'ਕਟਈ' | 1. ਯੋਗ ਸਿਖਿਆ ਪ੍ਰਭਾਕਰ | | ਪੰਜਾਬੀ |
| 49 | ਪੰਡਿਤ ਮੰਗਲ ਸਿੰਘ | 1. ਮਹੂਰਤ ਚੰਦ੍ਰਿਕਾ | 1907 ਈ. | ਪੰਜਾਬੀ |
| 50 | ਪੰਡਿਤ ਮੰਗਲ ਸਿੰਘ ਜੀ (ਚੇਲੇ ਰੂਪਾ ਸਿੰਘ) | 1. ਮਹੂਰਤ ਚਿੰਤਾਮਣੀ ਚੰਦ੍ਰਕਾ (ਜੋਤਿਸ਼ ਦਾ ਗ੍ਰੰਥ) | 1907 ਈ. | ਸੰਸਕ੍ਰਿਤ |
| 51 | ਸੰਤ ਟਹਿਲ ਸਿੰਘ | 1. ਮਹੂਰਤ ਚੰਦ੍ਰਿਕਾ | | ਪੰਜਾਬੀ |

| | | | | |
|---|---|---|---|---|
| 52 | ਸੰਤ ਭਗਵਾਨ ਸਿੰਘ ਜ਼ੋਤਸ਼ੀ, ਮਾਹਲਾਂ ਕਲਾਂ | 1. ਸ੍ਰਿਸ਼ਟੀ ਦਰਪਣ | | ਪੰਜਾਬੀ |
| 53 | ਗਿਆਨੀ ਬਦਨ ਸਿੰਘ, ਸੇਖਵਾਂ ਵਾਲੇ | 1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ | 1883 ਈ. | ਪੰਜਾਬੀ |
| | | 2. ਜਪੁਜੀ ਸਟੀਕ | 1877 ਈ. | ਪੰਜਾਬੀ |
| 54 | ਸੰਤ ਵਿਹਾਰ ਬ੍ਰਿੰਦਾਬਨ ਜੀ | 1. ਵਿਹਾਰ ਬ੍ਰਿੰਦਾਬਨ (ਸ਼ਾਂਤਵੇਦ) | 1870 ਈ. | ਪੰਜਾਬੀ |
| 55 | ਮਹੰਤ ਰਣ ਸਿੰਘ ਚੌਂਕ ਬਾਬਾ ਸਾਹਿਬ ਅੰਮ੍ਰਿਤਸਰ | 1. ਹੀਰਿਆਂ ਦੇ ਹਾਰ | | ਪੰਜਾਬੀ |
| | | 2. ਨਿਰਮਲ ਪੰਥ | | ਪੰਜਾਬੀ |
| | | 3. ਨਿਰਣੈ ਵਚਾਰ | | ਪੰਜਾਬੀ |
| | | 4. ਸਵੈ ਜੀਵਨੀ | | ਪੰਜਾਬੀ |
| 56 | ਸੰਤ ਸਰਬਣ ਸਿੰਘ ਜੀ 'ਗੰਧਰਾਧ' ਡੁਮੇਲੀ ਵਾਲੇ | 1. ਸੁਰ ਸਿਮਰਨ ਸੰਗੀਤ | | ਪੰਜਾਬੀ |
| 57 | ਸੰਤ ਬਿਸ਼ਨ ਸਿੰਘ | 1. ਬਾਰਾਂਮਾਹ | 1899 ਈ. | ਪੰਜਾਬੀ |
| 58 | ਸੰਤ ਬੀਰ ਸਿੰਘ, ਜਲਾਲ | 1. ਸੰਖਯਾ ਸਾਗਰ | | ਪੰਜਾਬੀ |
| 59 | ਸੰਤ ਖ਼ਜਾਨ ਸਿੰਘ ਚਕਰਵ੍ਰਤੀ | 1. ਪ੍ਰਸੰਗ ਸੰਮਨ ਮੂਸਨ ਕਾ | 1936 ਈ. | ਪੰਜਾਬੀ |
| 60 | ਸੰਤ ਗਿਆਨੀ ਕਰਤਾਰ ਸਿੰਘ ਵੈਦਰਾਜ | 1. ਗੁਰਮਤਿ ਸਿਧਾਂਤ ਸਾਰ ਸੰਗ੍ਰਹਿ | | ਪੰਜਾਬੀ |
| 61 | ਪੰਡਿਤ ਨਾਨੂੰ ਸਿੰਘ | 1, ਗੁਰੂ ਗ੍ਰੰਥ ਸਟੀਕ | | ਪੰਜਾਬੀ |
| | | 2. ਅਧਯਾਤਮ ਰਾਮਾਯਣ | | ਹਿੰਦੀ |
| | | 3. ਇਕਾਦਸੀ ਮਹਾਤਮ | | ਹਿੰਦੀ |

| | | | | |
|---|---|---|---|---|
| | | 4. ਹਨੂੰਮਾਨ ਨਾਟਕ | | ਹਿੰਦੀ |
| 62 | ਸੰਤ ਬਖਸ਼ੀਸ਼ ਸਿੰਘ, ਅੰਮ੍ਰਿਤਸਰ | 1. ਪ੍ਰਯਾਯ ਸ੍ਰੀ ਦਸਮ ਗ੍ਰੰਥ | | ਪੰਜਾਬੀ |
| 63 | ਮਹੰਤ ਖੜਗ ਸਿੰਘ | 1. ਗੁਰੂ ਬਿਲਾਸ ਬਾਬਾ ਵੀਰ ਸਿੰਘ ਨੌਰੰਗਾਬਾਦ | | ਪੰਜਾਬੀ |
| 64 | ਸੰਤ ਮਲੂਕ ਸਿੰਘ | 1. ਦੋਹਾਵਲੀ | | ਪੰਜਾਬੀ |
| | | 2. ਪੈਂਤੀਸ ਅੱਖਰੀ | | ਪੰਜਾਬੀ |
| | | 3. ਸਵਰੂਪ ਬੋਧਨੀ | | ਪੰਜਾਬੀ |
| 65 | ਸੰਤ ਮੰਗਲ ਸਿੰਘ | 1. ਅਦਵੈਤਾਮ੍ਰਿਤ ਪ੍ਰਬੋਧ | | |
| 66 | ਸੰਤ ਸੁੱਧ ਸਿੰਘ | 1. ਤਰਕ ਸੰਗ੍ਰਹਿ | | |
| 67 | ਗਿਆਨੀ ਸੁਰਿੰਦਰ ਸਿੰਘ ਭੰਵਰ | 1. ਅਮੋਲਕ ਨਿਰਮਲ ਹੀਰਾ | | |
| 68 | ਮਹੰਤ ਸੁਰਤ ਸਿੰਘ | 1. ਸ਼ੇਰੇ ਆਲਮ | | |
| 69 | ਗਿਆਨੀ ਬੁੱਧ ਸਿੰਘ | 1. ਜਪੁਜੀ ਸਾਹਿਬ ਸਟਕਿ | 1905 ਈ. | ਪੰਜਾਬੀ |
| 70 | ਮਹੰਤ ਸੁਖਚੈਨ ਸਿੰਘ | 1. ਅਨੁਭਵ ਸ਼ਤਕ | 1998 ਈ. | ਪੰਜਾਬੀ |
| 71 | ਪੰਡਿਤ ਬੁੱਧ ਸਿੰਘ ਉਰਫ ਚੰਦਰ ਸਿੰਘ | 1. ਪਦ ਕ੍ਰਿਤਯ (ਤਰਕ ਸੰਗ੍ਰਹਿ ਦਾ ਟੀਕਾ) | | |
| | | 2. ਪ੍ਰਸਤਾਰ ਪ੍ਰਭਾਕਰ | | |
| 72 | ਸਵਾਮੀ ਮੰਗਲ ਹਰੀ ਜੀ | 1. ਪੰਚਮਾਸ਼ਰਮ | | ਸੰਸਕ੍ਰਿਤ |
| | | 2. ਬ੍ਰਹਮ ਅਭਿਆਸ | | ਸੰਸਕ੍ਰਿਤ |
| | | 3. ਪੈਂਤੀਸ ਅਖਰੀ ਕਵਿਤਾ | | ਹਿੰਦੀ |
| | | 4. ਸਵਰਾਜਯ ਸਿਧੀ ਭਾਸ਼ਾ (ਟੀਕਾ) | | ਹਿੰਦੀ |
| | | 5. ਵਿਵੇਕਵਤੀ ਭਾਸ਼ਾ (ਟੀਕਾ) | | ਹਿੰਦੀ |

| | | | | |
|---|---|---|---|---|
| | | 6. ਗੀਤਾ ਭਾਸ਼ | | ਹਿੰਦੀ |
| 73 | ਸੰਤ ਮੱਖਣ ਸਿੰਘ ਸ਼ਾਹਪੁਰ | 1. ਨਾਨਕ ਪ੍ਰਕਾਸ (ਅਨੁਵਾਦ) | | ਹਿੰਦੀ |
| 74 | ਸਵਾਮੀ ਹਜਾਰਾ ਸਿੰਘ 'ਆਤਮ ਦਰਸ਼ੀ' | 1. ਪਾਂਚ ਰਤਨਾਵਲੀ | | |
| | | 2. ਅਬ ਬ੍ਰਹਮਦਰਸ਼ੀ ਪੁਸ਼ਪਮਾਲਾ | | |
| 75 | ਸਵਾਮੀ ਨਾਰਾਇਣ ਜੀ | 1. ਸ੍ਰੀ ਗੁਰੂ ਨਾਨਕ ਅਵਤਾਰ ਨਾਟਕਮ | | ਹਿੰਦੀ |
| 76 | ਗਿ. ਭਗਵਾਨ ਸਿੰਘ | 1. ਟੀਕਾ ਆਸਾ ਦੀ ਵਾਰ | | ਪੰਜਾਬੀ |
| 77 | ਮਹੰਤ ਭਗਵਾਨ ਸਿੰਘ ਰਿਸ਼ੀਕੇਸ਼ | 1. ਸੂਰਜ ਉਪਨਿਸ਼ਦ (ਟੀਕਾ) | | ਹਿੰਦੀ |
| | | 2. ਕੈਵਲ ਉਪਨਿਸ਼ਦ ਕੀ ਟੀਕਾ | | ਹਿੰਦੀ |
| | | 3. ਗਰੁੜ ਉਪਨਿਸ਼ਦ ਟੀਕਾ | | ਹਿੰਦੀ |
| 78 | ਗਯਾਨ ਸਿੰਘ | 1. ਸ੍ਰੀ ਨਿਰਮਲ ਗਯਾਨ | | ਪੰਜਾਬੀ |
| | | 2. ਗੁਰੂ ਨਾਨਕ ਨਿਰਮਲ ਪਧਤੀ | | ਪੰਜਾਬੀ |
| 79 | ਪੰ. ਆਤਮ ਦੇਵ ਸਿੰਘ (ਸ਼ਾਹਪੁਰ) ਲਾਹੌਰ | 1. ਆਭੇਦਾਖੰਡ ਚੰਦ੍ਰਮਾ | 1884 ਈ. | ਸੰਸਕ੍ਰਿਤ |
| | | 2. ਸ੍ਵਾਮੀ ਦਯਾ ਨੰਦ ਕਾ ਮਤ ਔਰ ਅਦ੍ਵੈਤ ਸਿੱਧੀ | | ਹਿੰਦੀ |
| | | 3. ਗ੍ਰੰਥ ਸਾਖੀ ਪ੍ਰਮਾਣ (ਪੁਨਰ ਛਾਪ) | 1956 ਈ. | ਪੰਜਾਬੀ |
| | | 4. ਹਰਿਭਜਨਾਵਲੀ | | ਪੰਜਾਬੀ |

## 1910 ਈ. ਈ. ਤੋਂ 2010 ਈ. ਤੱਕ ਦੇ ਗ੍ਰੰਥ

| ਨੰ. | ਗ੍ਰੰਥਕਾਰ ਦਾ ਨਾਮ | ਗ੍ਰੰਥ ਦਾ ਨਾਮ | ਪ੍ਰਕਾਸ਼ਨ ਸਾਲ | ਭਾਸ਼ਾ |
|---|---|---|---|---|
| 1 | ਮਹੰਤ ਗਣੇਸ਼ਾ ਸਿੰਘ | 1. ਜਪੁਜੀ ਸਟੀਕ | 1925 ਈ. | ਪੰਜਾਬੀ |
| | | 2. ਰਹਿਰਾਸ ਸਟੀਕ | | ਪੰਜਾਬੀ |
| | | 3. ਸਲੋਕ ਸਹਸਕ੍ਰਿਤੀ ਸਟੀਕ | 1918 ਈ. | ਪੰਜਾਬੀ |
| | | 4. ਸੁਖਮਨੀ ਸਟੀਕ | 1925 ਈ. | ਪੰਜਾਬੀ |
| | | 5. ਭਾਰਤ ਮਤ ਦਰਪਣ | 1926 ਈ. | ਪੰਜਾਬੀ |
| | | 6. ਨਿਰਮਲ ਭੂਸ਼ਣ ਅਰਥਾਤ ਇਤਿਹਾਸ ਨਿਰਮਲ ਭੇਖ | 1937 ਈ. | ਪੰਜਾਬੀ |
| | | 7. ਮੇਘ ਬਿਨੋਦ ਪ੍ਰਕਾਸ਼ | 1956 ਈ. | ਪੰਜਾਬੀ |
| | | 8. ਜੇਬੀ ਵੈਦ | 1925 ਈ. | ਪੰਜਾਬੀ |
| | | 9. ਵਿਆਧੀ ਵਿਨਾਸ਼ਕ ਟੀਕਾ | | ਪੰਜਾਬੀ |
| | | 10. ਇਸਤ੍ਰੀ ਚਕਿਤਸਾ | 1929 ਈ. | ਪੰਜਾਬੀ |
| | | 11. ਅਧਿਆਤਮ ਪ੍ਰਕਾਸ਼ ਸਟੀਕ | | ਪੰਜਾਬੀ |
| | | 12. ਸਟੀਕ ਪੰਜ ਗ੍ਰੰਥੀ | 1948 ਈ. | ਪੰਜਾਬੀ |
| | | 13. ਖਾਲਸਾ ਬਿਵਾਹ ਪੱਧਤ | | ਪੰਜਾਬੀ |
| | | 14. ਸਾਖੀ ਪ੍ਰਮਾਣ | 1908 ਈ. | ਪੰਜਾਬੀ |
| | | 15. ਦਰਬਾਰ ਗਾਈਡ | | ਪੰਜਾਬੀ |
| | | 16. ਨਨਕਾਣਾ ਸਾਹਿਬ ਗਾਈਡ | | ਪੰਜਾਬੀ |
| | | 17. ਨਿਰਮਲ ਪ੍ਰਬੋਧ | | ਪੰਜਾਬੀ |
| | | 18. ਨਿਰਮਲ ਵੈਦ | 1951 ਈ. | ਪੰਜਾਬੀ |
| | | 19. ਗੰਗਯਤੀ ਨਿਧਾਨ ਸਟੀਕ | 1906 ਈ. | ਪੰਜਾਬੀ |
| | | 20. ਵੈਦਿਕ ਭੰਡਾਰ | | ਪੰਜਾਬੀ |
| | | 21. ਬਾਲ ਚਕਿਤਸਾ | | ਪੰਜਾਬੀ |
| | | 22. ਸਵਰ ਦਰਪਣ | | ਪੰਜਾਬੀ |

| | | | | |
|---|---|---|---|---|
| | | 23. ਸੰਧਿਆ ਵਿਧੀ | | ਪੰਜਾਬੀ |
| | | 24. ਨਿਰਮਲ ਕੋਸ਼ | | ਪੰਜਾਬੀ |
| | | 25. ਨਿਰਮਲ ਸੰਹਿਤਾ | | |
| | | 26. ਸ਼ਿੰਗਾਰ ਸ਼ਤਕ | | ਪੰਜਾਬੀ |
| | | 27. ਟਕੇ ਮਣ ਮੁਕਤੀ | | ਪੰਜਾਬੀ |
| | | 28. ਖੀਸੇ ਦਾ ਹਕੀਮ | | ਪੰਜਾਬੀ |
| | | 29. ਸੰਭੁਜ ਹਰਿ ਸਵਰੋਦਯ ਸਟੀਕ | | ਪੰਜਾਬੀ |
| | | 30. ਰਤੀ ਚੰਦ੍ਰੋਦਯ | | ਪੰਜਾਬੀ |
| | | 31. ਐਗਲੋਮਣੀ | | |
| | | 32. ਕਥਾ ਪੂਰਨਮਾਸ਼ੀ | | ਪੰਜਾਬੀ |
| | | 33. ਅੰਗਰੇਜ਼ ਮਿਲਾਪ | | ਪੰਜਾਬੀ |
| | | 34. ਹਰਦਵਾਰ ਗਾਈਡ | | |
| 2 | ਸੰਤ ਨਿਰੰਕਾਰ ਸਿੰਘ | 1. ਗਾਉੜੀ ਬਾਵਨ ਅੱਖਰੀ ਮਹਲਾ 5 | | ਪੰਜਾਬੀ |
| | | 2. ਸਤੇ ਬਲਵੰਡ ਦੀ ਵਾਰ | | ਪੰਜਾਬੀ |
| | | 3. ਜੈਤਸਰੀ ਦੀ ਵਾਰ ਮ. 5 | | ਪੰਜਾਬੀ |
| | | 4. ਜਪੁਜੀ ਸਾਹਿਬ ਸਟੀਕ | 1951 ਈ. | ਪੰਜਾਬੀ |
| | | 5. ਕਲਿਆਣ ਮਾਰਗ ਸਟੀਕ ਬਾਵਨ ਅੱਖਰੀ | | ਪੰਜਾਬੀ |
| | | 6. ਟੀਕਾ ਰਾਇ ਬਲਵੰਡ ਤੇ ਸੱਤੇ ਡੂਮਿ ਦੀ ਵਾਰ | | ਪੰਜਾਬੀ |
| | | 7. ਪਦ ਅਰਥ ਵੀਚਾਰ ਸਾਗਰ | | ਪੰਜਾਬੀ |
| 3 | ਮਹੰਤ ਦਿਆਲ ਸਿੰਘ ਸੰਪਾਦਕ; ਨਿਰਮਲ ਪੱਤ੍ਰ (ਹਫ਼ਤਾਵਾਰ) | 1. ਬਾਬੇ ਨਾਨਕ ਦਾ ਨਿਰਮਲ ਪੰਥ | 1935 ਈ. | ਪੰਜਾਬੀ |
| | | ਨਿਰਮਲ ਪੰਥ ਦਰਸ਼ਨ (ਭਾਗ ਪਹਿਲਾ) | ਸੰ. 2009 | ਪੰਜਾਬੀ |
| | | ਨਿਰਮਲ ਪੰਥ ਦਰਸ਼ਨ (ਭਾਗ ਦੂਜਾ) | ਸੰ. 2020 | ਪੰਜਾਬੀ |
| | | ਨਿਰਮਲ ਪੰਥ ਦਰਸ਼ਨ (ਭਾਗ ਤੀਜਾ) | 1965 ਈ. | ਪੰਜਾਬੀ |
| | | ਨਿਰਮਲ ਪੰਥ ਦਰਸ਼ਨ (ਭਾਗ ਚੌਥਾ) | 1965 ਈ. | ਪੰਜਾਬੀ |

| | | | | |
|---|---|---|---|---|
| | | 3. ਗਯਾਨ ਭੂਮਿਕਾ | 1949 ਈ. | ਪੰਜਾਬੀ |
| | | 4. ਰਿਖੀਕੇਸ਼ ਭੁਸ਼ਣ | 1924 ਈ. | ਪੰਜਾਬੀ |
| 4 | ਸੰਤ ਰਜਿੰਦਰ ਸਿੰਘ ਸ਼ਾਸਤ੍ਰੀ (ਮਹੰਤ ਦਿਆਲ ਸਿੰਘ ਦੇ ਸ਼ਿਸ਼) | 1. ਹਿੰਦੂ ਮਿਥਿਹਾਸ ਕੋਸ਼ (ਹਿੰਦੂ ਕਲਾਸੀਕਲ ਡਿਕਸ਼ਨਰੀ: ਕਰਤਾ ਜ਼ੌਨ ਡੋਸ਼ਨ ਦਾ ਅਨੁਵਾਦ) | 1963 ਈ. | ਪੰਜਾਬੀ |
| 5 | ਸੰਤ ਸ਼ੇਰ ਸਿੰਘ ਜੀ | 1. ਬੀਰ ਮ੍ਰਿਗੇਂਦ੍ਰ ਗੁਰਬਿਲਾਸ (ਪੰਜਾਬੀ ਗੱਦ-ਰਚਨਾ ਦਾ ਇਕ ਚੰਗਾ ਨਮੂਨਾ ਹੈ।) | 1935 ਈ. | |
| 6 | ਸੰਤ ਟਹਿਲ ਸਿੰਘ (ਸ਼ੇਰ ਸਿੰਘ ਨੌਰੰਗਾਬਾਦ ਦੇ ਸ਼ਿਸ਼) | 1. ਬਾਰਹ ਮਾਹ ਕਬਿੱਤ ਸਵੱਈਏ | 1931 ਈ. | ਪੰਜਾਬੀ |
| 7 | ਪੰਡਿਤ ਹਰਦੇਵ ਸਿੰਘ, ਰਿਸ਼ੀਕੇਸ਼ | 1. ਨਾਰਾਇਣ ਹਰੀ ਉਪਦੇਸ਼ (ਗੁਰੁਦੇਵ ਪੰ. ਨਾਰਾਇਣ ਦੀ ਯਾਦ ਵਿਚ) | 1937 ਈ. | |
| | | 2. ਪ੍ਰਾਣ ਸੰਗਲੀ | 1958 ਬਿ. | ਹਿੰਦੀ |
| 8 | ਗਿਆਨੀ ਗੁਰਬਚਨ ਸਿੰਘ, ਭਿੰਡਰਾਂ ਵਾਲੇ | 1. ਸ੍ਰੀ ਗੁਰਮੁਖ ਪ੍ਰਕਾਸ਼ | | |
| 9 | ਮਹੰਤ ਬਿਸ਼ਨ ਸਿੰਘ 'ਕ੍ਰੀਟ' | 1. ਦੇਸ਼ ਜਗਾਵਾ | | |
| | | 2. ਨੂਰੀ ਝਲਕਾਂ | 1932 ਈ. | ਪੰਜਾਬੀ |
| | | 3. ਜੀਵਨ ਫੁਹਾਰ | 1949 ਈ. | ਪੰਜਾਬੀ |
| | | 4. ਜਿੰਦਗੀ ਦੇ ਮੋੜ | 1980 ਈ. | ਪੰਜਾਬੀ |
| | | 5. ਡੁਲ੍ਹਦਾ ਜ਼ੋਬਨ | 1982 ਈ. | ਪੰਜਾਬੀ |
| | | 6. ਬਿਖਰੇ ਮੋਤੀ | 1980 ਈ. | ਪੰਜਾਬੀ |
| | | 7. ਮਿੱਠਾ ਨਾਨਕ | 1982 ਈ. | ਪੰਜਾਬੀ |

| | | | | |
|---|---|---|---|---|
| | | 8. ਅੰਮ੍ਰਿਤ ਬਚਨ ਤੇ ਸੰਤ ਦਰਸ਼ਨ | | ਪੰਜਾਬੀ |
| | | 9. ਨੂਰੀ ਜੀਵਨ (ਜੀਵਨੀ) | | ਪੰਜਾਬੀ |
| | | 10. ਲੰਘਦੇ ਜਾਂਦੇ ਕਾਫ਼ਲੇ | | ਪੰਜਾਬੀ |
| | | 11. ਇਤਿਹਾਸ ਗੁਰਦੁਆਰਾ ਗੁਰੂ ਅਮਰਦਾਸ ਜੀ, ਕਨਖਲ, ਹਰਿਦੁਆਰ | 1950 ਈ. | ਪੰਜਾਬੀ |
| | | 12. ਗੁਰਮਤਿ ਵਿਆਖਿਆਨ | | ਪੰਜਾਬੀ |
| 10 | ਸੰਤ ਵਿਸਾਖਾ ਸਿੰਘ (ਕਿਸ਼ਨਪੁਰ ਕਲਾਂ, ਮੋਗਾ) | 1. ਮਾਲਵਾ ਇਤਿਹਾਸ (ਤਿੰਨ ਭਾਗ), ਪਹਿਲਾ | 1954 ਈ. | ਪੰਜਾਬੀ |
| | | ਮਾਲਵਾ ਇਤਿਹਾਸ, ਦੂਜਾ | 1954 ਈ. | ਪੰਜਾਬੀ |
| | | ਮਾਲਵਾ ਇਤਿਹਾਸ, ਤੀਜਾ | 1959 ਈ. | ਪੰਜਾਬੀ |
| | | 2. ਸਰੀਰਕ ਸਿੱਖਿਆ | | ਪੰਜਾਬੀ |
| | | 3. ਸੰਤ ਸਿਪਾਹੀ | | ਪੰਜਾਬੀ |
| | | 4. ਪੰਗਤੀ ਪ੍ਰਮਾਣ | | ਪੰਜਾਬੀ |
| | | 5. ਸ੍ਰੀ ਦਸ਼ਮੇਸ਼ ਜੀ ਦੀਆਂ ਦੁਲਾਰੀਆਂ | | ਪੰਜਾਬੀ |
| | | 6. ਪੈਂਤੀ ਰੋਗਾਂ ਦਾ ਇਲਾਜ | | ਪੰਜਾਬੀ |
| 11 | ਸੰਤ ਹਰੀ ਸਿੰਘ (ਤਖਤੂਪੁਰਾ, ਮੋਗਾ) | 1. ਧਾਰਮਿਕ ਨੀਤੀ | 1960 ਈ. | ਪੰਜਾਬੀ |
| | | 2. ਛੰਦ ਸ਼ਾਸਤ੍ਰ (ਪਿੰਗਲ) | 1961 ਈ. | ਪੰਜਾਬੀ |
| | | 3. ਜ਼ੋਤਿਸ਼ | 1962 ਈ. | ਪੰਜਾਬੀ |
| 12 | ਹਰੀ ਸਿੰਘ ਵਿਰਕਤ ਰਿਸ਼ੀਕੇਸ਼ | ਅਦਵੈਤਾਨੁਭਵ ਪ੍ਰਕਾਸ਼ | 1912 ਈ. | ਹਿੰਦੀ |
| 13 | ਜਵੰਦ ਸਿੰਘ ਜੀ (ਖਵਾਸਪੁਰ, ਅੰਮ੍ਰਿਤਸਰ) | 1. ਬ੍ਰਹਮ ਨਿਸਟਾਵਲੀ | | ਪੰਜਾਬੀ |
| | | 2. ਨਾਮਵਲੀ | | ਪੰਜਾਬੀ |
| | | 3. ਪ੍ਰਯਾਯ ਵੈਰਾਗ ਸ਼ਤਕ | | ਪੰਜਾਬੀ |
| | | 4. ਨਾਮ ਮੰਜਰੀ | | ਪੰਜਾਬੀ |
| 14 | ਸੰਤ ਟਹਿਲ ਸਿੰਘ | 1. ਅਸਲੀ ਗੁਰ ਪ੍ਰਕਾਸ਼ | 1939 ਈ. | ਪੰਜਾਬੀ |

| | | | | |
|---|---|---|---|---|
| | (ਸੂਜੋ, ਜਲੰਧਰ) | 2. ਸਵੈ ਗੁਰਰਬਾਣੀ ਅਸਲੀ ਗੁਰ ਪ੍ਰਕਾਸ਼ | 1939 ਈ. | ਪੰਜਾਬੀ |
| | | 3. ਸਵੈ ਗੁਰਬਾਣੀ ਅੰਮ੍ਰਿਤ ਪ੍ਰਕਾਸ਼ | 1931 ਈ. | ਪੰਜਾਬੀ |
| | | 4. ਸਵੈ ਗੁਰਬਾਣੀ ਸੁਖਮਣੀ ਸਾਹਿਬ | | ਪੰਜਾਬੀ |
| | | 5. ਸਵੈ ਗੁਰਬਾਣੀ ਸੰਪੂਰਨ ਸੁਖਮਣੀ ਸਾਹਿਬ | 1934 ਈ. | ਪੰਜਾਬੀ |
| | | 6. ਸਵੈ ਗੁਰਬਾਣੀ ਜੀਵਨ ਪ੍ਰਕਾਸ਼ | | ਪੰਜਾਬੀ |
| | | 7. ਵਿਦਿਆ ਮਹਿਮਾ ਪ੍ਰਕਾਸ਼ | | ਪੰਜਾਬੀ |
| | | 8. ਵਿਦਿਆ ਵਯਜੰਤੀ ਮਾਲਾ | | ਪੰਜਾਬੀ |
| | | 9. ਸਵੈ ਗੁਰਬਾਣੀ ਪ੍ਰਕਾਸ਼ | | ਪੰਜਾਬੀ |
| | | 10. ਭਰਮ ਵਿਨਾਸ਼ ਤੇ ਗਿਆਨ ਪ੍ਰਕਾਸ਼ | | ਪੰਜਾਬੀ |
| | | 11. ਗੁਰਦਵਾਰਾ ਤੀਰਥ ਸਵੈ ਦੇ ਯਾਤਰਾ | 1925 ਈ. | ਪੰਜਾਬੀ |
| | | 12. ਇਨਸਾਨ ਹੈਵਾਨ ਸੰਬਾਦ | 1941 ਈ. | ਪੰਜਾਬੀ |
| | | 13. ਵਿਦਿਯਾ ਮਹਿਮਾ ਪ੍ਰਕਾਸ਼ | 1958 ਈ. | ਪੰਜਾਬੀ |
| | | 14. ਅਲੰਕਾਰ ਸਾਗਰ ਸੁਧਾ | | ਪੰਜਾਬੀ |
| 15 | ਸੰਤ ਟਹਿਲ ਸਿੰਘ, ਲੰਮੇ ਜਗੀਰ ਵਾਲੇ | 1. ਗੁਰੂ ਗਿਰਾ ਰਾਗ ਮਾਲਾ ਮੰਡਨ | 1903 ਈ. | ਪੰਜਾਬੀ |
| 16 | ਸੰਤ ਦਿਆਲ ਸਿੰਘ 'ਪਰਵਾਨਾ' | 1. ਹਸਦਾ ਬਾਦਸ਼ਾਹ | | ਪੰਜਾਬੀ |
| 17 | ਪੰਡਿਤ ਅਰਜੁਨ ਸਿੰਘ 'ਮੁਨੀ', ਵਿਆਕਰਣਾਚਰਯ, ਨਯਾਯ ਸ਼ਾਸਤ੍ਰੀ | 1. ਪ੍ਰੇਮ ਪ੍ਰਬੋਧਨੀ ਟੀਕਾ (ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੀਕਾ) | ਮਿਤੀਹੀਣ | ਹਿੰਦੀ |
| | | 2. ਇਤਿਹਾਸ ਨਿਰਮਲ ਪੰਚਾਇਤੀ ਅਖਾੜਾ | 1949 ਈ. | ਹਿੰਦੀ |
| | | 3. ਸ੍ਰੀ ਗੁਰੂ ਗ੍ਰੰਥ ਸਾਹਿਬ ਟੀਕਾ, ਮਾਝ ਰਾਗ ਤੱਕ (ਪੁਨਰ ਛਾਪ) | 1964 ਈ. | ਹਿੰਦੀ |
| | | 4. ਜਪੁਜੀ, ਰਹਿਰਾਸ, ਕੀਰਤਨ ਸੋਹਿਲਾ (ਇਕ ਪੋਥੀ) | 1964 ਈ. | ਪੰਜਾਬੀ |

| | | | | |
|---|---|---|---|---|
| 18 | ਸੰਤ ਗੁਲਾਬ ਸਿੰਘ | ਸ੍ਰੀ ਜਪੁ ਪ੍ਰਕਾਸ਼ (ਅਰਥਾਤ ਵੱਡਾ ਟੀਕਾ ਜਪੁਜੀ ਸਾਹਿਬ ਕਾ ਭਾਗ ਨੰ. 1 ਸਮੇਤ ਸ਼ਬਦ ਹਜ਼ਾਰੇ) | 1916 ਈ. | ਪੰਜਾਬੀ |
| 19 | ਗਿਆਨੀ ਬਲਵੰਤ ਸਿੰਘ ਕੋਠਾ ਗੁਰੂ | 1. ਅਦੁੱਤੀ ਸੇਵਕ | 1955 ਈ. | ਪੰਜਾਬੀ |
| | | 2. ਰੂਪ ਦੀਪ ਪਿੰਗਲ ਸਟੀਕ | 1957 ਈ. | ਪੰਜਾਬੀ |
| | | 3. ਅਗਮ ਅਗਾਧ ਪੁਰਖ | 1983 ਈ. | ਪੰਜਾਬੀ |
| | | 4. ਏਕ ਪੁਰਖ ਅਪਾਰ | 1983 ਈ. | ਪੰਜਾਬੀ |
| | | 5. ਦਮਦਮਾ ਗੁਰੂ ਕੀ ਕਾਸ਼ੀ | 1995 ਈ. | ਪੰਜਾਬੀ |
| | | 6. ਸੰਤ ਬਾਬਾ ਬਲਵੰਤ ਸਿੰਘ ਜੀ ਧਲੇਰ ਵਾਲੇ | 1994 ਈ. | ਪੰਜਾਬੀ |
| | | 7. ਪੂਜਯ ਸੰਤ ਅਤਰ ਸਿੰਘ ਜੀ ਮਸਤੂਆਣਾ | 1994 ਈ. | ਹਿੰਦੀ |
| | | 8. ਨਿਰਮਲ ਪੰਥ ਬੋਧ | 1998 ਈ. | ਪੰਜਾਬੀ |
| | | 9. ਪਰਮ ਰੂਪ ਪੁਨੀਤ ਮੂਰਤਿ | 1995 ਈ. | ਪੰਜਾਬੀ |
| | | 10. ਗੁਰੂ ਵੰਸ਼ ਖਾਲਸਾ ਪੰਥ | 1999 ਈ. | ਹਿੰਦੀ |
| | | 11. ਵਿਦਿਆਸਰ ਦਾ ਵਿਦਿਆ ਸਾਗਰ | 2000 ਈ. | ਪੰਜਾਬੀ |
| | | 12. ਸੁਧਾਸਰ ਕੇ ਰਤਨ | 2001 ਈ. | ਪੰਜਾਬੀ |
| | | 13. ਸ੍ਰੀ ਦਮਦਮਾ ਗੁਰੂ ਕਾਸ਼ੀ | 2003 ਈ. | ਪੰਜਾਬੀ |
| | | 14. ਸੰਪ੍ਰਦਾਇ ਮਸਤੂਆਣਾ | 2015 ਈ. | ਪੰਜਾਬੀ |
| | | 15. ਕਲਾਧਾਰੀ ਪੁਰਖ | 2012 ਈ. | ਪੰਜਾਬੀ |
| | | 16. ਕੋਠਾਗੁਰੂ ਦੀ ਗੌਰਵ ਗਾਥਾ | 2004 ਈ. | ਪੰਜਾਬੀ |
| | | 17. ਨਿਰਮਲ ਪੰਥ ਦੀ ਗੌਰਵ ਗਾਥਾ | 2009 ਈ. | ਪੰਜਾਬੀ |
| | | 18. ਮਾਤਾ ਦੇਸਾ ਦਾ ਬੁਰਜ | 2005 ਈ. | ਪੰਜਾਬੀ |
| | | 19. ਡੇਰਾ ਬਾਬਾ ਦਲ ਸਿੰਘ | 2007 ਈ. | ਪੰਜਾਬੀ |
| | | 20. ਨਿਰਮਲ ਭੇਖ ਭਾਸਕਰ | 2009 ਈ. | ਪੰਜਾਬੀ |
| | | 21. ਸੂਰਬੀਰ ਬਚਨ ਕੇ ਬਲੀ | 2009 ਈ. | ਪੰਜਾਬੀ |

| | | | | |
|---|---|---|---|---|
| | | 22. ਕ੍ਰਿਪਾਨ ਪਾਣੀ ਨਿਰਭੈ ਜੋਧਾ ਮਹਾਂਬੀਰ ਬੰਦਾ ਸਿੰਘ | 2009 ਈ. | ਪੰਜਾਬੀ |
| | | 23. ਹਸਦਾ ਬਾਦਸ਼ਾਹ (ਸੰਪਾ.) | | ਪੰਜਾਬੀ |
| | | 24. ਸ਼ਾਂਤ ਸੰਗੀਤ (ਸੰਪਾ.) | | ਪੰਜਾਬੀ |
| | | 25. ਵਹਿੰਦੇ ਨੀਰ (ਸੰਪਾ.) | | ਪੰਜਾਬੀ |
| | | 26. ਪੈਂਤੀਸ ਅੱਖਰੀ (ਸੰਪਾ.) | | ਪੰਜਾਬੀ |
| | | 27. ਆਤਮ ਬੋਧ | | ਪੰਜਾਬੀ |
| | | 28. ਅਧਿਆਤਮ ਅਨੁਭਵ ਵਿਵੇਕ | | ਪੰਜਾਬੀ |
| | | 29. ਪੰਡਿਤ ਈਸ਼ਰ ਸਿੰਘ ਗ੍ਰੰਥਾਵਲੀ | | ਪੰਜਾਬੀ |
| 20 | ਗੁਰਚਰਨ ਸਿੰਘ ਮੁਕਤਸਰ | 1. ਇਤਿਹਾਸ ਡੇਰਾ ਬਾਬਾ ਗਾਂਧਾ ਸਿੰਘ ਜੀ ਬਰਨਾਲਾ | 1976 ਈ. | ਪੰਜਾਬੀ |
| 21 | ਬੁੱਧ ਸਿੰਘ ਲਾਹੌਰੀ | 1. ਸ਼ਿੰਗਾਰ ਸ਼ਤਕ | 1921 ਈ. | ਪੰਜਾਬੀ |
| | | 2. ਜਪੁਜੀ ਸਾਹਿਬ ਸਟੀਕ | 1950 ਈ. | ਪੰਜਾਬੀ |
| | | 3. ਤਰਕ ਸੰਗ੍ਰਹਿ ਦਾ ਪਦ ਅਰਥ ਟੀਕਾ | | ਪੰਜਾਬੀ |
| | | 4. ਪ੍ਰਸਤਾਰ ਪ੍ਰਭਾਕਰ | | ਪੰਜਾਬੀ |
| 22 | ਬਲਵੀਰ ਸਿੰਘ ਸ਼ਾਸਤ੍ਰੀ | 1. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ | 1966 ਈ. | ਹਿੰਦੀ |
| 23 | ਪ੍ਰੇਮ ਸਿੰਘ ਸਵਾਮੀ | 1. ਸ੍ਰੀ ਵਾਹਿਗੁਰੂ ਮੰਤ੍ਰ ਸਤੋਤ੍ਰਮ (ਪੁਨਰ ਛਾਪ) | 1961 ਈ. | ਸੰਸਕ੍ਰਿਤ |
| | | 2. ਗੁਰੂ ਸਤੋਤ੍ਰਯਮ | 1915 ਈ. | ਸੰਸਕ੍ਰਿਤ |
| 24 | ਸਾਧੂ ਗੁਰਦਿੱਤ ਸਿੰਘ | 1. ਗੁਰੂ ਨਾਨਕ ਸਤੋਤ੍ਰ | | ਸੰਸਕ੍ਰਿਤ |
| | | 2. ਨੈਸ਼ਕ੍ਰਮਯ ਸਿੱਧਿ ਕੀ ਟੀਕਾ | 1925 ਈ. | ਸੰਸਕ੍ਰਿਤ |
| | | 3. ਵੇਦਾਂਤ ਸਿੱਧਾਂਤ ਮੁਕਤਾਵਲੀ ਕੀ ਟੀਕਾ | 1914 ਈ. | ਸੰਸਕ੍ਰਿਤ |
| | | 4. ਗੁਰਮਤਿ ਸਿਧਾਂਤ ਸਾਰ | 1931 ਈ. | ਪੰਜਾਬੀ |
| | | 5. ਲੋਲਮ ਭਾਵ ਚੰਦੋਦਯ ਟੀਕਾ | 1888 ਈ. | ਹਿੰਦੀ |
| | | 6. ਜਪੁ ਪਦਾਰਥ ਸੰਬੋਧਨੀ | | ਹਿੰਦੀ |

| | | | | |
|---|---|---|---|---|
| | | 7. ਜੀਵਨ ਪੰਡਿਤ ਹਰੀ ਸਿੰਘ ਜੀ ਮਹਾਰਾਜ | 1916 ਈ. | ਹਿੰਦੀ |
| | | 8. ਜਪੁ ਜੀ ਸਟੀਕ | 1911 ਈ. | ਪੰਜਾਬੀ |
| | | 9. ਟੀਕਾ ਅਮੀਰ ਪ੍ਰਕਾਸ਼ | 1914 ਈ. | ਪੰਜਾਬੀ |
| | | 10. ਚਕਿਤਸਾ ਕੋਸ਼ (ਚਾਰ ਭਾਗ) | 1888 ਈ. | ਪੰਜਾਬੀ |
| | | 11. ਕੁਰਾਨ ਸ਼ਰੀਫ਼ ਦਾ ਗੁਰਮੁਖੀ ਅਨੁਵਾਦ | 1911 ਈ. | ਪੰਜਾਬੀ |
| | | 12. ਗੁਰਗਿਰਾ ਰੁਪਾਂਤਰ | 1935 ਈ. | ਸੰਸਕ੍ਰਿਤ |
| | | 13. ਸ੍ਰੀਮਦ ਗੁਰੂ ਗੋਬਿੰਦ ਸਿੰਘਾਸਯਾਸ਼ਟਕੰ | | ਸੰਸਕ੍ਰਿਤ |
| | | 14. ਗੁਰੂ ਨਾਨਕ ਅਸ਼ਟਕੰ | | ਸੰਸਕ੍ਰਿਤ |
| | | 15. ਰਾਮਾਸ਼ਟਕੰ | | ਸੰਸਕ੍ਰਿਤ |
| | | 16. ਨਿਰਮਲਿਆਂ ਦੀ ਆਦਿ ਉਤਪਤੀ | | ਪੰਜਾਬੀ |
| | | 17. ਜਪੁ ਸਾਹਿਬ ਤੇ ਸ਼ਬਦ ਹਜ਼ਾਰੇ ਟੀਕਾ | 1932 ਈ. | |
| 25 | ਸੰਤ ਹਰੀ ਸਿੰਘ | 1. ਗੁਰੂ ਨਾਨਕ ਅਸ਼ਟਕ | | ਪੰਜਾਬੀ |
| | | 2. ਨਿਰਮਲ ਉਦੇਸ਼ (ਪਤ੍ਰਿਕਾ) | 1975 ਈ. | ਪੰਜਾਬੀ |
| | | 3. ਸੰਖੇਪ ਬਿਬੇਕ | 1923 ਈ. | ਪੰਜਾਬੀ |
| 26 | ਹਰੀ ਸਿੰਘ, ਹੋਤੀ ਮਰਦਾਨ | 1. ਖਾਲਸਾ ਸਤੋਤ੍ਰ, ਗੁਰਮੰਤ੍ਰ ਮਹਾਤਮ | 1948 ਈ. | ਪੰਜਾਬੀ |
| 27 | ਹਰੀ ਸਿੰਘ, ਗਲੀ ਡੇਰਾ ਬਾਗ ਵਾਲੀ, ਅੰਮ੍ਰਿਤਸਰ | 1. ਨਿਰਮਲ ਭੇਖ ਦਾ ਇਤਿਹਾਸ ਅਤੇ ਸੰਪ੍ਰਦਾਇ ਬੰਸਾਵਲੀ | 1961 ਈ. | ਪੰਜਾਬੀ |
| 28 | ਸੰਤ ਗਿ. ਆਤਮਾ ਸਿੰਘ | 1. ਸਾਖੀ ਪ੍ਰਮਾਣ | 1916 ਈ. | ਪੰਜਾਬੀ |
| 29 | ਸੰਤ ਸੰਗਤ ਸਿੰਘ (ਕਵੀ), ਤੋਲੇ ਵਾਲਾ, ਪਟਿਆਲਾ | 1. ਪਿੰਗਲ ਪ੍ਰਸਤਾਰ ਸੰਗ੍ਰਿਹ | | ਪੰਜਾਬੀ |
| | | 2. ਮਤ ਸੰਗ੍ਰਹਿ | | ਪੰਜਾਬੀ |
| | | 3. ਗਯਾਨ ਪ੍ਰਕਾਸ਼ | | ਪੰਜਾਬੀ |
| | | 4. ਸ੍ਰੀ ਆਨੰਦ ਭਾਸਕਰ | | ਪੰਜਾਬੀ |

| | | | | |
|---|---|---|---|---|
| 30 | ਹਰਦੇਵ ਸਿੰਘ 'ਸਵਾਮੀ' | 1. ਸ੍ਰੀ ਨਾਰਾਇਣ ਹਰਿ ਉਪਦੇਸ਼ | 1968 ਈ. | ਹਿੰਦੀ |
| 31 | ਤੇਜਾ ਸਿੰਘ ਸ਼ਾਸਤ੍ਰੀ | 1. ਇਸਤ੍ਰੀ ਜੀਵਨ | | ਪੰਜਾਬੀ |
| | | 2. ਚਣਾਕਾ ਰਾਜਨੀਤੀ | | ਪੰਜਾਬੀ |
| | | 3. ਜੀਵਨ ਧਨੰਤਰੀ | | ਪੰਜਾਬੀ |
| | | 4. ਦਸ਼ਮੇਸ਼ ਉਦੇਸ਼ | | ਪੰਜਾਬੀ |
| | | 5. ਰੂਪਦੀਪ ਪਿੰਗਲ ਸਟੀਕ | 1962 ਈ. | ਪੰਜਾਬੀ |
| 32 | ਮਹੰਤ ਨਿਹਾਲ ਸਿੰਘ ਜੀ ਕਾਸ਼ੀ (ਸ਼ਿਸ਼ ਪੰ. ਉਧਵ ਸਿੰਘ) | 1. ਚਾਰ ਫਕੀਰੋਂ ਕੀ ਚੌਕੜੀ | 1946 ਈ. | ਪੰਜਾਬੀ |
| | | 2. ਚਾਰ ਨਾਰ ਕੀ ਚੌਕੜੀ | 1928 ਈ. | ਪੰਜਾਬੀ |
| | | 3. ਚਾਰ ਬਾਲ ਕੀ ਚੌਕੜੀ | 1929 ਈ. | ਪੰਜਾਬੀ |
| 33 | ਹਰਕੀਰਤ ਸਿੰਘ ਅਰਵਿੰਦ | 1. ਆਤਮ ਸਰਿਤਾ | 1978 ਈ. | ਹਿੰਦੀ |
| 34 | ਨਿਰਮਲ ਆਸ਼੍ਰਮ ਰਿਸ਼ੀਕੇਸ਼ | 1. ਸਹਜ ਕਥਾ ਭਾਗ ਪਹਿਲਾ | 1993 ਈ. | ਪੰਜਾਬੀ |
| | | 2. ਸਹਜ ਕਥਾ ਭਾਗ ਦੂਜਾ | 2001 ਈ. | ਪੰਜਾਬੀ |
| | | 3. ਸਹਜ ਕਥਾ ਭਾਗ ਤੀਜਾ | 2003 ਈ. | ਪੰਜਾਬੀ |
| | | 4. ਸਹਜ ਕਥਾ ਭਾਗ ਚੌਥਾ | 2010 ਈ. | ਪੰਜਾਬੀ |
| | | 5. ਸਹਜ ਕਥਾ ਭਾਗ ਪੰਜਵਾਂ | 2010 ਈ. | ਪੰਜਾਬੀ |
| 35 | ਮਹੰਤ ਬੁੱਢਾ ਸਿੰਘ ਜੀ, ਰਿਸ਼ੀਕੇਸ਼ | 1. ਨਿਰਮਲ ਉਪਦੇਸ਼ | 1974 ਈ. | ਪੰਜਾਬੀ |
| 36 | ਸੰਤ ਨਿਰਭਿੰਦਰ ਸਿੰਘ 'ਸਰਪੰਚ' | 1. ਅਸਚਰਜ ਵਸਤੂ | 1997 ਈ. | ਪੰਜਾਬੀ |
| 37 | ਮੋਨੀ ਸਵਾਮੀ | 1. ਸ੍ਰੀ ਗੁਰਦੇਵਏ ਨਮਹ | 2010 ਈ. | ਪੰਜਾਬੀ |
| 38 | ਸੰਤ ਹਰੀਚਰਨ ਸਿੰਘ 'ਹਰੀ' | 1. ਅਮਰ ਵਸਤੂ | 2012 ਈ. | ਪੰਜਾਬੀ |

| | | | | |
|---|---|---|---|---|
| 39 | ਸੰਤ ਤੇਜਾ ਸਿੰਘ ਐਮ.ਏ | ਨਿਰਮਲ ਦਰਪਣ | 2002 ਈ. | ਪੰਜਾਬੀ |
| 40 | ਸੰਤ ਸੰਪੂਰਣ ਸਿੰਘ (ਭਾਈ ਮੋਹਨ ਸਿੰਘ ਵੈਦ, ਤਰਨਤਾਰਨ ਦੇ ਭਰਾ) | 1. ਗੁਰਮਤ ਸਿਧਾਂਤ ਬਯੋਗ | 1913 ਈ. | ਪੰਜਾਬੀ |
| | | 2. ਗੁਰਮਤ ਸਿਧਾਂਤ ਯੋਗ | 1913 ਈ. | ਪੰਜਾਬੀ |
| | | 3. ਕਿਸਮਤ ਦੇ ਧਨੀ | 1917 ਈ. | ਪੰਜਾਬੀ |
| | | 4. ਉਨਤੀ ਦਾ ਮਾਰਗ | 1919 ਈ. | ਪੰਜਾਬੀ |
| | | 5. ਸਿੱਖ ਕਿਸ ਨੂੰ ਆਖਦੇ ਹਨ | 1919 ਈ. | ਪੰਜਾਬੀ |
| | | 6. ਸਫ਼ਲ ਜੀਵਨ ਭਾਈ ਜੈਮਲ ਸਿੰਘ ਜੀ ਵੈਦ | 1919 ਈ. | ਪੰਜਾਬੀ |
| | | 7. ਅਕਾਲੀ ਜੋਧਾ | 1922 ਈ. | ਪੰਜਾਬੀ |
| | | 8. ਗਿਆਨ ਮਾਰਗ | 1922 ਈ. | ਪੰਜਾਬੀ |
| | | 9. ਸੁਧਰਮ ਮਾਰਗ ਗ੍ਰੰਥ | 1923 ਈ. | ਪੰਜਾਬੀ |
| | | 10. ਲੈਕਚਰ ਵਖਿਆਨ ਸਾਗਰ | 1923 ਈ. | ਪੰਜਾਬੀ |
| | | 11. ਸਿੱਖੀ ਜੀਵਨ | 1923 ਈ. | ਪੰਜਾਬੀ |
| | | 12. ਸਿਧਾਤ ਬੋਧਨੀ ਟੀਕਾ | 1927 ਈ. | ਪੰਜਾਬੀ |
| | | 13. ਜੀਵਨ ਅਤੇ ਕਬਿੱਤ ਸਵੈਯੇ ਭਾਈ ਗੁਰਦਾਸ ਜੀ | 1930 ਈ. | ਪੰਜਾਬੀ |
| | | 14. ਗੁਰੂਪਦ ਪ੍ਰਬੰਧ | 1932 ਈ. | ਪੰਜਾਬੀ |
| | | 15. ਰਹਿਤਨਾਮੇ | 1946 ਈ. | ਪੰਜਾਬੀ |
| | | 16. ਟੀਕਾ ਭਗਤ ਬਾਣੀ, ਮਰਮਬੋਧਨੀ ਟੀਕੇ ਸਮੇਤ) | 1955 ਈ. | ਪੰਜਾਬੀ |
| | | 17. ਮੌਜ ਸਦਾਨੰਦੀ, ਮੌਤ ਰਹਸਯ | 1954 ਈ. | ਪੰਜਾਬੀ |
| | | 18. ਪ੍ਰਾਣ ਸੰਗਲੀ | 1901 ਈ. | ਪੰਜਾਬੀ |
| 41 | ਮੁਖਤਿਆਰ ਸਿੰਘ ਸਾਰੰਗ | 1. ਗੁਰਦੁਆਰਾ ਸ੍ਰੀ ਭੱਠਾ ਸਾਹਿਬ | | ਪੰਜਾਬੀ |
| | | 2. ਕਰਮ ਸਿਧਾਂਤ ਗੁਰਮਤਿ ਤੱਤ | | ਪੰਜਾਬੀ |
| | | 3. ਮੂਲ ਮੰਤ੍ਰ ਤੱਤ ਨਿਰਣੈ | | ਪੰਜਾਬੀ |
| | | 4. ਬਾਰਾਮਾਹ ਰਾਗ ਤੁਖਾਰੀ ਮਹਲਾ 1 | | ਪੰਜਾਬੀ |

| | | | | |
|---|---|---|---|---|
| | | 5. ਸਦ ਦੀ ਆਲੋਚਨਾਤਮਿਕ ਵਿਆਖਿਆ | | ਪੰਜਾਬੀ |
| | | 6. ਖ਼ੋਜ ਗੁਰਪ੍ਰਣਾਲੀ ਗੁਰੂ ਸਾਹਿਬਾਨ ਤੇ ਪਿਛੋਕੜ | | ਪੰਜਾਬੀ |
| | | 7. ਕੁੱਝ ਧਰਮਾਂ ਦੀਆਂ ਅੰਤਿਮ ਰਸਮਾਂ | | ਪੰਜਾਬੀ |
| 42 | ਮਹੰਤ ਮਨਜੀਤ ਸਿੰਘ, ਡੇਰਾ ਬਾਬਾ ਮਿਸ਼ਰਾ ਸਿੰਘ | 1. ਸੁਧਾਸਰ ਦੇ ਹੰਸ | 1985 ਈ. | ਪੰਜਾਬੀ |
| 43 | ਮਹੰਤ ਪ੍ਰਤਾਪ ਸਿੰਘ ਜੀ ਗਾਲਬ ਰਣ ਸਿੰਘ (ਲੁਧਿਆਣਾ) | 1. ਨਿਰਮਲ ਪੰਥ ਦਰਸ਼ਨ (ਇਤਿਹਾਸ ਸੰਪ੍ਰਦਾਇ ਜਲਾਲ) | 1970 ਈ. | ਪੰਜਾਬੀ |
| 44 | ਸੰਤ ਸਾਧੂ ਸਿੰਘ ਸ਼ਾਸਤ੍ਰੀ | 1. ਸ੍ਰੀ ਗੁਰੂ ਸਹਜ ਸੁਅੱਖਰੀ | 1999 ਈ. | ਪੰਜਾਬੀ |
| 45 | ਸੰਤ ਮੰਗਲ ਸਿੰਘ | 1. ਉਕਤ ਬਿਲਾਸ | 1999 ਈ. | ਪੰਜਾਬੀ |
| 46 | ਸੰਤ ਵਤਨ ਸਿੰਘ ਆਦਮਪੁਰ | 1. ਆਤਮ ਰਾਮ ਪ੍ਰਕਾਸ਼ ਵੇਦਾਂਤ | 1973 ਈ. | ਪੰਜਾਬੀ |
| 47 | ਸੰਤ ਹਰਨਾਮ ਸਿੰਘ ਜੀ | 1. ਹਰਿਨਾਮ ਰਾਮਾਯਣ | 2007 ਈ. | |
| | | 2. ਹਰਿਨਾਮ ਬਿਲਾਸ | 2007 ਈ. | |
| 48 | ਸੰਤ ਹਰਿਭਜਨ ਸਿੰਘ ਰਕੜਾ | 1. ਨਿਰਮਲ ਕਥਾ ਭੰਡਾਰ | | ਪੰਜਾਬੀ |
| | | 2. ਨਿਰਮਲ ਸਾਰ ਵਿਚਾਰ | | ਪੰਜਾਬੀ |
| | | 3. ਨਿਰਮਲ ਭਜਨ ਮਾਲਾ | | ਪੰਜਾਬੀ |
| 49 | ਸੰਤ ਕਰਮ ਸਿੰਘ | 1. ਸਦ ਸੁਖ ਪ੍ਰਕਾਸ਼ | | ਪੰਜਾਬੀ |
| | | 2. ਸ੍ਰੀ ਗੁਰੂ ਬੰਸ ਚੰਦ੍ਰੋਦੈ | | ਪੰਜਾਬੀ |
| | | 3. ਹਰਿ ਅਦ੍ਰਿਸ਼ਟ | | ਪੰਜਾਬੀ |
| 50 | ਸੰਤ ਬੁੱਧ ਸਿੰਘ | 1. ਸ਼ਿੰਗਾਰਸ਼ਤਕ | 1921 ਈ. | ਪੰਜਾਬੀ |

| | | | | |
|---|---|---|---|---|
| 51 | ਮਹੰਤ ਪ੍ਰਤਾਪ ਸਿੰਘ, ਭਿਖੀ ਖਟੜਾ | 1. ਗੰਗਾਯਤੀ ਨਿਦਾਨ | | |
| | | 2. ਯੋਗ ਨਿਧੀ | 1928 ਈ. | |
| | | 3. ਕੁਸ਼ਤਾ ਪ੍ਰਬੋਧ | | |
| | | 4. ਰਸ ਮੰਜਰੀ | 1927 ਈ. | |
| 52 | ਪੰ. ਰਾਮ ਸਿੰਘ ਜੀ | ਭਗਵਤ ਗੀਤਾ ਸਟੀਕ | | ਹਿੰਦੀ |
| 53 | ਮਹੰਤ ਪ੍ਰਸ਼ੋਤਮ ਸਿੰਘ ਸ਼ਾਸਤ੍ਰੀ | ਜੀਵਨ: ਸ੍ਰੀ ਮਹੰਤ ਸੁੱਚਾ ਸਿੰਘ ਜੀ | | ਹਿੰਦੀ |
| 54 | ਸੰਤ ਸਿੰਘ ਵੇਦਾਂਤਾਚਾਰਯ | 1. ਨਿਰਵਚਨ ਵਿਚਾਰ | | ਪੰਜਾਬੀ |
| 55 | ਸਵਾਮੀ ਲਾਲ ਸਿੰਘ | 1. ਜਪੁਜੀ ਟੀਕਾ | | ਹਿੰਦੀ |
| 56 | ਸਵਾਮੀ ਚੰਦਾ ਸਿੰਘ ਰਿਖੀਕੇਸ਼ | 1. ਕਥਾ ਵਿਖਯਾਨ ਭੰਡਾਰ | 1959 ਈ. | ਪੰਜਾਬੀ |
| 57 | ਸਵਾਮੀ ਸੱਚਦਾਨੰਦ ਹਰੀ ਜੀ 'ਸ਼ਾਕਸ਼ੀ' (ਐਮ.ਏ, ਪੀਐਚ. ਡੀ) | 1. ਪੰਚ ਦਸੀ ਸਟੀਕ | | ਹਿੰਦੀ |
| | | 2. ਗੀਤਾ ਦਰਸ਼ਨ (ਵਿਆਖਿਆ) | | ਹਿੰਦੀ |
| | | 3. ਅਸਟਾਵਕਰ ਗੀਤਾ (ਸਟੀਕ) | | ਹਿੰਦੀ |
| | | 4. ਵੈਰਾਗ ਸ਼ਤਕ (ਸਟੀਕ) | | ਹਿੰਦੀ |
| | | 5. ਵਿਚਾਰ ਮਾਲਾ (ਸਟੀਕ) | | ਹਿੰਦੀ |
| 58 | ਸੰਤ ਆਤਮ ਸਿੰਘ ਜੀ | 1. ਆਤਮਸਾਰ ਦਿਗਦਰਸ਼ਨ | 1975 ਈ. | ਪੰਜਾਬੀ |
| 59 | ਗਿ. ਬਿਸ਼ਨ ਸਿੰਘ | 1. ਵਾਰਾਂ ਭਾਈ ਗੁਰਦਾਸ (ਸਟੀਕ) | 1957 ਈ. | ਪੰਜਾਬੀ |
| 60 | ਪੰਡਿਤ ਦਿਆਲ ਹਰੀ | 1. ਸਾਰੁਕਤਾਵਲੀ | | ਹਿੰਦੀ |

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਦੀ ਸਾਹਿਤਕ ਦੇਣ ਵਡਿਆਈਯੋਗ ਹੈ। ਇਸ ਗ੍ਰੰਥਾਂਵਲੀ ਵਿਚ ਸਿਰਫ਼ ਉਹ ਗ੍ਰੰਥ ਅੰਕਿਤ ਕੀਤੇ ਗਏ ਹਨ ਜਿਨ੍ਹਾਂ ਦੇ ਵੇਰਵੇ ਖੋਜ-ਕਾਰਜ ਦੌਰਾਨ ਸਾਹਿਤ ਵਿਚੋਂ ਨਜ਼ਰ ਵਿਚ ਆਏ ਹਨ। ਅਲੱਗ-ਅਲੱਗ ਨਿਰਮਲੇ ਸਥਾਨਾਂ, ਪੁਸਤਕਾਲਿਆਂ ਵਿਚ ਅਨੇਕਾਂ ਅਜਿਹੇ ਗ੍ਰੰਥ ਹੋਣ ਦੀ ਸੰਭਾਵਨਾ ਹੈ ਜੋ ਹਰ ਕਿਸੇ ਦੇ ਧਿਆਨ ਵਿਚ ਨਹੀਂ ਆਉਂਦੇ। ਨਿਰਮਲਾ ਸਾਹਿਤ ਸਿੱਖ ਧਰਮ ਦੀ ਅਮੀਰ ਵਿਰਾਸਤ ਹੈ, ਜਿਸ ਨੂੰ ਸਾਂਭਣ ਦੀ ਲੋੜ੍ਹ ਹੈ। ਇਸ ਵੱਲ ਨਿਰਮਲ ਸੰਪ੍ਰਦਾਇ ਨੂੰ ਕਿਸੇ ਤਰੀਕੇ ਨਾਲ ਸਮੂਹ ਗ੍ਰੰਥਾਂ (ਜੋ ਮਿਲ ਸਕਦੇ ਹਨ) ਦੀਆਂ ਕਾਪੀਆਂ ਲੈ ਕੇ ਉਨ੍ਹਾਂ ਨੂੰ ਦੁਬਾਰਾ ਪ੍ਰਕਾਸ਼ਤ ਕਰਨਾ ਚਾਹੀਦਾ ਹੈ। ਇਹ ਉਸ ਦੀ ਵਡਮੁੱਲੀ ਸੇਵਾ ਹੋਵੇਗੀ।

ਨਿਰਮਲ ਸੰਪ੍ਰਦਾਇ ਜਿਸ ਦੀ ਜ਼ਿੰਮੇਵਰੀ ਗੁਰੂ ਸਾਹਿਬ ਨੇ ਪਠਨ-ਪਾਠਨ ਲਈ ਆਪ ਲਗਾਈ ਸੀ, ਇਕ ਅਜਿਹੀ ਸੰਪ੍ਰਦਾਇ ਵਜੋਂ ਉਭਰੀ ਜਿਸਦੇ ਵਿਦਵਾਨਾਂ ਨੇ ਆਮ ਲੋਕਾਂ ਤੋਂ ਲੈ ਕੇ ਰਾਜਿਆਂ ਤੱਕ ਨੂੰ ਆਪਣੀ ਵਿਦਵਤਾ ਨਾਲ ਪ੍ਰਭਾਵਿਤ ਕੀਤਾ। ਲੋਕਾਂ ਦੇ ਬੌਧਿਕ ਵਿਕਾਸ ਵਿਚ ਨਿਰਮਲ ਸੰਪ੍ਰਦਾਇ ਦੇ ਪ੍ਰਮੁੱਖ ਸਥਾਨਾਂ ਅਤੇ ਪ੍ਰਕਾਂਡ ਵਿਦਵਾਨਾਂ ਦਾ ਵਿਸ਼ੇਸ਼ ਯੋਗਦਾਨ ਹੈ। ਵਿਦਿਆ ਦੇ ਸਿਖਰ ਤੱਕ ਪਹੁੰਚਣ ਲਈ ਉਨ੍ਹਾਂ ਬਹੁਤ ਘਾਲਣਾ ਘਾਲੀ ਜਿਸ ਕਾਰਨ ਇਹ ਸੰਪ੍ਰਦਾਇ 'ਸਿੱਖਾਂ ਦੀ ਵਿਦਵਾਨ ਸੰਪ੍ਰਦਾਇ' ਵਜੋਂ ਆਪਣੀ ਪਛਾਣ ਬਣਾਉਣ ਵਿਚ ਸਫ਼ਲ ਹੋਈ। ਸਮੇਂ ਦੇ ਗੇੜ ਨਾਲ ਭਾਵੇਂ ਇਸ ਦੀ ਰਵਾਨਗੀ ਵਿਚ ਕਈ ਉਤਰਾਅ-ਝੜਾਅ ਵੀ ਆਏ ਪਰ ਵਿਦਿਅਕ ਖੇਤਰ ਵਿਚ ਇਸ ਦੀ ਦੇਣ ਅਦੁੱਤੀ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਲਗਾਈ ਸੇਵਾ ਨੂੰ ਕ੍ਰਿਆਤਮਿਕ ਰੂਪ ਵਿਚ ਨਿਭਾਉਂਦੀ ਹੋਈ 'ਵਿਦਿਆ ਵਿਚਾਰੀ ਤਾਂ ਪਰਉਪਕਾਰੀ' ਦੇ ਵਾਕ ਅਨੁਸਾਰ ਕਾਰਜਸ਼ੀਲ ਹੈ।

# ਅਧਿਆਇ ਤੀਜਾ

## ਨਿਰਮਲ ਸੰਪ੍ਰਦਾਇ ਦਾ ਧਾਰਮਿਕ/ਦਾਰਸ਼ਨਿਕ ਯੋਗਦਾਨ

ਨਿਰਮਲ ਸੰਪ੍ਰਦਾਇ ਦਾ ਪ੍ਰਮੁੱਖ ਕਾਰਜ ਗੁਰਮਤਿ ਸਿਧਾਂਤ ਨੂੰ ਆਮ ਲੋਕਾਂ ਤੱਕ ਲੈ ਕੇ ਜਾਣਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਨਿਰਮਲੇ ਸੰਤਾਂ ਨੂੰ ਇਸੇ ਕਾਰਜ ਲਈ ਤਿਆਰ ਕੀਤਾ ਸੀ ਅਤੇ ਇਨ੍ਹਾਂ ਦੇ ਪ੍ਰਮੁੱਖ ਡੇਰੇ ਹਾਲੇ ਤੱਕ ਵੀ ਗੁਰੂ ਜੀ ਦੁਆਰਾ ਦਿੱਤੇ ਅਸ਼ੀਰਵਾਦ ਅਨੁਸਾਰ ਕਾਰਜ ਕਰ ਰਹੇ ਹਨ। ਗੁਰਮਤਿ ਸਿਧਾਤਾਂ ਦੇ ਪ੍ਰਸਾਰ ਵਿਚ ਇਨ੍ਹਾਂ ਨੇ ਜਿਹੜਾ ਪ੍ਰਮੁੱਖ ਯੋਗਦਾਨ ਪਾਇਆ ਹੈ ਉਸ ਬਾਰੇ ਇਸ ਅਧਿਆਇ ਵਿਚ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਗੁਰਮਤਿ ਸਿਧਾਂਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਜਿਹੜੇ ਪ੍ਰਮੁੱਖ ਕਾਰਜ ਕੀਤੇ ਉਨ੍ਹਾਂ ਵਿਚ ਗੁਰਮਤਿ, ਗੁਰਬਾਣੀ, ਧਾਰਮਿਕ ਸਾਹਿਤ, ਗੁਰਮੁਖੀ ਪ੍ਰਚਾਰ, ਕਥਾ ਵਿਖਿਆਨ, ਯੋਗਾਭਿਆਸ, ਸ਼ਾਸਤ੍ਰਾਰਥ, ਜੋਤਿਸ਼ ਗਿਆਨ ਤੇ ਸੰਗੀਤ ਗਿਆਨ ਦੇਣ ਦੇ ਨਾਲ-ਨਾਲ ਵਾਤਾਵਰਣ ਦੀ ਸ਼ੁੱਧਤਾ ਦਾ ਗਿਆਨ ਆਦਿ ਮਹੱਤਵਪੂਰਨ ਹਨ।

**ਮੁੱਢਲੇ ਰੂਪ ਵਿਚ**

ਆਪਣੇ ਅਰੰਭਕ ਦੌਰ ਵਿਚ ਨਿਰਮਲ ਸੰਪ੍ਰਦਾਇ ਦੇ ਸੰਤ ਮੌਖਿਕ ਰੂਪ ਵਿਚ ਹੀ ਪ੍ਰਚਾਰ ਕਰਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾ ਜਾਣ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਦੇ ਪੰਜਾਬ ਵਿਚ ਆਗਮਨ ਨਾਲ ਪੂਰੇ ਉੱਤਰੀ ਭਾਰਤ ਵਿਚ ਅਰਾਜਕਤਾ ਵਾਲਾ ਮਾਹੌਲ ਪੈਦਾ ਹੋ ਗਿਆ ਸੀ। ਖ਼ਾਲਸਾ ਪੰਥ ਦਾ ਸ਼ਸਤ੍ਰਧਾਰੀ ਰੂਪ ਹਕੂਮਤ ਦੇ ਨਿਸ਼ਾਨੇ 'ਤੇ ਸੀ। ਜਿੱਥੇ ਕਿਤੇ ਵੀ ਕੋਈ ਸਿੱਖ ਨਜ਼ਰ ਆਉਂਦਾ ਉਸ ਨੂੰ ਸ਼ਹੀਦ ਕਰ ਦਿੱਤਾ ਜਾਂਦਾ ਸੀ। ਅਜਿਹੇ ਸਮੇਂ ਵਿਚ ਸਿੱਖ ਵੀ ਜੰਗਲਾਂ, ਪਹਾੜਾਂ ਅਤੇ ਰੇਗਿਸਤਾਨਾਂ ਵਿਚ ਜਾਣ ਲਈ ਮਜਬੂਰ ਹੋ ਗਏ ਸਨ। ਇਸ ਸਮੇਂ ਨਿਰਮਲ ਸੰਪ੍ਰਦਾਇ ਦੇ ਸੰਤ ਜਿਹੜੇ ਕਿ ਵਿਭਿੰਨ ਥਾਵਾਂ 'ਤੇ ਫੈਲੇ ਹੋਏ ਸਨ ਅਤੇ ਇਨ੍ਹਾਂ ਦੀ ਕਿਤੇ ਵੀ ਬਹੁਗਿਣਤੀ ਨਜ਼ਰ ਨਹੀਂ ਆਉਂਦੀ ਅਤੇ ਇਨ੍ਹਾਂ ਦਾ ਪਹਿਰਾਵਾ ਸ਼ਸਤ੍ਰਧਾਰੀ ਖ਼ਾਲਸੇ ਤੋਂ ਭਿੰਨ ਹੋਣ ਕਰ ਕੇ ਵੀ ਇਹ ਰਾਜਸੀ ਉਲਝਣਾ ਤੋਂ ਬਚੇ ਰਹੇ। ਨਿਰਮਲੇ ਸੰਤਾਂ ਦਾ ਇਹ ਵਿਲੱਖਣ ਗੁਣ ਸੀ ਕਿ ਇਹ ਜਿੱਥੇ ਵੀ ਰਹੇ ਸਥਾਨਕ ਲੋਕਾਂ ਨਾਲ ਪ੍ਰੇਮ ਅਤੇ ਭਾਈਚਾਰੇ ਵਾਲਾ ਸੰਬੰਧ ਬਣਾ ਕੇ ਰੱਖਿਆ। ਰਾਜਸੀ ਇੱਛਾਵਾਂ ਨਾ ਹੋਣ ਕਰ ਕੇ ਹਕੂਮਤ ਦਾ ਇਨ੍ਹਾਂ ਵੱਲ ਕੋਈ ਧਿਆਨ ਨਹੀਂ ਸੀ।

ਇਨ੍ਹਾਂ ਦਾ ਇਹ ਵਿਲੱਖਣ ਗੁਣ ਸੀ ਕਿ ਇਹ ਜਿੱਥੇ ਵੀ ਰਹੇ ਹਕੂਮਤ ਦੀਆਂ ਨਜ਼ਰਾਂ ਤੋਂ ਬਚਦੇ-ਬਚਾਉਂਦੇ ਗੁਰਮਤਿ ਦਾ ਪ੍ਰਚਾਰ ਨਿਰੰਤਰ ਕਰ ਰਹੇ ਸਨ। ਅਜਿਹੇ ਸਮੇਂ ਵਿਚ ਭਾਵੇਂ ਕਿ ਗੁਰਮਤਿ ਸਿਧਾਂਤਾਂ ਨੂੰ ਗ੍ਰੰਥ ਰੂਪ ਵਿਚ ਪੇਸ਼ ਕਰਨਾ ਬਹੁਤ ਮੁਸ਼ਕਲ ਕਾਰਜ ਸੀ ਇਸ ਲਈ ਇਨ੍ਹਾਂ ਸੰਤਾਂ ਨੇ ਮੌਖਿਕ ਪੱਧਰ 'ਤੇ ਇਸ ਕਾਰਜ ਨੂੰ ਜਾਰੀ ਰੱਖਿਆ ਹੋਇਆ ਸੀ।

ਨਿਰਮਲ ਸੰਪ੍ਰਦਾਇ ਦੇ ਵਿਦਵਾਨ ਜਿੱਥੇ ਵੱਖ-ਵੱਖ ਪਿੰਡਾਂ ਅਤੇ ਨਗਰਾਂ ਵਿਚ ਮੌਜੂਦ ਸਨ, ਉਥੇ ਇਹ ਹਿੰਦੂ ਧਰਮ ਦੇ ਪ੍ਰਸਿੱਧ ਕੇਂਦਰਾਂ ਜਿਵੇਂ ਬਨਾਰਸ, ਹਰਿਦੁਆਰ, ਇਲਾਹਾਬਾਦ, ਨਾਸਿਕ ਆਦਿ ਥਾਵਾਂ ਨਾਲ ਜੁੜੇ ਹੋਏ ਸਨ। ਇਸ ਸਮੇਂ ਇਨ੍ਹਾਂ ਤੀਰਥਾਂ ਉੱਤੇ ਲੱਗਣ ਵਾਲੇ ਮਹਾਂਕੁੰਭ, ਅਰਧਕੁੰਭ, ਸੂਰਜ ਗ੍ਰਹਿਣ ਆਦਿ ਪਰਵਾਂ ਸਮੇਂ ਲੱਗਣ ਵਾਲੇ ਮੇਲਿਆਂ ਉੱਤੇ ਵੱਡੀ ਗਿਣਤੀ ਵਿਚ ਲੋਕ ਤੀਰਥ ਇਸ਼ਨਾਨ ਕਰਨ, ਧਾਰਮਿਕ ਸਦਉਪਦੇਸ਼ ਸੁਣਨ ਅਤੇ ਮੇਲਾ ਵੇਖਣ ਆਉਂਦੇ ਸਨ। ਸਮਕਾਲੀ ਹਾਲਾਤਾਂ ਅਤੇ ਧਾਰਮਿਕ ਪ੍ਰਵਿਰਤੀ ਦੇ ਮਾਲਕ ਹੋਣ ਕਾਰਨ ਨਿਰਮਲੇ ਸੰਤਾਂ ਨੇ ਇਨ੍ਹਾਂ ਹਿੰਦੂ ਤੀਰਥਾਂ ਨੂੰ ਗੁਰਮਤਿ ਪ੍ਰਚਾਰ ਲਈ ਚੁਣਿਆ।

ਇਸ ਸਮੇਂ ਪ੍ਰਸਿੱਧ ਤੀਰਥਾਂ ਵਿਚੋਂ ਇਕ ਤੀਰਥ ਹਰਿਦੁਆਰ ਵੀ ਸੀ ਜਿੱਥੇ ਧਰਮੀ ਲੋਕ ਵੱਡੀ ਗਿਣਤੀ ਵਿਚ ਤੀਰਥ ਇਸ਼ਨਾਨ ਲਈ ਆਉਂਦੇ ਸਨ। ਗੰਗਾ ਕਿਨਾਰੇ ਇਸ ਜਗ੍ਹਾ 'ਤੇ ਲੋਕਾਂ ਵਿਚ ਗੁਰਮਤਿ ਨੂੰ ਪ੍ਰਚਾਰਿਆ ਜਾ ਸਕਦਾ ਸੀ। ਇਸੇ ਲਈ ਗੁਰੂ ਸਾਹਿਬ ਦੇ ਨਾਂਦੇੜ ਵਿਖੇ ਜੋਤੀ-ਜੋਤਿ ਸਮਾਉਣ ਸਮੇਂ ਆਦੇਸ਼ ਅਤੇ ਉਦੇਸ਼ ਦੀ ਪੂਰਤੀ ਹਿਤ ਕੁੱਝ ਨਿਰਮਲੇ ਸਿੰਘ ਹਰਿਦੁਆਰ ਪਹੁੰਚੇ ਅਤੇ "ਸਭ ਤੋਂ ਪਹਿਲਾਂ ਨਿਰਮਲ ਡੇਰਾ ਭਾਈ ਦਰਗਾਹਾ ਸਿੰਘ ਨਿਰਮਲੇ ਨੇ 1710 ਈ: ਵਿਚ ਹਜ਼ੂਰ ਸਾਹਿਬ ਤੋਂ ਆ ਕੇ ਕਨਖਲ ਵਿਚ ਸਥਾਪਿਤ ਕੀਤਾ। ਦਸਮ ਪਾਤਸ਼ਾਹ ਦੇ ਪ੍ਰਲੋਕ ਗਮਨ ਤੋਂ ਕੋਈ ਦੋ ਸਾਲ ਬਾਅਦ ਹੀ ਦਸਮ ਪਾਤਸ਼ਾਹ ਦੇ ਹੁਕਮ ਦੀ ਤਾਮੀਲ ਸ਼ੁਰੂ ਕਰ ਦਿੱਤੀ।"[1] ਬਾਬਾ ਦਰਗਾਹਾ ਸਿੰਘ ਜੀ ਦੁਆਰਾ ਸਥਾਪਿਤ ਕੀਤਾ ਗੁਰਦੁਆਰਾ ਤੀਸਰੀ ਪਾਤਸ਼ਾਹੀ ਸਤੀ ਘਾਟ, ਕਨਖਲ ਇਥੇ ਸੁਸ਼ੋਭਿਤ ਹੈ।

ਇਸ ਸਥਾਨ ਦੇ ਹੋਂਦ ਵਿਚ ਆਉਣ ਸਮੇਂ ਨਿਰਮਲੇ ਸੰਤਾਂ ਦੀ ਕੋਈ ਸਮੂਹਿਕ ਸੰਸਥਾ ਸੀ। 18ਵੀਂ ਸਦੀ ਵਿਚ ਨਿਰਮਲੇ ਤੁਰ-ਫਿਰ ਕੇ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ ਅਤੇ ਉਨ੍ਹਾਂ ਨੇ ਲੋਕਾਂ ਦੇ ਮਨਾਂ 'ਤੇ

---

[1] ਡਾ. ਮਹਿੰਦਰ ਕੌਰ ਗਿੱਲ, ਨਿਰਮਲ ਸੰਪ੍ਰਦਾਇ ਉਦਭਵ ਅਤੇ ਵਿਕਾਸ, ਡਾ. ਸਰਬਜਿੰਦਰ ਸਿੰਘ (ਸੰਪਾ.) *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 13.

ਬੜਾ ਗੂੜ੍ਹਾ ਪ੍ਰਭਾਵ ਪਾਇਆ, ਪ੍ਰੰਤੂ ਕਿਸੇ ਸੰਗਠਨਾਤਮਿਕ ਸੰਸਥਾ ਦੀ ਅਣਹੋਂਦ ਕਾਰਨ ਜਦੋਂ ਇਹ ਸੰਤ ਪਰਵਾਂ, ਮੇਲਿਆਂ ਸਮੇਂ ਗੁਰਮਤਿ ਪ੍ਰਚਾਰ ਲਈ ਤੀਰਥਾਂ ਆਦਿ 'ਤੇ ਜਾਂਦੇ ਤਾਂ ਉਥੇ ਇਹ ਦੂਜੇ ਭੇਖਾਂ ਦੇ ਲੰਗਰਾਂ ਵਿਚੋਂ ਅੰਨ-ਪਾਣੀ ਗ੍ਰਹਿਣ ਕਰਦੇ ਅਤੇ ਜਿੱਥੇ ਰਹਿਣਯੋਗ ਸਥਾਨ ਮਿਲਦਾ, ਟਿਕਾਣਾ ਕਰ ਲੈਂਦੇ। ਇਹ ਸਾਧੂ ਵਿਰੱਕਤ ਅਤੇ ਸੰਸਾਰਿਕ ਵਸਤਾਂ ਤੋਂ ਨਿਰਲੇਪ ਜਿੰਦਗੀ ਬਤੀਤ ਕਰਦੇ ਸਨ। ਭਾਵੇਂ ਇਸ ਸਮੇਂ ਉਨ੍ਹਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ ਪ੍ਰੰਤੂ ਉਹ ਆਪਣੇ ਮਨੋਰਥ ਵੱਲ ਵਧਦੇ ਗਏ ਅਤੇ ਫਿਰ ਕੁੱਝ ਸਮੇਂ ਬਾਅਦ ਨਿਰਮਲੇ ਸੰਤਾਂ ਨੇ ਵੀ ਤੀਰਥਾਂ ਉੱਤੇ ਆਪਣੇ ਲੰਗਰ ਅਤੇ ਰੈਣ-ਬਸੇਰੇ ਸਥਾਪਿਤ ਕਰ ਲਏ।

ਸਮੇਂ ਦੀ ਚਾਲ ਨਾਲ ਪ੍ਰਸਥਿਤੀਆਂ ਵਿਚ ਬਦਲਾਅ ਆਉਣਾ ਸੁਭਾਵਿਕ ਹੈ। ਮਾਹੌਲ ਅਜਿਹਾ ਬਦਲਿਆ ਹੈ ਕਿ ਇਸ ਸਮੇਂ ਹਿੰਦੂ ਤੀਰਥਾਂ ਉੱਤੇ "ਖਟ ਦਰਸ਼ਨ ਸਾਧੂ ਸਮਾਜ ਦੇ ਅਖਾੜੇ ਆਪਣੀ-ਆਪਣੀ ਪ੍ਰਵੇਸ਼ ਸ਼ਾਹੀ (ਸ਼ੋਭਾ ਯਾਤ੍ਰਾ) ਦੁਆਰਾ ਪ੍ਰਵੇਸ਼ ਕਰਦੇ ਹਨ, ਉਸੇ ਤਰ੍ਹਾਂ 'ਸ੍ਰੀ ਪੰਚਾਇਤੀ ਅਖਾੜਾ ਨਿਰਮਲਾ' ਵੀ ਬਹੁਤ ਆਨ-ਸ਼ਾਨ ਅਤੇ ਮਾਣ-ਸਤਿਕਾਰ ਨਾਲ ਆਪਣੀ ਪ੍ਰਵੇਸ਼ ਸ਼ਾਹੀ (ਸ਼ੋਭਾ ਯਾਤ੍ਰਾ) ਲੈ ਕੇ ਆਪਣੇ ਕੈਂਪ ਵਿਚ ਪ੍ਰਵੇਸ਼ ਕਰਦਾ ਹੈ ਪ੍ਰੰਤੂ ਇਸ ਵਿਚ ਇਹ ਵਿਸ਼ੇਸ਼ਤਾ ਹੈ ਕਿ ਇਸ ਦੀ ਸ਼ਾਹੀ ਵਿਚ ਸਭ ਤੋਂ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਇਕ ਸੁੰਦਰ ਸੋਨੇ ਦੀ ਪਾਲਕੀ ਵਿਚ ਹੁੰਦੀ ਹੈ, ਜਿਸ ਦੇ ਅੱਗੇ ਪੰਜ ਪਿਆਰੇ ਅਤੇ ਨਾਲ ਗੱਤਕਾ ਪਾਰਟੀ ਤਥਾ ਕਈ ਵਿਸ਼ੇਸ਼ ਬੈਂਡ ਵਾਜੇ ਹੁੰਦੇ ਹਨ, ਨਿਰਮਲਾ ਅਖਾੜੇ ਦੇ ਕੈਂਪ ਵਿਚ ਬਿਨਾਂ ਕਿਸੇ ਭੇਦਭਾਵ ਦੇ ਹਰ ਇਕ ਪ੍ਰਾਣੀ ਮਾਤ੍ਰ ਨੂੰ ਲੰਗਰ ਪ੍ਰਸ਼ਾਦ ਅਤੇ ਰਹਿਣ ਵਾਸਤੇ ਜਗ੍ਹਾ ਦਿੱਤੀ ਜਾਂਦੀ ਹੈ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦਾ ਸਿਧਾਂਤ ਹੈ।"[2] ਇਨ੍ਹਾਂ ਤੀਰਥਾਂ 'ਤੇ ਨਿਰਮਲੇ ਸੰਤਾਂ ਵੱਲੋਂ ਦੀਵਾਨ ਲਗਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਂਦਾ ਹੈ। ਹਿੰਦੂ ਤੀਰਥਾਂ ਉੱਤੇ ਗੁਰਬਾਣੀ ਦਾ ਪ੍ਰਚਾਰ ਕਰਨਾ ਅਤੇ ਲੋਕਾਈ ਨੂੰ ਗੁਰੂ ਵਾਲੇ ਬਣਨ ਲਈ ਪ੍ਰੇਰਨਾ ਆਪਣੇ ਆਪ ਵਿਚ ਸ਼ਲਾਘਾਯੋਗ ਉਪਰਾਲਾ ਹੈ ਜੋ ਇਹ ਸੰਤ ਮੌਜੂਦਾ ਸਮੇਂ ਤੱਕ ਕਰ ਰਹੇ ਹਨ।

ਇਨ੍ਹਾਂ ਤੀਰਥਾਂ 'ਤੇ ਹੋਰ ਵੀ ਭਾਰਤੀ ਮਤਾਂ ਦੇ ਵਿਦਵਾਨ ਮਹਾਂਪੁਰਖ ਆਪਣੇ-ਆਪਣੇ ਮਤਾਂ ਦਾ ਧਰਮ ਪ੍ਰਚਾਰ ਕਰਨ ਲਈ ਆਉਂਦੇ ਹਨ ਅਤੇ ਸਾਧੂ ਸਮਾਜ ਵੱਲੋਂ ਇਕੱਤਰਤਾਵਾਂ ਵੀ ਕੀਤੀਆਂ ਜਾਂਦੀਆਂ

---

[2] ਸੰਤ ਦਰਸ਼ਨ ਸਿੰਘ ਸ਼ਾਸਤ੍ਰੀ, ਸੰਤ ਸਤਨਾਮ ਸਿੰਘ ਸ਼ਾਸਤ੍ਰੀ, ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਭੇਖ ਤਥਾ ਨਿਰਮਲੇ ਸੰਤਾਂ ਦਾ ਸਮਾਜ ਨੂੰ ਸਰਵ ਪੱਖੀ ਯੋਗਦਾਨ, ਡਾ. ਹਰਭਜਨ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆਕਾਰੀ*, ਪੰਨਾ 43.

ਹਨ। ਜਿਸ ਵਿਚ ਸਾਰੇ ਮਤਾਂ ਦੇ ਸਾਧੂ ਆਪਣੇ ਮਤ ਅਨੁਸਾਰ ਵਿਚਾਰਾਂ ਕਰਦੇ ਹਨ। ਇਹ ਪ੍ਰਕਿਰਿਆ ਅੱਜ ਤੱਕ ਵੀ ਚਲਦੀ ਹੈ। ਹਿੰਦੂ ਤੀਰਥ ਹੋਣ ਕਾਰਨ ਇਨ੍ਹਾਂ ਸੰਤਾਂ 'ਤੇ "ਵੇਦਾਂਤ ਦਾ ਪ੍ਰਭਾਵ ਸਭ ਤੋਂ ਵਧੇਰੇ ਦੇਖਣ ਨੂੰ ਮਿਲਦਾ ਹੈ। ਵੇਦਾਂਤ ਦਾ ਗਿਆਨ ਰੱਖਣ ਵਾਲੇ ਭਾਰਤੀ ਧਰਮ ਅਤੇ ਦਰਸ਼ਨ ਦੇ ਸ੍ਰੇਸ਼ਟ ਵਿਦਵਾਨ ਮੰਨੇ ਜਾਂਦੇ ਹਨ। ਅਜਿਹੇ ਮਹਾਂਪੁਰਖਾਂ ਨੂੰ ਗੁਰਮਤਿ ਦੀ ਗੱਲ ਸਮਝਾਉਣੀ ਕੋਈ ਸੌਖਾ ਕਾਰਜ ਨਹੀਂ ਸੀ।"[3] ਭਗਵੇਂ ਭੇਸ ਵਿਚ ਨਿਰਮਲੇ ਸੰਤ ਵੀ ਇਨ੍ਹਾਂ ਇਕੱਤਰਤਾਵਾਂ ਵਿਚ ਭਾਗ ਲੈਂਦੇ ਹਨ ਤੇ ਗੁਰਮਤਿ ਦੇ ਆਧਾਰ 'ਤੇ ਆਪਣੀਆਂ ਵਿਚਾਰਾਂ ਸਾਧੂ ਸਮਾਜ ਵਿਚ ਰੱਖਦੇ ਹਨ। ਵਿਚਾਰਾਂ ਦੌਰਾਨ ਦੂਜੇ ਮਤ ਦੇ ਸਾਧੂਆਂ ਨੂੰ ਗੁਰਮਤਿ ਦੀ ਗੱਲ ਸਮਝਾਉਣ ਲਈ ਕਈ ਵਾਰ ਇਨਾਂ ਨੂੰ ਵੇਦਾਂਤ ਦੇ ਹਵਾਲੇ ਵੀ ਦੇਣੇ ਪੈਂਦੇ ਹਨ। ਇਹ ਨਿਰਮਲੇ ਸਾਧੂਆਂ ਦੀ ਕਾਬਲੀਅਤ ਹੈ ਕਿ ਉਹ ਵੇਦਾਂਤ ਦੇ ਪ੍ਰਭਾਵ ਹੇਠ ਗੁਰਮਤਿ ਦੀ ਗੱਲ ਦੂਜੇ ਮਤਾਂ ਦੇ ਸਾਧੂਆਂ ਨੂੰ ਸਮਝਾਉਣ/ਮਨਵਾਉਣ ਵਿਚ ਕਾਮਯਾਬ ਹੁੰਦੇ ਹਨ।

ਸਨਾਤਨੀ ਵਿਦਵਾਨਾਂ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਪੰਜਵੇਂ ਵੇਦ ਵਜੋਂ ਮਨਵਾਉਣਾ ਅਤੇ ਗੁਰੂ ਸਾਹਿਬਾਨ ਨੂੰ ਉੱਚੇ ਰਿਸ਼ੀਆਂ ਵਜੋਂ ਸਿੱਧ ਕਰਨਾ ਨਿਰਮਲੇ ਵਿਦਵਾਨਾਂ ਦੀ ਵਿਦਵਤਾ ਅਤੇ ਘਾਲਣਾ ਦਾ ਹੀ ਸਿੱਟਾ ਹੈ। ਇਨ੍ਹਾਂ ਸੰਤਾਂ ਨੇ ਸਨਾਤਨੀ ਲੋਕਾਂ ਵਿਚ ਸਿੱਖਾਂ ਨੂੰ ਇਕ ਵਿਦਵਾਨ ਕੌਮ ਵਜੋਂ ਸਾਬਤ ਕੀਤਾ। ਇਨ੍ਹਾਂ ਨੇ ਸਿਰਫ਼ ਹਿੰਦੂ ਤੀਰਥਾਂ ਉੱਤੇ ਕਥਾ, ਵਖਿਆਨ ਤੇ ਸ਼ਾਸਤ੍ਰਾਰਥ ਕਰਕੇ ਹੀ ਆਪਣੀ ਵਿਦਵਤਾ ਦਾ ਲੋਹਾ ਨਹੀਂ ਮਨਵਾਇਆ ਸਗੋਂ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਵੀ ਕੀਤੀ ਹੈ। ਕਈ ਵਿਦਵਾਨ, ਸਭਾਵਾਂ ਦੇ ਆਗੂ ਇਹ ਸ਼ੰਕਾ ਵੀ ਕਰਦੇ ਹਨ ਕਿ "ਨਿਰਮਲੇ ਪੰਡਿਤਾਂ ਨੇ ਗੁਰਮਤਿ ਨੂੰ ਨਿਰਾ ਵੇਦਾਂਤ ਬਣਾ ਕੇ ਪੇਸ਼ ਕੀਤਾ ਤੇ ਨਿਰੋਲ ਸਨਾਤਨੀ ਮਾਪ-ਦੰਡਾਂ ਦਾ ਆਸਰਾ ਲੈ ਕੇ ਕੇਵਲ ਬੌਧਿਕ ਕ੍ਰੀੜਾ ਦਿਖਾਈ ਹੈ। ਇਹ ਇਤਰਾਜ਼ ਕੁੱਝ ਹੱਦ ਤੱਕ ਠੀਕ ਹੋ ਸਕਦੇ ਹਨ ਲੇਕਿਨ ਇਹ ਵੀ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਉਨ੍ਹਾਂ ਕਿਸ ਕਿਸਮ ਦੇ ਵਾਤਾਵਰਣ ਵਿਚ ਕੰਮ ਕੀਤਾ। ਉਨ੍ਹਾਂ ਦੇ ਆਲੇ-ਦੁਆਲੇ ਬਾਕੀ ਸਾਧੂ ਸਮਾਜ ਕਿਸ ਰੰਗ ਵਿਚ ਵਿਚਰ ਰਿਹਾ ਸੀ ਤੇ ਉਹ ਹਰਿਦੁਆਰ, ਬਨਾਰਸ ਜਾਂ ਪ੍ਰਯਾਗ ਬੈਠ ਕੇ ਭਾਰਤੀ ਪ੍ਰੰਪਰਾ ਤੋਂ ਕਿੰਨਾ ਕੁ ਅਭਿਜ ਰਹਿ ਸਕਦੇ ਸਨ।"[4] ਇਨ੍ਹਾਂ ਵਿਦਵਾਨਾਂ ਉੱਤੇ ਵੀ ਆਲੇ-ਦੁਆਲੇ ਦਾ ਪ੍ਰਭਾਵ ਪੈਣਾ ਲਾਜ਼ਮੀ ਸੀ, ਜੋ ਸੰਤਾਂ ਨੇ ਵੀ ਗ੍ਰਹਿਣ ਕਰ ਲਿਆ।

---

3 ਡਾ. ਪਰਮਵੀਰ ਸਿੰਘ, ਨਿਰਮਲੇ ਸੰਤਾਂ ਦੀ ਗੁਰਮਤਿ ਪ੍ਰਚਾਰ ਪੱਧਤੀ, ਡਾ. ਕੁਲਵਿੰਦਰ ਸਿੰਘ (ਸੰਪਾ.), *ਨਿਰਮਲੇ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ,* ਪੰਨਾ 158.

4 ਪ੍ਰੋ. ਪਿਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ,* ਪੰਨਾ 62.

ਮਾਰ-ਧਾੜ ਪੱਖੋਂ ਮਾਹੌਲ ਕੁੱਝ ਸੁਖਾਵੇਂ ਹੋਣ ਉਪਰੰਤ ਨਿਰਮਲੇ ਸੰਤ ਜਨ-ਸਾਧਾਰਨ ਨਾਲ ਆਪਣੇ ਸੰਬੰਧ ਜੋਰ ਮਜ਼ਬੂਤ ਕਰਨ ਲਈ ਸਮਾਜ ਵਿਚ ਵਿਚਰਨ ਲੱਗੇ। ਉਦੇਸ਼ ਸਿਰਫ਼ ਇਕੋ ਸੀ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕਰਨਾ, ਜਨ-ਸਾਧਾਰਨ ਨੂੰ ਸਿਖਿਅਤ ਕਰਨਾ। ਇਹ ਸੰਤ ਇਸ ਜੋਖਮ ਦੇ ਸਮੇਂ ਵਿਚ ਲੋਕਾਂ ਦੇ ਦਰਾਂ ਤੱਕ ਗਏ। ਉਨ੍ਹਾਂ ਨੂੰ ਗੁਰਮਤਿ ਵੱਲ ਪ੍ਰੇਰਿਤ ਕਰਨ ਲਈ ਉਨ੍ਹਾਂ ਦਾ ਵਿਸ਼ਵਾਸ਼ ਜਿੱਤਣਾ ਬਹੁਤ ਜ਼ਰੂਰੀ ਸੀ ਕਿਉਂਕਿ ਇਹ ਉਹ ਸਮਾਂ ਸੀ ਜਦੋਂ ਸਿੱਖ ਧਰਮ ਦੇ ਅਨੁਯਾਈ ਖੁੱਲ੍ਹ ਕੇ ਸਾਹਮਣੇ ਆਉਣ ਤੋਂ ਘਬਰਾਉਂਦੇ ਸਨ। ਮੁਗਲ ਸਿੱਖ ਕੌਮ ਦੇ ਪੈਰੋਕਾਰਾਂ ’ਤੇ ਨਜ਼ਰ ਰੱਖ ਰਹੇ ਸਨ, ਫਿਰ ਵੀ ਇਹ ਸੰਤ ਮਹਾਂਪੁਰਖ ਲੋਕਾਂ ਨੂੰ ਪ੍ਰੇਰਿਤ ਕਰਨ ਵਿਚ ਕਾਮਯਾਬ ਰਹੇ। ਨਿਰਮਲ ਸੰਪ੍ਰਦਾਇ ਨੇ ਗੁਰੂ ਸਾਹਿਬ ਦੀ ਮਨਸ਼ਾ ਅਨੁਸਾਰ ਲੋਕਾਂ ਨੂੰ ਬਾਣੀ ਅਤੇ ਬਾਣੇ ਨਾਲ ਜੋੜਨ ਲਈ ਪ੍ਰਸੰਸਾਯੋਗ ਕਾਰਜ ਕੀਤੇ ਹਨ। ਇਥੇ ਵੀ ਉਸੇ ਤਰ੍ਹਾਂ ਉਨ੍ਹਾਂ ਦੇ ਸਮੁੱਚੇ ਕਾਰਜਾਂ ਵਿਚੋਂ ‘ਧਾਰਮਿਕ ਅਤੇ ਦਾਰਸ਼ਨਿਕ ਯੋਗਦਾਨ’ ਨੂੰ ਉਭਾਰਨ ਲਈ ਪਿਛਲੇ ਅਧਿਆਇ ਵਿਚਲੇ ਸਿਰਲੇਖਾਂ ਅਧੀਨ ਵੰਡ ਕੇ ਹੀ ਚਰਚਾ ਕੀਤੀ ਜਾਵੇਗੀ:

1. ਡੇਰਿਆਂ/ਮੱਠਾਂ/ਆਸ਼ਰਮਾਂ ਅਤੇ ਵਿਦਿਆਲਿਆਂ ਦੁਆਰਾ
2. ਰੰਮਤ ਦੀਆਂ ਯਾਤਰਾਵਾਂ ਦੁਆਰਾ
3. ਸ਼ਾਸਤ੍ਰਾਰਥਾਂ ਦੁਆਰਾ
4. ਗੁਰਮੁਖੀ, ਗੁਰਬਾਣੀ, ਕਥਾ/ਕੀਰਤਨ/ਸੰਗੀਤ ਅਤੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦੁਆਰਾ
5. ਗ੍ਰੰਥ ਰਚਨਾ ਦੁਆਰਾ
6. ਅਕਾਲੀ ਲਹਿਰ/ਗੁਰਦੁਆਰਾ ਸੁਧਾਰ ਲਹਿਰ ਦੁਆਰਾ

1. **ਡੇਰਿਆਂ/ਮੱਠਾਂ/ਆਸ਼ਰਮਾਂ ਅਤੇ ਵਿਦਿਆਲਿਆਂ ਦੁਆਰਾ**

*ਡੇਰੇ/ਮਠ/ਆਸ਼ਰਮ ਅਤੇ ਵਿਦਿਆਲੇ:*

ਨਿਰਮਲ ਸੰਪ੍ਰਦਾਇ ਦੇ ਇਹ ਸਭ ਸਥਾਨ ਵਿਹਾਰਕ ਕਾਰਜਸ਼ੈਲੀ ਪੱਖੋਂ ਇਕੋ ਹਨ। ਸਾਰਿਆਂ ਦਾ ਸੰਚਾਲਨ ਨਿਰਮਲੇ ਸੰਤ ਕਰਦੇ ਹਨ ਅਤੇ ਸਾਰੇ ਵਿਦਿਆ ਤੇ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਲਈ ਵਚਨਬੱਧ ਹਨ।

ਦਸਵੇਂ ਗੁਰੂ ਸਾਹਿਬ ਦੇ ਪ੍ਰਲੋਕ ਗਮਨ ਕਰਨ ਉਪਰੰਤ ਸਮਾਂ ਹੀ ਅਜਿਹਾ ਸੀ ਕਿ ਨਿਰਮਲੇ ਸੰਤ ਸਿੱਧੇ ਲੋਕਾਂ ਵਿਚ ਜਾ ਕੇ ਗੁਰਮਤਿ ਪ੍ਰਚਾਰ-ਪ੍ਰਸਾਰ ਨਹੀਂ ਕਰ ਸਕਦੇ ਸਨ। ਇਸ ਲਈ ਪ੍ਰਸਥਿਤੀਆਂ

ਅਨੁਸਾਰ ਉਹ ਪਹਿਲਾਂ ਹਿੰਦੂ ਤੀਰਥਾਂ 'ਤੇ ਜਾ ਟਿਕੇ, ਫਿਰ ਉਹ ਲੋਕਾਂ ਦੇ ਟਿਕਾਣਿਆਂ ਵੱਲ ਨਿਕਲੇ ਅਤੇ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿਚ ਜਾ ਕੇ ਆਪਣੇ ਸਥਾਨ ਕਾਇਮ ਕੀਤੇ। 18ਵੀਂ ਸਦੀ ਵਿਚ ਨਿਰਮਲਿਆਂ ਨੇ ਲੋਕਾਂ ਨਾਲ ਰਾਬਤਾ ਕਾਇਮ ਕਰਨ ਲਈ ਆਪਣੇ ਸਥਾਨਾਂ ਵਿਚੋਂ ਕਥਾ-ਕੀਰਤਨ, ਅੱਖਰ ਗਿਆਨ ਦੇਣ ਦੇ ਨਾਲ-ਨਾਲ ਬਿਮਾਰ ਲੋਕਾਂ ਦਾ ਇਲਾਜ ਕਰਨਾ ਵੀ ਸ਼ੁਰੂ ਕੀਤਾ। "ਆਯੁਰਵੈਦਿਕ ਔਸ਼ਧੀਆਂ ਦੀ ਜਾਣਕਾਰੀ ਦਾ ਲਾਭ ਉਨ੍ਹਾਂ ਪਿੰਡ ਦੇ ਲੋਕਾਂ ਨਾਲ ਨੇੜੇ ਦੇ ਸੰਬੰਧ ਕਾਇਮ ਕਰਨ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਲਈ ਕੀਤਾ। ਪਿੰਡ ਦੇ ਰੋਗੀ, ਉਹ ਭਾਵੇਂ ਕਿਸੇ ਵੀ ਧਰਮ ਨਾਲ ਸੰਬੰਧਿਤ ਕਿਉਂ ਨਾ ਹੋਣ, ਆਪਣੇ ਇਲਾਜ ਲਈ ਨਿਰਮਲਿਆਂ ਦੀਆਂ ਸੇਵਾਵਾਂ ਪ੍ਰਾਪਤ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਵੈਦ ਜਾਂ ਹਕੀਮ ਨੂੰ ਰੱਬ ਦਾ ਰੂਪ ਸਮਝਿਆ ਜਾਂਦਾ ਸੀ। ਇਸ ਲੋਕ ਪ੍ਰਿਯਤਾ ਨੂੰ ਨਿਰਮਲਿਆਂ ਪ੍ਰਚਾਰ ਹਿੱਤ ਵਰਤਿਆ।"[5] ਲੋਕਾਂ ਦੇ ਮਨਾਂ ਵਿਚ ਆਪਣੀ ਸਤਿਕਾਰਤ ਜਗ੍ਹਾ ਬਣਾਉਣ ਵਿਚ ਕਾਮਯਾਬ ਹੋਣ ਉਪਰੰਤ ਨਿਰਮਲਿਆਂ ਦੇ ਇਹ ਆਰਜ਼ੀ ਟਿਕਾਣੇ ਡੇਰੇ/ਮਠ/ਆਸ਼ਰਮਾਂ ਵਿਚ ਬਦਲ ਗਏ ਜੋ ਧਰਮ ਅਤੇ ਗਿਆਨ ਦੇ ਵਿਕਸਿਤ ਸੋਮਿਆਂ ਵਜੋਂ ਉਭਰ ਕੇ ਸਾਹਮਣੇ ਆਏ। ਲੋਕਾਂ ਦੇ ਦਿਲਾਂ ਵਿਚ ਗੁਰਮਤਿ ਦਾ ਦੀਵਾ ਜਗਾਉਣ ਲਈ ਨਿਰਮਲੇ ਸੰਤਾਂ ਨੇ ਇਨ੍ਹਾਂ ਡੇਰਿਆਂ ਵਿਚੋਂ ਅੱਖਰ ਗਿਆਨ ਦੇਣਾ ਅਰੰਭ ਕੀਤਾ। ਪਹਿਲਾਂ ਗੁਰਮੁਖੀ ਅਤੇ ਫਿਰ ਗੁਰਬਾਣੀ ਵੱਲ ਪ੍ਰੇਰਿਤ ਕੀਤਾ। ਇਹ ਪ੍ਰਕਿਰਿਆ ਪਹਿਲਾਂ ਕਥਾ-ਰੂਪ ਵਿਚ ਸ਼ੁਰੂ ਹੋਈ ਅਤੇ ਹੌਲੀ-ਹੌਲੀ ਸ਼ਰਧਾਲੂ ਆਉਣੇ ਸ਼ੁਰੂ ਹੋਏ ਤਾਂ ਉਨ੍ਹਾਂ ਨੂੰ ਰੌਚਕ ਸਾਖੀਆਂ ਸੁਣਾਈਆਂ/ਸਿਖਾਈਆਂ ਜਾਣ ਲੱਗੀਆਂ, ਜਿਸ ਨਾਲ ਡੇਰਿਆਂ ਵਿਚ ਸ਼ਰਧਾਲੂਆਂ ਦੀ ਗਿਣਤੀ ਵਧਣ ਲੱਗੀ।

ਨਿਰਮਲੇ ਡੇਰਿਆਂ ਦੀ ਅਰੰਭਤਾ ਵਿਚ ਸਭ ਤੋਂ ਪਹਿਲਾ ਡੇਰਾ 'ਜਤਨ ਵਟ' ਹੈ। "ਜਤਨ ਵਟ ਪ੍ਰਸਿੱਧ ਨਾਮ 'ਚੇਤਨ ਮਠ' ਕਾਸ਼ੀ ਜਿੱਥੇ 1743 ਬਿ. (1686 ਈ.) ਵਿਚ ਨਿਰਮਲੇ ਸੰਤ ਵਿਦਿਆ ਪ੍ਰਾਪਤੀ ਸਮੇਂ ਰਹੇ ਪ੍ਰਸਿੱਧ ਇਤਿਹਾਸਕ ਸਥਾਨ ਹੈ, ਜੋ ਨਿਰਮਲ ਭੇਖ ਦੇ ਅਧਿਕਾਰ ਵਿਚ ਹੈ।"[6] ਉਪਰੰਤ ਬਾਬਾ ਦਰਗਾਹਾ ਸਿੰਘ ਜੀ ਦੁਆਰਾ ਡੇਰਾ ਕਨਖਲ, 1710 ਈ. ਵਿਚ ਸਥਾਪਿਤ ਹੋਇਆ। ਪੰਡਿਤ ਮਾਨ ਸਿੰਘ ਜੀ ਨੇ ਕੁਰੁਕਸ਼ੇਤਰ (ਫੂਲ ਪ੍ਰਾਚੀ) ਵਿਚ ਸੰਮਤ 1800 (1743 ਈ.) ਵਿਚ ਡੇਰਾ ਕਾਇਮ ਕੀਤਾ। ਪੰਜਾਬ ਦੀ ਧਰਾਤਲ 'ਤੇ "ਪਹਿਲਾ ਨਿਰਮਲ ਡੇਰਾ 1750 ਈ. ਵਿਚ ਬੁੰਗਾ ਨਿਰਮਲਿਆਂ ਦੇ ਨਾਂ ਹੇਠ ਸੰਤ ਕੋਇਰ ਸਿੰਘ

---

[5] ਦਰਸ਼ਨ ਸਿੰਘ, ਨਿਰਮਲੇ ਪ੍ਰਚਾਰ ਕਿਵੇਂ ਕਰਦੇ ਸਨ?, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 454.

[6] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 28.

ਨੇ ਸਥਾਪਿਤ ਕੀਤਾ।"[7] ਇਨ੍ਹਾਂ ਨਿਰਮਲੇ ਸਥਾਨਾਂ ਦੀਆਂ ਸੇਵਾਵਾਂ ਨੇ ਲੋਕਾਂ ਨੂੰ ਆਪਣੇ ਵੱਲ ਖਿੱਚਣਾ ਸ਼ੁਰੂ ਕੀਤਾ।

ਇਹ ਡੇਰੇ ਨਿਰਮਲ ਸੰਪ੍ਰਦਾਇ ਦੇ ਅਰੰਭਕ ਡੇਰੇ ਹਨ ਜੋ ਵਿਦਿਆਲੇ ਵੀ ਸਨ। ਜੇਕਰ ਕੁੱਝ ਸ਼ੁਰੂਆਤੀ ਵਿਦਿਆਲਿਆਂ ਦੀ ਗੱਲ ਕਰਨੀ ਹੋਵੇ ਤਾਂ "ਨਿਰਮਲੇ ਸੰਤਾਂ ਨੇ ਚੇਤਨ ਮਠ ਵਿਚ 'ਸ੍ਰੀ ਗੁਰੂ ਨਾਨਕ ਸੰਸਕ੍ਰਿਤ ਵਿਦਿਆਲਯ' ਕਾਇਮ ਕੀਤਾ। ਜਿਸ ਵਿਚ ਅਨੇਕਾਂ ਸੰਤ ਵਿਦਿਆਰਥੀ ਸੰਸਕ੍ਰਿਤ ਵਿਦਿਆ ਦਾ ਅਧਿਐਨ ਕਰਕੇ ਪੂਰੇ ਭਾਰਤ ਵਰਸ਼ ਵਿਚ ਧਰਮ ਪ੍ਰਚਾਰ ਕਰਦੇ ਰਹੇ।"[8] ਇਥੇ ਪੰਜਾਬ ਵਿਚੋਂ ਹੋਰ ਸੰਤ ਵਿਦਿਆਰਥੀ ਆਉਂਦੇ ਰਹੇ ਅਤੇ ਪੜ੍ਹਕੇ ਵਾਪਸ ਪੰਜਾਬ ਅਤੇ ਭਾਰਤ ਦੇ ਕੋਨੇ-ਕੋਨੇ ਵਿਚ ਪੁੱਜ ਕੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਦਾ ਪ੍ਰਚਾਰ ਕਰਦੇ ਰਹੇ। "ਜਦੋਂ ਨਿਰਮਲੇ ਸੰਤਾਂ ਦੀ ਸ਼ਾਸਤ੍ਰਾਂ ਦੇ ਪੜ੍ਹਨ-ਪੜ੍ਹਾਉਣ ਦੀ ਧਾਕ ਮੱਚ ਗਈ ਤਾਂ ਇਸ ਮਹੱਤਾ ਨੂੰ ਦੇਖ ਕੇ ਦੇਸ਼ ਦੇ ਕੋਨੇ-ਕੋਨੇ ਤੋਂ ਉਤਸ਼ਾਹੀ ਸੰਤ ਵਿਦਿਆ ਪੜ੍ਹਨ ਵਾਸਤੇ ਕਾਸ਼ੀ ਪੁੱਜਣੇ ਸ਼ੁਰੂ ਹੋ ਗਏ।"[9] ਇਸ ਸਮੇਂ ਕਾਸ਼ੀ ਵਿਚ ਨਿਰਮਲੇ ਜਿਗਿਆਸੂ ਸੰਤਾਂ ਦੇ ਰਹਿਣ ਦਾ ਸਥਾਨ ਚੇਤਨ ਮਠ ਹੀ ਸੀ। ਜਿਗਿਆਸੂਆਂ ਦੀ ਵਧਦੀ ਗਿਣਤੀ ਦੇਖਕੇ ਇਥੇ ਹੀ ਇਕ ਹੋਰ ਸਥਾਨ 'ਸੰਗਤ ਲਾਹੌਰੀ ਟੋਲਾ' ਦਾ ਨਿਰਮਾਣ ਕੀਤਾ ਗਿਆ।

ਨਿਰਮਲੇ ਸੰਤ ਨੇ ਆਪਣੇ ਸਥਾਨਾਂ ਵਿਚੋਂ ਲੋਕਾਂ ਨੂੰ ਧਾਰਮਿਕ ਵਿਦਿਆ ਦੇਣੀ ਸ਼ੁਰੂ ਕੀਤੀ। ਇਹ ਸੰਤ ਲੋਕ ਸੰਗਤ ਨੂੰ ਗੁਰਮੁਖੀ ਸਿਖਾਉਂਦੇ ਉਪਰੰਤ ਉਨ੍ਹਾਂ ਨੂੰ ਗੁਰਬਾਣੀ ਪੜ੍ਹਨ-ਲਿਖਣ ਵੱਲ ਪ੍ਰੇਰਿਤ ਕਰਦੇ। "ਖਡੂਰ ਸਾਹਿਬ ਵਿਚ ਪਹਿਲਾਂ ਸ੍ਰੀ ਮਾਨ ਪ੍ਰਸਿੱਧ ਮਹਾਂਪੁਰਖ ਸੰਤ ਬਾਬਾ ਬੱਲਾ ਸਿੰਘ ਜੀ ਵਿਦਿਆ ਦੁਆਰਾ ਪ੍ਰਚਾਰ ਕਰਦੇ ਰਹੇ ਹਨ। ਉਪਰੰਤ ਸੰਤ ਪੰਡਤ ਤਾਰਾ ਸਿੰਘ ਜੀ ਡੇਰਾ ਖੂਹ ਰਾਣੀ ਵਾਲੇ ਉਸ ਵਿਦਿਆ ਦੀ ਧਾਰਾ ਨੂੰ ਚਲਾ ਰਹੇ ਹਨ। ਆਪ ਜੀ ਨੇ ਅਨੇਕਾਂ ਵਿਦਿਆਰਥੀਆਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਪਾਠ ਅਤੇ ਅਰਥ ਬੋਧ ਸਿਖਾਏ ਹਨ।"[10] ਇਹੀ ਨਿਰਮਲੇ ਵਿਦਵਾਨਾਂ ਦਾ ਮਨੋਰਥ ਸੀ, ਜਨ-ਸਾਧਾਰਨ ਨੂੰ ਗੁਰੂ ਅਤੇ ਗੁਰਬਾਣੀ ਨਾਲ ਜੋੜਨਾ।

---

[7] ਰਾਏ ਜਸਬੀਰ ਸਿੰਘ, ਨਿਰਮਲ ਭੇਖ ਦਾ ਆਰੰਭ. ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 36.

[8] ਦਰਸ਼ਨ ਸਿੰਘ ਸ਼ਾਸਤ੍ਰੀ, ਨਿਰਮਲ ਭੇਖ ਤਥਾ ਨਿਰਮਲੇ ਸੰਤਾਂ ਦਾ ਸਮਾਜ ਨੂੰ ਸਰਵਪੱਖੀ ਯੋਗਦਾਨ, ਡਾ. ਹਰਭਜਨ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ ਦੀ ਗੁਰੁਬਾਣੀ ਵਿਆਖਿਆਕਾਰੀ*, ਪੰਨਾ 39.

[9] ਗੁਰਦੀਪ ਸਿੰਘ ਕੇਸਰੀ, ਗੁਰੂ ਨਾਨਕ ਦਰਸਨ ਤੇ ਸਿੱਖ ਧਰਮ ਨੂੰ ਬਹੁਪੱਖੀ ਦੇਣ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 117.

[10] ਉਹੀ, ਪੰਨਾ 119.

ਡੇਰਾ ਬਾਬਾ ਸੰਤ ਦਿਆਲ ਸਿੰਘ ਠਾਕੁਰ, ਅੰਮ੍ਰਿਤਸਰ ਅੰਦਰ ਇਕ ਪ੍ਰਾਚੀਨ ਵਿਦਿਆਲਾ ਹੈ। "ਜਿੱਥੇ ਪੰ. ਸ਼ਾਮ ਸਿੰਘ ਜੀ ਪੜ੍ਹਾਉਂਦੇ ਰਹੇ ਅਤੇ ਉਥੇ ਸੈਂਕੜੇ ਸੰਤ ਲੋਗ ਤੇ ਗ੍ਰਹਸਥੀ ਧਰਮ ਵਿਦਿਆ ਦਾ ਅਧਿਐਨ ਕਰ ਕੇ ਲਾਭ ਉਠਾਉਂਦੇ ਰਹੇ ਹਨ। ਠਾਕੁਰ ਜੀ ਆਪਣੇ ਸਮੇਂ ਦੇ ਮਹਾਨ ਮਹਾਂਪੁਰਖ ਹੋਏ ਹਨ ਜਿਨ੍ਹਾਂ ਦੇ ਦਰਸ਼ਨਾ ਤੇ ਸੇਵਾ ਵਾਸਤੇ ਮਹਾਰਾਜਾ ਰਣਜੀਤ ਸਿੰਘ ਵੀ ਆਉਂਦੇ ਰਹੇ ਹਨ।"[11] ਇਸ ਡੇਰੇ ਦਾ ਸਿੱਖ ਧਰਮ ਵਿਚ ਸਨਮਾਨਯੋਗ ਸਥਾਨ ਹੈ।

ਨਿਰਮਲੇ ਸੰਤਾਂ ਵੱਲੋਂ ਡੇਰਿਆਂ ਵਿਚ ਦਿੱਤੀ ਜਾਂਦੀ ਧਾਰਮਿਕ ਸਿੱਖਿਆ ਵਿਚ 'ਨਿਰਮਲ ਆਸ਼ਰਮ ਵੱਡਾ ਡੇਰਾ, ਦੌਧਰ (ਮੋਗਾ)' ਦਾ ਵਿਸ਼ੇਸ਼ ਸਥਾਨ ਹੈ। ਸੰਤਾਂ ਵੱਲੋਂ ਇਥੇ ਗੁਰਮਤਿ ਵਿਦਿਆ ਦੇ ਨਾਲ-ਨਾਲ ਸੰਗੀਤ ਵਿਦਿਆਲਯ ਵੀ ਕਾਇਮ ਕੀਤਾ ਹੋਇਆ ਹੈ। "ਇਹ ਡੇਰਾ ਇਕ ਨਿਰਮਲੇ ਸੰਤ ਸੁੱਧ ਸਿੰਘ ਨੇ ਸੰਨ 1859 ਈ: ਵਿਚ ਸਥਾਪਿਤ ਕੀਤਾ ਸੀ।"[12] ਇਸ ਡੇਰੇ ਵਿਚ ਵਿਦਿਆ ਦੀ ਬਹੁਤ ਪੁਰਾਣੀ ਟਕਸਾਲ ਚਲਦੀ ਰਹੀ ਹੈ। ਕਿਸੇ ਸਮੇਂ ਦਮਦਮਾ ਸਾਹਿਬ, ਸੇਖਵਾਂ, ਦੌਧਰ ਆਦਿ ਦੀਆਂ ਵਿਦਿਅਕ ਟਕਸਾਲਾਂ ਬੜੀਆਂ ਪ੍ਰਸਿੱਧ ਸਨ। ਇਨ੍ਹਾਂ ਟਕਸਾਲਾਂ ਤੋਂ ਬਹੁਤ ਸਾਰੇ ਵਿਦਵਾਨ ਵਿਦਿਆ ਗ੍ਰਹਿਣ ਕਰ ਕੇ ਨਿਕਲੇ ਹਨ। ਵਿਦਿਆਲਿਆਂ ਦੀ ਸ਼ੁਰੂਆਤ ਸਮੇਂ ਇਥੇ "ਅਨੇਕ ਬੱਚੇ ਗੁਰਮੁਖੀ/ਗੁਰਬਾਣੀ ਪੜ੍ਹਨ ਲੱਗੇ। ਦੂਰ-ਦੂਰ ਤੋਂ ਬਿਹੰਗਮ, ਅਪੰਗ, ਸੂਰਮੇ (ਨੇਤ੍ਰਹੀਣ) ਵੀ ਪੜ੍ਹਨ ਵਾਸਤੇ ਆਉਣੇ ਸ਼ੁਰੂ ਹੋ ਗਏ। ਮਹਾਂਪੁਰਖ ਜਿੱਥੇ ਅਪੰਗ/ਨੇਤ੍ਰਹੀਣ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਸਨ, ਨਾਲ ਹੀ ਉਨ੍ਹਾਂ ਦੀ ਹੱਥੀਂ ਸੇਵਾ ਵੀ ਕਰਦੇ ਸਨ। ਵਿਦਿਆਰਥੀਆਂ ਨੂੰ ਗੁਰਮਤਿ ਦੀ ਵਿਦਿਆ ਅਤੇ ਰਾਗ (ਕੀਰਤਨ) ਸਿਖਾਇਆ ਜਾਂਦਾ ਸੀ।"[13] ਨਿਰਮਲੇ ਸੰਤਾਂ ਦੀ ਨਿਸਵਾਰਥ ਸੇਵਾ ਕਾਰਨ ਇਹ ਡੇਰਾ ਅੱਜ ਰਾਗ ਵਿਦਿਆ ਦੀ ਟਕਸਾਲ ਵਜੋਂ ਦੁਨੀਆਂ ਵਿਚ ਆਪਣਾ ਨਿਵੇਕਲਾ ਸਥਾਨ ਰਖਦਾ ਹੈ।

ਨਿਰਮਲੇ ਸੰਤਾਂ ਨੇ ਸੰਪ੍ਰਦਾਇ ਦਾ ਪ੍ਰਮੁੱਖ ਸਥਾਨ ਕਨਖਲ, ਹਰਿਦੁਆਰ ਬਣਾ ਕੇ ਅਲੱਗ-ਅਲੱਗ ਵਿਚਰ ਰਹੇ ਸੰਤਾਂ ਨੂੰ ਇਕ ਸੂਤਰ ਵਿਚ ਪਰੋਇਆ। ਇਸ ਟਿਕਾਣੇ ਦੇ ਹੋਂਦ ਵਿਚ ਆਉਂਦਿਆਂ ਬਾਕੀ ਕਾਰਜਾਂ ਦੇ ਨਾਲ-ਨਾਲ ਅਗਲੀ ਪੀੜ੍ਹੀ ਦੇ ਸਾਧੂਆਂ/ਜਿਗਿਆਸੂਆਂ ਨੂੰ ਧਾਰਮਿਕ ਵਿਦਿਆ ਦੇਣ ਲਈ ਕੀਤੇ ਉਪਰਾਲੇ

---

[11] ਗੁਰਦੀਪ ਸਿੰਘ ਕੇਸਰੀ, ਗੁਰੂ ਨਾਨਕ ਦਰਸਨ ਤੇ ਸਿੱਖ ਧਰਮ ਨੂੰ ਬਹੁਪੱਖੀ ਦੇਣ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 119.

[12] ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼,* ਭਾਗ ਦੂਜਾ, ਪੰਨਾ 988.

[13] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 502.

ਵਜੋਂ ਕਨਖਲ ਵਿਖੇ ਹੀ ਇਕ ਸੰਸਕ੍ਰਿਤ ਵਿਦਿਆਲਾ ਖੋਲ੍ਹਣ ਦੀ ਵਿਚਾਰ ਬਣੀ। ਗੁਰਦੀਪ ਸਿੰਘ ਕੇਸਰੀ ਲਿਖਦੇ ਹਨ ਕਿ ਸਮਕਾਲੀ ਜਿਗਿਆਸੂਆਂ ਦੀ ਜ਼ਰੂਰਤ ਅਨੁਸਾਰ "ਕਨਖਲ, ਹਰਿਦੁਵਾਰ ਵਿਚ 'ਸ੍ਰੀ ਨਿਰਮਲ ਸੰਸਕ੍ਰਿਤ ਮਹਾਂ-ਵਿਦਿਆਲਯ', ਅਖਾੜੇ ਦੀ ਸਥਾਪਨਾ ਦੇ ਸਮੇਂ ਤੋਂ ਹੋਂਦ ਵਿਚ ਆਇਆ ਹੋਇਆ ਹੈ। ਇਸ ਦੇ ਖ਼ਰਚੇ ਦਾ ਕੁੱਲ ਪ੍ਰਬੰਧ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਹੀ ਕਰਦਾ ਹੈ। ਇਸ ਵਿਦਿਆਲਯ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਰਿਹਾਇਸ਼, ਲੰਗਰ, ਫਾਰਮ, ਫੀਸ, ਤੇਲ, ਸਾਬਣ ਤੱਕ ਸਾਰੇ ਭਾਰ ਵਾਹਨ ਕਰਦਾ ਹੈ।"[14] ਇਸ ਵਿਦਿਆਲੇ ਵਿਚ ਕਈ ਹੋਰ ਧਰਮਾਂ, ਵਰਣਾਂ ਦੇ ਵਿਦਿਆਰਥੀ ਵੀ ਧਰਮ ਦੀ ਵਿਦਿਆ ਗ੍ਰਹਿਣ ਕਰਦੇ ਰਹੇ ਹਨ। ਇੱਥੇ ਸੰਸਕ੍ਰਿਤ ਵਿਦਿਆ ਦੇ ਨਾਲ-ਨਾਲ ਗੁਰਮਤਿ ਵਿਦਿਆ ਦਿੱਤੀ ਜਾਂਦੀ ਹੈ, ਨਾਲ ਹੀ ਗੁਰੂ ਇਤਿਹਾਸ ਬਾਰੇ ਵੀ ਚਾਨਣਾ ਪਾਇਆ ਜਾਂਦਾ ਹੈ।

ਉਕਤ ਨਮੂਨਾ ਮਾਤਰ ਡੇਰਿਆਂ ਦੀ ਸੀਮਿਤ ਜਾਣਕਾਰੀ ਤੋਂ ਇਲਾਵਾ ਨਿਰਮਲ ਸੰਪ੍ਰਦਾਇ ਦੇ ਸੈਂਕੜੇ ਡੇਰੇ ਅਤੇ ਵਿਦਿਆਲਿਆ ਹਨ। ਨਿਰਮਲ ਸੰਪ੍ਰਦਾਇ ਦੀਆਂ ਜਿੰਨੀਆਂ ਵੀ ਉਪ-ਸੰਪ੍ਰਦਾਵਾਂ ਹਨ (ਜਿਨ੍ਹਾਂ ਦਾ ਜ਼ਿਕਰ ਪਹਿਲੇ ਅਧਿਆਇ ਵਿਚ ਕੀਤਾ ਗਿਆ ਹੈ) ਸਾਰੀਆਂ ਸੰਪ੍ਰਦਾਵਾਂ ਦੇ ਆਪਣੇ ਕਿੰਨੇ-ਕਿੰਨੇ ਡੇਰੇ ਹਨ ਅਤੇ ਸਾਰੇ ਹੀ ਡੇਰਿਆਂ ਵਿਚ ਸਮੇਂ-ਸਮੇਂ ਧਾਰਮਿਕ ਅਤੇ ਦਾਰਸ਼ਨਿਕ ਵਿਦਿਆ ਦੇਣ ਦਾ ਪ੍ਰਬੰਧ ਰਿਹਾ ਹੈ ਅਤੇ ਕਈਆਂ ਵਿਚ ਮੌਜੂਦਾ ਸਮੇਂ ਵੀ ਜਾਰੀ ਹੈ।

**1910 ਈ. ਤੋਂ 2010 ਈ. ਤੱਕ**

ਨਿਰਮਲ ਸੰਪ੍ਰਦਾਇ ਨੇ ਧਾਰਮਿਕ ਅਤੇ ਦਾਰਸ਼ਨਿਕ ਖੇਤਰ ਵਿਚ ਆਪਣੇ ਡੇਰਿਆਂ/ਮਠਾਂ/ ਆਸ਼ਰਮਾਂ/ਵਿਦਿਆਲਿਆਂ ਦੁਆਰਾ ਵਿਦਿਆ ਦਾਨ ਦੇ ਕੇ ਬਹੁਤ ਵੱਡਾ ਯੋਗਦਾਨ ਪਾਇਆ ਹੈ। ਨਿਰਮਲੇ ਸੰਤਾਂ ਨੇ ਇਹ ਸੇਵਾ ਉਸ ਸਮੇਂ ਕੀਤੀ, ਜਦੋਂ ਦੇਸ਼ ਵਿਚ ਸਕੂਲ/ਕਾਲਜਾਂ ਦੀ ਵਿਵਸਥਾ ਨਹੀਂ ਸੀ। ਛੋਟੇ ਤੋਂ ਵੱਡੇ ਤੱਕ ਹਰ ਕੋਈ ਵਿਦਿਆ ਗ੍ਰਹਿਣ ਕਰਨ ਲਈ ਵੱਖ-ਵੱਖ ਮਤਾਂ ਦੇ ਡੇਰਿਆਂ ਉੱਤੇ ਹੀ ਨਿਰਭਰ ਸੀ, ਪ੍ਰੰਤੂ ਬਾਕੀ ਮਤਾਂ ਦੇ ਮੁਕਾਬਲੇ ਨਿਰਮਲੇ ਵਿਦਵਾਨਾਂ ਅਤੇ ਇਨ੍ਹਾਂ ਦੇ ਡੇਰਿਆਂ ਦੀ ਗਿਣਤੀ ਵਧੀਕ ਸੀ। ਇਹ ਵਿਦਵਾਨ ਲੋਕਾਈ ਵਿਚ ਹਰਮਨ ਪਿਆਰੇ ਵੀ ਸਨ। ਗੁਰੂਕੁਲ ਵਿਦਿਅਕ ਪ੍ਰਣਾਲੀ ਦੁਆਰਾ ਇਕ ਲੰਮਾ ਅਰਸਾ ਨਿਰਮਲੇ ਵਿਦਵਾਨਾਂ ਨੇ ਅੱਖਰ ਦਾਨ ਅਤੇ ਗੁਰਮਤਿ ਪ੍ਰਚਾਰ ਵਿਚ ਆਪਣੀਆਂ ਸੇਵਾਵਾਂ ਦਿੱਤੀਆਂ।

---

[14] ਗੁਰਦੀਪ ਸਿੰਘ ਕੇਸਰੀ, ਗੁਰੂ ਨਾਨਕ ਦਰਸ਼ਨ ਤੇ ਸਿੱਖ ਧਰਮ ਨੂੰ ਬਹੁਪੱਖੀ ਦੇਣ, ਪ੍ਰੀਤਮ ਸਿੰਘ (ਸੰਪਾ.) *ਨਿਰਮਲ ਸੰਪ੍ਰਦਾਇ*, ਪੰਨਾ 119.

ਸਮੇਂ ਦੇ ਗੇੜ ਨਾਲ "20ਵੀਂ ਸਦੀ ਦੇ ਆਰੰਭ ਤੋਂ ਨਿਰਮਲਿਆਂ ਨੇ ਪ੍ਰਚਾਰ ਦੀ ਦ੍ਰਿਸ਼ਟੀ ਨੂੰ ਮਹੱਤਵਪੂਰਨ ਸਮਝਦਿਆਂ ਹੋਇਆਂ ਪੱਤਰਕਾਰੀ ਵਿਚ ਪ੍ਰਵੇਸ਼ ਕੀਤਾ ਤਾਂ ਕਿ ਉਹ ਆਪਣਾ ਦ੍ਰਿਸ਼ਟੀ-ਕੋਣ ਚੰਗੀ ਤਰ੍ਹਾਂ ਸਮਝਾ ਸਕਣ। ਆਮ ਲੋਕਾਂ ਦਾ ਵਿਸ਼ਵਾਸ ਪ੍ਰਾਪਤ ਕਰ ਲੈਣ ਤੋਂ ਬਾਅਦ ਨਿਰਮਲਿਆਂ ਨੇ ਪ੍ਰਚਾਰ ਦਾ ਵੱਡਾ ਸਾਧਨ ਸੰਗਰਾਂਦ, ਪੂਰਨਮਾਸ਼ੀ ਜਾਂ ਮੱਸਿਆ ਦੇ ਦਿਨ-ਤਿਉਹਾਰਾਂ ਉੱਤੇ ਧਾਰਮਿਕ ਦੀਵਾਨ ਸਜਾਉਣ, ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਅਤੇ ਗੁਰਬਾਣੀ ਦੀ ਵਿਆਖਿਆ ਕਰਨ ਨੂੰ ਬਣਾਇਆ। ਗੁਰਬਾਣੀ ਦੀ ਵਿਆਖਿਆ ਕਰਦੇ ਹੋਏ ਉਹ ਵੈਦਿਕ ਗ੍ਰੰਥਾਂ ਵਿਚੋਂ ਵੀ ਹਵਾਲੇ ਦਿੰਦੇ ਅਤੇ ਉਨ੍ਹਾਂ ਨੂੰ ਗੁਰਬਾਣੀ ਉੱਤੇ ਢੁਕਾਉਂਦੇ। ਇਸਦਾ ਪ੍ਰਭਾਵ ਇਹ ਹੋਇਆ ਕਿ ਬਹੁਤ ਸਾਰੇ ਸਾਧਾਰਨ ਹਿੰਦੂ ਵਿਆਖਿਆ ਵਿਚਲੇ ਵੈਦਿਕ ਹਵਾਲਿਆਂ ਕਾਰਨ ਸਿੱਖ ਧਰਮ ਵੱਲ ਆਕਰਸ਼ਿਤ ਹੋ ਗਏ। ਇਨ੍ਹਾਂ ਵਿਚੋਂ ਬਹੁਤਿਆਂ ਨੇ ਸ੍ਵੈ-ਇੱਛਾ ਨਾਲ ਖੰਡੇ ਦਾ ਅੰਮ੍ਰਿਤ ਛਕਿਆ।"[15] ਨਿਰਮਲੇ ਸੰਤ ਆਪਣੇ ਪ੍ਰਵਚਨਾਂ ਵਿਚ ਵੈਦਿਕ ਪ੍ਰਮਾਣ ਦੇ ਕੇ ਗੁਰਬਾਣੀ ਦੇ ਭਾਵਾਂ ਨੂੰ ਦੂਜੇ ਮਤਾਂ ਦੇ ਅਨੁਯਾਈਆਂ ਦੀ ਸਮਝ ਗੋਚਰੇ ਬਣਾਉਣ ਵਿਚ ਸਫ਼ਲ ਹੁੰਦੇ ਸਨ।

20ਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਤੱਕ ਨਿਰਮਲੇ ਸੰਤ ਆਪਣੇ ਸਥਾਨਾਂ ਵਿਚੋਂ ਪੂਰੀ ਸੁਹਿਰਦਤਾ ਨਾਲ ਵਿਦਿਆ ਪ੍ਰਦਾਨ ਕਰਦੇ ਰਹੇ ਹਨ। ਇਸ ਤੋਂ ਬਾਅਦ ਸਿੰਘ ਸਭਾਵਾਂ, ਸ਼੍ਰੋਮਣੀ ਕਮੇਟੀ ਦੇ ਹੋਂਦ ਵਿਚ ਆਉਣ 'ਤੇ ਇਨ੍ਹਾਂ ਸੰਸਥਾਵਾਂ (ਡੇਰਿਆਂ) ਵਿਚੋਂ ਵਿਦਿਅਕ ਪ੍ਰਬੰਧ ਨੀਵਾਂ ਹੋਣਾ ਸ਼ੁਰੂ ਹੋ ਗਿਆ ਅਤੇ ਇਸ ਤੋਂ ਬਾਅਦ ਜ਼ਿਆਦਾ ਘਟ ਗਿਆ। ਫਿਰ ਵੀ ਕੁੱਝ ਡੇਰੇ ਜਾਂ ਆਸ਼ਰਮ ਅਜਿਹੇ ਸਨ ਜਿਨ੍ਹਾਂ ਨੇ ਸਮੇਂ ਅਨੁਸਾਰ ਆਪਣੇ ਵਿਦਿਆ ਦਾਨ ਦਾ ਮੁਹਾਂਦਰਾ ਸਮੇਂ ਦੀ ਲੋੜ ਅਨੁਸਾਰ ਆਧੁਨਿਕ ਵਿਦਿਆ ਪ੍ਰਣਾਲੀ ਵੱਲ ਵੀ ਮੋੜਿਆ ਅਤੇ ਸਕੂਲਾਂ/ਕਾਲਜਾਂ ਦੀ ਸਥਾਪਨਾ ਕੀਤੀ। ਇਸ ਲਈ ਉਨ੍ਹਾਂ ਬਕਾਇਦਾ ਤੌਰ 'ਤੇ ਵੱਖਰੀਆਂ ਇਮਾਰਤਾਂ ਤਿਆਰ ਕਰਵਾਈਆਂ ਪ੍ਰੰਤੂ ਡੇਰਿਆਂ ਵਿਚ ਧਾਰਮਿਕ ਵਿਦਿਆ ਦੇਣ ਦਾ ਪ੍ਰਬੰਧ ਵੀ ਚਲਦਾ ਰੱਖਿਆ ਅਤੇ ਅਜੋਕੇ ਸਮੇਂ ਵੀ ਧਾਰਮਿਕ ਅਤੇ ਦਾਰਸ਼ਨਿਕ ਯੋਗਦਾਨ ਦਿੱਤਾ ਜਾ ਰਿਹਾ ਹੈ।

ਨਿਰਮਲ ਸੰਪ੍ਰਦਾਇ ਦੇ ਵਿਦਵਾਨ ਗਿ. ਬਲਵੰਤ ਸਿੰਘ ਕੋਠਾ ਗੁਰੂ ਨੇ 1998 ਈ. ਵਿਚ *'ਨਿਰਮਲ ਪੰਥ ਬੋਧ'* ਗ੍ਰੰਥ ਦੀ ਰਚਨਾ ਕਰਦਿਆਂ ਉਸ ਵਿਚ ਕੁੱਝ ਸਮਕਾਲੀ ਡੇਰਿਆਂ ਵਿਚ ਦਿੱਤੀ ਜਾ ਰਹੀ ਧਾਰਮਿਕ ਵਿਦਿਆ ਬਾਰੇ ਇਸ ਤਰ੍ਹਾਂ ਲਿਖਿਆ ਹੈ:[16]

---

[15] ਦਰਸ਼ਨ ਸਿੰਘ, ਨਿਰਮਲੇ ਪ੍ਰਚਾਰ ਕਿਵੇਂ ਕਰਦੇ ਸਨ? ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 455.

[16] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨੇ 46-47.

**ਬੁੰਗਾ ਮਸਤੂਆਣਾ**

ਤਲਵੰਡੀ ਸਾਬੋ; ਇਸ ਧਾਰਮਿਕ ਪੀਠ ਨੂੰ ਸ੍ਰੀਮਾਨ 108 ਪੂਜਯ ਸੰਤ ਅਤਰ ਸਿੰਘ ਜੀ ਨੇ ਅਰੰਭ ਕੀਤਾ। ਜਿਸ ਵਿਚ ਗੁਰਬਾਣੀ ਦਾ ਸ਼ੁੱਧ ਪਾਠ, ਅਰਥ, ਬੋਧ, ਗੁਰਇਤਿਹਾਸ (ਗੁਰ ਪ੍ਰਤਾਪ ਸੂਰਜ, ਪੰਥ ਪ੍ਰਕਾਸ਼, ਭਾਈ ਗੁਰਦਾਸ, ਦਸਮ ਗ੍ਰੰਥ ਆਦਿ) ਪੜ੍ਹਾਇਆ ਜਾਂਦਾ ਹੈ। ਕੀਰਤਨ ਰਾਗ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ।

**ਨਿਰਮਲ ਆਸ਼ਰਮ, ਖਡੂਰ ਸਾਹਿਬ**

ਇਥੇ ਗੁਰਬਾਣੀ ਦੀ ਸਿੱਖਿਆ ਦਾ ਮਹਾਨ ਪ੍ਰਬੰਧ ਹੈ। ਵਿਦਿਆ ਗ੍ਰਹਿਣ ਕਰ ਕੇ ਵਿਦਿਆਰਥੀ ਗੁਰਬਾਣੀ ਦੇ ਸ਼ੁੱਧ ਪਾਠੀ ਅਤੇ ਗਿਆਨੀ ਬਣਦੇ ਹਨ।

**ਗੁਰਦਵਾਰਾ ਗੁਰੂ ਸਰ, ਧਨੌਲਾ**

ਵਿਦਿਆਰਥੀ ਗੁਰਬਾਣੀ, ਗੁਰਇਤਿਹਾਸ ਦੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਹ ਸੇਵਾ ਸੰਤ ਜਗਤ ਸਿੰਘ ਜੀ ਦੇ ਪ੍ਰਬੰਧ ਵਿਚ ਹੋ ਰਹੀ ਹੈ।

**ਬੁੰਗਾ ਭਿੰਡਰਾਂਵਾਲਾ, ਅੰਮ੍ਰਿਤਸਰ**

ਇਥੇ ਗਿਆਨੀ ਸੰਤ ਸਿੰਘ ਜੀ ਬੱਚਿਆਂ ਨੂੰ ਗੁਰਬਾਣੀ, ਰਾਗ ਦੀ ਸਿਖਿਆ ਦੇ ਰਹੇ ਹਨ। ਰਿਹਾਇਸ਼, ਭੋਜਨ, ਬਸਤਰ ਆਦਿਕ ਬੁੰਗੇ ਵੱਲੋਂ ਦਿੰਦੇ ਹਨ। ਅਨੇਕ ਬੱਚੇ ਵਿਦਿਆ ਪ੍ਰਾਪਤ ਕਰ ਰਹੇ ਹਨ।

**ਗੁਰੂ ਸਰ ਖੁੱਡਾ**

ਇਥੇ ਮਹੰਤ ਤੇਜਾ ਸਿੰਘ ਜੀ ਐਮ.ਏ ਗੁਰਮਤਿ, ਗੁਰਬਾਣੀ ਦੀ ਵਿਦਿਆ ਦੇ ਰਹੇ ਹਨ। ਗੁਰਬਾਣੀ ਦੇ ਸ਼ੁੱਧ ਪਾਠੀ, ਗਿਆਨੀ ਬਣਾਏ ਜਾਂਦੇ ਹਨ।

**ਨਿਰਮਲ ਪੰਚਾਇਤੀ ਅਖਾੜਾ ਕਨਖਲ ਅਧੀਨ ਚੱਲ ਰਹੀਆਂ ਸੰਸਥਾਵਾਂ ਦੁਆਰਾ ਧਾਰਮਿਕ ਯੋਗਦਾਨ**

ਨਿਰਮਲ ਪੰਚਾਇਤੀ ਅਖਾੜੇ ਵੱਲੋਂ ਸੰਸਕ੍ਰਿਤ ਦੇ ਦੋ ਵਿਦਿਆਲੇ (ਇਕ ਕਨਖਲ ਵਿਚ ਅਤੇ ਦੂਜਾ ਸੰਗਤ ਲਾਹੌਰੀ ਟੋਲਾ, ਵਾਰਾਣਸੀ) ਵਿਖੇ ਚਲਾਏ ਜਾ ਰਹੇ ਹਨ। ਦੋਵੇਂ ਵਿਦਿਆਲੇ ਸ੍ਰੀ ਸੰਪੂਰਨਾ ਨੰਦ ਯੂਨੀਵਰਸਿਟੀ, ਵਾਰਾਣਸੀ ਅਧੀਨ ਪ੍ਰੀਖਿਆ ਦਿੰਦੇ ਹਨ। ਇਸ ਤਰ੍ਹਾਂ ਨਿਰਮਲ ਭੇਖ ਗੁਰਮਤਿ ਦੀ ਧਾਰਮਿਕ ਵਿਦਿਆ ਅਤੇ ਸੰਸਕ੍ਰਿਤ ਪੜ੍ਹਾ ਕੇ ਜੰਤਾ-ਜਨਾਰਦਨ ਤੇ ਮਹਾਨ ਉਪਕਾਰ ਕਰ ਰਿਹਾ ਹੈ।

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨਿਰਮਲ ਸੰਪ੍ਰਦਾਇ ਦੇ ਉਹ ਵਿਦਵਾਨ ਹੋਏ ਹਨ ਜਿਨ੍ਹਾਂ ਨੇ ਸਮੁੱਚੇ ਭਾਰਤ ਦਾ ਭ੍ਰਮਣ ਕਰ ਕੇ ਖੋਜ ਭਰਪੂਰ ਵਡ-ਅਕਾਰੀ (1075 ਪੰਨੇ) 'ਨਿਰਮਲ ਪੰਥ ਬੋਧ' ਗ੍ਰੰਥ ਰਚਿਆ ਹੈ ਜਿਸ ਵਿਚ (1910 ਈ. ਤੋਂ 2010 ਈ.) ਸਮਕਾਲੀ ਧਾਰਮਿਕ ਸਿਖਿਆ ਪ੍ਰਦਾਨ ਕਰਦੇ ਡੇਰਿਆਂ ਵਿਚ ਉਹ ਵੀ ਸਿਰਫ਼ 13 ਡੇਰਿਆਂ/ਸੰਸਥਾਵਾਂ ਦਾ ਜ਼ਿਕਰ ਕਰਦੇ ਹਨ। ਇਸ ਤੋਂ ਇਹ ਸਹਿਜੇ ਅਨੁਭਵ ਹੋ ਜਾਂਦਾ ਹੈ ਕਿ 20ਵੀਂ ਸਦੀ ਦੌਰਾਨ ਨਿਰਮਲੇ ਡੇਰਿਆਂ ਵਿਚ ਧਾਰਮਿਕ ਵਿਦਿਆ ਦੀ ਰੁਚੀ ਕਿਹੋ ਜਿਹੀ ਸੀ?

ਧਾਰਮਿਕ ਸਿੱਖਿਆ ਨਾਲ ਸੰਬੰਧਿਤ ਪੁੱਛੇ ਗਏ ਇਕ ਸਵਾਲ ਦੇ ਉਤਰ ਵਿਚ ਗਿ. ਬਲਵੰਤ ਸਿੰਘ ਕੋਠਾ ਗੁਰੂ ਜੀ ਕਹਿੰਦੇ ਹਨ "ਵੀਹਵੀਂ ਸਦੀ ਦੇ ਆਰੰਭ ਤੱਕ ਨਿਰਮਲ ਸੰਪ੍ਰਦਾਇ ਦੇ ਡੇਰਿਆਂ ਵਿਚ ਵਿਦਿਆ ਪ੍ਰਬੰਧ ਸਿਖਰ 'ਤੇ ਸੀ। ਫਿਰ ਕੁੱਝ ਘਟਦਾ ਰਿਹਾ। ਜਦੋਂ ਸਿੰਘ ਸਭਾਵਾਂ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਵਿਦਿਅਕ ਅਦਾਰੇ ਖੋਲ੍ਹਣੇ ਸ਼ੁਰੂ ਹੋਏ, ਲੋਕਾਂ ਦਾ ਝੁਕਾਓ ਨਵੀਂ ਵਿਦਿਅਕ ਪ੍ਰਣਾਲੀ ਵੱਲ ਗਿਆ ਅਤੇ ਨਿਰਮਲਾ ਡੇਰਿਆਂ ਵਿਚ ਵਿਦਿਆ ਪ੍ਰਬੰਧ ਹੋਰ ਨੀਵੇਂ ਵੱਲ ਜਾਣਾ ਸ਼ੁਰੂ ਹੋ ਗਿਆ। ਜਿਗਿਆਸੂਆਂ ਦਾ ਝੁਕਾਅ ਨਵੇਂ ਵਿਦਿਅਕ ਅਦਾਰਿਆਂ ਵੱਲ ਹੋਣ ਕਾਰਨ ਹੌਲੀ-ਹੌਲੀ ਨਿਰਮਲ ਵਿਦਿਅਕ ਪ੍ਰਬੰਧ ਨਿਵਾਣ ਵੱਲ ਜਾਂਦਾ ਰਿਹਾ। 20ਵੀਂ ਸਦੀ ਦੇ ਅੱਧ ਤੋਂ ਬਾਅਦ ਬਹੁਤ ਫ਼ਰਕ ਪਿਆ, ਧਾਰਮਿਕ ਵਿਦਿਆ ਗ੍ਰਹਿਣ ਕਰਨ ਵਾਲੇ ਵਿਦਿਆਰਥੀ ਵੀ ਘਟ ਗਏ ਅਤੇ ਵਿਦਵਾਨ ਸੰਤ ਵੀ। ਹਾਂ ਕੁੱਝ ਨਿਰਮਲੇ ਸੰਤ ਸਕੂਲ/ਕਾਲਜ ਖੋਲ੍ਹਕੇ ਨਵੀਂ ਵਿਦਿਆ ਦੇਣ ਦੀ ਸੇਵਾ ਜ਼ਰੂਰ ਕਰ ਰਹੇ ਹਨ।"[17] ਭਾਵੇਂ ਉਨ੍ਹਾਂ ਦੇ ਸਥਾਨਾਂ 'ਤੇ ਵਿਦਿਆਰਥੀਆਂ ਦੀ ਗਿਣਤੀ ਕਾਫ਼ੀ ਘਟੀ ਹੈ ਪ੍ਰੰਤੂ ਫਿਰ ਵੀ ਨਿਰਮਲੇ ਸੰਤਾਂ ਦੀ ਵਿਦਵਤਾ ਨੇ ਲੋਕਾਈ ਨੂੰ ਪ੍ਰਭਾਵਿਤ ਕੀਤਾ ਹੈ। ਪ੍ਰਸਥਿਤੀਆਂ ਜੋ ਵੀ ਰਹੀਆਂ ਹੋਣ, ਨਿਰਮਲੇ ਸੰਤਾਂ ਨੇ ਫਿਰ ਵੀ ਵਿਦਿਆ ਦੀ ਜੋਤਿ ਆਪਣੇ ਸਥਾਨਾਂ ਵਿਚ ਜਲਾ ਕੇ ਰੱਖੀ ਹੋਈ ਹੈ, ਬਾਣੀ ਪਾਠ ਤਾਂ ਛੋਟੇ ਤੋਂ ਛੋਟੇ ਡੇਰੇ ਜਾਂ ਨਿੱਕੀ ਤੋਂ ਨਿੱਕੀ ਧਰਮਸ਼ਾਲਾ ਵਿਚ ਵੀ ਕਰਾਇਆ ਜਾਂਦਾ ਹੈ। ਸਮਕਾਲੀ ਲੋੜ ਅਨੁਸਾਰ ਸੰਤਾਂ ਨੇ ਵੀ ਆਪਣੀ ਵਿਦਿਆ-ਦਾਨ ਦੀ ਵਚਨਬੱਧਤਾ ਦਰਸਾਉਂਦੇ ਹੋਏ ਨਵੀਂ ਵਿਦਿਅਕ ਪ੍ਰਣਾਲੀ ਅਪਣਾ ਲਈ ਹੈ ਤੇ ਸਕੂਲਾਂ/ਕਾਲਜਾਂ ਦੁਆਰਾ ਵਿਦਿਆ ਦੇ ਰਹੇ ਹਨ।

ਨਿਰਮਲ ਸੰਪ੍ਰਦਾਇ ਦੇ ਵਿਦਿਆਲੇ/ਡੇਰੇ/ਮਠ/ਆਸ਼ਰਮ ਆਦਿ ਵਿਚ ਦੋ ਤਰ੍ਹਾਂ ਦੀ ਵਿਦਿਅਕ ਪ੍ਰਣਾਲੀ ਪ੍ਰਚਲਿਤ ਰਹੀ ਹੈ:

---

[17] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿੱਜੀ ਮੁਲਾਕਾਤ,* ਮਿਤੀ 09 ਜੁਲਾਈ 2015 ਵਿਚੋਂ.

ਪਹਿਲੀ : ਗੁਰੂਕੁਲ ਵਿਦਿਆ ਪ੍ਰਣਾਲੀ: ਇਸ ਵਿਚ ਨਿਰਮਲੇ ਪਰੰਪਰਾਗਤ ਵਿਦਿਆ ਦਿੰਦੇ ਸਨ। ਇਹ ਡੇਰੇ/ਮਠ/ਆਸ਼ਰਮਾਂ ਆਦਿ ਵਿਚ ਚਲਦੀ ਹੈ।

ਦੂਜੀ : ਆਧੁਨਿਕ ਵਿਦਿਆ ਪ੍ਰਣਾਲੀ: ਜੋ ਸਕੂਲ/ਕਾਲਜਾਂ ਆਦਿ ਵਿਚ ਚਲਦੀ ਹੈ। ਇਹ ਵਿਦਿਅਕ ਅਦਾਰੇ ਕਿਸੇ ਬੋਰਡ ਜਾਂ ਯੂਨੀਵਰਸਿਟੀ ਨਾਲ ਸੰਬੰਧਿਤ ਹਨ ਅਤੇ ਮਾਨਤਾ ਪ੍ਰਾਪਤ ਪਾਠਕ੍ਰਮ ਅਨੁਸਾਰ ਵਿਦਿਆ-ਦਾਨ ਦਿੰਦੇ ਹਨ।

ਇਥੇ ਇਹ ਵੀ ਸਾਫ਼ ਕਰ ਦੇਣਾ ਉਚਿਤ ਹੋਵੇਗਾ ਕਿ ਗੁਰੂਕੁਲ ਪ੍ਰਣਾਲੀ (ਗੁਰੂ-ਸ਼ਿਸ਼ ਪਰੰਪਰਾ) ਮੌਜੂਦਾ ਸਮੇਂ ਵੀ ਕਿਤੇ-ਕਿਤੇ ਡੇਰਿਆਂ ਵਿਚ ਪ੍ਰਚਲਿਤ ਹੈ। ਇਹ ਮਾਨਤਾ ਪ੍ਰਾਪਤ ਕਿਤੋਂ ਨਹੀਂ ਹੁੰਦਾ। ਸ਼ਿਸ਼ ਕਿਸੇ ਵਿਦਵਾਨ ਸੰਤ ਨੂੰ ਗੁਰੂ ਧਾਰਦਾ ਹੈ ਅਤੇ ਵਿਦਵਾਨ ਆਪਣੀ ਵਿਦਵਤਾ ਅਨੁਸਾਰ ਵਿਦਿਅਕ ਗਿਆਨ ਦਾਨ ਦਿੰਦਾ ਹੈ।

ਨਿਰਮਲ ਸੰਪ੍ਰਦਾਇ ਦੀ ਵਿਦਿਅਕ ਪੱਧਤੀ ਭਾਵੇਂ ਕਿਸੇ ਵੀ ਪੱਧਰ ਦੀ ਰਹੀ ਹੋਵੇ, ਇਹ ਸੰਪ੍ਰਦਾਇ ਵਿਦਿਆ ਦਾਨ ਦੇਣ ਪ੍ਰਤੀ ਕਾਰਜਸ਼ੀਲ ਰਹੀ ਹੈ। ਨਿਰਮਲ ਸੰਪ੍ਰਦਾਇ ਨੇ 1910 ਈ. ਤੋਂ ਬਾਅਦ ਭਾਵੇਂ ਕਿਸੇ ਵੀ ਪ੍ਰਣਾਲੀ ਦੁਆਰਾ ਵਿਦਿਆ ਦਿੱਤੀ ਪ੍ਰੰਤੂ ਉਨ੍ਹਾਂ ਆਪਣੇ ਵਿਦਿਆ ਕੇਂਦਰਾਂ ਵਿਚ ਗੁਰਮਤਿ ਵਿਦਿਆ ਦਾਨ ਦੇਣ ਦਾ ਪੱਲਾ ਨਾ ਛੱਡਿਆ। ਉਹ ਆਪਣੇ ਸਥਾਨਾਂ 'ਤੇ ਆਏ ਵਿਦਿਆਰਥੀਆਂ ਨੂੰ ਗੁਰਮਤਿ ਦੀ ਚਿਣਗ ਲਗਾਉਣ ਨੂੰ ਆਪਣਾ ਧਰਮ ਸਮਝਦੇ ਹਨ। ਨਿੱਜੀ ਸਰਵੇਖਣ ਦੌਰਾਨ ਵੀ ਨਿਰਮਲੇ ਸਥਾਨਾਂ 'ਤੇ ਦਿੱਤੀ ਜਾਂਦੀ ਵਿਦਿਆ ਵਿਚ ਗੁਰਮਤਿ ਵਿਦਿਆ ਦੀ ਝਲਕ ਵੇਖਣ ਨੂੰ ਮਿਲੀ ਹੈ।

## ਨਿਰਮਲੇ ਸਥਾਨਾਂ ਵਿਚ ਸੰਤਾਂ ਦੁਆਰਾ ਗੁਰਮਤਿ ਵਿਦਿਆ ਦਾ ਪ੍ਰਚਾਰ-ਪ੍ਰਸਾਰ

### ਨਿਰਮਲ ਕੁਟੀਆ, ਅਸਰਪੁਰ (ਪਟਿਆਲਾ)

ਪਟਿਆਲਾ ਨੇੜਲੇ ਪਿੰਡ ਅਸਰਪੁਰ ਵਿਚ ਨਿਰਮਲ ਸੰਪ੍ਰਦਾਇ ਦੇ ਸੰਤਾਂ ਵੱਲੋਂ ਸੰਥਿਆ ਦੇ ਕੇ 100 ਤੋਂ ਉੱਪਰ ਪਾਠੀ ਬਣਾਏ ਗਏ ਹਨ। ਇਸ ਪਿੰਡ ਦੇ ਲੋਕ ਨਿਰਮਲੇ ਸੰਤਾਂ ਦਾ ਬਹੁਤ ਅਹਿਸਾਨ ਮੰਨਦੇ ਹਨ ਕਿਉਂਕਿ ਉਨ੍ਹਾਂ ਦੇ ਅਸ਼ੀਰਵਾਦ ਨਾਲ ਇਸ ਪਿੰਡ ਦੇ ਲੋਕ ਅੱਜ ਪੂਰੀ ਤਰ੍ਹਾਂ ਗੁਰਮਤਿ ਦੇ ਧਾਰਨੀ ਹਨ ਅਤੇ ਗੁਰਮਤਿ ਦੀ ਸੇਵਾ ਵਿਚ ਰੁਚਿਤ ਹਨ।

ਸਭ ਤੋਂ ਪਹਿਲਾਂ 1940 ਈ. ਵਿਚ ਸੰਤ ਨਿੱਕਾ ਸਿੰਘ ਜੀ ਅੰਬਾਲਾ ਤੋਂ ਪਟਿਆਲਾ ਜਾਂਦੇ ਹੋਏ ਅਸਰਪੁਰ ਵਿਖੇ ਬੋਹੜ ਵਾਲੇ ਖੂਹ 'ਤੇ ਠਹਿਰ ਗਏ। ਇਹ ਕੁੱਝ ਸਮਾਂ ਇਥੇ ਹੀ ਰੁਕੇ। ਪੋਥੀ ਤੋਂ ਗੁਰਬਾਣੀ ਦੀ ਕਥਾ ਕਰਦੇ ਜਿਸ ਨੂੰ ਸੁਣਨ ਲਈ ਆਲੇ ਦੁਆਲੇ ਦੇ ਕਈ ਪਿੰਡਾਂ ਦੇ ਲੋਕ ਆਉਣ ਲੱਗੇ। ਫਿਰ 1942 ਈ. ਦੇ ਅਖੀਰ ਤੇ ਦੂਜੀ ਵਾਰ "ਬਾਬਾ ਨਿੱਕਾ ਸਿੰਘ ਜੀ, ਬਾਬਾ ਬੇਅੰਤ ਸਿੰਘ ਅਤੇ ਸੰਤ ਦਰਸ਼ਨ ਸਿੰਘ ਜੀ ਨੂੰ ਨਾਲ ਲੈ ਕੇ ਅਸਰਪੁਰ ਪਿੰਡ ਪਹੁੰਚੇ ਕਿਉਂਕਿ ਇਨ੍ਹਾਂ ਨੇ 2 ਸਾਲ ਪਹਿਲਾਂ ਇਥੇ ਦੇ ਲੋਕਾਂ ਨੂੰ ਬਚਨ ਦਿੱਤਾ ਸੀ ਕਿ ਜਦੋਂ ਦੁਬਾਰਾ ਆਏ ਤਾਂ ਕੋਈ ਸੰਤ ਨਾਲ ਲੈ ਕੇ ਆਵਾਂਗੇ, ਜਿਹੜਾ ਤੁਹਾਨੂੰ ਗੁਰਬਾਣੀ ਪੜ੍ਹਾਵੇਗਾ। ਪਤਾ ਲੱਗਣ ਤੇ ਆਲੇ-ਦੁਆਲੇ ਦੀਆਂ ਸੰਗਤਾਂ ਆਉਣੀਆਂ ਸ਼ੁਰੂ ਹੋ ਗਈਆਂ। ਸੰਤ ਦਰਸ਼ਨ ਸਿੰਘ ਜੀ ਕੋਲ ਕੁੱਝ ਬੰਦੇ ਪੰਜਾਬੀ ਸਿੱਖਣ ਲੱਗ ਗਏ ਅਤੇ ਜਿਹੜੇ ਪਹਿਲਾਂ ਪੰਜਾਬੀ ਜਾਣਦੇ ਸਨ, ਉਹ ਨਿਤਨੇਮ ਦੀਆਂ ਬਾਣੀਆਂ, ਪੰਜ ਗ੍ਰੰਥੀ ਆਦਕ ਪੋਥੀਆਂ ਦੀ ਸੰਥਯਾ ਕਰਨ ਲੱਗ ਗਏ। ਉਨ੍ਹਾਂ ਨੇ ਸ਼ਾਮ ਨੂੰ *ਸੂਰਜ ਪ੍ਰਕਾਸ਼ ਗ੍ਰੰਥ* ਦੀ ਕਥਾ ਸ਼ੁਰੂ ਕੀਤੀ। ਅਸਰਪੁਰ ਤੋਂ ਬਿਨਾਂ ਹੋਰ ਦੋ-ਤਿੰਨ ਪਿੰਡਾਂ ਦੇ ਲੋਕ ਆਉਣ ਲੱਗੇ।"[18] ਇਨ੍ਹਾਂ ਨੇ ਕਾਫ਼ੀ ਸਮਾਂ ਇਥੇ ਗੁਰਮਤਿ ਪ੍ਰਚਾਰ ਕੀਤਾ ਤੇ ਜਾਂਦੇ ਹੋਏ ਸੰਤ ਦਰਸ਼ਨ ਸਿੰਘ ਜੀ ਨੂੰ ਵਿਦਿਆ-ਦਾਨ ਦੀ ਸੇਵਾ ਵਿਚ ਲਗਾ ਗਏ।

ਪਿੰਡ ਵਿਚੋਂ ਸਰਵੇਖਣ ਦੌਰਾਨ ਪਤਾ ਲੱਗਿਆ ਹੈ ਕਿ "ਇੱਥੇ ਸਭ ਤੋਂ ਪਹਿਲਾਂ ਉਦਾਸੀ ਸਾਧੂਆਂ ਦਾ ਆਉਣਾ-ਜਾਣਾ ਸੀ। ਬਾਅਦ ਵਿਚ ਇੱਥੇ ਸੰਤ ਨਿੱਕਾ ਸਿੰਘ ਜੀ (ਨਿਰਮਲ ਆਸ਼ਰਮ ਰਿਸ਼ੀਕੇਸ਼) ਨੇ ਆ ਕੇ ਲੋਕਾਂ ਵਿਚ ਗੁਰਮਤਿ ਪ੍ਰਚਾਰ ਕੀਤਾ। ਪਿੰਡ ਵਾਸੀ ਦੱਸਦੇ ਹਨ ਕਿ ਉਨ੍ਹਾਂ ਦੀ ਬਾਣੀ ਵਿਚ ਅਜਿਹਾ ਰਸ ਸੀ ਕਿ ਇਸ ਪਿੰਡ ਦੇ ਨਾਲ-ਨਾਲ ਨੇੜਲੇ ਪਿੰਡਾਂ ਦੇ ਦੂਸਰੇ ਧਰਮਾਂ ਦੇ ਲੋਕ ਵੀ ਹੁੱਕਾ (ਤੰਬਾਕੂ) ਆਦਿ ਛੱਡ ਕੇ ਗੁਰਮਤਿ ਦੇ ਧਾਰਨੀ ਹੋ ਗਏ ਸਨ, ਕਈ ਅੰਮ੍ਰਿਤ ਛਕ ਕੇ ਸਿੰਘ ਵੀ ਸਜ ਗਏ ਸਨ। ਪਹਿਲਾਂ ਇਸ ਪਿੰਡ ਵਿਚ ਕਈ ਘਰ ਤੰਬਾਕੂ ਆਦਿ ਦਾ ਸੇਵਨ ਕਰਦੇ ਸਨ, ਸੰਤਾਂ ਦੇ ਪ੍ਰਭਾਵ ਸਦਕਾ ਮੌਜੂਦਾ ਸਮੇਂ ਇੱਥੇ ਇੱਕ ਵੀ ਅਜਿਹਾ ਪਰਿਵਾਰ ਨਹੀਂ, ਜੋ ਹੁੱਕਾ (ਤੰਬਾਕੂ) ਪੀਂਦਾ ਹੋਵੇ। ਅਕਸਰ ਨਿਰਮਲੇ ਸੰਤਾਂ ਦਾ ਇਸ ਪਿੰਡ ਵਿੱਚ ਆਉਣਾ-ਜਾਣਾ ਲੱਗਿਆ ਰਹਿੰਦਾ ਹੈ। ਨਿਰਮਲੇ ਵਿਦਵਾਨਾਂ ਵੱਲੋਂ ਤਿਆਰ ਕੀਤੇ ਪਾਠੀ ਸਿੰਘਾਂ ਵੱਲੋਂ ਅੱਗੇ ਹੋਰ ਲੋਕਾਂ ਨੂੰ ਗੁਰਬਾਣੀ ਦੀ ਸੰਥਿਆ ਦਿੱਤੀ ਜਾਂਦੀ ਹੈ।"[19] ਇਹ ਪਿੰਡ ਅਜੋਕੇ ਸਮੇਂ ਵਿਚ ਵੀ ਨਿਰਮਲੇ ਮਹਾਂਪੁਰਖਾਂ ਦੇ ਪ੍ਰਭਾਵ ਅਤੇ ਪ੍ਰਚਾਰ ਸਦਕਾ ਗੁਰਮਤਿ ਨਾਲ ਜੁੜਿਆ ਹੋਇਆ ਹੈ।

---

[18] ਨਿਰਭਿੰਦਰ ਸਿੰਘ (ਸਰਪੰਚ), *ਅਸਚਰਜ ਵਸਤੂ*, ਪੰਨਾ 207.

[19] ਗੁਰਿੰਦਰ ਸਿੰਘ, ਨਿਰਮਲ ਕੁਟੀਆ ਅਸਰਪੁਰ, ਪਟਿਆਲਾ, *ਨਿੱਜੀ ਮੁਲਾਕਾਤ*, ਮਿਤੀ 02 ਦਸੰਬਰ 2017 ਵਿਚੋਂ.

**ਨਿਰਮਲ ਕੁਟੀਆ, ਖੋਖ**

ਨਾਭਾ ਤਹਿਸੀਲ ਵਿਚਲੇ ਪਿੰਡ ਖੋਖ ਅਤੇ ਹੋਰ ਕਈ ਨੇੜਲੇ ਪਿੰਡਾਂ ਦੇ ਲੋਕ ਅੱਜ ਵੀ ਨਿਰਮਲੇ ਸੰਤਾਂ ਦੇ ਬਹੁਤ ਸਰਧਾਲੂ ਹਨ। ਇੱਥੇ ਖੋਖ-ਕੋਟਲੀ ਰੋਡ ਉੱਤੇ ਨਿਰਮਲੇ ਮਹਾਂਪੁਰਖਾਂ ਦੀ ਕੁਟੀਆ ਬਣੀ ਹੋਈ ਹੈ ਜਿੱਥੇ ਅਕਸਰ ਧਾਰਮਿਕ ਸਮਾਗਮ ਚਲਦੇ ਰਹਿੰਦੇ ਹਨ ਅਤੇ ਪ੍ਰਬੰਧਕ ਗੁਰਮੀਤ ਸਿੰਘ ਹਨ। ਬਹੁਤ ਸਾਰੇ ਨਿਰਮਲੇ ਸੰਤ ਇੱਥੇ ਆਉਂਦੇ ਜਾਂਦੇ ਰਹਿੰਦੇ ਹਨ। ਇਸ ਪਿੰਡ ਵਿਚ "ਪੁਰਾਤਨ ਗੁਰਦੁਆਰਾ ਸਾਹਿਬ ਬਣਿਆ ਹੋਇਆ ਸੀ। ਇਸ ਲਈ ਇਹ ਲੋਕ ਗੁਰੂ ਘਰ ਦੇ ਪ੍ਰੇਮੀ ਤਾਂ ਸਨ, ਗੁਰਬਾਣੀ ਨੂੰ ਮੰਨਦੇ ਪੂਜਦੇ ਵੀ ਸਨ, ਲੇਕਿਨ ਗੁਰਬਾਣੀ ਦੇ ਅੰਤਰੀਵ ਭਾਵਾਂ ਤੋਂ ਬਿਲਕੁੱਲ ਸੁੰਨ ਸਨ ਜਾਂ ਇਉਂ ਸਮਝੀਏ ਕਿ ਸਰਕਾਰ ਨੇ ਕਿਸੇ ਸਮੇਂ ਡਿਸਪੈਂਸਰੀ ਤਾਂ ਪਿੰਡ ਵਿਚ ਖੋਲ੍ਹ ਦਿੱਤੀ ਸੀ, ਜਿਸ ਵਿਚ ਦਵਾਈਆਂ ਵੀ ਹਰ ਪ੍ਰਕਾਰ ਨਾਲ ਮੌਜੂਦ ਸਨ, ਲੇਕਿਨ ਡਾਕਟਰ ਨਹੀਂ ਸੀ ਭੇਜਿਆ, ਜਿਸ ਕਰਕੇ ਲੋਕਾਂ ਨੂੰ ਪੂਰਾ-ਪੂਰਾ ਲਾਭ ਨਹੀਂ ਸੀ ਪ੍ਰਾਪਤ ਹੋ ਰਿਹਾ।"[20] 1943 ਈ. ਵਿਚ ਸੰਤ ਨਿੱਕਾ ਸਿੰਘ ਜੀ ਇਸ ਪਿੰਡ ਵਿੱਚ ਆਏ ਅਤੇ ਉਪਰੰਤ ਉਨ੍ਹਾਂ ਦਾ ਪਿੰਡ ਵਾਸੀਆਂ ਵਿਚ ਅਜਿਹਾ ਪ੍ਰਭਾਵ ਪਿਆ ਕਿ ਸਾਰੇ ਪਿੰਡ ਵਾਸੀ ਉਨ੍ਹਾਂ ਦੇ ਚਰਨਾਂ ਵਿਚ ਹਾਜ਼ਰ ਹੁੰਦੇ ਸਨ। ਨਿਰਮਲੇ ਸੰਤਾਂ ਨੇ ਪਿੰਡ ਵਿਚ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕੀਤਾ, ਅੱਜ ਸਾਰਾ ਪਿੰਡ ਉਨ੍ਹਾਂ ਦੀ ਕਿਰਪਾ ਸਦਕਾ ਗੁਰਮਤਿ ਦਾ ਧਾਰਨੀ ਹੈ।

ਇਲਾਕੇ ਦੀ ਜਿਆਦਾਤਰ ਸੰਗਤ ਨਿਰਮਲੇ ਸੰਤਾਂ ਦੇ ਪ੍ਰਭਾਵ ਸਦਕਾ ਗੁਰਮਤਿ ਨਾਲ ਜੁੜੀ ਹੋਈ ਹੈ। ਇੱਥੇ ਵੀ ਜਿਗਿਆਸੂਆਂ ਨੂੰ ਗੁਰਬਾਣੀ ਦੀ ਸੰਥਿਆ ਦਿੱਤੀ ਜਾਂਦੀ ਹੈ। ਬੱਚਿਆਂ ਨੂੰ ਕੁਟੀਆ ਵਿਚ ਮੁਫ਼ਤ ਟਿਊਸ਼ਨ ਪੜ੍ਹਾਈ ਜਾਂਦੀ ਹੈ। ਸਲਾਨਾ ਬਰਸੀ ਸਮਾਗਮ ਅੱਸੂ ਦੀ ਪੂਰਨਮਾਸ਼ੀ ਨੂੰ ਹੁੰਦਾ ਹੈ। ਇਸ ਸਮੇਂ ਹੁਣ ਤੱਕ ਨਿਰਮਲ ਕੁਟੀਆ ਖੋਖ ਨਾਲ ਸੰਬੰਧਤ 14 ਮਹਾਂਪੁਰਖ ਹੋਏ ਹਨ, ਜਿਨ੍ਹਾਂ ਨੂੰ ਸਮਰਪਿਤ 14 ਆਖੰਡ ਪਾਠਾਂ ਦੇ ਭੋਗ ਪਾਏ ਜਾਂਦੇ ਹਨ। ਸਾਰਾ ਪਿੰਡ ਗੁਰਮਤਿ ਕਾਰਜਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦਾ ਹੈ।

**ਨਿਰਮਲ ਕੁਟੀਆ, ਕਰਨਾਲ (ਹਰਿਆਣਾ)**

ਨਿੱਜੀ ਸਰਵੇਖਣ ਦੌਰਾਨ ਇਥੋਂ ਦੇ ਮੌਜੂਦਾ ਸੰਤ ਨਿਰਭਿੰਦਰ ਸਿੰਘ 'ਸਰਪੰਚ' ਨਾਲ ਮੁਲਾਕਾਤ ਤੋਂ ਪਤਾ ਲੱਗਾ ਕਿ ਇਸ ਸਥਾਨ ਵੱਲੋਂ ਵੀ ਸਮਾਜ ਦੇ ਕਈ ਖੇਤਰਾਂ ਵਿਚ ਅਹਿਮ ਯੋਗਦਾਨ ਪਾਇਆ ਜਾ ਰਿਹਾ

---

[20] ਸੰਤ ਨਿਰਭਿੰਦਰ ਸਿੰਘ (ਸਰਪੰਚ), *ਅਸਚਰਜ ਵਸਤੁ*, ਪੰਨਾ 212.

ਹੈ। ਜੇਕਰ ਧਾਰਮਿਕ ਪੱਖ ਤੋਂ ਦੇਖਣਾ ਹੋਵੇ ਤਾਂ ਇਸ ਸਥਾਨ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। "ਪਹਿਲਾਂ ਸੰਤ ਨਿੱਕਾ ਸਿੰਘ ਜੀ ਇੱਥੇ ਕਥਾ ਅਤੇ ਗੁਰਮਤਿ ਵਿਚਾਰਾਂ ਕਰਦੇ ਸਨ। ਬਹੁਤ ਸਾਰੀ ਸੰਗਤ ਉਨ੍ਹਾਂ ਦੁਆਰਾ ਗੁਰਮਤਿ ਨਾਲ ਜੁੜੀ ਹੋਈ ਹੈ। ਅੱਜ ਵੀ ਉਸ ਥਾਂ 'ਤੇ ਧਾਰਮਿਕ ਸਮਾਗਮ ਚਲਦੇ ਰਹਿੰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦਾ ਪ੍ਰਵਾਹ ਨਿਰੰਤਰ ਜਾਰੀ ਰਹਿੰਦਾ ਹੈ। ਗੁਰਬਾਣੀ ਦੇ ਜਿਗਿਆਸੂਆਂ ਨੂੰ ਭਾਈ ਸੁਰਜੀਤ ਸਿੰਘ ਜੀ ਸੰਥਿਆ ਦਿੰਦੇ ਹਨ। 24 ਘੰਟੇ ਲੰਗਰ ਚਲਦੇ ਹਨ। ਇੱਥੋਂ ਲੰਗਰ ਸਰਕਾਰੀ ਹਸਪਤਾਲ ਅਤੇ ਆਸ਼ਰਮਾਂ ਵਿਚ ਵੀ ਪਹੁੰਚਾਏ ਜਾਂਦੇ ਹਨ।"[21] ਤਨ ਦੇ ਭੁੱਖੇ ਨੂੰ ਲੰਗਰ ਨਾਲ ਤੇ ਮਨ ਦੇ ਭੁੱਖੇ ਨੂੰ ਗੁਰਬਾਣੀ ਦੇ ਪ੍ਰਵਾਹ ਨਾਲ ਤ੍ਰਿਪਤੀ ਬਖਸ਼ੀ ਜਾਂਦੀ ਹੈ।

**ਨਿਰਮਲ ਕੁਟੀਆ ਸ਼ਾਹਬਾਦ (ਹਰਿਆਣਾ)**

ਇਹ ਸਵ. ਸੰਤ ਦਲੇਲ ਸਿੰਘ ਜੀ ਦਾ ਸਥਾਨ ਹੈ ਜੋ ਵਿਰੱਕਤ ਨਿਰਮਲੇ ਸੰਤ ਸਨ। ਇਨ੍ਹਾਂ ਜੀ ਦਾ ਜਨਮ ਪਿੰਡ ਟੂਟੋਮਾਜਰਾ (ਜਿਲਾ ਹੁਸ਼ਿਆਰਪੁਰ) ਵਿਖੇ 1902 ਈ: ਵਿਚ ਹੋਇਆ। "ਸਵਾਮੀ ਦਲੇਲ ਸਿੰਘ ਜੀ ਕਾਫ਼ੀ ਸਮਾਂ ਪਿੰਡ ਸ਼ੰਕਰ ਸਰੀ, ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ) ਵਿਚ ਰਹੇ। 1947 ਈ. ਵਿਚ ਪਿੰਡ ਪੰਡਵਾਂ, ਜ਼ਿਲ੍ਹਾ ਕਪੂਰਥਲਾ ਵਿਚ ਸਿਮਰਨ ਅਭਿਆਸ ਕਰਦੇ ਰਹੇ। ਉਪਰੰਤ ਕਈ ਪਿੰਡਾਂ, ਸ਼ਹਿਰਾਂ ਵਿਚ ਧਰਮ ਪ੍ਰਚਾਰ ਕਰਦੇ ਸਾਰੇ ਦੇਸ਼ ਦਾ ਭ੍ਰਮਣ ਕਰਨ ਲੱਗੇ।"[22] ਫਿਰ ਸ਼ਾਹਬਾਦ ਮਾਰਕੰਡਾ ਆ ਟਿਕੇ। "ਇੱਥੇ 24 ਘੰਟੇ ਗੁਰਬਾਣੀ ਦੇ ਜਾਪ ਚਲਦੇ ਰਹਿੰਦੇ ਹਨ। ਇਸ ਜਗ੍ਹਾ ਤੇ ਪੈਸਿਆਂ ਦਾ ਮੱਥਾ ਨਹੀਂ ਟਿਕਾਇਆ ਜਾਂਦਾ। ਸੰਤ ਦਲੇਲ ਸਿੰਘ ਜੀ ਵਿਰੱਕਤ ਨਿਰਮਲੇ ਸਾਧੂ ਸਨ। ਕੁਟੀਆ ਵਿਚ ਇਸ ਤਰ੍ਹਾਂ ਦਾ ਇੰਤਜਾਮ ਹੈ ਕਿ ਬੀਬੀਆਂ (ਔਰਤਾਂ) ਕੁਟੀਆ ਵਿਚ ਦਾਖ਼ਲ ਹੋਣ ਤੋਂ ਲੈ ਕੇ ਵਾਪਿਸ ਆਉਣ ਤੱਕ ਮਰਦਾਂ ਦੇ ਮੱਥੇ ਨਹੀਂ ਲਗਦੀਆਂ। ਲੰਗਰ ਆਦਿ ਸਭ ਪ੍ਰਬੰਧ ਅਲੱਗ-ਅਲੱਗ ਹੈ। ਉਨ੍ਹਾਂ ਆਪਣੀ ਸਾਰੀ ਜਿੰਦਗੀ ਗੁਰਮਤਿ ਪ੍ਰਚਾਰ ਕੀਤਾ। ਲੋਕਾਂ ਨੂੰ ਗੁਰਮਤਿ ਨਾਲ ਜੋੜਦੇ ਹੋਏ ਉਹ 1998 ਈ. ਵਿਚ ਸ਼ਾਹਬਾਦ, ਹਰਿਆਣਾ ਵਿਖੇ ਆਪਣੇ ਪ੍ਰਾਣ ਤਿਆਗ ਗਏ। ਹੁਣ ਇਸ ਸਥਾਨ ਦੀ ਦੇਖ਼ਭਾਲ ਉਨ੍ਹਾਂ ਦੇ ਸ਼ਿਸ਼ ਸ੍ਰੀ ਭਗਵਾਨ ਜੀ ਕਰ ਰਹੇ ਹਨ।"[23] ਵੱਖ-ਵੱਖ ਮਨਾਏ ਜਾਂਦੇ ਸਮਾਗਮਾਂ ਸਮੇਂ ਸੰਤ ਜੀ ਦੇ ਰਿਕਾਰਡ ਕੀਤੇ ਪ੍ਰਵਚਨ ਚਲਾਏ ਜਾਂਦੇ ਹਨ। ਦੀਵਾਨ

---

[21] ਸੰਤ ਨਿਰਭਿੰਦਰ ਸਿੰਘ (ਸਰਪੰਚ), ਨਿਰਮਲ ਕੁਟੀਆ ਕਰਨਾਲ, *ਨਿੱਜੀ ਮੁਲਾਕਾਤ*, ਮਿਤੀ 30 ਦਸੰਬਰ 2017 ਵਿਚੋਂ.

[22] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 396.

[23] *ਨਿੱਜੀ ਸਰਵੇਖਣ*, ਨਿਰਮਲ ਕੁਟੀਆ, ਸ਼ਾਹਬਾਦ ਮਾਰਕੰਡਾ (ਹਰਿਆਣਾ), ਮਿਤੀ 30 ਦਸੰਬਰ 2017 ਵਿਚੋਂ.

ਸਜਾ ਕੇ ਲੋਕਾਂ ਨੂੰ ਗੁਰਮਤਿ ਵੱਲ ਪ੍ਰੇਰਿਤ ਕੀਤਾ ਜਾਂਦਾ ਹੈ। ਇਲਾਕੇ ਦੇ ਲੋਕਾਂ ਵਿਚ ਇਸ ਸਥਾਨ ਪ੍ਰਤੀ ਅਥਾਹ ਸ਼ਰਧਾ ਹੈ।

**ਨਿਰਮਲ ਡੇਰਾ ਨਿਰਮਲਕੋਟ 'ਸਾਧਮਾਜਰਾ', ਸਮਾਣਾ (ਪਟਿਆਲਾ)**

ਇਹ ਸਥਾਨ ਸਮਾਣਾ ਤੋਂ ਲਗਭਗ 14 ਕਿ: ਮੀ ਦੀ ਦੂਰੀ 'ਤੇ ਸਥਿਤ ਹੈ। ਪਹਿਲਾਂ ਇਸ ਜਗ੍ਹਾ ਜੰਗਲ ਹੁੰਦਾ ਸੀ। ਇਹ ਪਿੰਡ ਨਿਰਮਲੇ ਸੰਤਾਂ ਨੇ ਵਸਾਇਆ ਸੀ, ਇਸੇ ਕਰਕੇ ਪਿੰਡ ਦਾ ਨਾਮ 'ਨਿਰਮਲਕੋਟ' ਪ੍ਰਚਲਿਤ ਹੈ। ਸੰਤਾਂ ਦਾ ਇਥੇ ਬਹੁਤ ਭ੍ਰਮਣ ਸੀ, ਸਾਧ-ਸੰਤ ਅਕਸਰ ਆਉਂਦੇ-ਜਾਂਦੇ ਰਹਿੰਦੇ ਸਨ ਇਸ ਕਰਕੇ ਇਸ ਨੂੰ 'ਸਾਧਮਾਜਰਾ' ਵੀ ਕਿਹਾ ਜਾਂਦਾ ਹੈ। "ਇਸ ਡੇਰੇ ਵੱਲੋਂ ਜਿੱਥੇ ਹੋਰ ਸਮਾਜਿਕ ਕਾਰਜਾਂ ਵਿਚ ਆਪਣਾ ਯੋਗਦਾਨ ਪਾਇਆ ਜਾ ਰਿਹਾ ਹੈ ਉੱਥੇ ਇਸ ਵੱਲੋਂ ਪਿੰਡ ਵਿਚ ਚਲਦੇ ਅੰਗਰੇਜ਼ੀ ਮਾਧਿਅਮ ਸਕੂਲ ਵਿਚ ਬੱਚਿਆਂ ਨੂੰ ਨਵੀਂ ਵਿਦਿਅਕ ਪ੍ਰਣਾਲੀ ਅਨੁਸਾਰ ਵਿਦਿਆ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਗੁਰਮਤਿ ਸੰਗੀਤ ਅਤੇ ਧਾਰਮਿਕ ਵਿਦਿਆ ਦੇਣ ਦਾ ਪ੍ਰਬੰਧ ਵੀ ਕੀਤਾ ਹੋਇਆ ਹੈ।"[24] ਇਸ ਡੇਰੇ ਅਤੇ ਸਕੂਲ ਦਾ ਸਮੁੱਚਾ ਪ੍ਰਬੰਧ 'ਸ੍ਰੀ ਪੰਚਾਇਤੀ ਅਖਾੜਾ ਨਿਰਮਲਾ, ਕਨਖਲ (ਹਰਿਦੁਆਰ)' ਅਧੀਨ ਹੈ। ਨਿਰਮਲੇ ਸੰਤਾਂ ਦੇ ਕਾਰਜਾਂ ਸਦਕਾ ਇਲਾਕੇ ਵਿਚ ਇਨ੍ਹਾਂ ਦੀ ਬਹੁਤ ਉਸਤਤ ਹੈ।

**ਨਿਰਮਲ ਆਸ਼ਰਮ, ਰਿਸ਼ੀਕੇਸ਼ (ਉਤਰਾਖੰਡ)**

ਨਿਰਮਲ ਆਸ਼ਰਮ ਰਿਸ਼ੀਕੇਸ਼, ਨਿਰਮਲ ਸੰਪ੍ਰਦਾਇ ਵਿਚ ਆਪਣਾ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਸਥਾਨ ਦੀਆਂ ਸਮਾਜਿਕ ਸੇਵਾਵਾਂ ਸਭ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਸਥਾਨ ਦੀ ਸਥਾਪਨਾ ਮਹੰਤ ਬਾਬਾ ਬੁੱਢਾ ਸਿੰਘ ਜੀ ਨੇ 1900 ਈ. ਵਿਚ ਕਰਵਾਈ। ਇਹ ਲੰਮਾ ਸਮਾਂ ਰੰਮਤ ਅਖਾੜੇ ਦੇ ਮੁਖੀਏ ਵਜੋਂ ਭ੍ਰਮਣ ਕਰਦੇ ਹੋਏ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕਰਦੇ ਰਹੇ। ਇਨ੍ਹਾਂ ਵੱਲੋਂ ਸ਼ੁਰੂ ਕੀਤੇ ਇਸ ਆਸ਼ਰਮ ਵਿਚ ਸਮਾਜ ਸੇਵਾ ਦੇ ਕਾਰਜਾਂ ਨੂੰ ਇਨ੍ਹਾਂ ਤੋਂ ਬਾਅਦ ਦੇ ਪ੍ਰਬੰਧਕ ਸੰਤਾਂ-ਮਹੰਤਾਂ ਨੇ ਲਗਾਤਾਰ ਜਾਰੀ ਰੱਖਿਆ ਹੋਇਆ ਹੈ। ਇਨ੍ਹਾਂ ਦੇ ਉਤਰਾਧਿਕਾਰੀਆਂ ਵਿਚੋਂ ਮਹੰਤ ਆਤਮਾ ਸਿੰਘ ਜੀ "1966 ਈ. ਵਿਚ ਆਪਣੇ ਪੂਜਨੀਕ ਬ੍ਰਹਮਲੀਨ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਦੀ ਪਵਿੱਤਰ ਯਾਦ ਵਿਚ ਸੋਨੇ-ਚਾਂਦੀ ਦੇ ਪੱਤਰੇ ਦੀ ਇੱਕ ਸੁੰਦਰ ਪਾਲਕੀ ਬਣਵਾ ਕੇ ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ ਨੂੰ ਸ਼ਰਧਾ ਸਹਿਤ

---

[24] ਮਹੰਤ ਜਸਬੀਰ ਸਿੰਘ, ਨਿਰਮਲ ਡੇਰਾ, ਨਿਰਮਲ ਕੋਟ (ਸਾਧਮਾਜਰਾ), *ਨਿੱਜੀ ਮੁਲਾਕਾਤ ਅਤੇ ਸਰਵੇਖਣ*, ਮਿਤੀ 5 ਜਨਵਰੀ 2018 ਵਿਚੋਂ.

ਭੇਟ ਕੀਤੀ। ਸੰਨ 1971 ਈ. ਵਿਚ ਨਿਰਮਲ ਪੰਚਾਇਤੀ ਅਖਾੜੇ ਦੇ ਨਾਮ 32001/- (ਬੱਤੀ ਹਜ਼ਾਰ ਇੱਕ) ਬੈਂਕ ਵਿਚ ਜਮ੍ਹਾਂ ਕਰਵਾਏ ਤਾਂ ਜੋ ਉਸਦੇ ਮਾਸਿਕ ਵਿਆਜ ਨਾਲ ਪੂਜਯ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਦੇ ਨਮਿੱਤ ਹਰ ਮਹੀਨੇ ਇੱਕ ਸਹਿਜ ਪਾਠ ਅਤੇ ਹਰ ਰੋਜ਼ ਕੜਾਹ ਪ੍ਰਸ਼ਾਦ ਦੀ ਅਰਦਾਸ ਅਖਾੜੇ ਵਿਚ ਹੁੰਦੀ ਰਹੇ।"[25] ਮੌਜੂਦਾ ਮਹੰਤ ਰਾਮ ਸਿੰਘ ਜੀ ਦੇ ਅਸ਼ੀਰਵਾਦ ਨਾਲ ਇਸ ਨਿਰਮਲੇ ਸਥਾਨ ਦੀਆਂ ਰੋਜ਼ਾਨਾ ਗਤੀਵਿਧੀਆਂ ਦੀ ਅਰੰਭਤਾ ਸਵੇਰੇ 4 ਵਜੇ ਗੁਰਬਾਣੀ ਪਾਠ ਨਾਲ ਹੁੰਦੀ ਹੈ ਅਤੇ ਦੇਰ-ਰਾਤ ਤੱਕ ਇਹ ਪ੍ਰਕਿਰਿਆ ਚਲਦੀ ਰਹਿੰਦੀ ਹੈ। ਸਾਲ ਭਰ ਵੱਖ-ਵੱਖ ਸਮੇਂ ਧਾਰਮਿਕ ਸਮਾਗਮ ਅਯੋਜਿਤ ਕੀਤੇ ਜਾਂਦੇ ਹਨ।

ਨਿਰਮਲ ਆਸ਼ਰਮ ਰਿਸ਼ੀਕੇਸ਼ ਵੱਲੋਂ ਸੰਚਾਲਿਤ ਆਪਣੇ ਸਥਾਨਾਂ ਵਿਚ ਧਾਰਮਿਕ ਵਿਦਿਆ ਦੇਣ ਦਾ ਪ੍ਰਬੰਧ ਪਹਿਲਾਂ ਤੋਂ ਹੀ ਰਿਹਾ ਹੈ। ਇਨ੍ਹਾਂ ਦੇ ਸਥਾਨਾਂ ਵਿਚਲੇ ਸੰਤਾਂ ਤੋਂ ਗੁਰਮਤਿ ਵਿਦਿਆ ਗ੍ਰਹਿਣ ਕਰਕੇ ਸੰਤ ਮਸਕੀਨ ਜੀ ਵਰਗੇ ਮਹਾਨ ਵਿਦਵਾਨ ਪੈਦਾ ਹੋਏ ਹਨ। ਧਾਰਮਿਕ ਸਾਹਿਤ ਦੀ ਪ੍ਰਕਾਸ਼ਨਾ ਕਰਵਾਕੇ ਜਿਗਿਆਸੂਆਂ ਨੂੰ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਆਸ਼ਰਮ ਅਧੀਨ ਚਲਦੇ ਵਿਦਿਆ ਸਥਾਨਾਂ ਵਿਚ ਬਾਕੀ ਪੜ੍ਹਾਈ ਦੇ ਨਾਲ-ਨਾਲ ਸੰਗੀਤ, ਗੁਰਬਾਣੀ-ਪਾਠ ਅਤੇ ਕੀਰਤਨ ਸਿਖਾਉਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਭਾਵੇਂ ਇਨ੍ਹਾਂ ਅਦਾਰਿਆਂ ਵਿਚ ਪਹਾੜੀ ਲੋਕਾਂ ਦੇ ਬੱਚੇ ਹੁੰਦੇ ਹਨ ਪਰ ਫਿਰ ਵੀ ਕਿਸੇ ਦੂਜੇ ਮਤ ਵਿਚ ਗੁਰਮਤਿ ਦੀ ਚਿਣਗ ਲਾਉਣਾ ਆਪਣੇ-ਆਪ ਵਿਚ ਵਿਸ਼ੇਸ਼ ਮਹੱਤਤਾ ਰਖਦਾ ਹੈ।

ਨਿਰਮਲ ਸੰਪ੍ਰਦਾਇ ਨੇ ਜਿੱਥੇ ਆਪਣੇ ਡੇਰਿਆਂ ਦੁਆਰਾ ਪੁਰਾਤਨ ਵਿਦਿਆ ਪ੍ਰਣਾਲੀ ਦੁਆਰਾ ਵਿਦਿਆ ਦਾਨ ਦਿੱਤਾ, ਉਥੇ ਸਮੇਂ ਦੀ ਲੋੜ ਅਨੁਸਾਰ ਆਧੁਨਿਕ ਵਿਦਿਅਕ ਪ੍ਰਣਾਲੀ ਅਪਣਾ ਕੇ ਵੀ ਅੱਖਰ ਗਿਆਨ ਦੇਣ ਦਾ ਉਪਰਾਲਾ ਕੀਤਾ ਹੈ। ਨਿਰਮਲੇ ਸੰਤ ਆਪਣੇ ਸਥਾਨਾਂ ਵਿਚੋਂ ਵਿਦਿਆ ਦਾਨ ਦੇ ਕੇ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕਰ ਰਹੇ ਹਨ।

ਉਕਤ ਕੁੱਝ ਸਥਾਨਾਂ ਬਾਰੇ ਕੀਤੀ ਚਰਚਾ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਮੂਲ ਉਦੇਸ਼ ਅਨੁਸਾਰ ਨਿਰਮਲੇ ਸੰਤਾਂ ਦਾ ਸ਼ੁਰੂ ਤੋਂ ਹੀ ਆਪਣੇ ਸੰਚਾਲਿਤ ਸਥਾਨਾਂ ਵਿਚੋਂ ਵਿਦਿਆ ਅਤੇ ਖ਼ਾਸਕਰ ਧਰਮ ਵਿਦਿਆ ਦੇਣ ਦਾ ਰੁਝਾਨ ਰਿਹਾ ਹੈ। ਅਸੀਂ ਦੇਖ ਸਕਦੇ ਹਾਂ ਨਿਰਮਲੇ ਸੰਤਾਂ ਦੇ ਇਹ ਸਥਾਨ ਗਿਆਨ ਦੇ ਸੋਮੇ ਹੀ ਨਹੀਂ, ਗੁਰਮਤਿ ਦੀਆਂ ਟਕਸਾਲਾਂ ਵੀ ਸਨ। ਜਿਨ੍ਹਾਂ ਨੇ ਲੋਕਾਈ ਨੂੰ ਤਾਂ ਸਿੱਖਿਅਤ ਕੀਤਾ ਹੀ, ਨਾਲ ਹੀ

[25] ਗੁਰਮੀਤ ਸਿੰਘ, *ਨਿਰਮਲ ਸੰਪ੍ਰਦਾਇ*, ਪੰਨਾ 73.

ਸਮਾਜ ਨੂੰ ਉੱਚ ਬੌਧਿਕ ਪੱਧਰ ਦੇ ਵਿਦਵਾਨ ਵੀ ਦਿੱਤੇ ਹਨ। ਇਹ ਵਿਦਵਾਨਾਂ ਨੇ ਅੱਗੇ ਆਪਣੇ ਸਥਾਨ ਬਣਾ ਕੇ ਵਿਦਿਆ ਅਤੇ ਗੁਰਮਤਿ ਦਾ ਵਡਮੁੱਲਾ ਪ੍ਰਚਾਰ-ਪ੍ਰਸਾਰ ਕੀਤਾ। ਧਾਰਮਿਕ ਅਤੇ ਦਾਰਸ਼ਨਿਕ ਖੇਤਰ ਵਿਚ ਨਿਰਮਲੇ ਸੰਤਾਂ ਦਾ ਇਹ ਯੋਗਦਾਨ ਪ੍ਰਸੰਸਾਯੋਗ ਹੈ। ਇਹ ਹੀ ਉਦੇਸ਼ ਗੁਰੂ ਸਾਹਿਬ ਦਾ ਸੀ ਜਿਸ ਦੀ ਪੂਰਤੀ ਵਜੋਂ ਨਿਰਮਲੇ ਸੰਤਾਂ ਨੇ ਇਸ ਨੂੰ ਆਪਣੇ ਜੀਵਨ ਮਨੋਰਥ ਵਜੋਂ ਅਪਣਾਇਆ ਹੋਇਆ ਹੈ।

**2. ਰੰਮਤ (ਰਮਤ) ਦੀਆਂ ਯਾਤਰਾਵਾਂ ਦੁਆਰਾ**

ਰੰਮਤ ਦਲਾਂ ਦਾ ਸਿਰਜਣ ਉਦੇਸ਼ (ਮਨੋਰਥ) ਇਹ ਸੀ ਕਿ ਜੋ ਲੋਕ ਸਿੱਧੇ ਰੂਪ ਵਿਚ ਨਿਰਮਲੇ ਸੰਤਾਂ ਦੇ ਸੰਪਰਕ ਵਿਚ ਨਹੀਂ ਆ ਸਕਦੇ ਸਨ, ਆਪ ਉਨ੍ਹਾਂ ਤੱਕ ਜਾ ਕੇ ਉਨ੍ਹਾਂ ਨੂੰ ਬਾਣੀ ਅਤੇ ਬਾਣੇ ਦੀ ਚਿਣਗ ਲਗਾਈ ਜਾ ਸਕੇ। ਇਹ ਰੰਮਤ ਦਲ ਦੋ ਤਰ੍ਹਾਂ ਦੇ ਸਨ; ਪ੍ਰਚਾਰਕ ਮੰਡਲੀਆਂ ਅਤੇ ਰੰਮਤ ਅਖਾੜੇ ਦੁਆਰਾ।

**ਪ੍ਰਚਾਰਕ ਮੰਡਲੀਆਂ**

'ਸ੍ਰੀ ਪੰਚਾਇਤੀ ਅਖਾੜਾ ਨਿਰਮਲਾ' ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਨਿਰਮਲ ਸੰਪ੍ਰਦਾਇ ਦੇ ਸੰਤਾਂ ਦੀ ਕੋਈ ਇਕ ਸਮੂਹਿਕ ਵਿਧੀਵਤ ਸੰਸਥਾ ਨਹੀਂ ਸੀ। ਜਿਸ ਕਾਰਨ ਉਹ ਗੁਰੂ ਸਾਹਿਬ ਦੇ ਆਦੇਸ਼ ਅਤੇ ਉਦੇਸ਼ ਦੀ ਪਾਲਣਾ ਕਰਦੇ ਹੋਏ ਗੁਰਮਤਿ ਤੇ ਵਿਦਿਆ ਦੇ ਪ੍ਰਚਾਰ-ਪ੍ਰਸਾਰ ਲਈ ਇਕੱਲੇ-ਦੁਕੱਲੇ ਜਾਂ ਫਿਰ ਕੁੱਝ ਸੰਤ ਇਕੱਠੇ ਹੋ ਕੇ ਪ੍ਰਚਾਰਕ ਮੰਡਲੀਆਂ ਦੇ ਰੂਪ ਵਿਚ ਥਾਂ-ਥਾਂ ਵਿਚਰਦੇ ਰਹੇ। ਇਹ ਸੰਤ ਮੰਡਲੀਆਂ ਅਖਾੜੇ ਦੇ ਵਿਧੀਵਤ ਹੋਂਦ ਵਿਚ ਆਉਣ ਤੱਕ ਧਰਮ ਪ੍ਰਚਾਰ ਕਰਦੀਆਂ ਰਹੀਆਂ। ਭਾਵੇਂ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਦੇ ਸੰਸਥਾਗਤ ਰੂਪ ਵਿਚ ਸਥਾਪਿਤ ਹੋਣ ਉਪਰੰਤ ਕੁੱਝ ਨਿਰਮਲੇ ਸੰਤਾਂ ਦੀਆਂ ਮੰਡਲੀਆਂ ਨੂੰ ਵਿਧੀਵਤ 'ਰੰਮਤ ਪੰਚਾਇਤੀ ਅਖਾੜਾ ਨਿਰਮਲਾ' ਦਾ ਰੂਪ ਦੇ ਦਿੱਤਾ ਗਿਆ ਪ੍ਰੰਤੂ ਕੁੱਝ ਰਮਤੇ ਸਾਧੂਆਂ ਦੀਆਂ ਮੰਡਲੀਆਂ ਆਪਣੇ ਪੱਧਰ 'ਤੇ ਵੀ ਧਰਮ ਪ੍ਰਚਾਰ-ਪ੍ਰਸਾਰ ਵਿਚ ਰੁਚਿਤ ਰਹੀਆਂ।

**ਰੰਮਤ ਅਖਾੜਾ (ਰਮਤੇ ਦਲ)**

ਇਹ ਨਿਰਮਲੇ ਸੰਤਾਂ ਦੇ ਥਾਂ-ਥਾਂ ਘੁੰਮ ਕੇ ਧਰਮ ਪ੍ਰਚਾਰ ਕਰਨ ਵਾਲੇ ਵਿਦਵਾਨ ਸੰਤ ਸਮੂਹ ਨੂੰ ਕਿਹਾ ਗਿਆ ਹੈ। ਇਹ ਪ੍ਰਚਾਰਕ ਮੰਡਲੀਆਂ ਦਾ ਵਿਧੀਵਤ ਸਥਾਪਿਤ ਰੂਪ ਹੈ ਜੋ ਪ੍ਰਮੁੱਖ ਅਖਾੜੇ ਦੀ ਸਥਾਪਨਾ ਉਪਰੰਤ "ਰੰਮਤ ਪੰਚਾਇਤੀ ਅਖਾੜਾ ਨਿਰਮਲਾ' ਦੇ ਨਾਮ ਨਾਲ ਜਾਣਿਆ ਗਿਆ। ਭਾਵੇਂ ਨਿਰਮਲੇ

ਸੰਤ ਅਖਾੜੇ ਦੀ ਸਥਾਪਨਾ ਉਪਰੰਤ 'ਰੰਮਤ ਅਖਾੜੇ' ਦੁਆਰਾ ਧਰਮ ਪ੍ਰਚਾਰ-ਪ੍ਰਸਾਰ ਦੀ ਸੇਵਾ ਨਿਭਾਉਂਦੇ ਰਹੇ ਹਨ। ਫਿਰ ਵੀ ਉਪ-ਸੰਪ੍ਰਦਾਵਾਂ ਅਧੀਨ ਸੰਤ-ਮਹੰਤ ਕਿਸੇ ਵੱਲੋਂ ਵਿਸ਼ੇਸ ਸੱਦੇ 'ਤੇ ਜਾ ਭ੍ਰਮਣ ਕਰਦੇ ਹੋਏ ਮੰਡਲੀਆਂ ਦੇ ਰੂਪ ਵਿਚ ਵੀ ਧਰਮ ਪ੍ਰਚਾਰ ਕਰਦੇ ਰਹੇ ਹਨ। ਇਨ੍ਹਾਂ ਭ੍ਰਮਣ ਕਰਨ ਵਾਲੇ ਸੰਤਾਂ ਨੂੰ ਵੀ 'ਰਮਤੇ ਸੰਤ' ਕਿਹਾ ਗਿਆ ਹੈ।

ਅਖਾੜੇ ਦੇ ਹੋਂਦ ਵਿਚ ਆਉਣ ਸਮੇਂ ਤੱਕ ਨਿਰਮਲਿਆਂ ਦੀ ਪ੍ਰਚਾਰ ਵਿਧੀ ਦੋ ਤਰ੍ਹਾਂ ਦੀ ਸੀ। ਇਕ ਪ੍ਰਚਾਰ ਮੰਡਲੀਆਂ ਦੁਆਰਾ ਤੇ ਦੂਜਾ ਆਪਣੇ ਸਥਾਨਾਂ ਦੁਆਰਾ। ਰੰਮਤ ਅਖਾੜੇ ਦੇ ਹੋਂਦ ਵਿਚ ਆਉਣ ਉਪਰੰਤ ਨਿਰਮਲੇ ਸੰਤਾਂ ਦੀ ਪ੍ਰਚਾਰ ਵਿਧੀ ਤਿੰਨ ਤਰ੍ਹਾਂ ਦੀ ਹੋ ਗਈ; ਪ੍ਰਚਾਰ ਮੰਡਲੀਆਂ, ਨਿਰਮਲੇ ਸਥਾਨ ਅਤੇ ਰੰਮਤ ਅਖਾੜੇ ਦੁਆਰਾ।

ਪ੍ਰਚਾਰ ਮੰਡਲੀਆਂ ਅਤੇ ਰੰਮਤ ਦੋਵਾਂ ਦੀ ਕਾਰਜਸ਼ੈਲੀ ਭਾਵੇਂ ਇਕੋ ਸੀ ਪਰ ਫ਼ਰਕ ਸਿਰਫ਼ ਇੰਨਾ ਸੀ ਕਿ ਰੰਮਤ ਅਖਾੜਾ ਸਿੱਧੇ ਤੌਰ 'ਤੇ 'ਸ੍ਰੀ ਨਿਰਮਲਾ ਪੰਚਾਇਤੀ ਅਖਾੜਾ ਨਿਰਮਲਾ' ਨੂੰ ਜਵਾਬਦੇਹ ਸੀ ਅਤੇ ਪ੍ਰਚਾਰ ਮੰਡਲੀਆਂ ਆਪਣੇ-ਆਪਣੇ ਮੰਡਲੇਸ਼ਵਰ ਨੂੰ। ਰੰਮਤ ਵਿਚ ਵੱਖ-ਵੱਖ ਵੰਨਗੀਆਂ (ਕਥਾਕਾਰ, ਕੀਰਤਨੀਏ, ਗਿਆਨੀ ਆਦਿ) ਦੇ ਮਾਹਰ ਵਿਦਵਾਨਾਂ ਦਾ ਜਥਾ ਹੁੰਦਾ ਸੀ ਅਤੇ ਮੰਡਲੀ ਵਿਚ ਇਹ ਵਿਦਵਾਨ ਸੀਮਿਤ ਵੀ ਹੋ ਸਕਦੇ ਸਨ। ਪ੍ਰਚਾਰ ਸਮੱਗਰੀ ਤੇ ਸਥਾਨ ਦੀ ਚੋਣ ਇਨ੍ਹਾਂ ਦੋਵਾਂ ਦੇ ਮੁਖੀਏ ਹੀ ਕਰਦੇ ਸਨ ਅਤੇ ਦੋਵਾਂ ਦਾ ਮਨੋਰਥ ਵੀ ਲੋਕਾਂ ਨੂੰ ਵਿਦਿਆ ਅਤੇ ਗੁਰੂ ਨਾਲ ਜੋੜਨਾ ਸੀ। ਕਾਫ਼ੀ ਲੰਮਾ ਸਮਾ ਧਰਮ ਪ੍ਰਚਾਰ ਕਰਨ ਉਪਰੰਤ ਵੀਹਵੀਂ ਸਦੀ ਦੇ ਅੰਤ 'ਤੇ ਇਨ੍ਹਾਂ ਪ੍ਰਚਾਰ ਮੰਡਲੀਆਂ ਅਤੇ ਰਮਤੇ ਦਲਾਂ ਨੇ ਇਸ ਪ੍ਰਚਾਰ ਵਿਧੀ ਨੂੰ ਵਿਰਾਮ ਦੇ ਦਿੱਤਾ ਹੈ। ਇਤਿਹਾਸ ਵਿਚ ਦਰਜ ਇਨ੍ਹਾਂ ਦੇ ਅਰੰਭ ਤੋਂ ਅੰਤ (ਵਿਰਾਮ) ਤੱਕ ਦੇ ਧਾਰਮਿਕ ਕਾਰਜਾਂ ਦੀ ਚਰਚਾ ਕਰਾਂਗੇ।

**ਮੰਡਲੀਆਂ ਦੁਆਰਾ ਪ੍ਰਚਾਰ- ਪ੍ਰਸਾਰ**

ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਸਭ ਤੋਂ ਪਹਿਲਾਂ ਗੁਰਮਤਿ ਪ੍ਰਚਾਰ ਲਈ ਮੰਡਲੀਆਂ ਦੇ ਰੂਪ ਵਿਚ ਵਿਚਰਨਾ ਅਰੰਭ ਕੀਤਾ। ਇਹ ਵਿਦਿਆ ਪੜ੍ਹਨ ਅਤੇ ਪੜ੍ਹਾਉਣ ਵਾਲੇ ਅਨੁਭਵੀ, ਸੰਤ, ਤਿਆਗੀ, ਤਪੱਸਵੀ, ਪਵਿਤਰ ਆਤਮਾਵਾਂ, ਵਿਦਵਾਨ ਸੰਤਾਂ ਦੀਆਂ ਮੰਡਲੀਆਂ ਸਨ। ਇਨ੍ਹਾਂ ਸੰਤਾਂ-ਪੁਰਸ਼ਾਂ ਦਾ ਜੀਵਨ ਬਹੁਤ ਪ੍ਰਚਾਰ ਵਾਲਾ ਸੀ। ਸੰਗਤਾਂ ਉਨ੍ਹਾਂ ਦੇ ਪਵਿਤਰ ਜੀਵਨ ਤੋਂ ਹੀ ਪ੍ਰਭਾਵਿਤ ਹੋ ਕੇ ਗੁਰਸਿੱਖੀ ਧਾਰਨ ਕਰ

ਲੈਂਦੀਆਂ ਸਨ। ਇਹ ਹਮੇਸ਼ਾ ਸਾਦਾ ਜੀਵਨ ਹੀ ਬਤੀਤ ਕਰਦੇ ਸਨ। ਇਹ ਤਿਆਗ ਦੁਆਰਾ ਹੀ ਸਾਧਨਾ ਸਾਧਦੇ ਸਨ। ਇਨ੍ਹਾਂ ਦੇ ਪ੍ਰਚਾਰ ਨਾਲ ਕਈ ਰਾਜੇ-ਮਹਾਰਾਜੇ ਵੀ ਗੁਰੂ ਘਰ ਦੇ ਸ਼ਰਧਾਲੂ ਬਣ ਜਾਂਦੇ ਸਨ। ਇਹ ਪ੍ਰਚਾਰਕ ਮੰਡਲੀਆਂ ਪਿੰਡ-ਪਿੰਡ, ਨਗਰ-ਨਗਰ ਜਾ ਕੇ ਸੰਗਤਾਂ ਨੂੰ ਅੰਮ੍ਰਿਤ ਛਕਾ ਕੇ ਗੁਰਸਿੱਖੀ ਸਿਧਾਂਤਾਂ, ਰਹਿਤ-ਮਰਯਾਦਾ ਅਤੇ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕਰਦੀਆਂ ਸਨ।

ਨਿਰਮਲੇ ਸੰਤ ਵਿਰੱਕਤ ਪ੍ਰਵਿਰਤੀ ਦੇ ਮਾਲਕ ਸਨ ਜੋ ਗੁਰਉਪਦੇਸ਼ ਪ੍ਰਚਾਰਨ ਲਈ ਥਾਂ-ਥਾਂ ਭ੍ਰਮਣ ਕਰਦੇ ਮੰਡਲੀਆਂ ਦੇ ਰੂਪ ਵਿਚ ਵਿਚਰਦੇ ਸਨ। ਇਹ ਮੰਡਲੀ "ਪੜ੍ਹਨ ਵਾਲੇ ਸੰਤਾਂ ਅਤੇ ਤਿਆਗੀ ਤਪੱਸਵੀ ਆਤਮਾਵਾਂ ਦਾ ਇਕ ਚਲਦਾ ਫਿਰਦਾ ਜੱਥਾ ਸੀ। ਇਹ ਸੰਤ ਮੰਡਲੀਆਂ ਜਿੱਥੇ ਵੀ ਜਾਂਦੀਆਂ, ਉਥੇ ਕਥਾ ਕੀਰਤਨ ਦੁਆਰਾ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਦਾ ਪ੍ਰਚਾਰ ਕਰਦੀਆਂ। ਵਿਦਵਾਨਾਂ ਦੀ ਰਹਿਣੀ, ਕਹਿਣੀ, ਸਹਿਣੀ ਤੇ ਤਿਆਗੀ ਜੀਵਨ ਨੂੰ ਦੇਖ ਲੋਗ ਮੁਗਧ ਹੋ ਜਾਂਦੇ। ਬਿਨਾਂ ਕਿਸੇ ਸੁਆਰਥ ਦੇ ਭਾਵ ਤੋਂ ਇਹ ਮੰਡਲੀਆਂ ਭਾਰਤ ਦੇ ਇਕ ਕੋਨੇ ਤੋਂ ਲੈ ਕੇ ਦੂਜੇ ਕੋਨੇ ਤੱਕ ਪੈਦਲ ਯਾਤ੍ਰਾ ਕਰਦੀਆਂ ਹੋਈਆਂ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਦੇ ਲੋਗਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਦਾ ਉਪਦੇਸ਼ ਦਿੰਦੀਆਂ ਹੋਈਆਂ ਆਪਣਾ ਸਾਰਾ ਜੀਵਨ ਬਤੀਤ ਕਰ ਦਿੰਦੀਆਂ ਸਨ।"[26] ਇਨ੍ਹਾਂ ਮੰਡਲੀਆਂ ਦੇ ਮੁਖੀ ਵਿਦਵਾਨ ਸੰਤ ਮਹਾਂਪੁਰਖ ਹੁੰਦੇ ਸਨ ਜੋ ਮੰਡਲੀ ਵਿਚਲੇ ਸੰਤ ਵਿਦਿਆਰਥੀਆਂ ਨੂੰ ਵਿਦਿਆ ਵੀ ਦਿੰਦੇ ਅਤੇ ਸੰਤਾਂ-ਮਹੰਤਾਂ ਦੇ ਨਿਰਬਾਹ ਦਾ ਸਾਰਾ ਖਰਚਾ ਆਪ ਕਰਦੇ ਸਨ। ਇਸ ਸੰਤ ਨੂੰ ਮੰਡਲੇਸ੍ਵਰ ਜਾਂ ਮਹਾਂ-ਮੰਡਲੇਸ੍ਵਰ ਕਹਿੰਦੇ ਸਨ।

ਇਨ੍ਹਾਂ ਮੰਡਲੀਆਂ ਵਿਚ ਮੰਡਲੇਸ੍ਵਰ ਦੀ ਸੇਵਾ ਨਿਭਾਉਣ ਵਾਲੇ ਬਹੁਤ ਉੱਚ ਜੀਵਨ ਵਾਲੇ ਨਿਰਮਲੇ ਸੰਤ ਹੋਏ ਹਨ। ਇਤਿਹਾਸਕ ਲਿਖਤਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਨਿਰਮਲ ਸੰਪ੍ਰਦਾਇ ਦੇ ਪਹਿਲੇ ਸ੍ਰੀ ਮਹੰਤ ਬਾਬਾ ਮਹਿਤਾਬ ਸਿੰਘ ਜੀ ਵੀ ਅਖਾੜੇ ਦੀ ਸਥਾਪਨਾ ਤੋਂ ਪਹਿਲਾਂ ਮੰਡਲੀ ਫੇਰਦੇ ਰਹੇ ਹਨ। ਇਸ ਸੰਪ੍ਰਦਾਇ ਦੇ ਸੰਤਾਂ ਵਿਚੋਂ "ਸ੍ਰੀ ਮਾਨ 108 ਸੰਤ ਬਾਬਾ ਸ਼ਮੀਰ ਸਿੰਘ ਜੀ ਬਲੌਂਗੀ ਵਾਲੇ ਮਸ਼ਹੂਰ ਹੋਏ ਹਨ ਜੋ 125 ਵਰਸ਼ ਦੀ ਉਮਰ ਤੱਕ ਮੰਡਲੀ ਦੁਆਰਾ ਸਭ ਜਗ੍ਹਾ ਪਹੁੰਚ ਕੇ ਗੁਰਮਤ ਦਾ ਪ੍ਰਚਾਰ ਕਰਦੇ ਰਹੇ। ਅੰਤ ਸਮੇਂ ਹਰਿਦੁਆਰ ਕੁੰਭ 'ਸ਼ਨਾਨ ਵਾਸਤੇ ਪੈਦਲ ਮੰਡਲੀਆਂ ਸਮੇਤ ਜਾਂਦੇ ਹੋਏ ਆਪ ਸਹਾਰਨਪੁਰ

---

[26] ਗੁਰਦੀਪ ਸਿੰਘ ਕੇਸਰੀ, ਗੁਰੂ ਨਾਨਕ ਦਰਸ਼ਨ ਤੇ ਸਿੱਖ ਧਰਮ ਨੂੰ ਬਹੁਪੱਖੀ ਦੇਣ, ਪ੍ਰੀਤਮ ਸਿੰਘ (ਸੰਪਾ.) *ਨਿਰਮਲ ਸੰਪ੍ਰਦਾਇ*, ਪੰਨਾ 121.

ਪੁਜ ਕੇ ਬੈਠ ਗਏ ਅਤੇ ਪ੍ਰਾਣ ਤਿਆਗ ਗਏ।"[27] ਇਹ ਸੰਮਤ 1960 (1903 ਈ.) ਦੀ ਗੱਲ ਹੈ। ਸੰਤ ਸ਼ਮੀਰ ਸਿੰਘ ਜੀ ਨੇ ਗੁਰਮਤਿ ਪ੍ਰਚਾਰ ਵਿਚ ਵਡਮੁੱਲਾ ਯੋਗਦਾਨ ਦਿੱਤਾ।

ਬਾਬਾ ਸ਼ਮੀਰ ਸਿੰਘ ਜੀ ਦੇ ਸ਼ਿਸ਼ ਪੰ. ਕਾਲਾ ਸਿੰਘ ਜੀ ਵੀ ਮੰਡਲੀ ਫੇਰਦੇ ਰਹੇ ਹਨ ਜੋ ਮੰਡਲੀ ਫੇਰਦੇ ਹੋਏ "ਹਰਿਦ੍ਵਾਰ ਤੋਂ ਲੈ ਕੇ ਜੰਮੂ ਕਸ਼ਮੀਰ, ਪਛੌਰ, ਲਾਹੌਰ ਤੇ ਅੰਮ੍ਰਿਤਸਰ ਹੁੰਦੇ ਹੋਏ ਗੁਜਰਾਤ, ਦ੍ਵਾਰਕਾ, ਕਾਠੀਆਵਾੜ, ਕਛ, ਜੂਨਾਗੜ੍ਹ, ਸੋਮਨਾਥ, ਸੂਰਤ, ਬੰਬਈ, ਸ੍ਰੀ ਹਜ਼ੂਰ ਸਾਹਿਬ, ਰਾਮੇਸ੍ਵਰ, ਉੜੀਸਾ, ਜਗਨ ਨਾਥ ਪੁਰੀ ਦੀ ਯਾਤ੍ਰਾ ਮੰਡਲੀ ਸਮੇਤ ਕਰਦੇ ਹੋਏ ਕਾਸ਼ੀ, ਪ੍ਰਯਾਗ, ਅਯੁਧਿਆ ਹੁੰਦੇ ਹੋਏ ਹਰਿਦ੍ਵਾਰ ਵਾਪਸ ਆ ਪੁੱਜੇ। ਮੰਡਲੀਆਂ ਨੂੰ ਸਾਥ ਲੈ ਕੇ ਪੈਦਲ ਯਾਤ੍ਰਾ ਕਰਨਾ ਤੇ ਕੇਵਲ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਦਾ ਪ੍ਰਚਾਰ ਕਰਨਾ ਹੀ ਆਪ ਦਾ ਉਦੇਸ਼ ਸੀ।"[28] ਇਨ੍ਹਾਂ ਤੋਂ ਬਾਅਦ ਇਨ੍ਹਾਂ ਦੇ ਸ਼ਿਸ ਸ੍ਰੀ ਮਾਨ ਪੰਡਿਤ ਗੁਰਬਖਸ਼ ਸਿੰਘ ਜੀ, ਨਾਗੋਕੇ ਮੰਡਲੀ ਫੇਰਦੇ ਰਹੇ ਹਨ।

**1910 ਈ. ਤੋਂ 2010 ਈ. ਤੱਕ ਮੰਡਲੀਆਂ ਦੁਆਰਾ**

ਬਾਬਾ ਸ਼ਮੀਰ ਸਿੰਘ ਜੀ ਬਲੌਂਗੀ ਵਾਲਿਆਂ ਦਾ 1903 ਈ. ਵਿਚ ਅਕਾਲ ਚਲਾਣਾ ਕਰ ਜਾਂਦੇ ਹਨ, ਉਪਰੰਤ ਉਕਤ ਅਨੁਸਾਰ ਉਨ੍ਹਾਂ ਦੀ ਸਿਸ਼ ਲੜੀ ਵਿਚਲੇ ਸੰਤ ਮੰਡਲੀ ਫੇਰਨ ਦੀ ਸੇਵਾ ਨਿਭਾਉਂਦੇ ਹਨ। ਇਹ ਸਭ 1910 ਈ. ਤੋਂ ਬਾਅਦ ਦੇ ਸੰਤ-ਮਹੰਤ ਹਨ ਜੋ ਮੰਡਲੀ ਫੇਰਦੇ ਰਹੇ। ਨਿਰਮਲ ਸੰਪ੍ਰਦਾਇ ਦੀਆਂ ਵੱਖ-ਵੱਖ ਉਪ ਸੰਪ੍ਰਦਾਵਾਂ ਦੇ ਸੰਤਾਂ ਨੇ ਮੰਡਲੀ ਦੁਆਰਾ ਪ੍ਰਚਾਰ ਵਿਧੀ ਨੂੰ ਅਪਣਾਇਆ ਹੋਇਆ ਸੀ।

ਇਸੇ ਤਰ੍ਹਾਂ ਗੁਰਦੀਪ ਸਿੰਘ ਕੇਸਰੀ (ਮਾਰਚ 1976 ਈ. ਵਿਚ ਹੋਏ ਸੈਮੀਨਾਰ ਸਮੇਂ) ਅਨੁਸਾਰ "ਮੰਡਲੇਸ਼੍ਵਰ ਸੰਤ ਕਰਤਾਰ ਸਿੰਘ ਜੀ ਮਹਿਤਾ ਭਿੰਡਰਾਂ ਵਾਲੇ ਅਤੇ ਪ੍ਰਸਿੱਧ ਵਿਦਵਾਨ ਸੰਤ ਮੋਹਨ ਸਿੰਘ ਜੀ ਭਿੰਡਰਾਂ ਵਾਲੇ ਕਾਫ਼ੀ ਵੱਧ ਵਿਦਿਆਰਥੀਆਂ ਨੂੰ ਸਾਥ ਰੱਖ ਕੇ ਮੰਡਲੀਆਂ ਦੀ ਜਥੇਦਾਰੀ ਨਿਭਾਉਂਦੇ ਹੋਏ, ਗੁਰੂ ਦੇਵਾਂ ਦੇ ਸਿਧਾਂਤ ਦਾ ਪ੍ਰਚਾਰ ਕਰਦੇ ਹੋਏ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਪੰਥ ਦੀ ਨਿੱਗਰ ਸੇਵਾ ਕਰ ਰਹੇ ਹਨ।"[29] ਇਨ੍ਹਾਂ ਤੋਂ ਇਲਾਵਾ ਉਪ-ਸੰਪ੍ਰਦਾਇ ਕਟਈ ਦੇ ਬਾਬਾ ਮੋਹਰ ਸਿੰਘ, ਸੰਪ੍ਰਦਾਇ ਕੂਮਾ ਦੇ ਬਾਬਾ ਭਾਨ

---

[27] ਗੁਰਦੀਪ ਸਿੰਘ ਕੇਸਰੀ, ਗੁਰੂ ਨਾਨਕ ਦਰਸ਼ਨ ਤੇ ਸਿੱਖ ਧਰਮ ਨੂੰ ਬਹੁਪੱਖੀ ਦੇਣ, ਪ੍ਰੀਤਮ ਸਿੰਘ (ਸੰਪਾ.) *ਨਿਰਮਲ ਸੰਪ੍ਰਦਾਇ,* ਪੰਨਾ 121.

[28] ਉਹੀ, ਪੰਨਾ 122.

[29] ਉਹੀ, ਪੰਨਾ 124.

ਸਿੰਘ, ਸੰਪ੍ਰਦਾਇ ਕਾਦੀਆਂ ਦੇ ਬਾਬਾ ਚੰਦਾ ਸਿੰਘ, ਸੰਪ੍ਰਦਾਇ ਜਲਾਲ ਦੇ ਪੰ. ਵੀਰ ਸਿੰਘ ਆਦਿ ਆਪਣੀਆਂ-ਆਪਣੀਆਂ ਮੰਡਲੀਆਂ ਦੇ ਮੰਡਲੇਸ਼ਵਰ ਰਹਿ ਕੇ ਗੁਰਮਤਿ ਪ੍ਰਚਾਰ ਲਈ ਮੰਡਲੀਆਂ ਫੇਰਦੇ ਰਹੇ ਹਨ।

ਉਕਤ ਕੁੱਝ ਮੰਡਲੀਆਂ ਤੋਂ ਇਲਾਵਾ ਸੈਂਕੜੇ ਅਜਿਹੇ ਨਿਰਮਲੇ ਸੰਤ ਮਹਾਂਪੁਰਖ ਹੋਏ ਹਨ, ਜਿਨ੍ਹਾਂ ਨੇ ਥਾਂ-ਥਾਂ ਭ੍ਰਮਣ ਕਰਦੇ ਹੋਏ ਗੁਰੂ ਨਾਨਕ ਸਿਧਾਂਤ ਦਾ ਪ੍ਰਚਾਰ ਕਰ ਕੇ ਲੋਕਾਂ ਨੂੰ ਗੁਰਮਤਿ ਤੋਂ ਜਾਣੂ ਕਰਵਾ ਕੇ ਉਨ੍ਹਾਂ ਨੂੰ ਗੁਰੂ ਵਾਲੇ ਬਣਾਇਆ ਹੈ। ਨਿਰਮਲਾ ਇਤਿਹਾਸ ਵਿਚ ਅਨੇਕਾਂ ਥਾਵਾਂ ’ਤੇ ਇਨ੍ਹਾਂ ਦਾ ਜ਼ਿਕਰ ਹੈ।

ਇਥੇ ਵਰਣਨਯੋਗ ਹੈ ਕਿ 20ਵੀਂ ਸਦੀ ਦੇ ਦੂਜੇ ਅੱਧ ਤੋਂ ਬਾਅਦ ਇਤਿਹਾਸ ਵਿਚ ਨਿਰਮਲੇ ਸੰਤਾਂ ਦੁਆਰਾ ਮੰਡਲੀਆਂ ਫੇਰਨ ਦਾ ਜ਼ਿਕਰ ਬਹੁਤ ਘੱਟ ਮਿਲਦਾ ਹੈ, ਭਾਵ ਦੂਜੇ ਅੱਧ ਵਿਚ ਮੰਡਲੀਆਂ ਦੁਆਰਾ ਪ੍ਰਚਾਰ ਵਿਧੀ ਵਿਚ ਕਮੀ ਆਈ। ਜੇਕਰ ਗੁਰਦੀਪ ਸਿੰਘ ਕੇਸਰੀ ਜੀ ਦੇ 1976 ਈ. ਵਿਚਲੇ ਉਕਤ ਬਿਆਨ ਨੂੰ ਸਹੀ ਵੀ ਮੰਨ ਲਿਆ ਜਾਵੇ ਤਾਂ ਵੀ ਇਹ ਗੱਲ ਯਕੀਨੀ ਹੈ ਕਿ ਇਸ ਤੋਂ (1976 ਈ.) ਬਾਅਦ ਨਿਰਮਲੇ ਸੰਤਾਂ ਨੇ ਮੰਡਲੀਆਂ ਫੇਰਨੀਆਂ ਛੱਡ ਦਿੱਤੀਆਂ ਸਨ ਕਿਉਂਕਿ ਇਤਿਹਾਸ ਵਿਚ ਲਿਖਤੀ ਜਾਂ ਕਿਰਿਆਤਮਕ ਇਨ੍ਹਾਂ ਦਾ ਕੋਈ ਪ੍ਰਮਾਣ ਨਹੀਂ ਮਿਲਦਾ। ਇਸ ਦੇ ਕਈ ਕਾਰਨਾਂ ਵਿਚੋਂ:

ਪਹਿਲਾ : ਇਕ ਵੱਡਾ ਕਾਰਨ ਨਿਰਮਲੇ ਸੰਤਾਂ ਦਾ ਉਸ ਸਮੇਂ ਵਿਚ ਵੱਧ ਪੜ੍ਹੇ-ਲਿਖੇ ਹੋਣਾ ਸੀ। ਉਸ ਸਮੇਂ ਇਨ੍ਹਾਂ ਦਾ ਆਦਰ ਸਤਿਕਾਰ ਦੇਖ ਕੇ ਸਮਕਾਲੀ ਪੁਜਾਰੀ ਸ਼੍ਰੇਣੀ, ਜੋ ਗੁਰੂਧਾਮਾਂ ਉੱਤੇ ਕਾਬਜ਼ ਸੀ, ਨੇ ਕੁੱਝ ਮਸਲੇ ਖੜ੍ਹੇ ਕਰਕੇ ਨਿਰਮਲੇ ਸੰਤਾਂ ਦਾ ਵਿਰੋਧ ਸ਼ੁਰੂ ਕਰ ਦਿੱਤਾ। ਈਰਖਾ ਕਾਰਨ ਕਈ ਵਾਰ ਇਨ੍ਹਾਂ ਨੇ ਨਿਰਮਲੇ ਸੰਤਾਂ ਦੇ ਗੁਰਮਤਿ ਪ੍ਰਚਾਰ ਵਿਚ ਵਿਘਨ ਵੀ ਪਾਇਆ। ਜਿਸ ਕਾਰਨ ਇਹ ਪ੍ਰਚਾਰਕ ਸੰਤ ਉਪਰਾਮ ਹੁੰਦੇ ਗਏ।

ਦੂਜਾ : ਨਿਰਮਲ ਸੰਪ੍ਰਦਾਇ ਦੀਆਂ ਪ੍ਰਚਾਰਕ ਮੰਡਲੀਆਂ ਤੋਂ ਗਿਆਨ ਲੈਣ ਵਾਲੇ ਜਿਗਿਆਸੂ ਅਤੇ ਗਿਆਨ ਵੰਡਣ ਵਾਲੇ ਵਿਦਵਾਨ ਰਮਤੇ ਸੰਤਾਂ ਦੀ ਕਮੀ ਹੈ।

ਤੀਜਾ : ਪਹਿਲਾਂ ਗਿਆਨ ਪ੍ਰਾਪਤੀ ਦੇ ਸਾਧਨ ਸੀਮਿਤ ਸਨ 20ਵੀਂ ਸਦੀ ਵਿਚ ਗਿਆਨ ਦੇ ਸੋਮੇਂ (ਸਕੂਲ, ਕਾਲਜ ਅਤੇ ਮਿਸ਼ਨਰੀ ਵਿਦਿਆ) ਵਧ ਗਏ ਅਤੇ ਪ੍ਰਚਾਰਕ ਮੰਡਲੀਆਂ ਪ੍ਰਤੀ ਲੋਕਾਂ ਦੀ ਰੁਚੀ ਘਟ ਗਈ।

ਇਹ ਉਕਤ ਕੁੱਝ ਮੁੱਖ ਕਾਰਨ ਹਨ ਜਿਸ ਕਾਰਨ ਨਿਰਮਲਾ ਪ੍ਰਚਾਰਕ ਮੰਡਲੀਆਂ ਲੰਮਾ ਸਮਾਂ ਆਪਣੀਆਂ ਸੇਵਾਵਾਂ ਦੇ ਕੇ ਸ਼ਾਂਤ ਹੋ ਗਈਆਂ। ਭਾਵੇਂ ਇਸ ਸਮੇਂ ਨਿਰਮਲੇ ਸੰਤ ਮੰਡਲੀਆਂ ਵਿਚ ਵਿਚਰਦੇ ਤਾਂ ਹਨ ਪ੍ਰੰਤੂ ਉਹ ਸੰਪ੍ਰਦਾਇ ਦੇ ਕਿਸੇ ਖ਼ਾਸ ਸਮਾਗਮ ਜਾਂ ਸ਼ਾਹੀ ਸਮੇਤ ਤੀਰਥਾਂ ਉੱਤੇ, ਜਿੱਥੇ ਉਹ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਵੀ ਕਰਦੇ ਹਨ।

**ਰੰਮਤ (ਰੰਮਤ ਅਖਾੜਾ) ਦੁਆਰਾ**

ਰੰਮਤ ਅਖਾੜਾ ਅਸਲ ਵਿਚ ਮੰਡਲੀਆਂ ਦਾ ਹੀ ਵਿਧੀਵਤ ਰੂਪ ਹੈ। ਅਖਾੜੇ ਦੀ ਸਥਾਪਤੀ ਮਗਰੋਂ ਆਪਣੇ ਪੱਧਰ ’ਤੇ ਘੁੰਮ-ਘੁੰਮ ਕੇ ਪ੍ਰਚਾਰ ਕਰਨ ਵਾਲੇ ਸਾਧੂਆਂ ਨੂੰ ਲੋੜੀਂਦਾ ਸਾਜੋ-ਸਮਾਨ ਮੁਹੱਈਆ ਕਰਵਾ ਕੇ ਦੂਰ-ਨੇੜੇ ਸਾਰੇ ਭਾਰਤ ਵਿਚ ਪ੍ਰਚਾਰ-ਪ੍ਰਸਾਰ ਹਿਤ ਵਿਧੀਵਤ ਢੰਗ ਨਾਲ ਵਿਚਰਨ ਲਈ ਇਸ ਨੂੰ ਨਵਾਂ ਰੂਪ ਦਿੱਤਾ ਗਿਆ। ਇਹ ਰੰਮਤ ਅਖਾੜਾ ਸਿੱਧੇ ਰੂਪ ’ਤੇ ਮੁੱਖ ‘ਸ੍ਰੀ ਪੰਚਾਇਤੀ ਅਖਾੜਾ ਨਿਰਮਲਾ’ ਨੂੰ ਜਵਾਬਦੇਹ ਸੀ।

ਰੰਮਤ ਅਖਾੜੇ ਦਾ ਮੁੱਖ ਉਦੇਸ਼ ਸੀ, ਪੂਰਨ ਸਤਿਕਾਰ ਸਹਿਤ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲੈ ਕੇ ਸਾਰੇ ਭਾਰਤ ਦੇ ਕੋਨੇ-ਕੋਨੇ ਪਿੰਡਾਂ, ਸ਼ਹਿਰਾਂ, ਕਸਬਿਆਂ ਆਦਿ ਵਿਚ ਪੁੱਜ ਕੇ ਗੁਰਬਾਣੀ ਤੇ ਗੁਰੂ ਸਿਧਾਂਤਾਂ ਦਾ ਪ੍ਰਚਾਰ ਕਰੇ। ਉਦੇਸ਼ ਪੂਰਤੀ ਹਿਤ ਰੰਮਤ ਅਖਾੜਾ ਜਿੱਥੇ ਵੀ ਠਹਿਰਦਾ “ਉਥੇ ਸਾਫ਼ ਜਗ੍ਹਾ ਦੇਖ ਕੇ ਖੇਮਾ ਲਾ ਕੇ ਚੰਦੋਆ ਲਾ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਸਭ ਤੋਂ ਪਹਿਲਾਂ 'ਸ੍ਰੀ ਆਸਾ ਜੀ ਦੀ ਵਾਰ' ਦਾ ਕੀਰਤਨ, ਉਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ, ਆਰਤੀ ਪੂਜਨ, ਅਰਦਾਸੇ, ਏਹ ਸੁਬਹ ਸ਼ਾਮ ਦਾ ਪ੍ਰੋਗਰਾਮ ਹੁੰਦਾ ਹੈ। ਪ੍ਰਚਾਰਕ ਦੇ ਰੂਪ ਵਿਚ ਰੰਮਤ ਅਖਾੜਾ ਰਾਤ ਦਿਨ ਸਫਰਾਂ ਵਿਚ ਹੀ ਬਤੀਤ ਕਰਦਾ।”[30] ਇਸ ਦਾ ਉਦੇਸ਼ ਕੇਵਲ ਗੁਰੂ ਸਿਧਾਂਤ ਦਾ ਪ੍ਰਚਾਰ ਕਰਨਾ ਹੀ ਸੀ। ਇਹ ਰੰਮਤ ਕਰਦਾ ਹੋਇਆ ਇਕ ਪ੍ਰਾਂਤ ਤੋਂ ਦੂਜੇ ਪ੍ਰਾਂਤ ਵਿਚ ਵਾਰੀ ਅਨੁਸਾਰ ਪੁੱਜਣ ਦਾ ਯਤਨ ਕਰਦਾ ਸੀ। ਇਸ ਅਖਾੜੇ ਵਿਚ ਮੰਡਲੀਆਂ ਦੇ ਮੁਖੀ ਦੀ ਤਰ੍ਹਾਂ ਮੁਖੀਏ ਮਹੰਤ ਦੀ ਪਦਵੀ ਹੁੰਦੀ ਸੀ ਜੋ ਅਖਾੜੇ ਦੇ ਨਿਯਮਾਂ ਅਨੁਸਾਰ ਇਸ ਦੀ ਅਗਵਾਈ ਕਰਦਾ ਸੀ।

---

[30] ਸੰਤ ਦਰਸ਼ਨ ਸਿੰਘ ਸ਼ਾਸ਼ਤ੍ਰੀ, ਨਿਰਮਲ ਭੇਖ ਤਥਾ ਨਿਰਮਲੇ ਸੰਤਾਂ ਦਾ ਸਮਾਜ ਨੂੰ ਸਰਵ ਪੱਖੀ ਯੋਗਦਾਨ, ਡਾ. ਸਰਬਜਿੰਦਰ ਸਿੰਘ (ਸੰਪਾ.) *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 156.

ਇਸ ਰੰਮਤ ਵਿਚ 40-50 ਵਿਦਵਾਨ ਸੰਤ-ਮਹੰਤ ਰਹਿੰਦੇ ਸਨ ਜਿਨ੍ਹਾਂ ਵਿਚ ਮੁਖੀਏ ਮਹੰਤ, ਪੁਜਾਰੀ, ਗ੍ਰੰਥੀ, ਗਿਆਨੀ, ਇਕ ਕੋਠਾਰੀ, ਦੋ ਕਾਰਬਾਰੀ, ਇਕ ਭੰਡਾਰੀ ਅਤੇ ਰਾਗੀ ਜਥਾ ਹੁੰਦਾ ਸੀ। ਇਹ ਰੰਮਤ ਜਥਾ ਜਿਸ ਪਿੰਡ/ਸ਼ਹਿਰ ਤੋਂ ਵਿਦਾਇਗੀ ਲੈ ਲਵੇ ਦੁਬਾਰਾ ਉਸ ਜਗ੍ਹਾ ਵਿਚ 12 ਸਾਲ ਤੋਂ ਪਹਿਲਾਂ ਪ੍ਰਵੇਸ਼ ਨਹੀਂ ਕਰ ਸਕਦਾ ਸੀ। ਇਸ ਦਾ ਕਾਰਨ ਸੀ ਕਿ ਦੇਸ਼ ਦੇ ਕੋਨੇ-ਕੋਨੇ ਵਿਚ ਪ੍ਰਚਾਰ ਕੀਤਾ ਜਾ ਸਕੇ।

ਰੰਮਤ ਅਖਾੜੇ ਵਿਚ ਉੱਚ ਕੋਟੀ ਦੇ ਸੰਤ-ਮਹੰਤ, ਵਿਦਿਆਰਥੀ ਸੰਤ ਵੀ ਸਾਮਲ ਹੁੰਦੇ ਹਨ ਜੋ ਮੁਖੀਏ ਮਹੰਤਾਂ ਦੀ ਸੰਗਤ ਵਿਚ ਰਹਿ ਕੇ ਗੁਰਮਤਿ ਵਿਦਿਆ ਪ੍ਰਾਪਤ ਕਰਦੇ ਹਨ। ਰੰਮਤ ਵੱਲੋਂ ਲਗਾਏ ਜਾਂਦੇ ਦੀਵਾਨਾਂ ਅਤੇ ਗੁਰਮਤਿ ਪ੍ਰਚਾਰ ਦੌਰਾਨ ਧਰਮ ਗ੍ਰੰਥਾਂ ਦੀ ਕੀਤੀ ਜਾਂਦੀ ਦਾਰਸ਼ਨਿਕ ਵਿਆਖਿਆ ਤੋਂ ਇਨ੍ਹਾਂ ਸਿਖਿਆਰਥੀਆਂ ਦਾ ਵੀ ਚੰਗਾ ਅਭਿਆਸ ਹੋ ਜਾਂਦਾ ਸੀ। ਇਸ ਤਰ੍ਹਾਂ ਨਿਤਾਪ੍ਰਤੀ ਦੇ ਅਭਿਆਸ ਨਾਲ ਇਹ ਸਿਖਿਆਰਥੀ ਨਿਰਮਲ ਸੰਪ੍ਰਦਾਇ ਦੇ ਵਿਦਵਾਨ ਸੰਤ ਬਣਦੇ। ਜਿਸ ਦੀ ਇਕ ਉਦਾਹਰਣ ਪੰ. ਦਇਆ ਸਿੰਘ ਜੀ ਉਗੋ ਛੇਵੇਂ ਸ੍ਰੀ ਮਹੰਤ, ਜੋ ਸੰਤ ਮਲੂਕ ਸਿੰਘ ਜੀ ਦੀ ਰੰਮਤ ਮੰਡਲੀ ਵਿਚ ਪੜ੍ਹੇ ਅਤੇ ਉਨ੍ਹਾਂ ਦੇ ਸ਼ਿਸ਼ ਬਣੇ। ਇਸ ਤਰ੍ਹਾਂ ਰਮਤੇ ਦਲਾਂ ਵਿਚ ਰਹਿ ਕੇ ਵਿਦਵਾਨ ਸੰਤਾਂ ਤੋਂ ਵਿਦਿਆ ਗ੍ਰਹਿਣ ਕਰਨ ਦੇ ਇਤਿਹਾਸ ਵਿਚ ਹੋਰ ਵੀ ਪ੍ਰਮਾਣ ਮਿਲਦੇ ਹਨ।

ਨਿਰਮਲੇ ਸੰਤਾਂ ਨੇ ਭਾਰਤ ਦੇ ਹਰ ਖਿੱਤੇ ਵਿਚ ਧਰਮ ਪ੍ਰਚਾਰ ਕੀਤਾ ਹੈ। "ਇਹ ਕੇਵਲ ਹਿੰਦੂ ਤੀਰਥ ਸਥਾਨਾਂ ਉੱਤੇ ਹੀ ਨਹੀਂ ਸਗੋਂ ਸਿੱਖ ਧਾਰਮਿਕ ਸਥਾਨਾਂ ਅਤੇ ਜੋੜ ਮੇਲਿਆਂ ਉੱਤੇ ਵੀ ਜਾਂਦੇ ਸਨ। ਦੀਵਾਨ ਰਾਹੀਂ ਸੰਗਤਾਂ ਵਿਚ ਗੁਰਮਤ ਦਾ ਪ੍ਰਚਾਰ ਕਰਦੇ ਸਨ। 1858-59 ਈ. ਅਤੇ 1864-65 ਈ. ਵਿਚ ਹਜ਼ੂਰ ਸਾਹਿਬ (ਦੱਖਣ) 1862 ਈ. (ਹੋਲਾ ਮਹੱਲਾ) ਵਿਚ ਆਨੰਦਪੁਰ, 1864-65 ਈ. ਵਿਚ ਅੰਮ੍ਰਿਤਸਰ (ਦੀਵਾਲੀ ਸਮੇਂ), 1862 ਈ. ਵਿਚ ਪਟਨਾ ਸਾਹਿਬ ਅਤੇ 1866 ਈ. ਵਿਚ ਮੁਕਤਸਰ ਵਿਚ ਨਿਰਮਲਿਆਂ ਨੇ ਦੀਵਾਨ ਲਾਏ ਅਤੇ ਅੰਮ੍ਰਿਤ-ਪ੍ਰਚਾਰ ਕੀਤਾ। ਕਈ ਸਿੱਖ ਸੰਗਤਾਂ ਨੇ ਅੰਮ੍ਰਿਤ-ਪਾਨ ਕੀਤਾ। ਇਨ੍ਹਾਂ ਸਥਾਨਾਂ ਉੱਤੇ ਦੂਰ-ਦੂਰ ਤੋਂ ਸੰਗਤਾਂ ਹਾਜ਼ਰ ਹੁੰਦੀਆਂ ਸਨ।"[31] ਕਈ ਵਾਰ ਸਮਾਗਮ ਵਿਚ ਆਏ ਸ਼ਰਧਾਲੂ ਨਿਰਮਲੇ ਵਿਦਵਾਨਾਂ ਨੂੰ ਆਪਣੇ ਕਸਬੇ ਜਾਂ ਸ਼ਹਿਰ ਵਿਚ ਆਉਣ ਲਈ ਸੱਦਾ ਵੀ ਦੇ ਜਾਂਦੇ ਸਨ। ਸੰਤ ਦਿੱਤੇ ਸੱਦੇ ਅਨੁਸਾਰ ਚਲੇ ਜਾਂਦੇ ਤੇ ਜਗ੍ਹਾ ਪਸੰਦ ਆਉਣ 'ਤੇ ਉਥੇ ਆਪਣਾ ਸਥਾਨ ਵੀ ਕਾਇਮ ਕਰਦੇ

[31] ਦਰਸ਼ਨ ਸਿੰਘ, ਨਿਰਮਲੇ ਪ੍ਰਚਾਰ ਕਿਵੇਂ ਕਰਦੇ ਸਨ?, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 457.

ਅਤੇ ਇਕ-ਦੋ ਸੰਤ ਉਥੇ ਟਿਕ ਕੇ ਪ੍ਰਚਾਰ-ਪ੍ਰਸਾਰ ਕਰਦੇ। ਬਹੁਤ ਸਾਰੇ ਪ੍ਰਾਂਤਾਂ ਵਿਚ ਇਸੇ ਤਰ੍ਹਾਂ ਹੀ ਡੇਰੇ ਹੋਂਦ ਵਿਚ ਆਏ ਅਤੇ ਉਨ੍ਹਾਂ ਵਿਚੋਂ ਹੀ ਪੁਸਤਕਾਲਾਂ, ਪਾਠਸ਼ਾਲਾਂ, ਭੋਜਨਾਲਾਂ ਅਤੇ ਔਸ਼ਧਾਲਾਂ ਅਰੰਭ ਹੋਈਆਂ।

19ਵੀਂ ਸਦੀ ਵਿਚ ਨਿਰਮਲਾ ਇਤਿਹਾਸ ਵਿਚ ਇਕ ਮਹੱਤਵਪੂਰਨ ਘਟਨਾ ਘਟੀ ਜਿੱਥੋਂ ਸਿੱਖ ਦਰਦੀਆਂ ਅਤੇ ਨਿਰਮਲੇ ਸੰਤਾਂ ਵਿਚਕਾਰ ਦੂਰੀਆਂ ਬਣਨੀਆਂ ਸ਼ੁਰੂ ਹੋਈਆਂ, ਜਿਸ ਦਾ ਅਸਰ ਅੱਜ ਤੱਕ ਵੇਖਣ ਨੂੰ ਮਿਲਦਾ ਹੈ।

ਰੰਮਤ ਅਖਾੜਾ ਦੂਜੇ ਸ੍ਰੀ ਮਹੰਤ ਰਾਮ ਸਿੰਘ ਜੀ ਕਬੇਰੀਏ ਸਮੇਂ 1872 ਈ. ਵਿਚ ਤ੍ਰਿਯੰਬਕ ਨਾਸਿਕ ਵਿਚ ਸੀ, (ਇਸਦਾ ਜ਼ਿਕਰ ਪਿਛਲੇ ਅਧਿਆਇ ਵਿਚ ਕਰ ਆਏ ਹਾਂ) ਇਥੇ ਹਜ਼ੂਰ ਸਾਹਿਬ ਤੋਂ ਵੀ ਸੰਗਤ ਆਈ ਹੋਈ ਸੀ ਜਿਸ ਵਿਚ ਹਜ਼ੂਰ ਸਾਹਿਬ ਤੋਂ ਪੁਜਾਰੀ ਭਾਈ ਰਾਮ ਸਿੰਘ ਵੀ ਸਨ ਜੋ ਸੰਗਤ ਸਮੇਤ ਅਖਾੜੇ ਨੂੰ ਬੇਨਤੀ ਕਰਨ ਲੱਗੇ ਕਿ ਸੱਚਖੰਡ ਹਜ਼ੂਰ ਸਾਹਿਬ ਵੀ ਦਰਸ਼ਨ ਬਖਸ਼ਣੇ। ਇਸ ਅਖਾੜੇ ਦੇ ਮਹੰਤ ਰਾਮ ਸਿੰਘ ਨੇ ਆਉਣ ਦਾ ਹੁੰਘਾਰਾ ਭਰਿਆ। ਬਾਅਦ ਵਿਚ ਇਹ ਅਖਾੜਾ ਹੈਦਰਾਬਾਦ ਚਲਾ ਗਿਆ। ਇਥੇ ਹਜ਼ੂਰ ਸਾਹਿਬ ਤੋਂ "ਸੱਚਖੰਡ ਦੇ ਪ੍ਰਬੰਧਕ (ਪੁਜਾਰੀ) ਭਾਈ ਮਾਨ ਸਿੰਘ ਜੀ ਹਜ਼ੂਰ ਸਾਹਿਬ ਪੁੱਜਣ ਦਾ ਆਪ ਨਿਮੰਤ੍ਰਣ ਦੇਣ ਆਏ। 301 ਰੁਪਏ 2 ਆਨੇ 2 ਪੈਸੇ ਅਰਦਾਸ ਕਰਾਈ।"[32] ਇਸ ਸਮੇਂ ਦੱਖਣੀ ਸਿੱਖਾਂ ਦੇ ਵੀ ਦੋ ਧੜੇ ਸਨ। ਇਕ ਧੜਾ ਸੋਚਦਾ ਸੀ ਕਿ "ਨਿਰਮਲੇ ਪੰਜਾਂ ਕਕਿਆਂ ਦੀ ਰਹਿਤ ਨਹੀਂ ਰੱਖਦੇ। ਭਗਵੇਂ ਵਸਤਰ ਪਾਉਂਦੇ ਹਨ। ਖੁੱਲੇ ਰਹਿੰਦੇ ਹਨ। ਉਹ ਤਖ਼ਤ ਸੱਚਖੰਡ ਆ ਕੇ ਪਹਿਲਾਂ ਤਨਖ਼ਾਹ ਲਗਵਾਉਣ। ਅਰਦਾਸਾ ਸੁਧਾ ਕੇ ਪੰਜਾਂ ਕਕਿਆਂ ਦੀ ਰਹਿਤ ਰੱਖਣ ਦਾ ਪ੍ਰਣ ਕਰਨ, ਤਾਂ ਉਹ ਸੱਚਖੰਡ ਹਜ਼ੂਰ ਸਾਹਿਬ ਆ ਸਕਦੇ ਹਨ। ਦੂਜੇ ਧੜੇ ਵਾਲੇ ਕਹਿੰਦੇ ਸਨ 'ਨਿਰਮਲੇ ਸੰਤ ਮਹਾਨ ਵਿਦਵਾਨ ਅਤੇ ਗੁਰੂ ਘਰ ਦੇ ਪ੍ਰਚਾਰਕ ਹਨ। ਉਨ੍ਹਾਂ ਨੇ ਬਿਖੜੇ ਰਸਤੇ ਪਾਰ ਕਰਕੇ ਸਿੱਖੀ ਦਾ ਪ੍ਰਚਾਰ ਭਾਰਤ ਦੇ ਕੋਨੇ-ਕੋਨੇ ਵਿਚ ਕੀਤਾ ਹੈ। ਸੈਂਕੜੇ ਗ੍ਰੰਥ ਲਿਖੇ ਹਨ। ਭਗਵੇਂ ਕੱਪੜੇ ਰੱਖਣੇ ਉਨ੍ਹਾਂ ਦੀ ਮਰਯਾਦਾ ਦਾ ਹਿੱਸਾ ਹੈ, ਕੋਈ ਮਾੜੇ ਨਹੀਂ। ਆਇਆਂ ਦਾ ਸ੍ਵਾਗਤ-ਸਤਿਕਾਰ ਹੋਣਾ ਚਾਹੀਦਾ ਹੈ। ਸੰਤਾਂ ਨੂੰ ਦੰਡ ਥੋਹੜੋਂ ਦੇਣਾ ਹੈ?"[33] ਨਿਰਮਲੇ ਸੰਤਾਂ ਦੇ ਸੱਚਖੰਡ ਦਰਸ਼ਨਾਂ ਨੂੰ ਲੈ ਕੇ ਇਨਾਂ ਦੋਵਾਂ ਧੜਿਆਂ ਦੀ ਆਪਸੀ ਅਤੇ ਸੰਤਾਂ ਨਾਲ ਗੱਲਬਾਤ 6 ਮਹੀਨੇ ਚਲਦੀ ਰਹੀ, ਅੰਤ ਅਖਾੜਾ ਗੁਰਮਤਿ ਪ੍ਰਚਾਰ ਲਈ ਬੁਹਰਾਨਪੁਰ ਚਲਾ ਗਿਆ।

---

[32] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨੇ 205-06.

[33] ਉਹੀ, *ਨਿਰਮਲ ਪੰਥ ਦੀ ਗੌਰਵ ਗਾਥਾ,* ਪੰਨਾ 193.

ਜਦੋਂ ਇਹ ਸਾਰੀ ਗੱਲ ਹਜ਼ੂਰ ਸਾਹਿਬ ਦੀ ਸੰਗਤ ਨੂੰ ਪਤਾ ਲੱਗੀ ਤਾਂ ਉਹ ਅਫ਼ਸੋਸ ਕਰਨ ਲੱਗੇ ਕਿ ਧੜੇਬੰਦੀ ਕਾਰਨ ਉਹ ਵਿਦਵਾਨ ਸੰਤਾਂ ਦੇ ਦਰਸ਼ਨ ਨਹੀਂ ਕਰ ਸਕੇ। ਸ਼ਹਿਰ ਵਾਸੀਆਂ ਉੱਤੇ ਪੁਜਾਰੀਆਂ ਦੇ ਪੈ ਰਹੇ ਗਲਤ ਪ੍ਰਭਾਵ ਕਾਰਨ ਦੋਵੇਂ ਧੜਿਆਂ ਨੇ ਆਪਸੀ ਵਿਚਾਰਾਂ ਤੋਂ ਬਾਅਦ ਬੈਠ ਕੇ ਹੁਕਮਨਾਮਾ ਲਿਖਿਆ। ਹੁਕਮਨਾਮਾ ਲੈ ਕੇ ਭਾਈ ਮਾਨ ਸਿੰਘ ਪੁਜਾਰੀ ਕੁੱਝ ਹੋਰ ਪਤਵੰਤਿਆਂ ਸਮੇਤ ਬੁਹਰਾਨਪੁਰ ਜਾ ਕੇ ਅਖਾੜੇ ਨੂੰ ਮਿਲੇ ਅਤੇ ਮਹੰਤ ਗੰਗਾ ਰਾਮ ਨੂੰ ਹੁਕਮਨਾਮਾ ਦਿੱਤਾ। ਉਪਰੰਤ 1874 ਈ. ਵਿਚ ਅਖਾੜਾ ਹਜ਼ੂਰ ਸਾਹਿਬ ਵੱਲ ਤੁਰ ਪਿਆ। ਗੋਦਾਵਰੀ ਕਿਨਾਰੇ ਨਗੀਨਾ ਘਾਟ ਵਿਖੇ ਅਖਾੜੇ ਨੇ ਉਤਾਰਾ ਕੀਤਾ। ਇਸ ਅਖਾੜੇ ਵਿਚ ਮਹੰਤ ਗੰਗਾ ਰਾਮ ਤੋਂ ਇਲਾਵਾ 60 ਦੇ ਕਰੀਬ ਸੰਤ-ਮਹੰਤ ਹੋਰ ਸਨ। ਸੰਤਾਂ ਨੇ ਇਥੇ ਸ਼ਾਮ ਨੂੰ ਦੀਵਾਨ ਸਜਾਇਆ, ਆਈਆਂ ਸੰਗਤਾਂ ਵਿਦਵਾਨਾਂ ਤੋਂ ਬਹੁਤ ਪ੍ਰਭਾਵਿਤ ਹੋਈਆਂ। ਇਸ ਗੱਲ ਤੋਂ ਵਿਰੋਧੀ ਧੜਾ ਹੋਰ ਚਿੜ ਗਿਆ ਅਤੇ ਉਨ੍ਹਾਂ ਦੁਬਾਰਾ ਸੰਤਾਂ ਅੱਗੇ ਸੱਚਖੰਡ ਦੇ ਦਰਸ਼ਨਾਂ ਤੋਂ ਪਹਿਲਾਂ ਕੁੱਝ ਮੰਗਾਂ ਮੰਨਣ ਲਈ ਦਬਾਅ ਪਾਇਆ। ਨਿਰਮਲੇ ਸੰਤਾਂ ਨੇ ਕਿਹਾ ਕਿ ਅਸੀਂ ਸਿੱਖ ਹਾਂ, ਗੁਰਬਾਣੀ ਤੇ ਗੁਰਧਾਮਾਂ ਵਿਚ ਸ਼ਰਧਾ ਰੱਖਦੇ ਹਾਂ, ਪਰ ਕਿਸੇ ਦਬਾਅ ਹੇਠ ਆਪਣੀ ਰਹਿਣੀ-ਬਹਿਣੀ ਨਹੀਂ ਬਦਲਾਂਗੇ।

ਸੱਚਖੰਡ ਦੇ ਦਰਸ਼ਨਾਂ ਨੂੰ ਲੈ ਕੇ ਸੰਤਾਂ ਅਤੇ ਉਥੋਂ ਦੇ ਨੁਮਾਇੰਦੇ ਸਿੱਖ ਧੜਿਆਂ ਵਿਚਕਾਰ ਫਿਰ 6 ਮਹੀਨੇ ਗੱਲਬਾਤ ਚਲਦੀ ਰਹੀ। ਅਖ਼ੀਰ ਅਖਾੜੇ ਨੇ ਉਥੋਂ ਅਗਲੇ ਪੜਾਅ ਲਈ ਤੁਰਨ ਦੀ ਤਿਆਰੀ ਸ਼ੁਰੂ ਕੀਤੀ ਤਾਂ ਚਲਦੀ ਗੱਲਬਾਤ ਵਿਚ ਵਿਰੋਧੀਆਂ ਨੇ ਕਿਹਾ ਕਿ 'ਨਿਰਮਲੇ ਕਛਹਿਰੇ ਦਾ ਵਿਰੋਧ ਨਾ ਕਰਨ ਤਾਂ ਅਸੀਂ ਉਨ੍ਹਾਂ ਦੀ ਯਾਤਰਾ ਦਰਸ਼ਨਾਂ ਲਈ ਸਹਿਮਤ ਹਾਂ।' ਇਸ ਤੇ ਰੰਮਤ ਅਖਾੜੇ ਦੇ ਮਹੰਤ ਗੰਗਾ ਰਾਮ ਅਤੇ ਸੰਤ ਮੰਨ ਗਏ ਕਿ ਉਹ ਇਸ ਦਾ ਵਿਰੋਧ ਨਹੀਂ ਕਰਨਗੇ ਕਿਉਂਕਿ ਉਹ ਕਕਾਰਾਂ ਦਾ ਸਤਿਕਾਰ ਕਰਦੇ ਹਨ। "ਜੇਠ ਸਦੀ 7 ਸੰਮਤ 1932 (1875 ਈ.) ਵਿਚ ਸ਼ਾਮ ਦੇ ਸਮੇਂ ਤਖਤ ਸੱਚਖੰਡ ਦਾ ਚੋਬਦਾਰ ਭਾਈ ਤਾਰਾ ਸਿੰਘ ਨਿਮੰਤ੍ਰਣ ਦੇਣ ਆਇਆ ਕਿ ਕਲ ਨੂੰ ਪ੍ਰਤਾਹ (ਅੰਮ੍ਰਿਤ ਵੇਲੇ) ਪੰਜ ਵਜੇ ਰੰਮਤ ਅਖਾੜੇ ਦੀ ਯਾਤ੍ਰਾ ਅਰਦਾਸ ਦਾ ਸਮਾਂ ਨਿਯਤ ਹੋਇਆ ਹੈ। ... ਦੂਸਰੇ ਦਿਨ ਅੰਮ੍ਰਿਤ ਵੇਲੇ ਭਾਈ ਹਰੀ ਸਿੰਘ ਪੁਜਾਰੀ, ਭਾਈ ਖੁਸ਼ਹਾਲ ਸਿੰਘ ਸੁਖਈ ਆਦਿ 40 ਸਿੰਘ ਅਖਾੜੇ ਨੂੰ ਲੈਣ ਵਾਸਤੇ ਪੁੱਜੇ। ਇਨ੍ਹਾਂ ਦੇ ਨਾਲ ਅਖਾੜੇ ਦੇ 60 ਸੰਤ ਜਿਨ੍ਹਾਂ ਵਿਚੋਂ 40 ਸੰਤਾਂ ਦੇ ਸਫੈਦ ਵਸਤਰ ਕਿਰਪਾਨ, ਕਛਹਿਰੇ ਆਦਿ ਕਕਾਰ ਧਾਰਨ ਕੀਤੇ ਸਨ, ਭੇਟਾ/ਪ੍ਰਸ਼ਾਦ ਲੈ ਕੇ ਰਣਸਿੰਘੇ ਵਜਾਉਂਦੇ ਹੋਏ ਸੱਚਖੰਡ ਪੁੱਜੇ। ਅਖਾੜੇ ਵੱਲੋਂ ਭੇਟਾ/ਪ੍ਰਸ਼ਾਦ ਸਪਰਪਣ ਕੀਤਾ। ਨਮਸਕਾਰਾਂ ਕਰਕੇ ਬੈਠ ਗਏ। ... ਅੰਦਰਲਾ ਪੁਜਾਰੀ ਭਾਈ ਦੇਵਾ ਸਿੰਘ ਅਰਦਾਸ ਕਰਨ ਵਾਸਤੇ ਖੜ੍ਹਾ ਹੀ

ਹੋਣ ਲੱਗਾ ਸੀ ਕਿ ਇਸ ਸਮੇਂ ਵਿਰੋਧੀ ਧੜੇ ਦਾ, ਬਾਹਰਲਾ ਪੁਜਾਰੀ ਭਾਈ ਨਰਾਇਣ ਸਿੰਘ ਅਤੇ ਹਰਸਾ ਸਿੰਘ ਲਾਂਗਰੀ ਬੋਲ ਉਠੇ ਕਿ 'ਉਨ੍ਹਾਂ ਚਿਰ ਅਰਦਾਸ ਨਹੀਂ ਹੋਣੀ ਚਾਹੀਦੀ ਜਿਨ੍ਹਾਂ ਚਿਰ ਤਨਖਾਹ ਨਾ ਲਾਈ ਜਾਵੇ।' ਭਾਈ ਹਰੀ ਸਿੰਘ ਨੇ ਹੱਥ ਜੋੜ ਕੇ ਆਖਿਆ 'ਖ਼ਾਲਸਾ ਜੀ ! ਸਭ ਤਰ੍ਹਾਂ ਨਾਲ ਸਮਝੌਤਾ ਹੋ ਚੁੱਕਾ ਹੈ। ਹੁਣ ਹੋ ਚੁੱਕੇ ਨਿਰਣੈ 'ਤੇ ਪਾਣੀ ਨਾ ਫੇਰੋ। ਮਹਾਂਪੁਰਖ ਸੰਤ ਲੋਕ ਇਕ ਸਾਲ ਤੋਂ ਸਤਿਗੁਰੂ ਜੀ ਦੇ ਸ੍ਰੀ ਦਰਬਾਰ ਸਾਹਿਬ ਜੀ ਯਾਤ੍ਰਾ ਦਰਸ਼ਨ ਵਾਸਤੇ ਬੈਠੇ ਹੋਏ ਹਨ। ਏਨ੍ਹਾਂ ਦੇ ਪ੍ਰੇਮ ਨੂੰ ਦੇਖੋ। ਸਾਰੇ ਮਿਲਕੇ ਇਸ ਬਣੇ ਪ੍ਰੇਮ ਨੂੰ ਹੋਰ ਵਧਾਈਏ।"[34] ਵਿਰੋਧੀ ਬੋਲਦੇ ਗਏ ਅਤੇ ਰੌਲਾ ਵਧਦਾ ਗਿਆ, ਸੰਤ ਬੈਠੇ ਦੇਖਦੇ ਰਹੇ। ਇਸੇ ਸਮੇਂ ਕਰਤਾਰ ਸਿੰਘ ਕੂਕੇ ਨੇ ਧੌਂਸਾ ਵਜਾ ਦਿੱਤਾ ਅਤੇ ਉੱਚੀ-ਉੱਚੀ ਕਹਿਣਾ ਸ਼ੁਰੂ ਕਰ ਦਿੱਤਾ 'ਨਿਰਮਲੇ ਤਖ਼ਤ ਸਾਹਿਬ ਨੂੰ ਲੁੱਟੀ ਜਾ ਰਹੇ ਹਨ, ਫੜੋ, ਮਾਰੋ। ਇਹ ਆਵਾਜ਼ ਸੁਣਕੇ ਨਿਹੰਗ ਸਿੰਘ ਅਤੇ ਹੋਰਨਾਂ ਨੇ ਆ ਕੇ ਸੰਤਾਂ 'ਤੇ ਹਮਲਾ ਕਰ ਦਿੱਤਾ। ਤਖ਼ਤ ਹਜ਼ੂਰ ਸਾਹਿਬ ਸੱਚਖੰਡ ਵਿਖੇ ਹੋਈ ਲੜਾਈ ਵਿਚ ਬਹੁਤ ਸਾਰੇ ਆਦਮੀ ਫੱਟੜ ਹੋ ਗਏ। ਦੱਖਣੀ ਸਿੱਖ, ਨਿਹੰਗ ਸਿੰਘ ਅਤੇ ਸੰਤ ਫ਼ੌਜ ਨੇ ਗ੍ਰਿਫ਼ਤਾਰ ਕਰ ਲਏ।

ਨਿਰਮਲੇ ਸੰਤਾਂ ਦੇ ਹਿਤੈਸ਼ੀ ਵਿਰੋਧੀ ਸਭ ਸੰਤਾਂ ਦੇ ਖ਼ਿਲਾਫ ਇਕ ਹੋ ਗਏ। ਉਨ੍ਹਾਂ ਪੰਜਾਬ ਵੱਲ ਤਖ਼ਤਾਂ, ਗੁਰਦੁਆਰਿਆਂ, ਰਾਜਿਆਂ-ਮਹਾਰਾਜਿਆਂ, ਪੰਥਕ ਆਗੂਆਂ ਅਤੇ ਹੋਰ ਸੰਪ੍ਰਦਾਵਾਂ ਨੂੰ ਅਨੇਕ ਚਿੱਠੀਆਂ ਲਿਖ ਭੇਜੀਆਂ ਕਿ ਨਿਰਮਲੇ ਪਤਿੱਤ ਹਨ। ਇਹ ਕਕਾਰਾਂ ਦੀ ਰਹਿਤ ਨਹੀਂ ਰੱਖਦੇ ਇਨ੍ਹਾਂ ਤਖ਼ਤ ਸੱਚਖੰਡ ਹਜ਼ੂਰ ਸਾਹਿਬ ਤੇ ਜਬਰੀ ਚੜ੍ਹ ਕੇ ਇਸ ਦੀ ਬੇਅਦਬੀ ਕੀਤੀ ਹੈ। ਇਸ ਲਈ ਤਖਤਾਂ ਗੁਰਦੁਆਰਿਆਂ ਵਿਚ ਇਨ੍ਹਾਂ ਦੀ ਅਰਦਾਸ, ਪੂਜਾ, ਭੇਟਾ ਅਤੇ ਦਾਖ਼ਲਾ ਬੰਦ ਕੀਤਾ ਜਾਵੇ। ਰਾਜੇ-ਮਹਾਰਾਜੇ ਕੋਈ ਦਾਨ-ਪੁੰਨ ਨਾ ਦੇਣ, ਮਿਲਵਰਤਣ ਬੰਦ ਕੀਤੀ ਜਾਵੇ। ਦੱਖਣੀ ਸਿੱਖਾਂ ਦਾ ਝੂਠਾ ਪ੍ਰਚਾਰ ਸੁਣਕੇ ਬਿਨਾਂ ਸੋਚੇ-ਸਮਝੇ ਪੰਜਾਬ ਦੇ ਸਿੱਖ ਅਤੇ ਰਾਜੇ-ਮਹਾਰਾਜੇ, ਨਿਰਮਲੇ ਸੰਤਾਂ ਨਾਲ ਤਰਕ-ਵਿਤਰਕ ਕਰਨ ਲੱਗੇ।

ਵਰਣਨਯੋਗ ਹੈ ਕਿ ਇਹ ਹੀ ਉਹ ਸਮਾਂ ਹੈ ਜਦੋਂ ਸਿੱਖਾਂ ਅਤੇ ਨਿਰਮਲੇ ਸੰਤਾਂ ਵਿਚ ਆਪਸੀ ਭੇਦਭਾਵ ਸ਼ੁਰੂ ਹੋ ਗਿਆ ਸੀ। ਭਾਵੇਂ 7 ਮਹੀਨੇ ਬਾਅਦ ਉਕਤ ਕੇਸ ਦਾ ਨਿਪਟਾਰਾ ਹੋ ਗਿਆ ਅਤੇ ਸਾਰੇ ਸੰਤ ਕੇਸ ਵਿਚੋਂ ਬਰੀ ਹੋ ਕੇ ਬਾਹਰ ਆ ਗਏ, ਕੁੱਝ ਦੱਖਣੀਆਂ ਨੂੰ ਸਜਾਵਾਂ ਵੀ ਹੋਈਆਂ ਪ੍ਰੰਤੂ ਫਿਰ ਵੀ ਨਿਰਮਲੇ ਸੰਤਾਂ ਦੇ ਪਹਿਰਾਵੇ, ਕਕਾਰਾਂ ਦੇ ਧਾਰਨੀ ਨਾ ਹੋਣ 'ਤੇ ਸਵਾਲ-ਜਵਾਬ ਹੁੰਦੇ ਰਹੇ। ਇਸ ਸਮੇਂ ਮਹਾਰਾਜਾ ਹੀਰਾ ਸਿੰਘ ਨਾਭਾ ਵੱਲੋਂ ਨਿਰਮਲਿਆਂ ਨੂੰ ਅਖਾੜੇ ਦੀ ਸਿਰਜਣਾ ਸਮੇਂ ਲਗਾਈ ਮਾਲੀ ਮਦਦ ਇਹ ਕਹਿਕੇ

---

[34] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 209.

ਬੰਦ ਕਰ ਦਿੱਤੀ ਕਿ ਪਹਿਲਾਂ ਨਿਰਮਲੇ ਸੰਤ ਕਕਾਰਾਂ ਦੇ ਧਾਰਨੀ ਬਣਨ ਫਿਰ ਮਦਦ ਜਾਰੀ ਹੋਵੇਗੀ। ਪ੍ਰੰਤੂ ਨਿਰਮਲੇ ਸੰਤਾਂ ਨੇ ਕਿਸੇ ਵੀ ਦਬਾਅ ਕਾਰਨ ਕਕਾਰਾਂ ਦੇ ਧਾਰਨੀ ਹੋਣ ਤੋਂ ਇਨਕਾਰ ਕਰ ਦਿੱਤਾ।

ਮਹਾਰਾਜਾ ਨਾਭਾ ਵੱਲੋਂ ਇਹ ਵਿਵਾਦ ਨਿਰਮਲ ਸੰਪ੍ਰਦਾਇ ਦੇ ਦੂਜੇ ਸ੍ਰੀ ਮਹੰਤ ਸਮੇਂ ਸ਼ੁਰੂ ਹੋਇਆ ਅਤੇ ਸੱਤਵੇਂ ਸ੍ਰੀ ਮਹੰਤ ਦੇ ਸਮੇਂ ਤੱਕ ਚੱਲਿਆ। ਅੰਤ ਮਹਾਰਾਜਾ ਹੀਰਾ ਸਿੰਘ ਨਾਭਾ ਨੇ ਆਪਣੀ ਜਿੰਦਗੀ ਦੇ ਅਖੀਰਲੇ ਦਿਨਾਂ ਵਿਚ ਨਿਰਮਲੇ ਸੰਤਾਂ ਨੂੰ "7 ਮੱਘਰ 1968 (1911 ਈ.) ਵਿਚ ਬੁਲਾ ਕੇ ਕਿਹਾ, 'ਨਿਰਮਲਿਓ! ਤੁਸੀਂ ਜਿੱਤੇ ਤੇ ਮੈਂ ਹਾਰਿਆ। ਤੁਹਾਡੀ ਜਗੀਰ, ਅਮਾਨਤਾਂ, ਪੈਸਾ ਦੇਣ ਦਾ ਮੈਂ ਹੁਕਮ ਦੇ ਦਿੱਤਾ ਹੈ। ਤੁਸੀਂ ਚਾਹੋ ਵਸੂਲ ਕਰ ਸਕਦੇ ਹੋ।"[35]

ਭਾਵੇਂ ਇਹ ਮਹਾਰਾਜੇ ਅਤੇ ਸੰਤਾਂ ਵਿਚਲੇ ਵਿਵਾਦ ਦਾ ਹੱਲ ਹੋ ਗਿਆ ਪ੍ਰੰਤੂ ਕੁੱਝ ਸਿੱਖ ਆਗੂ ਨਿਰਮਲੇ ਸੰਤਾਂ ਨੂੰ ਕੈਰੀ ਅੱਖ ਨਾਲ ਦੇਖਣ ਲੱਗੇ। ਜੇਕਰ ਕਿਸੇ ਪੁਜਾਰੀ ਜਾਂ ਪ੍ਰਬੰਧਕ ਨੇ ਇਨ੍ਹਾਂ ਨੂੰ ਗੁਰੂ ਘਰ ਵਿਚ ਵੜਨ ਤੋਂ ਰੋਕਿਆ ਤਾਂ ਇਹ ਆਪਣੀ ਭੇਟਾ ਕਿਸੇ ਹੋਰ ਹੱਥ ਭੇਜਦੇ ਰਹੇ, ਆਪ ਬਾਹਰੋਂ ਹੀ ਨਮਸਕਾਰ ਕਰਕੇ ਗੁਰੂ ਘਰ ਵਿਚ ਆਪਣੀ ਹਾਜ਼ਰੀ ਲਵਾਉਂਦੇ ਰਹੇ। ਨਿਰਮਲੇ ਸੰਤ ਆਪਣੇ ਇਸ਼ਟ ਗੁਰੂ ਨਾਨਕ ਦੇਵ ਜੀ ਅਤੇ ਗੁਰਬਾਣੀ ਦਾ ਸਤਿਕਾਰ ਪ੍ਰਚਾਰ ਪਹਿਲਾਂ ਵਾਂਗ ਹੀ ਕਰਦੇ ਰਹੇ। ਸੰਤਾਂ ਨੇ ਅਕਾਲੀ ਲਹਿਰ ਵਿਚ ਸਰਗਰਮੀ ਨਾਲ ਹਿੱਸਾ ਲਿਆ (ਇਸਦਾ ਜ਼ਿਕਰ ਅੱਗੇ ਕੀਤਾ ਜਾਵੇਗਾ), ਜੇਲ੍ਹਾਂ ਕੱਟੀਆਂ, ਜ਼ੁਰਮਾਨੇ ਭਰੇ, ਬਹੁਤ ਸਾਰੇ ਕਸ਼ਟ ਝੱਲੇ। ਜਦੋਂ 17 ਜੂਨ 1923 ਈ. ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਦੀ ਕਾਰ ਸੇਵਾ ਅਰੰਭ ਹੋਈ ਤਾਂ ਨਿਰਮਲ ਸੰਪ੍ਰਦਾਇ ਦੇ ਸੰਤ ਅਖਾੜੇ ਦੇ ਸ੍ਰੀ ਮਹੰਤ ਰਾਮ ਸਿੰਘ ਹਰੀਕਿਆਂ ਵਾਲੇ ਸਮੇਤ ਕਾਰ ਸੇਵਾ ਵਿਚ ਹੱਥੀ ਕਾਰ ਕਰਕੇ ਹਿੱਸਾ ਪਾਉਂਦੇ ਰਹੇ। ਆਪ ਨੇ ਸਮਕਾਲੀ ਸਿੱਖ ਚਿੰਤਕਾਂ ਨਾਲ ਬਿਨਾਂ ਕਿਸੇ ਗਿਲੇ-ਸ਼ਿਕਵੇ ਦੇ ਪੂਰੇ ਸਮਰਪਣ ਭਾਵ ਸਿੱਖ ਧਰਮ ਦੇ ਸਮੁੱਚੇ ਕਾਰਜਾਂ ਵਿਚ ਆਪਣਾ ਯੋਗਦਾਨ ਦਿੱਤਾ। ਆਪ ਦੇ ਸੇਵਾ-ਭਾਵ ਨੂੰ ਦੇਖਦੇ ਹੋਏ ਸਿੱਖ ਚਿੰਤਕਾਂ ਨੇ ਆਪ ਪ੍ਰਤੀ ਬੇਗਾਨਗੀ ਵਾਲਾ ਰਵੱਈਆ ਤਿਆਗ ਦਿੱਤਾ।

ਇਸ ਸਮੇਂ ਪ੍ਰਸਥਿਤੀਆਂ ਭਾਵੇਂ ਜੋ ਵੀ ਸਨ, ਨਿਰਮਲੇ ਸੰਤਾਂ ਨੇ ਰੰਮਤ ਅਖਾੜੇ ਦੁਆਰਾ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਜਾਰੀ ਰੱਖਿਆ, ਇਹ ਹੀ ਉਨ੍ਹਾਂ ਦਾ ਉਦੇਸ਼ ਸੀ। ਇਹ ਰੰਮਤ ਅਖਾੜੇ ਜਿੱਥੇ ਵੀ ਜਾਂਦੇ

[35] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 212.

ਅਨੇਕਾਂ ਪ੍ਰਾਣੀਆਂ ਨੂੰ ਵਿਦਿਆ-ਦਾਨ ਵੀ ਦਿੰਦੇ ਅਤੇ ਗੁਰਮਤਿ ਨਾਲ ਵੀ ਜੋੜਦੇ। ਨਿਰਮਲੇ ਸੰਤਾਂ ਨੇ ਇਨ੍ਹਾਂ ਰਮਤੇ ਦਲਾਂ ਵਿਚ ਰਹਿਕੇ ਪੂਰੀ ਸੁਹਿਰਦਤਾ ਨਾਲ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕੀਤਾ ਹੈ। ਕਿੰਨੇ ਹੀ ਦੀਵਿਆਂ ਅੰਦਰ ਗੁਰਮਤਿ ਗਿਆਨ ਦੀ ਜੋਤਿ ਜਗਾਈ ਹੈ।

ਰੰਮਤ ਅਖਾੜੇ ਨਿਰੰਤਰ ਗੁਰਆਦੇਸ਼ ਦੀ ਪਾਲਣਾ ਪ੍ਰਤੀ ਰੁਚਿਤ ਸਨ। ਸਾਰਾ ਸਾਲ ਪਿੰਡਾਂ ਅਤੇ ਸ਼ਹਿਰਾਂ ਵਿਚ ਭ੍ਰਮਣ ਕਰਕੇ ਪ੍ਰਚਾਰ ਕਰਨਾ ਹੀ ਇਨ੍ਹਾਂ ਦਾ ਉਦੇਸ਼ ਸੀ। ਵਿਧੀ-ਵਿਧਾਨ ਅਨੁਸਾਰ ਯਾਤਰਾ ਕਰਦੇ ਸਮੇਂ ਰੰਮਤ ਅਖਾੜੇ ਨੂੰ ਜਿੱਥੇ ਚੁਮਾਸਾ ਆ ਜਾਵੇ (ਵਰਖਾ ਦੇ ਚਾਰ ਮਹੀਨੇ) ਕਿਸੇ ਪ੍ਰਸਿੱਧ ਸਥਾਨ 'ਤੇ ਕੈਂਪ ਲਗਾਉਂਦੀ (ਠਹਿਰਾਅ ਕਰਦੀ)। ਇਹ ਕਈ ਮਹੀਨੇ ਚਲਦਾ ਸੀ ਇਸ ਲਈ ਪ੍ਰਚਾਰ ਵਾਸਤੇ ਇਸ ਵਿਚ ਵੱਡੇ-ਵੱਡੇ ਵਿਦਵਾਨ, ਗੁਣੀ-ਗਿਆਨੀ ਅਤੇ ਰਾਗੀ ਜਥੇ ਵੀ ਬੁਲਾਏ ਜਾਂਦੇ ਜੋ ਸਵੇਰੇ-ਸ਼ਾਮ ਆਪਣੀਆਂ ਸੇਵਾਵਾਂ ਦਿੰਦੇ। ਇਕ ਵਾਰ "ਸੰਨ 1950 ਈ. ਵਿਚ ਸ੍ਰੀ ਅੰਮ੍ਰਿਤਸਰ ਰੰਮਤ ਅਖਾੜੇ ਦਾ ਚੁਮਾਸਾ ਲੱਗਾ ਸੀ। ਪ੍ਰਚਾਰ ਸਥਾਨ ਅਕਾਲੀ ਬਾਗ ਵਿਚ ਸੀ ਜੋ ਸ਼ਿਰੋਮਣੀ ਕਮੇਟੀ ਨੇ ਬੜੇ ਪਿਆਰ ਤੇ ਸ਼ਰਧਾ ਨਾਲ ਰਿਹਾਇਸ਼ ਵਾਸਤੇ ਦਿੱਤਾ ਸੀ। ਉਸ ਚਮਾਸੇ ਦੌਰਾਨ ਕਈ ਵੱਡੇ-ਵੱਡੇ ਵਿਦਵਾਨ ਦੀਵਾਨ ਵਿਚ ਆ ਕੇ ਦੋਨੋਂ ਸਮੇਂ ਕਥਾ ਕੀਰਤਨ ਕਰਦੇ ਰਹੇ। ਕਥਾ ਸੁਣਨ ਲਈ ਸਾਰੇ ਸ਼ਹਿਰ ਵਿਚੋਂ ਜਨਤਾ ਬੜੇ ਪਿਅਰ ਨਾਲ ਦੋਨੋਂ ਸਮੇਂ ਦੀਵਾਨ ਵਿਚ ਪੁੱਜਦੀ ਸੀ। ਪੰਥ ਦੇ ਲੀਡਰ ਜਥੇਦਾਰ ਉਧਮ ਸਿੰਘ ਨਾਗੋਕੇ ਅਤੇ ਜਥੇਦਾਰ ਮੋਹਨ ਸਿੰਘ ਅਕਾਲ-ਤਖ਼ਤ ਅਤੇ ਸ੍ਰ. ਈਸ਼ਰ ਸਿੰਘ ਮਝੈਲ ਆਦਿ ਪੰਥਕ ਲੀਡਰ ਵੀ ਰੋਜ਼ਾਨਾ ਕਥਾ ਪ੍ਰਚਾਰ ਸਮੇਂ ਪੁੱਜਦੇ ਸਨ। ਸ਼ਹਿਰ ਵਾਸੀਆਂ ਵੱਲੋਂ ਵੱਡੇ ਪੱਧਰ 'ਤੇ ਭੰਡਾਰੇ ਹੋਏ, ਚਾਰ ਮਹੀਨੇ ਰਹਿਣ ਉੱਤੇ ਵੀ ਭੰਡਾਰੇ ਖ਼ਤਮ ਨਹੀਂ ਹੋਏ। ਅੰਤ ਨੂੰ ਅਖਾੜਾ ਆਪਣੇ ਨਿਯਮਾਂ ਦੀ ਪਾਲਣਾ ਕਰਦਾ ਹੋਇਆ ਪ੍ਰਚਾਰ ਲਈ ਅੱਗੇ ਵਧਿਆ।"[36] ਇਸ ਚਾਰ ਮਹੀਨੇ ਦੇ ਮਹਾਨ ਯੱਗ ਵਿਚ ਅੰਮ੍ਰਿਤਸਰ ਡੇਰਿਆਂ ਅਤੇ ਸੰਤਾਂ-ਮਹੰਤਾਂ ਨੇ ਵਧ ਚੜ੍ਹ ਕੇ ਭਾਗ ਲਿਆ। ਇਨ੍ਹਾਂ ਵਿਚੋਂ ਨਿਰਮਲੇ ਮਹੰਤ ਮੂਲ ਸਿੰਘ (ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ), ਮਹੰਤ ਹਾਕਮ ਸਿੰਘ ਜੀ, ਮਹੰਤ ਜੀਵਨ ਸਿੰਘ ਜੀ ਅਤੇ ਮਹੰਤ ਗਣੇਸ਼ਾ ਸਿੰਘ ਜੀ ਮੁਖੀ ਸਨ। ਰੰਮਤ ਅਖਾੜੇ ਵੱਲੋਂ ਅਜਿਹੇ ਬਹੁਤ ਸਾਰੇ ਦੀਵਾਨ ਸਜਾਏ ਗਏ ਜੋ ਲੋਕਾਂ ਦੇ ਮਨਾਂ 'ਤੇ ਅਮਿੱਟ ਛਾਪ ਛੱਡ ਗਏ।

---

[36] ਗੁਰਦੀਪ ਸਿੰਘ ਕੇਸਰੀ, ਗੁਰੂ ਨਾਨਕ ਦਰਸ਼ਨ ਤੇ ਸਿੱਖ ਧਰਮ ਨੂੰ ਬਹੁਪੱਖੀ ਦੇਣ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 131.

ਰੰਮਤ ਮੁਖੀਏ ਨਿਰਮਲੇ ਵਿਦਵਾਨ ਆਪਣੇ ਜੀਵਨ ਦਾ ਲੰਮਾ ਸਮਾਂ ਰੰਮਤ ਦੁਆਰਾ ਪ੍ਰਚਾਰ ਕਰਦੇ ਫਿਰ ਉਨ੍ਹਾਂ ਦੇ ਸ਼ਿਸ਼ ਜਾਂ ਹੋਰ ਯੋਗ ਵਿਦਵਾਨ ਸੰਤ ਮੁਖੀਏ ਵਜੋਂ ਰੰਮਤ ਦੀ ਜ਼ਿੰਮੇਂਵਾਰੀ ਸੰਭਾਲਦੇ। "ਸੰਤ ਗੁਰਬਚਨ ਸਿੰਘ ਖ਼ਾਲਸਾ ਵੀ ਰੰਮਤ ਫੇਰਦੇ ਰਹੇ ਹਨ। ਇਨ੍ਹਾਂ ਦੇ ਗੁਰਪੁਰੀ ਸਿਧਾਰ ਜਾਣ ਤੋਂ ਬਾਅਦ ਸੰਤ ਸੁੰਦਰ ਸਿੰਘ/ਸੰਤ ਗੁਰਬਚਨ ਸਿੰਘ ਜੀ ਦੀ ਮਰਿਯਾਦਾ ਅਨੁਸਾਰ ਭ੍ਰਮਣ ਦ੍ਵਾਰਾ (ਵਹੀਰ) ਜਥਾ ਫੇਰਕੇ ਤੀਰਥ ਯਾਤਰਾ ਕਰਦੇ ਹੋਏ ਗੁਰਮਤਿ ਅਤੇ ਵਿਦਿਆ ਦਾਨ ਕਰਦੇ ਰਹੇ। ਸੰਨ 1984 ਈ. ਤੋਂ ਬਾਅਦ ਆਪ ਜੀ ਨੇ ਜਥਾ ਫੇਰਨਾ ਬੰਦ ਕਰ ਦਿੱਤਾ।"[37] ਕਾਰਨ ਉਹੀ ਸਨ ਜਿਨ੍ਹਾਂ ਦਾ ਪ੍ਰਚਾਰਕ ਮੰਡਲੀਆਂ ਵਿਚ ਜ਼ਿਕਰ ਕੀਤਾ ਹੈ, ਸਮਕਾਲੀ ਹਾਲਾਤ, ਜਿਗਿਆਸੂਆਂ ਦੀ ਘਟਦੀ ਰੁਚੀ ਅਤੇ ਗੁਰਮਤਿ ਪ੍ਰਚਾਰ ਦੇ ਵਧਦੇ ਸਾਧਨ।

ਵਰਣਨਯੋਗ ਹੈ ਕਿ ਜਿਸ ਤਰ੍ਹਾਂ ਮੰਡਲੀਆਂ ਦੀ ਚਰਚਾ ਸਮੇਂ ਜ਼ਿਕਰ ਕੀਤਾ ਗਿਆ ਹੈ ਕਿ 1976 ਈ. ਤੋਂ ਬਾਅਦ ਸਮੂਹਿਕ ਰੂਪ ਵਿਚ ਨਿਰਮਲੇ ਸੰਤਾਂ ਦੇ ਭ੍ਰਮਣ ਕਰਕੇ ਪ੍ਰਚਾਰ ਕਰਨ ਬਾਰੇ ਇਤਿਹਾਸ ਚੁੱਪ ਹੈ ਉਸੇ ਤਰ੍ਹਾਂ ਸੰਨ 1984 ਈ. ਤੋਂ ਬਾਅਦ ਰੰਮਤ ਬਾਰੇ ਵੀ ਚੁੱਪ ਹੈ। ਰੰਮਤ ਅਖਾੜੇ ਦੁਆਰਾ ਵੀ ਪ੍ਰਚਾਰ ਕਾਫ਼ੀ ਸਮਾਂ ਪਹਿਲਾਂ ਬੰਦ ਹੋ ਗਿਆ ਸੀ।

ਭਾਵੇਂ ਕਈ ਨਿਰਮਲੇ ਵਿਦਵਾਨ ਆਪਣੀਆਂ ਲਿਖਤਾਂ ਵਿਚ ਹੁਣ ਵੀ ਨਿਰਮਲੇ ਸੰਤਾਂ ਵੱਲੋਂ ਮੰਡਲੀ ਫੇਰਨ ਦਾ ਜ਼ਿਕਰ ਕਰਦੇ ਹਨ ਪਰ ਇਸ ਵਿਚ ਕੋਈ ਸਚਾਈ ਨਹੀਂ, ਲਿਖਾਰੀਆਂ ਦੀ ਸ਼ਰਧਾ-ਭਾਵਨਾ ਹੀ ਹੈ। ਹਾਂ, ਜਿਸ ਤਰ੍ਹਾਂ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਸੰਪ੍ਰਦਾਇ ਦੇ ਕਿਸੇ ਵਿਸ਼ੇਸ਼ ਸਮਾਗਮ ਜਾਂ ਤੀਰਥਾਂ 'ਤੇ ਨਿਰਮਲੇ ਸੰਤ ਸਮੂਹਿਕ ਤੌਰ 'ਤੇ ਭਾਗ ਵੀ ਲੈਂਦੇ ਹਨ ਅਤੇ ਗੁਰਮਤਿ ਵਿਚਾਰਾਂ ਵੀ ਕਰਦੇ ਹਨ।

ਇਥੇ ਇਹ ਵੀ ਵਿਚਾਰਨਯੋਗ ਹੈ ਕਿ ਨਿਰਮਲੇ ਸੰਪ੍ਰਦਾਇ ਦੀਆਂ 'ਮੰਡਲੀਆਂ ਅਤੇ ਰੰਮਤ ਅਖਾੜੇ' ਨੇ ਜਿਨ੍ਹਾਂ ਹਾਲਾਤਾਂ ਵਿਚ ਗੁਰਮਤਿ ਪ੍ਰਚਾਰ-ਪ੍ਰਸਾਰ ਕੀਤਾ ਉਹ ਦੂਜੀਆਂ ਸੰਪ੍ਰਦਾਵਾਂ ਦੇ ਇਤਿਹਾਸ ਵਿਚ ਵੇਖਣ ਨੂੰ ਨਹੀਂ ਮਿਲਦਾ।

ਪ੍ਰਸਥਿਤੀਆਂ ਭਾਵੇਂ ਜੋ ਵੀ ਹੋਣ, ਇਸ ਵਿਚ ਕੋਈ ਸ਼ੱਕ ਨਹੀਂ ਕਿ ਨਿਰਮਲੇ ਸੰਤ ਗੁਰਆਦੇਸ਼ ਦੀ ਪਾਲਣਾ ਲਈ ਲੋਕਾਂ ਦੇ ਦਰਾਂ ਤੱਕ ਗਏ। ਸਮੁੱਚੇ ਭਾਰਤ ਵਿਚ ਭ੍ਰਮਣ ਕਰਦਿਆਂ ਥਾਂ-ਥਾਂ ਗੁਰਮਤਿ ਪ੍ਰਚਾਰ ਲਈ ਰੁਕਣਾ, ਦੀਵਾਨ ਸਜਾਉਣੇ, ਕਥਾ-ਕੀਰਤਨ ਦਾ ਪ੍ਰਵਾਹ ਚਲਾਉਣਾ, ਧਰਮ ਗ੍ਰੰਥਾਂ ਦੀ ਵਿਆਖਿਆ

---

[37] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨੇ 675-76.

ਕਰਨੀ, ਅੱਖਰ ਗਿਆਨ ਦੇਣਾ ਅਤੇ ਗੁਰਬਾਣੀ ਦੀ ਸੰਥਿਆ ਦੇਣੀ, ਅੰਮ੍ਰਿਤ ਛਕਾਉਣਾ ਆਦਿ ਕਾਰਜ ਕਰਕੇ ਗੁਰਮਤਿ ਦੀ ਸੇਵਾ ਕੀਤੀ ਹੈ। ਸ਼ਰਧਾਲੂ ਲੋਕਾਂ ਵਿਚੋਂ ਹੀ ਕਿੰਨੇ ਅਜਿਹੇ ਪ੍ਰਾਣੀ ਵੀ ਹੋਏ ਜੋ ਇਕ ਚੰਗੇ ਵਿਦਵਾਨ ਬਣ ਕੇ ਸੰਪ੍ਰਦਾਈ ਮਨੋਰਥ ਹਿਤ ਜਨ-ਸਾਧਾਰਨ ਨੂੰ ਧਰਮ ਵੱਲ ਪ੍ਰੇਰਿਤ ਕਰਨ ਵਿਚ ਜੁਟ ਗਏ। ਨਿਰਮਲੇ ਸੰਤਾਂ ਨੇ ਇਸ ਤਰ੍ਹਾਂ ਥਾਂ-ਥਾਂ ਭ੍ਰਮਣ ਕਰਕੇ ਧਾਰਮਿਕ ਅਤੇ ਦਾਰਸ਼ਨਿਕ ਪੱਧਰ ਉੱਤੇ ਵੱਡਾ ਯੋਗਦਾਨ ਪਾਇਆ।

**3. ਸ਼ਾਸਤ੍ਰਾਰਥਾਂ ਦੁਆਰਾ**

ਕਿਸੇ ਸੰਪ੍ਰਦਾਇ ਦੀ ਵਿਦਵਤਾ ਦੇ ਗਿਆਨ ਪੱਧਰ ਦਾ ਅਨੁਮਾਨ ਲਾਉਣ ਲਈ ਉਸ ਦੇ ਵਿਦਵਾਨਾਂ ਦਾ ਗਿਆਨ ਪੱਧਰ ਵੇਖਿਆ ਜਾਂਦਾ ਹੈ। ਸਿੱਖ ਧਰਮ ਦੀ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਸਮੇਂ-ਸਮੇਂ ਹੋਈ ਧਰਮ ਸ਼ਾਸਤ੍ਰੀ ਬਹਿਸ ਵਿਚ ਆਪਣੀ ਵਿਦਵਤਾ ਦਾ ਲੋਹਾ ਮਨਵਾਇਆ ਹੈ। ਨਿਰਮਲ ਸੰਪ੍ਰਦਾਇ ਦੇ ਇਤਿਹਾਸ ਵਿਚ ਇਹ ਸਮਾਂ ਕਈ ਵਾਰ ਆਇਆ। ਕਈ ਵਾਰ ਉਨ੍ਹਾਂ ਨੂੰ ਜਾਂ ਕਈ ਵਾਰ ਸਮੁੱਚੇ ਸਿੱਖ ਪੰਥ ਨੂੰ ਦੂਜੇ ਮਤ ਦੇ ਪੈਰੋਕਾਰਾਂ ਵੱਲੋਂ ਚੁਣੋਤੀਆਂ ਦਿੱਤੀਆਂ ਗਈਆਂ। ਨਿਰਮਲੇ ਵਿਦਵਾਨਾਂ ਨੇ ਸਿੱਧੇ-ਅਸਿੱਧੇ ਰੂਪ ਵਿਚ ਮਿਲੀਆਂ ਇਨ੍ਹਾਂ ਚੁਣੌਤੀਆਂ ਨੂੰ ਸਵੀਕਾਰ ਕੀਤਾ ਅਤੇ ਧਰਮ ਸ਼ਾਸਤ੍ਰੀ ਬਹਿਸ ਵਿਚੋਂ ਜੇਤੂ ਹੋ ਕੇ ਸਿੱਖ ਧਰਮ ਦੇ ਅਕਸ ਨੂੰ ਉਭਾਰਿਆ ਹੈ।

ਨਿਰਮਲ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖ ਸ਼ਾਸਤ੍ਰਾਰਥਾਂ ਦੁਆਰਾ ਵੀ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ ਹਨ। ਜਦੋਂ ਵੀ ਕਿਤੇ ਨਿਰਮਲ ਸੰਪ੍ਰਦਾਇ ਦੂਜੇ ਮਤਾਂ ਦੇ ਪੈਰੋਕਾਰਾਂ ਵੱਲੋਂ ਉਨ੍ਹਾਂ ਨੂੰ ਧਰਮ ਸ਼ਾਸਤ੍ਰੀ ਬਹਿਸ ਲਈ ਵੰਗਾਰਿਆ ਗਿਆ ਤਾਂ ਨਿਰਮਲੇ ਸੰਤ ਹਰ ਵਾਰ ਧਰਮ ਸ਼ਾਸਤ੍ਰੀ ਬਹਿਸ ਵਿਚ ਧਾਰਮਿਕ ਦ੍ਰਿਸ਼ਟਾਂਤ ਦੇ ਕੇ ਵਿਜਈ ਹੁੰਦੇ ਰਹੇ। (ਇਸ ਸੰਬੰਧੀ ਚਰਚਾ ਪਿਛਲੇ ਅਧਿਆਇਆਂ ਵਿਚ ਹੋ ਚੁੱਕੀ ਹੈ)

ਨਿਰਮਲੇ ਸੰਤ ਜਦੋਂ ਧਰਮ ਸ਼ਾਸਤ੍ਰੀ ਬਹਿਸ ਵਿਚ ਭਾਗ ਲੈਂਦੇ ਸਨ ਤਾਂ ਉਹ ਵੇਦਾਂਤ ਵਿਚੋਂ ਵੀ ਦਾਰਸ਼ਨਿਕ ਪ੍ਰਮਾਣ ਦੇ ਕੇ ਗੁਰਮਤਿ ਨੂੰ ਉੱਤਮ ਦਰਸਾਉਣ ਦੀ ਕਾਬਲੀਅਤ ਰੱਖਦੇ ਸਨ। ਇਨਾਂ ਨਿਰਮਲੇ ਵਿਦਵਾਨਾਂ ਦੇ ਸ਼ਾਸਤ੍ਰਾਰਥਾਂ ਵਿਚੋਂ ਜੇਤੂ ਹੋਣ ਪਿੱਛੇ ਉਨ੍ਹਾਂ ਦੀ ਬਹੁਤ ਵੱਡੀ ਘਾਲਣਾ ਹੈ। ਧਰਮ ਸ਼ਾਸਤ੍ਰੀ ਬਹਿਸ ਵਿਚ ਜਾਣ ਤੋਂ ਪਹਿਲਾਂ ਧਰਮ ਗ੍ਰੰਥਾਂ ਦਾ ਗੂੜ੍ਹ ਗਿਆਨ ਹੋਣਾ ਜ਼ਰੂਰੀ ਹੈ ਅਤੇ ਵੱਖ-ਵੱਖ ਸ਼ਾਸਤ੍ਰਾਰਥਾਂ ਵਿਚ ਗੁਰਮਤਿ ਸਿਧਾਂਤਾਂ ਦੀ ਉੱਚਤਾ ਦਰਸਾ ਕੇ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਸਾਬਤ ਕਰ ਦਿੱਤਾ ਕਿ

ਸਿੱਖ ਧਰਮ ਸ਼ਸਤ੍ਰ ਦੇ ਨਾਲ-ਨਾਲ ਸ਼ਾਸਤ੍ਰਾਰਥ ਵਿਚ ਵੀ ਨਿਪੁੰਨ ਮਤ ਹੈ। ਇਸ ਨੂੰ ਨਿਰਮਲ ਸੰਪ੍ਰਦਾਇ ਦੀ ਧਾਰਮਿਕ ਅਤੇ ਦਾਰਸ਼ਨਿਕ ਸੇਵਾ ਵਜੋਂ ਦੇਖਿਆ ਜਾ ਸਕਦਾ ਹੈ।

**1910 ਈ. ਤੋਂ 2010 ਈ. ਤੱਕ**

ਨਿਰਮਲ ਸੰਪ੍ਰਦਾਇ ਦੇ ਇਤਿਹਾਸ ਵਿਚ ਜਿੰਨੇ ਵੀ ਸ਼ਾਸਤ੍ਰਾਰਥੀਆਂ ਦਾ ਜ਼ਿਕਰ ਪੜ੍ਹਨ ਨੂੰ ਮਿਲਦਾ ਹੈ ਉਹ ਸਾਰੇ ਵਿਦਵਾਨ 19ਵੀਂ ਸਦੀ ਦੇ ਹਨ। ਸਿਰਫ਼ ਇਕ ਵਿਦਵਾਨ ਗਿਆਨੀ ਗਿਆਨ ਸਿੰਘ 1910 ਈ. ਤੋਂ ਬਾਅਦ ਦੇ ਹਨ, ਉਨ੍ਹਾਂ ਦੇ ਸ਼ਾਸਤ੍ਰਾਰਥ ਦਾ ਜ਼ਿਕਰ ਤਾਂ ਹੈ ਪਰ ਕੋਈ ਵੀ ਸਰੋਤ ਉਨ੍ਹਾਂ ਦੇ ਸ਼ਾਸਤ੍ਰਾਰਥ ਦੇ ਸਮਾਂ-ਕਾਲ ਦਾ ਹੁੰਘਾਰਾ ਨਹੀਂ ਭਰਦਾ। ਇਤਿਹਾਸ ਵਿਚ ਕਿਤੇ ਵੀ 1910 ਈ. ਤੋਂ ਬਾਅਦ ਕਿਸੇ ਨਿਰਮਲੇ ਵਿਦਵਾਨ ਦੇ ਹੋਏ ਸ਼ਾਸਤ੍ਰਾਰਥ ਦਾ ਜ਼ਿਕਰ ਨਹੀਂ ਮਿਲਦਾ।

ਨਿਰਮਲ ਸੰਪ੍ਰਦਾਇ ਦੇ ਵਿਦਵਾਨ ਧਰਮ ਦੇ ਗੂੜ੍ਹ ਗਿਆਨ ਦੇ ਗਿਆਤਾ ਸਨ, ਇਹ ਉਨ੍ਹਾਂ ਕਈ ਵਾਰ ਧਰਮ ਸਾਸ਼ਤ੍ਰੀ ਬਹਿਸ ਵਿਚ ਸਿੱਧ ਵੀ ਕੀਤਾ ਹੈ। ਨਿਰਮਲੇ ਸੰਤਾਂ ਦੁਆਰਾ ਇਸ ਤਰ੍ਹਾਂ ਦੀਆਂ ਬਹਿਸਾਂ ਵਿਚੋਂ ਜੇਤੂ ਹੋਣਾ ਉਨ੍ਹਾਂ ਦਾ ਧਾਰਮਿਕ ਅਤੇ ਦਾਰਸ਼ਨਿਕ ਪੱਧਰ 'ਤੇ ਵਡਮੁੱਲੇ ਯੋਗਦਾਨ ਨੂੰ ਬਿਆਨ ਕਰਦਾ ਹੈ।

**4. ਗੁਰਮੁਖੀ, ਗੁਰਬਾਣੀ, ਕਥਾ/ਕੀਰਤਨ/ਸੰਗੀਤ ਅਤੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦੁਆਰਾ**

**ਗੁਰਮੁਖੀ**

ਨਿਰਮਲੇ ਮਹਾਂਪੁਰਖਾਂ ਨੇ ਜਿੱਥੇ ਗੁਰਮਤਿ ਦੇ ਹੋਰ ਖੇਤਰਾਂ ਵਿਚ ਆਪਣਾ ਵਡਮੁੱਲਾ ਯੋਗਦਾਨ ਪਾ ਕੇ ਧਰਮ ਦੀ ਸੇਵਾ ਕੀਤੀ ਉਥੇ ਗੁਰਮੁਖੀ ਲਿਪੀ ਨੂੰ ਲੋਕਾਂ ਵਿਚ ਪ੍ਰਚਾਰਿਆ ਤਾਂ ਜੋ ਇਹ ਲੋਕ ਗੁਰਮੁਖੀ ਲਿਪੀ ਦੇ ਜਾਣਕਾਰ ਹੋ ਕੇ ਗੁਰਬਾਣੀ ਪੜ੍ਹਨ, ਸਮਝਣ ਅਤੇ ਲਿਖਣਯੋਗ ਹੋ ਸਕਣ।

**ਗੁਰਬਾਣੀ**

ਨਿਰਮਲੇ ਸੰਤਾਂ ਨੇ ਗੁਰਬਾਣੀ ਨੂੰ ਨਾ ਸਿਰਫ਼ ਸੰਭਾਲਿਆ ਬਲਕਿ ਉਨ੍ਹਾਂ ਗੁਰਬਾਣੀ ਦੇ ਉਤਾਰੇ ਵੀ ਕੀਤੇ। ਨਿਰਮਲੇ ਵਿਦਵਾਨ ਸੰਤਾਂ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਖੀਆਂ, ਬਾਣੀਆਂ ਦੇ ਗੁਟਕੇ ਲਿਖੇ, ਗੁਰਬਾਣੀ ਦੇ ਟੀਕੇ ਕੀਤੇ ਅਤੇ ਫਿਰ ਲੋਕਾਂ ਨੂੰ ਬਾਣੀ ਦੇ ਅਰਥ ਸਮਝਾ ਕੇ ਉਨ੍ਹਾਂ ਨੂੰ ਗੁਰਮਤਿ ਵਿਚ ਢਲਣ ਲਈ ਪ੍ਰੇਰਿਆ।

**ਗੁਰਦੁਆਰੇ**

ਸਿੱਖ ਗੁਰੂ ਸਾਹਿਬਾਨ ਨੇ ਧਰਤੀ ਦੇ ਜਿਸ ਵੀ ਟੁਕੜੇ ਨੂੰ ਛੂਹਿਆ, ਉਹ ਸਥਾਨ ਹਰ ਸਿੱਖ ਲਈ ਪੂਜਣਯੋਗ ਹੋ ਗਿਆ ਤੇ ਉਥੇ ਸਿੱਖਾਂ ਦਾ ਧਰਮ ਸਥਾਨ (ਗੁਰਦੁਆਰਾ) ਬਣ ਗਿਆ। ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਕਈ ਧਰਮ ਸਥਾਨ ਪ੍ਰਗਟ ਵੀ ਕੀਤੇ ਤੇ ਕਈ ਧਰਮ ਸਥਾਨਾਂ ਦੀ ਸੇਵਾ-ਸੰਭਾਲ ਵੀ ਕੀਤੀ। ਇਨ੍ਹਾਂ ਧਰਮ ਸਥਾਨਾਂ ਤੋਂ ਗੁਰਸੰਦੇਸ਼ ਪ੍ਰਚਾਰ ਕੇ ਨਿਰਮਲੇ ਸੰਤਾਂ ਨੇ ਧਾਰਮਿਕ ਸੇਵਾ ਵਿਚ ਯੋਗਦਾਨ ਪਾਇਆ ਹੈ।

**ਗੁਰਮੁਖੀ ਅਤੇ ਗੁਰਬਾਣੀ ਦੁਆਰਾ ਧਾਰਮਿਕ ਯੋਗਦਾਨ**

ਨਿਰਮਲੇ ਸੰਤਾਂ ਨੇ "ਪਿੰਡ-ਪਿੰਡ ਡੇਰੇ ਕਾਇਮ ਕਰਕੇ ਗੁਰਮੁਖੀ/ਗੁਰਬਾਣੀ ਦਾ ਵਡਮੁੱਲਾ ਪ੍ਰਚਾਰ ਕੀਤਾ। ਜਦੋਂ ਦੇਸ ਵਿਚ ਸਕੂਲ ਨਹੀਂ ਸਨ ਤਾਂ ਉਸ ਵੇਲੇ ਮਹਾਂਪੁਰਖਾਂ ਦੇ ਡੇਰੇ ਹੀ ਸਕੂਲਾਂ/ਕਾਲਜਾਂ ਦਾ ਕੰਮ ਕਰਦੇ ਸਨ। ਪੜ੍ਹਾਈ ਕੇਵਲ ਗੁਰਮੁਖੀ ਲਿਪੀ ਵਿਚ ਹੀ ਕਰਵਾਈ ਜਾਂਦੀ ਸੀ। ਉਸ ਸਮੇਂ ਮਹਾਂਪੁਰਖ ਗੁਰਮੁਖੀ ਪੜ੍ਹਾਉਂਦੇ ਵੀ ਸਨ ਅਤੇ ਗੁਰਮੁਖੀ ਦੀ ਲਿਖਾਈ ਵੀ ਕਰਦੇ ਸਨ।"[38] ਨਿਰਮਲੇ ਸੰਤਾਂ ਨੇ ਭਾਵੇਂ ਦੂਜੀਆਂ ਲਿਪੀਆਂ ਦਾ ਵੀ ਅਧਿਐਨ ਕੀਤਾ ਪ੍ਰੰਤੂ ਉਨ੍ਹਾਂ ਨੇ ਗੁਰਮਤਿ ਦੇ ਪ੍ਰਚਾਰ ਸਮੇਂ ਗੁਰਮੁਖੀ ਨੂੰ ਪਹਿਲ ਦਿੱਤੀ। ਗੁਰੂ ਕੀ ਕਾਸ਼ੀ ਤਲਵੰਡੀ ਸਾਬੋ ਲਿਖਾਰੀਆਂ ਦੀ ਟਕਸਾਲ ਰਹੀ ਹੈ। ਇਥੋਂ ਦੀ ਪ੍ਰਚਲਿਤ ਗੁਰਮੁਖੀ ਨੂੰ 'ਦਮਦਮੀ ਗੁਰਮੁਖੀ' ਕਿਹਾ ਜਾਂਦਾ ਸੀ। ਸੰਤ ਹੀਰਾ ਸਿੰਘ ਜੀ, ਜੋ ਦਮਦਮਾ ਸਾਹਿਬ ਵਿਖੇ ਸੇਵਾ ਕਰਦੇ ਸਨ। ਆਪ "ਗੁਰਬਾਣੀ ਅਤੇ ਗੁਰ ਇਤਿਹਾਸ ਦੇ ਵਿਦਵਾਨ ਬਣੇ, ਗੁਰਮੁਖੀ ਲਿਪੀ ਦੇ ਲਿਖਾਰੀ ਸਨ। ਆਪ ਜੀ ਦੀ ਸੁੰਦਰ ਲਿਖਤ ਵਿਚ ਲਿਖੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਮਿਲਦੇ ਹਨ। ਸੰਨ 1945 ਈ. ਵਿਚ ਜਦੋਂ ਲੁਧਿਆਣਾ ਵਿਚ ਈਸਾਈ ਮਿਸ਼ਨਰੀਆਂ ਪ੍ਰੈਸ ਲਈ ਗੁਰਮੁਖੀ ਅੱਖਰ ਢਾਲੇ ਤਾਂ ਗੁਰਮੁਖੀ ਦੀਆਂ ਲਿਪੀਆਂ ਦੇ ਕਈ ਤਰ੍ਹਾਂ ਦੇ ਨਮੂਨੇ ਵਿਚਾਰੇ ਗਏ ਸਨ। ਅੰਤ ਆਪ ਜੀ ਵਾਲੀ ਗੁਰਮੁਖੀ ਲਿਪੀ ਨੂੰ ਸੁੰਦਰ ਸਰਲ ਅਤੇ ਸਪਸ਼ਟ ਸਮਝ ਕੇ ਢਾਲਿਆ ਗਿਆ ਸੀ। ਵਲਾਇਤ ਦੀ ਸੋਸਾਇਟੀ ਵੱਲੋਂ ਆਪ ਜੀ ਨੂੰ 500/- ਰੁਪਏ ਨਗਦ ਅਤੇ ਖਿਲਅਤ ਭੇਟਾ ਕੀਤਾ ਗਿਆ।"[39] ਨਿਰਮਲੇ ਸੰਤਾਂ ਨੇ ਵੀ ਇਸੇ ਗੁਰਮੁਖੀ ਨੂੰ ਅਪਣਾ ਕੇ ਪ੍ਰਚਾਰਿਆ।

---

[38] ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 44.

[39] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 923.

ਨਿਰਮਲੇ ਸੰਤਾਂ ਨੇ ਆਪਣੀਆਂ ਲਿਖਤਾਂ ਵਿਚ ਗੁਰਮੁਖੀ ਨੂੰ ਪ੍ਰਮੁੱਖਤਾ ਦਿੱਤੀ, ਇਨ੍ਹਾਂ ਦੁਆਰਾ "ਪੰਜਾਬ ਵਿਚ ਜਿੰਨੇ ਨਵੇਂ ਗ੍ਰੰਥਾਂ ਦੀ ਰਚਨਾ ਹੁੰਦੀ ਸੀ, ਉਨ੍ਹਾਂ ਦੀ ਭਾਸ਼ਾ ਭਾਵੇਂ ਬ੍ਰਜ ਭਾਸ਼ਾ ਹੁੰਦੀ ਸੀ, ਪਰ ਲਿਪੀ ਗੁਰਮੁਖੀ ਸੀ। ਜਿਵੇਂ *ਗੁਰੁ ਪ੍ਰਤਾਪ ਸੂਰਜ, ਮੋਕਸ਼ ਪੰਥ ਪ੍ਰਕਾਸ਼, ਅਧਿਆਤਮ ਰਮਾਇਣ, ਹਨੂੰਮਾਨ ਨਾਟਕ, ਮੇਘ ਬਿਨੋਦ, ਪੰਥ ਪ੍ਰਕਾਸ਼* ਆਦਿ।"[40] ਸ਼ੁਰੂ ਤੋਂ ਲੈ ਕੇ ਅੱਜ ਤੱਕ ਨਿਰਮਲ ਸੰਪ੍ਰਦਾਇ ਵਿਚ ਸ਼ਾਮਲ ਹੋਣ ਦੀਆਂ ਮੁੱਢਲੀਆਂ ਸ਼ਰਤਾਂ ਵਿਚ ਹਰ ਵਿਦਿਆਰਥੀ ਸੰਤ ਲਈ ਪਹਿਲਾਂ ਗੁਰਮੁਖੀ ਪੜ੍ਹਨਾ ਲਿਖਣਾ ਲਾਜ਼ਮੀ ਹੈ।

ਨਿਰਮਲੇ ਸੰਤ ਆਪਣੇ ਸਥਾਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਗੁਰਮੁਖੀ ਅਤੇ ਗੁਰਬਾਣੀ ਪੜ੍ਹਾਉਣ ਨੂੰ ਆਪਣੀ ਜ਼ਿੰਮੇਵਾਰੀ ਸਮਝਦੇ ਸਨ। ਉਹ ਘਰ-ਘਰ ਵਿਚ ਜਾ ਕੇ ਗੁਰਮੁਖੀ ਪੜ੍ਹਾਉਂਦੇ, ਗੁਰਇਤਿਹਾਸ ਅਤੇ ਗੁਰਬਾਣੀ ਦੇ ਦੁਆਰਾ ਗੁਰਮਤਿ ਸਿਧਾਂਤ ਤੋਂ ਜਾਣੂ ਕਰਵਾਉਂਦੇ ਹੋਏ ਔਸ਼ਧੀਆਂ ਦੁਆਰਾ ਰੋਗੀਆਂ ਦੀ ਰੋਗ ਨਵਿਰਤੀ ਕਰਕੇ ਗੁਰੂ ਚਰਨਾਂ ਨਾਲ ਜੋੜਦੇ। ਇਨ੍ਹਾਂ ਡੇਰਿਆਂ ਆਸ਼ਰਮਾਂ ਵਿਚ ਰਹਿੰਦਿਆਂ ਸੰਤ ਮਹਾਂਪੁਰਖ ਗੁਰਬਾਣੀ ਦੇ ਉਤਾਰੇ, ਗੁਰਬਾਣੀ ਪੋਥੀਆਂ, ਗੁਟਕੇ ਅਤੇ "ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਲਿਖ ਕੇ ਮੁਫ਼ਤ ਸੇਵਾ ਕਰਦੇ ਰਹੇ। ਸ੍ਰੀ ਮਾਨ ਸੰਤ ਬਾਬਾ ਬੱਲਾ ਸਿੰਘ ਜੀ ਨੇ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਅਤੇ ਇਕ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬੀੜ ਲਿਖੀ। ਪਰਮ ਵੀਤਰਾਗ ਸ੍ਰੀ ਮਾਨ ਸੁਆਮੀ ਭਗਤ ਸਿੰਘ ਜੀ ਪਿੰਡੀਘੇਬ ਵਾਲਿਆਂ ਨੇ ਪੰਜ ਬੀੜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਲਿਖੀਆਂ। ਸ੍ਰੀ ਮਾਨ ਸੰਤ ਵਧਾਵਾ ਸਿੰਘ ਜੀ ਲਹਿਰਾ ਖਾਨਾ ਬਠਿੰਡਾ ਵਾਲਿਆਂ ਨੇ ਸ੍ਰੀ ਗੁਰੂ ਗੰਥ ਸਾਹਿਬ ਜੀ ਦੀਆਂ ਤਿੰਨ ਬੀੜਾਂ ਲਿਖੀਆ। ਐਸੇ ਹੋਰ ਵੀ ਅਨੇਕਾਂ ਮਹਾਂਪੁਰਖ ਹੋਏ ਹਨ, ਇਹ ਤਾਂ ਕੇਵਲ ਸੰਕੇਤ ਮਾਤ੍ਰ ਹੈ।"[41]

ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਸਿੱਖੀ ਨੂੰ ਪ੍ਰਫੁਲਿਤ ਕਰਨ ਲਈ ਹਰ ਸੰਭਵ ਉਪਰਾਲਾ ਕੀਤਾ। ਉਹ ਪਿੰਡਾਂ ਵਿਚ ਜਾ ਕੇ ਆਪਣੇ ਟਿਕਾਣੇ ਬਣਾਉਂਦੇ ਅਤੇ ਆਪਣਾ ਪੇਟ ਭਰਨ ਲਈ ਲੋਕਾਂ ਦੇ ਦਰਾਂ 'ਤੇ ਮਧੂਕੜੀ ਮੰਗਣ ਲਈ ਜਾਂਦੇ। ਇਸ ਦੌਰਾਨ ਉਹ ਲੋਕਾਂ ਨੂੰ ਗੁਰੂ ਉਪਮਾ ਦੀਆਂ ਕਥਾਵਾਂ ਸੁਣਾ ਕੇ ਉਨ੍ਹਾਂ ਦੇ

---

[40] ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ, ਡਾ. ਸਰਬਜਿੰਦਰ ਸਿੰਘ (ਸੰਪਾ.), *ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ*, ਭਾਗ ਤੀਜਾ, ਪੰਨਾ 196.

[41] ਸੰਤ ਦਰਸ਼ਨ ਸਿੰਘ ਸ਼ਾਸਤ੍ਰੀ, ਸੰਤ ਸਤਨਾਮ ਸਿੰਘ ਸ਼ਾਸਤ੍ਰੀ, ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਭੇਖ ਤਥਾ ਨਿਰਮਲੇ ਸੰਤਾਂ ਦਾ ਸਮਾਜ ਨੂੰ ਸਰਵਪੱਖੀ ਯੋਗਦਾਨ, ਡਾ. ਹਰਭਜਨ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ ਦੀ ਗੁਰੂਬਾਣੀ ਵਿਆਖਿਆਕਾਰੀ*, ਪੰਨਾ 38.

ਮਨਾਂ ਵਿਚ ਗੁਰਮਤਿ ਦੀ ਚਿਣਗ ਜਗਾਉਂਦੇ। ਪਰਿਵਾਰ ਨੂੰ ਗੁਰਮਤਿ ਵੱਲ ਤੋਰਦੇ ਹੋਏ ਉਹ ਪ੍ਰਾਣੀਆਂ ਨੂੰ ਜਪੁਜੀ ਸਾਹਿਬ ਦੀ ਇਕ ਤੁਕ ਦਾ ਅਭਿਆਸ ਕਰਾਉਂਦੇ ਅਤੇ ਉਸ ਤੁਕ ਨੂੰ ਅਗਲੇ ਦਿਨ ਤੱਕ ਚੰਗੀ ਤਰ੍ਹਾਂ ਕੰਠ ਕਰਨ ਲਈ ਪ੍ਰੇਰਦੇ। ਇਸ ਤਰ੍ਹਾਂ ਹੌਲੀ-ਹੌਲੀ ਉਹ ਪਰਿਵਾਰ ਜਪੁਜੀ ਸਾਹਿਬ ਦਾ ਸਾਰਾ ਪਾਠ ਕਰਨ ਲੱਗ ਜਾਂਦਾ। ਫਿਰ ਉਹ ਉਨ੍ਹਾਂ ਨੂੰ ਗੁਰਬਾਣੀ ਦੀ ਸਮਝ ਲਈ ਗੁਰਮੁਖੀ ਦਾ ਅਭਿਆਸ ਕਰਵਾਉਂਦੇ। ਇਸ ਤਰ੍ਹਾਂ ਉਹ ਪਰਿਵਾਰਕ ਨੇੜਤਾ ਨਾਲ ਲੋਕ ਸ਼ਰਧਾਲੂ ਦੇ ਰੂਪ ਵਿਚ ਸੰਤਾਂ ਦੇ ਸਥਾਨਾਂ ਤੱਕ ਆਉਣ ਲਗਦੇ ਤੇ ਇਹ ਸੰਤ ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਲੜ ਲਾਉਂਦੇ ਰਹੇ। ਹੌਲੀ-ਹੌਲੀ ਇਨ੍ਹਾਂ ਦੇ ਰਹਿਣ ਦੇ ਸਥਾਨਾਂ ਨੂੰ ਸੰਗਤ ਨੇ ਕੁੱਲੀਆਂ ਤੋਂ ਪੱਕੇ ਸਥਾਨਾਂ ਵਿਚ ਬਦਲ ਦਿੱਤਾ, ਜੋ ਨਿਰਮਲਿਆਂ ਦੇ ਡੇਰੇ ਬਣੇ।

ਨਿਰਮਲੇ ਸੰਤਾਂ ਦੇ ਡੇਰਿਆਂ ਵਿਚ ਕਥਾ, ਕੀਰਤਨ, ਅੱਖਰ ਗਿਆਨ, ਔਸ਼ਦਾਲਿਆ ਆਦਿ ਸੰਯੁਕਤ ਰੂਪ ਵਿਚ ਚਲਦੇ ਸਨ। ਇਹ ਡੇਰੇ ਗੁਰਬਾਣੀ ਦੀਆਂ ਟਕਸਾਲਾਂ ਸਨ ਜਿੱਥੇ ਉਹ ਗੁਰਬਾਣੀ ਦੇ ਉਤਾਰੇ ਅਤੇ ਸਮਕਾਲੀ ਪ੍ਰਚਲਿਤ ਭਾਸ਼ਾਵਾਂ ਵਿਚ ਗੁਰਬਾਣੀ ਦੇ ਟੀਕੇ ਕਰਦੇ, ਜਨ-ਸਾਧਾਰਨ ਨੂੰ ਗੁਰਮੁਖੀ ਅਤੇ ਦੂਜੀਆਂ ਭਾਸ਼ਾਵਾਂ ਦਾ ਅੱਖਰ ਗਿਆਨ ਦਿੰਦੇ, ਕੀਰਤਨ ਰਾਹੀਂ ਗੁਰੂ ਜਸ ਗਾਉਂਦੇ-ਸਿਖਾਉਂਦੇ ਸਨ।

### ਕਥਾ-ਕੀਰਤਨ, ਰਾਗ-ਸੰਗੀਤ ਦੁਆਰਾ ਗੁਰਮਤਿ ਪ੍ਰਚਾਰ

ਨਿਰਮਲੇ ਸੰਤਾਂ ਨੇ ਜਿੱਥੇ ਗੁਰਮਤਿ ਦੇ ਬਾਕੀ ਖੇਤਰਾਂ ਵਿਚ ਪ੍ਰਬੀਨਤਾ ਹਾਸਲ ਕੀਤੀ ਉਥੇ ਕਥਾ-ਕੀਰਤਨ ਅਤੇ ਸੰਗੀਤ ਵਿਦਿਆ ਵੀ ਹਾਸਲ ਕੀਤੀ। ਨਿਰਮਲੇ ਸੰਤ ਆਪਣੇ ਸਥਾਨਾਂ ਅਤੇ ਪ੍ਰਚਾਰ ਮੰਡਲੀਆਂ ਵਿਚ ਸੰਤ ਵਿਦਿਆਰਥੀਆਂ ਨੂੰ ਸਾਹਿਤਕ ਵਿਦਿਆ ਦੇ ਨਾਲ-ਨਾਲ ਰਾਗ/ਕੀਰਤਨ ਦਾ ਅਭਿਆਸ ਵੀ ਕਰਵਾਉਂਦੇ ਰਹਿੰਦੇ ਸਨ। ਨਿਰਮਲੇ ਸੰਤਾਂ ਦਾ ਉਦੇਸ਼ ਗੁਰਮਤਿ ਪ੍ਰਚਾਰ ਸੀ ਇਸ ਲਈ ਉਨ੍ਹਾਂ ਗੁਰਬਾਣੀ ਪ੍ਰਚਾਰਨ ਲਈ ਕਈ ਤਰੀਕਿਆਂ ਵਿਚੋਂ ਰਾਗ/ਕੀਰਤਨ/ਸੰਗੀਤ ਨਾਲ ਵੀ ਗੁਰਬਾਣੀ ਦਾ ਪ੍ਰਚਾਰ ਕੀਤਾ। ਸਮੁੱਚੀ ਗੁਰਬਾਣੀ ਰਾਗਬੱਧ ਹੈ ਅਤੇ ਬਾਣੀ ਦਾ ਸਹੀ ਰਾਗਾਂ ਵਿਚ ਗਾਇਨ ਕਰਨ ਦੀ ਵਿਦਿਆ ਦੇਣ ਲਈ ਨਿਰਮਲੇ ਸੰਤਾਂ ਨੇ ਵਿਦਿਆ ਦੇ ਬਾਕੀ ਵਿਦਿਆਲਿਆਂ ਦੇ ਨਾਲ-ਨਾਲ ਸੰਗੀਤ ਵਿਦਿਆਲਿਆਂ ਦਾ ਨਿਰਮਾਣ ਵੀ ਕੀਤਾ ਜਿਨ੍ਹਾਂ ਵਿਚੋਂ ਕੁੱਝ ਸਥਾਨਾਂ ਦਾ ਜ਼ਿਕਰ ਪਿੱਛੇ ਹੋ ਚੁੱਕਾ ਹੈ। ਨਿਰਮਲੇ ਸੰਤਾਂ ਦਾ ਰਾਗ/ਕੀਰਤਨ ਦੇ ਖੇਤਰ ਵਿਚ ਸਨਮਾਨਯੋਗ ਸਥਾਨ ਹੈ। ਸੰਗੀਤ ਦੇ ਗਿਆਤਾ ਨਿਰਮਲੇ ਸੰਤਾਂ ਦੀ ਲੜੀ ਲੰਮੀ ਹੈ, ਜਿਨ੍ਹਾਂ ਵਿਚ ਕੁੱਝ ਨਾਮ ਇਸ ਤਰ੍ਹਾਂ ਹਨ:

**ਸੰਤ ਬਾਬਾ ਮਿਸ਼ਰਾ ਸਿੰਘ ਜੀ**

ਸੰਤ ਬਾਬਾ ਮਿਸ਼ਰਾ ਸਿੰਘ ਜੀ ਦਾ ਜਨਮ ਸੰਨ 1812 ਈ. ਨੂੰ ਅੰਮ੍ਰਿਤਸਰ ਵਿਚ ਹੋਇਆ। ਇਨ੍ਹਾਂ ਨੇ ਵੀਹ ਸਾਲ ਦੀ ਉਮਰ ਤੱਕ ਗੁਰਮਤਿ ਸਿਧਾਂਤ ਅਤੇ ਰਾਗ ਵਿਦਿਆ ਵਿਚ ਚੰਗੀ ਨਿਪੁੰਨਤਾ ਹਾਸਲ ਕਰ ਲਈ ਸੀ। ਫਿਰ ਇਨ੍ਹਾਂ ਨੇ ਗ੍ਰਿਹਿਸਥ ਧਾਰਨ ਕਰ ਲਿਆ, ਉਪਰੰਤ ਘਰ-ਬਾਰ ਤਿਆਗ ਠਾਕੁਰ ਦਿਆਲ ਸਿੰਘ ਜੀ ਦੇ ਸ਼ਿਸ਼ ਬਣ ਗਏ। ਇਹ ਡੇਰੇ ਵਿਚ ਸੇਵਾ ਦੇ ਨਾਲ ਸਵੇਰੇ-ਸ਼ਾਮ ਕੀਰਤਨ ਕਰਦੇ ਪ੍ਰਸਿੱਧ ਰਾਗੀਆਂ ਵਿਚੋਂ ਗਿਣੇ ਗਏ। "ਆਪ ਜੀ ਦੇ ਕੀਰਤਨ ਦਾ ਸਰੋਤਿਆਂ ਤੇ ਅਕਹਿ ਪ੍ਰਭਾਵ ਪੈਂਦਾ ਸੀ। ਸੰਗਤਾਂ ਵਿਚ ਆਪ ਜੀ ਦੇ ਕੀਰਤਨ ਦੀ ਵਿਸ਼ੇਸ਼ ਪ੍ਰਸਿੱਧੀ ਹੋ ਚੁੱਕੀ ਸੀ। ਸ੍ਰੀ ਮਾਨ ਸੰਤ ਫ਼ਤਿਹ ਸਿੰਘ ਜੀ ਆਪ ਨੂੰ ਸੰਤਾਂ ਕੋਲੋਂ ਆਪਣੇ ਸਥਾਨ ਚੌਂਕ ਲਛਮਣਸਰ ਲਈ ਲੈ ਆਏ ਸਨ। ਇਥੇ ਅਨੇਕ ਵਿਦਿਆਰਥੀ ਆਪ ਕੋਲੋਂ ਵਿਦਿਆ ਪੜ੍ਹਨ ਤੇ ਕੀਰਤਨ ਸਿੱਖਣ ਲੱਗੇ। ਆਪ ਸ੍ਰੀ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਬਿਲਾਵਲ ਦੀ ਚੌਂਕੀ ਸਮੇਂ ਕੀਰਤਨ ਕਰਦੇ ਸਨ।"[42] ਮਹੰਤ ਮਿਸ਼ਰਾ ਸਿੰਘ ਜੀ ਬਹੁਤ ਉੱਤਮ ਰਾਗ ਦਾਤਾ ਸਨ। ਆਪ ਕਥਨੀ ਤੇ ਕਰਨੀ ਵਾਲੇ ਮਹਾਂਪੁਰਸ਼ ਸਨ। "ਆਪ ਦੇ ਕੀਰਤਨ ਦੇ ਕਮਾਲ ਦੀ ਇਕ ਦੰਦ ਕਥਾ, ਆਮ ਲੋਕਾਂ ਵਿਚ ਇਉਂ ਪ੍ਰਸਿੱਧ ਹੈ; ਇਕ ਦਿਨ ਆਪ ਸ੍ਰੀ ਦਰਬਾਰ ਸਾਹਿਬ ਕੀਰਤਨ ਕਰ ਰਹੇ ਸਨ, ਸੰਗਤਾਂ ਨੇ ਬੇਨਤੀ ਕੀਤੀ, 'ਮਹਾਰਾਜ ਅੱਜ ਕੱਲ੍ਹ ਬਹੁਤ ਔੜ ਲੱਗੀ ਹੋਈ ਹੈ, ਕਿਰਪਾ ਕਰੋ ਤੇ ਗੁਰਬਾਣੀ ਦਾ ਕੋਈ ਸ਼ਬਦ ਮਲਾਰ ਰਾਗ ਵਿਚ ਗਾਇਨ ਕਰੋ। ਉਸ ਵੇਲੇ ਆਪ ਨੇ ਐਸੀ ਮਗਨਤਾ ਤੇ ਇਕਸੁਰਤਾ ਨਾਲ ਮਲਾਰ ਰਾਗ ਗਾਇਆ ਕਿ ਵੇਖਦਿਆਂ-ਵੇਖਦਿਆਂ ਬੱਦਲ ਚੜ੍ਹ ਆਇਆ ਤੇ ਦੱਬ ਕੇ ਮੀਂਹ ਵੱਸਿਆ।"[43] ਰਸ-ਭਿੰਨੇ ਕੀਰਤਨ ਕਰਕੇ ਬਹੁਤ ਸਾਰੇ ਪ੍ਰਾਣੀ ਇਨ੍ਹਾਂ ਦੇ ਕਾਇਲ ਸਨ ਜੋ ਉਚੇਚੇ ਇਨ੍ਹਾਂ ਦੇ ਕੀਰਤਨ ਕਰਨ ਸਮੇਂ ਦਰਬਾਰ ਸਾਹਿਬ ਹਾਜ਼ਰੀ ਭਰਦੇ ਸਨ।

1957 ਈ. ਵਿਚ ਸੰਤ ਫਤਿਹ ਸਿੰਘ ਦੇ ਚਲਾਣੇ ਉਪਰੰਤ ਇਹ ਡੇਰੇ ਦੇ ਮਹੰਤ ਨਿਯਤ ਹੋਏ। ਇਨ੍ਹਾਂ ਦੀਆਂ ਕਾਰਗੁਜ਼ਾਰੀਆਂ ਸਦਕਾ ਹੀ ਡੇਰੇ ਦਾ ਨਾਮ 'ਡੇਰਾ ਬਾਬਾ ਮਿਸ਼ਰਾ ਸਿੰਘ ਜੀ, ਚੌਂਕ ਲਛਮਣਸਰ, ਅੰਮ੍ਰਿਤਸਰ' ਪ੍ਰਚਲਿਤ ਹੋਇਆ। ਆਪ ਦੇ ਇਸ ਸਥਾਨ ਤੋਂ ਰਾਗ ਵਿਦਿਆ ਗ੍ਰਹਿਣ ਕਰਨ ਵਾਲੇ ਸ਼ਿਸ਼ਾਂ ਦੀ ਸੂਚੀ ਬਹੁਤ ਲੰਬੀ ਹੈ, ਜਿਸ ਬਾਰੇ ਇਤਿਹਾਸ ਵਿਚ ਅੰਕਿਤ ਹੈ:[44]

---

[42] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨੇ 710-11.

[43] ਹਰਿਭਜਨ ਸਿੰਘ, ਅੰਮ੍ਰਿਤਸਰ ਦੇ ਨਿਰਮਲ ਡੇਰੇ, ਪ੍ਰੀਤਮ ਸਿੰਘ (ਸੰਪਾ,) *ਨਿਰਮਲ ਸੰਪ੍ਰਦਾਇ*, ਪੰਨਾ 97.

[44] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 709.

*ਕੀਰਤਨ ਦੀ ਟਕਸਾਲ ਰਾਗ ਦੀ ਟਕਸਾਲ ਅਤੇ ਪਾਠਾਂ ਦੀ ਟਕਸਾਲ ਦਾ ਇਹ ਘਰ ਹੈ।*

*ਸੰਜਮ ਦੀ ਟਕਸਾਲ ਸਦਾ ਸੱਚ ਦਾ ਕਮਾਲ, ਵਰਣ ਬੋਧ ਦਾ ਇਹ ਖੁਲ੍ਹਾ ਡੁਲ੍ਹਾ ਦਰ ਹੈ।*

*ਗਿਆਨੀਆਂ ਤੇ ਪੰਡਿਤਾਂ ਦੇ ਨਾਮ ਨਾਲ ਸ਼ੋਭ ਰਿਹਾ, ਡੇਰਾ ਬਾਬਾ ਮਿਸ਼ਰਾ ਸਿੰਘ ਲਛਮਨਸਰ ਹੈ।*

*ਕਿਤਨੇ ਹੀ ਰਾਗੀ ਪੰਡਿਤ ਗਿਆਨੀ ਪ੍ਰਸਿੱਧ ਹੋਏ, ਕੌਣ ਗਿਣੇ ਏਨੇ 'ਕ੍ਰੀਟ' ਗਿਣਤੀ ਦਾ ਡਰ ਹੈ।*

ਉਕਤ ਲਾਈਨਾਂ ਤੋਂ ਹੀ ਅਸੀਂ ਅਨੁਭਵ ਕਰ ਸਕਦੇ ਹਾਂ ਕਿ ਡੇਰਾ ਬਾਬਾ ਮਿਸ਼ਰਾ ਸਿੰਘ ਜੀ ਰਾਗ-ਕੀਰਤਨ ਦੀ ਕਿੰਨੀ ਵੱਡੀ ਟਕਸਾਲ ਹੈ। ਇਸ ਸਥਾਨ ਦੇ ਅਗਲੇ ਮਹੰਤਾਂ ਵਿਚੋਂ ਮਹੰਤ ਹਾਕਮ ਸਿੰਘ ਜੀ ਵੀ ਮਹਾਨ ਵਿਦਵਾਨ ਹੋਏ ਹਨ, ਜਿਨ੍ਹਾਂ ਨੂੰ ਮਿਲਣ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਅਕਸਰ ਜਾਇਆ ਕਰਦੇ ਸਨ। ਆਪ ਦੇ ਡੇਰੇ ਵਿਚ ਪ੍ਰਸਿੱਧ ਗਿਆਨੀ ਸੰਤ ਸਰੋਵਰ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਰਥਾਂ ਨਾਲ ਪੜ੍ਹਾਈ ਕਰਾਉਂਦੇ ਰਹੇ। ਇਹ ਵਿਦਿਆਲਯ ਰਾਗ ਵਿਦਿਆ ਦਾ ਵੀ ਕੇਂਦਰ ਰਿਹਾ ਹੈ। ਸ੍ਰੀ ਮਾਨ ਮਹੰਤ ਬਾਬਾ ਮਿਸ਼ਰਾ ਸਿੰਘ ਜੀ ਵਿਦਿਆ ਦੇ ਮਹਾਨ ਆਚਾਰਯ ਸਨ।"[45] ਇਥੇ ਕਸ਼ਮੀਰ, ਜੰਮੂ, ਪੁਣਛ ਤੋਂ ਬਾਹਰੋਂ ਆ ਕੇ ਵਿਦਿਆਰਥੀ ਗੁਰਬਾਣੀ ਅਤੇ ਰਾਗ ਵਿਦਿਆ ਵਿਚ ਨਿਪੁੰਨਤਾ ਪ੍ਰਾਪਤ ਕਰ ਕੇ ਦੂਜੇ ਪ੍ਰਾਤਾਂ ਵਿਚ ਜਾ ਕੇ ਗੁਰਬਾਣੀ ਦਾ ਪ੍ਰਚਾਰ ਕਰਦੇ ਸਨ।

**ਪੰਡਿਤ ਨਿਹਾਲ ਸਿੰਘ, ਥੋਹਾ ਖ਼ਾਲਸਾ**

ਸੰਸਕ੍ਰਿਤ ਦੇ ਮਹਾਨ ਵਿਦਵਾਨ ਪੰਡਿਤ ਨਿਹਾਲ ਸਿੰਘ ਜੀ, ਥੋਹਾ ਖ਼ਾਲਸਾ ਰਾਗ ਵਿਚ ਵੀ ਕਮਾਲ ਦੀ ਯੋਗਤਾ ਰੱਖਦੇ ਸਨ। ਆਪ 7 ਸਾਲ ਦੀ ਉਮਰ ਵਿਚ ਹੀ ਠਾਕੁਰ ਦਿਆਲ ਸਿੰਘ ਜੀ, ਅੰਮ੍ਰਿਤਸਰ ਦੇ ਸ਼ਿਸ਼ ਬਣ ਗਏ। ਆਪ ਗ੍ਰੰਥ ਅਧਿਆਪਨ ਦੇ ਨਾਲ-ਨਾਲ ਰਾਗ ਵਿਦਿਆ, ਤਬਲਾ ਵਜਾਉਣ ਦੇ ਮਾਹਿਰ ਹੋ ਗਏ। "ਤਬਲਾ ਵਜਾਉਣ ਵਿਚ ਆਪ ਦਾ ਕੋਈ ਸਾਨੀ ਨਹੀਂ ਸੀ। ਤਬਲੇ ਉੱਤੇ ਆਪ ਦੀਆਂ ਉਂਗਲਾਂ ਇਸ ਤਰ੍ਹਾਂ ਨਾਚ ਨਚਦੀਆਂ ਸਨ ਜਿਵੇਂ ਕੋਈ ਬਿਜਲੀ ਦਾ ਯੰਤਰ ਹੋਵੇ। ਆਪ ਜੀ ਦੇ ਗੰਧਰਵ ਸਾਥੀ (ਗੁਰਮੁਖ ਸਿੰਘ, ਜੋ ਸੂਰਮੇ ਨੇਤਰਹੀਣ ਸਨ) ਜਦੋਂ ਸਰੰਦੇ ਤੇ ਗਜ਼ ਫੇਰਦੇ, ਆਪ ਜੀ ਦੀਆਂ ਉਂਗਲਾਂ ਨ੍ਰਿਤ ਕਰਨ ਲੱਗਦੀਆਂ, ਸੰਤ ਗੁਰਮੁਖ ਸਿੰਘ ਜੀ ਦੇ ਤਾਨਾਂ ਤੇ ਪਲਟਿਆਂ ਵਿਚ ਆਪ ਸਾਥ ਨਿਭਾਉਂਦੇ ਸਨ। ਇਨ੍ਹਾਂ ਬੇ-ਖ਼ੁਦ ਹੋ ਕੇ

---

[45] ਗੁਰਦੀਪ ਸਿੰਘ ਕੇਸਰੀ, ਗੁਰੂ ਨਾਨਕ ਦਰਸ਼ਨ ਤੇ ਸਿੱਖ ਧਰਮ ਨੂੰ ਬਹੁਪੱਖੀ ਦੇਣ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 119.

ਤਬਲਾ ਵਜਾਉਂਦੇ ਸਨ, ਕਈ ਵਾਰ ਆਪ ਜੀ ਦੀਆਂ ਉਂਗਲਾਂ ਦੇ ਪੋਟਿਆਂ ਵਿਚ ਲਹੂ ਸਿੰਮ ਆਉਂਦਾ ਸੀ।"[46] ਪਰ ਆਪ ਤਾਲ ਨਾ ਟੁੱਟਣ ਦਿੰਦੇ। ਆਪ ਦੇ ਪ੍ਰਸੰਸਕਾਂ ਵਿਚ ਮਹਾਰਾਜਾ ਨਰਿੰਦਰ ਸਿੰਘ ਤੋਂ ਇਲਾਵਾ ਅਨੇਕਾਂ ਪ੍ਰਸੰਸਕ ਸਨ ਜੋ ਆਪ ਜੀ ਤੋਂ ਕੀਰਤਨ ਸ੍ਰਵਣ ਕਰਨ ਨੂੰ ਉਤਾਵਲੇ ਰਹਿੰਦੇ ਸਨ।

ਨਿਰਮਲ ਸੰਪ੍ਰਦਾਇ ਦੇ ਹੋਰ ਕੀਰਤਨੀਆਂ ਵਿਚੋਂ:

- "ਸੰਤ ਕਪੂਰ ਸਿੰਘ ਪਿੰਡ ਕੈਰੋਂ (ਅੰਮ੍ਰਿਤਸਰ) ਮਹਾਨ ਰਾਗੀ ਹੋਏ ਹਨ ਜੋ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਕੀਰਤਨ ਕਰਦੇ ਰਹੇ ਹਨ।
- ਭਾਈ ਮੱਖਣ ਸਿੰਘ ਜੀ ਨੇ 50 ਵਰਸ਼ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਹੈ।" [47]

ਰਾਗ/ਕੀਰਤਨ ਦੁਆਰਾ ਸੇਵਾ ਕਰਨ ਵਾਲੇ ਨਿਰਮਲ ਸੰਪ੍ਰਦਾਇ ਹੋਰ ਸੰਤਾਂ-ਮਹੰਤਾਂ ਵਿਚੋਂ ਮਹੰਤ ਗੱਜਾ ਸਿੰਘ, ਸੰਤ ਮਸਤਾਨ ਸਿੰਘ, ਕਰਤਾਰ ਸਿੰਘ, ਮਾਹਣਾ ਸਿੰਘ, ਪ੍ਰੇਮ ਸਿੰਘ, ਧਰਮ ਸਿੰਘ ਆਦਿ ਮਹਾਨ ਕੀਰਤਨੀਏ ਹੋਏ ਹਨ।

**ਕਥਾਕਾਰ**

ਨਿਰਮਲੇ ਬਹੁਤ ਉੱਚਕੋਟੀ ਦੇ ਵਿਦਵਾਨ ਕਥਾਕਾਰ ਹੋਏ ਹਨ। ਇਹ ਵਿਦਵਾਨ ਕਈ-ਕਈ ਭਾਸ਼ਾਵਾਂ ਦੇ ਗਿਆਤਾ ਸਨ ਅਤੇ ਸਮੇਂ-ਸਥਾਨ ਅਤੇ ਸਥਿਤੀ ਦੇ ਅਨੁਕੂਲ ਵਿਖਿਆਨ ਵੀ ਕਰਦੇ ਸਨ ਅਤੇ ਲੋਕਾਂ ਨੂੰ ਗੁਰਮਤਿ ਵੱਲ ਪ੍ਰੇਰਿਤ ਕਰਦੇ ਸਨ। ਇਨ੍ਹਾਂ ਵਿਦਵਾਨ ਸੰਤਾਂ ਵਿਚੋਂ ਕੁੱਝ ਵਿਚਾਰਨਯੋਗ ਨਾਮ ਹਨ:

**ਭਾਈ ਸੰਤੋਖ ਸਿੰਘ ਜੀ**

ਨਿਰਮਲੇ ਸੰਤ ਆਪਣੇ ਸਥਾਨਾਂ ਵਿਚੋਂ ਗੁਰਮਤਿ ਅਤੇ ਧਰਮ ਨਾਲ ਸੰਬੰਧਿਤ ਗ੍ਰੰਥਾਂ ਦੀ ਕਥਾ ਕਰ ਕੇ ਵੀ ਗੁਰਮਤਿ ਪ੍ਰਚਾਰ ਕਰਦੇ ਰਹੇ ਹਨ। ਭਾਈ ਸੰਤੋਖ ਸਿੰਘ ਜੀ ਪਿੰਡ ਬੂੜੀਏ ਨਿਵਾਸ ਸਮੇਂ ਆਪਣੇ ਰਚੇ *ਸ੍ਰੀ ਗੁਰੁ ਨਾਨਕ ਪ੍ਰਕਾਸ਼* ਗ੍ਰੰਥ ਦੀ ਕਥਾ ਕਰਦੇ ਰਹੇ ਹਨ। ਉਪਰੰਤ ਜਦੋਂ ਉਹ ਕੈਥਲ ਦਰਬਾਰ ਦਾ ਹਿੱਸਾ ਬਣੇ ਉਸ ਸਮੇਂ ਵੀ *ਸ੍ਰੀ ਗੁਰੁ ਪ੍ਰਤਾਪ ਸੂਰਜ* ਗ੍ਰੰਥ ਰਚਨ ਸਮੇਂ ਜੋ ਵੀ ਉਹ ਲਿਖ ਲੈਂਦੇ ਸ਼ਾਮ ਨੂੰ ਸੰਗਤ ਵਿਚ

---

[46] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 39.

[47] ਉਹੀ, ਨਿਰਮਲ ਸੰਪ੍ਰਦਾਇ, ਡਾ. ਸਰਬਜਿੰਦਰ ਸਿੰਘ (ਸੰਪਾ.) *ਨਾਨਕ ਪ੍ਰਕਾਸ਼ ਪੱਤ੍ਰਿਕਾ,* ਜੂਨ 2009, ਪੰਨਾ 40.

ਉਸ ਦੀ ਕਥਾ ਕਰਦੇ ਸਨ। ਇਸ ਤਰ੍ਹਾਂ ਉਹ ਗੁਰੂ ਸਾਹਿਬਾਨ ਦੇ ਜੀਵਨ ਪ੍ਰਸੰਗ ਅਤੇ ਸਿੱਖ ਸਿਧਾਂਤਾਂ ਨੂੰ ਲੜੀਵਾਰ ਕਥਾ ਦੁਆਰਾ ਲੋਕਾਂ ਵਿਚ ਪ੍ਰਚਾਰਦੇ ਸਨ। ਭਾਈ ਸੰਤੋਖ ਸਿੰਘ ਜੀ ਦੀ ਰਸਦਾਇਕ ਕਥਾ ਕਾਰਨ ਬਹੁਤ ਸਾਰੇ ਲੋਕ ਇਨ੍ਹਾਂ ਦੀ ਹਾਜ਼ਰੀ ਭਰਦੇ ਸਨ।

**ਮਹੰਤ ਬਾਬਾ ਬੁੱਢਾ ਸਿੰਘ ਜੀ, ਰਿਸ਼ੀਕੇਸ਼**

ਮਹੰਤ ਬਾਬਾ ਬੁੱਢਾ ਸਿੰਘ ਜੀ ਰਿਸ਼ੀਕੇਸ਼ ਵਾਲੇ ਬਹੁਤ ਹੀ ਉੱਚ ਕੋਟੀ ਦੇ ਕਥਾਕਾਰ ਹੋਏ ਹਨ। ਆਪ ਨੇ ਰੰਮਤ ਅਖਾੜੇ ਦੇ ਮੁਖੀਏ ਵਜੋਂ ਥਾਂ-ਥਾਂ ਭ੍ਰਮਣ ਕਰਕੇ ਗੁਰਮਤਿ ਪ੍ਰਚਾਰ ਕੀਤਾ। ਇਹ ਗੁਰਬਾਣੀ ਸ਼ਬਦ ਦੀ ਵਿਆਖਿਆ ਬਹੁਤ ਹੀ ਸੁੰਦਰ ਅਤੇ ਸਪਸ਼ਟਤਾ ਨਾਲ ਕਰਦੇ ਸਨ। ਇਨ੍ਹਾਂ ਦੇ ਪ੍ਰਚਾਰ ਦਾ ਇਲਾਕਾ ਜਿਆਦਾਤਰ ਸਿੰਧ ਰਿਹਾ ਹੈ ਅਤੇ ਇਨ੍ਹਾਂ ਦੇ ਪ੍ਰਭਾਵ ਸਦਕਾ ਬਹੁਤ ਸਾਰੇ ਸਿੰਧੀ ਪਰਿਵਾਰ ਗੁਰੂ ਵਾਲੇ ਬਣੇ ਹਨ। ਇਨ੍ਹਾਂ ਨੇ ਕਟਾਸਰਾਜ, ਪੰਜਾ ਸਾਹਿਬ, ਹੋਤੀ ਮਰਦਾਨ ਦੀ ਯਾਤਰਾ, ਅਮਰਨਾਥ, ਉਜੈਨ ਅਤੇ ਸ੍ਰੀ ਲੰਕਾ ਤੱਕ ਗੁਰਮਤਿ ਪ੍ਰਚਾਰ ਕੀਤਾ ਹੈ।

**ਸੰਤ ਸਿੰਘ ਜੀ**

ਇਹ ਰਾਵਲਪਿੰਡੀ (ਪਾਕਿਸਤਾਨ) ਵਿਚ ਸਰਕਾਰੀ ਮਹਿਕਮੇ ਵਿਚ ਮੁਲਾਜ਼ਮ ਸਨ। ਇਨ੍ਹਾਂ ਨੇ ਇਕ ਵਾਰ ਪੰਡਿਤ ਨਿਹਾਲ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਦਰਸ਼ਨਾ ਉਪਰੰਤ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ। ਪੰਡਿਤ ਨਿਹਾਲ ਸਿੰਘ ਜੀ ਦੇ ਪ੍ਰਲੋਕ ਗਮਨ ਉਪਰੰਤ ਇਹ ਆਪਣੇ ਗੁਰ-ਭਾਈ ਪੰਡਿਤ ਮੂਲ ਸਿੰਘ ਜੀ ਕੋਲ ਪਿੰਡ ਖੈਰਾਬਾਦ ਜ਼ਿਲ੍ਹਾ ਸੀਤਾਪੁਰ (ਯੂ.ਪੀ) ਚਲੇ ਗਏ। ਇਥੇ ਇਹ ਕਥਾ ਵਿਖਿਆਨ ਕਰਨ ਲੱਗੇ। "ਪੰਡਿਤ ਮੂਲ ਸਿੰਘ ਜੀ ਗੁਰਬਾਣੀ ਦੀ ਕਥਾ ਹਿੰਦੀ ਭਾਸ਼ਾ, ਮਧੁਰ ਸ਼ੈਲੀ ਵਿਚ ਕਰਦੇ ਸਨ। ਪੰਡਿਤ ਜੀ ਨੂੰ ਵੇਖ ਕੇ ਆਪ ਵੀ ਕਥਾ, ਵਾਰਤਾ, ਲੈਕਚਰ, ਵਿਖਿਆਨ ਅੰਗਰੇਜ਼ੀ ਵਿਚ ਕਰਨ ਲੱਗੇ। ਅੰਗਰੇਜ਼ੀ ਵਿਚ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਦਾ ਪ੍ਰਚਾਰ, ਕਥਾ ਵਾਰਤਾ ਸ੍ਰਵਣ ਕਰਕੇ ਪੜ੍ਹੇ ਲਿਖੇ ਬੜੇ-ਬੜੇ ਉੱਚ ਅਧਿਕਾਰੀ ਡਾਕਟਰ, ਵਕੀਲ ਪ੍ਰੋਫ਼ੈਸਰ ਅਤਿ ਪ੍ਰਭਾਵਿਤ ਹੋਏ ਅਤੇ ਗੁਰੂ ਕੀ ਸਿੱਖੀ ਧਾਰਨ ਲੱਗੇ। ਇਥੇ ਆਪ ਜੀ ਨੇ ਗੁਰਮੁਖੀ ਪਾਠਸ਼ਾਲਾ ਵੀ ਅਰੰਭ ਕੀਤੀ ਤਾਂ ਕਿ ਗੁਰਮੁਖੀ ਪੜ੍ਹਕੇ ਇਹ ਪ੍ਰੇਮੀ ਗੁਰਬਾਣੀ ਦੇ ਨਿੱਤ-ਨੇਮੀ ਬਣ ਸਕਣ। ਇਸ ਪਾਠਸ਼ਾਲਾ ਵਿਚ ਸਾਧਾਰਨ ਅਨਪੜ੍ਹ ਤੋਂ ਲੈ ਕੇ ਬੜੇ-ਬੜੇ ਅਫ਼ਸਰ ਡਾਕਟਰ, ਪ੍ਰੋਫ਼ੈਸਰ,

ਵਕੀਲ ਅਤੇ ਮਾਸਟਰ ਗੁਰਮੁਖੀ ਪੜ੍ਹਨ ਲਗੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਬਣੇ। ਆਪ ਸਕੂਲਾਂ/ਕਾਲਜਾਂ ਵਿਚ ਲੈਕਚਰ ਦੇਣ ਜਾਂਦੇ ਤਾਂ ਅੰਗਰੇਜ਼ੀ ਵਿਚ ਕੀਤੇ ਲੈਕਚਰਾਂ ਦਾ ਅਥਾਹ ਅਸਰ ਪੈਂਦਾ। ਇਸ ਤਰ੍ਹਾਂ ਆਪ ਜੀ ਨੇ ਉਤਰ ਪ੍ਰਦੇਸ਼ ਵਿਚ ਗੁਰਮਤਿ ਦਾ ਅਕਥਨੀਯ ਪ੍ਰਚਾਰ ਕੀਤਾ।"[48] ਨਿਰਮਲੇ ਵਿਦਵਾਨਾਂ ਦੀ ਵਿਦਵਤਾ ਦਾ ਅਨੁਮਾਨ ਇਸ ਗੱਲ ਤੋਂ ਸਹਿਜੇ ਹੋ ਸਕਦਾ ਹੈ ਕਿ ਇਹ ਪੁਰਾਤਨ ਭਾਸ਼ਾਵਾਂ ਦੇ ਗਿਆਤਾ ਹੋਣ ਦੇ ਨਾਲ-ਨਾਲ ਚਲੰਤ ਭਾਸ਼ਾਵਾਂ ਦੇ ਵੀ ਜਾਣਕਾਰ ਸਨ, ਜਿਨ੍ਹਾਂ ਨੇ ਅੰਗਰੇਜ਼ੀ ਦੇ ਜਾਣਕਾਰਾਂ ਨੂੰ ਪ੍ਰਭਾਵਿਤ ਕਰਕੇ ਗੁਰੂ ਵਾਲੇ ਬਣਾਇਆ।

**ਪੰਡਿਤ ਗੰਗਾ ਸਿੰਘ ਕਥਾਕਾਰ**

ਇਨ੍ਹਾਂ ਨੇ ਬਚਪਨ ਵਿਚ ਪੰਡਿਤ ਗੁਲਾਬ ਸਿੰਘ ਗਿਰਵੜੀ ਵਾਲਿਆਂ ਕੋਲ ਵਿਦਿਆ ਗ੍ਰਹਿਣ ਕਰਦੇ ਰਹੇ। ਉਸ ਤੋਂ ਬਾਅਦ ਇਨ੍ਹਾਂ ਨੇ ਅੰਮ੍ਰਿਤਸਰ ਵਿਖੇ ਭਾਸ਼ਾ ਆਦਿ ਦੇ ਗ੍ਰੰਥ ਪੜ੍ਹੇ। "ਬਾਅਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਮ ਗ੍ਰੰਥ ਦੇ ਪ੍ਰਸਿੱਧ ਗਿਆਨੀ ਬਣੇ। ਆਪ ਸਾਰੰਦਾ, ਤਾਊਸ ਆਦਿਕ ਸਾਜਾਂ ਦੇ ਵਜੰਤ੍ਰੀ ਸਨ ਅਤੇ ਰਸਦਾਇਕ ਕਥਾ ਕਰਦੇ ਸਨ। ਸੰਮਤ 1929 ਬਿ. ਵਿਚ ਕੰਵਰ ਬਿਕ੍ਰਮਾ ਸਿੰਘ ਜੀ ਜਲੰਧਰ ਵਾਲਿਆਂ ਨਾਲ ਤਖ਼ਤ ਸਚਖੰਡ ਹਜ਼ੂਰ ਸਾਹਿਬ ਦੀ ਯਾਤਰਾ ਤੇ ਗਏ। ਤਖਤ ਸਚਖੰਡ ਸਾਹਿਬ ਦੇ ਪ੍ਰਬੰਧਕਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸ਼ਰਵਨ ਕਰਨ ਦੀ ਬੇਨਤੀ ਕੀਤੀ। ਆਪ ਨੇ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ਼ਾਮ ਨੂੰ ਦਸਮ ਗ੍ਰੰਥ ਸਾਹਿਬ ਦੀ ਕਥਾ ਅਰੰਭ ਦਿੱਤੀ। ਇਕ ਸਾਲ ਵਿਚ ਭੋਗ ਪਿਆ। 'ਇਕ ਵਾਰ ਆਪ ਕਥਾ ਕਰ ਰਹੇ ਸਨ। ਨਜ਼ਾਮ ਹੈਦਰਾਬਾਦ ਤਖ਼ਤ ਸਾਹਿਬ ਦੇ ਦਰਸ਼ਨਾਂ ਨੂੰ ਆਇਆ। ਆਪ ਨੇ ਸ਼ੁੱਧ ਅਰਬੀ ਵਿਚ ਕੁਰਾਨ ਦੀਆਂ ਆਇਤਾਂ ਬੋਲ ਕੇ ਪ੍ਰਮਾਣ ਦੇਣੇ ਅਰੰਭ ਕਰ ਦਿੱਤੇ। ਆਪ ਭਾਰਤੀ ਇਤਿਹਾਸ/ਮਿਥਿਹਾਸ ਦਰਸ਼ਨ ਦੇ ਨਾਲ ਹੀ ਅੰਜੀਲ ਤੌਰੇਤ, ਜੰਬੂਰ ਅਤੇ ਕੁਰਾਨ ਦੇ ਵੀ ਗਿਆਤਾ ਸਨ। ਅਰਬੀ ਦਾ ਉਚਾਰਨ, ਕੁਰਾਨ ਦੀਆਂ ਆਇਤਾਂ ਦੇ ਪ੍ਰਮਾਣ-ਅਰਥ ਸੁਣਕੇ ਨਵਾਬ ਅਤੀ ਪ੍ਰਭਾਵਿਤ ਹੋਇਆ।"[49] ਇਨ੍ਹਾਂ ਨੂੰ ਸ਼ਾਹੀ ਮਹਿਮਾਨ ਬਣਾ ਕੇ ਹੈਦਰਾਬਾਦ ਲੈ ਗਿਆ ਅਤੇ ਮਾਣ-ਸਨਮਾਨ ਕੀਤਾ।

---

[48] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 770.

[49] ਉਹੀ, ਪੰਨਾ 663.

**ਪੰਡਿਤ ਨਾਰਾਇਣ ਜੀ**

ਇਹ ਨਿਰਮਲ ਸੰਪ੍ਰਦਾਇ ਦੇ ਬਹੁਤ ਹੀ ਪ੍ਰਬੁੱਧ ਕਥਾਕਾਰ ਸਨ। "ਆਪ ਜੀ ਦੀ ਕਥਾ ਸ਼ਰਵਣ ਕਰਨ ਵਾਸਤੇ ਲੋਕ ਪਹਿਲਾਂ ਹੀ ਆ ਕੇ ਬੈਠ ਜਾਂਦੇ ਸਨ। ਜੋ ਵੀ ਕਥਾ-ਉਪਦੇਸ਼ ਸੁਣਦਾ ਸੀ ਨਾਮ ਬਾਣੀ, ਸਿੱਖੀ ਨਾਲ ਜੁੜ ਜਾਂਦਾ ਸੀ।"[50] ਇਨ੍ਹਾਂ ਦੇ ਪ੍ਰਵਚਨ ਹਜ਼ਾਰਾਂ ਲੋਕ ਇਕਾਗਰ-ਚਿੱਤ ਹੋ ਕੇ ਸ੍ਰਵਣ ਕਰਦੇ ਸਨ।

ਉਕਤ ਤੋਂ ਇਲਾਵਾ ਅਨੇਕਾਂ ਨਿਰਮਲੇ ਕਥਾਕਾਰਾਂ ਵਿਚੋਂ ਪੰਡਿਤ ਅਰਜਨ ਸਿੰਘ 'ਮੁਨੀ', ਪੰਡਿਤ ਹਕੀਕਤ ਸਿੰਘ 'ਅਰਵਿੰਦ', ਪੰਡਿਤ ਨਿੱਕਾ ਸਿੰਘ ਜੀ ਵਿਰਕਤ, ਬਿਸ਼ਨ ਸਿੰਘ ਕ੍ਰੀਟ ਆਦਿ ਦੇ ਨਾਮ ਵਰਣਨਯੋਗ ਹਨ। ਇਸ ਸੰਪ੍ਰਦਾਇ ਦੇ ਇਕ "ਮਹੰਤ ਆਤਮਾ ਸਿੰਘ ਜੀ ਜੋ ਪੰਡਿਤ ਸ਼ਾਮ ਸਿੰਘ ਜੀ ਦੀ ਸੇਵਾ ਵਿਚ ਰਹੇ ਹਨ, ਨੇ ਇਕ ਗ੍ਰੰਥ *ਸਾਖੀ ਪ੍ਰਮਾਣ* ਦੀ ਰਚਨਾ ਕੀਤੀ ਹੈ। ਇਸ ਗ੍ਰੰਥ ਦੀ ਵਿਲੱਖਣਤਾ ਇਹ ਹੈ ਕਿ ਇਹ ਗ੍ਰੰਥ ਕਥਾ-ਵਾਚਕਾਂ ਅਤੇ ਲੈਕਚਰਾਰਾਂ ਵਾਸਤੇ ਸੀ।"[51] ਇਸ ਤੋਂ ਬਹੁਤ ਸਾਰੇ ਜਿਗਿਆਸੂ ਕਥਾਕਾਰਾਂ ਨੇ ਲਾਭ ਲਿਆ ਹੈ।

20ਵੀ ਸਦੀ ਦੇ ਅੰਤਲੇ ਕੁੱਝ ਦਹਾਕਿਆਂ ਤੋਂ ਕੁੱਝ ਨਿਰਮਲੇ ਸਥਾਨਾਂ ਨੂੰ ਛੱਡ ਕੇ ਵੱਡੇ ਪੱਧਰ 'ਤੇ ਕੋਈ ਸੰਗੀਤ ਵਿਦਿਆਲਾ ਇਸ ਵਿਦਿਆ ਵਿਚ ਕਿਰਿਆਸ਼ੀਲ ਨਹੀਂ ਹੈ ਅਤੇ ਨਾ ਹੀ ਨਿਰਮਲ ਸੰਪ੍ਰਦਾਇ ਵਿਚ ਪਹਿਲਾਂ ਜਿਹਾ ਕੋਈ ਸੰਗੀਤਕਾਰ ਹੈ। ਵਿਦਵਾਨ ਸੰਗੀਤਕਾਰ ਵੀ ਘਟਦੇ ਗਏ ਅਤੇ ਜਿਗਿਆਸੂ ਵੀ ਸੰਗੀਤ ਵਿਦਿਆ 'ਅਕੈਡਮੀਆਂ' ਤੋਂ ਗ੍ਰਹਿਣ ਕਰਨ ਨੂੰ ਪਹਿਲ ਦੇਣ ਲੱਗੇ ਹਨ।

ਨਿਰਮਲ ਸੰਪ੍ਰਦਾਇ ਨੇ ਆਪਣੀ ਪ੍ਰਚਾਰ ਵਿਧੀ ਵਿਚ ਹਰ ਉਸ ਵਿਧੀ ਨੂੰ ਸ਼ਾਮਲ ਕੀਤਾ ਜਿਸ ਦੁਆਰਾ ਗੁਰੂ ਸਾਹਿਬਾਨ ਦੀ ਗੱਲ ਲੋਕਾਂ ਵਿਚ ਪ੍ਰਚਾਰੀ ਜਾ ਸਕਦੀ ਸੀ। ਨਿਰਮਲੇ ਸੰਤਾਂ ਨੇ ਉਪਰੋਕਤ ਪ੍ਰਚਾਰ ਵਿਧੀ ਦੁਆਰਾ ਵੀ ਗੁਰਮਤਿ ਪ੍ਰਚਾਰ ਦਾ ਪ੍ਰਚਾਰ ਹੀ ਕੀਤਾ ਜੋ ਨਿਰਮਲ ਸੰਪ੍ਰਦਾਇ ਦੀ ਵਡਮੁੱਲੀ ਧਾਰਮਿਕ ਸੇਵਾ ਹੈ।

---

[50] ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ, ਡਾ, ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 39.

[51] ਉਹੀ, *ਨਿਰਮਲ ਪੰਥ ਬੋਧ*, ਪੰਨਾ 777.

**ਗੁਰਦੁਆਰਿਆਂ ਦੀ ਸੇਵਾ-ਸੰਭਾਲ ਦੁਆਰਾ ਧਾਰਮਿਕ ਯੋਗਦਾਨ**

ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਜਿੱਥੇ ਬਾਕੀ ਖੇਤਰਾਂ ਦੁਆਰਾ ਧਾਰਮਿਕ ਯੋਗਦਾਨ ਪਾਇਆ ਹੈ ਉਥੇ "ਇਤਿਹਾਸਕ ਗੁਰੂ ਸਥਾਨਾਂ ਦੇ ਨਿਰਮਾਣ ਦੀ ਸੇਵਾ ਭੀ ਨਿਰਮਲ ਪੰਥ ਵੱਲੋਂ ਗੁਰੂ ਪੰਥ ਨੂੰ ਇਕ ਮਹਾਨ ਦੇਣ ਹੈ। ਇਸ ਸੇਵਾ ਨੂੰ ਮਹਾਂਪੁਰਖਾਂ ਨੇ ਆਪਣੇ ਪਵਿੱਤਰ ਤਿਆਗੀ ਤਪਸਵੀ ਜੀਵਨ ਦੁਆਰਾ ਨਿਭਾਇਆ ਹੈ, ਜਿਵੇਂ; ਸ੍ਰੀ ਮਾਨ ਮਹੰਤ ਬਾਬਾ ਦਰਗਾਹਾ ਸਿੰਘ, ਗੁਰਦੁਆਰਾ ਤੀਜੀ ਪਾਤਸ਼ਾਹੀ ਸਤੀ ਘਾਟ ਕਨਖਲ (ਹਰਿਦ੍ਵਾਰ) ਜੋ ਬਾੜਾ ਬਾਬਾ ਦਰਗਾਹਾ ਸਿੰਘ ਦੇ ਨਾਮ ਨਾਲ ਭੀ ਪ੍ਰਸਿੱਧ ਹੈ।"[52] ਇਹ ਗੁਰਦੁਆਰਾ ਨਿਰਮਲੇ ਸੰਤਾਂ ਦਾ ਹਿੰਦੂ ਤੀਰਥਾਂ 'ਤੇ ਸਭ ਤੋਂ ਪਹਿਲਾ ਟਿਕਾਣਾ ਹੈ ਜਿਸ ਨੂੰ ਪਰਗਟ ਕਰਨ ਵਾਲੇ ਵੀ ਨਿਰਮਲੇ ਸੰਤ ਹੀ ਹਨ। ਇਸ ਦੀ ਇਮਾਰਤ ਸਮੇਂ ਅਨੁਸਾਰ ਕਈ ਵਾਰੀ ਬਦਲੀ। ਮਹੰਤ ਸਾਧੂ ਸਿੰਘ ਜੀ ਦੇ ਸਮੇਂ ਉਨ੍ਹਾਂ ਇਸ ਅਸਥਾਨ "ਵਿਚ ਨਵੇਂ ਸੁੰਦਰ ਮਕਾਨ ਤੇ ਹਾਲ ਕਮਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਸਤੇ ਦਰਸ਼ਨੀਯ ਭਵ-ਹਾਲ ਤਿਆਰ ਕੀਤਾ। ਨਵੇਂ ਬਰਾਮਦੇ ਬਣਾਏ, ਗੁਰਦ੍ਵਾਰਾ ਸਾਹਿਬ ਵਿਚ ਲੋਹੇ ਦਾ ਨਿਸ਼ਾਨ ਸਾਹਿਬ ਖੜ੍ਹਾ ਕੀਤਾ। ਗੁਰਦ੍ਵਾਰਾ ਸਾਹਿਬ ਦੇ 21 ਸ੍ਵਰਨ ਕਲਸ਼ਾਂ ਦੀ ਸੇਵਾ ਕਰਾਈ। ਸੰਗਮਰਮਰ ਦੀਆਂ ਸ਼ਿਲਾ ਲੁਆਈਆਂ। ਗੁਰਦ੍ਵਾਰਾ ਸਾਹਿਬ ਨਾਲ ਲਗਦੇ ਗੰਗਾ ਘਾਟ ਦੀ ਸੇਵਾ ਕਰਾਈ।"[53] ਇਹ ਸਥਾਨ ਨੇ ਨਿਰਮਲ ਸੰਪ੍ਰਦਾਇ ਦੇ ਸੰਸਥਾਗਤ ਰੂਪ ਵਿਚ (ਅਖਾੜੇ ਦੀ ਸਿਰਜਨਾ) ਉਭਰਨ ਤੱਕ ਬਹੁਤ ਅਹਿਮ ਭੂਮਿਕਾ ਨਿਭਾਈ ਹੈ। ਅਖਾੜੇ ਤੋਂ ਪਹਿਲਾਂ ਨਿਰਮਲੇ ਸੰਤ ਇੱਥੇ ਟਿਕਾਣਾ ਕਰਦੇ ਰਹੇ ਹਨ।

ਜਦੋਂ ਨਿਰਮਲੇ ਸੰਤਾਂ ਨੇ ਭਾਰਤ ਵਿਚ ਥਾਂ-ਥਾਂ ਆਪਣੇ ਸਥਾਨ ਕਾਇਮ ਕੀਤੇ ਤਾਂ ਉਨ੍ਹਾਂ ਸਭ ਤੋਂ ਪਹਿਲਾਂ ਉਸ ਸਥਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਥਾਨ ਦਿੱਤਾ, ਗੁਰਦੁਆਰੇ ਬਣਵਾਏ। ਅਜੋਕੇ ਸਮੇਂ ਵੀ ਨਿਰਮਲ ਸੰਪ੍ਰਦਾਇ ਦੇ ਸਾਰੇ ਸਥਾਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸੁਸ਼ੋਭਿਤ ਹਨ ਅਤੇ ਪੂਰਨ ਮਰਯਾਦਾ ਨਾਲ ਉਨ੍ਹਾਂ ਸਥਾਨਾਂ ਵਿਚ ਪੂਜਾ ਪਾਠ ਹੁੰਦਾ ਹੈ। ਨਿਰਮਲਿਆਂ ਦੀ ਪੂਜਾ ਵਿਧੀ ਵਿਚ ਇਕ ਵੱਖਰਤਾ ਇਹ ਹੈ ਕਿ ਇਹ ਰੋਜ਼ਾਨਾ ਸ਼ਾਮ ਨੂੰ ਅਤਿ ਸਤਿਕਾਰ ਭਾਵ ਨਾਲ ਦੀਵੇ ਬਾਲ ਕੇ ਉਨ੍ਹਾਂ ਨੂੰ ਥਾਲੀ ਵਿਚ ਰੱਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਰਤੀ ਉਤਾਰਦੇ ਹਨ। ਇਸ ਤਰ੍ਹਾਂ ਆਰਤੀ ਉਤਾਰਨ ਦੀ ਵਿਧੀ

---

[52] ਗੁਰਦੀਪ ਸਿੰਘ ਕੇਸਰੀ, ਗੁਰੂ ਨਾਨਕ ਦਰਸ਼ਨ ਤੇ ਸਿੱਖ ਧਰਮ ਨੂੰ ਬਹੁਪੱਖੀ ਦੇਣ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 126.

[53] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ,* ਪੰਨਾ 627.

ਜ਼ਿਆਦਾਤਰ ਸਨਾਤਨੀ ਧਰਮ ਸਤਿਕਾਰ ਵਜੋਂ ਆਪਣੇ ਦੇਵੀ-ਦੇਵਤਿਆਂ ਲਈ ਕਰਦੇ ਹਨ। ਨਿਰਮਲ ਸੰਪ੍ਰਦਾਇ ਦੁਆਰਾ ਸਤਿਕਾਰਤ ਪਰਮ ਹਸਤੀ ਪ੍ਰਤੀ ਸ਼ਰਧਾ ਭਾਵ ਦੇ ਪ੍ਰਗਟਾਅ ’ਤੇ ਸਨਾਤਨੀ ਪ੍ਰਭਾਵ ਵੀ ਸਨਾਤਨੀ ਤੀਰਥਾਂ ਦੀ ਹੀ ਦੇਣ ਹੈ, ਜੋ ਨਿਰਮਲੇ ਸੰਤਾਂ ਨੇ ਗ੍ਰਹਿਣ ਕੀਤਾ।

ਨਿਰਮਲੇ ਸੰਤਾਂ ਨੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਅਤੇ ਭਾਰਤ ਦੇ ਵੱਖ-ਵੱਖ ਖਿਤਿਆਂ ਵਿਚ ਨਵੇਂ ਗੁਰਦੁਆਰਿਆਂ ਦੀ ਸਥਾਪਨਾ ਕਰਕੇ ਵੀ ਵੱਡਾ ਯੋਗਦਾਨ ਪਾਇਆ ਹੈ। ਗੁਰਦੁਆਰਿਆਂ ਤੱਕ ਸੰਗਤ ਨੂੰ ਖਿੱਚ ਕੇ ਲਿਆਉਣ ਦੇ ਰੌਚਿਕ ਕਿੱਸੇ ਵੀ ਨਿਰਮਲੇ ਸੰਤਾਂ ਨਾਲ ਜੁੜੇ ਹੋਏ ਹਨ। ਜਿਨ੍ਹਾਂ ਵਿਚੋਂ ਇਕ ਕਿੱਸਾ ਸੰਤ ਬਸੰਤ ਸਿੰਘ ਨਾਲ ਵੀ ਜੁੜਿਆ ਹੈ ਜੋ ਮੁਲਤਾਨ ਵਿਚ ਭਾਈ ਦਿਆਲ ਦੀ ਧਰਮਸ਼ਾਲਾ (ਗੁਰਦੁਆਰੇ) ਵਿਚ ਰਹਿੰਦੇ ਸਨ। “ਮੁਲਤਾਨ ਵਿਚ ਹਿੰਦੂ ਆਬਾਦੀ ਬਹੁਤ ਸੀ। ਉਹ ਗੁਰਦੁਆਰੇ ਵਿਚ ਬਹੁਤੇ ਨਹੀਂ ਸਨ ਆਉਂਦੇ। ਉਹ ਨੇੜੇ ਦੇ ਕਿਸੇ ਖੂਹ ਉੱਤੇ ਇਸ਼ਨਾਨ ਕਰ ਕੇ ਜੰਡ ਤੇ ਪਿੱਪਲ ਦੇ ਬ੍ਰਿਛਾਂ ਨੂੰ ਪਾਣੀ ਪਾਇਆ ਕਰਦੇ ਸਨ। ਸੰਤ ਜੀ ਨੇ ਗੁਰਦੁਆਰੇ ਵਿਚ ਖੂਹ ਲਗਾ ਲਿਆ ਤੇ ਦਿਨ ਵੇਲੇ ਬਾਹਰੋਂ ਬਹੁਤ ਸਾਰੀਆਂ ਦਾਤਣਾਂ ਲਿਆ ਕੇ ਇਕ ਡੱਬੇ ਵਿਚ ਪਾ ਕੇ ਗੁਰਦੁਆਰੇ ਦੇ ਬਾਹਰ ਟੰਗਣੀਆਂ ਸ਼ੁਰੂ ਕਰ ਦਿੱਤੀਆਂ। ਲੋਕੀ ਦਾਤਣਾਂ ਲਿਜਾਣ ਲੱਗ ਪਏ। ਫਿਰ ਕੁੱਝ ਦਿਨਾਂ ਮਗਰੋਂ ਦਾਤਣਾਂ-ਭਰਿਆ ਡੱਬਾ ਗੁਰਦੁਆਰੇ ਦੇ ਦਰਵਾਜੇ ਦੇ ਅੰਦਰਵਾਰ ਲਟਕਾਉਣਾ ਸ਼ੁਰੂ ਕਰ ਦਿੱਤਾ। ਲੋਕੀ ਦਾਤਣਾਂ ਲੈਣ ਲਈ ਅੰਦਰ ਆਉਣ ਲੱਗ ਪਏ। ਫੇਰ ਖੂਹ ਉੱਤੇ ਲੱਜ ਲੋਟਾ ਵੀ ਧਰ ਦਿੱਤਾ ਤੇ ਦਾਤਣਾਂ ਦਾ ਡੱਬਾ ਵੀ ਖੂਹ ਦੇ ਨੇੜੇ ਹੀ ਟੰਗ ਦਿੱਤਾ। ਹੁਣ ਲੋਕ ਇਥੇ ਹੀ ਇਸ਼ਨਾਨ ਕਰਨ ਲੱਗ ਪਏ। ਕੁੱਝ ਸਮਾਂ ਪਾ ਕੇ ਲੋਕੀਂ ਆਪਣੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਤੇ ਬੈਠ ਕੇ ਕਥਾ ਕੀਰਤਨ ਵੀ ਸੁਣਨ ਲਗ ਪਏ। ਪਰ ਸੰਤ ਜੀ ਨੇ ਆਪਣੇ ਮੂੰਹ ਤੋਂ ਕਦੀ ਕਿਸੇ ਨੂੰ ਪ੍ਰੇਰਣਾ ਨਹੀਂ ਕੀਤੀ ਕਿ ਉਹ ਕੇਸਾਧਾਰੀ ਸਿੱਖ ਬਣ ਜਾਵੇ।”[54] ਸਮੇਂ ਦੇ ਬੀਤਣ ਨਾਲ ਕਥਾ-ਕੀਰਤਨ ਦੇ ਪ੍ਰਭਾਵ ਸਦਕਾ ਬਹੁਤ ਸਾਰੇ ਲੋਕਾਂ ਨੇ ਕੇਸ ਰੱਖ ਲਏ ਅਤੇ ਸਿੰਘ ਸਜ ਗਏ। ਨਿਰਮਲੇ ਸੰਤਾਂ ਨੇ ਸਹਿਜ ਨਾਲ ਲੋਕਾਂ ਨੂੰ ਗੁਰਮਤਿ ਵੱਲ ਪ੍ਰੇਰਿਤ ਕੀਤਾ।

ਨਿਰਮਲੇ ਸੰਤਾਂ ਨੇ ਗੁਰੂ ਸਾਹਿਬ ਦੇ ਪ੍ਰਲੋਕ ਗਮਨ ਕਰਨ ਉਪਰੰਤ ਗੁਰੂ ਸਥਾਨਾਂ ਵੱਲ ਧਿਆਨ ਕੇਂਦਰਿਤ ਕੀਤਾ। “ਜਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ। ਖ਼ਾਲਸਾ ਪੰਥ ਜੰਗਲਾਂ/ਪਹਾੜਾਂ ਵਿਚ ਰਹਿੰਦਾ ਸੀ, ਉਸ ਵੇਲੇ ਗੁਰਦੁਆਰਿਆਂ ਵਿਚ ਧੂਪ-ਦੀਪ-ਜੋਤਿ ਸੰਤ ਹੀ ਕਰਦੇ ਸਨ। ਸੇਵਾ ਸੰਭਾਲ ਦਾ ਭਾਰ ਸੰਤਾਂ ਨੇ

[54] ਈਸ਼ਰ ਸਿੰਘ ਨਾਰਾ, ਕੁੱਝ ਅਣਗੌਲੇ ਨਿਰਮਲੇ ਸੰਤ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 445.

ਚੁੱਕਿਆ ਹੋਇਆ ਸੀ।"[55] ਇਸ ਗੱਲ ਦੀ ਪ੍ਰੋੜਤਾ ਕਰਦਾ ਇਤਿਹਾਸ ਵਿਚ ਇਕ ਪ੍ਰਮਾਣ ਵੀ ਅੰਕਿਤ ਹੈ; ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, ਗਿਆਨੀ ਗਿਆਨ ਸਿੰਘ ਦੀ ਰਚਨਾ 'ਤਵਾਰੀਖ ਅੰਮ੍ਰਿਤਸਰ' ਪੰਨਾ 141 ਦੇ ਹਵਾਲੇ ਨਾਲ ਲਿਖਦੇ ਹਨ ਕਿ "ਗੁਰੂ ਕੇ ਬਾਗ (ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨੇੜ੍ਹੇ ਦੀ ਜਗ੍ਹਾ) ਵਾਲੇ ਖੂਹ ਦੇ ਕੋਲ ਪੰਡਿਤ ਭਗਤ ਸਿੰਘ ਅਤੇ ਉਸ ਦੇ ਸ਼ਿਸ ਇਕ ਡੇਰਾ ਬਣਾ ਕੇ ਰਹਿੰਦੇ ਸਨ ਅਤੇ ਭਿਖਸ਼ਾ ਕਰਕੇ ਅਤੁੱਟ ਲੰਗਰ ਚਲਾਉਂਦੇ ਸਨ। ਉਪਰੰਤ ਉਨ੍ਹਾਂ ਦੇ ਸ਼ਿਸ਼ ਲੰਗਰ ਚਲਾਉਂਦੇ ਰਹੇ। ਇਹ ਸੰਤ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਸਮੇਂ ਅਤੇ ਮੁਗਲਾਂ ਦੇ ਸਮੇਂ ਧੂਪ-ਦੀਪ-ਜੋਤਿ ਕਰਦੇ ਰਹੇ। ਮੁਗਲ ਅਤੇ ਅਬਦਾਲੀ ਜਦੋਂ ਪਵਿਤ੍ਰ ਗੁਰਦ੍ਵਾਰੇ ਸਾਹਿਬ ਢੌਂਹਦੇ ਰਹੇ ਤਾਂ ਇਹ ਸੰਤਾਂ ਦਾ ਡੇਰਾ ਵੀ ਢਾਹ ਕੇ ਢੇਰੀ ਬਣਾਇਆ ਜਾਂਦਾ ਰਿਹਾ ਪਰ ਸੰਤ ਸਾਹਿਬ ਸਿੰਘ ਜੀ, ਸੰਤ ਰਣ ਸਿੰਘ ਜੀ ਫਿਰ ਵੀ ਇਥੇ ਹੀ ਬੈਠੇ ਰਹੇ, ਮੁਸਲਮਾਨਾਂ ਦੇ ਹਮਲੇ ਸਮੇਂ ਇਧਰ-ਉਧਰ ਹੋ ਜਾਂਦੇ ਸਨ। ਫੌਜ ਜਾਣ ਤੋਂ ਬਾਅਦ ਫਿਰ ਇਥੇ ਆਣ ਬੈਠਦੇ ਸਨ। ਇਸ ਸਮੇਂ ਨਿਰਮਲੇ ਸੰਤਾਂ ਦੀ ਸੇਵਾ ਨੂੰ ਭੁਲਾਇਆ ਨਹੀਂ ਜਾ ਸਕਦਾ ਜੋ ਤਲਵਾਰਾਂ ਦੀ ਛਾਂ ਹੇਠਾਂ ਤਲੀ ਤੇ ਜਾਨ ਰੱਖ ਕੇ ਸ੍ਰੀ ਹਰਿਮੰਦਰ ਸਾਹਿਬ ਜੀ, ਸ੍ਰੀ ਅਕਾਲ ਤਖਤ ਆਦਿਕ ਗੁਰਧਾਮਾਂ ਦੀ ਸੇਵਾ ਸੰਭਾਲ ਅਤੇ ਧੂਪ-ਦੀਪ-ਜੋਤਿ ਕਰਦੇ ਰਹੇ ਹਨ।"[56] ਬਿਖੜੇ ਪੈਂਡਿਆਂ ਵਿਚ ਨਿਰਮਲੇ ਸੰਤਾਂ ਵੱਲੋਂ ਇਨ੍ਹਾਂ ਗੁਰ-ਸਥਾਨਾਂ ਦੀ ਸੰਭਾਲ ਵਡਮੁੱਲੀ ਧਾਰਮਿਕ ਸੇਵਾ ਹੈ।

ਸੰਤ ਕੋਇਰ ਸਿੰਘ ਜੀ, ਜੋ ਦਸਮ ਪਾਤਸ਼ਾਹ ਦੇ ਹਜ਼ੂਰੀ ਸਿੱਖ ਪੰਡਿਤ ਕਰਮ ਸਿੰਘ ਅਤੇ ਬਾਬਾ ਗੁਰਬਖਸ਼ ਸਿੰਘ ਜੀ ਦਾ ਸਤਿਸੰਗ ਕਰਦੇ ਰਹੇ ਹਨ, ਨੇ "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ 42 ਸਾਲ ਬਾਅਦ ਸੰਮਤ 1807 (1750 ਈ.) ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾਂ ਵਿਚ ਡੇਰਾ ਕਾਇਮ ਕਰ ਦਿੱਤਾ। ਇਸ ਸਮੇਂ ਕੋਈ ਕੋਈ ਸਿੱਖ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਯਾਤ੍ਰਾ ਨੂੰ ਆਇਆ ਕਰਦਾ ਸੀ। ਉਹ ਆਪ ਜੀ ਕੋਲ ਹੀ ਆ ਕੇ ਠਹਿਰਿਆ ਕਰਦਾ ਸੀ। ਆਪ ਪਿੰਡ/ਸ਼ਹਿਰ ਵਿਚੋਂ ਮਧੂਕਰੀ ਲਿਆ ਕੇ ਲੰਗਰ ਚਲਾਉਂਦੇ ਸਨ। ਨਾਲ ਹੀ ਸਤਿ-ਸੰਗ ਦ੍ਵਾਰਾ ਪ੍ਰੇਮੀਆਂ ਨੂੰ ਗੁਰੂ ਘਰ ਨਾਲ ਜੋੜਦੇ ਰਹਿੰਦੇ ਸਨ।"[57] ਗੁਰ

---

[55] ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 64.

[56] ਉਹੀ, *ਨਿਰਮਲ ਪੰਥ ਬੋਧ*, ਪੰਨਾ 629.

[57] ਉਹੀ, ਪੰਨਾ 644.

ਸਥਾਨਾਂ ਦੀ ਦੇਖ-ਭਾਲ ਅਤੇ ਦਰਸ਼ਨਾਂ ਨੂੰ ਆਈ ਸੰਗਤ ਲਈ ਅੰਨ-ਪਾਣੀ ਦਾ ਪ੍ਰਬੰਧ ਕਰਨਾ ਇਕ ਉੱਤਮ ਧਾਰਮਿਕ ਸੇਵਾ ਹੈ। ਇਹ ਸਥਾਨ ਹੀ ਭਵਿੱਖ ਵਿਚ 'ਬੁੰਗਾ ਨਿਰਮਲਿਆਂ' ਦੇ ਨਾਮ ਨਾਲ ਪ੍ਰਸਿੱਧ ਹੋਇਆ।

ਗੁਰਦੁਆਰਾ ਲਿਖਣਸਰ, ਦਮਦਮਾ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸਕ ਸਥਾਨ ਜਿੱਥੇ ਉਨ੍ਹਾਂ ਕਲਮਾਂ ਘੜਕੇ ਤੇ ਸ਼ਿਆਹੀ ਸਰੋਵਰ ਵਿਚ ਪਾ ਕੇ ਇਸ ਅਸਥਾਨ ਨੂੰ 'ਗੁਰੂ ਕੀ ਕਾਸ਼ੀ' ਦਾ ਵਰ ਦਿੱਤਾ ਸੀ। "ਇਸ ਗੁਰਦਵਾਰਾ ਸਾਹਿਬ ਦੀ ਇਮਾਰਤ ਸੰਤ ਨਿਹਾਲ ਸਿੰਘ ਜੀ ਨੇ ਤਿਆਰ ਕਰਵਾਈ ਸੀ। ਫਿਰ ਉਨ੍ਹਾਂ ਦੇ ਸ਼ਿਸ਼ ਭਾਈ ਗੁਰਮੁਖ ਸਿੰਘ ਜੀ ਨੇ ਲਿਖਣਸਰ ਸਰੋਵਰ ਦੀ ਕਾਰ ਸੇਵਾ ਕਰਵਾਈ। ਇਹ ਸਥਾਨ ਕਾਫ਼ੀ ਸਮਾਂ ਨਿਰਮਲਾ ਪ੍ਰਬੰਧ ਵਿਚ ਰਿਹਾ। ਬਾਅਦ ਵਿਚ ਸ਼ਰੋਮਣੀ ਕਮੇਟੀ ਨੇ ਆਪਣੇ ਅਧਿਕਾਰ ਵਿਚ ਲੈ ਲਿਆ।"[58] ਸ਼੍ਰੋਮਣੀ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਭਾਰਤ ਦੇ ਬਹੁਤੇ ਸਥਾਨਾਂ ਉੱਤੇ ਨਿਰਮਲੇ ਸੰਤਾਂ ਨੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਵਿਚ ਵੀ ਆਪਣਾ ਯੋਗਦਾਨ ਪਾਇਆ ਹੈ।

ਕੁੱਝ ਨਿਰਮਲੇ ਸੰਤਾਂ ਦੀ ਵਿਦਵਤਾ ਤੋਂ ਖੁਸ਼ ਹੋ ਕੇ ਉਨ੍ਹਾਂ ਨੂੰ ਸਨਮਾਨ ਦੇਣ ਲਈ ਸੰਤਾਂ ਦੀ ਇੱਛਾ ਅਨੁਸਾਰ ਰਾਜਿਆਂ-ਮਹਾਰਾਜਿਆਂ ਦੁਆਰਾ ਵੀ ਗੁਰਦੁਆਰਿਆਂ ਦੀ ਉਸਾਰੀ ਕਰਵਾਈ ਗਈ, ਜਿਵੇ:

ਪੰ. ਹਰੀ ਸਿੰਘ ਜੀ ਰਿਸ਼ੀਕੇਸ਼ ਵਾਲੇ ਨੇਪਾਲ ਰਾਜੇ ਦੇ ਵਿਸ਼ੇਸ਼ ਸੱਦੇ ਉੱਤੇ "1869 ਈ. ਵਿਚ ਨੇਪਾਲ ਗਏ। ਰਾਜਕੀਯ ਪ੍ਰਸਾਦ ਵਿਚ ਗੁਰਸ਼ਬਦ ਦੀ ਕਥਾ ਕੀਤੀ, ਗੁਰੂ ਸਿਧਾਂਤ ਦਾ ਨਿਰੂਪਣ, ਗੁਰੂ ਸਾਹਿਬਾਨ ਦੇ ਉਪਕਾਰਾਂ ਦੀ ਵਿਆਖਿਆ ਹੋਈ, ਨੇਪਾਲ ਸਮਰਾਟ ਪਰਵਾਰ ਸਮੇਤ ਗੁਰੂ ਕਾ ਸਿੱਖ ਬਣਿਆ। ਸ਼ਾਹੀ ਮਹੱਲਾਂ ਵਿਚ ਗੁਰਦ੍ਵਾਰਾ ਸਥਾਪਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ।"[59] ਨਿਰਮਲੇ ਸੰਤਾਂ ਦੀ ਵਿਦਵਤਾ ਤੋਂ ਪ੍ਰਭਾਵਿਤ ਹੋਏ ਬਹੁਤੇ ਰਾਜੇ-ਮਹਾਰਾਜੇ ਉਨ੍ਹਾਂ ਤੋਂ ਸਦਉਪਦੇਸ਼ ਸੁਣਨ ਲਈ ਬੁਲਾਉਂਦੇ ਰਹਿੰਦੇ ਸਨ। "1907 ਈ. ਵਿਚ ਉਜੈਨ ਕੁੰਭ ਉੱਤੇ ਮਹਾਰਾਜਾ ਗਵਾਲੀਅਰ ਨਿਰਮਲੇ ਸੰਤ ਦੀ ਕਥਾ ਸੁਣ ਕੇ ਅਤਿਅੰਤ ਪ੍ਰਭਾਵਿਤ ਹੋਇਆ ਅਤੇ ਅਖਾੜੇ ਨੂੰ ਉਚੇਚਾ ਗਵਾਲੀਅਰ ਬੁਲਾਇਆ। ਰਾਜਕੀਯ ਸਨਮਾਨ ਕਰਕੇ, ਫੂਲ ਬਾਗ ਵਿਚ ਗੁਰਦੁਆਰਾ ਸਥਾਪਨ ਕਰਵਾਇਆ। ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕੇ ਵਾਲਿਆਂ ਨੇ ਕਈ ਹਫ਼ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸੂਰਜ ਪ੍ਰਕਾਸ਼ ਦੀ ਕਥਾ ਕੀਤੀ। ਸਤਿਗੁਰੂ ਹਰਿਗੋਬਿੰਦ ਜੀ ਦੀ ਗਵਾਲੀਅਰ ਯਾਤ੍ਰਾ ਦੀ ਕਥਾ ਬਹੁਤ ਹੀ ਰੌਚਕ ਤਥਾ ਵਿਆਖਿਆ ਨਾਲ ਵਰਨਣ

---

58 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 929.

59 ਉਹੀ, ਨਿਰਮਲ ਸੰਪ੍ਰਦਾਇ: ਸਾਹਿਤ ਤੇ ਵਿਦਵਤਾ ਦੇ ਪੁੰਜ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 234.

ਕੀਤੀ। ਗਵਾਲੀਅਰ ਨਰੇਸ਼ ਤੇ ਹਜ਼ਾਰਾਂ ਲੋਕੀ ਗੁਰੂ ਕੇ ਸਿੱਖ ਬਣੇ।"[60] ਨਿਰਮਲੇ ਸੰਤਾਂ ਨੇ ਗੁਰਮਤਿ ਪ੍ਰਚਾਰ ਦੇ ਸੋਮੇ ਵਧਾਉਣ ਹਿਤ ਭਾਰਤ ਵਿਚ ਥਾਂ-ਥਾਂ ਗੁਰਦੁਆਰੇ ਸਥਾਪਿਤ ਕਰਵਾਏ ਹਨ।

**ਅੰਮ੍ਰਿਤਪਾਨ ਕਰਵਾਉਣਾ**

ਨਿਰਮਲੇ ਸੰਤਾਂ ਨੇ ਸਮੁੱਚੇ ਭਾਰਤ ਵਿਚ ਪ੍ਰਚਾਰ ਕਰਦਿਆਂ ਦੀਵਾਨਾਂ ਵਿਚੋਂ, ਟਿਕਾਣਿਆਂ ਵਿਚੋਂ ਅਤੇ ਗੁਰ-ਸਥਾਨਾਂ ਵਿਚੋਂ ਆਪਣੀਆਂ ਸੇਵਾਵਾਂ ਨਾਲ ਸਿੱਖ ਅਤੇ ਗੈਰ-ਸਿੱਖ ਲੋਕਾਂ ਨੂੰ ਗੁਰਮਤਿ ਵੱਲ ਪ੍ਰੇਰਕੇ ਗੁਰੂ ਵਾਲੇ ਬਣਾਉਂਦੇ ਹੋਏ ਅੰਮ੍ਰਿਤਪਾਨ ਕਰਵਾਇਆ ਹੈ।

ਬਹੁਤ ਸਾਰੇ ਨਿਰਮਲੇ ਸੰਤ ਅਜਿਹੇ ਵੀ ਹੋਏ ਹਨ ਜਿਨ੍ਹਾਂ ਨੇ ਭਾਵੇਂ ਲਿਖਿਆ ਤਾਂ ਕੁੱਝ ਨਹੀਂ ਪਰ ਸਮੁੱਚਾ ਜੀਵਨ ਭਜਨ ਬੰਦਗੀ ਅਤੇ ਗੁਰਮਤਿ ਦੇ ਪ੍ਰਚਾਰ ਵਿਚ ਬਤੀਤ ਕੀਤਾ ਹੈ। ਇਨ੍ਹਾਂ ਵਿਚੋਂ ਗਿਆਨੀ ਸੰਤ ਬਾਬਾ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਸਨ, "ਆਪ ਨੇ ਚੱਵੀ-ਪੰਝੀ ਸਾਲ ਵਰ੍ਹੇ ਭਜਨ ਸਿਮਰਨ ਕਰਦੇ ਹੋਏ ਕਸ਼ਮੀਰ ਤੱਕ ਗੁਰਬਾਣੀ ਦਾ ਪ੍ਰਚਾਰ, ਕਥਾ ਤੇ ਕੀਰਤਨ ਦੁਆਰਾ ਕੀਤਾ। ਆਪ ਦੇ ਬੋਲਾਂ ਵਿਚ ਅੰਮ੍ਰਿਤ ਵਰਗੀ ਤਾਸੀਰ ਸੀ। ਜਿਸ ਪਿੰਡ ਵਿਚ ਕੀਰਤਨ ਕਰਦੇ, ਓਥੇ ਸੈਂਕੜਿਆਂ ਦੀ ਗਿਣਤੀ ਵਿਚ ਪ੍ਰੇਮੀ ਅਮ੍ਰਿਤ ਪਾਨ ਕਰ ਕੇ ਗੁਰ-ਚਰਨਾਂ ਦੇ ਭੌਰੇ ਬਣ ਜਾਂਦੇ।

'ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ' (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 808)

ਦੇ ਅਨੁਸਾਰ ਆਪ ਤੋਂ ਗਿਆਨ ਅਮ੍ਰਿਤ ਪੀ ਕੇ ਅਨੇਕਾਂ ਰੂਹਾਂ ਅਮਰ ਹੋਈਆਂ।"[61] ਨਿਰਮਲੇ ਸੰਤਾਂ ਦੁਆਰਾ ਸੰਗਤਾਂ ਨੂੰ ਅੰਮ੍ਰਿਤਪਾਨ ਕਰਾਉਣ ਦੇ ਅਨੇਕਾਂ ਪ੍ਰਮਾਣ ਇਤਿਹਾਸ ਵਿਚ ਮਿਲਦੇ ਹਨ।

ਨਿਰਮਲੇ ਸੰਤ ਅੰਮ੍ਰਿਤਧਾਰੀ[62] ਹੁੰਦੇ ਹਨ ਅਤੇ ਉਹ ਪੂਰੀ ਗੁਰ-ਮਰਯਾਦਾ ਨਾਲ ਲੋਕਾਂ ਨੂੰ ਅੰਮ੍ਰਿਤ ਛਕਾਉਂਦੇ ਹਨ। ਸਮੇਂ ਦੇ ਗੇੜ ਨਾਲ ਭਾਵੇਂ ਕੁੱਝ ਸੰਤਾਂ ਨੇ ਕਕਾਰ ਧਾਰਨ ਕਰਨੇ ਛੱਡ ਦਿੱਤੇ। ਇਸ ਤਰ੍ਹਾਂ ਜਿਹੜੇ ਸੰਤ

---

[60] ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ: ਸਾਹਿਤ ਤੇ ਵਿਦਵਤਾ ਦੇ ਪੁੰਜ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 234.

[61] ਹਕੀਕਤ ਸਿੰਘ ਅਰਵਿੰਦ, ਨਿਰਮਲ ਸੰਤਾਂ ਦੀ ਦਰਸ਼ਨ ਤੇ ਧਰਮ ਨੂੰ ਦੇਣ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 197.

[62] ਨਿਰਮਲੇ ਸੰਤਾਂ ਨੇ ਪਹਿਲਾਂ ਪੰਜ ਪਿਆਰਿਆਂ ਤੋਂ ਅੰਮ੍ਰਿਤਪਾਨ ਕੀਤਾ, ਉਪਰੰਤ ਸਾਰੇ ਨਿਰਮਲੇ ਸੰਤ ਅੰਮ੍ਰਿਤਧਾਰੀ ਰਹੇ ਹਨ। ਜਦੋਂ ਨਿਰਮਲ ਸੰਪ੍ਰਦਾਇ ਦੀ ਸੰਗਠਨਾਤਮਿਕ ਸੰਸਥਾ 'ਸ੍ਰੀ ਪੰਚਾਇਤੀ ਅਖਾੜਾ ਨਿਰਮਲਾ' ਸਥਾਪਤ ਹੋਈ ਤਾਂ ਉਸ ਸਮੇਂ ਜੋ ਦਸਤੂਰੁਲ ਅਮਲ (ਨਿਯਮਾਵਲੀ) ਬਣਿਆ ਤਾਂ ਉਸ ਵਿਚ ਵਿਸ਼ੇਸ਼ ਇਹ ਗੱਲ ਲਿਖੀ ਗਈ ਕਿ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੂੰ ਅੰਮ੍ਰਿਤਪਾਨ ਕਰਨਾ ਜ਼ਰੂਰੀ ਹੈ।

ਆਪ ਕਕਾਰਾਂ ਦੇ ਧਾਰਨੀ ਨਹੀਂ ਸਨ ਉਹ ਦੂਜੇ ਨੂੰ ਕਕਾਰ ਕਿਵੇਂ ਧਾਰਨ ਕਰਵਾਉਂਦੇ? ਇਸ ਲਈ ਕਈ ਸੰਤਾਂ ਨੇ ਅੰਮ੍ਰਿਤ ਛਕਾਉਣਾ ਛੱਡ ਦਿੱਤਾ। ਕੁੱਝ ਸਨਾਤਨੀ ਕਿਰਿਆਵਾਂ ਅਤੇ ਕਕਾਰਾਂ ਨੂੰ ਧਾਰਨ ਨਾ ਕਰਨ ਕਰਕੇ ਸਿੱਖ ਸੰਗਤ ਨੇ ਇਨ੍ਹਾਂ ਨਾਲ ਤਰਕ-ਵਿਤਰਕ ਵੀ ਕਰਨਾ ਸ਼ੁਰੂ ਕਰ ਦਿੱਤਾ। ਉਸ ਤੋਂ ਬਾਅਦ ਅੰਮ੍ਰਿਤ ਅਭਿਲਾਖੀ ਸੰਗਤ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਇਤਿਹਾਸਕ ਅਤੇ ਹੋਰ ਗੁਰਦੁਆਰਿਆਂ ਵਿਚੋਂ ਹੀ ਅੰਮ੍ਰਿਤਪਾਨ ਕਰਨ ਨੂੰ ਤਰਜੀਹ ਦਿੱਤੀ।

**1910 ਈ. ਤੋਂ 2010 ਈ. ਤੱਕ ਗੁਰਮੁਖੀ, ਗੁਰਬਾਣੀ ਅਤੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੁਆਰਾ**

20ਵੀਂ ਸਦੀ ਵਿੱਚ ਵੀ ਨਿਰਮਲਿਆਂ ਨੇ ਆਪਣੇ ਪ੍ਰਚਾਰ-ਪ੍ਰਸਾਰ ਵਿਚ ਗੁਰਮੁਖੀ ਨੂੰ ਪ੍ਰਮੁੱਖਤਾ ਦਿੱਤੀ। ਇਨ੍ਹਾਂ ਨੇ ਕੁੱਝ ਪ੍ਰਤੀਸ਼ਤ ਨੂੰ ਛੱਡਕੇ ਬਾਕੀ ਸਾਰੇ ਗ੍ਰੰਥ ਹੀ ਗੁਰਮੁਖੀ ਵਿਚ ਰਚੇ। ਆਪਣੇ ਸਾਰੇ ਸਥਾਨਾਂ ਵਿਚ ਗੁਰਮੁਖੀ ਨੂੰ ਵਿਦਿਆ ਦਾ ਮਾਧਿਅਮ ਬਣਾਇਆ ਹੋਇਆ ਹੈ। ਅਜੋਕੇ ਸਮੇਂ ਵੀ ਨਿਰਮਲ ਸੰਪ੍ਰਦਾਇ ਵਿਚ ਸੰਤ ਬਣਨ ਸਮੇਂ ਸਭ ਤੋਂ ਪਹਿਲਾਂ ਗੁਰਮੁਖੀ ਵਿਦਿਆ ਪੜ੍ਹਾਈ ਜਾਂਦੀ ਹੈ ਉਸ ਤੋਂ ਬਾਅਦ ਰੁਚੀ ਅਨੁਸਾਰ ਦੂਜੀਆਂ ਭਾਸ਼ਾਵਾਂ ਦਾ ਗਿਆਨ ਦਿੱਤਾ ਜਾਂਦਾ ਹੈ। ਨਿਰਮਲੇ ਸੰਤਾਂ ਦੁਆਰਾ ਸੰਚਾਲਿਤ ਸਾਰੇ ਸਥਾਨਾਂ ਵਿਚ ਗੁਰਮੁਖੀ ਵਿਦਿਆ ਦਿੱਤੀ ਜਾਦੀ ਹੈ।

ਨਿਰਮਲੇ ਸੰਤਾਂ ਨੇ ਗੁਰਬਾਣੀ ਪ੍ਰਚਾਰ ਆਪਣੇ ਜੀਵਨ ਮਨੋਰਥ ਵਜੋਂ ਅਪਣਾਇਆ ਹੋਇਆ ਹੈ, ਉਨ੍ਹਾਂ ਜਨ-ਸਾਧਾਰਨ ਨੂੰ ਬਾਣੀ ਨਾਲ ਜੋੜਿਆ। ਸੰਤਾਂ ਨੇ ਗੁਰਬਾਣੀ ਦੇ ਗੁਟਕਾ ਸਾਹਿਬ ਹੱਥੀਂ ਲਿਖੇ ਅਤੇ ਵੰਡੇ। ਨਿਰਮਲੇ ਸੰਤਾਂ ਨੇ ਵੀਹਵੀਂ ਸਦੀ ਵਿਚ ਬਹੁਤ ਸਾਰੇ ਬਾਣੀਆਂ ਦੇ ਟੀਕਿਆਂ ਦੀ ਰਚਨਾ ਕੀਤੀ ਹੈ।

ਉਕਤ ਤੋਂ ਇਲਾਵਾ ਨਿਮਨ ਗੁਰਦੁਆਰਿਆਂ ਦੀ ਸੇਵਾ-ਸੰਭਾਲ ਵੀ ਨਿਰਮਲੇ ਮਹਾਂਪੁਰਖਾਂ ਵੱਲੋਂ ਸਮੇਂ-ਸਮੇਂ ਕਰੀ-ਕਰਵਾਈ ਗਈ:

- "ਸ੍ਰੀ ਮਾਨ ਸੰਤ ਹਰੀ ਸਿੰਘ ਜੀ ਕਹਾਰਪੁਰੀਆ ਨੇ ਤਖ਼ਤ ਕੇਸਗੜ੍ਹ (ਸ੍ਰੀ ਆਨੰਦਪੁਰ ਸਾਹਿਬ) ਦੀ ਸ਼ਾਨਦਾਰ ਇਮਾਰਤ ਬਣਾਈ ਅਤੇ ਹੋਰ ਗੁਰ ਅਸਥਾਨਾਂ ਦਾ ਨਵ-ਨਿਰਮਾਣ ਵੀ ਕੀਤਾ।"[63]

---

[63] ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ, ਡਾ. ਸਰਬਜਿੰਦਰ ਸਿੰਘ (ਸੰਪਾ.) *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 64.

- "ਸ੍ਰੀ ਮਾਨ ਸੰਤ ਕਰਤਾਰ ਸਿੰਘ ਜੀ ਠੱਠੇ ਟਿੱਬੇ ਵਾਲਿਆਂ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਛੱਤ 'ਤੇ ਸੋਨਾ ਲਾਉਣ ਦੀ ਸੇਵਾ ਕੀਤੀ। ਪਟਨਾ ਸਾਹਿਬ ਅਤੇ ਗੋਇੰਦਵਾਲ ਆਦਿਕ ਅਨੇਕ ਅਸਥਾਨਾਂ ਦੀ ਸੇਵਾ ਕਰਵਾਈ।"[64]
- "ਮਹੰਤ ਨਿਰੰਜਨ ਸਿੰਘ ਗਿਆਨੀ ਜੀ ਜਦੋਂ 1948 ਈ. ਵਿਚ ਕੀਟਗੰਜ ਪੀਲੀ ਕੋਠੀ ਇਲਾਹਾਬਾਦ ਦੇ ਕੁਠਾਰੀ ਮਹੰਤ ਬਣੇ ਤਾਂ ਆਪ ਨੇ ਇਥੇ ਇਕ ਸੁੰਦਰ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ।"[65]

ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਸਮੁੱਚੇ ਭਾਰਤ ਵਿਚ ਅਨੇਕਾਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕੀਤੀ ਹੈ। ਪੁਰਾਤਨ ਇਤਿਹਾਸਕ ਗੁਰਦੁਆਰਿਆਂ ਵਿਚੋਂ ਬਹੁਤੇ ਗੁਰਦੁਆਰੇ ਸ਼੍ਰੋਮਣੀ ਕਮੇਟੀ ਦੇ ਹੋਂਦ ਵਿਚ ਆਉਣ ਉਪਰੰਤ ਉਸ ਦੇ ਅਧਿਕਾਰ ਵਿਚ ਚਲੇ ਗਏ।

ਗੁਰਦੁਆਰਿਆਂ ਦੀ ਸੇਵਾ-ਸੰਭਾਲ ਨੂੰ ਨਿਰਮਲੇ ਸੰਤਾਂ ਨੇ ਆਪਣਾ ਪਰਮ-ਧਰਮ ਮੰਨਿਆ। "ਵੀਹਵੀਂ ਸਦੀ ਵਿਚ ਸ੍ਰੀ ਮਾਨ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਵਾਲਿਆਂ ਨੇ ਗੁਰੂ ਕਾਂਸੀ ਦਮਦਮਾ ਸਾਹਿਬ ਦੇ ਗੁਰੂਸਰ ਸਰੋਵਰ ਦੀ ਕਾਰ ਸੇਵਾ ਕਰ ਕੇ ਇਕ ਤਰ੍ਹਾਂ ਸੇਵਾ ਦਾ ਆਰੰਭ ਕੀਤਾ। ਇਸ ਤੋਂ ਬਾਅਦ ਅਨੇਕ ਮਹਾਂਪੁਰਖ ਗੁਰਦੁਆਰਿਆਂ ਦੀਆਂ ਇਮਾਰਤਾਂ, ਸਰੋਵਰ, ਹੰਸਲੀਆਂ ਦੀ ਸੇਵਾ ਕਰਨ ਲੱਗੇ।"[66] ਇਸ ਤਰ੍ਹਾਂ ਗੁਰੂ ਸਥਾਨਾਂ ਦੀ ਸੇਵਾ ਕਰਕੇ ਸੰਤਾਂ ਨੇ ਆਪਣੀ ਭਾਵਨਾ ਵਿਅਕਤ ਕਰ ਦਿੱਤੀ ਕਿ ਉਹ ਗੁਰੂ ਘਰਾਂ ਦਾ ਕਿੰਨਾ ਸਤਿਕਾਰ ਕਰਦੇ ਹਨ। ਪੰਜਾਬ ਤੋਂ ਬਾਹਰ ਕਈ ਇਤਿਹਾਸਕ ਗੁਰਦੁਆਰੇ ਅਜੇ ਵੀ ਨਿਰਮਲ ਸੰਪ੍ਰਦਾਇ ਦੇ ਪ੍ਰਬੰਧ ਹੇਠ ਹਨ, ਜਿਵੇ:

1. ਗੁਰਦੁਆਰਾ ਤੀਸਰੀ ਪਾਤਸ਼ਾਹੀ, ਸਤੀ ਘਾਟ, ਕਨਖਲ (ਹਰਿਦੁਆਰ)
2. ਗੁਰਦੁਆਰਾ ਪੱਕੀ ਸੰਗਤ, ਅਹੱਈਆ ਪੁਰ (ਅਲਾਹਾਬਾਦ), ਜਿੱਥੇ ਗੁਰੂ ਤੇਗ ਬਹਾਦਰ ਸਾਹਿਬ ਆਸਾਮ ਯਾਤਰਾ ਸਮੇਂ ਛੇ ਮਹੀਨੇ ਠਹਿਰੇ ਸਨ।

---

64 ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ, ਡਾ. ਸਰਬਜਿੰਦਰ ਸਿੰਘ (ਸੰਪਾ.) *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 65.

65 ਉਹੀ, *ਨਿਰਮਲ ਪੰਥ ਬੋਧ*, ਪੰਨਾ 649.

66 ਉਹੀ, ਨਿਰਮਲ ਸੰਪ੍ਰਦਾਇ, ਡਾ. ਸਰਬਜਿੰਦਰ ਸਿੰਘ (ਸੰਪਾ.) *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 64.

3. ਗੁਰਦੁਆਰਾ ਬਾਲਲੀਲਾ, ਪਟਨਾ ਸਾਹਿਬ, ਇਹ ਅਸਥਾਨ ਦੀ ਸੇਵਾ-ਸੰਭਾਲ ਨਿਰਮਲ ਸੰਪ੍ਰਦਾਇ ਦੇ ਪ੍ਰਬੰਧ ਅਧੀਨ ਹੈ। ਸ੍ਰੀ ਮਾਨ ਪੰਡਿਤ ਬਲਵੀਰ ਸਿੰਘ ਜੀ ਸ਼ਾਸਤ੍ਰੀ ਨੇ ਗੁਰਦੁਆਰਾ ਬਾਲਲੀਲਾ ਬੜੀ ਸੰਗਤ ਦੀ ਭਵ-ਇਮਾਰਤ ਬਣਾਈ ਹੈ, ਜੋ ਪਟਨਾ ਸਾਹਿਬ ਵਿਚ ਖ਼ਾਲਸਾ ਪੰਥ ਦੇ ਗੌਰਵ ਨੂੰ ਪ੍ਰਗਟ ਕਰਦੀ ਹੈ। ਇਸ ਗੁਰਦੁਆਰੇ ਵਾਲੀ ਜਗ੍ਹਾ ਪਹਿਲਾਂ ਰਾਜਾ ਫ਼ਤਿਹ ਚੰਦ ਦਾ ਨਿਵਾਸ ਅਸਥਾਨ ਸੀ। ਇਸ ਸਥਾਨ ਤੇ ਬਾਲਾ ਪ੍ਰੀਤਮ ਖੇਡਦੇ ਹੁੰਦੇ ਸਨ। "ਇਸ ਅਸਥਾਨ ਉੱਤੇ ਹੀ ਗੁਰੂ ਸਾਹਿਬ ਨੇ ਰਾਜਾ ਫ਼ਤਹ ਚੰਦ ਦੇ ਘਰੋਂ ਰਾਣੀ ਬਿਸ਼ੰਭਰਾ ਦੀ ਗੋਦ ਵਿਚ ਬੈਠ ਕੇ ਉਸ ਦੀ ਬੱਚਾ ਹੋਣ ਦੀ ਕਾਮਨਾ ਪੂਰੀ ਕਰਦੇ ਹੋਏ ਘੁੰਗਣੀਆਂ ਦਾ ਪ੍ਰਸ਼ਾਦ ਆਪ ਛਕਿਆ ਤੇ ਬੱਚਿਆਂ ਨੂੰ ਛਕਾਇਆ ਸੀ। ਇਹ ਮਰਯਾਦਾ ਹੁਣ ਤੱਕ ਕਾਇਮ ਹੈ।"[67] ਆਦਿ

ਉਕਤ ਗੁਰਦੁਆਰਿਆਂ ਤੋਂ ਬਿਨਾਂ ਨਿਰਮਲੇ ਸੰਤਾਂ ਦੇ ਪ੍ਰਬੰਧ ਵਿਚ ਹੋਰ ਵੀ ਕਈ ਅਜਿਹੇ ਗੁਰ-ਸਥਾਨ (ਗੁਰਦੁਆਰੇ) ਹਨ ਜੋ ਨਿਰਮਲੇ ਸੰਤਾਂ ਦੇ ਸਥਾਨਾਂ 'ਤੇ ਉਨ੍ਹਾਂ ਨੇ ਆਪ ਬਣਵਾਏ ਜਾਂ ਉਨ੍ਹਾਂ ਦੀ ਵਿਦਵਤਾ ਤੋਂ ਖੁਸ਼ ਹੋ ਕੇ ਰਾਜਿਆਂ-ਮਹਾਰਾਜਿਆਂ ਨੇ ਬਣਵਾਏ।

**ਕਾਰ ਸੇਵਾ**

ਜਿੱਥੇ ਨਿਰਮਲੇ ਸੰਤਾਂ ਨੇ ਅਨੇਕ ਗੁਰੂ ਘਰ ਬਣਵਾਏ ਹਨ, ਬਹੁਤ ਸਾਰੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕੀਤੀ ਉਥੇ ਨਾਲ ਹੀ ਨਿਰਮਲ ਸੰਪ੍ਰਦਾਇ ਦੇ ਸੰਤ ਮਹਾਂਪੁਰਖਾਂ ਨੇ ਗੁਰੂ ਘਰਾਂ ਦੀ ਕਾਰ ਸੇਵਾ ਵੀ ਕੀਤੀ ਜਾਂ ਕਰਾਈ ਹੈ। ਇਹ ਸੰਤ ਅਜੋਕੇ ਸਮੇਂ ਵੀ ਗੁਰੂ ਘਰਾਂ ਦੀ ਕਾਰਸੇਵਾ ਕਰਕੇ ਗੁਰੂ ਸਾਹਿਬਾਂ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ। ਮੌਜੂਦਾ ਸਮੇਂ ਨਿਰਮਲ ਸੰਪ੍ਰਦਾਇ ਦੇ ਸੰਤਾਂ ਵੱਲੋਂ ਦੋ ਕਾਰ-ਸੇਵਾ ਸੰਪ੍ਰਦਾਵਾਂ ਵੀ ਚਲ ਰਹੀਆਂ ਹਨ।

1. ਸੰਪਰਦਾ ਬਾਬਾ ਸੇਵਾ ਸਿੰਘ ਜੀ, ਜਿਨ੍ਹਾਂ ਸੰਤ ਬਾਬਾ ਲਾਭ ਸਿੰਘ ਜੀ ਨੇ ਆਨੰਦਪੁਰ ਸਾਹਿਬ ਤਖ਼ਤ ਸਾਹਿਬ ਗੁਰਦੁਆਰੇ ਦੀ ਕਾਰ-ਸੇਵਾ ਕੀਤੀ ਹੈ।
2. ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ, ਜੋ ਬਹੁਤ ਸਾਰੇ ਗੁਰਦੁਆਰਿਆਂ ਦੀ ਕਾਰ-ਸੇਵਾ ਕਰਵਾ ਰਹੇ ਹਨ। ਇਸ ਸੰਪ੍ਰਦਾਇ ਦੇ ਵਡੇਰੇ ਸੰਤਾਂ ਵਿਚੋਂ ਸੰਤ ਜੈਮਲ ਸਿੰਘ ਜੀ ਭੂਰੀ ਵਾਲੇ ਬਹੁਤ

---

[67] ਬਲਵੀਰ ਸਿੰਘ ਵਿਯੋਗੀ, ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦਾ ਸਿਰਜਨ ਉਦੇਸ਼, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 53.

ਹੀ ਨਿਮਰ ਤੇ ਉੱਚ ਕਰਨੀ ਵਾਲੇ ਸੰਤ ਸਨ ਜਿਨ੍ਹਾਂ ਨੇ ਆਪਣੀ ਜਿੰਦਗੀ ਦੇ ਅੰਤਿਮ ਸਾਹਾਂ ਤੱਕ ਗੁਰਸਥਾਨਾਂ ਦੀ ਸੇਵਾ ਕੀਤੀ ਹੈ। "ਆਪ ਨੇ ਹੇਠ ਲਿਖੇ ਗੁਰਦੁਆਰਿਆਂ ਦੀ ਸੇਵਾ ਕਰਾਈ ਹੈ:[68]

ੳ) ਸੰਨ੍ਹ ਸਾਹਿਬ ਗੁਰਦੁਆਰੇ ਦੀ ਸੜਕ ਅਤੇ ਹੋਰ ਸੇਵਾ।

ਅ) ਗੁਰਦੁਆਰਾ ਥੜਾ ਸਾਹਿਬ।

ੲ) ਗੁਰਦੁਆਰਾ ਕੌਲਸਰ ਸਾਹਿਬ।

ਸ) ਬਬੇਕਸਰ ਸਾਹਿਬ ਦੀ ਪਰਕਰਮਾ।

ਹ) ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ।

ਕ) ਗੁਰਦੁਆਰਾ ਅਟਾਰੀ ਸਾਹਿਬ, ਸੁਲਤਾਨਵਿੰਡ।

ਖ) ਗੁਰਦੁਆਰਾ ਸੰਤੋਖਸਰ ਸਾਹਿਬ ਦੀ ਕਾਰ ਸੇਵਾ।

ਗ) ਗੁਰਦੁਆਰਾ ਸ੍ਰੀ ਦਮਦਮਾ ਸਾਹਿਬ।

ਘ) ਪਰਕਰਮਾ ਸ੍ਰੀ ਦਰਬਾਰ ਸਾਹਿਬ, ਤਰਨਤਾਰਨ। ਸੰਗਮਰਮਰ ਦੀ ਸੇਵਾ।

ਙ) ਖੂਹ ਭਾਈ ਮੰਝ ਜੀ।

ਚ) ਗੁਰਦੁਆਰਾ ਨਾਨਕ-ਸਰ ਸਾਹਿਬ, ਵੇਰਕਾ, ਆਦਿ।"

ਨਿਰਮਲ ਸੰਪ੍ਰਦਾਇ ਵਿਚ ਆਪ ਦਾ ਬਹੁਤ ਸਤਿਕਾਰ ਸੀ। ਆਪ ਦੇ ਦਰਸਾਏ ਮਾਰਗਾਂ ਅਨੁਸਾਰ ਆਪ ਦੇ ਉਤਰਾਧਿਕਾਰੀ ਵੀ ਗੁਰਸਥਾਨਾਂ ਦੀ ਸੇਵਾ ਕਰਕੇ ਸੰਗਤਾਂ ਦਾ ਜਸ ਲੈ ਰਹੇ ਹਨ।

ਨਿਰਮਲੇ ਸੰਤਾਂ ਨੇ ਇਤਿਹਾਸਿਕ ਗੁਰੂ ਸਥਾਨਾਂ ਦੀ ਸੇਵਾ ਅਤੇ ਨਿਰਮਾਣ ਕਾਰਜ ਦੇ ਨਾਲ-ਨਾਲ ਭ੍ਰਮਣ ਕਰਦਿਆਂ ਵੱਖ-ਵੱਖ ਥਾਵਾਂ 'ਤੇ ਜਾ ਕੇ ਮੱਠ, ਡੇਰੇ, ਕੁਟੀਆ ਆਦਿ ਬਣਾਏ ਅਤੇ ਉਨ੍ਹਾਂ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਗੁਰਮਤਿ ਪ੍ਰਚਾਰ ਸੁਰੂ ਕੀਤਾ। ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਚਰਨੀ ਲਾਇਆ, ਮੁੱਢਲੀ ਵਿਦਿਆ ਦੀ ਸਿੱਖਿਆ ਦੇਣ ਦੇ ਨਾਲ-ਨਾਲ ਪੁਰਾਣੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਵੀ ਕਰਵਾਇਆ।

---

68 ਹਰਿਭਜਨ ਸਿੰਘ, ਅੰਮ੍ਰਿਤਸਰ ਦੇ ਡੇਰੇ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨੇ 104-05.

ਬਹੁਤ ਸਾਰੇ ਲੋਕ ਗੁਰਮਤਿ ਦੇ ਧਾਰਨੀ ਬਣੇ। ਇਹ ਗੁਰਦੁਆਰੇ ਗੁਰਮਤਿ ਗਿਆਨ ਦੇ ਸੋਮੇ ਹਨ ਜੋ ਅਗਿਆਨੀ ਅਤੇ ਭਟਕੇ ਲੋਕਾਂ ਦੇ ਮਨਾਂ ਨੂੰ ਤ੍ਰਿਪਤੀ ਬਖਸ਼ਦੇ ਹਨ। ਕਿਸੇ ਅਗਿਆਤ ਗੁਰ-ਸਥਾਨ ਨੂੰ ਪ੍ਰਗਟ ਕਰਨਾ, ਪ੍ਰਗਟ ਹੋਏ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨਾ ਅਤੇ ਇਨ੍ਹਾਂ ਸਥਾਨਾਂ ਵਿਚੋਂ ਗੁਰਮਤਿ ਨੂੰ ਪ੍ਰਚਾਰਨਾ ਨਿਰਮਲੇ ਸੰਤਾਂ ਦੀ ਧਾਰਮਿਕ ਖੇਤਰ ਵਿਚ ਵਡਮੁੱਲੀ ਸੇਵਾ ਹੈ।

**5. ਗ੍ਰੰਥ ਰਚਨਾ ਦੁਆਰਾ**

ਸਾਹਿਤਕ ਰਚਨਾ ਨਿਰਮਲੇ ਵਿਦਵਾਨਾਂ ਦੀ ਵਡਮੁੱਲੀ ਦੇਣ ਹੈ। ਨਿਰਮਲੇ ਸੰਤਾਂ ਨੇ ਦੋ ਤਰ੍ਹਾਂ ਦੇ ਗ੍ਰੰਥਾਂ ਦੀ ਰਚਨਾ ਕੀਤੀ। ਇਕ; ਗੁਰਮਤਿ ਨਾਲ ਸੰਬੰਧਿਤ। ਦੂਜੇ; ਭਾਰਤੀ ਦਰਸ਼ਨ ਪ੍ਰਣਾਲੀ ਨਾਲ ਸੰਬੰਧਿਤ। ਭਾਵੇਂ ਗੁਰਬਾਣੀ ਪ੍ਰਚਾਰ, ਗੁਰੂ ਨਾਨਕ ਸਿਧਾਂਤ ਦੀ ਵਿਆਖਿਆ ਕਰਨੀ ਹੀ ਆਪ ਦਾ ਮੁੱਖ ਉਦੇਸ਼ ਰਿਹਾ ਹੈ, ਫਿਰ ਵੀ ਆਪ ਨੇ ਧਰਮ, ਕਰਮ-ਕਾਂਡ, ਵੇਦਾਂਤ, ਨਯਾਯ, ਇਤਿਹਾਸ, ਮਿਥਿਹਾਸ, ਟੀਕੇ, ਕੋਸ਼-ਸਾਹਿਤ, ਆਯੁਰਵੈਦਿਕ ਆਦਿਕ ਅਨੇਕ ਵਿਸ਼ਿਆਂ ਉਪਰ ਗ੍ਰੰਥ ਰਚਨਾ ਕੀਤੀ ਹੈ। ਨਿਰਮਲੇ ਸੰਤਾਂ ਨੇ ਇਹ ਗ੍ਰੰਥ ਸੰਸਕ੍ਰਿਤ, ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਰਚੇ। ਜਿਆਦਾਤਰ ਕੰਮ ਸਾਧ-ਭਾਖਾ ਵਿਚ ਹੁੰਦਾ ਸੀ ਭਾਵੇਂ ਛਪਦਾ ਗੁਰਮੁਖੀ ਲਿਪੀ ਵਿਚ ਸੀ।

ਇਤਿਹਾਸ ਵਿਚ ਕਿਸੇ ਇਕ ਸੰਪ੍ਰਦਾਇ ਵੱਲੋਂ ਇੰਨੇ ਵੱਡੇ ਪੱਧਰ ਉੱਤੇ ਸਾਹਿਤ ਸਿਰਜਣਾ ਦਾ ਜ਼ਿਕਰ ਨਹੀਂ ਮਿਲਦਾ। ਕੁੱਝ ਸੰਪ੍ਰਦਾਵਾਂ ਨੇ ਜੋ ਗ੍ਰੰਥ ਰਚਨਾ ਕੀਤੀ ਉਹ ਉਨ੍ਹਾਂ ਨੇ ਆਪਣੇ ਧਰਮ ਜਾਂ ਸੰਪ੍ਰਦਾਇ ਲਈ ਹੀ ਕੀਤੀ ਮਿਲਦੀ ਹੈ ਪ੍ਰੰਤੂ ਨਿਰਮਲ ਸੰਪ੍ਰਦਾਇ ਅਜਿਹੀ ਸੰਪ੍ਰਦਾਇ ਹੈ ਜਿਸ ਦੇ ਵਿਦਵਾਨਾਂ ਨੇ ਗੁਰਮਤਿ ਸਾਹਿਤ ਵਿਚ ਵਾਧਾ ਕਰਨ ਦੇ ਨਾਲ-ਨਾਲ ਪੁਰਾਤਨ ਭਾਰਤੀ ਧਾਰਮਿਕ ਸਾਹਿਤ ਦੀ ਵੀ ਰਚਨਾ ਕੀਤੀ ਹੈ। ਇਸ ਸੰਪ੍ਰਦਾਇ ਦੇ ਸੰਤਾਂ ਦੁਆਰਾ ਰਚੇ ਗੁਰਮਤਿ ਸਾਹਿਤ ਕਾਰਨ ਇਸ ਨੂੰ 'ਸਿੱਖਾਂ ਦੀ ਵਿਦਵਾਨ ਸੰਪ੍ਰਦਾਇ' ਕਹਿ ਕੇ ਵੀ ਸਲਾਹਿਆ ਜਾਂਦਾ ਹੈ।

ਨਿਰਮਲੇ ਸੰਤਾਂ ਨੇ ਧਰਮ ਗ੍ਰੰਥਾਂ ਦੀ ਵਿਆਖਿਆ ਗੁਰੂ ਗੋਬਿੰਦ ਸਿੰਘ ਜੀ ਸਮੇਂ ਤੋਂ ਹੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਦੇ ਪਰਲੋਕ ਗਮਨ ਉਪਰੰਤ ਸੰਤਾਂ ਨੇ ਗੁਰਮਤਿ ਪ੍ਰਚਾਰ ਨੂੰ ਆਪਣੇ ਜੀਵਨ ਮਨੋਰਥ ਵਜੋਂ ਅਪਣਾ ਲਿਆ। ਨਿਰਮਲੇ ਵਿਦਵਾਨ ਜ਼ਰੂਰ ਸਨ ਪਰ ਉਹ ਮੌਖਿਕ ਰੂਪ ਵਿਚ ਹੀ ਪ੍ਰਚਾਰ ਕਰ ਕੇ ਵਧੇਰੇ ਸੰਤੁਸ਼ਟ ਸਨ। ਸ਼ੁਰੂ ਵਿੱਚ ਇਹ ਬਿਲਕੁਲ ਹੀ ਨਿਸ਼ਕਾਮ ਸਨ। ਉਹ ਆਪਣੀਆਂ ਕਿਤਾਬਾਂ ਜਾਂ ਗ੍ਰੰਥਾਂ ਨੂੰ

ਵੇਚਣਾ ਨਹੀਂ ਚਾਹੁੰਦੇ ਸਨ, ਇਸੇ ਲਈ ਸ਼ੁਰੂ-ਸ਼ੁਰੂ ਵਿੱਚ ਨਿਰਮਲੇ ਵਧੇਰੇ ਕਰਕੇ ਕਥਾ ਵਾਰਤਾ ਦਾ ਮਾਧਿਅਮ ਹੀ ਸਿੱਖ ਧਰਮ ਦੇ ਪ੍ਰਚਾਰ ਲਈ ਵਰਤਦੇ ਸਨ। "ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਕ ਬਚਨ ਦਾ ਨਿਰਮਲ ਵਿਦਵਤਾ ਉੱਤੇ ਬੜਾ ਪ੍ਰਭਾਵ ਰਿਹਾ ਹੈ:

ਧ੍ਰਿਗ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ।

ਖੇਤੀ ਜਿਨ ਕੀ ਉਜੜੈ ਖਲਵਾੜੈ ਕਿਆ ਥਾਉ।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1245)

ਨਿਰਮਲੇ ਵਿਦਵਾਨਾਂ ਦਾ ਵਿਚਾਰ ਰਿਹਾ ਹੈ ਕਿ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੀਕਾ ਕਰਨਾ ਟੀਕਾਕਾਰ ਲਈ ਸੁਖਾਵਾਂ ਨਹੀਂ ਹੋ ਸਕਦਾ। ਕਿਸੇ ਮਾਲੀ ਲਾਭ ਲਈ ਟੀਕਾ ਕਰਨਾ ਜਾਂ ਮੌਖਿਕ ਤੌਰ ਉੱਤੇ ਹੀ ਕਥਾ ਵਾਚਣਾ ਆਪਣੀ ਜੜ੍ਹ ਆਪ ਪੁੱਟਣ ਦੇ ਤੁਲ ਹੈ। ਕਿਸੇ ਨਿਰਮਲੇ ਵਿਦਵਾਨ ਨੇ ਕਿਸੇ ਲੋਭ-ਲਾਲਚ ਵਿਚ ਟੀਕਾਕਾਰੀ ਜਾਂ ਕੋਸ਼ਕਾਰੀ ਦਾ ਕੰਮ ਨਹੀਂ ਕੀਤਾ।"[69] ਉਨ੍ਹਾਂ ਜਨ-ਸਾਧਾਰਨ ਅਤੇ ਜਿਗਿਆਸੂਆਂ ਨੂੰ ਧਾਰਮਿਕ ਗਿਆਨ ਸੌਖਿਆਂ ਸਮਝਾਉਣ ਲਈ ਧਰਮ ਗ੍ਰੰਥਾਂ ਅਤੇ ਗੁਰਬਾਣੀ ਦੇ ਟੀਕੇ ਕੀਤੇ।

ਹਰ ਨਿਰਮਲੇ ਵਿਦਵਾਨ ਦੀ ਕੋਸ਼ਿਸ਼ ਹੁੰਦੀ ਸੀ ਕਿ ਉਹ ਗੁਰਮਤਿ ਦੇ ਗੂੜ੍ਹ ਗਿਆਨ ਨੂੰ ਸਮਝੇ ਤੇ ਫਿਰ ਉਸ ਨੂੰ ਲੋਕਾਂ ਵਿਚ ਪ੍ਰਚਾਰੇ। "ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਰਥ ਬੋਧ ਕਰਾਉਣ ਲਈ ਪਹਿਲੇ-ਪਹਿਲ ਇਨ੍ਹਾਂ ਸਾਧੂਆਂ ਹੀ ਪ੍ਰਯਾਯ, ਟੀਕੇ ਤੇ ਕੋਸ਼ ਆਦਿ ਲਿਖੇ, ਨਾਲੋ ਨਾਲ ਗੁਰਮਤਿ ਦਾ ਗੌਰਵ ਦਰਸਾਉਣ ਲਈ ਕੁੱਝ ਸ਼ਾਸਤ੍ਰੀ ਢੰਗ ਦੇ ਗ੍ਰੰਥ ਰਚੇ। ਇਸ ਤੋਂ ਇਲਾਵਾ ਉਹ ਬਨਾਰਸ, ਪ੍ਰਯਾਗ ਆਦਿ ਥਾਵਾਂ ਉੱਤੇ ਰਹਿੰਦਿਆਂ ਭਾਰਤੀ ਸ਼ਾਸਤ੍ਰ ਦਾ ਅਧਿਐਨ ਕਰਦਿਆਂ ਦਾਰਸ਼ਨਿਕ ਗ੍ਰੰਥਾਂ ਦੇ ਭਾਸ਼ ਵੀ ਲਿਖੇ ਤੇ ਆਪਣੀ ਪੰਡਿਤਾਈ ਦਾ ਸਿੱਕਾ ਜਮਾਇਆ।"[70] ਨਿਰਮਲੇ ਵਿਦਵਾਨਾਂ ਨੇ ਇਹ ਗ੍ਰੰਥ ਹਿੰਦੀ, ਸੰਸਕ੍ਰਿਤ ਅਤੇ ਪੰਜਾਬੀ ਭਾਸ਼ਾ ਵਿਚ ਰਚੇ।

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਧਾਰਮਿਕ ਗ੍ਰੰਥਾਂ ਵਿਚ ਟੀਕਾਕਾਰੀ ਕਰਕੇ ਅਹਿਮ ਭੂਮਿਕਾ ਨਿਭਾਈ ਹੈ। ਗੁਰਬਾਣੀ ਦੇ ਟੀਕਾ-ਸਾਹਿਤ ਵਿਚ ਇਨ੍ਹਾਂ ਦੀਆਂ ਰਚੀਆਂ ਟੀਕਾਵਾਂ ਦਾ ਸਥਾਨ ਕਦਰਯੋਗ ਹੈ। ਇਹ ਸੰਤ ਟੀਕਾਵਾਂ ਵਿਚ ਗੁਰਬਾਣੀ ਦੇ ਸ਼ੁੱਧ ਅਰਥ ਕਰ ਕੇ ਬਾਣੀ ਦੇ ਭਾਵਾਰਥ ਨੂੰ ਅਸਪਸ਼ਟ ਨਹੀਂ ਰਹਿਣ ਦਿੰਦੇ। ਨਿਰਮਲੇ ਵਿਦਵਾਨਾਂ ਨੇ ਗੁਰਬਾਣੀ ਪ੍ਰਚਾਰ ਨੂੰ ਮੁੱਖ ਰੱਖ ਕੇ ਗੁਰਬਾਣੀ ਦੇ ਟੀਕੇ ਕਰ ਕੇ ਗੁਰਮਤਿ ਦੇ

---

[69] ਤਾਰਨ ਸਿੰਘ, ਨਿਰਮਲ ਸੰਪ੍ਰਦਾਇ ਦੀ ਟੀਕਾ-ਪਧਤੀ, ਪ੍ਰੀਤਮ ਸਿੰਘ (ਸੰਪਾ), *ਨਿਰਮਲ ਸੰਪ੍ਰਦਾਇ,* ਪੰਨੇ 277- 278.

[70] ਪਿਆਰਾ ਸਿੰਘ ਪਦਮ, ਵਿਦਿਆਪਤੀ ਨਿਰਮਲੇ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 218.

ਸਿਧਾਂਤਾਂ ਦਾ ਨਿਰਣੈ ਕਰਨ ਵਿਚ ਯੋਗਦਾਨ ਪਾਇਆ। ਇਸ ਤਰ੍ਹਾਂ ਗੁਰਬਾਣੀ ਦੀ ਇਕ-ਇਕ ਤੁਕ ਦੇ ਕਈ-ਕਈ ਅਰਥ ਕੀਤੇ ਜਾਣ ਕਾਰਨ ਇਨ੍ਹਾਂ ਵਿਦਵਾਨਾਂ ਦੀ ਵਿਦਵਤਾ ਚਮਕੀ। ਨਿਰਮਲੇ ਸੰਪ੍ਰਦਾਇ ਨੇ ਇਕ ਪ੍ਰਚਾਰਕ ਸੰਸਥਾ ਵਜੋਂ ਗੁਰਮਤਿ ਦਰਸ਼ਨ ਦੀ ਵਿਆਖਿਆ ਕਰ ਕੇ, ਉਸ ਦਾ ਪ੍ਰਚਾਰ ਕੀਤਾ ਹੈ।

ਨਿਰਮਲ ਸੰਪ੍ਰਦਾਇ ਵਿਦਵਾਨਾਂ ਦੀ ਸੰਪ੍ਰਦਾਇ ਹੈ ਅਤੇ ਇਨ੍ਹਾਂ ਸੰਤਾਂ ਵੱਲੋਂ ਧਰਮ ਨਾਲ ਸੰਬੰਧਿਤ ਸੈਂਕੜੇ ਗ੍ਰੰਥ ਰਚੇ ਗਏ। ਨਿਰਮਲੇ ਸੰਤ ਗ੍ਰੰਥ ਲਿਖਕੇ ਗਿਆਨ ਵੰਡਣ ਨੂੰ ਆਪਣੀ ਸੇਵਾ ਸਮਝਦੇ ਸਨ ਇਸ ਲਈ ਗ੍ਰੰਥਾਂ ਦੀ ਸੰਪੂਰਨਤਾ ਉਪਰੰਤ ਉਹ ਇਨ੍ਹਾਂ ’ਤੇ ਆਪਣੇ ਨਾਮ ਨਹੀਂ ਸੀ ਲਿਖਦੇ, ਬਹੁਤੇ ਗ੍ਰੰਥ ਤਾਂ ਇਸ ਲਈ ਉਨ੍ਹਾਂ ਦੇ ਲਿਖੇ ਸਾਬਤ ਨਹੀਂ ਹੁੰਦੇ। ਪੁਰਾਤਨ ਗ੍ਰੰਥਾਂ ਵਿਚੋਂ ਥੋੜ੍ਹੇ ਉਨ੍ਹਾਂ ਦੀ ਭਾਸ਼ਾ ਅਤੇ ਲਿਖਣ ਸ਼ੈਲੀ ਤੋਂ ਪਹਿਚਾਣੇ ਵੀ ਗਏ, ਬਹੁਤੇ ਜਾਂਦੇ ਰਹੇ। ਨਿਰਮਲੇ ਸੰਤਾਂ ਦੀ ਵੱਡੀ ਘਾਲਣਾ ਉਪਰੰਤ ਹੋਂਦ ਵਿਚ ਆਏ ਬਹੁਤੇ ਗ੍ਰੰਥ ਦੁਬਾਰਾ ਪ੍ਰਕਾਸ਼ਤ ਨਾ ਹੋਣ ਕਾਰਨ ਵੀ ਅਲੋਪ ਹੋ ਗਏ। ਭਾਵੇਂ ਨਿਰਮਲ ਪੰਚਾਇਤੀ ਅਖਾੜੇ ਵੱਲੋਂ ਅਤੇ ਕੁੱਝ ਹੋਰ ਸਥਾਨਾਂ ਵੱਲੋਂ ਕੁੱਝ ਗ੍ਰੰਥ ਸਮੇਂ-ਸਮੇਂ ਦੁਬਾਰਾ ਪ੍ਰਕਾਸ਼ਤ ਕੀਤੇ ਵੀ ਗਏ ਪ੍ਰੰਤੂ ਬਹੁਤੇ ਗ੍ਰੰਥਾਂ ਦੇ ਸਿਰਫ਼ ਨਾਮ ਹੀ ਇਤਿਹਾਸ ਵਿਚ ਪੜ੍ਹਨ ਨੂੰ ਮਿਲਦੇ ਹਨ ਪ੍ਰੰਤੂ ਗ੍ਰੰਥ ਅਲੋਪ ਹਨ। ਗ੍ਰੰਥਾਂ ਦੇ ਜੋ ਨਾਮ ਅਤੇ ਉਨ੍ਹਾਂ ਬਾਰੇ ਸੀਮਿਤ ਜਾਣਕਾਰੀ ਸਾਨੂੰ ਮਿਲਦੀ ਹੈ ਉਹ ਹੀ ਦਰਸਾਉਂਦੀ ਹੈ ਕਿ ਨਿਰਮਲੇ ਵਿਦਵਾਨਾਂ ਦੀ ਸਾਹਿਤਕ ਰਚਨਾ ਦਾ ਘੇਰਾ ਕਿੰਨਾਂ ਵਿਸ਼ਾਲ ਹੈ। ਨਿਰਮਲੇ ਵਿਦਵਾਨਾਂ ਨੇ ਧਾਰਮਿਕ ਖੇਤਰ ਵਿਚ ਕੋਸ਼ਕਾਰੀ, ਟੀਕਾਕਾਰੀ ਅਤੇ ਇਤਿਹਾਸਕ ਪੱਖ ਆਦਿ ਤੋਂ ਗ੍ਰੰਥਾਂ ਦੀ ਰਚਨਾ ਕੀਤੀ ਹੈ।

**6. ਅਕਾਲੀ ਲਹਿਰ/ਗੁਰਦੁਆਰਾ ਸੁਧਾਰ ਲਹਿਰ ਦੁਆਰਾ ਧਾਰਮਿਕ ਖੇਤਰ ਵਿਚ ਯੋਗਦਾਨ:**

ਨਿਰਮਲੇ ਸੰਤ ਸਿਰਫ਼ ਧਰਮ ਪ੍ਰੇਮੀ ਹੀ ਨਹੀਂ ਦੇਸ਼ ਪ੍ਰੇਮੀ ਵੀ ਰਹੇ ਹਨ। ਇਨ੍ਹਾਂ ਨੇ ਨਾ ਸਿਰਫ਼ ਪਠਨ-ਪਾਠਨ ਪੱਖੋਂ ਸਿੱਖ ਧਰਮ ਦੇ ਅਕਸ ਨੂੰ ਉਭਾਰਨ ਲਈ ਕਾਰਜ ਕੀਤੇ ਬਲਕਿ ਅੰਗਰੇਜ਼ ਸਰਕਾਰ ਸਮੇਂ ਦੇਸ਼ ਦੀ ਆਜਾਦੀ ਦੇ ਸੰਘਰਸ਼ ਵਿਚ ਵੀ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਦੇਸ਼ ਪ੍ਰੇਮੀ ਨਿਰਮਲੇ ਸ਼ਹੀਦ ਸੰਤਾਂ ਵਿਚ ਬਾਬਾ ਵੀਰ ਸਿੰਘ ਜੀ ਨੌਰੰਗਾਬਾਦੀ, ਭਾਈ ਮਹਾਰਾਜ ਸਿੰਘ, ਬਾਬਾ ਖੁਦਾ ਸਿੰਘ ਆਦਿ ਦੇ ਨਾਮ ਵਿਚਾਰਨਯੋਗ ਹਨ।

ਵੀਹਵੀਂ ਸਦੀ ਵਿਚ ਵੀ ਭਾਵੇਂ ਹਜ਼ੂਰ ਸਾਹਿਬ ਵਾਲੇ ਘਟਨਾਕ੍ਰਮ ਕਰਕੇ ਨਿਰਮਲਿਆਂ ਤੇ ਸਿੱਖ ਦਰਦੀਆਂ ਵਿਚਕਾਰ ਸੰਬੰਧ ਸੁਖਾਵੇਂ ਨਹੀਂ ਸਨ ਅਤੇ ਬਹੁਤੇ ਗੁਰ-ਧਾਮਾਂ ਵਿਚ ਇਨ੍ਹਾਂ ਦੀ ਭੇਟਾ/ਅਰਦਾਸ

ਬੰਦ ਸੀ। ਫਿਰ ਵੀ ਇਸ ਸਮੇਂ ਗੁਰਦੁਆਰਾ ਪ੍ਰਬੰਧ ਹਿਤ ਚੱਲੀ ਗੁਰਦੁਆਰਾ ਸੁਧਾਰ ਲਹਿਰ ਵਿਚ ਨਿਰਮਲੇ ਸੰਤਾਂ ਨੇ ਪੂਰੀ ਸਰਗਰਮੀ ਨਾਲ ਹਿੱਸਾ ਲਿਆ। "ਨਿਰਮਲੇ ਸਾਧੂਆਂ ਨੇ ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ ਸਮੇਂ ਸਿੱਖ ਪੰਥ ਦਾ ਪੂਰਾ ਸਾਥ ਦਿੱਤਾ, ਪਰ ਪਿੱਛੋਂ ਸੰਨ 1920 ਤੋਂ 1925 ਤੱਕ ਅਕਾਲੀ ਲਹਿਰ ਸਮੇਂ ਗੁਰੂ ਕੇ ਬਾਗ ਦਾ ਮੋਰਚਾ, ਚਾਬੀਆਂ ਦਾ ਮੋਰਚਾ ਤੇ ਜੈਤੋ (ਨਾਭਾ) ਦਾ ਮੋਰਚਾ ਲੱਗਣ ਤੇ ਨਿਰਮਲੇ ਸਾਧੂਆਂ ਨੇ ਜੱਥਿਆਂ ਵਿਚ ਸ਼ਾਮਲ ਹੋ ਕੇ ਜੋ ਕੁਰਬਾਨੀਆਂ ਦਿੱਤੀਆਂ ਤੇ ਅੰਗਰੇਜ਼ੀ ਹਕੂਮਤ ਦੀਆਂ ਜੇਲ੍ਹਾਂ ਦੇ ਕਸ਼ਟ ਝੱਲੇ ਉਹ ਲਿਖਣ ਤੇ ਕਹਿਣ ਸੁਣਨ ਤੋਂ ਬਾਹਰ ਹਨ।"[71] ਜੈਤੋ ਦੇ ਮੋਰਚੇ ਸਮੇਂ ਸੈਂਕੜੇ ਨਿਰਮਲੇ ਸੰਤ ਭਗਵੇਂ ਬਸਤਰਾਂ ਸਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਏ। "ਜੈਤੋ ਦੇ ਮੋਰਚੇ ਵਿਚ ਪੰਜ ਸੌ ਸਿੰਘਾਂ ਦਾ 11ਵਾਂ ਜੱਥਾ ਸ੍ਰੀ ਮਾਨ ਸੰਤ ਸੰਤੋਖ ਸਿੰਘ ਜੀ ਬਡੂਵਾਲ (ਮਹੰਤ ਡੇਰਾ ਬਾਬਾ ਦਲ ਸਿੰਘ ਭੁੱਚੋ ਕਲਾਂ) ਵਾਲਿਆਂ ਦੀ ਪ੍ਰਧਾਨਗੀ (ਜਥੇਦਾਰੀ) ਹੇਠ 23 ਜੁਲਾਈ 1924 ਨੂੰ ਸ੍ਰੀ ਅਕਾਲ ਤਖ਼ਤ (ਅੰਮ੍ਰਿਤਸਰ) ਤੋਂ ਅਰਦਾਸ ਕਰਕੇ ਤੁਰਿਆ। ਅਨੇਕ ਪਿੰਡਾਂ ਵਿਚ ਦੀ ਪ੍ਰਚਾਰ ਕਰਦਾ ਹੋਇਆ ਪਹਿਲੀ ਸਤੰਬਰ 1924 ਈ. ਨੂੰ ਜੈਤੋ ਵਿਚ ਆ ਕੇ ਗ੍ਰਿਫਤਾਰ ਹੋਇਆ।"[72] ਨਿਰਮਲੇ ਸੰਤਾਂ ਨੇ ਕਈ ਜਥਿਆਂ ਵਿਚ ਸ਼ਮੂਲੀਅਤ ਕੀਤੀ, ਕੁਰਬਾਨੀਆਂ ਹੋਈਆਂ, ਜੇਲ੍ਹਾਂ ਕੱਟੀਆਂ ਅਤੇ ਜ਼ੁਰਮਾਨੇ ਭਰੇ।

ਅਕਾਲੀ ਲਹਿਰ ਦਾ ਹਿੱਸਾ ਬਣਨ ਵਾਲੇ ਨਿਰਮਲੇ ਸੰਤਾਂ ਦੀ ਸੂਚੀ ਬਹੁਤ ਲੰਬੀ ਹੈ, ਜਿਸ ਵਿਚੋਂ ਮਹੰਤ ਮੂਲ ਸਿੰਘ ਵੀ ਇਕ ਸਨ। ਮਹੰਤ ਮੂਲ ਸਿੰਘ ਸਿੰਘ ਜੀ ਨੇ ਅਕਾਲੀ ਲਹਿਰ ਦੇ ਸ਼ੁਰੂ ਵਿਚ ਕਈ ਸਾਧੂਆਂ ਨੂੰ ਨਾਲ ਲੈ ਕੇ, ਗੁਰੂ ਕੇ ਬਾਗ ਦੇ ਮੋਰਚੇ ਵੇਲੇ ਜੇਲ੍ਹ-ਯਾਤਰਾ ਕੀਤੀ। ਜੇਲ੍ਹ ਯਾਤਰਾ ਤੋਂ ਬਾਅਦ ਆਪ ਤੇਰਾਂ ਸਾਲ ਸਥਾਨਕ ਗੁਰਦੁਆਰਾ ਕਮੇਟੀ ਸ੍ਰੀ ਦਰਬਾਰ ਸਾਹਿਬ ਦੇ ਅਤੇ ਅਠਾਰਾਂ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਮੈਂਬਰ ਰਹੇ। ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਨੂੰਨ ਦੇ ਖ਼ਿਲਾਫ ਕਰਾਰ ਦਿੱਤੀ ਗਈ ਤਾਂ ਆਪ ਨੂੰ, ਮੈਂਬਰ ਦੀ ਹੈਸੀਅਤ ਵਿਚ ਦੋ ਵੇਰ ਮੁਲਤਾਨ ਜੇਲ੍ਹ ਕੱਟਣੀ ਪਈ ਅਤੇ ਪੰਜ ਹਜ਼ਾਰ ਰੁਪਏ ਜ਼ੁਰਮਾਨਾ ਭਰਨਾ ਪਿਆ। ਬਾਅਦ ਵਿਚ ਆਪ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰਖਦਿਆਂ ਸ਼੍ਰੋਮਣੀ ਕਮੇਟੀ ਨੇ ਆਪ ਨੂੰ ਸ੍ਰੀ ਦਰਬਾਰ ਸਾਹਿਬ ਦੇ ਆਨਰੇਰੀ ਗ੍ਰੰਥੀ ਦੀ ਸੇਵਾ

---

71 ਸ਼ਮਸ਼ੇਰ ਸਿੰਘ ਅਸ਼ੋਕ, ਨਿਰਮਲੇ ਸਾਧੂਆਂ ਦੀ ਸਿੱਖ ਧਰਮ ਨੂੰ ਦੇਣ, ਪ੍ਰੀਤਮ ਸਿੰਘ (ਸੰਪਾ.) *ਨਿਰਮਲ ਸੰਪ੍ਰਦਾਇ*, ਪੰਨਾ 157.

72 ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 168.

ਬਖਸ਼ੀ।"[73] ਆਪ ਨੇ ਨਿਰਮਲ ਸੰਪ੍ਰਦਾਇ ਦੇ ਸੰਤਾਂ-ਮਹੰਤਾਂ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਾਂ ਵਿਚ ਵਧ-ਚੜ੍ਹ ਕੇ ਹਿੱਸਾ ਲਿਆ। ਗੁਰੂ ਕੇ ਬਾਗ ਦਾ ਮੋਰਚਾ ਅਤੇ ਹੋਰ ਮੋਰਚਿਆਂ ਵਿਚ ਕੁਰਬਾਨੀ ਭਾਵ ਨੂੰ ਦੇਖਦੇ ਹੋਏ ਜੈਤੋ ਦੇ ਮੋਰਚੇ ਦੀ ਸਮਾਪਤੀ ਉਪਰੰਤ ਨਿਰਮਲੇ ਸੰਤਾਂ ਦੀ ਪ੍ਰਸੰਸਾ "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਇਕ ਉਚੇਚੇ ਪ੍ਰਸੰਸਾ-ਮਤੇ ਵਿਚ ਕੀਤੀ ਹੈ:[74]

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਐਲਾਨ ਨੰ: 2130

ਗੁਰੂ ਪੰਥ ਦੀਆਂ ਵਰਤਮਾਨ ਔਕੜਾਂ ਅਤੇ ਮੁਸੀਬਤਾਂ ਵਿਚ ਪੰਥ ਦੇ ਵਿਦਵਾਨ ਅੰਗ ਨਿਰਮਲੇ ਸੰਤਾਂ ਨੇ ਜੋ ਸ਼ਾਨਦਾਰ ਹਿਸਾ ਲੀਤਾ ਹੈ, ਉਹ ਸਿੱਖ ਇਤਿਹਾਸ ਵਿਚ ਸੋਨੇ ਦੇ ਅੱਖਰਾਂ ਨਾਲ ਉਕਰਿਆ ਜਾਵੇਗਾ। ਸ਼ਹੀਦੀ ਜਥਿਆਂ ਵਿਚ ਏਹਨਾਂ ਪੰਥ ਹਿਤੈਸ਼ੀਆਂ ਨੇ ਸ਼ਾਮਲ ਹੋ ਕੇ ਮੋਢੇ ਨਾਲ ਮੋਢਾ ਡਾਹਕੇ ਆਪਣੀਆਂ ਛਾਤੀਆਂ ਵਿਚ ਵੈਰੀਆਂ ਦੀਆਂ ਗੋਲੀਆਂ ਖਾਧੀਆਂ ਹਨ ਅਤੇ ਨਾਭੇ ਦੀਆਂ ਜੇਲ੍ਹਾਂ ਤੇ ਕਾਰ ਖਾਸ ਵਿਚ ਅਨੇਕ ਪ੍ਰਕਾਰ ਦੇ ਜ਼ੁਲਮ ਤੇ ਦੁਖ ਸਹਾਰਕੇ ਗੁਰੂ ਪੰਥ ਦਾ ਸਾਥ ਬੀਰ ਗੁਰਸਿੱਖਾਂ ਵਾਂਗ ਨਿਭਾਇਆ ਹੈ। ਗੁਰੂ ਪੰਥ ਨੂੰ ਆਪਣੇ ਨਿਰਮਲੇ ਗੁਰਸਿੱਖਾਂ ਪੁਰ ਜਿੰਨਾ ਵੀ ਮਾਣ ਹੋਵੇ, ਥੋਹੜਾ ਹੈ। ਤਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਿਰਮਲੇ ਸੰਤਾਂ ਦੀ ਸੇਵਾ ਦੀ ਪੂਰੀ-ਪੂਰੀ ਪ੍ਰਸੰਸਾ ਕਰਦੀ ਹੈ ਅਤੇ ਆਸ ਕਰਦੀ ਹੈ ਕਿ ਸਮੂਹ ਗੁਰ ਸੰਗਤਾਂ ਆਪਣੇ ਏਹਨਾਂ ਵਿਦਵਾਨ ਭਰਾਵਾਂ ਦੀ ਵਿਦਵਤਾ ਅਤੇ ਕੁਰਬਾਨੀ ਪੂਰਤ ਸੇਵਾ ਦਾ ਖਿਆਲ ਕਰਕੇ ਇਹਨਾਂ ਦਾ ਵਾਜਬ ਤੇ ਯੋਗ ਆਦਰ ਸਨਮਾਨ ਕਰਦੀਆਂ ਰਹਿਣਗੀਆਂ, ਅਤੇ ਇਸ ਪ੍ਰਕਾਰ ਗੁਰਸਿੱਖੀ ਦੇ ਪਿਆਰ ਭਰੇ ਸੰਬੰਧ ਨੂੰ ਹੋਰ ਵੀ ਵਧੀਕ ਪਕਿਆਂ ਕਰ ਦੇਣਗੀਆ।

ਤਾਰਾ ਸਿੰਘ ਵਾਸਤੇ ਜਨਰਲ ਸਕੱਤ੍ਰ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
20-8-1925 ਸ੍ਰੀ ਅੰਮ੍ਰਿਤਸਰ"

ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਗੁਰਦੁਆਰਾ ਲਹਿਰ ਵਿਚ ਭਾਗ ਲੈ ਕੇ, ਕਸ਼ਟ ਝੱਲ ਕੇ ਉਨ੍ਹਾਂ ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਜਿਹੜੇ ਕਹਿੰਦੇ ਸਨ ਕਿ ਨਿਰਮਲੇ ਸਿੱਖੀ ਤੋਂ ਦੂਰ ਜਾ ਚੁੱਕੇ ਹਨ

---

73 ਹਰਿਭਜਨ ਸਿੰਘ, ਅੰਮ੍ਰਿਤਸਰ ਦੇ ਨਿਰਮਲ ਡੇਰੇ, ਪ੍ਰੀਤਮ ਸਿੰਘ (ਸੰਪਾ.) *ਨਿਰਮਲ ਸੰਪ੍ਰਦਾਇ*, ਪੰਨਾ 94.

74 ਉਧਰਿਤ. ਕਰਤਾਰ ਸਿੰਘ ਸੂਰੀ, ਸਿੱਖ ਮਤ ਨੂੰ ਨਿਰਮਲ ਯੋਗਦਾਨ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨੇ 139-40.

ਅਤੇ ਇਨ੍ਹਾਂ ਕਾਰਨ ਹੀ ਗੁਰਦੁਆਰਿਆਂ ਵਿਚ ਅਨਯਮਤੀਆਂ ਦਾ ਪ੍ਰਭਾਵ ਵਧਿਆ ਅਤੇ ਗੁਰਦੁਆਰਾ ਪ੍ਰਬੰਧ ਵਿਚ ਵਿਗਾੜ ਆਇਆ ਹੈ।

ਇਹ ਗੱਲ ਇਕ ਵਾਰ ਨਹੀਂ ਕਈ ਵਾਰ ਪ੍ਰਚਾਰੀ ਗਈ ਕਿ ਨਿਰਮਲ ਸੰਪ੍ਰਦਾਇ 'ਤੇ ਸਨਾਤਨੀ ਪ੍ਰਭਾਵ ਹੈ ਤੇ ਉਹ ਵੇਦਾਂਤ ਦੇ ਗ੍ਰੰਥਾਂ ਦੀ ਰਚਨਾ ਕਰਨ ਲੱਗੇ ਹਨ ਤੇ ਸਿੱਖੀ ਤੋਂ ਦੂਰ ਚਲੇ ਗਏ ਹਨ। ਪ੍ਰੰਤੂ ਜਦੋਂ ਵੀ ਕਦੇ ਮੌਕਾ ਬਣਿਆ ਤਾਂ ਨਿਰਮਲੇ ਸੰਤਾਂ ਨੇ ਸਾਬਤ ਕੀਤਾ ਕਿ ਉਹ ਸਿੱਖ ਧਰਮ ਦਾ ਅੰਗ ਸਨ, ਹਨ ਅਤੇ ਰਹਿਣਗੇ। ਇਸ ਲਈ 6/6/2010 ਵਿਚ ਸਿੱਖਾਂ ਦੀ ਸਿਰਮੌਰ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲੋਕਾਂ ਦੇ ਮਨਾਂ ਵਿਚੋਂ ਨਿਰਮਲਿਆਂ ਪ੍ਰਤੀ ਪਈਆਂ ਭ੍ਰਾਤੀਆਂ ਨੂੰ ਦੂਰ ਕਰਨ ਅਤੇ ਉਨ੍ਹਾ ਦੇ ਕਾਰਜਾਂ ਦੀ ਪ੍ਰਸੰਸਾ ਕਰਦੇ ਹੋਏ ਇਕ ਮਤਾ ਜਾਰੀ ਕੀਤਾ। ਜਿਸਦਾ ਉਤਾਰਾ ਹੈ:[75]

"ਸ੍ਰੀ ਅਕਾਲ ਤਖ਼ਤ ਸਾਹਿਬ

ਨੰਬਰ: ਅ:3/10/3202 ਮਿਤੀ: 6-6-2010

ਅੱਜ 24 ਜੇਠ ਸੰਮਤ, ਨਾਨਕਸ਼ਾਹੀ 542 (6 ਜੂਨ 2010) ਨੂੰ

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਪ੍ਰਵਾਨ ਹੋਇਆ

ਮਤਾ ਨੰਬਰ 1

"ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ"

"ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਵਿਚ ਉਪਰੋਕਤ ਦੋਵੇਂ ਕਥਨ ਨਿਰਮਲ ਭੇਖ/ਪੰਥ ਅਥਵਾ ਸੰਪਰਦਾ ਦੀ ਪੁਰਾਤਨਤਾ, ਵਿਵਹਾਰਿਕਤਾ ਅਤੇ ਸਾਰਥਿਕਤਾ ਨੂੰ ਪ੍ਰਗਟ ਅਤੇ ਸਪਸ਼ਟ ਕਰਨ ਵਾਲੇ ਪ੍ਰਮਾਣ ਹਨ ਕਿ ਨਿਰਮਲ ਪੰਥ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੀ ਲੋੜ ਅਨੁਸਾਰ 1686 ਈਸਵੀ ਵਿਚ ਖ਼ਾਲਸਾ ਪੰਥ ਦੀ ਸਾਜਨਾ ਤੋਂ ਤੇਰਾਂ ਸਾਲ ਪਹਿਲਾਂ ਪੰਜ ਸਿੱਖਾਂ ਨੂੰ ਸ੍ਰੀ ਪਾਉਂਟਾ ਸਾਹਿਬ ਤੋਂ ਸੰਸਕ੍ਰਿਤ ਵਿਦਿਆ ਦੀ ਪ੍ਰਾਪਤੀ ਅਤੇ ਧਰਮ ਗ੍ਰੰਥਾਂ ਦੇ ਅਧਿਐਨ ਕਰਨ ਲਈ ਕਾਸ਼ੀ ਭੇਜਿਆ ਅਤੇ ਇਨ੍ਹਾਂ ਪੰਜਾਂ ਨੂੰ ਨਿਰਮਲੇ ਕਿਹਾ ਗਿਆ।

---

[75] ਸਿਮਰਜੀਤ ਸਿੰਘ (ਸੰਪਾ.), *ਗੁਰਮਤਿ ਪ੍ਰਕਾਸ਼,* ਅਗਸਤ 2010, ਪੰਨਾ ਕਵਰ ਪੰਨੇ ਅੰਦਰ.

ਪਿਛਲੇ ਕੁਝ ਸਮੇਂ ਤੋਂ ਦੇਸ਼ ਵਿਦੇਸ਼ ਵਿਚ ਵਸਦੇ ਕੁਝ ਅਗਿਆਨੀ ਅਖੌਤੀ ਵਿਦਵਾਨ, ਵਿਅਕਤੀਆਂ ਅਤੇ ਪੰਥ ਵਿਰੋਧੀ ਸੰਸਥਾਵਾਂ ਵਲੋਂ ਸਿੱਖ ਪੰਥ ਅਤੇ ਧਰਮ ਦੇ ਅਨਿੱਖੜਵੇਂ ਅੰਗ ਨਿਰਮਲ ਭੇਖ ਸੰਬੰਧੀ ਕੂੜ-ਪ੍ਰਚਾਰ ਕੀਤਾ ਜਾ ਰਿਹਾ ਹੈ। ਅਸੀਂ ਸਮੁੱਚੇ ਸਿੱਖ ਜਗਤ ਨੂੰ ਇਹ ਸਪਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਨਿਰਮਲ ਭੇਖ ਅਥਵਾ ਸੰਪਰਦਾ ਸਿੱਖ ਧਰਮ ਦਾ ਬਹੁਮੁੱਲਾ ਹਿੱਸਾ ਹੀ ਨਹੀਂ ਸਗੋਂ ਇਕ ਅਨਿੱਖੜਵਾਂ ਅੰਗ ਵੀ ਹੈ। ਜਿਹੜਾ ਸਦੀਆਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਨਿਰੰਤਰ ਯਤਨਸ਼ੀਲ ਹੈ। ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਅਠਾਰਵੀਂ ਸਦੀ ਅੰਦਰ ਸਿੱਖ ਕੌਮ ਉੱਤੇ ਆਏ ਅਤਿ ਬਿਪਤਾ ਅਤੇ ਬਿੱਖੜੇ ਸਮੇਂ ਵਿੱਚ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਸਤਿਕਾਰ, ਪ੍ਰਚਾਰ ਅਤੇ ਪਾਸਾਰ ਲਈ ਗੁਰਧਾਮਾਂ ਦੀ ਸੇਵਾ ਸੰਭਾਲ ਲਈ ਜਿਹੜਾ ਵਿਲੱਖਣ ਯੋਗਦਾਨ ਉਦਾਸੀ ਅਤੇ ਨਿਰਮਲੇ ਮਹਾਂ ਪੁਰਸ਼ਾਂ ਨੇ ਪਾਇਆ, ਉਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਅੱਜ ਵੀ ਨਿਰਮਲੇ ਸੰਤ ਮਹਾਂਪੁਰਸ਼ ਵਿਅਕਤੀਗਤ, ਸਮੂਹਿਕ ਅਤੇ ਜਥੇਬੰਦਕ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਅਪਾਰ ਸ਼ਰਧਾ ਅਤੇ ਸਤਿਕਾਰ ਰੱਖਦੇ ਹੋਏ ਸ਼ਬਦ ਗੁਰੂ ਦੇ ਪ੍ਰਚਾਰ ਅਤੇ ਪਾਸਾਰ ਲਈ ਜਿਹੜੇ ਵੀ ਉਦੇਸ਼ ਭਰਪੂਰ ਕਾਰਜ ਕਰ ਰਹੇ ਹਨ, ਉਹ ਪ੍ਰਸੰਸਾ ਯੋਗ ਹਨ। ਇਸ ਦੇ ਨਾਲ-ਨਾਲ ਗੁਰਬਾਣੀ ਕਥਾ, ਕੀਰਤਨ, ਸੰਥਿਆ, ਅੰਮ੍ਰਿਤ ਪ੍ਰਚਾਰ ਅਤੇ ਸੰਚਾਰ, ਵਿਦਿਅਕ ਪ੍ਰਚਾਰ ਅਤੇ ਪ੍ਰਸਾਰ ਲਈ ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ ਦੀ ਸਥਾਪਨਾ, ਹਸਪਤਾਲਾਂ, ਡਿਸਪੈਂਸਰੀਆਂ ਦੀ ਸਥਾਪਨਾ ਅਤੇ ਮੈਡੀਕਲ ਕੈਂਪਾਂ ਦਾ ਆਯੋਜਨ ਇਤਿਹਾਸਕ ਗੁਰਧਾਮਾਂ ਦੀ ਸੇਵਾ ਸੰਭਾਲ, ਸਰਾਵਾਂ ਅਤੇ ਪੁਲਾਂ ਦਾ ਨਿਰਮਾਣ, ਵਾਤਾਵਰਣ ਦੀ ਸੰਭਾਲ, ਕਾਰ ਸੇਵਾ, ਗੁਰੂ ਦੇ ਲੰਗਰਾਂ ਦੀਆਂ ਵੱਡੀਆਂ ਸੇਵਾਵਾਂ ਦੇ ਨਾਲ-ਨਾਲ ਸਮਾਜ ਸੁਧਾਰ ਹਿੱਤ ਅਨੇਕਾਂ ਵਡਮੁੱਲੀਆਂ ਸੇਵਾਵਾਂ ਨਿਭਾ ਰਹੇ ਹਨ। ਸਿੱਖ ਜਗਤ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਪੰਥ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੇਂ-ਸਮੇਂ ਸਿਰ ਉਲੀਕੇ ਅਤੇ ਅਮਲ ਵਿੱਚ ਲਿਆਂਦੇ ਕਾਰਜਾਂ ਵਿਚ ਨਿਹੰਗ ਸਿੰਘ ਜਥੇਬੰਦੀਆਂ ਦੀ ਤਰ੍ਹਾਂ ਨਿਰਮਲੇ ਸੰਤ ਮਹਾਂਪੁਰਸ਼ ਸਦਾ ਹੀ ਤੱਤਪਰ ਰਹਿੰਦੇ ਹਨ। ਉਪਰੋਕਤ ਆਸ਼ਿਆਂ ਅਤੇ ਉਦੇਸਾਂ ਦੇ ਅੰਤਰਗਤ ਨਿਰਮਲ ਭੇਖ ਵੱਲੋਂ ਗੁਰੂ ਗ੍ਰੰਥ ਅਤੇ ਗੁਰੂ ਪੰਥ ਲਈ ਨਿਭਾਈਆਂ ਜਾ ਰਹੀਆਂ ਸੇਵਾਵਾਂ ਅਤੇ ਵੱਡਮੁੱਲੇ ਯੋਗਦਾਨ ਪ੍ਰਸੰਸਾਯੋਗ ਹਨ।

| | |
|---|---|
| ਦਸਤਖ਼ਤ | ਦਸਤਖ਼ਤ |
| (ਤਰਲੋਚਨ ਸਿੰਘ) | (ਗੁਰਬਚਨ ਸਿੰਘ) |
| ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ |
| ਸ੍ਰੀ ਅਨੰਦਪੁਰ ਸਾਹਿਬ। | ਸ੍ਰੀ ਅੰਮ੍ਰਿਤਸਰ। |

ਦਸਤਖ਼ਤ

(ਬਲਵੰਤ ਸਿੰਘ)

ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ

ਤਲਵੰਡੀ ਸਾਬੋ (ਬਠਿੰਡਾ)।

| | |
|---|---|
| ਦਸਤਖ਼ਤ | ਦਸਤਖ਼ਤ |
| (ਜਸਵਿੰਦਰ ਸਿੰਘ) | (ਰਵੇਲ ਸਿੰਘ) |
| ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ। | ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ।" |

ਵੀਹਵੀਂ ਸਦੀ ਵਿਚ ਗੁਰਦੁਆਰਾ ਪ੍ਰਬੰਧ ਸੁਧਾਰਨ ਅਤੇ ਸਿੱਖਾਂ ਵੱਲੋਂ ਜਥੇਬੰਦ ਹੋਣ ਦੇ ਉਪਰਾਲਿਆਂ ਵਿਚ ਨਿਰਮਲੇ ਸੰਤਾਂ ਦੁਆਰਾ ਪਾਏ ਵਡਮੁੱਲੇ ਯੋਗਦਾਨ ਦੀ ਗਵਾਹੀ ਸਿੱਖ ਕੌਮ ਦੀ ਪ੍ਰਤੀਨਿਧਤਾ ਕਰਦੀਆਂ ਦੋ ਸੰਸਥਾਵਾਂ ਵੀ ਭਰਦੀਆਂ ਹਨ। ਇਸ ਤੋਂ ਸਹਿਜੇ ਅਨੁਭਵ ਹੋ ਜਾਂਦਾ ਹੈ ਕਿ ਨਿਰਮਲ ਸੰਪ੍ਰਦਾਇ ਸਿੱਖ ਕੌਮ ਦਾ ਹੀ ਹਿੱਸਾ ਹੈ ਅਤੇ ਇਸ ਨੇ ਸਿੱਖ ਕੌਮ ਦੀ ਆਨ-ਸ਼ਾਨ ਨੂੰ ਹਮੇਸ਼ਾ ਬਰਕਰਾਰ ਰੱਖਣ ਲਈ ਆਪਣੀਆਂ ਜਾਨਾਂ ਤੱਕ ਕੁਰਬਾਨ ਕਰ ਦਿੱਤੀਆਂ। ਸਿੱਖ ਧਰਮ ਦੇ ਅਕਸ ਦੀ ਮੁੜ ਬਹਾਲੀ ਲਈ ਚੱਲੀਆਂ ਧਾਰਮਿਕ ਲਹਿਰਾਂ ਵਿਚ ਇਨ੍ਹਾਂ ਸੰਤਾਂ ਨੇ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਉਕਤ ਦੋਵੇਂ ਪ੍ਰਸੰਸਾ ਮਤੇ ਦੋ ਗੱਲਾਂ ਵੱਲ ਧਿਆਨ ਦਿਵਾਉਂਦੇ ਹਨ:

ਪਹਿਲਾ : ਕਿ ਨਿਰਮਲੇ ਸੰਤਾਂ ਨੇ ਸਿੱਖ ਧਰਮ ਦੀ ਪ੍ਰਫੁਲਿਤਾ ਲਈ ਪ੍ਰਚਾਰ-ਪ੍ਰਸਾਰ ਕਰਦਿਆਂ ਅੱਖਰ ਦਾਨ, ਗੁਰਮਤਿ ਅਤੇ ਸਮਾਜ ਸੇਵਾ ਦੇ ਵਡਮੁੱਲੇ ਕਾਰਜ ਕੀਤੇ ਹਨ।

ਦੂਜਾ : ਦੋਨੋਂ ਮਤੇ ਦਰਸਾਉਂਦੇ ਹਨ ਕਿ 20ਵੀਂ ਸਦੀ (1925 ਈ. ਦੇ ਮਤੇ ਅਨੁਸਾਰ) ਅਤੇ 21ਵੀਂ ਸਦੀ (2010 ਈ. ਦੇ ਮਤੇ ਅਨੁਸਾਰ) ਦੇ ਵਿਦਵਾਨਾਂ ਵੱਲੋਂ ਨਿਰਮਲੇ ਸੰਤਾਂ ਦੀ ਕਾਰਜਸ਼ੈਲੀ 'ਤੇ ਉਂਗਲ ਉਠਦੀ ਰਹੀ ਹੈ।

ਆਖਰ ਕੀ ਕਾਰਨ ਰਹੇ ਹੋਣਗੇ ਜੋ ਪ੍ਰਤੀਨਿਧ ਸਿੱਖ ਸੰਸਥਾਵਾਂ ਨੂੰ ਵਾਰ-ਵਾਰ ਮਤੇ ਪਾਸ ਕਰਕੇ ਨਿਰਮਲਿਆਂ ਦੇ ਰੁਤਬੇ ਦੀ ਮੁੜ ਬਹਾਲੀ ਲਈ ਯਤਨ ਕਰਨੇ ਪਏ?

ਖੋਜ ਕਰਦਿਆਂ ਸਿੱਖ ਦਰਦੀਆਂ ਅਤੇ ਨਿਰਮਲਿਆਂ ਦੇ ਸੰਬੰਧਾਂ ਵਿਚਲੀ ਖਟਾਸ ਦੇ ਦੋ ਕਾਰਨ ਮੁੱਖ ਤੌਰ 'ਤੇ ਸਾਹਮਣੇ ਆਉਂਦੇ ਹਨ:

1. 19ਵੀਂ ਸਦੀ ਵਿਚ ਸੱਚਖੰਡ ਹਜ਼ੂਰ ਸਾਹਿਬ ਵਿਖੇ ਜੋ ਘਟਨਾਕ੍ਰਮ ਵਾਪਰਿਆ (ਜਿਸਦਾ ਜ਼ਿਕਰ ਪਿੱਛੇ ਹੋ ਚੁੱਕਾ ਹੈ) ਉਸਦਾ ਥੋੜ੍ਹਾ-ਬਹੁਤਾ ਪ੍ਰਭਾਵ ਸਿੱਖ ਚਿੰਤਕਾਂ ਅਤੇ ਨਿਰਮਲੇ ਸ਼ਰਧਾਲੂ ਸਿੱਖਾਂ ਦੇ ਆਪਸੀ ਸੰਬੰਧਾਂ ਉੱਤੇ ਵੀ ਪਿਆ।
2. 19ਵੀਂ ਸਦੀ ਦੇ ਅੰਤਲੇ ਸਮੇਂ ਗੁਰਦੁਆਰਾ ਪ੍ਰਬੰਧਕਾਂ ਵਿਚ ਬਹੁਤਾਤ ਸਨਾਤਨੀ ਸਾਧੂਆਂ ਦੀ ਸੀ ਜੋ ਆਪਣੇ ਕਾਰਜਾਂ ਵਿਚ ਰੁਚਿਤ ਸਨ। ਰਾਜੇ-ਮਹਾਰਾਜੇ ਅਤੇ ਹੋਰ ਧਨੀ ਸਿੱਖ ਚਿੰਤਕਾਂ ਦੁਆਰਾ ਜਾਗੀਰਾਂ ਦਾਨ ਦੇਣ ਨਾਲ ਗੁਰੂ-ਘਰਾਂ ਦੀ ਮਾਲੀ ਹਾਲਤ ਬਹੁਤ ਵਧੀਆ ਸੀ। ਚੇਤੇ ਰਹੇ ਇਸ ਸਮੇਂ ਸਿਰਫ਼ ਨਿਰਮਲੇ ਸੰਤ ਹੀ ਗੁਰੂ ਘਰਾਂ ਦੇ ਪੁਜਾਰੀ (ਪ੍ਰਬੰਧਕ) ਨਹੀਂ ਸਨ। ਹੋਰ ਵੀ ਸਨਾਤਨੀ ਭੇਸ ਵਾਲੇ ਸਾਧੂ (ਉਦਾਸੀ ਆਦਿ) ਗੁਰੂ ਘਰਾਂ ਦਾ ਪ੍ਰਬੰਧ ਸੰਭਾਲਦੇ ਸਨ। ਧਨ-ਦੌਲਤ ਦੇ ਲਾਲਚ ਵਸ ਤੇ ਸਰਕਾਰੀ ਸ਼ਹਿ 'ਤੇ ਗੁਰਦੁਆਰਾ ਪ੍ਰਬੰਧ ਵਿਚ ਵਿਗਾੜ ਆ ਗਿਆ। ਇਸ ਸਮੇਂ ਪ੍ਰਚਾਰ ਇਹ ਹੋਇਆ ਕਿ ਸਾਧੂ ਵਰਗ ਕਾਰਨ ਗੁਰੂ ਘਰਾਂ ਦੇ ਹਾਲਾਤ ਅਜਿਹੇ ਹੋਏ ਹਨ। ਇਸ ਲਈ ਸਿੱਖ ਚਿੰਤਕਾਂ ਵੱਲੋਂ ਸਮੁੱਚੇ ਸਾਧੂ ਵਰਗ ਨੂੰ ਹੀ ਦੋਸ਼ੀ ਮੰਨ ਲਿਆ ਗਿਆ। ਨਿਰਮਲੇ ਸੰਤ ਵੀ ਸਿੱਖ ਰੋਹ ਵਿਚ ਆਪਣਾ ਉਹ ਰੁਤਬਾ ਬਰਕਰਾਰ ਨਾ ਰੱਖ ਸਕੇ। 20ਵੀਂ ਸਦੀ ਦੇ ਵਿਦਵਾਨਾਂ ਨੇ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੂੰ ਭੰਡਦੇ ਹੋਏ, ਨਿਰਮਲੇ ਸੰਤਾਂ ਦੀ ਸਿੱਖ ਧਰਮ ਦੀ ਪ੍ਰਫੁਲਿਤਾ ਲਈ ਘਾਲੀ ਘਾਲਣਾ ਨੂੰ ਅੱਖੋਂ ਪਰੋਖੇ ਕਰਕੇ ਉਨ੍ਹਾਂ ਲਈ ਲਈ ਨੀਵੇਂ ਪੱਧਰ ਦੀ ਸ਼ਬਦਾਵਲੀ ਦਾ ਪ੍ਰਯੋਗ ਵੀ ਕੀਤਾ ਜਿਸ ਵਿਚ ਪ੍ਰਿੰ. ਧਰਮਾਂਨੰਤ ਸਿੰਘ ਦਾ ਜ਼ਿਕਰ ਅਸੀਂ ਪਿਛਲੇ ਅਧਿਆਇ ਵਿਚ ਕਰ ਆਏ ਹਾਂ।

ਨਿਰਮਲਿਆਂ ਅਤੇ ਸਿੱਖ ਆਗੂਆਂ ਦੀ ਵਧਦੀ ਦੂਰੀ ਇਸ ਮੁਕਾਮ ਤੱਕ ਚਲੀ ਗਈ ਕਿ ਦੁਬਾਰਾ ਨਿਰਮਲ ਸੰਪ੍ਰਦਾਇ ਸਿੱਖ ਧਰਮ-ਸਥਾਨਾਂ ਵਿਚ ਆਪਣਾ ਪਹਿਲਾਂ ਵਾਲਾ ਰੁਤਬਾ ਬਹਾਲ ਨਾ ਕਰ ਸਕੀ।

ਪ੍ਰਸਥਿਤੀਆਂ ਭਾਵੇਂ ਜੋ ਵੀ ਰਹੀਆਂ ਹੋਣ, ਨਿਰਮਲੇ ਵਿਦਵਾਨਾਂ ਨੇ ਆਪਣੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨਾਂ ਸਿੱਖ ਧਰਮ ਦੇ ਗੌਰਵਮਈ ਅਕਸ ਦੀ ਮੁੜ-ਬਹਾਲੀ ਲਈ ਹਰ ਸੰਭਵ ਉਪਰਾਲਾ ਕੀਤਾ। ਉਨ੍ਹਾਂ ਦੀਆਂ ਸੇਵਾਵਾਂ ਅਤੇ ਪੰਥ ਪ੍ਰਤੀ ਕੁਰਬਾਨੀਆਂ ਕਾਰਨ ਹੀ ਸਿੱਖ ਦਰਦੀ ਇਹ ਸੋਚਣ ਲਈ ਮਜਬੂਰ ਹੋ ਗਏ ਕਿ ਇਨ੍ਹਾਂ ਦਾ ਪਹਿਰਾਵਾ ਅਤੇ ਰਹਿਣੀ-ਬਹਿਣੀ ਭਾਵੇਂ ਜੋ ਵੀ ਹੋਵੇ ਇਹ ਗੁਰਮਤਿ ਦੇ ਅਨੁਯਾਈ ਹਨ ਜੋ ਹਰ ਸਮੇਂ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਵਿਚ ਰੁਚਿਤ ਰਹਿੰਦੇ ਹਨ। ਇਸ ਲਈ ਸਿੱਖਾਂ ਦੀ ਇਸ ਵਿਦਵਾਨ ਸੰਪ੍ਰਦਾਇ ਦਾ ਵੀ ਗੁਰਦੁਆਰਿਆਂ ਵਿਚ ਬਣਦਾ ਮਾਣ-ਸਤਿਕਾਰ ਹੋਣਾ ਚਾਹੀਦਾ ਹੈ। ਇਸ ਲਈ ਸਿੱਖ ਸੰਸਥਾਵਾਂ ਨੇ ਸਾਰੇ ਗੁਰਦੁਆਰਿਆਂ ਵਿਚ ਇਨ੍ਹਾਂ ਦੁਆਰਾ ਅਰਦਾਸ/ਸਮਰਪਣ ਭੇਟਾਵਾਂ ਨੂੰ ਕਬੂਲ ਕਰਨ ਬਾਰੇ ਕਿਹਾ, ਨਾਲ ਹੀ ਨਿਰਮਲ ਸੰਪ੍ਰਦਾਇ ਦੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਵੱਖ-ਵੱਖ ਸਮੇਂ ਪ੍ਰਸੰਸਾ ਮਤੇ ਜਾਰੀ ਕੀਤੇ।

ਨਿਰਮਲੇ ਸੰਤ ਬਿਨਾਂ ਕਿਸੇ ਲਾਲਚ ਦੇ ਬੇਅੰਤ ਕਸ਼ਟ ਝੱਲਕੇ ਵੀ ਗੁਰਮਤਿ ਦੀ ਪ੍ਰਫੁਲਿਤਾ ਲਈ ਯਤਨਸ਼ੀਲ ਰਹਿੰਦੇ ਹਨ। ਇਨ੍ਹਾਂ ਦੀ ਸਮੁੱਚੀ ਕਾਰਜਸ਼ੈਲੀ ਹੀ ਧਰਮ ਪ੍ਰਭਾਵਿਤ ਹੁੰਦੀ ਹੈ ਅਤੇ ਇਨ੍ਹਾਂ ਦੁਆਰਾ ਕੀਤੇ ਕਾਰਜ ਧਾਰਮਿਕ ਖੇਤਰ ਵਿਚ ਵਡਮੁੱਲਾ ਯੋਗਦਾਨ ਹੈ, ਜਿਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

20ਵੀਂ ਸਦੀ ਤੋਂ ਬਾਅਦ ਦੇ ਕੁੱਝ ਸਿੱਖ ਵਿਦਵਾਨਾਂ ਨੇ ਇਹ ਗੱਲ ਬਹੁਤ ਜ਼ੋਰ-ਸ਼ੋਰ ਨਾਲ ਪ੍ਰਚਾਰੀ ਕਿ ਨਿਰਮਲੇ ਸੰਤਾਂ ਨੇ ਗੁਰਮਤਿ ਦਾ ਹਰ ਗ੍ਰੰਥ ਵੇਦਾਂਤ ਦੀ ਲੋਅ ਵਿਚ ਰਚਿਆ ਹੈ। ਇਨ੍ਹਾਂ ਦੁਆਰਾ ਲਿਖੇ ਗਏ ਗ੍ਰੰਥਾਂ ਉੱਤੇ ਵੇਦਾਂਤਕ ਪ੍ਰਭਾਵ ਨਜ਼ਰ ਆਉਂਦਾ ਹੈ। ਜਿਸ ਕਾਰਨ ਨਿਰਮਲੇ ਵਿਦਵਾਨਾਂ ਅਤੇ ਸਿੱਖ ਚਿੰਤਕਾਂ ਦੇ ਸੰਬੰਧਾਂ ਵਿਚ ਖਟਾਸ ਵੀ ਆਈ। ਬਜਾਇ ਕੇ ਇਹ ਸਮਝਣ ਦੇ ਕਿ ਇਨ੍ਹਾਂ ਵਿਦਵਾਨਾਂ ਦੇ ਰਚੇ ਗ੍ਰੰਥਾਂ ਉੱਤੇ ਵੇਦਾਂਤਕ ਪ੍ਰਭਾਵ ਕਿਉਂ ਆਇਆ?

ਨਿਰਮਲ ਸੰਪ੍ਰਦਾਇ ਦੇ ਵਿਦਵਾਨ ਵੈਦਾਂਤਿਕ ਸਿਖਿਆ ਪ੍ਰਣਾਲੀ ਤੋਂ ਪੜ੍ਹੇ ਅਤੇ ਹਿੰਦੂ ਤੀਰਥਾਂ ਉੱਤੇ ਹੀ ਵਿਚਰਦੇ ਰਹੇ, ਇਸ ਲਈ ਇਹ ਉਸ ਦੇ ਪ੍ਰਭਾਵ ਤੋਂ ਨਾ ਬਚ ਸਕੇ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਗੁਰਮਤਿ ਦਾ ਵਿਸ਼ਲੇਸ਼ਣ ਹੀ ਕੀਤਾ, ਪਰ ਇਹ ਵਿਸਲੇਸ਼ਣ ਸੁਤੰਤਰ ਨਾ ਰਹਿ ਸਕਿਆ ਅਤੇ ਕਿਸੇ ਨਾ ਕਿਸੇ ਰੂਪ ਵਿਚ ਇਸ ਵਿਸ਼ਲੇਸ਼ਣ ’ਤੇ ਸ਼ਾਸਤ੍ਰੀ ਪ੍ਰਭਾਵ ਦੀ ਛਾਪ ਲੱਗੀ ਰਹੀ। “ਵਿਦਿਅਕ ਖੇਤਰ ਵਿਚ ਨਿਰਮਲਿਆਂ ਦੀ ਆਪਣੀ ਥਾਂ ਹੈ, ਇਸ ਤਰ੍ਹਾਂ ਦਾ ਮਾਣ ਸਮੁੱਚੇ ਰੂਪ ਵਿਚ ਸ਼ਾਯਦ ਕਿਸੇ ਹੋਰ ਸਿੱਖ ਸੰਪ੍ਰਦਾ ਨੂੰ

ਪ੍ਰਾਪਤ ਨਹੀਂ। ਨਿਰਮਲਿਆਂ, ਗੁਰਮਤਿ ਸਾਹਿਤ ਵਿਚ ਵਾਧਾ ਕੀਤਾ ਤੇ ਨਾਲ-ਨਾਲ ਭਾਰਤੀ ਦਰਸ਼ਨ-ਸਾਹਿਤ ਵਿਚ ਵੀ ਆਪਣਾ ਨਾਂ ਚਮਕਾਇਆ। ਇਨ੍ਹਾਂ ਦੀ ਵਿਚਾਰਧਾਰਾ ਜਾਂ ਵਿਧੀ ਨਾਲ ਕਿਸੇ ਦਾ ਮਤਭੇਦ ਹੋ ਸਕਦਾ ਹੈ ਲੇਕਿਨ ਇਹ ਮੰਨਣਾ ਹੀ ਪੈਂਦਾ ਹੈ ਕਿ ਭਾਰਤੀ ਧਾਰਮਿਕ ਅਧਿਐਨ-ਪਰੰਪਰਾ ਵਿਚ ਗੁਰੂ ਨਾਨਕ ਮਤ ਦਾ ਗੌਰਵ ਸਥਾਪਨ ਕਰਨਾ ਇਨ੍ਹਾਂ ਦਾ ਹੀ ਕੰਮ ਸੀ। ਉਸ ਸਮੇਂ ਗੁਰੂਆਂ ਨੂੰ ਉਚੇ ਰਿਸ਼ੀਆਂ ਸਮਾਨ ਤੇ ਗੁਰੂ ਗ੍ਰੰਥ ਸਾਹਿਬ ਨੂੰ 'ਪੰਚਮ ਵੇਦ' ਸਿੱਧ ਕਰਨਾ ਹੀ ਆਖਰੀ ਪਉੜੀ ਸਮਝੀ ਜਾਂਦੀ ਸੀ, ਇਹ ਉਸ ਸਮੇਂ ਦੇ ਪ੍ਰਤਿਮਾਨ ਸਨ। ਇਨ੍ਹਾਂ ਤਰਕ ਵਿਦਿਆ ਨਾਲ ਇਹ ਸਭ ਕੁਝ ਕੀਤਾ ਤੇ ਇਸ ਦਾ ਪ੍ਰਭਾਵ ਹੋਰ ਵਿਦਵਾਨਾਂ ਵੀ ਪ੍ਰਵਾਨ ਕੀਤਾ।"[76] ਇਸ ਤਰ੍ਹਾਂ ਨਿਰਮਲੇ ਵਿਦਵਾਨਾਂ ਨੇ ਸਨਾਤਨੀ ਰੰਗਤ ਵਿਚ ਗੁਰਮਤਿ ਸਾਹਿਤ ਹੀ ਪਰੋਸਿਆ।

ਨਿਰਮਲੇ ਵਿਦਵਾਨਾਂ ਨੇ ਵੇਦਾਂਤ 'ਤੇ ਵੀ ਗ੍ਰੰਥ ਰਚਨਾ ਕੀਤੀ ਹੈ ਜਿਸ ਕਾਰਨ ਸਿੱਖਾਂ ਵਿਚ ਇਹ ਭੁਲੇਖੇ ਪੈ ਗਏ ਕਿ ਨਿਰਮਲੇ ਸੰਤਾਂ ਨੇ ਗੁਰਮਤ ਵਿਚਾਰ-ਧਾਰਾ ਨੂੰ ਤਿਆਗ ਕੇ ਵੇਦਾਂਤੀ ਵਿਚਾਰਾਂ ਨੂੰ ਅਪਣਾ ਲਿਆ ਹੈ। "ਇਸ ਵਿਵਾਦ ਦਾ ਨਿਰਣਾ ਕਰਨ ਲਈ ਨਿਰਮਲਿਆਂ ਨੇ ਵੱਖ-ਵੱਖ ਸਮਿਆਂ ਵਿਚ ਪੁਸਤਕਾਂ ਲਿਖੀਆਂ ਹਨ ਅਤੇ ਇਨ੍ਹਾਂ ਪੁਸਤਕਾਂ ਵਿਚ ਗੁਰਬਾਣੀ ਦੀ ਵਿਆਖਿਆ ਕਰਕੇ ਪ੍ਰਮਾਣਾਂ ਸਹਿਤ ਸਿੱਧ ਕੀਤਾ ਹੈ ਕਿ ਉਹ ਗੁਰਮਤ ਵਿਚਾਰ-ਧਾਰਾ ਨੂੰ ਹੀ ਅਪਣਾਉਂਦੇ ਹਨ। ਇਸ ਪ੍ਰਕਾਰ ਦੇ ਸਾਹਿੱਤ ਵਿਚੋਂ *ਨਿਰਮਲ ਪ੍ਰਭਾਕਰ* ਤੇ *ਸਿੱਖੀ ਪ੍ਰਭਾਕਰ* ਕਿਰਤ ਸੰਤ ਨਿਹਾਲ ਸਿੰਘ (ਲਾਹੌਰ ਵਾਲੇ), *ਬਾਬੇ ਨਾਨਕ ਦਾ ਨਿਰਮਲ ਪੰਥ* ਕਿਰਤ ਮਹੰਤ ਦਿਆਲ ਸਿੰਘ ਅਤੇ *ਗੁਰਮਤਿ ਸਿਧਾਂਤ ਸਾਰ* ਕਿਰਤ ਸੰਤ ਗੁਰਦਿੱਤ ਸਿੰਘ, ਵਿਸ਼ੇਸ਼ ਤੌਰ ਉੱਤੇ ਵਰਣਨਯੋਗ ਪੁਸਤਕਾਂ ਹਨ।"[77] ਨਿਰਮਲੇ ਸੰਤਾਂ ਨੇ ਵੇਦਾਂਤਿਕ ਸਾਹਿਤ ਕਿਸੇ ਪ੍ਰਚਾਰ ਦੇ ਮਨੋਰਥ ਨਾਲ ਨਹੀਂ ਬਲਕਿ ਸਿੱਖ ਮਤ ਦੀ ਪਿੱਠ-ਭੂਮੀ ਬਾਰੇ ਜਾਣਕਾਰੀ ਕਰਾ ਕੇ ਤੁਲਨਾਤਮਿਕ ਅਧਿਐਨ ਦੇ ਮਨੋਰਥ ਨਾਲ ਲਿਖਿਆ ਗਿਆ ਹੈ ਕਿਉਂਕਿ ਗੁਰਬਾਣੀ ਵਿਚ ਵੇਦਾਂ ਸ਼ਾਸਤ੍ਰਾਂ ਸਮ੍ਰਿਤੀਆਂ ਦੇ ਹਵਾਲੇ ਆਉਂਦੇ ਹਨ, ਇਸ ਲਈ ਗੁਰਬਾਣੀ ਨੂੰ ਇਨ੍ਹਾਂ ਹਵਾਲਿਆਂ ਦੇ ਪ੍ਰਸੰਗ ਵਿਚ ਸਮਝਣ ਲਈ ਵੇਦਾਂਤ ਦਾ ਗਿਆਨ ਜ਼ਰੂਰੀ ਹੈ।

ਨਿਰਮਲਿਆਂ 'ਤੇ ਜੋ ਸਨਾਤਨੀ ਪ੍ਰਭਾਵ ਨਜ਼ਰ ਆਉਂਦਾ ਹੈ ਇਹ ਪ੍ਰਭਾਵ ਆਉਣ ਦੀ ਵਜ੍ਹਾ ਉਨ੍ਹਾਂ ਦੀ ਵਿਦਿਅਕ ਪ੍ਰਣਾਲੀ ਅਤੇ ਸਨਾਤਨੀ ਸਥਾਨਾਂ 'ਤੇ ਵਿਚਰਨਾ ਹੈ। ਭਾਵੇਂ ਪ੍ਰਸਥਿਤੀਆਂ ਜੋ ਵੀ ਸਨ ਪਰ ਉਨ੍ਹਾਂ

---

[76] ਪ੍ਰੋ. ਪਿਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ*, ਪੰਨਾ 61.

[77] ਕਰਤਾਰ ਸਿੰਘ ਸੂਰੀ, ਸਿੱਖ ਮਤ ਨੂੰ ਨਿਰਮਲ ਯੋਗਦਾਨ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 137.

ਹਮੇਸ਼ਾ ਗੁਰਮਤਿ ਦਾ ਹੀ ਪ੍ਰਚਾਰ ਕੀਤਾ ਅਤੇ ਲੋਕਾਈ ਨੂੰ ਗੁਰੂ ਵਾਲੇ ਬਣਨ ਲਈ ਪ੍ਰੇਰਿਆ। ਇਸ ਦੀ ਪ੍ਰੋੜਤਾ ਕਰਦੇ ਹੋਏ "ਪ੍ਰਿੰ. ਤੇਜਾ ਸਿੰਘ ਨੇ ਲਿਖਿਆ ਹੈ- ਜੇ ਨਿਰਮਲੇ ਕੋਈ ਵੱਖਰਾ ਫ਼ਿਰਕਾ ਹੁੰਦੇ ਤਾਂ ਇਨ੍ਹਾਂ ਦੇ ਬਣਾਏ ਸਿੱਖ ਨਿਰਮਲੇ ਹੁੰਦੇ ਪਰ ਅਸੀਂ ਦੇਖਦੇ ਕੀ ਹਾਂ? ਉਦਾਸੀਆਂ, ਨਿਰਮਲਿਆਂ ਬਾਬਿਆਂ ਨੇ ਇਲਾਕਿਆਂ ਦੇ ਇਲਾਕੇ ਸਿੱਖ ਬਣਾਏ ਹਨ ਉਹ ਉਦਾਸੀ, ਨਿਰਮਲੇ ਆਦਿ ਨਹੀਂ ਬਣੇ, ਸਗੋਂ ਆਮ ਸਿੱਖ ਬਣੇ।"[78] ਨਿਰਮਲਿਆਂ ਦੇ ਪ੍ਰਚਾਰ ਨਾਲ ਵੱਡੀ ਪੱਧਰ 'ਤੇ ਲੋਕ ਸਿੱਖੀ ਵੱਲ ਪ੍ਰੇਰਿਤ ਹੋਏ।

ਨਿਰਮਲੇ ਸੰਤਾਂ ਨੇ ਭਾਵੇਂ ਬਹੁਤ ਸਾਰੇ ਹੋਰ ਮਤਾਂ ਨਾਲ ਸੰਬੰਧਿਤ ਗ੍ਰੰਥਾਂ ਦੀ ਰਚਨਾ ਵੀ ਕੀਤੀ ਹੈ ਪਰ ਇਹ ਸੰਤ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣਾ ਇਸ਼ਟ ਮੰਨਦੇ ਹਨ। ਆਪਣੇ ਪ੍ਰਚਾਰ ਮਾਧਿਅਮ ਵਿਚਲੀ ਸੰਵੇਦਨਸ਼ੀਲਤਾ ਨਾਲ ਇਨ੍ਹਾਂ ਸੰਤਾਂ ਨੇ ਸਿਰਫ਼ ਸਿੱਖਾਂ ਨੂੰ ਹੀ ਨਹੀਂ ਹੋਰ ਧਰਮ ਦੇ ਪੈਰੋਕਾਰਾਂ ਨੂੰ ਵੀ ਗੁਰੂ ਨਾਲ ਜੋੜਿਆ ਹੈ, ਅੰਮ੍ਰਿਤਪਾਨ ਕਰਾਇਆ ਹੈ। ਨਿਰਮਲੇ ਸੰਤਾਂ ਦੀ ਵਿਹਾਰਕ ਕਾਰਜਸ਼ੈਲੀ ਬਾਰੇ ਪ੍ਰੋ. ਪਿਆਰਾ ਸਿੰਘ ਪਦਮ ਲਿਖਦੇ ਹਨ ਕਿ "ਕਈ ਇਨ੍ਹਾਂ ਨੂੰ 'ਸਿੱਖਾਂ ਦੇ ਬ੍ਰਾਹਮਣ' ਕਹਿ ਕੇ ਪ੍ਰਸੰਨ ਹੁੰਦੇ ਹਨ। ਸ਼ਾਸਤ੍ਰ ਅਨੁਸਾਰ ਬ੍ਰਾਹਮਣ ਦੇ ਖਟ ਕਰਮ ਹਨ: ਯੱਗ ਕਰਨਾ-ਕਰਾਉਣਾ, ਵਿਦਿਆ ਪੜ੍ਹਨਾ-ਪੜ੍ਹਾਉਣਾ, ਦਾਨ ਦੇਣਾ ਤੇ ਦਾਨ ਲੈਣਾ। ਇਸ ਪ੍ਰਕਾਰ ਨਿਰਮਲੇ ਮਹਾਂਪੁਰਸ਼ਾਂ ਦੇ ਛੇ ਕਰਮ ਇਹ ਗਿਣੇ ਜਾ ਸਕਦੇ ਹਨ: ਨਾਮ ਜਪਣਾ-ਜਪਾਉਣਾ, ਅਮ੍ਰਿਤ ਛਕਣਾ-ਛਕਾਉਣਾ ਤੇ ਵਿਦਿਆ ਪੜ੍ਹਨਾ-ਪੜ੍ਹਾਉਣਾ। ਭਾਵੇਂ ਉਦਾਸੀ ਮਹਾਤਮਾ ਵੀ ਗੁਰੂ ਨਾਨਕ ਦਾ ਮੂਲ-ਮੰਤ੍ਰ ਦੱਸ ਕੇ ਦੂਰ-ਦੂਰ ਸਿੱਖੀ ਦੀ ਜਾਗ ਲਾਉਂਦੇ ਆਏ ਹਨ ਪਰ ਨਿਰਮਲੇ ਇਸ ਕਿਸਮ ਦੇ ਸਿੱਖ ਮਿਸ਼ਨਰੀ ਹਨ ਜੋ ਕੇਸਾਧਾਰੀ ਹੋ ਕੇ ਅੰਮ੍ਰਿਤ ਛਕਣ ਛਕਾਉਣ ਤੇ ਵਿਦਿਆ ਪੜ੍ਹਨ-ਪੜ੍ਹਾਉਣ ਉੱਤੇ ਵਧੇਰੇ ਜ਼ੋਰ ਦੇ ਕੇ ਆਪਣਾ ਵਿਲੱਖਣ ਸਥਾਨ ਬਣਾਉਂਦੇ ਹਨ।"[79] ਨਿਰਮਲੇ ਵਿਦਵਾਨਾਂ ਨੇ ਗੁਰੁ ਨਾਨਕ ਦੇ ਦਰ-ਘਰ ਦਾ ਪ੍ਰਚਾਰ-ਪ੍ਰਸਾਰ ਕਰਕੇ ਧਾਰਮਿਕ ਖੇਤਰ ਵਿਚ ਆਪਣਾ ਬਣਦਾ ਯੋਗਦਾਨ ਦਿੱਤਾ ਹੈ। ਨਿਰਮਲ ਸੰਪ੍ਰਦਾਇ ਨੇ ਧਾਰਮਿਕ ਖੇਤਰ ਤੋਂ ਇਲਾਵਾ ਸਮਾਜਿਕ, ਸਾਹਿਤਕ ਅਤੇ ਰਾਜਨੀਤਿਕ ਖੇਤਰ ਵਿਚ ਵੀ ਸਿੱਖ ਕੌਮ ਦੇ ਅਕਸ ਨੂੰ ਉਭਾਰਿਆ ਹੈ।

ਖੋਜ-ਕਾਰਜ ਦੇ ਇਸ ਅਧਿਆਇ ਵਿਚ ਹੁਣ ਤੱਕ ਧਾਰਮਿਕ ਅਤੇ ਦਾਰਸ਼ਨਿਕ ਦੇਣ ਦੇ ਸੰਬੰਧ ਵਿਚ ਹੋਈ ਚਰਚਾ ਤੋਂ ਇਲਾਵਾ ਕੁੱਝ ਦਾਰਸ਼ਨਿਕ ਪੱਖ ਅਜਿਹੇ ਹਨ ਜੋ ਵਿਚਾਰਨੇ ਜ਼ਰੂਰੀ ਹਨ, ਜਿਵੇਂ:

---

78 Teja Singh, *Sikhism: Its Ideals and Institutions*, Lahore Book Shop, Lahore, 1938, fifth time 1970, p 81.

79 ਪਿਆਰਾ ਸਿੰਘ ਪਦਮ, *ਸਿੱਖ ਸੰਪ੍ਰਦਾਵਲੀ,* ਪੰਨੇ 60-61.

**ਦਾਰਸ਼ਨਿਕ ਯੋਗਦਾਨ**

ਨਿਰਮਲ ਸੰਪ੍ਰਦਾਇ ਦਾ ਦਾਰਸ਼ਨਿਕ ਯੋਗਦਾਨ ਬੜਾ ਮਹੱਤਵਪੂਰਨ ਹੈ। ਨਿਰਮਲ ਸੰਪ੍ਰਦਾਇ ਕੋਈ ਵੱਖਰੀ ਸੰਪ੍ਰਦਾਇ ਨਹੀਂ ਹੈ ਇਹ ਸਿੱਖ ਧਰਮ ਦੀ ਹੀ ਇਕ ਪੜ੍ਹੀ-ਲਿਖੀ ਜਮਾਤ ਹੈ। ਇਸ ਵਿਚਲੇ ਵਿਦਵਾਨ ਸੰਤਾਂ ਨੇ ਆਪਣੀ ਵਿਦਵਤਾ ਨਾਲ ਦਾਰਸ਼ਨਿਕ ਖੇਤਰ ਵਿਚ ਯੋਗਦਾਨ ਦਿੱਤਾ ਹੈ ਅਤੇ ਹੁਣ ਵੀ ਦੇ ਰਹੇ ਹਨ।

ਨਿਰਮਲ ਸੰਪ੍ਰਦਾਇ ਦੇ ਸੰਤ ਸਿੱਖੀ ਦੇ ਪ੍ਰਚਾਰਕ ਸਨ ਅਤੇ ਅੱਜ ਵੀ ਹਨ ਅਤੇ ਸਦਾ ਰਹਿਣਗੇ। ਸਿੱਖੀ ਸਿਧਾਂਤਾਂ ਦੀ ਵਿਆਖਿਆ ਹੀ ਇਨ੍ਹਾਂ ਦਾ ਪ੍ਰਮੁੱਖ ਕਾਰਜ ਹੈ। ਸਿੱਖ ਧਰਮ ਕੀ ਹੈ ਅਤੇ ਇਸ ਨੂੰ ਧਾਰਨ ਕਰਕੇ ਮਨੁੱਖ ਨੂੰ ਕੀ ਪ੍ਰਾਪਤ ਹੁੰਦਾ ਹੈ? ਇਸ ਸਭ ਦਾ ਪ੍ਰਚਾਰ ਕਰਨਾ ਹੀ ਇਨ੍ਹਾਂ ਦਾ ਧਰਮ ਹੈ ਕਿਉਂਕਿ ਇਨ੍ਹਾਂ ਦੀ ਇਹ ਜ਼ਿੰਮੇਵਾਰੀ ਕਲਗੀਧਰ ਜੀ ਨੇ ਸ੍ਵੈ ਲਗਾਈ ਹੈ ਅਤੇ ਜਿਸ ਨੂੰ ਇਹ ਨਿਭਾਅ ਰਹੇ ਹਨ।

ਜੇਕਰ ਨਿਰਮਲ ਸੰਪ੍ਰਦਾਇ ਦੇ ਦਾਰਸ਼ਨਿਕ ਯੋਗਦਾਨ ਦੀ ਗਲ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਗੁਰਮਤਿ ਦਰਸ਼ਨ ਦੇ ਖੇਤਰ ਵਿਚ ਇਨ੍ਹਾਂ ਦਾ ਨਾਮ ਸ਼੍ਰੋਮਣੀ ਹੈ। ਇਹ ਵਿਦਵਾਨ ਗੁਰਸਿੱਖ ਹਨ ਅਤੇ ਇਨ੍ਹਾਂ ਨੂੰ ਦਰਸ਼ਨ ਦੀ ਵਧੇਰੇ ਸੂਝ ਹੈ। ਇਨ੍ਹਾਂ ਨੇ ਸਨਾਤਨ ਮਤ ਦੇ ਗ੍ਰੰਥਾਂ ਦਾ ਗੂੜ੍ਹ ਅਧਿਐਨ ਕੀਤਾ ਹੋਇਆ ਹੈ ਅਤੇ ਆਪਣੇ ਦਾਰਸ਼ਨਿਕ ਕਾਰਜਾਂ ਜਾਂ ਵਿਖਿਆਨਾ ਦੌਰਾਨ ਇਹ ਉਨ੍ਹਾਂ ਗ੍ਰੰਥਾਂ ਦੇ ਹਵਾਲੇ ਦੇ ਕੇ ਗੁਰਮਤਿ ਸਿਧਾਂਤ ਦੇ ਵਡੱਪਣ ਅਤੇ ਨਿਆਰੇਪਣ ਨੂੰ ਉਜਾਗਰ ਕਰਦੇ ਹਨ। ਵੇਖਣ-ਸੁਣਨ ਨੂੰ ਇਨ੍ਹਾਂ ਦੀ ਵਿਆਖਿਆ ਅਤੇ ਖੋਜ-ਕਾਰਜ ਸਨਾਤਨ ਮਤ ਭਾਵ ਵੇਦਾਂਤ ਤੋਂ ਪ੍ਰਭਾਵਿਤ ਪ੍ਰਤੀਤ ਹੁੰਦੇ ਹਨ ਪਰ ਅਸਲ ਵਿਚ ਤਾਂ ਉਹ ਸਾਰਾ ਉਧਮ ਗੁਰਮਤਿ ਦਰਸ਼ਨ ਦੀ ਵਿਆਖਿਆ ਹਿਤ ਹੀ ਕਰਦੇ ਹਨ।

ਦਾਰਸ਼ਨਿਕ ਯੋਗਦਾਨ ਵਿਚ ਅਸੀਂ ਮੁਖ ਰੂਪ ਵਿਚ ਤਿੰਨ ਮੁੱਖ ਦਾਰਸ਼ਨਿਕ ਨੁਕਤਿਆਂ ਨੂੰ ਧਿਆਨ ਵਿਚ ਰਖਦੇ ਹਾਂ:

1) ਬ੍ਰਹਮ
2) ਜਗਤ
3) ਜੀਵ

**1. ਬ੍ਰਹਮ**

ਨਿਰਮਲ ਸੰਪ੍ਰਦਾਇ ਸਿੱਖੀ ਵਿਚ ਇਕ ਬੌਧਿਕ ਲਹਿਰ ਵੀ ਹੈ। ਗੁਰਮਤਿ ਦੇ ਪਰਿਪੇਖ ਵਿਚ ਇਨ੍ਹਾਂ ਨੇ ਬ੍ਰਹਮ ਨੂੰ ਸਤਿ, ਚਿਤ, ਅਨੰਦ ਮੰਨਿਆ ਹੈ। ਇਹ ਬ੍ਰਹਮ 'ਅਦ੍ਵੈਤਵਾਦੀ' ਹੈ। ਪਰ ਇਸ ਦਾ ਆਧਾਰ ਸ੍ਰੀ

ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਬਾਣੀ ਹੈ ਕੋਈ ਹੋਰ ਨਹੀਂ। ਅਧਿਆਤਮਕ ਪੱਧਰ ਉੱਤੇ ਮਨੁੱਖ ਦੇ ਸੋਚਣ, ਚਿੰਤਨ ਤੇ ਵਿਚਾਰਨ ਦਾ ਜੇਕਰ ਕੋਈ ਵਿਸ਼ਾ ਰਿਹਾ ਤਾਂ ਉਹ ਹੈ ਬ੍ਰਹਮ। "ਬ੍ਰਹਮ ਨੂੰ ਕਿਸੇ ਨੇ ਵਿਸਮਾਦਿਕ ਸ਼ਕਤੀ ਦੇ ਰੂਪ ਵਿਚ ਦੇਖਿਆ, ਕਿਸੇ ਨੇ ਅੱਲਾਹ ਕਿਹਾ, ਕਿਸੇ ਨੇ ਗਾਡ ਕਿਹਾ, ਕਿਸੇ ਨੇ ਰਾਮ, ਕ੍ਰਿਸ਼ਨ, ਵਿਸ਼ਣੂ, ਬ੍ਰਹਮਾ, ਸ਼ਿਵ, ਪਰਮਾਤਮਾ ਆਦਿ।"[80] ਸਭ ਨੇ ਆਪਣੀ ਸੂਝ ਅਨੁਸਾਰ ਬ੍ਰਹਮ ਦਾ ਨਾਮਕਰਣ ਕੀਤਾ ਹੈ।

ਪੰਡਿਤ ਤਾਰਾ ਸਿੰਘ ਨਰੋਤਮ ਜੀ ਨੇ ਗ੍ਰੰਥ ਸ੍ਰੀ ਗੁਰਮਤ ਨਿਰਣਯ ਸਾਗਰ ਵਿਚ ਬ੍ਰਹਮ ਦੀ ਵਿਚਾਰ ਕਰਦਿਆਂ ਇਸ ਦੀਆਂ ਤਿੰਨ ਅਵਸਥਾਵਾਂ ਦਾ ਜ਼ਿਕਰ ਕੀਤਾ ਹੈ। "ਨਰੋਤਮ ਜੀ ਅਨੁਸਾਰ ਬ੍ਰਹਮ ਦਾ ਸਰੂਪ ਦਿਸਦਾ ਤਾਂ ਜ਼ਰੂਰ ਹੈ ਪਰ ਭਰਮ ਦੇ ਪਰਦੇ ਕਰਕੇ ਅਸਲ ਤੱਤ ਦਾ ਗਿਆਨ ਨਹੀਂ ਹੁੰਦਾ:[81]

ਅਧਿਦੈਵਤ ਅਧਯਾਤ ਮੋ ਅਧਿਭੂਤਕ ਯੌ ਤੀਨ॥
ਰੂਪ ਧਾਰ ਬ੍ਰਹਮ ਭਾਸ ਹੈ ਭ੍ਰਮ ਸੇ ਤੱਤ੍ਵ ਨ ਚੀਨ॥੩॥"

ਪੰਡਿਤ ਤਾਰਾ ਸਿੰਘ ਨਰੋਤਮ ਜੀ ਬ੍ਰਹਮ ਦੇ ਦੋ ਸਰੂਪਾਂ ਦਾ ਵਰਨਣ ਕਰਦੇ ਹਨ:

"ਬ੍ਰਹਮ ਕੇ ਦੋ ਰੂਪ ਹੈ॥ ਏਕ ਪਾਰਬ੍ਰਹਮ॥ ਦੂਸਰਾ ਸਬਦ ਬ੍ਰਹਮ, ਮਨ ਬਾਣੀ ਅਗੋਚਰ ਪਰ ਬ੍ਰਹਮ ਹੈ, ਵੇਦ ਸਬਦ ਬ੍ਰਹਮ ਹੈ॥ ਪਰ ਬ੍ਰਹਮ ਅਪਨੀ ਮਾਯਾ ਸ਼ਕਤੀ ਮੇ ਪ੍ਰਵੇਸ ਕਰ ਈਸ ਰੂਪ ਹੋ ਕੇ ਰਚਨਾ ਯੋਗਯ ਪ੍ਰਪੰਚ ਕੀ ਵਿਚਿਤ੍ਰਤਾ ਕੇ ਹੇਤੁ ਕਰਮੋ ਕੇ ਸੰਯੁਕਤ ਹੁਯਾ ਨਿਖਲ ਰੂਪਾਤਮਕ ਸ੍ਰਿਸਟੀ ਕੋ ਰਚ ਕੇ ਜੀਵੋਂ ਕੋ ਧਰਮ, ਅਰਥ ਕਾਮ, ਮੋਖ, ਮਾਰਗੋ ਕੇ ਦਰਸ਼ਨ ਹੇਤ ਆਪ ਹੀ ਸਬਦ ਰੂਪ ਹੋਵੇ ਹੈ।"[82]

ਨਰੋਤਮ ਜੀ ਅਨੁਸਾਰ ਇਕ ਪਾਰਬ੍ਰਹਮ ਦੂਜਾ ਸ਼ਬਦ ਬ੍ਰਹਮ ਹੈ। ਜਿਹੜਾ ਮਨ ਬਾਣੀ ਤੋਂ ਅਗੋਚਰ ਹੈ ਉਹ ਪਾਰਬ੍ਰਹਮ ਹੈ। ਬ੍ਰਹਮ ਆਪਣੀ ਮਾਇਆ ਸ਼ਕਤੀ ਵਿਚ ਪ੍ਰਵੇਸ਼ ਹੋ ਕੇ ਰਚਨਾ ਯੋਗ ਪ੍ਰਪੰਚ ਦੀ ਵਿਚਿਤ੍ਰਤਾ ਦੇ ਅੰਤਰਗਤ ਕਰਮਾਂ ਨਾਲ ਸੰਯੁਕਤ ਹੋ ਕੇ ਵੱਖ-ਵੱਖ ਦ੍ਰਿਸ਼ਟੀ ਜੋ ਸਾਨੂੰ ਦਿਸਦੀ ਹੈ, ਨੂੰ ਰਚ ਕੇ ਜੀਵਾਂ ਨੂੰ ਧਰਮ, ਅਰਥ, ਕਾਮ ਅਤੇ ਮੋਖ ਮਾਰਗ ਦੇ ਦਰਸ਼ਨ ਹਿਤ ਆਪ ਹੀ ਸ਼ਬਦ ਰੂਪ ਹੁੰਦਾ ਹੈ।

---

80 ਜਸਵਿੰਦਰ ਕੌਰ (ਡਾ.), *ਪੰਡਿਤ ਈਸ਼ਰ ਸਿੰਘ: ਜੀਵਨ ਰਚਨਾ ਤੇ ਸਿਧਾਂਤ*, ਪੰਨਾ 30.

81 ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰਮਤ ਨਿਰਣਯ ਸਾਗਰ*, ਪੰਨਾ 176.

82 ਉਹੀ, ਪੰਨਾ 304.

ਨਰੋਤਮ ਜੀ ਨੇ ਸ਼ਬਦ ਬ੍ਰਹਮ ਦੀ ਵਿਆਖਿਆ ਕਰਦਿਆਂ ਇਸ ਦੇ ਵੀ ਦੋ ਰੂਪ ਵਿਅਕਤ ਕੀਤੇ ਹਨ ਇਕ ਸੂਖਮ ਰੂਪ ਅਤੇ ਦੂਸਰਾ ਸਥੂਲ ਰੂਪ। ਪਰਾ, ਪਸਯੰਤੀ, ਮਧਯਮ ਸੂਖਮ ਰੂਪ ਹੈ ਬੈਖਰੀ ਸਥੂਲ ਰੂਪ ਹੈ। ਨਰੋਤਮ ਜੀ ਅਨੁਸਾਰ ਅਕਾਲ ਪੁਰਖ, ਬ੍ਰਹਮ ਸ਼ੁਧ ਸਰੂਪ ਵਿਚ ਨਿਰਗੁਣ ਅਤੇ ਵਿਸ਼ਿਸ਼ਟ ਸਰੂਪ ਵਿਚ ਸਰਗੁਣ ਸਰੂਪ ਹੁੰਦਾ ਹੈ। "ਦਾਰਸ਼ਨਿਕ ਦ੍ਰਿਸ਼ਟੀ ਤੋਂ ਸ਼ਬਦ ਨੂੰ ਇਕੋ ਤੱਤ ਪ੍ਰਵਾਨ ਕੀਤਾ ਗਿਆ ਹੈ। ਨਰੋਤਮ ਜੀ ਨੇ ਸ਼ਬਦ ਬ੍ਰਹਮ ਨੂੰ ਸੰਕਰ ਦੇ ਅਦ੍ਵੈਤਵਾਦੀ ਸਿਧਾਂਤ ਤੋਂ ਲਿਆ ਹੈ। ਸੰਕਰ ਨੇ ਸ਼ਬਦ ਨੂੰ ਵਿਸ਼ਵ ਦਾ ਕਾਰਣ ਮੰਨਿਆ ਹੈ। ਜਿਵੇਂ ਬ੍ਰਹਮ ਵਿਸ਼ਵ ਦਾ ਕਾਰਣ ਹੈ, ਇਸੇ ਤਰ੍ਹਾਂ ਨਰੋਤਮ ਜੀ ਨੇ ਸ਼ਬਦ ਨੂੰ ਬ੍ਰਹਮ ਮੰਨਿਆ ਹੈ। ਸ਼ਬਦ ਬ੍ਰਹਮ ਦਾ ਸੰਬੰਧ ਅਨੁਭਵ ਨਾਲ ਦਸਿਆ ਹੈ।"[83]

ਭਾਈ ਸੰਤੋਖ ਸਿੰਘ ਜੀ ਨੇ ਗੁਰਬ ਗੰਜਨੀ ਟੀਕੇ ਵਿਚ ਏਕ ਓਅੰਕਾਰ ਦੀ ਬਣਤਰ ਨੂੰ ਪਰਿਭਾਸ਼ਤ ਕਰਦੇ ਹੋਏ ਬ੍ਰਹਮ ਬਾਰੇ ਲਿਖਦੇ ਹਨ, "ਧਰਮ ਕੀ ਸਥਿਰਤਾ ਕੇ ਹਿਤ ਜਗਤ ਕੇ ਉਧਾਰਬੇ ਹਿਤ ਜੋ ਸਰੁਤਿ 'ਏਕ ਓਅੰਕਾਰ' ਮੇਂ ਰਾਖੀ ਹੈ, ਸੋਈ ਕਹਤ ਹੈ। ਓਅੰਕਾਰ ਇਸ ਕੋ ਵਾਚਕ ਹੈ, ਅਰ ਇਹ ਜੋ ਓਅੰਕਾਰ ਨਾਮ ਹੈ, ਅਰੁ ਜਗਤ ਨਾਮੀ ਹੈ। ਯਾਂਤੇ ਜਗਤ ਓਅੰਕਾਰ ਰੂਪ ਹੀ ਹੈ ... । ਏਕ ਸ਼ਬਦ ਬ੍ਰਹਮ ਹੈ ਏਕ ਪਰਮ ਬ੍ਰਹਮ ਹੈ। ਜੋ ਕਿਛੁ ਦ੍ਰਿਸ਼ਟਿ ਸ੍ਰਵਨਾਦਿਕੋ ਮੇ ਹੈ ਸੋ ਸਭ ਸ਼ਬਦ ਬ੍ਰਹਮ ਕੇ ਅੰਤਰਗਤਿ ਹੈ ਜੋ ਪਰਮ ਬ੍ਰਹਮ ਹੈ ਸੋ ਮਨ ਬਾਨੀ ਤੇ ਪਰੇ ਹੈ। ਇਸੀ ਹੇਤ ਤੇ ਸਭਨ ਕੇ ਆਦਿ ਓਅੰਕਾਰ ਲਿਖਯਤਿ ਹੈ। ਜਿਸੁ ਮੰਤ੍ਰ ਕੇ ਆਦਿ ਓਅੰਕਾਰ ਹੋਤਾ ਹੈ ਸੋ ਮੰਤ੍ਰ ਭੀ ਓਅੰਕਾਰ ਹੋ ਜਾਤ ਹੈ।"[84]

ਨਿਰਮਲ ਸੰਪ੍ਰਦਾਇ ਬ੍ਰਹਮ ਨੂੰ ਸਤਿ, ਚਿਤ, ਅਨੰਦ ਮੰਨਦੀ ਹੈ ਜੋ ਸਾਰਿਆਂ ਦਾ ਮੁੱਢ ਹੈ। ਜੋ ਇਕ ਰਸ ਵਿਆਪਕ ਰਹਿੰਦਾ ਹੈ। ਉਹ ਅਦ੍ਵੈਤ ਹੈ। ਉਹ ਸਚ ਹੈ। ਉਹ ਜਨਮ-ਮਰਨ ਦੇ ਗੇੜ ਵਿਚ ਨਹੀਂ ਹੈ। ਉਹ ਚੇਤਨ ਹੈ। ਉਹ ਮਾਇਆ ਦੇ ਬਲ ਰਾਹੀਂ ਜਗਤ ਰਚਨਾ ਕਰਦਾ ਹੈ। ਬ੍ਰਹਮ ਸਰਗੁਣ ਤੇ ਨਿਰਗੁਣ ਹੈ ਪਰ ਇਕੋ ਹੀ ਹੈ। ਉਹ ਸ੍ਵੈ ਮਾਇਆ ਦੀ ਉਪਾਧੀ ਤੋਂ ਰਹਿਤ ਹੈ ਪਰ ਮਾਇਆ ਉਸਦੀ ਸਾਜੀ ਹੋਈ ਹੈ। "ਉਹ ਘਟ-ਘਟ ਵਿਚ ਬਿਰਾਜਮਾਨ ਹੈ ਅਤੇ ਸਾਰਿਆਂ ਦੀ ਪ੍ਰਿਤਪਾਲਨਾ ਕਰਨ ਵਾਲਾ ਹੈ। ਨਿਰਮਲੇ ਵਿਦਵਾਨਾਂ ਨੇ ਨਾਨਕ ਨੂੰ ਅਦ੍ਵੈਤ ਦਾ ਸੂਚਕ ਮੰਨਿਆ ਹੈ। ਇਸੇ ਕਰਕੇ ਨਾਨਕ ਜੋਤਿ ਨੂੰ ਉਨ੍ਹਾਂ ਨੇ ਠੀਕ ਤੌਰ ਤੇ, ਇਕ ਸੰਸਥਾ ਮੰਨਿਆ ਹੈ, ਇਕ ਵਿਅਕਤੀ ਨਹੀਂ।"[85]

---

[83] ਪਰਮਜੀਤ ਸਿੰਘ (ਡਾ.), *ਪੰਡਿਤ ਤਾਰਾ ਸਿੰਘ ਨਰੋਤਮ ਜੀਵਨ ਤੇ ਰਚਨਾ*, ਪੰਨਾ 150.

[84] ਕਵੀ ਚੂੜਾਮਣਿ ਭਾਈ ਸੰਤੋਖ ਸਿੰਘ, *ਸ੍ਰੀ ਜਪੁ ਸਾਹਿਬ ਸਟੀਕ ਗਰਬ ਗੰਜਨੀ ਟੀਕਾ*, ਪੰਨੇ 5-6.

[85] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ 173.

ਗੁਰਮਤਿ ਬ੍ਰਹਮ ਨੂੰ ਨਿਰਾਕਾਰ ਵੀ ਮੰਨਦੀ ਹੈ ਤੇ ਸਾਕਾਰ ਵੀ। ਬ੍ਰਹਮ ਨਿਰਗੁਣ ਵੀ ਹੈ ਤੇ ਸਰਗੁਣ ਵੀ। ਦਾਰਸ਼ਨਿਕ ਦ੍ਰਿਸ਼ਟੀ ਤੋਂ ਸ਼ਬਦ ਨੂੰ ਇਕੋ ਇਕ ਤੱਤ ਪ੍ਰਵਾਨ ਕੀਤਾ ਗਿਆ ਹੈ ਕਿਉਂਕਿ ਗੁਰਬਾਣੀ ਵਿਚ ਵੀ ਸ਼ਬਦ ਤੋਂ ਹੀ ਸਾਰੀ ਉਤਪਤੀ ਮੰਨੀ ਗਈ ਹੈ। ਸ਼ਬਦ ਹੀ ਬ੍ਰਹਮ ਹੈ ਅਤੇ ਬ੍ਰਹਮ ਹੀ ਸ਼ਬਦ ਹੈ। ਪੰਡਿਤ ਤਾਰਾ ਸਿੰਘ ਨਰੋਤਮ ਜੀ ਨੇ ਸ਼ਬਦ ਬ੍ਰਹਮ ਨੂੰ ਸ਼ੰਕਰ ਦੇ ਅਦ੍ਵੈਤਵਾਦੀ ਸਿਧਾਂਤ ਤੋਂ ਲਿਆ ਹੈ। "ਸ਼ੰਕਰ ਨੇ ਸ਼ਬਦ ਨੂੰ ਵਿਸ਼ਵ ਦਾ ਕਾਰਣ ਮੰਨਿਆ ਹੈ। ਜਿਵੇਂ ਬ੍ਰਹਮ ਵਿਸ਼ਵ ਦਾ ਕਾਰਨ ਹੈ, ਇਸ ਤਰ੍ਹਾਂ ਨਰੋਤਮ ਨੇ ਸ਼ਬਦ ਬ੍ਰਹਮ ਮੰਨਿਆ ਹੈ। ਸ਼ਬਦ ਬ੍ਰਹਮ ਦਾ ਸੰਬੰਧ ਅਨੁਭਵ ਨਾਲ ਦਸਿਆ ਹੈ।"[86]

ਭਾਈ ਸੰਤੋਖ ਸਿੰਘ ਜੀ ਨੇ "ਬ੍ਰਹਮ ਨੂੰ ਸਤਿ, ਚਿਤ, ਅਨੰਦ ਮੰਨਿਆ ਹੈ। ਉਹ ਸਰਬ ਦਾ ਆਦਿ ਹੈ। ਉਸ ਵਿਚ ਤਬਦੀਲੀ ਨਹੀਂ ਆਉਂਦੀ। ਤ੍ਰੈਕਾਲ ਉਹ ਇਕ ਸਮਾਨ ਵਿਆਪਕ ਰਹਿੰਦਾ ਹੈ। ਉਹ ਅਦ੍ਵੈਤ ਹੈ। ਅਦ੍ਵੈਤ ਹੈ ਏਕ ਹੀ ਪੂਰਣ ਸਰਬ ਮੈ' ਇਹ ਵਿਆਖਿਆ ਅਦ੍ਵੈਤ ਦੀ ਉਨ੍ਹਾਂ ਨੇ ਕੀਤੀ ਹੈ। ਉਨ੍ਹਾਂ ਨੇ ਬ੍ਰਹਮ ਨੂੰ ਚੇਤਨਤਾ ਮੰਨਿਆ ਹੈ। ਬ੍ਰਹਮ ਕਰਤਾ ਪੁਰਖ ਹੈ,"[87] ਉਸੇ ਤੋਂ ਜਗਤ ਦੀ ਉਤਪਤੀ ਹੁੰਦੀ ਹੈ।

ਪੰਡਿਤ ਗੁਲਾਬ ਸਿੰਘ ਜੀ ਨੇ ਅਕਾਲ ਪੁਰਖ ਦੀ ਵਿਆਖਿਆ ਕਰਦਿਆਂ ਦਸਿਆ ਹੈ ਕਿ ਏਕੰਕਾਰ ਇਕ ਜੋ ਅਕਾਲ ਪੁਰਖ ਹੈ ਜਦ ਉਸ ਨੇ ਚਾਹਿਆ ਕਿ ਏਕ ਤੋਂ ਅਨੇਕ ਹੋਵਾਂ ਤਾਂ ਤਿਸ ਤੇ ਮਾਇਆ ਹੋਤੀ ਭਈ। ਫੇਰ ਤਿੰਨ ਦੇਵਤੇ ਹੋਏ। ਉਨ੍ਹਾਂ ਨੇ ੧ਓ ਦਾ ਪਾਠ 'ਏਕੰਕਾਰ' ਦਿਤਾ ਹੈ। ਪਰਮ ਸੱਤਾ ਨੂੰ ਅਕਾਲ ਪੁਰਖ ਕਰਕੇ ਵਰਣਿਆ ਹੈ। ਉਸ ਦੇ ਏਕ ਤੋਂ ਅਨੇਕ ਹੋਣ ਦਾ ਸਿਧਾਂਤ ਉਸ ਦੀ ਚਾਹਣਾ ਜਾਂ ਇੱਛਾ ਨੂੰ ਮੰਨਿਆ ਹੈ।

ਸਾਧੂ ਗੁਰਦਿੱਤ ਸਿੰਘ ਜੀ ਨੇ ਬ੍ਰਹਮ ਨੂੰ 'ਅਦ੍ਵੈਤ ਬ੍ਰਹਮ' ਸਵੀਕਾਰਿਆ ਹੈ। ਉਨ੍ਹਾਂ ਅਨੁਸਾਰ ਗੁਰਬਾਣੀ ਇਕ ਬ੍ਰਹਮਵਾਦ ਦੀ ਧਾਰਨੀ ਹੈ। ਉਨ੍ਹਾਂ ਨੇ "ਵੇਦਾਂਤ ਸਿਧਾਂਤ ਅਨੁਸਾਰ ਹੀ ਬ੍ਰਹਮ ਨੂੰ ਮਾਯਾ ਰੂਪ ਉਪਾਧਿਯੁਕਤ ਕਿਹਾ ਹੈ। ਉਨ੍ਹਾਂ ਨੇ ਬ੍ਰਹਮ ਨੂੰ ਹੀ ਜਗਤ ਦਾ ਨਮਿਤ ਕਾਰਨ ਮੰਨਿਆ ਹੈ।"[88] ਗਿਆਨ ਸਿੰਘ ਗਿਆਨੀ ਅੰਮ੍ਰਿਤਸਰੀ ਨੇ ਵੀ "੧ਓ ਬ੍ਰਹਮ ਸਤਿ ਦੇ ਗੁਰਮਤਿ ਅਨੁਸਾਰ ਹੀ ਅਰਥ ਕਰਦਿਆਂ ਬ੍ਰਹਮ ਦੀ ਵਿਆਖਿਆ ਕੀਤੀ ਹੈ।"[89]

---

86 ਪਰਮਜੀਤ ਸਿੰਘ (ਡਾ.), *ਪੰਡਿਤ ਤਾਰਾ ਸਿੰਘ ਨਰੋਤਮ ਜੀਵਨ ਤੇ ਰਚਨਾ*, ਪੰਨਾ 150.

87 ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨੇ 133-34

88 ਉਹੀ, ਪੰਨਾ 173.

89 ਉਹੀ, ਪੰਨਾ 160.

ਬ੍ਰਹਮ ਬਾਰੇ ਨਿਰਮਲ ਵਿਦਵਾਨਾਂ ਨੇ ਆਪਣੇ ਵਿਚਾਰ ਗੁਰਬਾਣੀ ਦੀ ਵਿਆਖਿਆ ਅਤੇ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਕਰਦਿਆਂ ਹੀ ਪੇਸ਼ ਕੀਤੇ ਹਨ। ਉਨ੍ਹਾਂ ਨੇ ਬ੍ਰਹਮ ਨੂੰ '੧ਓ' ਦੇ ਸੰਦਰਭ ਵਿਚ ਹੀ ਬਿਆਨਿਆ ਹੈ। ਭਾਵੇਂ ਉਨ੍ਹਾਂ ਦੇ ਬਿਆਨ ਦਾ ਢੰਗ ਵੇਦਾਂਤ ਵਾਲਾ ਹੈ ਪਰ ਫਿਰ ਵੀ ਉਨ੍ਹਾਂ ਨੇ ਗੁਰਮਤਿ ਨਜ਼ਰੀਏ ਨੂੰ ਪਹਿਲ ਦਿਤੀ ਹੈ।

**ਜਗਤ**

ਅਧਿਆਤਮਿਕਤਾ ਬਾਰੇ ਜਾਣਨ ਵਾਲੇ ਜਿਗਿਆਸੂਆਂ ਦੇ ਮਨ ਵਿਚ ਸਭ ਤੋਂ ਪਹਿਲਾਂ ਇਕੋ ਸਵਾਲ ਉਤਪੰਨ ਹੁੰਦਾ ਹੈ ਕਿ ਇਹ ਜਗਤ ਕਿਵੇਂ ਅਤੇ ਕਦੋਂ ਹੋਂਦ ਵਿਚ ਆਇਆ? "ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਵਿਚ ਗੁਰੂ ਜੀ ਕਹਿੰਦੇ ਹਨ ਕਿ ਮਨੁੱਖ ਅਜੇ ਤੀਕ ਇਸ ਰਹੱਸ ਨੂੰ ਹੱਲ ਕਰਨ ਦੇ ਸਮਰੱਥ ਨਹੀਂ ਹੋਇਆ:

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥

.....................................................

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 4)

ਸਿੱਧਾਂ ਨਾਲ ਗੋਸ਼ਟ ਕਰਨ ਸਮੇਂ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ ਗਿਆ ਕਿ ਜਗਤ ਦਾ ਅਰੰਭ ਕਿਵੇਂ ਹੋਇਆ?

ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ।21।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 940)

ਦੁਨੀਆਂ ਦੇ ਅਰੰਭ ਬਾਰੇ ਤੁਹਾਡੇ ਵੀਚਾਰ ਕੀ ਹਨ? ਨਿਰੰਕਾਰ ਉਸ ਵੇਲੇ ਕਿਸ ਅਵਸਥਾ ਵਿਚ ਸੀ? ਗੁਰੂ ਜੀ ਨੇ ਉੱਤਰ ਦਿੱਤਾ:

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ।23।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 940)

'ਆਰੰਭ ਦਾ ਵੀਚਾਰ ਸਾਨੂੰ ਸਭ ਨੂੰ ਹੈਰਾਨੀ ਵਿਚ ਡੋਬ ਦਿੰਦਾ ਹੈ। ਨਿਰੰਕਾਰ ਉਸ ਵੇਲੇ ਵੀ ਸਰਬ ਵਿਆਪਕ ਸੀ।"[90]

---

[90] ਪਿਆਰ ਸਿੰਘ (ਸੰਪਾ.), ਸਿੱਖ ਧਰਮ ਦੇ ਮੂਲ ਸੰਕਲਪ, *ਭਾਈ ਜੋਧ ਸਿੰਘ ਗੱਦ ਸੌਰਭ*, ਪੰਨਾ 98.

ਜਗਤ ਸਬੰਧੀ ਵੀ ਨਿਰਮਲੇ ਵਿਦਵਾਨਾਂ ਨੇ ਆਪਣੇ ਵਿਚਾਰ ਗੁਰਬਾਣੀ ਦੇ ਸੰਦਰਭ ਵਿਚ ਹੀ ਪੇਸ਼ ਕੀਤੇ ਹਨ। ਉਹ ਜਗਤ ਨੂੰ ਬ੍ਰਹਮ ਦੀ ਕਿਰਤ ਮੰਨਦੇ ਹਨ ਅਤੇ ਬ੍ਰਹਮ ਦੀ ਮਾਇਆ ਦੁਆਰਾ ਉਤਪਤੀ ਸਵੀਕਾਰਦੇ ਹਨ। ਮਹਾਂਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ "ਮਾਇਆ ਅਨਿਰਵਚਨੀਯ ਨਹੀਂ ਹੈ। ਮਾਇਆ ਬ੍ਰਹਮ ਦੀ ਉਤਪੰਨ ਕੀਤੀ ਹੋਈ ਹੈ। ਬ੍ਰਹਮ ਦੇ ਅਧੀਨ ਹੈ। ਬ੍ਰਹਮ ਦੇ ਹੁਕਮ ਵਿਚ ਹੀ ਮਾਇਆ ਦੇ ਸੰਯੋਗ ਸਦਕਾ ਜਗਤ ਦੀ ਉਤਪਤੀ ਹੁੰਦੀ ਹੈ। ਉਨ੍ਹਾਂ ਅਨੁਸਾਰ ਜਦੋਂ ਮਾਇਆ ਬ੍ਰਹਮ ਦੇ ਹੁਕਮ ਵਿਚ ਬ੍ਰਹਮ ਨੂੰ ਵਿਆਪਦੀ ਹੈ ਤਾਂ ਬ੍ਰਹਮ ਕਰਤਾ ਪੁਰਖ ਬਣਦਾ ਹੈ।"[91] ਉਹ ਬ੍ਰਹਮ ਨੂੰ ਚੇਤਨ ਮੰਨਦੇ ਹਨ ਤੇ ਮਾਇਆ ਨੂੰ ਅਵਚੇਤਨ। ਇਸ ਤੋਂ ਭਾਵ ਹੈ ਕਿ ਬ੍ਰਹਮ ਸਰਵੋਪਰੀ ਹੈ ਤੇ ਮਾਇਆ ਉਸ ਦੇ ਅਧੀਨ ਹੈ। ਮਾਇਆ ਦੀ ਸ਼ਕਤੀ ਬ੍ਰਹਮ ਹੀ ਹੈ। ਮਾਇਆ ਆਪਣੇ ਆਪ ਵਿਚ ਬ੍ਰਹਮ ਤੋਂ ਬਿਨਾਂ ਕੁਝ ਵੀ ਨਹੀਂ ਹੈ। ਜਗਤ ਰਚਨਾ ਦਾ ਕਾਰਨ ਅਕਾਲ ਪੁਰਖ ਬ੍ਰਹਮ ਦਾ 'ਹੁਕਮ' ਹੈ ਅਤੇ ਮਾਇਆ ਦੀ ਰਚਨਾ ਵੀ ਬ੍ਰਹਮ ਦੇ ਹੁਕਮ ਸਦਕਾ ਹੀ ਹੋਈ ਹੈ। ਜਗਤ ਰਚਨਾ ਨੂੰ ਬ੍ਰਹਮ ਵਲੋਂ ਬਣਾਇਆ ਮਾਇਆ ਦਾ ਖੇਲ ਸਵੀਕਾਰਿਆ ਹੈ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

"ਜੋ ਸਤਿ, ਚਿਤ, ਆਨੰਦ ਬ੍ਰਹਮ ਸੋ ਮਾਯਾ ਸਵਲ ਹੋ ਕਰਿ ਕਰਤਾ ਪੁਰਖ ਬਨਯੋ। ਮਾਯਾ ਕੋ ਆਸ਼ੇ ਸਥਾਨ। ਆਪਨੀ ਚੇਤੰਨ ਸੱਤਾ ਕਰਿ ਕੈ ਮਾਯਾ ਦ੍ਵਾਰਾ, ਵਾਰੰਵਾਰ ਜਗਤ ਕੋ ਰਚਤ ਹੈ ਸੋਈ ਜੋ ਸਤਿ ਹੈ, ਮਾਯਾ ਸਵਲ ਤੇ ਕਰਤਾ ਨਾਮ ਭਯੋ।"[92] ਭਾਈ ਸੰਤੋਖ ਸਿੰਘ ਜੀ ਨੇ ਇਸਦਾ ਵਿਸਤਾਰ ਗਰਬ ਗੰਜਨੀ ਟੀਕੇ ਵਿਚ ਅੰਕਿਤ ਕੀਤਾ ਹੈ।

ਪੰਡਿਤ ਤਾਰਾ ਸਿੰਘ ਨਰੋਤਮ ਜੀ ਨੇ ਜਗਤ ਰਚਨਾ ਨੂੰ ਗੁਰਬਾਣੀ ਦੇ ਸੰਦਰਭ ਵਿਚ ਸਵੀਕਾਰਿਆ ਹੈ। ਉਹ ਸ੍ਰਿਸ਼ਟੀ ਰਚਨਾ ਦੀ ਉਤਪਤੀ ਸੁੰਨ ਅਵਸਥਾ ਤੋਂ ਹੀ ਮੰਨਦੇ ਹਨ। ਕਿਉਂਕਿ ਗੁਰਬਾਣੀ ਵਿਚ ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਰਚਨਾ ਤੋਂ ਪੂਰਬਲੀ ਅਵਸਥਾ ਦਾ ਜ਼ਿਕਰ ਵੀ ਕੀਤਾ ਹੋਇਆ ਹੈ। ਇਹ ਵੀ ਬ੍ਰਹਮ ਵਾਂਗ ਦਾਰਸ਼ਨਿਕ ਮਸਲਾ ਹੈ। ਨਿਰਮਲੇ ਵਿਦਵਾਨ ਵੀ ਗੁਰਮਤਿ ਅਨੁਸਾਰੀ ਸਨ ਅਤੇ ਅੱਜ ਵੀ ਹਨ। ਇਸ ਲਈ ਸ੍ਰਿਸ਼ਟੀ ਰਚਨਾ ਦੇ ਦਾਰਸ਼ਨਿਕ ਆਧਾਰ ਦਾ ਮੁਖ ਸ੍ਰੋਤ ਵੀ ਗੁਰਬਾਣੀ ਹੀ ਹੈ।

---

[91] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ 133.

[92] ਉਹੀ, ਪੰਨਾ 133.

ਸ੍ਰਿਸ਼ਟੀ ਉਤਪਤੀ ਦਾ ਨਿਰੂਪਣ ਪੰਡਿਤ ਈਸ਼ਰ ਸਿੰਘ ਜੀ ਪ੍ਰਮਾਣਾਂ ਰਾਹੀਂ ਕਰਦੇ ਹਨ। "ਪਹਿਲਾ ਪ੍ਰਤੱਖ ਪ੍ਰਮਾਣ ਹੈ, ਦੂਸਰਾ ਸ਼ਬਦ ਪ੍ਰਮਾਣ ਹੈ। ਉਨ੍ਹਾਂ ਈਸ਼ਵਰ ਦੀ ਰਚਨਾ ਨੂੰ ਪ੍ਰਤੱਖ ਕਿਹਾ ਹੈ। ਉਹ ਮੰਨਦੇ ਹਨ ਕਿ ਪ੍ਰਤਖ ਅਤੇ ਸ਼ਬਦ ਪ੍ਰਮਾਣਾਂ ਸਦਕਾ ਹੀ ਅੰਡਜ, ਜੇਰਜ, ਸੇਤਜ, ਉਤਭੁਜ ਆਦਿ ਚਾਰੇ ਖਾਣੀਆਂ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ।"[93]

ਸਾਧੂ ਗੁਰਦਿੱਤ ਸਿੰਘ ਜੀ ਨੇ ਜਗਤ ਰਚਨਾ ਦਾ ਮੁੱਖ ਕਾਰਣ ਪਾਰਬ੍ਰਹਮ ਨੂੰ ਸਵੀਕਾਰਿਆ ਹੈ ਅਤੇ ਉਹ ਹੀ ਜੜ੍ਹ ਅਤੇ ਚੇਤਨ ਸਰੂਪ ਵਿਚ ਜਗਤ ਵਿਚ ਵਿਦਮਾਨ ਹੈ। "ਉਹ ਆਪ ਹੀ ਸਭ ਵਸਤੂਆਂ ਦਾ ਵਾਸਤਵਿਕ ਤੱਤ ਹੈ। ਨਿਮਿਤ ਅਤੇ ਉਪਾਦਾਨ ਕਾਰਨਾਂ ਨੂੰ ਵੱਖ-ਵੱਖ ਨਹੀਂ ਕੀਤਾ ਜਾ ਸਕਦਾ ਜਿਵੇਂ ਮਿਟੀ ਅਤੇ ਘੜੇ ਨੂੰ। ਇਸ ਲਈ ਜੜ੍ਹ ਵੀ ਉਹ ਆਪ ਹੈ ਤੇ ਚੇਤੰਨ ਵੀ।"[94]

ਪੰਡਿਤ ਤਾਰਾ ਸਿੰਘ ਜੀ ਨੇ "ਵੇਦਾਂਤ ਦੇ ਸਿਧਾਂਤ ਅਨੁਸਾਰ ਹੀ ਪਸਾਰੇ ਦਾ ਕਾਰਨ ਮਾਇਆ ਨੂੰ ਮੰਨਿਆ ਹੈ ਤੇ ਕਵਾਉ ਦਾ ਅਰਥ ਮਾਇਆ ਕੀਤਾ ਹੈ। ਕੁਦਰਤਿ ਦਾ ਅਰਥ ਵੀ ਉਨ੍ਹਾਂ ਨੇ ਮਾਇਆ ਹੀ ਕੀਤਾ ਹੈ ਅਤੇ ਇਸੇ ਮਾਇਆ ਨੂੰ ਸ਼ਕਤੀਮਾਨ ਕਿਹਾ ਹੈ ਕਿਉਂਕਿ ਇਹ ਪ੍ਰਭੂ ਹੁਕਮ ਵਿਚ ਵਿਚਰ ਰਹੀ ਹੈ। ਤ੍ਰਿਗੁਣੀ ਮਾਇਆ ਕਾਰਣ ਹੀ ਸ਼ੁਭਾ ਸ਼ੁਭ ਤੇ ਆਚਾਰ ਬਣਦੇ ਹਨ। ਉਨ੍ਹਾਂ ਨੇ ਮਾਇਆ ਨੂੰ ਸ਼ਕਤੀ ਤਾਂ ਮੰਨਿਆ ਹੈ ਪਰ ਰਚਨਾ ਦਾ ਮੂਲ ਕਾਰਨ ਪਰਮੇਸ਼ਰ ਦੀ ਇੱਛਾ ਨੂੰ ਮੰਨਿਆ ਹੈ। ਪਰਮੇਸ਼ਰ ਵਿਚ ਇਕ ਤੋਂ ਅਨੇਕ ਹੋਣ ਦੀ ਇਛਾ ਉਪਜੀ ਤੇ ਇਹ ਇਛਾ ਹੀ ਉਦਮ ਰੂਪ ਸੀ ਜਿਸ ਦੁਆਰਾ ਸਾਰੀ ਰਚਨਾ ਹੋਈ।"[95] ਪੰਡਿਤ ਤਾਰਾ ਸਿੰਘ ਨਰੋਤਮ ਨੇ ਜਗਤ ਰਚਨਾ ਦੇ ਕਈ ਦ੍ਰਿਸ਼ਟਾਂਤ ਆਪਣੇ ਗ੍ਰੰਥਾਂ ਵਿਚ ਦਰਜ ਕੀਤੇ ਹਨ।

ਕਈ ਵਿਦਵਾਨਾਂ ਨੇ 'ਖੰਡਾ' ਸ਼ਬਦ ਨੂੰ ਜਗਤ ਰਚਨਾ ਦਾ ਆਧਾਰ ਮੰਨਿਆ ਹੈ। ਗੁਰਮਤਿ ਨਿਰਣਯ ਸਾਗਰ ਗ੍ਰੰਥ ਵਿਚ ਪੰਡਿਤ ਤਾਰਾ ਸਿੰਘ ਨਰੋਤਮ 'ਖੰਡਾ' ਸ਼ਬਦ ਦੇ ਅਰਥ ਕਰਦੇ ਹੋਏ ਲਿਖਦੇ ਹਨ ਕਿ "ਅਦਿ ਭਾਵ ਮੁੱਢ ਤੋਂ ਜਗਤ ਦੀ ਉਤਪਤੀ ਦਾ ਕਰਣ ਖੰਡਾ ਹੀ ਹੈ। 'ਪ੍ਰਥਮੇ ਖੰਡਾ ਸਾਜ ਕੈ' ਤੋਂ ਭਾਵ ਹੈ ਅਕਾਲ ਪੁਰਖ ਦਾ ਸਿਮਰਨ ਕਰਕੇ ਦਸਾਂ ਗੁਰੂਆਂ ਨੇ ਖੰਡਾ ਸ਼ਬਦ ਨੂੰ ਸ੍ਰਿਸ਼ਟੀ ਦਾ ਪ੍ਰਤਿਪਾਦਕ ਮੰਨਿਆ ਹੈ।

---

93 ਪਰਮਜੀਤ ਸਿੰਘ (ਡਾ.), ਪੰਡਿਤ ਤਾਰਾ ਸਿੰਘ ਨਰੋਤਮ ਜੀਵਨ ਤੇ ਰਚਨਾ, ਪੰਨਾ 161.

94 ਉਹੀ, ਪੰਨੇ 160-164.

95 ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨੇ 151-52.

ਨਰੋਤਮ ਨੇ 'ਖੰਡਾਤ' ਸਬਦ ਦਾ ਸ਼ਸਤ੍ਰ ਰੂਪ ਵਿਚ ਵੀ ਅਰਥ ਕੀਤਾ ਹੈ। ਨਾਲ ਇਹ ਵੀ ਕਿਹਾ ਹੈ ਕਿ ਪ੍ਰਕਰਣ ਅਨੁਸਾਰ ਅਰਥ ਕਰ ਲਏ ਜਾਂਦੇ ਹਨ।"[96]

ਪੰਡਿਤ ਗੁਲਾਬ ਸਿੰਘ ਜੀ ਵੀ ਲਿਖਦੇ ਹਨ ਕਿ "ਜਗਤ ਰਚਨਾ ਵਾਹਿਗੁਰੂ ਦੇ ਹੁਕਮ ਵਿਚ ਹੀ ਹੋਈ ਹੈ ਤੇ ਵਾਹਿਗੁਰੂ ਦੇ ਹੁਕਮ ਨੂੰ ਕਿਹਾ ਨਹੀਂ ਜਾ ਸਕਦਾ। ਈਸ਼ਵਰ ਨੇ ਇਹ ਸ੍ਰਿਸ਼ਟੀ ਆਪਣੇ ਨਾਮ ਜਪਣ ਵਾਸਤੇ ਕੀਤੀ ਹੈ। ਉਹ ਕਹਿੰਦੇ ਹਨ ਕਿ ਬਿਨਾਂ ਵਾਹਿਗੁਰੂ ਦੇ ਨਾਮ ਦੇ ਕੋਈ ਥਾਂਉ ਨਹੀਂ ਪਾਂਵਦੇ। ਉਹ ਮਾਇਆ ਨੂੰ ਦੋ ਪ੍ਰਕਾਰ ਦੀ ਦਸਦੇ ਹਨ। ਇਕ ਵਿਅਕਤ ਮਾਯਾ ਅਤੇ ਦੂਜੀ ਵਿਦਿਆ। ਜੋ ਵਿਅਕਤ ਮਾਇਆ ਹੈ ਉਹ ਪਦਾਰਥ ਹੈ। ਪਦਾਰਥ ਸੰਚਨਾ ਬੜਾ ਦੁਖ ਰੂਪ ਹੈ ਤੇ ਵਿਦਿਆ ਦਾ ਸੰਚਨਾ ਬੜਾ ਪੁੰਨ ਹੈ। ਕਲਿਆਣ ਰੂਪੀ ਮਾਯਾ ਭੀ ਬ੍ਰਹਮ ਬਾਣੀ ਹੈ।"[97]

**ਜੀਵ**

ਦੁਨੀਆਂ ਦੇ ਲਗਭਗ ਸਾਰੇ ਧਰਮਾਂ ਦਾ ਆਤਮਾ ਦੀ ਹੋਂਦ ਵਿਚ ਵਿਸ਼ਵਾਸ ਹੈ। ਆਤਮਾ ਪ੍ਰਮਾਤਮ ਦਾ ਅੰਸ਼ ਹੈ। ਇਹ ਅਮਰ ਹੈ, ਬਸ ਕਾਇਆ ਬਦਲਦੀ ਹੈ। ਜਿੱਥੇ ਤੱਕ ਆਤਮਾ ਦੇ ਸਰੂਪ ਦੀ ਗੱਲ ਹੈ ਇਸ ਸੰਬੰਧੀ ਗੁਰਬਾਣੀ ਵਿਚ ਦ੍ਰਿਸ਼ਟਾਂਤ ਹੈ:

"ਠੰਡੀ ਤਾਤੀ ਮਿਟੀ ਖਾਈ॥ ਓਹੁ ਨ ਬਾਲਾ ਬੂਢਾ ਭਾਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 378)

ਗੁਰੂ ਜੀ ਅਨੁਸਾਰ ਸਰੀਰ ਨੂੰ ਜਲ-ਪ੍ਰਵਾਹ ਕੀਤਾ ਜਾਂਦਾ ਹੈ, ਅੱਗ ਸਾੜ ਦੇਂਦੀ ਹੈ ਜਾਂ ਦੱਬਿਆ ਭਾਵ ਮਿੱਟੀ ਖਾ ਜਾਂਦੀ ਹੈ, ਪਰ ਆਤਮਾ ਸਰੀਰ ਦੀ ਮੌਤ ਉਪਰੰਤ ਵੀ ਸਥਿਰ ਰਹਿੰਦੀ ਹੈ:

ਓਹੁ ਬੈਰਾਗੀ ਮਰੈ ਨ ਜਾਇ॥

(ਉਕਤ, ਪੰਨਾ 390)

ਕਾਇਆ ਵਿਚੋਂ ਉਪਰਾਮ ਹੋ ਕੇ ਟੁਰ ਜਾਣ ਵਾਲਾ ਜੀਵ (ਆਤਮਾ) ਨਾ ਮਰਦਾ ਹੈ ਨਾ ਜੰਮਦਾ ਹੈ।

---

[96] ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰਮਤ ਨਿਰਣਯ ਸਾਗਰ*, ਪੰਨਾ 170.

[97] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨੇ 165-66.

ਨਿਰਮਲੇ ਵਿਦਵਾਨਾਂ ਵਿਚੋਂ ਭਾਈ ਸੰਤੋਖ ਸਿੰਘ ਜੀ ਨੇ "ਜੀਵਾਤਮਾ ਜਾਂ ਜੀਵ ਦੇ ਅਸਲ ਸਰੂਪ ਨੂੰ ਉਸੇ ਤਰ੍ਹਾਂ 'ਆਦਿ ਸਚੁ ਜੁਗਾਦਿ ਸਚੁ' ਆਦਿ ਮੰਨਿਆ ਹੈ ਜਿਵੇਂ ਬ੍ਰਹਮ ਹੀ ਹੈ ਕੇਵਲ ਮਾਇਆ ਦੇ ਅਗਿਆਨ ਕਰਕੇ ਨਾਮ ਤੇ ਨਾਮੀ ਭਿੰਨ ਪ੍ਰਤੀਤ ਹੁੰਦੇ ਹਨ। ਬ੍ਰਹਮ ਨੂੰ ਜੀਵ ਦਾ ਸਰੂਪ ਹੀ ਮੰਨਿਆ ਹੈ।"[98]

ਨਰੋਤਮ ਜੀ ਸਰੀਰ ਰੂਪੀ ਮਾਇਆ ਅਤੇ ਅਵਿਦਿਆ ਦੇ ਪ੍ਰਤੀਬਿੰਬ ਨੂੰ ਜੀਵ ਕਹਿੰਦੇ ਹਨ। ਉਹ ਲਿਖਦੇ ਹਨ, "ਜੈਸੇ ਘਟ ਮਠ ਉਪਾਧੀਯੋ ਸੇ ਘਟ ਮਠਾਵਛਿੰਨ ਅਕਾਸ ਕਾ ਮਹਾਂਕਾਸਸੇ ਅਵਛੇਦ ਹੋਵੇ ਹੈ ਤੈਸੇ ਮਾਯਾ ਅਵਿਦਯਾ ਸੇ ਚਤੁਰਥ ਭਾਗ ਕਾ ਅਵਛੇਦ ਮਾਤ੍ਰ ਹੋਵੇ ਹੈ ਯਾਤੇ ਮਾਯਾਵਛਿੰਨ ਚੇਤਨ ਈਸਰ ਕਹੀਯੇ ਹੈ। ਅਵਿਦਯਾ ਵਛਿੰਨ ਚੇਤਨ ਜੀਵ ਕਹੀਯੇ।"[99] ਭਾਵ ਮਾਇਆ ਤੋਂ ਵਿਛਿੰਨ ਚੇਤਨ ਈਸ਼ਵਰ ਕਿਹਾ ਜਾਂਦਾ ਹੈ ਅਤੇ ਅਵਿਦਿਯਾ ਵਛਿੰਨ ਚੇਤਨ ਜੀਵ ਕਿਹਾ ਜਾਂਦਾ ਹੈ। 'ਮਨ ਤੂੰ ਜੋਤਿ ਸਰੂਪ' ਸ਼ਬਦ ਨੂੰ ਜੀਵ ਦਾ ਸਰੂਪ ਬੋਧਮ ਦਸਿਆ ਹੈ। ਮਨ ਨੂੰ ਜੀਵ ਦੇ ਰੂਪ ਵਿਚ ਪ੍ਰਤੀਪਾਦਤ ਕੀਤਾ ਗਿਆ ਹੈ। ਮਨ ਸ਼ਬਦ ਜੀਵ ਅਤੇ ਪਰਮੇਸ਼ਰ ਦੀ ਏਕਤਾ ਦਾ ਆਵਦਨ ਹੈ। ਨਰੋਤਮ ਜੀ ਅਨੁਸਾਰ ਪ੍ਰਾਣ ਰਖਣ ਵਾਲਾ ਜੀਵ ਸ਼ਕਤੀ ਰਖਦਾ ਹੈ। ਜੀਵ ਸਰਬ ਸ਼ਕਤੀਮਾਨ ਪਰਮਾਤਮਾ ਦਾ ਅੰਸ਼ ਰੂਪ ਹੈ। ਇਸ ਲਈ ਜੀਵ ਵਿਚ ਸ਼ਕਤੀ ਵਿਦਮਾਨ ਹੈ। ਜਦੋਂ ਇਹ ਜੀਵ ਪਰਮਾਤਮਾ ਦੀ ਅੰਸ਼ ਆਤਮਾ ਨੂੰ ਧਾਰਣ ਕਰਦਾ ਹੈ ਤਾਂ ਜੀਵ ਆਤਮਾ ਕਹਾਉਂਦਾ ਹੈ। ਆਤਮਾ ਅਤੇ ਜੀਵ ਵਿਚ ਭਿੰਨਤਾ ਜਾਂ ਵਖਰਤਾ ਨਹੀਂ ਹੈ। ਪਰਮਾਤਮਾ ਆਪ ਹੀ ਮਾਤਾ ਹੈ, ਆਪ ਹੀ ਪਿਤਾ ਹੈ ਜਿਸ ਨੇ ਇਹ ਜੀਵ ਦੀ ਸਿਰਜਣਾ ਕੀਤੀ ਹੈ। ਉਨ੍ਹਾਂ ਨੇ ਜੀਵ ਨੂੰ ਸ਼ੁਧ ਚੇਤਨ ਦਾ ਪ੍ਰਤੀਬਿੰਬ ਦਸਿਆ ਹੈ। ਜੀਵ ਤੋਂ ਬਿਨਾਂ ਸਰੀਰ ਨਹੀਂ ਬਣਦਾ। ਜਗਤ ਅਤੇ ਜੀਵ; ਬ੍ਰਹਮ ਦੀ ਹੀ ਉਤਪਤੀ ਹੈ। ਜਗਤ ਦੀ ਰਚਨਾ ਕਰਕੇ ਜੀਵ ਪੈਦਾ ਕੀਤਾ ਹੈ ਅਤੇ ਜੀਵ ਉਸ ਦੀ ਮਾਇਆ ਦਾ ਹੀ ਪ੍ਰਗਟਾਵਾ ਹੈ। ਜਗਤ ਅਤੇ ਜੀਵ ਉਸਦੀ ਬ੍ਰਹਮ ਦੀ ਮਾਇਆ ਹੀ ਹੈ। ਜਦੋਂ ਜਗਤ ਰਚਨਾ ਹੁੰਦੀ ਹੈ ਤੇ ਫਿਰ ਜੀਵ ਰਚਿਆ ਜਾਂਦਾ ਹੈ। ਜੀਵ ਲਈ ਸਰੀਰ ਦੀ ਲੋੜ ਹੁੰਦੀ ਹੈ। ਸਰੀਰ ਵਿਚ ਜੀਵ ਆਤਮਾ ਦਾ ਵਾਸ ਹੁੰਦਾ ਹੈ।

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਜੀਵ ਦੇ ਸਾਰੇ ਪੱਖਾਂ ਦਾ ਬਾਣੀ ਦੀ ਲੋਅ ਵਿਚ ਦਾਰਸ਼ਨਿਕ ਅਧਿਐਨ ਪ੍ਰਸਤੁਤ ਕੀਤਾ ਹੈ। ਸਰੀਰ ਬਾਰੇ ਦਾਰਸ਼ਨਿਕ ਵਿਚਾਰ ਪ੍ਰਗਟਾਉਂਦਿਆਂ ਉਨ੍ਹਾਂ ਨੇ ਸਰੀਰ ਵਿਚਲੇ ਤੱਤਾਂ ਦਾ ਗਹਿਨ ਅਧਿਐਨ ਪ੍ਰਸਤੁਤ ਕੀਤਾ ਹੈ। ਇਸਦੇ ਨਾਲ-ਨਾਲ ਸਰੀਰ ਵਿਚਲੇ ਕੋਸ਼ਾਂ ਦਾ ਵੀ ਵਰਣਨ

---

[98] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ 134.

[99] ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰੁਮਤ ਨਿਰਣਯ ਸਾਗਰ*, ਪੰਨਾ 164.

ਕੀਤਾ ਹੈ। ਜੀਵ ਦੇ ਮਨ ਦਾ ਵੀ ਗਹਿਣ ਅਧਿਐਨ ਹੈ ਕਿਉਂਕਿ ਮਨ ਹੀ ਜੀਵ ਨੂੰ ਇਛਾ ਵਿਚ ਰੁਚਿਤ ਕਰਦਾ ਹੈ। ਮਨ, ਬੁਧੀ, ਅਹੰਕਾਰ, ਚਿਤ ਆਦਿ ਦੇ ਇਕੱਠ ਨੂੰ ਅੰਤਸ਼ਕਰਣ ਕਿਹਾ ਗਿਆ ਹੈ। ਸਰੀਰ ਵਿਚ ਆਤਮਾ/ਜੀਵਆਤਮਾ ਨਿਵਾਸ ਕਰਦੀ ਹੈ। ਮਨ ਦੀ ਹੋਂਦ ਸਰੀਰ ਕਰਕੇ ਹੈ। ਸਰੀਰ ਵਿਚ ਹੀ ਬੁਧੀ, ਅਹੰਕਾਰ, ਚਿਤ ਆਦਿ ਦੀ ਹੋਂਦ ਹੈ। ਬੁਧੀ ਦਾ ਹੋਣਾ ਵੀ ਜ਼ਰੂਰੀ ਹੈ ਅਤੇ ਅਹੰਕਾਰ ਸਰੀਰ ਦੇ ਨਾਸ਼ ਦਾ ਕਾਰਣ ਬਣਦਾ ਹੈ। ਮਨ ਦੀ ਇਕਾਗਰਤਾ ਵੀ ਜ਼ਰੂਰੀ ਹੈ। ਸਰੀਰ ਵਿਚ ਹੀ ਜੀਵ ਨੂੰ ਮੁਕਤੀ ਪ੍ਰਾਪਤ ਹੁੰਦੀ ਹੈ। ਮੁਕਤੀ ਲਈ ਹੀ ਜੀਵ ਗਿਆਨ ਭਗਤੀ ਅਤੇ ਯੋਗ ਵਰਗੇ ਸਾਧਨ ਅਪਣਾਉਂਦਾ ਹੈ। ਗੁਰਮਤਿ ਵਿਚ ਮੁਕਤੀ ਲਈ ਸਰਲ ਸਾਧਨ ਨਾਮ-ਸਿਮਰਨ ਹੈ ਜਿਸ ਦਾ ਅਨੁਸਰਣ ਨਿਰਮਲ ਸੰਪ੍ਰਦਾਇ ਨੇ ਕੀਤਾ ਹੈ। ਨਾਮ-ਸਿਮਰਨ ਨੂੰ ਅਮਲ ਵਿਚ ਲਿਆਉਣ ਨਾਲ ਜੀਵ ਅੰਦਰ ਪ੍ਰੇਮ, ਵੈਰਾਗ, ਸਰਧਾ, ਸੇਵਾ, ਇਕਾਗਰਤਾ ਅਤੇ ਸਿਮਰਨ ਪੈਦਾ ਹੁੰਦਾ ਹੈ, ਪਰ ਗੁਰਮਤਿ ਵਿਚ ਇਕ ਸ਼ਰਤ ਹੈ ਕਿ ਨਾਮ-ਸਿਮਰਨ ਲਈ ਸੱਚੇ ਸਤਿਗੁਰੂ ਦੀ ਸ਼ਰਨ ਵਿਚ ਜਾਣਾ ਜ਼ਰੂਰੀ ਹੈ।

ਨਿਰਮਲ ਸੰਪ੍ਰਦਾਇ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚੇ-ਸਤਿਗੁਰੂ ਵਜੋਂ ਆਪਣਾ ਇਸ਼ਟ ਧਾਰਨ ਕੀਤਾ ਹੋਇਆ ਹੈ ਅਤੇ ਨਿਰਮਲ ਭੇਖ ਪੰਜ ਪਿਆਰੇ ਸਾਹਿਬਾਨ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਨਾਮ-ਅਭਿਆਸ ਗੁਰਮੰਤਰ ਦੀ ਵਿਧੀ ਲੈ ਕੇ ਅਭਿਆਸ ਕਰਦੇ ਹਨ ਅਤੇ ਨਿਰਮਲੇ ਮਹਾਂਪੁਰਖ ਆਪਣੇ ਜੀਵਨ ਦਾ ਅੰਤਿਮ ਲਕਸ਼ ਪ੍ਰਾਪਤ ਕਰਕੇ ਸੁਰਖਰੂ ਹੁੰਦੇ ਹਨ। ਸਤਿਸੰਗਤ ਦੀ ਵੀ ਵਿਸ਼ੇਸ਼ ਮਹਾਨਤਾ ਹੈ। ਕਿਉਂਕਿ ਗੁਰਮਤਿ ਮਰਿਯਾਦਾ ਅਨੁਸਾਰ ਨਾਮ ਸਿਮਰਨ ਅਤੇ ਸਤਿ ਸੰਗਤ ਕਰਨੀ ਅਤਿ ਜ਼ਰੂਰੀ ਹੈ। ਇਸਦੇ ਨਾਲ ਹੀ ਅੰਮ੍ਰਿਤ ਵੇਲੇ ਦੀ ਸੰਭਾਲ, ਹੁਕਮ ਨੂੰ ਸਤਿ ਕਰਕੇ ਮੰਨਣਾ, ਦੁਖ-ਸੁਖ ਨੂੰ ਇਕੋ ਕਰਕੇ ਜਾਣਨਾ, ਨਿਤਾਪ੍ਰਤੀ ਸਤਿਗੁਰੂ ਦੇ ਚਰਨਾਂ ਵਿਚ ਅਰਦਾਸ ਕਰਨੀ, ਸ੍ਰੇਸ਼ਠ ਕਰਮ ਕਰਨੇ, ਸੇਵਾ ਕਰਨੀ, ਨਿਰਗੁਣ ਸਤਿ ਵਿਚ ਵਿਸ਼ਵਾਸ ਕਰਨਾ ਆਦਿ ਅਤਿ ਜ਼ਰੂਰੀ ਹੈ। ਇਹ ਸਭ ਸ੍ਰੇਸ਼ਠ ਸਾਧਨ ਅਪਣਾ ਕੇ ਹੀ ਜੀਵ ਮੁਕਤ ਹੋ ਸਕਦਾ ਹੈ। ਭਾਈ ਸੰਤੋਖ ਸਿੰਘ ਜੀ ਗਰਬ ਗਜੰਨੀ ਟੀਕੇ ਵਿਚ ਲਿਖਦੇ ਹਨ ਕਿ :

'ਪਰਮੇਸਰ ਅਨਿਆਇ ਤੋਂ ਕਬਹੂੰ ਨਹੀਂ ਕਰਤ ਹੈ, ਹਮਾਰੇ ਕਰਮਨ ਕੋ ਫਲ ਹੈ।' [100]

ਉਹ ਕਹਿੰਦੇ ਹਨ ਕਿ ਕਰਮ ਬੰਧਨ ਹੈ। ਕਰਮ ਮੁਕਤੀ ਦਾਤਾ ਨਹੀਂ ਹੋ ਸਕਦਾ। ਕਰਮ ਨਾਲ ਅੱਗੇ ਹੋਰ ਦੇਹ ਮਿਲਦੀ ਹੈ। ਇਸ ਲਈ ਉਹ ਸ਼ੁਭ ਕਰਮ ਕਰਨ ਦੀ ਪ੍ਰੇਰਣਾ ਦੇਂਦੇ ਹਨ:

---

[100] ਕਵੀ ਚੂੜਾਮਣਿ ਭਾਈ ਸੰਤੋਖ ਸਿੰਘ, *ਸ੍ਰੀ ਜਪੁ ਸਾਹਿਬ ਸਟੀਕ ਗਰਬ ਗੰਜਨੀ ਟੀਕਾ*, ਪੰਨਾ 23.

'ਯਾਂਤੇ ਕਰਮ ਜੋ ਹੈਂ ਸੋ ਬੰਧਨ ਹੈ। ਸ਼ੁਭ ਕਰਮ ਸੁਇਨੇ ਕੀ ਬੇੜੀ ਹੈ। ਅਸ਼ੁਭ ਕਰਮ ਲੋਹੇ ਕੀ ਬੇੜੀ ਹੈ, ਪ੍ਰੰਤੂ ਮੋਖ ਨਹੀਂ, ਕਿਆ? ਛੂਟਨੋ ਨਹੀਂ।'[101] ਭਾਈ ਸਾਹਿਬ ਅਨੁਸਾਰ ਕਰਮਾਂ ਕਰਕੇ ਸਵਰਗ ਜਾਂ ਨਰਕ ਦੀ ਪ੍ਰਾਪਤੀ ਹੁੰਦੀ ਹੈ।

ਗੁਰਮਤਿ ਸਿਧਾਂਤਾਂ ਦਾ ਦਾਰਸ਼ਨਿਕ ਵਿਵੇਚਨ ਕਰਦੇ ਭਾਈ ਸਾਹਿਬ ਜਦੋਂ ਜੀਵ, ਜੀਵਾਤਮਾ, ਸਰੀਰ, ਮਨ, ਬੁਧੀ, ਹੰਕਾਰ, ਵੈਰਾਗ, ਸਤਿਗੁਰੂ, ਨਾਮ-ਸਿਮਰਨ, ਸੇਵਾ, ਸਤਿਸੰਗਤ, ਕਰਮ ਗਤੀ, ਮੁਕਤੀ ਅਤੇ ਹੁਕਮ ਆਦਿ ਦਾ ਵਿਵੇਚਨ ਕਰਦੇ ਹਨ ਤਾਂ ਇਹ ਵਿਵੇਚਨ ਨਿਰੋਲ ਗੁਰਮਤਿ ਆਧਾਰਿਤ ਹੈ ਕੇਵਲ ਵਿਖਿਆਨ ਦਾ ਢੰਗ ਸਨਾਤਨੀ ਜਾਂ ਵੇਦਾਂਤੀ ਹਵਾਲਾ ਸਹਿਤ ਹੈ। ਉਂਝ ਉਨ੍ਹਾਂ ਦਾ ਮਨੋਰਥ ਗੁਰਮਤਿ ਦਰਸ਼ਨ ਦੀ ਨਿਰੋਲਤਾ ਨੂੰ ਉਜਾਗਰ ਕਰਨਾ ਹੈ। ਉਹ ਨਾਮ ਸਿਮਰਨ ਦੇ ਪ੍ਰਥਾਇ ਵੀ ਆਪਣੇ ਦਾਰਸ਼ਨਿਕ ਵਿਚਾਰ ਪ੍ਰਸਤੁਤ ਕਰਦੇ ਕਹਿੰਦੇ ਹਨ:

'ਗੁਰੂ ਜੀ ਕੋ ਮਤ ਕਰਮਨ ਦੇ ਕਰਨ ਕੋ ਮੁਖ ਨਹੀਂ, ਗੌਣ ਹੈ; ਮੁਖ ਸਤਿਨਾਮ ਕੋ ਸਿਮਰਨ ਹੈ, ਜੈਸੇ ਕਰਮ-ਕਾਂਡ ਕੋ ਸਾਸ਼ਤ੍ਰੋਂ ਮੇਂ ਕਰਮ ਕਰਨੇ ਮੁਖ ਹੈ। ਨਾਮ ਕੋ ਸਿਮਰਨ ਗੌਣ ਹੈ।'[102]

ਭਾਈ ਸਾਹਿਬ ਦੇ ਇਸ ਵਿਚਾਰ ਤੋਂ ਸਪਸ਼ਟ ਹੋ ਰਿਹਾ ਹੈ ਕਿ ਉਹ ਗੁਰਮਤਿ ਦਰਸ਼ਨ ਦੇ ਪ੍ਰਚਾਰਕ ਹਨ। ਇਹ ਪ੍ਰਚਾਰ ਹੀ ਉਨ੍ਹਾਂ ਦਾ ਦਾਰਸ਼ਨਿਕ ਯੋਗਦਾਨ ਹੈ ਜਿਸ ਨਾਲ ਸਾਰੇ ਨਿਰਮਲ ਭੇਖ ਦਾ ਸਿਰ ਉੱਚਾ ਹੋ ਰਿਹਾ ਹੈ। ਉਹ ਨਾਮ-ਸਿਮਰਨ ਨੂੰ ਹੀ ਗੁਰਮਤਿ ਵਿਚ ਮੁੱਖ ਦਰਜੇ ਤੇ ਮੰਨਦੇ ਹਨ। ਨਾਮ ਦੀ ਪ੍ਰਾਪਤੀ ਨੂੰ ਉਨ੍ਹਾਂ ਨੇ ਪਰਮੇਸ਼ਰ ਦੀ ਵੱਡੀ ਤੋਂ ਵੱਡੀ ਬਖਸ਼ਿਸ਼ ਸ੍ਵੀਕਾਰਿਆ ਹੈ। ਧਨ-ਪਦਾਰਥ, ਮਹਿਮਾ-ਉਸਤਤੀ, ਪਦਵੀ ਦੀ ਪ੍ਰਾਪਤੀ ਕੋਈ ਮਹਾਨਤਾ ਵਾਲੀ ਗੱਲ ਨਹੀਂ ਹੈ। ਨਾਮ ਹੀ ਜੀਵ ਨੂੰ ਉਚਾ ਬਣਾਉਂਦਾ ਹੈ ਅਤੇ ਮੋਖ ਦਾ ਅਧਿਕਾਰੀ ਬਣਾਉਂਦਾ ਹੈ।

ਨਿਰਮਲ ਸੰਪ੍ਰਦਾਇ ਨੇ ਗੁਰਮਤਿ ਦੇ ਦਾਰਸ਼ਨਿਕ ਸਿਧਾਂਤਾਂ ਦੀ ਪੜਚੋਲ ਪੂਰਨ ਦਾਰਸ਼ਨਿਕ ਸੂਝ-ਬੂਝ ਨਾਲ ਕੀਤੀ ਹੈ। ਸਤਿਸੰਗਤ ਬਾਰੇ ਵੀ ਭਾਈ ਸਾਹਿਬ ਦੇ ਵਿਚਾਰ ਹਨ ਕਿ ਸਿੱਖ ਲਈ ਗ੍ਰਿਹਸਥ ਵਿਚ ਰਹਿੰਦਿਆਂ ਮੁਕਤੀ ਦਾ ਸੰਕਲਪ ਪ੍ਰਵਾਨ ਹੈ। ਇਸੇ ਤਰ੍ਹਾਂ ਸਿੱਖ ਲਈ ਸਤਿ ਸੰਗਤ ਨੂੰ ਹੀ ਜੋਗ ਤੁਲ ਮੰਨਿਆ

---

[101] ਕਵੀ ਚੂੜਾਮਣਿ ਭਾਈ ਸੰਤੋਖ ਸਿੰਘ, *ਸ੍ਰੀ ਜਪੁ ਸਾਹਿਬ ਸਟੀਕ ਗਰਬ ਗੰਜਨੀ ਟੀਕਾ*, ਪੰਨਾ 39.

[102] ਉਹੀ, ਪੰਨਾ 38.

ਹੈ। ਸਚੀ ਟਕਸਾਲ ਵੀ ਆਪ ਨੇ ਸਤਿ ਸੰਗਤ ਹੀ ਮੰਨੀ ਹੈ। ਗ੍ਰਿਹਸਥ ਬਾਰੇ ਆਪਣੇ ਵਿਚਾਰਾਂ ਨੂੰ ਖੋਲ੍ਹਦਿਆਂ ਭਾਈ ਸਾਹਿਬ ਦਸਦੇ ਹਨ ਕਿ 'ਆਪਨੀ ਇਸਤ੍ਰੀ ਜੋ ਹੈ ਸੋਈ ਇਸਤ੍ਰੀ ਲਖਨੀ, ਦੂਸਰੀ ਇਸਤਰੀ ਨਹੀਂ ਭਾਸੈ, ਯਹ ਭੀ ਜਤੁ ਕਹਾਵਤ ਹੈ ਗ੍ਰਿਹਸਤੁ ਮਾਰਕ ਕੋ। ਗਯਾਨ ਕੋ ਨੇਮ ਨਹੀਂ ਜੋ ਗ੍ਰਿਹਸਤੀ ਕੋ ਨਾ ਹੋਇ।'[103]

ਇਸੇ ਪ੍ਰਕਾਰ ਪੰਡਿਤ ਗੁਲਾਬ ਸਿੰਘ ਜੀ ਨੇ ਵੀ ਗੁਰਮਤਿ ਵਿਸ਼ਿਆਂ ਦਾ ਦਾਰਸ਼ਨਿਕ ਵਿਵੇਚਨ ਕਰਕੇ ਨਿਰਮਲ ਭੇਖ ਦੀ ਧ੍ਵਜਾ ਨੂੰ ਹੋਰ ਉੱਚਾ ਚੁਕਿਆ ਹੈ। ਉਹ ਵੀ ਆਪਣੇ ਸਮੇਂ ਦੇ ਵਿਦਵਾਨ ਨਿਰਮਲੇ ਸਨ। ਉਨ੍ਹਾਂ ਨੇ ਅਨੇਕਾਂ ਵਿਸ਼ਿਆਂ ਨੂੰ ਆਪਣੀਆਂ ਰਚਨਾਵਾਂ ਵਿਚ ਵਰਣਿਤ ਕੀਤਾ ਹੈ, ਉਹ ਲਿਖਦੇ ਹਨ "ਵਾਹਿਗੁਰੂ ਦੇ ਹੁਕਮ ਕਰਕੇ ਸਾਰੀ ਸ੍ਰਿਸ਼ਟੀ ਹੋਈ ਹੈ ਤੇ ਵਾਹਿਗੁਰੂ ਦੇ ਹੁਕਮ ਨੂੰ ਕਿਹਾ ਨਹੀਂ ਜਾ ਸਕਦਾ। 'ਹੁਕਮ ਵਿਚ ਹੀ ਦੁਖ ਤੇ ਸੁੱਖ ਹੈ, ਜਿਨ੍ਹਾਂ ਪਾਪ ਕੀਤੇ ਹੈਨ ਉਹ ਦੁਖ ਪਾਂਵਦੇ ਹੈਨ, ਜਿੰਨ੍ਹਾਂ ਪੁੰਨ ਕੀਤੇ ਹੈਨ ਉਹ ਸੁਖ ਪਾਂਵਦੇ ਹੈਨ।' ਜਿਹੜੇ ਵਾਹਿਗੁਰੂ ਨੂੰ ਗਾਂਵਦੇ ਹੈਨ ਸੋਈ ਮੁਖ ਹੁੰਦੇ ਹਨ ਜੇ ਕੋਈ ਆਖੇ ਕਿ ਮੈਂ ਤਾਣ ਕਰਕੇ ਗਾਂਵਦਾ ਹਾਂ ਤਾਂ ਕਿਸ ਦਾ ਤਾਣ, ਜੇਕਰ ਤੁਸੀਂ ਕਹੋ ਕਿ ਪਿਛਲੇ ਜਨਮਾਂ ਦਾ ਤਾਣ ਹੈ ਤਾਂ ਗਾਵੀਦਾ ਹੈ ਤਾਂ ਪਿਛਲੇ ਸਤ ਕਰਮ ਜੋ ਹੈਨ ਸੋ ਭੀ ਵਾਹਿਗੁਰੂ ਦੀ ਬਖਸ਼ੀਸ਼ ਹੈ।"[104] ਜੇਕਰ ਅਪਾਰ ਪ੍ਰੀਤ ਹੋਵੇ ਤਾਂ ਵਾਹਿਗੁਰੂ ਅੱਗੇ ਅਰਦਾਸ ਕਰੇ ਜੇ ਮਹਾਰਾਜ ਆਪਣੀ ਪ੍ਰੀਤ ਸਾਨੂੰ ਦੇਹ। ਪੰਡਿਤ ਜੀ ਅੰਮ੍ਰਿਤ ਵੇਲਾ ਮਨੁੱਖਾ ਜਨਮ ਨੂੰ ਹੀ ਮੰਨਦੇ ਹਨ ਤੇ ਜਿਸ ਵੇਲੇ ਸੰਤਾਂ ਦਾ ਦਰਸ਼ਨ ਹੁੰਦਾ ਹੈ ਯਾ ਸੰਤਾਂ ਦਾ ਸੰਗ ਹੁੰਦਾ ਹੈ ਉਹ ਭੀ ਅੰਮ੍ਰਿਤ ਵੇਲਾ ਹੈ। ਜੇਕਰ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰੀਏ ਤੇ ਨਾਮ ਜਪੀਏ ਸੋ ਭੀ ਅੰਮ੍ਰਿਤ ਵੇਲਾ ਹੈ।

ਨਿਰਮਲੇ ਸੰਤਾਂ ਨੇ ਜੀਵ ਪ੍ਰਤੀ ਜੋ ਵਿਚਾਰ ਵੀ ਦਿੱਤੇ ਹਨ। ਜੀਵਾਂ ਵਿਚੋਂ ਮਨੁੱਖੀ ਜੀਵਨ ਨੂੰ ਸ੍ਰੇਸ਼ਠ ਮੰਨਿਆ ਗਿਆ ਹੈ। ਮਨੁੱਖੀ ਜੀਵਨ ਵਿਚ ਕਿਹੜੇ ਗੁਣ ਹੋਣੇ ਚਾਹੀਦੇ ਹਨ ਉਨ੍ਹਾਂ ਦਾ ਪ੍ਰਗਟਾਵਾ ਵੀ ਨਿਰਮਲੇ ਸੰਤਾਂ ਗੁਰਮਤਿ ਅਨੁਸਾਰੀ ਵਿਚਾਰਧਾਰਾ ਵਿਚੋਂ ਪ੍ਰਗਟ ਹੁੰਦਾ ਹੈ।

ਨਿਰਮਲ ਸੰਪ੍ਰਦਾਇ ਦੇ ਸੰਤਾਂ ਦੀ ਵਿਚਾਰਧਾਰਾ ਆਮ ਲੋਕਾਂ ਨੂੰ ਗੁਰਮਤਿ ਸਿਧਾਂਤ ਅਤੇ ਆਦਰਸ਼ਾਂ ਨਾਲ ਜੋੜਨ 'ਤੇ ਕੇਂਦਰਿਤ ਹੁੰਦੀ ਸੀ। ਜਿਹੜੇ ਪ੍ਰਮੁੱਖ ਸਿਧਾਂਤਾਂ ਦਾ ਵਰਨਣ ਨਿਰਮਲ ਸੰਪ੍ਰਦਾਇ ਦੇ ਪ੍ਰਚਾਰ ਵਿਚ ਦੇਖਣ ਨੂੰ ਮਿਲਦਾ ਹੈ ਉਨ੍ਹਾਂ ਬਾਰੇ ਇਥੇ ਜਾਣਨ ਦੀ ਕੋਸ਼ਿਸ਼ ਕਰਦੇ ਹਾਂ:

---

[103] ਕਵੀ ਚੂੜਾਮਣਿ ਭਾਈ ਸੰਤੋਖ ਸਿੰਘ, *ਸ੍ਰੀ ਜਪੁ ਸਾਹਿਬ ਸਟੀਕ ਗਰਬ ਗੰਜਨੀ ਟੀਕਾ*, ਪੰਨਾ 178.

[104] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ 165.

1. **ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ**

ਨਿਰਮਲੇ ਸੰਤਾਂ ਨੇ ਗੁਰੂ ਨਾਨਕ ਦੇਵ ਜੀ ਦੇ ਇਹ ਸਿਧਾਂਤ ਲੋਕਾਂ ਵਿਚ ਪ੍ਰਚਾਰੇ ਤਾਂ ਜੋ ਲੋਕ ਇਨ੍ਹਾਂ ਗੁਰਮਤਿ ਸਿਧਾਂਤਾਂ 'ਤੇ ਚੱਲ ਕੇ ਆਪਾ ਸੰਵਾਰਨ ਦੇ ਨਾਲ-ਨਾਲ ਇਕ ਸੱਭਿਅਕ ਸਮਾਜ ਦੀ ਸਿਰਜਣਾ ਕਰ ਸਕਣ। ਨਿਰਮਲੇ ਸੰਤ ਵਿਹਲੇ ਬੈਠਣ ਨੂੰ ਸਮੇਂ ਦੀ ਬਰਬਾਦੀ ਦੱਸਦੇ ਸਨ ਇਸ ਲਈ ਉਹ ਭਜਨ-ਬੰਦਗੀ ਵਿਚ ਰੁਚਿਤ ਰਹਿਣ ਨੂੰ ਤਰਜੀਹ ਦਿੰਦੇ ਸਨ ਅਤੇ ਲੋਕਾਂ ਨੂੰ ਵੀ ਰੱਬ ਦਾ ਨਾਮ ਲੈਣ ਵੱਲ ਪ੍ਰੇਰਦੇ ਸਨ। ਗੁਰੂ ਸਾਹਿਬ ਦੇ ਸਿਧਾਂਤ ਅਨੁਸਾਰ ਲੋਕਾਂ ਨੂੰ ਕਿਰਤ ਕਰਨ ਅਤੇ ਵੰਡ ਛਕਣ ਦਾ ਸੰਦੇਸ਼ ਦਿੰਦੇ ਸਨ। ਨਿਰਮਲੇ ਸੰਤਾਂ ਨੇ ਆਪਣੇ ਸਥਾਨਾਂ ਵਿਚ ਆਏ ਹਰ ਪ੍ਰਾਣੀ ਲਈ ਭੋਜਨ-ਪਾਣੀ ਦਾ ਪ੍ਰਬੰਧ ਕਰ ਕੇ ਵੰਡ ਛਕਣ ਦੇ ਸਿਧਾਂਤ ਨੂੰ ਸਾਰਥਕ ਰੂਪ ਦਿੱਤਾ ਹੈ।

2. **ਜਾਤ-ਪਾਤ**

ਨਿਰਮਲੇ ਸੰਤ ਜਾਤ-ਪਾਤ ਦਾ ਭੇਦ-ਭਾਵ ਨਾ ਕਰਨ ਦਾ ਪ੍ਰਚਾਰ ਹੀ ਨਹੀਂ ਕਰਦੇ ਸਗੋਂ ਉਹ ਇਸ ਸਿਧਾਂਤ ਨੂੰ ਪਹਿਲਾਂ ਆਪਣੇ 'ਤੇ ਲਾਗੂ ਵੀ ਕਰਦੇ ਹਨ। ਉਹ ਭੇਖ ਵਿਚ ਆਉਣ ਵਾਲੇ ਕਿਸੇ ਵੀ ਸੰਤ ਨਾਲ ਭੇਦ-ਭਾਵ ਨਹੀਂ ਕਰਦੇ। ਨਿੱਜੀ ਮੁਲਾਕਾਤਾਂ, ਸਰਵੇਖਣ ਅਤੇ ਖੋਜ-ਕਾਰਜ ਦੌਰਾਨ ਨਿਰਮਲਾ ਇਤਿਹਾਸ ਪੜ੍ਹਦਿਆਂ ਕਿਸੇ ਇਕ ਨਿਰਮਲੇ ਸੰਤ ਦਾ ਵੀ ਭੇਖ ਧਾਰਨ ਉਪਰੰਤ ਜਾਤ-ਗੋਤ ਦਾ ਜ਼ਿਕਰ ਨਹੀਂ ਮਿਲਦਾ। ਉਹ ਲੋਕਾਂ ਵਿਚ ਇਕਸਾਰਤਾ ਦਾ ਪ੍ਰਚਾਰ ਕਰਦੇ ਹਨ।

3. **ਸ਼ਬਦ ਗੁਰੂ ਦਾ ਸਿਧਾਂਤ**

ਨਿਰਮਲੇ ਸੰਤ ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਉਂਦੇ ਰਹੇ ਹਨ ਕਿਉਂਕਿ ਇਹ ਸਿਧਾਂਤ ਗੁਰਮਤਿ ਵਿਚਾਰਧਾਰਾ ਦਾ ਕੇਂਦਰੀ ਧੁਰਾ ਹੈ। ਸ਼ਬਦ ਗੁਰੂ ਤੋਂ ਭਾਵ ਗੁਰੂ ਸਿੱਖਿਆ, ਗੁਰੂ ਦੇ ਬਚਨ, ਗੁਰੂ ਸਾਹਿਬ ਦਾ ਉਪਦੇਸ਼, ਅਤੇ ਗੁਰੂ ਹੁਕਮ ਆਦਿ ਹੈ। ਗੁਰ-ਸ਼ਬਦ ਹੀ ਗੁਰ-ਮੂਰਤਿ ਹੈ, ਜਿਸ ਦੀ ਸੋਝੀ ਸਾਧਸੰਗਤਿ ਵਿਚੋਂ ਹੁੰਦੀ ਹੈ, ਨਿਰਮਲੇ ਸੰਤਾਂ ਨੇ ਇਸ ਪੱਖ ਤੋਂ ਲੋਕਾਂ ਵਿਚ ਸ਼ਬਦ ਗੁਰੂ ਦੇ ਸਿਧਾਂਤ ਨੂੰ ਪ੍ਰਚਾਰਿਆ। ਇਸ ਦੀ ਵਿਆਖਿਆ ਭਾਈ ਗੁਰਦਾਸ ਕਰਦੇ ਹਨ:

'ਗੁਰ ਮੂਰਤਿ ਗੁਰ ਸ਼ਬਦ ਹੈ ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ।' (ਵਾਰ 24:11)

ਨਿਰਮਲੇ ਸੰਤ ਗੁਰੂ ਨਾਨਕ ਸਿਧਾਂਤਾਂ ਦਾ ਪ੍ਰਚਾਰ ਕਰਦੇ ਸਨ। ਇਹ ਜਿੱਥੇ ਵਿਰੱਕਤ ਪ੍ਰਵਿਰਤੀ ਦੇ ਮਾਲਕ ਸਨ ਉਥੇ ਇਨ੍ਹਾਂ ਦਾ ਭਗਵਾਂ ਵੇਸ ਅਤੇ ਸਾਦਾ ਰਹਿਣ-ਸਹਿਣ ਵੀ ਲੋਕਾਂ ਨੂੰ ਪ੍ਰਭਾਵਿਤ ਕਰਦਾ ਸੀ। ਜਿਸ ਕਾਰਨ ਲੋਕ ਇਨ੍ਹਾਂ ਨਾਲ ਜੁੜਦੇ ਸਨ। ਨਿਰਮਲੇ ਸੰਤ ਵਿਦਿਅਕ ਪੱਧਰ 'ਤੇ ਚੇਤੰਨ ਸਨ ਅਤੇ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਕਰ ਕੇ ਲੋਕਾਂ ਨੂੰ ਗੁਰਮਤਿ ਨਾਲ ਜੋੜਦੇ ਅਤੇ ਸੰਜਮ ਦੇ ਧਾਰਨੀ ਹੋਣ ਦੀ ਪ੍ਰੇਰਨਾ ਦਿੰਦੇ ਸਨ।

ਕਰਮਾਂ ਬਾਰੇ ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਹਨ ਕਿ "ਸ਼ੁਧ ਕਰਮਾਂ ਕਰਕੇ ਏਹ ਸਰੀਰ ਰੂਪੀ ਕਪੜਾ ਆਯਾ ਹੈ। ਜਿਤਨੇ ਸ੍ਰਿਸ਼ਟ ਦੇ ਪਦਾਰਥ ਹੈਨ ਸੋ ਆਪੋ ਆਪਣੇ ਕਰਮਾਂ ਦੇ ਅਨੁਸਾਰ ਮਿਲਦੇ ਹੈਨ। ਜੋ ਪਾਪ ਕਰਦੇ ਹੈਨ ਤੇ ਨਰਕ ਭੋਗਦੇ ਹੈਨ ਆਪਣੇ ਬੀਜ ਆਪ ਹੀ ਖਾਂਦੇ ਹਨ। ਸੇਵਾ ਬਾਰੇ ਪੰਡਿਤ ਜੀ ਕਹਿੰਦੇ ਹਨ ਕਿ 'ਜੋ ਗੁਣੀ ਨਿਧਾਨ ਹੈ ਤਿਸ ਦੀ ਸੇਵਾ ਕਰਨੀ ਚਾਹੀਏ ਅਤੇ ਸੇਵਾ ਤਿੰਨਾਂ ਗੁਨਾਂ ਦੀ ਕਹੀ ਹੈ:

1. ਗਾਵਨਾ 2. ਸੁਨਨਾ 3.ਅਭਿਆਸ ਕਰਨਾ ਤੇ ਮਨ ਵਿਚ ਪਰਮੇਸ਼ਰ ਦਾ ਭਾਉ ਰਖਨਾ।

ਗੁਰੂ ਬਾਰੇ ਕਹਿੰਦੇ ਹਨ ਕਿ ਗੁਰਪ੍ਰਸਾਦਿ 'ਗੁਰਾਂ ਦੀ ਕ੍ਰਿਪਾ ਕਰਕੇ ਨਜਰ ਆਂਵਦਾ ਹੈ। ਗੁਰੂ ਜੋ ਅਕਾਲ ਪੁਰਖ ਤਿੰਨ ਦੇ ਮੁਖ ਥੀ ਨਾਦ ਹੋਯਾ ਹੈ। ਓਅੰਕਾਰ ਗੁਰਾਂ ਦੇ ਮੁਖ ਤੇ ਜੋ ਵਾਕ ਹੋਏ ਹੈਨ।' ਤੂੰ ਜੋ ਈਸ਼ਵਰ ਹੈਂ ਸੋ ਗੁਰੂ ਹੈਂ। ਨਿਰਗੁਣ ਬ੍ਰਹਮ ਬਾਰੇ ਕਹਿੰਦੇ ਹਨ ਕਿ ਉਹ ਜੋ ਨਿਰਗੁਣ ਹੈ, ਜਾਨਣ ਵਿਚ ਆਂਵਦਾ ਹੈ ਤੇ ਕਹਿਣ ਵਿਚ ਨਹੀਂ ਆਂਵਦਾ। ਤੀਰਥ ਦੀ ਵਿਆਖਿਆ ਕਰਦੇ ਹੋਏ ਪੰਡਿਤ ਜੀ ਕਹਿੰਦੇ ਹਨ ਕਿ 'ਗੁਰੂ ਦਾ ਜੋ ਭਾਣਾ ਮੰਨਦਾ ਹੈ ਇਹ ਸਭ ਤੀਰਥਾਂ ਦਾ ਇਸ਼ਨਾਨ ਹੀ ਹੈ ਜੇ ਭਾਣਾ ਨਾ ਮੰਨਿਆ ਤਾਂ ਤੀਰਥਾਂ ਦਾ ਇਸ਼ਨਾਨ ਕੀਤੇ ਕੀ ਹੋਵੇਗਾ। ਇਸੇ ਪ੍ਰਕਾਰ ਨਾਮ ਬਾਰੇ ਕਹਿੰਦੇ ਹਨ ਕਿ 'ਅਣਗਿਣਤ ਉਸ ਦੇ ਨਾਮ ਹੈਨ ਅਰ ਅਣਗਿਣਤ ਉਸ ਦੀਆਂ ਲੀਲਾ ਹੈਨ, ਜੈਸੇ ਨਦੀਆਂ ਪਰ ਨਾਉਕਾ ਹੁੰਦੀਆਂ ਹਨ। ਜਿਸ ਤੇ ਕੋਈ ਚੜ੍ਹਦਾ ਹੈ ਸੋਈ ਉਸ ਨੂੰ ਪਾਰ ਉਤਾਰਦੀ ਹੈ। ਐਸਾ ਮਹਾਰਾਜ ਨਾਮ ਹੈ, ਜੇਹੜਾ ਕੋਈ ਜਪਦਾ ਹੈ ਉਸੇ ਦਾ ਉਧਾਰ ਹੁੰਦਾ ਹੈ। ਜਿਸ ਥਾਉਂ ਤੇ ਮਹਾਰਾਜ ਦਾ ਨਾਮ ਜਪੀਏ ਤਿਥੇ ਹੀ ਮਹਾਰਾਜ ਸੁਣਦਾ ਹੈ।"[105]

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਨਿਰਮਲ ਭੇਖ ਦੇ ਸੰਤ ਵਿਦਵਾਨ ਪੁਰਸ਼ਾਂ ਨੇ ਬ੍ਰਹਮ, ਜਗਤ ਅਤੇ ਜੀਵ ਨੂੰ ਆਪਣੀ ਦਾਰਸ਼ਨਿਕ ਵਿਦਵਤਾ ਨਾਲ ਦ੍ਰਿਸ਼ਟਾਂਤ ਦੇ ਕੇ ਸਪਸ਼ਟ ਕੀਤਾ ਹੈ। ਨਾਲ ਹੀ ਉਨ੍ਹਾਂ

[105] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ 165.

ਗੁਰਮਤਿ ਦਰਸ਼ਨ ’ਤੇ ਆਪਣੇ ਵਿਚਾਰ ਵਿਅਕਤ ਕਰਦਿਆਂ ਗੁਰਮਤਿ ਦੇ ਹਰੇਕ ਪਹਿਲੂ ਨੂੰ ਉਭਾਰਿਆ ਹੈ ਅਤੇ ਗੁਰਮਤਿ ਅਨੁਸਾਰ ਹੀ ਵਿਆਖਿਆ ਪ੍ਰਸਤੁਤ ਕੀਤੀ ਹੈ। ਇਹ ਵਿਆਖਿਆ ਨਵੀਆਂ ਪਰਤਾਂ ਖੋਲ੍ਹਣ ਵਾਲੀ ਹੈ। ਇਨ੍ਹਾਂ ਵਲੋਂ ਕੀਤੇ ਦਾਰਸ਼ਨਿਕ ਵਿਵੇਚਨ ਵਿਚ ਗੁਰਮਤਿ ਦੇ ਨਾਲ-ਨਾਲ ਵੇਦਾਂਤ ਦੇ ਵਿਸ਼ਿਆਂ ਦਾ ਵੀ ਬਹੁਭਾਂਤੀ ਗਿਆਨ ਹੋ ਜਾਂਦਾ ਹੈ। ਇਹ ਨਿਰਮਲ ਭੇਖ ਦੀ ਇਕ ਬੜੀ ਵੱਡੀ, ਅਨੂਠੀ ਤੇ ਚਿਰ ਸਥਾਈ ਦੇਣ ਹੈ। ਇਹ ਗੁਰਮਤਿ ਦੇ ਵਡੱਪਣ ਨੂੰ ਸ਼ਿੰਗਾਰਨ ਦਾ ਕੰਮ ਕਰਦੀ ਹੈ। ਨਿਰਮਲੇ ਵਿਦਵਾਨ ਹਰ ਪੱਖ, ਹਰ ਸਿਧਾਂਤ ਦੀ ਤਹਿ ਤਕ ਜਾ ਕੇ ਉਸਦਾ ਦਾਰਸ਼ਨਿਕ ਅਧਿਐਨ ਕਰਦੇ ਸਨ। ਦਾਰਸ਼ਨਿਕ ਅਧਿਐਨ ਕਰਦਿਆਂ ਉਨ੍ਹਾਂ ਨੇ ਇਕ ਨਹੀਂ ਅਨੇਕਾਂ ਪੁਸਤਕਾਂ, ਗੁਰਬਾਣੀ ਦੇ ਭਾਸ਼, ਟੀਕੇ, ਸ਼ਬਦਾਰਥ, ਕੋਸ਼-ਵਿਆਖਿਆ ਦੇ ਗ੍ਰੰਥ, ਵਿਆਕਰਣਾਂ, ਇਤਿਹਾਸਕ ਤੇ ਕਾਵਿਕ ਗ੍ਰੰਥ ਆਦਿ ਪੰਥ ਦੀ ਝੋਲੀ ਪਾਏ ਹਨ। ਜਿਨ੍ਹਾਂ ਦੀ ਗਿਣਤੀ-ਮਿਣਤੀ ਕਰਨੀ ਸੰਭਵ ਨਹੀਂ, ਜਿੰਨੇ ਗ੍ਰੰਥਾਂ ਦੇ ਨਾਮ ਮਿਲਦੇ ਹਨ ਉਨ੍ਹਾਂ ਦੀ ਚਰਚਾ ਖੋਜ-ਕਾਰਜ ਦੂਜੇ ਅਧਿਆਇ ਵਿਚ ਕਰ ਆਏ ਹਾਂ। ਅਨੇਕਾਂ ਹੀ ਦਾਰਸ਼ਨਿਕ ਗ੍ਰੰਥਾਂ ਦੀ ਰਚਨਾ ਨਿਰਮਲ ਸੰਪ੍ਰਦਾਇ ਵਲੋਂ ਕੀਤੀ ਗਈ ਹੈ ਅਤੇ ਇਹ ਦੁਰਲਭ ਖ਼ਜਾਨਾ ਪੰਥ ਖ਼ਾਲਸਾ ਜੀ ਦਾ ਹੀ ਸਰਮਾਇਆ ਹੈ। ਇਨ੍ਹਾਂ ਗ੍ਰੰਥਾਂ ਵਿਚ ਗੁਰੂ ਆਸ਼ੇ ਅਨੁਸਾਰ ਹੀ ਸਾਰਾ ਗੁਰਮਤਿ ਦਰਸ਼ਨ ਪੇਸ਼ ਕੀਤਾ ਗਿਆ ਹੈ। ਇਹ ਗੁਰੂ ਉਪਮਾ ਦੇ ਹੀ ਗ੍ਰੰਥ ਹਨ। ਇਨ੍ਹਾਂ ਵਿਚ ਇਕ ਬ੍ਰਹਮ, ਜਗਤ ਅਤੇ ਜੀਵ ਦੀ ਗੱਲ ਬਾਖ਼ੂਬੀ ਕੀਤੀ ਗਈ ਹੈ। ਨਿਰਮਲ ਸੰਪ੍ਰਦਾਇ ਦੀ ਇਹ ਦੇਣ ਅਦੁੱਤੀ ਦੇਣ ਹੈ, ਜੋ ਗਿਆਨ ਨਾਲ ਭਰਪੂਰ ਹੈ।

ਖੋਜ-ਕਾਰਜ ਦੇ ਇਸ ਅਧਿਆਇ ਵਿਚ ਧਾਰਮਿਕ ਅਤੇ ਦਾਰਸ਼ਨਿਕ ਪੱਖ ਤੋਂ ਨਿਰਮਲਿਆਂ ਦੀ ਪ੍ਰਚਾਰ ਵਿਧੀ ਨੂੰ ਸਿਰਲੇਖਾਂ ਅਧੀਨ ਵੰਡਕੇ ਹੋਈ ਚਰਚਾ ਤੋਂ ਸਹਿਜੇ ਅਨੁਭਵ ਹੋ ਜਾਂਦਾ ਹੈ ਕਿ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਵਿਚ ਨਿਰਮਲ ਸੰਪ੍ਰਦਾਇ ਨੇ ਅਹਿਮ ਭੂਮਿਕਾ ਨਿਭਾਈ ਹੈ। ਪ੍ਰਚਾਰ ਵਿਧੀ ਜੁਗਤਾਂ ਸਦਕਾ ਸਮੁੱਚੇ ਕਾਰਜਾਂ ਦੇ ਵਿਵੇਚਨ ਵਿਚੋਂ ਸਿਰਲੇਖਵਾਰ ਜੋ ਪੱਖ ਉਭਰ ਕੇ ਸਾਹਮਣੇ ਆਉਂਦੇ ਹਨ, ਉਹ ਹਨ:

ਨਿਰਮਲੇ ਸੰਤਾਂ ਨੇ ਦਸਵੇਂ ਗੁਰੂ ਸਾਹਿਬ ਦੇ ਪ੍ਰਲੋਕ ਗਮਨ ਉਪਰੰਤ ਗੁਰਆਸ਼ੇ ਅਨੁਸਾਰ ਗੁਰਮਤਿ ਪ੍ਰਚਾਰ ਲਈ ਪਹਿਲਾਂ ਤੀਰਥਾਂ ’ਤੇ ਟਿਕਾਣੇ ਕੀਤੇ ਅਤੇ ਸਿੱਖ ਕੌਮ ਲਈ ਬਿਖੜੇ ਪੈਂਡਿਆਂ ਸਮੇਂ ਇਨ੍ਹਾਂ ਨੇ ਗੁਰ-ਸਥਾਨਾਂ ਅਤੇ ਗੁਰਬਾਣੀ ਦੀ ਸੇਵਾ-ਸੰਭਾਲ ਕੀਤੀ। ਬਾਅਦ ਵਿਚ ਜਨ-ਸਾਧਾਰਨ ਵਿਚ ਵਿਚਰਨ ਲਈ ਇਨ੍ਹਾਂ ਪਿੰਡਾਂ, ਸਹਿਰਾਂ ਅਤੇ ਕਸਬਿਆਂ ਵਿੱਚ ਆਪਣੇ ਸਥਾਨ ਕਾਇਮ ਕੀਤੇ ਜਿਨ੍ਹਾਂ ਵਿਚ ਸੰਤਾਂ ਨੇ ਧਾਰਮਿਕ ਮਾਹੌਲ ਸਿਰਜਿਆ। ਇਹ ਸਥਾਨ ਸਰਵਪੱਖੀ ਸੇਵਾ ਦੇ ਕੇਂਦਰ ਸਨ ਜਿਨ੍ਹਾਂ ਵਿਚੋਂ ਹੀ ਪੁਸਤਕਾਲਾਂ,

ਪਾਠਸ਼ਾਲਾਂ, ਭੋਜਨਾਲਾਂ ਅਤੇ ਔਸ਼ਧਾਲਾਂ ਅਰੰਭ ਹੋਈਆਂ। ਸਮਕਾਲੀ ਪ੍ਰਸਥਿਤੀਆਂ ਅਨੁਸਾਰ ਇਨ੍ਹਾਂ ਨੇ ਆਪਣੀ ਵਿਦਿਆ ਪ੍ਰਣਾਲੀ ਦਾ ਮੁਹਾਂਦਰਾ ਗੁਰਪ੍ਰਣਾਲੀ ਦੇ ਨਾਲ-ਨਾਲ ਆਧੁਨਿਕ ਪ੍ਰਣਾਲੀ ਵੱਲ ਮੋੜ ਕੇ ਵਿਦਿਆ ਦਾਨ ਦੇਣਾ ਅਰੰਭ ਕੀਤਾ। ਇਸ ਤਰ੍ਹਾਂ ਸਾਰੇ ਨਿਰਮਲੇ ਸਥਾਨ ਵਿਦਿਆ ਤੇ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਲਈ ਵਚਨਬੱਧ ਹਨ।

ਨਿਰਮਲ ਸੰਪ੍ਰਦਾਇ ਨੇ ਗੁਰਮਤਿ ਦੇ ਪਾਸਾਰ ਲਈ ਵੱਖ-ਵੱਖ ਮਾਧਿਅਮਾਂ ਨੂੰ ਪ੍ਰਯੋਗ ਵਿਚ ਲਿਆਂਦਾ ਤਾਂ ਕਿ ਕੇਵਲ ਕਿਸੇ ਇਕ ਖਿੱਤੇ ਦੀ ਬਜਾਇ ਸਮੁੱਚੇ ਭਾਰਤ ਵਿਚ ਗੁਰਮਤਿ ਪ੍ਰਚਾਰ ਹੋ ਸਕੇ। ਪਹਿਲਾਂ ਪਹਿਲ ਸੰਤ ਮੰਡਲੀਆਂ ਫਿਰ ਪੰਚਾਇਤੀ ਅਖਾੜੇ ਦੀਆਂ ਰੰਮਤ ਜਮਾਤਾਂ ਕਾਇਮ ਕੀਤੀਆਂ ਗਈਆਂ ਤਾਂ ਜੋ ਨਿਰਮਲੇ ਸੰਤ ਤੀਰਥਾਂ, ਕੁੰਭ ਮੇਲਿਆਂ ਅਤੇ ਥਾਂ-ਥਾਂ ਪਿੰਡਾਂ, ਸ਼ਹਿਰਾਂ, ਨਗਰਾਂ ਆਦਿ ਵਿਚ ਜਾ ਕੇ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕਰ ਸਕਣ। ਗੁਰਮਤਿ ਦੇ ਪ੍ਰਚਾਰ ਵਿਚ ਮੰਡਲੀਆਂ ਅਤੇ ਰੰਮਤ ਅਖਾੜਿਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ। ਇਹ ਸਿਰਫ਼ ਪ੍ਰਚਾਰ-ਪ੍ਰਸਾਰ ਤੱਕ ਸੀਮਿਤ ਨਾ ਹੋ ਕੇ ਸੰਤ ਵਿਦਿਆਰਥੀਆਂ ਲਈ ਟਕਸਾਲਾਂ ਵੀ ਸਨ।

ਨਿਰਮਲਿਆਂ ਦੇ ਗੂੜ੍ਹ ਗਿਆਨ ਦਾ ਅਨੁਭਵ ਉਨ੍ਹਾਂ ਦੀਆਂ ਧਰਮ ਸ਼ਾਸਤ੍ਰੀ ਬਹਿਸਾਂ ਭਾਵ ਸ਼ਾਸਤ੍ਰਾਰਥਾਂ ਤੋਂ ਸਹਿਜੇ ਹੋ ਜਾਂਦਾ ਹੈ, ਜਿਨ੍ਹਾਂ ਵਿਚ ਨਿਰਮਲੇ ਵਿਦਵਾਨ ਹਮੇਸ਼ਾ ਵਿਜਈ ਰਹੇ ਹਨ। ਨਿਰਮਲੇ ਮਹਾਂਪੁਰਖ ਭਾਸ਼ਣ ਕਲਾ ਵਿਚ ਵੀ ਅਤਿ ਪ੍ਰਬੀਨ ਸਨ। ਇਹ ਪ੍ਰਮਾਰਥਿਕ ਮਸਲਿਆਂ 'ਤੇ ਵੀ ਗਹਿਣ ਵਿਚਾਰ ਕਰਦੇ ਸਨ। ਇਸ ਤਰ੍ਹਾਂ ਨਿਰਮਲੇ ਵਿਦਵਾਨਾਂ ਨੇ ਸ਼ਾਸਤ੍ਰਾਰਥਾਂ ਦੁਆਰਾ ਵੀ ਗੁਰਮਤਿ ਪ੍ਰਚਾਰ ਹੀ ਕੀਤਾ। ਉਹ ਸ਼ਾਸਤ੍ਰਾਰਥਾਂ ਦੌਰਾਨ ਵੇਦਾਂ ਸ਼ਾਸਤ੍ਰਾਂ ਦੇ ਪ੍ਰਮਾਣ ਦੇ ਕੇ ਗੁਰਮਤਿ ਦੀ ਉੱਚਤਾ ਦਰਸਾਉਂਦੇ ਸਨ। ਉਹ ਨਾਲ ਹੀ ਸਾਹਿਤ-ਸਿਰਜਨਾ ਵੀ ਕਰਦੇ ਭਾਵ ਸ਼ਾਸਤ੍ਰਾਰਥਾਂ ਨੂੰ ਕਲਮਬੱਧ ਵੀ ਕਰਦੇ ਸਨ।

ਨਿਰਮਲੇ ਸੰਤਾਂ ਨੇ ਅਧਿਐਨ ਕਰਦਿਆਂ ਜਿੱਥੇ ਗੁਰਮੁਖੀ ਅਤੇ ਗੁਰਬਾਣੀ ਨੂੰ ਪ੍ਰਮੁੱਖਤਾ ਦਿੱਤੀ ਉਥੇ ਗੁਰ-ਸਥਾਨਾਂ ਦੀ ਸੇਵਾ-ਸੰਭਾਲ ਕਰਕੇ ਵੀ ਧਾਰਮਿਕ ਕਾਰਜਾਂ ਵਿਚ ਯੋਗਦਾਨ ਦਿੱਤਾ। ਨਿਰਮਲੇ ਸੰਤਾਂ ਨੇ ਆਪਣੇ ਹਰ ਸਥਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸੁਸ਼ੋਭਿਤ ਕੀਤਾ ਅਤੇ ਪੂਰਨ ਮਰਯਾਦਾ ਨਾਲ ਪਾਠ-ਪੂਜਾ ਕਰਦੇ ਰਹੇ। ਇਨ੍ਹਾਂ ਸਥਾਨਾਂ ਦੀ ਦਿੱਖ ਗੁਰਦੁਆਰਾ ਨਾ ਹੋ ਕੇ ਡੇਰਾਨੁਮਾ ਸੀ ਜਿਸ ਕਰਕੇ ਸਿੱਖਾਂ ਕੌਮ ਦੇ ਬਿਖੜੇ ਪੈਂਡੇ ਸਮੇਂ ਇਹ ਸਥਾਨ ਸਿੱਖ ਵਿਰੋਧੀ ਤਾਕਤਾਂ ਤੋਂ ਬਚੇ ਰਹੇ। ਇਥੇ ਹੀ ਇਨ੍ਹਾਂ

ਮਹਾਂਪੁਰਸ਼ਾਂ ਨੇ ਗੁਰਬਾਣੀ ਦੀ ਸੰਭਾਲ ਲਈ ਕਾਰਜ ਕੀਤੇ, ਹੱਥੀਂ ਗੁਰਬਾਣੀ ਦੇ ਗੁਟਕਾ ਸਾਹਿਬ, ਪੋਥੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਲਿਖਣ ਦੀ ਸੇਵਾ ਨਿਭਾਈ। ਲੋਕਾਂ ਨੂੰ ਪਹਿਲਾਂ ਗੁਰਮੁਖੀ ਸਿਖਾਈ ਫਿਰ ਉਨ੍ਹਾਂ ਨੂੰ ਬਾਣੀ ਦੇ ਅਰਥ ਸਮਝਾ ਕੇ ਉਨ੍ਹਾਂ ਨੂੰ ਗੁਰਮਤਿ ਵਿਚ ਢਲਣ ਲਈ ਪ੍ਰੇਰਿਆ। ਉਨ੍ਹਾਂ ਦੇ ਹਰ ਸਥਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੰਦਰ ਸਥਾਨ ਬਣੇ ਹਨ ਜਿਨ੍ਹਾਂ ਦੀ ਸੇਵਾ ਸੰਭਾਲ ਦਾ ਕਾਰਜ ਕਰਦੇ ਹਨ। ਨਿਰਮਲੇ ਸੰਤਾਂ ਨੇ ਕਈ ਇਤਿਹਾਸਕ ਗੁਰਸਥਾਨਾਂ ਨੂੰ ਪ੍ਰਗਟ ਕੀਤਾ ਅਤੇ ਗੁਰ-ਸਥਾਨਾਂ ਵਿਚ ਲੰਗਰਾਂ ਅਤੇ ਰਿਹਾਇਸ਼ ਇੰਤਜ਼ਾਮ ਕਰਕੇ ਵੀ ਲੋਕਾਂ ਨੂੰ ਗੁਰਮਤਿ ਦੇ ਸਿਧਾਂਤਾਂ ਤੋਂ ਜਾਣੂ ਕਰਵਾਇਆ। ਇਹ ਕਾਰ-ਸੇਵਾ ਦੁਆਰਾ ਵੀ ਗੁਰਸਥਾਨਾਂ ਦਾ ਵਿਸਤਾਰ ਅਤੇ ਸੰਭਾਲ ਕਰ ਰਹੇ ਹਨ, ਨਾਲ ਹੀ ਗੁਰਮਤਿ ਦੀ ਪ੍ਰਫੁਲਿਤਾ ਲਈ ਲੋਕਾਂ ਨੂੰ ਗੁਰਮਤਿ ਵੱਲ ਪ੍ਰੇਰਕੇ ਉਨ੍ਹਾਂ ਨੂੰ ਅੰਮ੍ਰਿਤਪਾਨ ਕਰਾਉਂਦੇ ਹਨ। ਨਿਰਮਲੇ ਸੰਤ ਗੁਰਮਤਿ ਸਿਧਾਂਤਾਂ ਲਈ ਆਪਾ ਅਰਪਿਤ ਕਰਦੇ ਸਨ। ਨਿਰਮਲ ਸੰਪ੍ਰਦਾਇ ਦੇ ਸਿੱਖ ਧਰਮ ਦੇ ਪ੍ਰਚਾਰ-ਪਸਾਰ ਵਿਚ ਪਾਏ ਅਭੁੱਲ ਯੋਗਦਾਨ ਦੀ ਸ਼ਲਾਘਾ ਕਰਦਿਆਂ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਸੰਸਥਾਵਾਂ ਵੱਲੋਂ ਸਮੇਂ-ਸਮੇਂ ਪ੍ਰਸੰਸਾ ਮਤੇ ਜਾਰੀ ਹੋਏ ਹਨ। ਗੁਰਮੁਖੀ, ਗੁਰਬਾਣੀ ਅਤੇ ਗੁਰਧਾਮਾਂ ਦੀ ਸੇਵਾ-ਸੰਭਾਲ ਦੁਆਰਾ ਨਿਰਮਲਿਆਂ ਨੇ ਵਡਮੁੱਲਾ ਯੋਗਦਾਨ ਪਾਇਆ ਹੈ।

ਸਾਹਿਤਕ ਰਚਨਾ ਨਿਰਮਲੇ ਵਿਦਵਾਨਾਂ ਦੀ ਵਡਮੁੱਲੀ ਦੇਣ ਹੈ। ਸ਼ੁਰੂਆਤ ਵਿਚ ਮੌਖਿਕ ਅਤੇ ਬਾਅਦ ਵਿਚ ਧਾਰਮਿਕ ਅਤੇ ਦਾਰਸ਼ਨਿਕ ਸਾਹਿਤ ਦੀ ਰਚਨਾ ਕਰਕੇ ਜਨ-ਸਾਧਾਰਨ ਨੂੰ ਧਾਰਮਿਕ ਗਿਆਨ ਦੀ ਸੂਝ ਕਰਵਾਈ। ਇਨ੍ਹਾਂ ਸੰਤਾਂ ਨੇ ਗੁਰਮਤਿ ਸਾਹਿਤ ਜਿਸ ਵਿਚ ਇਨ੍ਹਾਂ ਨੇ ਧਰਮ, ਕਰਮ-ਕਾਂਡ, ਵੇਦਾਂਤ, ਨਯਾਯ, ਇਤਿਹਾਸ, ਮਿਥਿਹਾਸ, ਟੀਕੇ, ਕੋਸ਼-ਸਾਹਿਤ, ਆਯੁਰਵੈਦਿਕ ਆਦਿਕ ਅਨੇਕ ਵਿਸ਼ਿਆਂ ਉਪਰ ਗ੍ਰੰਥ ਲਿਖੇ ਹਨ, ਜੋ ਬਹੁਭਾਸ਼ੀ ਹਨ। ਇਨ੍ਹਾਂ ਦਾ ਜਿਆਦਾਤਰ ਕੰਮ ਸਾਧ-ਭਾਖਾ ਵਿਚ ਹੁੰਦਾ ਸੀ ਭਾਵੇਂ ਛਪਦਾ ਗੁਰਮੁਖੀ ਲਿਪੀ ਵਿਚ ਸੀ। ਨਿਰਮਲੇ ਸੰਤਾਂ ਨੇ ਸਿੱਖ ਧਰਮ ਗ੍ਰੰਥਾਂ ਦੇ ਨਾਲ ਕੁੱਝ ਹੋਰ ਮਤ ਦੇ ਗ੍ਰੰਥਾਂ ਦੀ ਰਚਨਾ, ਟੀਕੇ ਆਦਿ ਵੀ ਰਚੇ ਹਨ ਉਹ ਸਿਰਫ਼ ਉਨ੍ਹਾਂ ਮਤਾਂ ਦੀ ਜਾਣਕਾਰੀ ਹਾਸਲ ਕਰਨ ਲਈ ਕੀਤੇ ਹਨ ਪ੍ਰੰਤੂ ਉਨ੍ਹਾਂ ਪ੍ਰਚਾਰ ਹਮੇਸ਼ਾ ਗੁਰਮਤਿ ਦਾ ਹੀ ਕੀਤਾ ਹੈ।

ਨਿਰਮਲੇ ਮਹਾਂਪੁਰਸ਼ਾਂ ਨੇ ਦੇਸ਼ ਦੀ ਆਜਾਦੀ ਅਤੇ ਗੁਰਦੁਆਰਾ ਸੁਧਾਰ ਲਹਿਰ ਵਿਚ ਵੀ ਵਿਸ਼ੇਸ਼ ਯੋਗਦਾਨ ਪਾਇਆ। ਇਨ੍ਹਾਂ ਸੰਤਾਂ ਨੇ ਦੇਸ਼ ਦੀ ਆਜ਼ਾਦੀ ਲਈ ਅਤੇ ਅਕਾਲੀ ਲਹਿਰ ਸਮੇਂ ਲੱਗੇ ਮੋਰਚਿਆਂ ਵਿਚ ਸਰਗਰਮੀ ਨਾਲ ਭਾਗ ਲਿਆ, ਕਸ਼ਟ ਝੱਲੇ, ਜ਼ੁਰਮਾਨੇ ਭਰੇ, ਜੇਲ੍ਹਾਂ ਕੱਟੀਆਂ ਅਤੇ ਕੁਰਬਾਨੀਆਂ ਵੀ

ਦਿੱਤੀਆਂ। ਨਿਰਮਲਿਆਂ ਦੁਆਰਾ ਪਾਏ ਵਡਮੁੱਲੇ ਯੋਗਦਾਨ ਸਦਕਾ ਉਨ੍ਹਾਂ ਦੀ ਪ੍ਰਸੰਸਾ ਸਿਰਮੌਰ ਸਿੱਖ ਸੰਸਥਾਵਾਂ ਨੇ ਵੀ ਕੀਤੀ ਹੈ।

ਨਿਰਮਲ ਸੰਪ੍ਰਦਾਇ ਸਿੱਖ ਧਰਮ ਦੀ ਵਿਦਵਾਨ ਸੰਪ੍ਰਦਾਇ ਹੈ ਜਿਸ ਨੇ ਗੁਰਆਸ਼ੇ ਅਨੁਸਾਰ ਗੁਰਮਤਿ ਪ੍ਰਚਾਰ ਨੂੰ ਜੀਵਨ ਮਨੋਰਥ ਵਜੋਂ ਅਪਣਾ ਕੇ ਵਡਮੁੱਲੇ ਕਾਰਜ ਕੀਤੇ ਹਨ। ਖੋਜ-ਕਾਰਜ ਦੌਰਾਨ ਨਿਰਮਲ ਸੰਪ੍ਰਦਾਇ ਦੀ ਧਾਰਮਿਕ ਅਤੇ ਦਾਰਸ਼ਨਿਕ ਪੜਚੋਲ ਉਪਰੰਤ ਨਿਮਨ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ:

1. ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਉਪਰੰਤ ਇਨ੍ਹਾਂ ਸੰਤਾਂ ਨੇ ਜਿਆਦਾ ਲੋਕਾਂ ਵਿਚ ਗੁਰਮਤਿ ਪ੍ਰਚਾਰਨ ਹਿਤ ਪਿੰਡਾਂ ਅਤੇ ਨਗਰਾਂ ਦੇ ਨਾਲ-ਨਾਲ ਹਿੰਦੂ ਤੀਰਥਾਂ ਨੂੰ ਚੁਣਿਆ। ਆਪਣਾ ਸਥਾਨ ਨਾ ਹੋਣ ਦੇ ਬਾਵਜੂਦ ਵੀ ਕਿਸੇ ਦੂਜੇ ਮਤ ਦੇ ਤੀਰਥ 'ਤੇ ਗੁਰਮਤਿ ਦੀ ਗੱਲ ਕਰਨੀ ਆਪਣੇ ਆਪ ਵਿਚ ਵੱਡੀ ਗੱਲ ਸੀ। ਗੁਰ-ਆਸ਼ੇ ਦੀ ਪੂਰਤੀ ਲਈ ਮਾਹੌਲ ਅਨੁਸਾਰ ਕਿਵੇਂ ਗੁਰਮਤਿ ਦੀ ਜੋਤ ਜਗਾਉਣੀ ਹੈ, ਇਹ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਆਪਣੇ ਯੋਗਦਾਨ ਦੁਆਰਾ ਸਿੱਧ ਕੀਤਾ ਹੈ।
2. ਨਿਰਮਲੇ ਸੰਤਾਂ ਨੇ ਜਿੱਥੇ ਵੀ ਆਪਣੇ ਸਥਾਨ ਬਣਾਏ, ਉਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਅਤੇ ਉਸ ਨੂੰ ਆਪਣਾ ਇਸ਼ਟ ਮੰਨਿਆ। ਗੁਰੂ ਸਾਹਿਬ ਦੇ ਸੰਦੇਸ਼ ਅਨੁਸਾਰ ਹੀ ਜਿਉਣ ਢੰਗ ਦਾ ਪ੍ਰਚਾਰ ਕੀਤਾ। ਜਿੱਥੇ ਵੀ ਪ੍ਰਚਾਰ ਲਈ ਗਏ ਉਦੇਸ਼ ਸਿਰਫ਼ ਗੁਰਮਤਿ ਪ੍ਰਚਾਰ ਸੀ।
3. ਨਿਰਮਲੇ ਸੰਤਾਂ ਦੇ ਸਾਰੇ ਸਥਾਨਾਂ ਵਿਚੋਂ ਪਾਠਸ਼ਾਲਾ, ਭੋਜਨਾਲਾ, ਪੁਸਤਕਾਲਾ ਅਤੇ ਔਸ਼ਧਾਲਾ ਦਾ ਸਮੁੱਚਾ ਰੂਪ ਉਭਰ ਕੇ ਸਾਹਮਣੇ ਆਉਂਦਾ ਹੈ। ਇਹ ਪ੍ਰਕਾਰਜ ਹੀ ਗੁਰ-ਸਥਾਨਾਂ ਵਿਚ ਹੁੰਦੇ ਹਨ।
4. ਨਿਰਮਲ ਸੰਪ੍ਰਦਾਇ ਨੇ ਸਿੱਖ ਧਰਮ ਦੀ ਵਿਦਵਾਨ ਕੌਮ ਵਜੋਂ ਅਗਵਾਈ ਕਰਦਿਆਂ ਅਨੇਕਾਂ ਸ਼ਾਸਤ੍ਰਾਰਥਾਂ ਵਿਚ ਗੁਰਮਤਿ ਦੀ ਉੱਚਤਾ ਨੂੰ ਸਿੱਧ ਕਰਕੇ ਸਾਬਤ ਕੀਤਾ ਕਿ ਸਿੱਖ ਕੌਮ ਸ਼ਸਤ੍ਰ ਵਿਦਿਆ ਵਿਚ ਹੀ ਨਹੀਂ ਸ਼ਾਸਤ੍ਰ ਵਿਦਿਆ ਵਿਚ ਵੀ ਨਿਪੁੰਨ ਹੈ।
5. ਨਿਰਮਲ ਸੰਪ੍ਰਦਾਇ ਦੇ ਸੰਤਾਂ ਦਾ ਨਿਸ਼ਾਨਾ ਜਨ-ਸਾਧਾਰਨ ਨੂੰ ਗੁਰਮਤਿ ਨਾਲ ਜੋੜਨਾ ਸੀ ਇਸ ਲਈ ਉਹ ਬਿਖੜੇ ਪੈਂਡਿਆਂ ਵਿਚ ਵੀ ਕਸ਼ਟ ਝਲਦੇ ਹੋਏ ਮੰਡਲੀਆਂ ਦੇ ਰੂਪ ਵਿਚ ਲੋਕਾਂ ਦੇ ਦਰਾਂ

ਤੱਕ ਗਏ ਅਤੇ ਉਨ੍ਹਾਂ ਨੂੰ ਗੁਰਮਤਿ ਵੱਲ ਪ੍ਰੇਰਿਤ ਕੀਤਾ। ਗੁਰਮਤਿ ਪ੍ਰਚਾਰ ਲਈ ਸੰਤਾਂ ਨੇ ਤਿਆਗ ਵਿਰਤੀ ਅਪਣਾਈ ਅਤੇ ਉਹ ਇਕ ਵਾਰ ਆਪਣੇ ਸਥਾਨਾਂ ਤੋਂ ਪ੍ਰਚਾਰ ਲਈ ਨਿਕਲਦੇ ਤਾਂ ਸਾਲਾਂਬੱਧੀ ਜਾਂ ਕਦੀ ਵੀ ਆਪਣੇ ਸਥਾਨਾਂ ਵੱਲ ਨਾ ਮੁੜਦੇ। ਜਿਨ੍ਹਾਂ ਸੰਤਾਂ-ਮਹੰਤਾਂ ਨੇ ਗੁਰੂ ਦੀ ਗੱਲ ਕਰਦਿਆਂ ਆਪਣੀ ਜਿੰਦਗੀ ਹੀ ਗੁਰੂ ਨੂੰ ਅਰਪਿਤ ਕਰ ਦਿੱਤੀ ਇਸ ਤੋਂ ਵੱਡੀ ਪੰਥ ਦੀ ਸੇਵਾ ਹੋ ਵੀ ਕੀ ਸਕਦੀ ਹੈ।

6. ਬਹੁਭਾਸ਼ੀ ਗਿਆਤਾ ਹੋਣ ਦੇ ਬਾਵਜੂਦ ਵੀ ਨਿਰਮਲੇ ਸੰਤਾਂ ਨੇ ਗੁਰਮੁਖੀ ਨੂੰ ਪ੍ਰਮੁੱਖਤਾ ਦਿੱਤੀ। ਉਨ੍ਹਾਂ ਲੋਕਾਂ ਨੂੰ ਗੁਰਮੁਖੀ ਸਿਖਾਈ, ਗੁਰਬਾਣੀ ਦੀ ਸੰਥਿਆ ਕਰਵਾਈ ਤਾਂ ਜੋ ਉਹ ਬਾਣੀ ਪੜ੍ਹ-ਲਿਖ ਸਕਣ। ਨਿਰਮਲੇ ਸੰਤਾਂ ਨੇ ਰਾਗੀ, ਕੀਰਤਨੀਏ ਤਿਆਰ ਕੀਤੇ, ਇਨ੍ਹਾਂ ਲਈ ਵਿਸ਼ੇਸ਼ ਵਿਦਿਆਲੇ ਚਲਾਏ ਤਾਂ ਜੋ ਗੁਰੂ ਮਹਿਮਾ ਦਾ ਗੁਣਗਾਣ ਹੁੰਦਾ ਰਹੇ।
7. ਗੁਰਮਤਿ ਪ੍ਰਚਾਰ ਦੌਰਾਨ ਅਨੇਕਾਂ ਗੁਰਦੁਆਰਿਆਂ ਦੀ ਸਥਾਪਨਾ ਕਰਵਾਈ, ਕਥਾ-ਕੀਰਤਨ ਰਾਹੀਂ ਲੋਕਾਂ ਨੂੰ ਗੁਰਮਤਿ ਵੱਲ ਪ੍ਰੇਰਕੇ ਉਨ੍ਹਾਂ ਨੂੰ ਅੰਮ੍ਰਿਤਪਾਨ ਕਰਵਾਇਆ। ਗੁਰਦੁਆਰਿਆਂ ਦੀ ਸੇਵਾ-ਸੰਭਾਲ ਲਈ ਵਡਮੁੱਲੇ ਕਾਰਜ ਕੀਤੇ।
8. ਸੰਪ੍ਰਦਾਇਕ ਤੌਰ ਉੱਤੇ ਸਾਹਿਤ ਰਚਨਾ ਵਿਚ (ਖ਼ਾਸਕਰ ਧਾਰਮਿਕ) ਨਿਰਮਲ ਸੰਪ੍ਰਦਾਇ ਦਾ ਨਾਮ ਸ਼੍ਰੋਮਣੀ ਹੈ। ਇਨ੍ਹਾਂ ਨੇ ਕੁੱਝ ਪ੍ਰਤੀਸ਼ਤ ਨੂੰ ਛੱਡ ਕੇ ਬਾਕੀ ਸਾਰਾ ਸਾਹਿਤ ਗੁਰਮਤਿ ਦੇ ਨਜ਼ਰੀਏ ਤੋਂ ਰਚਿਆ ਹੈ। ਨਿਰਮਲੇ ਸੰਤਾਂ ਦੀ ਜ਼ਿਆਦਾਤਰ ਰਚਨਾਵਾਂ ਵਡ-ਆਕਾਰੀ ਹਨ, ਜਿਨ੍ਹਾਂ ਵਿਚ ਉਨ੍ਹਾਂ ਨੇ ਆਪਣੇ ਗੂੜ੍ਹ ਗਿਆਨ ਨੂੰ ਸਮੋ ਦਿੱਤਾ ਤਾਂ ਜੋ ਜਿਗਿਆਸੂ ਉਨਾਂ ਦੇ ਗਿਆਨ ਦਾ ਵੱਧ ਤੋਂ ਵੱਧ ਲਾਹਾ ਲੈ ਸਕਣ।
9. ਨਿਰਮਲੇ ਸੰਤ ਸਿੱਖ ਧਰਮ ਦਾ ਮਹੱਤਵਪੂਰਨ ਅੰਗ ਹਨ ਇਹ ਉਨ੍ਹਾਂ ਸਿੱਖ ਲਹਿਰਾਂ ਵਿਚ ਭਾਗ ਲੈ ਕੇ ਦਰਸਾ ਦਿੱਤਾ ਹੈ। ਉਨ੍ਹਾਂ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਕਸ਼ਟ ਝੱਲ ਕੇ ਦਰਸਾ ਦਿੱਤਾ ਕਿ ਉਹ ਭਾਵੇਂ ਕਿਸੇ ਵੀ ਰੂਪ ਵਿਚ ਵਿਚਰਨ, ਪਰ ਸਿੱਖ ਧਰਮ ਨੂੰ ਸਮਰਪਿਤ ਹਨ, ਜਿਸ ਲਈ ਉਹ ਮਰਨ ਮਿਟਣ ਨੂੰ ਤਿਆਰ ਹਨ।
10. ਭਾਵੇਂ ਨਿਰਮਲੇ ਸੰਤਾਂ ਦੀ ਜੀਵਨ ਅਤੇ ਕਾਰਜਸ਼ੈਲੀ ਉੱਤੇ ਸਨਾਤਨੀ ਰੰਗਤ ਹੈ ਪਰ ਉਹ ਪੂਰੀ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਸੰਪ੍ਰਦਾਇ ਹੈ।

ਅੰਤ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਨਿਰਮਲੇ ਸੰਤਾਂ ਨੂੰ ਗੁਰਮਤਿ ਦੇ ਪ੍ਰਚਾਰਕ ਆਖਿਆ ਜਾ ਸਕਦਾ ਹੈ ਜਿਨ੍ਹਾਂ ਨੇ ਬੇਅੰਤ ਜਗਤ ਪ੍ਰਸਿੱਧ ਵਿਦਵਾਨ ਅਤੇ ਕਵੀ ਪੰਥ ਦੀ ਝੋਲੀ ਪਾਏ ਅਤੇ ਆਪਣਾ ਸਾਰਾ ਜੀਵਨ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਲਈ ਅਰਪਣ ਕੀਤਾ। ਨਿਰਮਲ ਸੰਪ੍ਰਦਾਇ ਦੁਆਰਾ ਧਾਰਮਿਕ ਅਤੇ ਦਾਰਸ਼ਨਿਕ ਖੇਤਰ ਵਿਚ ਪਾਇਆ ਯੋਗਦਾਨ ਬਹੁਤ ਮਹੱਤਵਪੂਰਨ ਤੇ ਸ਼ਲਾਘਾਯੋਗ ਹੈ ਜੋ ਨਿਰੰਤਰ ਚਲਦਾ ਹੀ ਰਹਿਣਾ ਹੈ।

# ਅਧਿਆਇ ਚੌਥਾ

## ਨਿਰਮਲ ਸੰਪ੍ਰਦਾਇ ਦਾ ਸਮਾਜਿਕ ਯੋਗਦਾਨ

ਧਰਮ ਅਤੇ ਸਮਾਜ ਇਕ ਦੂਜੇ ਨਾਲ ਸੰਬੰਧਿਤ ਹਨ ਜਿਵੇਂ ਸਮਾਜ ਤੋਂ ਬਗ਼ੈਰ ਧਰਮ ਦੀ ਕੋਈ ਹੋਂਦ ਮਹਿਸੂਸ ਨਹੀਂ ਕੀਤੀ ਜਾ ਸਕਦੀ ਉਸੇ ਤਰ੍ਹਾਂ ਧਰਮ ਤੋਂ ਬਗ਼ੈਰ ਸਮਾਜ ਵਿਚ ਸਦਾਚਾਰਕ ਕਦਰਾਂ-ਕੀਮਤਾਂ ਦਾ ਕੋਈ ਸਥਾਈ ਰੂਪ ਨਹੀਂ ਦੇਖਿਆ ਜਾ ਸਕਦਾ। ਹਰ ਇਕ ਧਰਮ ਅਤੇ ਉਸ ਦੀਆਂ ਪ੍ਰਚਾਰਕ ਸੰਸਥਾਵਾਂ ਆਪੋ-ਆਪਣੇ ਇਸ਼ਟ ਅਨੁਸਾਰ ਧਰਮ ਦੀ ਭਾਵਨਾ ਪੈਦਾ ਕਰਨ ਲਈ ਯਤਨਸ਼ੀਲ ਹੁੰਦੀਆਂ ਹਨ। ਸਿੱਖ ਧਰਮ ਵਿਚ ਨਿਰਮਲ ਸੰਪ੍ਰਦਾਇ ਨੂੰ ਇਸੇ ਦ੍ਰਿਸ਼ਟੀ ਤੋਂ ਦੇਖਿਆ ਜਾ ਸਕਦਾ ਹੈ। ਨਿਰਮਲ ਸੰਪ੍ਰਦਾਇ ਨੇ ਗੁਰਮਤਿ ਅਨੁਸਾਰੀ ਬਣ ਕੇ ਸਮਾਜ ਕਲਿਆਣ ਲਈ ਅਹਿਮ ਕਾਰਜ ਕੀਤੇ ਹਨ ਜਿਨ੍ਹਾਂ ਸਦਕਾ ਇਸ ਸੰਪ੍ਰਦਾਇ ਦਾ ਸਮਾਜ ਵਿਚ ਸਨਮਾਨਯੋਗ ਸਥਾਨ ਹੈ।

ਨਿਰਮਲ ਸੰਪ੍ਰਦਾਇ ਵਿਚ ਬਹੁਤ ਸਾਰੇ ਮਹਾਂਪੁਰਸ਼ ਅਜਿਹੇ ਵੀ ਹੋਏ ਹਨ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਹੀ ਸਮਾਜ ਸੇਵਾ ਅਤੇ ਪਰਉਪਕਾਰ ਲਈ ਲਗਾ ਦਿੱਤਾ ਅਤੇ ਗੁਰਬਾਣੀ ਦੇ ਸਰਬ ਸਾਂਝੇ ਉਪਦੇਸ਼ ਨੂੰ ਦੂਰ-ਦੂਰ ਤੱਕ ਪਹੁੰਚਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਨਿਰਮਲ ਸੰਪ੍ਰਦਾਇ ਦੇ ਸਮਾਜਿਕ ਯੋਗਦਾਨ ਦੀ ਪੜਚੋਲ ਲਈ ਇਸ ਦੀ ਬਹੁ-ਪੱਖੀ ਸਮਾਜਿਕ ਸੇਵਾ ਨੂੰ ਨਿਮਨ ਸਿਰਲੇਖਾਂ ਅਧੀਨ ਵੰਡ ਕੇ ਦੇਖਿਆ ਜਾ ਸਕਦਾ ਹੈ:

1. ਵਿਦਿਅਕ ਕਾਰਜ
2. ਚਕਿਤਸਾ (ਵੈਦਗੀ ਅਤੇ ਹਸਪਤਾਲ)
3. ਗ੍ਰਹਿਸਥੀ/ਵਿਰੱਕਤੀ ਵਰਗਾਂ ਨਾਲ ਰਾਬਤਾ
4. ਗਰੀਬ ਪਰਿਵਾਰਾਂ ਦੀ ਸਹਾਇਤਾ
5. ਵਾਤਾਵਰਨ ਦੀ ਸ਼ੁੱਧਤਾ ਅਤੇ ਸਾਂਭ-ਸੰਭਾਲ
6. ਲੋੜਵੰਦਾਂ ਦੀ ਸਹਾਇਤਾ
7. ਹੋਰ ਸਮਾਜਿਕ ਕਾਰਜ

## 1. ਵਿਦਿਅਕ ਕਾਰਜ

ਨਿਰਮਲੇ ਸੰਤਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਉਪਰੰਤ ਪਹਿਲਾਂ ਥਾਂ-ਥਾਂ ਭ੍ਰਮਣ ਕਰਦੇ ਹੋਏ ਗੁਰਮਤਿ ਪ੍ਰਚਾਰ ਕੀਤਾ ਫਿਰ ਲੋਕਾਂ ਦੀ ਮਦਦ ਨਾਲ ਪਿੰਡਾਂ ਅਤੇ ਸ਼ਹਿਰਾਂ ਵਿਚ ਆਪਣੇ ਟਿਕਾਣੇ ਬਣਾ ਲਏ। ਨਿਰਮਲੇ ਸੰਤਾਂ ਦੇ ਇਹ ਡੇਰੇ ਰੂਪੀ ਟਿਕਾਣੇ ਬਹੁਪੱਖੀ ਸਮਾਜ ਸੇਵਾ ਪ੍ਰਦਾਨ ਕਰਦੇ ਸਨ। ਜਿਸ ਸਮੇਂ ਦੇਸ਼ ਦੇ ਪਿੰਡਾਂ, ਸ਼ਹਿਰਾਂ ਵਿਚ ਸਕੂਲ, ਕਾਲਜ, ਵਿਦਿਆਲਯ, ਔਸ਼ਧਾਲਯ ਆਦਿਕ ਮੌਜੂਦ ਨਹੀਂ ਸਨ, ਉਸ ਸਮੇਂ ਇਨ੍ਹਾਂ ਸੰਤਾਂ ਮਹਾਤਮਾ ਨੇ ਆਪਣੇ ਸਥਾਨਾਂ ਦੁਆਰਾ ਵਿਦਿਆਲਿਆਂ, ਔਸ਼ਧਾਲਿਆਂ, ਭੋਜਨਾਲਿਆਂ ਅਤੇ ਪੁਸਤਕਾਲਿਆਂ ਆਦਿ ਦਾ ਕੰਮ ਕੀਤਾ। ਇਨ੍ਹਾਂ ਨੇ ਆਪਣੇ ਸਥਾਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਗੁਰਮੁਖੀ ਅਤੇ ਗੁਰਬਾਣੀ ਪੜ੍ਹਾਉਣ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ। ਨਿਰਮਲੇ ਸੰਤਾਂ ਨੇ ਘਰ-ਘਰ ਵਿਚ ਜਾ ਕੇ ਲੋਕਾਂ ਨੂੰ ਗੁਰਮੁਖੀ ਪੜ੍ਹਾਈ ਅਤੇ ਉਨ੍ਹਾਂ ਨੂੰ ਗੁਰਬਾਣੀ, ਗੁਰਇਤਿਹਾਸ ਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ।

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਜਨ-ਸਾਧਾਰਨ ਨੂੰ ਵਿਦਿਆ ਦਾ ਦਾਨ ਦੇ ਕੇ ਇਕ ਪੜ੍ਹੇ-ਲਿਖੇ ਸਮਾਜ ਦੀ ਸਿਰਜਣਾ ਵਿਚ ਅਹਿਮ ਯੋਗਦਾਨ ਪਾਇਆ ਹੈ। ਨਿਰਮਲ ਸੰਪ੍ਰਦਾਇ ਨੇ ਲੋੜਵੰਦ ਇਲਾਕਿਆਂ ਵਿਚ ਵਿਦਿਅਕ ਅਦਾਰੇ ਸਥਾਪਿਤ ਕੀਤੇ ਜਿਨ੍ਹਾਂ ਵਿਚੋਂ ਅਮੀਰ-ਗਰੀਬ ਸਭ ਦੇ ਬੱਚਿਆਂ ਨੂੰ ਵਿਦਿਆ ਦਿੱਤੀ ਜਾਂਦੀ ਸੀ। ਨਿਰਮਲੇ ਸੰਤਾਂ ਦੀ ਇਸ ਸੇਵਾ ਨੇ ਜਨ-ਸਾਧਾਰਨ ਨੂੰ ਪ੍ਰਭਾਵਿਤ ਕੀਤਾ ਅਤੇ ਉਹ ਨਿਰਮਲੇ ਸੰਤਾਂ ਦੇ ਅਜਿਹੇ ਨਿਸਵਾਰਥ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਗੁਰਮਤਿ ਵੱਲ ਪ੍ਰੇਰਿਤ ਹੁੰਦੇ ਗਏ।

### ਗਰੀਬ ਬੱਚਿਆਂ ਲਈ ਮੁਫ਼ਤ ਵਿਦਿਆ

ਵਿਦਿਆ ਦਾ ਪਠਨ-ਪਾਠਨ ਅਤੇ ਗੁਰਮਤਿ ਪ੍ਰਚਾਰ ਹੀ ਨਿਰਮਲੇ ਸੰਤਾਂ ਦਾ ਜੀਵਨ ਮਨੋਰਥ ਸੀ। ਨਿਰਮਲੇ ਵਿਦਵਾਨ ਲੋਕਾਂ ਨੂੰ ਵਿਦਿਆ ਦਾ ਦਾਨ ਦੇਣ ਲਈ ਆਪਣੇ ਸਥਾਨਾਂ ਵਿਚ ਗੁਰੂਕੁਲ ਵਿਦਿਆ ਪ੍ਰਣਾਲੀ ਦੁਆਰਾ ਮੁਫ਼ਤ ਵਿਦਿਆ ਪ੍ਰਦਾਨ ਕਰਦੇ ਰਹੇ ਹਨ। ਜਦੋਂ ਵੀ ਕੋਈ ਜਿਗਿਆਸੂ ਵਿਦਿਆ ਪ੍ਰਾਪਤੀ ਲਈ ਸੰਤਾਂ ਨੂੰ ਬੇਨਤੀ ਕਰਦਾ ਤਾਂ ਸੰਤ ਉਸ ਵਿਦਿਆਰਥੀ ਨੂੰ ਆਪਣੇ ਸਥਾਨ ਵਿਚ ਰੱਖ ਕੇ ਗੁਰਮੰਤਰ ਦੇਣ ਉਪਰੰਤ ਵਿਦਿਆ ਦਾ ਦਾਨ ਦੇਣਾ ਅਰੰਭ ਕਰ ਦਿੰਦੇ। ਗੁਰੂਕੁਲ ਵਿਦਿਆ ਪ੍ਰਣਾਲੀ ਦੁਆਰਾ ਮੌਜੂਦਾ ਸਮੇਂ ਵੀ ਨਿਰਮਲੇ ਸਥਾਨਾਂ ਵਿਚ ਮੁਫ਼ਤ ਵਿਦਿਆ ਹੀ ਦਿੱਤੀ ਜਾਂਦੀ ਹੈ।

ਸਮੇਂ ਦੇ ਗੇੜ ਨਾਲ ਜਦੋਂ ਆਧੁਨਿਕ ਵਿਦਿਅਕ ਪ੍ਰਣਾਲੀ ਦੁਆਰਾ ਵਿਦਿਆ ਦਿੱਤੀ ਜਾਣ ਲੱਗੀ ਤਾਂ ਭਾਵੇਂ ਦੂਜੀਆਂ ਸੰਸਥਾਵਾਂ ਦੇ ਸਕੂਲਾਂ-ਕਾਲਜਾਂ ਵਿਚ ਵਿਦਿਆਰਥੀਆਂ ਤੋਂ ਫ਼ੀਸਾਂ ਵੀ ਲਈਆਂ ਜਾਂਦੀਆਂ ਹਨ ਪ੍ਰੰਤੂ ਨਿਰਮਲੇ ਸਥਾਨਾਂ ਦੁਆਰਾ ਸਥਾਪਿਤ ਕੀਤੇ ਆਧੁਨਿਕ ਵਿਦਿਆ ਪ੍ਰਣਾਲੀ ਦੇ ਸਕੂਲਾਂ-ਕਾਲਜਾਂ ਵਿਚ ਗਰੀਬ/ਲੋੜਵੰਦ ਪਰਿਵਾਰ ਦੇ ਬੱਚਿਆਂ ਲਈ ਪੜ੍ਹਾਈ ਮੁਫ਼ਤ ਹੈ।

ਨਿਰਮਲ ਸੰਪ੍ਰਦਾਇ ਦੇ ਕਈ ਸਥਾਨਾਂ ਵੱਲੋਂ ਗਰੀਬ ਬੱਚਿਆਂ ਦੀਆਂ ਸਮੱਸਿਆਵਾਂ ਨੂੰ ਮੁੱਖ ਰੱਖ ਕੇ ਮਿਆਰੀ ਪਬਲਿਕ ਸਕੂਲਾਂ ਦੀ ਸਥਾਪਨਾ ਕੀਤੀ ਗਈ ਹੈ। ਗਰੀਬ ਪਰਿਵਾਰ ਦੇ ਵਿਦਿਆਰਥੀਆਂ ਨੂੰ ਘਰਾਂ ਤੋਂ ਬੱਸਾਂ ਰਾਹੀਂ ਲਿਆਦਾਂ/ਛੱਡਿਆ ਜਾਂਦਾ ਹੈ, ਉਨ੍ਹਾਂ ਦੀ ਸਕੂਲ ਵਰਦੀ, ਕਿਤਾਬਾਂ, ਸਕੂਲ ਵਿਚ ਭੋਜਨ ਆਦਿ ਸਭ ਮੁਫ਼ਤ ਹੈ। ਇਸ ਸੰਦਰਭ ਵਿਚ ਨਿਰਮਲ ਆਸ਼ਰਮ ਰਿਸ਼ੀਕੇਸ਼ ਖੈਰੀ ਕਲਾਂ, ਬਾਬਾ ਮਹਿਤਾਬ ਸਿੰਘ ਪਬਲਿਕ ਸਕੂਲ ਨਿਰਮਲਕੋਟ, ਬਾਬਾ ਜਮੀਤ ਸਿੰਘ ਵਿਦਿਅਕ ਟਰਸਟ ਲੋਪੋਂ ਅਤੇ ਸੰਤ ਬਲਬੀਰ ਸਿੰਘ ਸੀਚੇਵਾਲ ਆਦਿ ਦੁਆਰਾ ਚਲਾਏ ਜਾ ਰਹੇ ਵਿਦਿਆਲੇ ਵਰਣਨਯੋਗ ਹਨ।

ਗਰੀਬ ਬੱਚਿਆਂ ਨੂੰ ਵਿਦਿਆ ਦਾ ਦਾਨ ਦੇ ਕੇ ਨਿਰਮਲੇ ਸਥਾਨ ਸਮਾਜਿਕ ਖੇਤਰ ਵਿਚ ਪ੍ਰਸੰਸਾਯੋਗ ਕੰਮ ਕਰ ਰਹੇ ਹਨ।

**ਸ੍ਵੈਰੋਜ਼ਗਾਰ ਦੇ ਕੋਰਸ**

ਨਿਰਮਲ ਸੰਪ੍ਰਦਾਇ ਨੇ ਜਿੱਥੇ ਹੋਰ ਵਿਦਿਅਕ ਅਦਾਰੇ ਸਥਾਪਿਤ ਕੀਤੇ ਹਨ ਉੱਥੇ ਲੋਕਾਂ ਨੂੰ ਸ੍ਵੈਰੋਜ਼ਗਾਰ ਚਲਾਉਣ ਲਈ ਵੀ ਉਪਰਾਲੇ ਕੀਤੇ ਹਨ ਤਾਂ ਜੋ ਅਜਿਹਾ ਗਿਆਨ ਹਾਸਲ ਕਰ ਸਿਖਿਆਰਥੀ ਆਪਣੀ ਰੋਜ਼ੀ-ਰੋਟੀ ਚਲਾ ਸਕਣ। ਨਿਰਮਲ ਕੁਟੀਆ ਕਰਨਾਲ ਦੇ ਪ੍ਰਬੰਧ ਅਧੀਨ ਇਕ "ਸੰਤ ਨਿੱਕਾ ਸਿੰਘ ਵਯਵਸਾਇਕ ਪ੍ਰਸ਼ਿਖਸ਼ਨ ਕੇਂਦ੍ਰ' (ਅਈ.ਟੀ.ਆਈ) ਸੈਨੀ ਕਲੋਨੀ ਕਰਨਾਲ ਵਿਚ ਚਲਾਈ ਜਾ ਰਹੀ ਹੈ। ਜਿਸ ਵਿਚ ਲੜਕੀਆਂ ਨੂੰ ਕੰਪਿਊਟਰ, ਸਿਲਾਈ, ਕਢਾਈ ਅਤੇ ਲੈਬ ਟੈਕਨੀਸ਼ੀਅਨ ਦੇ ਕੋਰਸ ਮੁਫ਼ਤ ਕਰਵਾਏ ਜਾਂਦੇ ਹਨ।"[1] ਤਾਂ ਜੋ ਲੜਕੀਆਂ ਇਹ ਕੋਰਸ ਕਰਨ ਉਪਰੰਤ ਆਸਾਨੀ ਨਾਲ ਨੌਕਰੀ ਜਾਂ ਸ੍ਵੈਰੋਜਗਾਰ ਰਾਹੀਂ ਆਪਣਾ ਜੀਵਨ ਨਿਰਬਾਹ ਕਰ ਸਕਣ।

---

[1] ਨਿਰਮਲ ਆਸ਼ਰਮ ਰਿਸ਼ੀਕੇਸ਼, *ਨਿਰਮਲ ਆਸ਼ਰਮ ਦੀ ਜਾਣਕਾਰੀ*, ਕਿਤਾਬਚਾ, ਪੰਨਾ 19.

ਸੰਤ ਬਲਬੀਰ ਸਿੰਘ ਸੀਚੇਵਾਲ ਦੁਆਰਾ ਵਿਸ਼ੇਸ਼ ਉਪਰਾਲਾ ਕਰਦੇ ਹੋਏ "ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਚ ਇਕ ਵਰਕਸ਼ਾਪ ਦਾ ਨਿਰਮਾਣ ਕੀਤਾ ਗਿਆ ਹੈ। ਇਸ ਵਰਕਸ਼ਾਪ ਵਿਚ ਪਿੰਡਾਂ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਵੱਖ-ਵੱਖ ਤਰ੍ਹਾਂ ਦੀ ਵੋਕੇਸ਼ਨਲ ਟਰੇਨਿੰਗ ਦਿੱਤੀ ਜਾਂਦੀ ਹੈ ਤਾਂ ਜੋ ਪੜ੍ਹ-ਲਿਖ ਕੇ ਨੌਜੁਆਨ ਵਿਹਲੇ ਨਾ ਘੁੰਮਣ। ... ਇਸ ਵਰਕਸ਼ਾਪ ਵਿਚ ਆਪਣੇ ਹੱਥੀਂ ਕੰਮ ਸਿੱਖ ਕੇ ਨੌਜਵਾਨ ਸਵੈ-ਮਾਣ ਵਾਲੀ ਜਿੰਦਗੀ ਜੀਅ ਸਕਦੇ ਹਨ ਤੇ ਪਰਿਵਾਰ ਦੀ ਆਰਥਿਕ ਮਦਦ ਵੀ ਕਰ ਸਕਦੇ ਹਨ।"[2] ਨਿਰਮਲੇ ਸੰਤਾਂ ਦੁਆਰਾ ਨੌਜਵਾਨ ਪੀੜ੍ਹੀ ਨੂੰ ਆਤਮਨਿਰਭਰ ਬਣਾਉਣਾ ਇਕ ਸ਼ਲਾਘਾਯੋਗ ਉਪਰਾਲਾ ਹੈ।

ਇਸੇ ਤਰ੍ਹਾਂ ਵਧ ਰਹੀ ਬੇਰੁਜ਼ਗਾਰੀ ਨੂੰ ਵੇਖਦੇ ਹੋਏ "ਨਿਰਮਲ ਆਸ਼ਰਮ ਵੱਲੋਂ ਬੇਸਹਾਰਾ ਅਤੇ ਬੇਰੁਜ਼ਗਾਰ ਔਰਤਾਂ ਨੂੰ ਆਪਣੀ ਰੋਜ਼ੀ-ਰੋਟੀ ਕਮਾਉਣ ਦੇ ਯੋਗ ਬਣਾਉਣ ਲਈ ਰਿਸ਼ੀਕੇਸ਼ ਵਿਖੇ 'ਹਰੀ ਕਿਰਪਾ ਸਿਲਾਈ ਕੇਂਦਰ' ਸਥਾਪਿਤ ਕੀਤਾ ਹੋਇਆ ਹੈ ਜਿੱਥੇ ਗਰੀਬ ਔਰਤਾਂ ਨੂੰ ਕਟਾਈ-ਸਿਲਾਈ ਦੀ ਸਿਖਲਾਈ ਮੁਫ਼ਤ ਕਰਾਈ ਜਾਂਦੀ ਹੈ। ਸਿਖਲਾਈ ਕੋਰਸ ਵਿਚ ਉਤਰੀਣ ਹੋਣ 'ਤੇ ਔਰਤਾਂ ਨੂੰ ਸਰਟੀਫ਼ਿਕੇਟ ਦੇ ਨਾਲ ਇਕ-ਇਕ ਸਿਲਾਈ ਮਸ਼ੀਨ ਵੀ ਮੁਫ਼ਤ ਦਿੱਤੀ ਜਾਂਦੀ ਹੈ।"[3] ਜੋ ਬਾਅਦ ਵਿਚ ਇਹ ਔਰਤਾਂ ਆਸਾਨੀ ਨਾਲ ਨੌਕਰੀ ਜਾਂ ਸ੍ਵੈਰੋਜ਼ਗਾਰ ਰਾਹੀਂ ਆਪਣਾ ਜੀਵਨ ਨਿਰਬਾਹ ਕਰ ਸਕਣ।

ਸੰਤ ਬਾਬਾ ਜਮੀਤ ਸਿੰਘ ਜੀ, ਲੋਪੋਂ ਵਾਲਿਆਂ ਦੀ ਯਾਦ ਵਿਚ ਬਣੇ ਵਿਦਿਅਕ ਟਰਸਟ ਵੱਲੋਂ ਪਿੰਡ ਲੋਪੋਂ ਜ਼ਿਲ੍ਹਾ ਮੋਗਾ ਵਿਖੇ ਇਕ ਆਈ.ਟੀ.ਆਈ ਚਲਾਈ ਜਾ ਰਹੀ ਹੈ। ਇਸ ਵਿਚ ਵੀ ਨੌਜਵਾਨ ਬੱਚਿਆਂ ਨੂੰ ਸ੍ਵੈਰੋਜਗਾਰ ਲਈ ਅਲੱਗ-ਅਲੱਗ ਖੇਤਰਾਂ ਨਾਲ ਸੰਬੰਧਿਤ ਕੋਰਸ ਕਰਵਾਏ ਜਾਂਦੇ ਹਨ। ਇਸ ਵਿਚ ਜਿੱਥੇ ਲੜਕਿਆਂ ਨੂੰ ਪਲੰਬਰ, ਵੈਲਡਰ, ਡੀਜ਼ਲ ਮਕੈਨਿਕ, ਇਲੈਕਟਰੀਸ਼ਨ ਅਤੇ ਕੰਪਿਊਟਰ ਕੋਰਸਾਂ ਵਿਚ ਮਾਹਰ ਕੀਤਾ ਜਾਂਦਾ ਹੈ ਉੱਥੇ ਲੜਕੀਆਂ ਨੂੰ ਕਟਿੰਗ ਅਤੇ ਸੀਵਿੰਗ (ਸਿਲਾਈ), ਇੰਬਰੋਡਰੀ (ਕਢਾਈ), ਹੇਅਰ ਐਂਡ ਸਕਿਨ ਕੇਅਰ (ਬਿਊਟੀ ਪਾਰਲਰ) ਅਤੇ ਫ਼ੈਸਨ ਟੈਕਨਾਲੋਜੀ ਦੇ ਕੋਰਸ ਕਰਵਾਏ ਜਾਂਦੇ ਹਨ। ਇਥੇ ਸਿਖਿਆਰਥੀਆਂ ਨੂੰ ਹਰ ਸਹੂਲਤ ਪਰਦਾਨ ਕੀਤੀ ਜਾਂਦੀ ਹੈ।

---

2 ਕੁਲਵਿੰਦਰ ਕੌਰ ਮਿਨਹਾਸ (ਡਾ.), *ਕਰਮਯੋਗੀ ਸੰਤ ਬਲਬੀਰ ਸਿੰਘ ਜੀ ਸੀਚੇਵਾਲ*, ਪੰਨਾ 144.

3 ਨਿਰਮਲ ਆਸ਼ਰਮ ਰਿਸ਼ੀਕੇਸ਼, *ਨਿਰਮਲ ਆਸ਼ਰਮ ਦੀ ਜਾਣਕਾਰੀ*, ਕਿਤਾਬਚਾ, ਪੰਨਾ 19.

ਨਿਰਮਲ ਸੰਪ੍ਰਦਾਇ ਦੇ ਅਜਿਹੇ ਉਪਰਾਲੇ ਜਿੱਥੇ ਨੌਜਵਾਨਾਂ ਨੂੰ ਕੁਰਾਹੇ ਪੈਣ ਤੋਂ ਰੋਕਦੇ ਹਨ ਉੱਥੇ ਉਨ੍ਹਾਂ ਲਈ ਸ੍ਵੈਰੋਜਗਾਰ ਦੇ ਮੌਕੇ ਪ੍ਰਦਾਨ ਕਰ ਕੇ ਨੌਜਵਾਨ ਪੀੜ੍ਹੀ ਨੂੰ ਸਹੀ ਰਸਤਾ ਵੀ ਦਿਖਾਉਂਦੇ ਹਨ। ਨਿਰਮਲੇ ਸੰਤਾਂ ਵੱਲੋਂ ਸਮਾਜਿਕ ਖੇਤਰ ਵਿਚ ਕੀਤੇ ਜਾਂਦੇ ਅਜਿਹੇ ਕਾਰਜ ਸ਼ਲਾਘਾਯੋਗ ਹਨ।

**2. ਚਕਿਤਸਾ (ਵੈਦਗੀ ਅਤੇ ਹਸਪਤਾਲ)**

ਜਦੋਂ ਅਸੀ ਨਿਰਮਲ ਸੰਪ੍ਰਦਾਇ ਨਾਲ ਸੰਬੰਧਿਤ ਇਤਿਹਾਸ ਪੜ੍ਹਦੇ ਹਾਂ ਤਾਂ ਤਕਰੀਬਨ ਹਰ ਨਿਰਮਲੇ ਡੇਰੇ ਦੇ ਇਤਿਹਾਸ ਵਿਚ ਸੰਤਾਂ ਦੁਆਰਾ ਜਨ-ਸਾਧਾਰਨ ਨੂੰ ਰੋਗਾਂ ਲਈ ਦਵਾ-ਦਾਰੂ ਦੇਣ ਦਾ ਜ਼ਿਕਰ ਜਰੂਰ ਮਿਲਦਾ ਹੈ। ਅਰੰਭਕ ਸਮੇਂ ਵਿਚ ਜਦੋਂ ਨਿਰਮਲੇ ਸੰਤਾਂ ਨੇ ਗੁਰਮਤਿ ਪ੍ਰਚਾਰ ਹਿਤ ਪਿੰਡਾਂ ਵਿਚ ਆਪਣੇ ਸਥਾਨ ਕਾਇਮ ਕੀਤੇ ਤਾਂ ਉਨ੍ਹਾਂ ਨੇ ਜਨ-ਸਾਧਾਰਨ ਦੀਆਂ ਸਮੱਸਿਅਵਾਂ ਦਾ ਅਧਿਐਨ ਕੀਤਾ ਤਾਂ ਜੋ ਉਨ੍ਹਾਂ ਦੇ ਦੁੱਖ-ਦਰਦ ਦੂਰ ਕਰਕੇ ਉਨ੍ਹਾਂ ਨਾਲ ਨੇੜਤਾ ਬਣਾਈ ਜਾ ਸਕੇ। ਇਸ ਸਮੇਂ ਉਨ੍ਹਾਂ ਦੀਆਂ ਜ਼ਰੂਰਤਾਂ ਵਿਚੋਂ ਦਵਾ-ਦਾਰੂ ਅਤੇ ਮਰਹਮ-ਪੱਟੀ ਦੀ ਜ਼ਰੂਰਤ ਪ੍ਰਮੁੱਖ ਰਹੀ ਕਿਉਂਕਿ ਜਿੰਦਗੀ ਜਿਉਣ ਲਈ ਹਰ ਸਮਾਜਿਕ ਪ੍ਰਾਣੀ ਸਿਹਤ ਸਹੂਲਤਾਂ ਉੱਤੇ ਨਿਰਭਰ ਹੈ। ਸਮਕਾਲੀ ਹਕੂਮਤ ਵੱਲੋਂ ਜਨ-ਸਾਧਾਰਨ ਦੀਆਂ ਸਿਹਤ ਸਹੂਲਤਾਂ ਵੱਲ ਕੋਈ ਧਿਆਨ ਨਾ ਦੇ ਕੇ ਉਸ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਸੀ। ਇਸ ਲਈ ਨਿਰਮਲੇ ਵਿਦਵਾਨਾਂ ਨੇ ਲੋਕਾਂ ਦੀ ਇਸ ਸਮੱਸਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਅਤੇ ਉਨ੍ਹਾਂ ਨੇ ਆਪਣੇ ਟਿਕਾਣੇ ਕਾਇਮ ਕਰਨ ਸਮੇਂ ਉਨ੍ਹਾਂ ਵਿਚ ਔਸ਼ਧਾਲਾ ਵੀ ਸਥਾਪਿਤ ਕੀਤੇ। ਨਿਰਮਲੇ ਸੰਤਾਂ ਤੋਂ ਦਵਾ-ਦਾਰੂ ਲੈਣ ਆਉਂਦੇ ਲੋਕ ਇਨ੍ਹਾਂ ਦੀ ਜੀਵਨਸ਼ੈਲੀ ਅਤੇ ਕਾਰਜਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਗੁਰਮਤਿ ਨਾਲ ਜੁੜਦੇ ਸਨ।

ਕਈ ਨਿਰਮਲੇ ਸੰਤ ਉੱਚ ਕੋਟੀ ਦੇ ਵੈਦ ਵੀ ਹੋਏ ਹਨ ਜੋ ਦੀਨ ਦੁਖੀਆਂ ਦੀ ਸੇਵਾ ਕਰਦੇ ਸਨ। "ਪੁਰਾਤਨ ਸਮੇਂ ਜਦ ਪਿੰਡਾਂ/ਸ਼ਹਿਰਾਂ ਵਿਚ ਹਸਪਤਾਲ ਨਹੀਂ ਸਨ, ਉਸ ਵੇਲੇ ਪਿੰਡਾਂ ਦੇ ਡੇਰਿਆਂ ਵਿਚ ਮਹਾਂਪੁਰਖ ਰੋਗੀਆਂ ਦਾ ਇਲਾਜ ਕਰਦੇ ਸਨ। ਦਵਾਈ ਮੁਫ਼ਤ ਦਿੱਤੀ ਜਾਂਦੀ ਸੀ, ਜਿਸ ਤੋਂ ਅਮੀਰ-ਗਰੀਬ ਸਭ ਲਾਭ ਉਠਾਉਂਦੇ ਸਨ। ਨਿਰਮਲੇ ਸੰਤ ਨਵੇਂ ਵਿਦਿਆਰਥੀਆਂ ਨੂੰ ਆਯੁਰਵੈਦਿਕ ਵਿਦਿਆ ਵੀ ਪੜ੍ਹਾਉਂਦੇ ਸਨ। ਆਯੁਰਵੈਦਿਕ ਉਪਰ ਮੌਲਿਕ ਗ੍ਰੰਥ ਵੀ ਲਿਖਦੇ ਅਤੇ ਪੁਰਾਤਨ ਗ੍ਰੰਥਾਂ ਦੇ ਟੀਕੇ ਵੀ ਕਰਦੇ ਸਨ।"[4] ਇਸ

---

[4] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 55.

ਦਾ ਲੋਕਾਂ 'ਤੇ ਇਹ ਪ੍ਰਭਾਵ ਪਿਆ ਕਿ ਜਦੋਂ ਕੋਈ ਬਿਮਾਰ ਹੁੰਦਾ ਤਾਂ ਉਹ ਨਿਰਮਲੇ ਸਥਾਨਾਂ ਵਿਚੋਂ ਔਸ਼ਧੀ ਲੈ ਕੇ ਸਿਹਤਯਾਬ ਹੁੰਦਾ। ਇਸ ਤਰ੍ਹਾਂ ਨਿਰਮਲ ਸੰਪ੍ਰਦਾਇ ਨੇ ਇਕ ਤੰਦਰੁਸਤ ਸਮਾਜ ਦੀ ਉਸਾਰੀ ਵਿਚ ਵੀ ਅਹਿਮ ਯੋਗਦਾਨ ਪਾਇਆ ਹੈ। ਨਿਰਮਲੇ ਸੰਤਾਂ ਨੇ ਲੋਕਾਂ ਦੇ ਘਰਾਂ ਵਿਚ ਜਾ ਕੇ ਜਾਂ ਆਪਣੇ ਡੇਰਿਆਂ ਵਿਚੋਂ ਸਿਹਤ ਸਹੂਲਤਾਂ ਪ੍ਰਦਾਨ ਕਰ ਕੇ ਲੋੜਵੰਦ ਰੋਗੀਆਂ ਦੀ ਮਦਦ ਕੀਤੀ। ਇਸ ਤਰ੍ਹਾਂ ਦੇ ਕਾਰਜਾਂ ਸਦਕਾ ਆਪਣੇ ਨਿਮਰ ਅਤੇ ਸੰਜਮੀ ਸੁਭਾਅ ਕਾਰਨ ਜਲਦੀ ਹੀ ਇਹ ਸੰਤ ਲੋਕਾਂ ਦੇ ਮਨਾਂ ਵਿਚ ਉਤਰ ਗਏ।

ਨਿਰਮਲ ਸੰਪ੍ਰਦਾਇ ਵਿਚ ਅਨੇਕਾਂ ਅਜਿਹੇ ਵੈਦ ਹੋਏ ਹਨ ਜੋ ਨਿਸਵਾਰਥ ਭਾਵ ਨਾਲ ਲੋਕਾਂ ਦੇ ਰੋਗਾਂ ਦਾ ਇਲਾਜ ਕਰਦੇ ਸਨ। ਸੰਤ ਸੰਪੂਰਨ ਸਿੰਘ ਜੀ 'ਵੈਦ ਰਾਜ' ਨਿਰਮਲ ਸੰਪ੍ਰਦਾਇ ਦੇ ਮਹਾਨ ਵਿਦਵਾਨ ਸਨ "ਜੋ ਆਨੰਦਪੁਰ ਸਾਹਿਬ ਨਿਵਾਸ ਕਰਦੇ ਸਨ। ਵਿਦਿਆ ਪੜ੍ਹਾਉਣੀ ਅਤੇ ਔਸ਼ਧੀ ਦਵਾਰਾ ਗਰੀਬ ਜੰਤਾ ਦੀ ਸੇਵਾ ਕਰਨੀ ਆਪ ਦੇ ਪ੍ਰਮੁੱਖ ਕਾਰਜ ਸਨ। ਆਪ ਨੇ ਸਾਧੂ, ਸੰਨਿਆਸੀ ਵੈਰਾਗੀ, ਬ੍ਰਾਹਮਣ ਅਤੇ ਸੇਵਾ ਪੰਥੀ ਆਦਿਕ ਮੱਤਾਂ ਦੇ ਵਿਦਿਆਰਥੀ ਪੜ੍ਹਾਏ ਅਤੇ ਵੈਦ ਬਣਾਏ। ਕੀਮਤੀ ਤੋਂ ਕੀਮਤੀ ਔਸ਼ਧੀ ਤਿਆਰ ਕਰਕੇ ਗਰੀਬ ਪਹਾੜੀਆਂ ਨੂੰ ਮੁਫ਼ਤ ਦਿਆ ਕਰਦੇ ਸਨ। ਆਪ ਜੀ ਨੇ ਕਦੇ ਕਿਸੇ ਕੋਲੋਂ ਔਸ਼ਧੀ ਦੇ ਪੈਸੇ ਨਹੀਂ ਲਏ ਸਨ। ਜੇ ਕੋਈ ਅਮੀਰ ਦੇਣ ਦਾ ਯਤਨ ਕਰਦਾ ਤਾਂ ਕਿਹਾ ਕਰਦੇ ਸਨ 'ਕਿਸੇ ਗਰੀਬ ਦਾ ਪੜਦਾ ਢੱਕ ਦੇ।"[5] ਨਿਰਮਲੇ ਸੰਤ ਅਮੀਰ-ਗਰੀਬ ਸਭ ਦੇ ਰੋਗਾਂ ਦਾ ਇਲਾਜ ਬਿਨਾਂ ਕਿਸੇ ਭੇਦ-ਭਾਵ ਨਾਲ ਕਰਦੇ ਹਨ। ਇਸੇ ਤਰ੍ਹਾਂ ਮਹੰਤ ਚੰਦਨ ਸਿੰਘ ਜੀ ਬ੍ਰਹਮਕੁਟੀ ਕਾਸ਼ੀ ਵਾਲੇ ਚਮਤਕਾਰੀ ਵੈਦ ਸਨ ਜਿਨ੍ਹਾਂ ਨੂੰ ਚਕਿਤਸਾ ਦਾ ਬਹੁਤ ਗਿਆਨ ਸੀ। "ਇਹ ਨਾੜੀ ਪੀਖਿਆ ਦੇ ਅਪੂਰਵ ਵੈਦ ਸਨ। ਆਪ ਜੀ ਦੇ ਰਸ ਸੰਦੂਰ ਦੀ ਘਰ-ਘਰ ਚਰਚਾ ਸੀ। 'ਰਸ ਸੰਧੂਰ' ਦੀ ਇਕ ਪੁੜੀ ਰੋਗੀ ਨੂੰ ਜੀਵਨ ਦੇ ਦਿੰਦੀ ਸੀ। ਅਦਭੁੱਤ ਰਸ ਤਿਆਰ ਕਰਦੇ ਸਨ। ਆਪ ਜੀ ਨੂੰ 'ਰਸਾਇਣੀ' ਕਿਹਾ ਜਾਂਦਾ ਸੀ। ਹਰ ਪਾਸਿਉਂ ਨਿਰਾਸ਼ ਹੋਏ ਰੋਗੀ ਇਥੋਂ ਸ੍ਵਸਥ ਪ੍ਰਾਪਤ ਕਰਦੇ ਸਨ।"[6] ਇਸ ਤਰ੍ਹਾਂ ਨਿਰਮਲੇ ਸੰਤ ਨਾੜੀ ਪੀਖਿਆ ਦੇ ਵੀ ਮਾਹਰ ਵੈਦ ਵੀ ਸਨ ਜੋ ਨਾੜੀ ਤੋਂ ਹੀ ਰੋਗੀ ਦੇ ਰੋਗ ਦਾ ਪਤਾ ਲਗਾ ਕੇ ਉਸ ਦਾ ਇਲਾਜ ਕਰਦੇ ਸਨ।

ਨਿਰਮਲ ਸੰਪ੍ਰਦਾਇ ਦੇ ਸੰਤਾਂ ਵੱਲੋਂ ਆਯੁਰਵੈਦਿਕ ਤਰੀਕੇ ਨਾਲ ਇਲਾਜ ਕਰਨ ਹਿਤ ਸਥਾਪਿਤ ਕੀਤੇ ਇਹ ਔਸ਼ਧਾਲਾ ਵੀ ਗੁਰਮਤਿ ਪ੍ਰਚਾਰ ਦਾ ਸਾਧਨ ਬਣੇ। ਲੋਕ ਨਿਰਮਲਿਆਂ ਦੇ ਸਥਾਨਾਂ ਤੋਂ ਆਪਣੇ

---

[5] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 530.

[6] ਉਹੀ, ਪੰਨਾ 57.

ਰੋਗਾਂ ਦੀ ਦਵਾਈ ਲੈਣ ਆਉਂਦੇ ਸਨ ਤੇ ਸੰਤਾਂ ਦੀ ਸੰਗਤ ਵੀ ਕਰਦੇ ਸਨ। ਨਿਰਮਲੇ ਸੰਤ ਪ੍ਰੇਮ ਭਾਵ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਦੇ ਅਤੇ ਉਨਾਂ ਦਾ ਸੰਭਵ ਹੱਲ ਕਰਦੇ ਹੋਏ ਲੋਕਾਂ ਨੂੰ ਪਰਮਾਤਮਾ ਨਾਲ ਜੁੜਨ ਲਈ ਪ੍ਰੇਰਦੇ। ਇਸ ਤਰ੍ਹਾਂ ਇਹ ਔਸ਼ਧਾਲਾ ਗੁਰਮਤਿ ਪ੍ਰਚਾਰ ਦਾ ਜ਼ਰੀਆ ਵੀ ਬਣੇ।

**1910 ਈ. ਤੋਂ 2010 ਈ ਤੱਕ**

**ਪੁਰਾਤਨ ਪ੍ਰਣਾਲੀ ਰਾਹੀਂ ਇਲਾਜ**

ਸੰਤ ਬਾਬਾ ਜਵੰਦ ਸਿੰਘ ਖਵਾਸਪੁਰ (ਰੂਪਨਗਰ) ਵਾਲੇ ਮਾਹਰ ਵੈਦ ਸਨ। ਉਨ੍ਹਾਂ ਦੇ ਚੇਲੇ "ਗਿਆਨੀ ਨਿਰੰਜਨ ਸਿੰਘ ਜੀ ਮਹਾਰਾਜ, ਨਿਰਮਲ ਅਖਾੜਾ ਮਹੰਤ ਮੂਲ ਸਿੰਘ ਜੀ ਵਾਲੇ ਆਯੁਰਵੈਦਿਕ ਪ੍ਰਣਾਲੀ ਦੇ ਚੰਡੀਗੜ੍ਹ ਬੋਰਡ ਦੇ ਮੈਂਬਰ ਵੀ ਸਨ। ਮਾਲੀਖੋਲੀਆ (ਪਾਗਲਪਨ) ਦੇ ਰੋਗੀ ਜਿਨ੍ਹਾਂ ਨੂੰ ਸੰਗਲਾਂ ਨਾਲ ਬੰਨ੍ਹਿਆ ਹੁੰਦਾ ਸੀ, ਇਕ ਪੁੜੀ ਦੀ ਖੁਰਾਕ ਦੇ ਕੇ ਚਮਤਕਾਰੀ ਇਲਾਜ ਕਰਦੇ ਸਨ, ਸੰਗਲ ਖੁੱਲਵਾ ਦਿੰਦੇ ਸਨ। ਅੱਜ ਵੀ ਉਨ੍ਹਾਂ ਦੇ ਸ਼ਿਸ਼ ਮਹੰਤ ਗੋਪਾਲ ਸਿੰਘ ਜੀ ਅਤੇ ਪੋਤਰੇ ਚੇਲੇ ਮਹੰਤ ਸੁਖਚੈਨ ਸਿੰਘ ਜੀ ਆਯੁਰਵੈਦਿਕ ਪ੍ਰਣਾਲੀ ਦੇ ਵੈਦ ਹਨ ਅਤੇ ਚਕਿਤਸਾ ਵਿਚ ਕਾਰਜਸ਼ੀਲ ਹਨ।"[7]

ਨਿਰਮਲ ਸੰਪ੍ਰਦਾਇ ਦੇ ਡੇਰਿਆਂ ਵਿਚ ਮੌਜੂਦਾ ਸਮੇਂ ਵੀ ਆਯੁਰਵੈਦਿਕ ਪ੍ਰਣਾਲੀ ਦੁਆਰਾ ਲੋਕਾਂ ਦਾ ਇਲਾਜ ਕੀਤਾ ਜਾ ਰਿਹਾ ਹੈ। "ਮਹੰਤ ਤੇਜਾ ਸਿੰਘ ਜੀ (ਲੇਖਕ), ਮਹੰਤ ਰਾਮ ਸਿੰਘ ਜੀ ਸਮਾਧਾਂ, ਮਹੰਤ ਰਵੇਲ ਸਿੰਘ ਜੀ, ਮਹੰਤ ਹਰਮੀਤ ਸਿੰਘ ਜੀ, ਸੰਤ ਪ੍ਰੇਮ ਸਿੰਘ ਜੀ ਅਤੇ ਹੋਰ ਮਹੰਤ ਸੰਤ ਆਪਣੇ-ਆਪਣੇ ਸਥਾਨਾਂ ਵਿਚ ਆਯੁਰਵੈਦਿਕ ਦੀਆਂ ਜੜੀਆਂ-ਬੂਟੀਆਂ ਨਾਲ ਇਲਾਜ ਕਰ ਰਹੇ ਹਨ।"[8] ਇਹ ਉਨ੍ਹਾਂ ਦੀ ਮਹਾਨ ਸੇਵਾ ਹੈ।

ਵਰਣਨਯੋਗ ਹੈ ਕਿ ਭਾਵੇਂ ਲੋਕਾਂ ਦਾ ਰੁਝਾਨ ਆਧੁਨਿਕ ਪ੍ਰਣਾਲੀ ਦੁਆਰਾ ਇਲਾਜ ਕਰਾਉਣ ਵੱਲ ਵਧਿਆ ਹੈ ਫਿਰ ਵੀ ਬਹੁਤ ਸਾਰੇ ਲੋਕ ਨਿਰਮਲੇ ਸੰਤਾਂ ਤੋਂ ਆਯੁਰਵੈਦਿਕ ਪ੍ਰਣਾਲੀ ਦੁਆਰਾ ਆਪਣਾ ਇਲਾਜ ਕਰਵਾ ਰਹੇ ਹਨ।

---

7 ਵੈਦ ਮਹੰਤ ਅਮਰੀਕ ਸਿੰਘ, ਨਿਰਮਲੇ ਸੰਤਾਂ ਦੁਆਰਾ ਵਿਭਿੰਨ ਚਿਕਿਤਸਾ ਪ੍ਰਣਾਲੀਆਂ ਰਾਹੀਂ ਸਮਾਜ ਸੇਵਾ, ਡਾ. ਕੁਲਵਿੰਦਰ ਸਿੰਘ (ਸੰਪਾ.), *ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ*, ਪੰਨਾ 175.

8 ਸੰਤ ਤੇਜਾ ਸਿੰਘ ਐਮ.ਏ, ਨਿਰਮਲ ਸੰਪ੍ਰਦਾਇ ਦਾ ਆਰੰਭ ਤੇ ਵਿਕਾਸ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 84.

ਸਮੇਂ ਦੇ ਗੇੜ ਨਾਲ ਜਦੋਂ ਵੱਖ-ਵੱਖ ਸਥਾਨਾਂ 'ਤੇ ਬਿਮਾਰੀਆਂ ਦੇ ਜਲਦੀ ਇਲਾਜ ਲਈ ਆਧੁਨਿਕ ਇਲਾਜ ਪ੍ਰਣਾਲੀ (ਯੂਨਾਨੀ ਪ੍ਰਣਾਲੀ) ਦੇ ਹਸਪਤਾਲ ਸਥਾਪਿਤ ਹੋਣ ਲੱਗੇ ਤਾਂ ਨਿਰਮਲੇ ਸੰਤਾਂ ਨੇ ਵੀ ਸਮਕਾਲੀ ਸਮਾਜਿਕ ਲੋੜਾਂ ਨੂੰ ਮਹਿਸੂਸ ਕਰਦੇ ਹੋਏ ਆਧੁਨਿਕ ਇਲਾਜ ਪ੍ਰਣਾਲੀ ਦੇ ਹਸਪਤਾਲਾਂ ਦੀ ਸਥਾਪਨਾ ਅਰੰਭ ਕਰ ਦਿੱਤੀ। ਅਜੋਕੇ ਸਮੇਂ ਭਾਰਤ ਦੇ ਕੋਨੇ-ਕੋਨੇ ਵਿਚ ਨਿਰਮਲੇ ਸੰਤਾਂ ਦੁਆਰਾ ਪੁਰਾਤਨ ਅਤੇ ਆਧੁਨਿਕ ਇਲਾਜ ਪ੍ਰਣਾਲੀ ਦੇ ਔਸ਼ਧਾਲਿਆ ਸਥਾਪਿਤ ਕੀਤੇ ਮਿਲਦੇ ਹਨ। ਜਿਨ੍ਹਾਂ ਵਿਚੋਂ ਕੁੱਝ ਦਾ ਜ਼ਿਕਰ ਨਿਮਨ ਲਿਖਤ ਅਨੁਸਾਰ ਹੈ:

### ਸੰਤ ਬਾਬਾ ਘਨੱਈਆ ਜੀ ਚੈਰੀਟੇਬਲ ਫ਼ਰੀ ਡਿਸਪੈਂਸਰੀ, ਪਠਲਾਵਾ

ਨਿਰਮਲ ਆਸ਼ਰਮ ਪਠਲਾਵਾ ਦੇ ਪ੍ਰਬੰਧ ਹੇਠ ਸੰਤ ਬਾਬਾ ਘਨੱਈਆ ਸਿੰਘ ਜੀ ਨੂੰ ਸਮਰਪਿਤ ਇਹ ਡਿਸਪੈਂਸਰੀ ਪਿੰਡ ਪਠਲਾਵਾ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਚੱਲ ਰਹੀ ਹੈ। ਇਸ ਡਿਸਪੈਂਸਰੀ ਵਿਚ ਹਰ ਤਰ੍ਹਾਂ ਦਾ ਇਲਾਜ ਬਿਲਕੁਲ ਮੁਫ਼ਤ ਹੈ। "ਹਰ ਸਾਲ 18 ਨਵੰਬਰ ਨੂੰ ਆਸ਼ਰਮ ਵਿਖੇ ਅੱਖਾਂ ਦਾ ਕੈਂਪ ਲਗਾ ਕੇ ਲੋੜਵੰਦਾਂ ਦੇ ਫਰੀ ਚੈਕਅਪ ਕਰਕੇ ਸਮਾਜ ਭਲਾਈ ਹਿਤ ਕਾਰਜ ਕੀਤਾ ਜਾਂਦਾ ਹੈ। ਅੱਖਾਂ ਦੀਆਂ ਦਵਾਈਆਂ ਅਤੇ ਐਨਕਾਂ ਆਦਿ ਦਾ ਪ੍ਰਬੰਧ ਮੁਫ਼ਤ ਕੀਤਾ ਜਾਂਦਾ ਹੈ। ਇਸੇ ਤਰ੍ਹਾਂ 30 ਨਵੰਬਰ ਨੂੰ ਮੁਫ਼ਤ ਮੈਡੀਕਲ ਕੈਂਪ ਲਗਾ ਕੇ ਸਾਰੇ ਰੋਗਾਂ ਦਾ ਇਲਾਜ ਕੀਤਾ ਜਾਂਦਾ ਹੈ। ਨਾਲ ਹੀ ਸਾਲ ਵਿਚ ਦੋ ਵਾਰ ਖ਼ੂਨ-ਦਾਨ ਕੈਂਪ ਲਗਾ ਕੇ ਖ਼ੂਨ-ਦਾਨ ਕੀਤਾ ਜਾਂਦਾ ਹੈ। ਲੋਕ ਭਲਾਈ ਹਿਤ 2 ਐਂਬੂਲੈਂਸਾਂ ਦਾ 24 ਘੰਟੇ ਪ੍ਰਬੰਧ ਹੈ।"[9] ਇਸ ਤਰ੍ਹਾਂ ਇਲਾਕੇ ਵਿਚ ਇਸ ਨਿਰਮਲੇ ਸਥਾਨ ਦੇ ਉਪਰਾਲਿਆਂ ਸਦਕਾ ਵਡਮੁੱਲੀ ਸਮਾਜ ਸੇਵਾ ਕੀਤੀ ਜਾ ਰਹੀ ਹੈ।

### ਸੰਤ ਜਸਵੰਤ ਸਿੰਘ ਹਸਪਤਾਲ, ਦਕੋਹਾ

ਸੰਤ ਭਗਵੰਤ ਭਜਨ ਸਿੰਘ ਜੀ ਦੁਆਰਾ ਸਥਾਪਿਤ 'ਸ਼੍ਰੀ ਨਿਰਮਲ ਤਖ਼ਤ ਤਲਾਬ ਬਾਬਾ ਬੁੱਢਾ ਸਾਹਿਬ ਜੀ ਰਾਮਦਾਸ ਅਤੇ ਆਤਮ ਦਰਸ਼ੀ ਹਰਿਮੰਦਰ ਦਕੋਹਾ, ਜ਼ਿਲ੍ਹਾ ਜਲੰਧਰ ਵੱਲੋਂ ਇਹ ਹਸਪਤਾਲ ਚਲਾਇਆ ਜਾ ਰਿਹਾ ਹੈ। "ਇਸ ਹਸਪਤਾਲ ਵਿਚ ਬੇ-ਔਲਾਦ ਜੋੜਿਆਂ ਦਾ ਆਧੁਨਿਕ ਤਕਨੀਕ ਨਾਲ ਇਲਾਜ ਕੀਤਾ ਜਾਂਦਾ ਹੈ। ਇਹ ਹਸਪਤਾਲ 1 ਫਰਵਰੀ 2009 ਤੋਂ ਇਸ ਖੇਤਰ ਵਿਚ ਆਪਣੀਆਂ ਸੇਵਾਵਾਂ ਦੇ

---

[9] ਵੈਦ ਮਹੰਤ ਅਮਰੀਕ ਸਿੰਘ, ਨਿਰਮਲੇ ਸੰਤਾਂ ਦੁਆਰਾ ਵਿਭਿੰਨ ਚਿਕਿਤਸਾ ਪ੍ਰਣਾਲੀਆਂ ਰਾਹੀਂ ਸਮਾਜ ਸੇਵਾ, ਡਾ. ਕੁਲਵਿੰਦਰ ਸਿੰਘ (ਸੰਪਾ.), *ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ*, ਪੰਨਾ 180.

ਰਿਹਾ ਹੈ। ਹਸਪਤਾਲ ਵਿਚ ਪੰਜ ਮਾਹਰ ਸਰਜਨ ਅਤੇ ਸਟਾਫ਼ ਦੀ ਵੱਡੀ ਟੀਮ ਹੈ। ਇਕ ਮਹੀਨੇ ਵਿਚ ਸਾਰੀ ਟੀਮ ਵੱਲੋਂ 1000 ਦੇ ਕਰੀਬ ਉਪਰੇਸ਼ਨ ਕੀਤੇ ਜਾਂਦੇ ਹਨ।"[10] ਇਹ ਹਸਪਤਾਲ ਬੇ-ਔਲਾਦ ਜੋੜਿਆਂ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ।

ਉਕਤ ਤੋਂ ਇਲਾਵਾ ਆਤਮ ਦਰਸ਼ੀ ਹਰਿਮੰਦਰ, ਦਕੋਹਾ ਆਸ਼ਰਮ ਵਿਚ ਆਯੁਰਵੈਦਿਕ ਪ੍ਰਣਾਲੀ ਰਾਹੀਂ ਲੋਕਾਂ ਦੇ ਰੋਗਾਂ ਦਾ ਇਲਾਜ ਕੀਤਾ ਜਾਂਦਾ ਹੈ। ਹਰ ਸਾਲ ਜਨਵਰੀ ਅਤੇ ਜੂਨ ਮਹੀਨੇ ਵਿਚ ਮੁਫ਼ਤ ਮੈਡੀਕਲ ਕੈਂਪ ਲਗਾ ਕੇ ਮਾਹਰ ਡਾਕਟਰਾਂ ਪਾਸੋਂ ਰੋਗੀਆਂ ਦਾ ਚੈਕਅਪ ਅਤੇ ਇਲਾਜ ਕੀਤਾ ਜਾਂਦਾ ਹੈ। ਨਿਰਮਲ ਸੰਪ੍ਰਦਾਇ ਦੇ ਸਥਾਨ ਆਤਮ ਦਰਸ਼ੀ ਹਰਿਮੰਦਰ, ਦਕੋਹਾ ਵੱਲੋਂ ਇਸ ਤਰ੍ਹਾਂ ਦੀਆਂ ਸਿਹਤ ਸਹੂਲਤਾਂ ਦੁਆਰਾ ਸਮਾਜ ਸੇਵਾ ਵਿਚ ਵਡਮੁੱਲਾ ਯੋਗਦਾਨ ਦਿੱਤਾ ਜਾ ਰਿਹਾ ਹੈ।

**ਨਿਰਮਲ ਆਸ਼ਰਮ ਹਸਪਤਾਲ, ਮਾਇਆਕੁੰਡ, ਰਿਸ਼ੀਕੇਸ਼, ਉਤਰਾਖੰਡ**

ਸੰਤ ਬਾਬਾ ਰਾਮ ਸਿੰਘ ਜੀ ਦੀ ਰਹਿਨੁਮਾਈ ਹੇਠ ਨਿਰਮਲ ਆਸ਼ਰਮ ਰਿਸ਼ੀਕੇਸ਼ ਵੱਲੋਂ ਲੋੜ ਅਨੁਸਾਰ ਆਧੁਨਿਕ ਤਕਨੀਕ ਦਾ ਇਕ ਹਸਪਤਾਲ "ਨਿਰਮਲ ਆਸ਼ਰਮ ਹਸਪਤਾਲ' 1990 ਈ. ਤੋਂ ਮਾਇਆਕੁੰਡ, ਰਿਸ਼ੀਕੇਸ਼ ਵਿਚ ਚਲਾਇਆ ਜਾ ਰਿਹਾ ਹੈ। ਇਹ ਹਸਪਤਾਲ ਪਹਿਲਾਂ ਇਕ ਡਿਸਪੈਂਸਰੀ ਦੇ ਰੂਪ ਵਿਚ ਸ਼ੁਰੂ ਹੋਇਆ ਸੀ, ਬਾਅਦ ਵਿਚ ਸਮੇਂ ਅਨੁਸਾਰ ਇਸਦਾ ਵਿਸਥਾਰ ਹੁੰਦਾ ਗਿਆ ਅਤੇ ਅਜੋਕੇ ਸਮੇਂ ਇਹ ਹਸਪਤਾਲ ਪੂਰੇ ਰਿਸ਼ੀਕੇਸ਼ ਇਲਾਕੇ ਲਈ ਵਰਦਾਨ ਸਾਬਤ ਹੋ ਰਿਹਾ ਹੈ। ਇਸ ਹਸਪਤਾਲ ਵਿਚ ਹਰ ਬਿਮਾਰੀ ਦਾ ਇਲਾਜ ਆਧੁਨਿਕ ਤਕਨੀਕ ਨਾਲ ਕੀਤਾ ਜਾਂਦਾ ਹੈ। ਵੱਖ-ਵੱਖ ਬਿਮਾਰੀਆਂ ਦੇ ਮਾਹਰ ਡਕਟਰਾਂ ਨੂੰ ਮਿਲਾ ਕੇ ਇਸ ਹਸਪਤਾਲ ਵਿਚ 200 ਦੇ ਕਰੀਬ ਸਟਾਫ਼ ਹੈ। ਜੋ ਹਰ ਸਮੇਂ ਦੀਨ-ਦੁਖੀਆਂ ਦੀ ਸੇਵਾ ਵਿਚ ਲੱਗਾ ਰਹਿੰਦਾ ਹੈ। ਇਸ ਹਸਪਤਾਲ ਵਿਚ ਆਮ ਲੋਕਾਂ ਲਈ ਇਲਾਜ ਕਰਾਉਣਾ ਬਹੁਤ ਸੋਖਾ ਤੇ ਸਸਤਾ ਹੈ। ਇਕ ਵਾਰ 70 ਰੁਪੈ ਦੀ ਪਰਚੀ ਕਟਵਾ ਕੇ ਤਿੰਨ ਦਿਨ ਤੱਕ ਮਰੀਜ਼ ਉਸੇ ਪਰਚੀ ਨਾਲ ਆਪਣੇ ਸਾਰੇ ਟੈਸਟ ਅਤੇ ਇਲਾਜ ਕਰਵਾ ਸਕਦੇ ਹਨ।"[11]

---

[10] ਵੈਦ ਮਹੰਤ ਅਮਰੀਕ ਸਿੰਘ, ਨਿਰਮਲੇ ਸੰਤਾਂ ਦੁਆਰਾ ਵਿਭਿੰਨ ਚਿਕਿਤਸਾ ਪ੍ਰਣਾਲੀਆਂ ਰਾਹੀਂ ਸਮਾਜ ਸੇਵਾ, ਡਾ. ਕੁਲਵਿੰਦਰ ਸਿੰਘ (ਸੰਪਾ.), *ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ*, ਪੰਨਾ 180.

[11] ਸੰਤ ਜੋਧ ਸਿੰਘ ਜੀ, ਨਿਰਮਲ ਆਸ਼ਰਮ ਰਿਸ਼ੀਕੇਸ਼, *ਨਿੱਜੀ ਮੁਲਾਕਾਤ ਅਤੇ ਸਰਵੇਖਣ*, ਮਿਤੀ 01 ਜਨਵਰੀ 2016 ਵਿਚੋ.

ਇਸ ਹਸਪਤਾਲ ਵਿਚ ਸਨਾਤਨੀ ਪਹਿਰਾਵੇ ਵਾਲੇ, ਗਰੀਬ ਅਤੇ ਜੋ ਅਸਮਰਥਾ ਪ੍ਰਗਟ ਕਰੇ ਉਨ੍ਹਾਂ ਲਈ ਸਾਰਾ ਇਲਾਜ ਮੁਫ਼ਤ ਹੈ। ਇਥੇ ਆਮ ਮਰੀਜ਼ਾਂ ਲਈ ਵੀ ਇਲਾਕੇ ਦੇ ਹਸਪਤਾਲਾਂ ਨਾਲੋਂ 40% ਘੱਟ ਕੀਮਤ ’ਤੇ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਹਸਪਤਾਲ ਵਿਚ 24 ਘੰਟੇ ਐਮਰਜੈਂਸੀ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਨਿਰਮਲ ਸੰਪ੍ਰਦਾਇ ਦਾ ਇਹ 150 ਬਿਸਤਰਿਆਂ ਦਾ ਹਸਪਤਾਲ ਉਤਰਾਖੰਡ ਦੇ ਮਰੀਜ਼ਾਂ ਵਾਸਤੇ ਵਰਦਾਨ ਸਿੱਧ ਹੋਇਆ ਹੈ।

**ਨਿਰਮਲ ਆਸ਼ਰਮ ਆਈ ਇੰਸਟੀਚਿਊਟ, ਖੈਰੀ ਕਲਾਂ**

ਨਿਰਮਲ ਆਸ਼ਰਮ ਰਿਸ਼ੀਕੇਸ਼ ਵੱਲੋਂ ਇਕ ‘ਨਿਰਮਲ ਆਸ਼ਰਮ ਆਈ ਇੰਸਟੀਚਿਊਟ’, ਖੈਰੀ ਕਲਾਂ, ਰਿਸ਼ੀਕੇਸ਼, ਉਤਰਾਖੰਡ ਵਿਖੇ ਚਲਾਇਆ ਜਾ ਰਿਹਾ ਹੈ। “ਇਸ ਹਸਪਤਾਲ ਵੱਲੋਂ ਇਲਾਕੇ ਵਿਚ ਥਾਂ-ਥਾਂ ’ਤੇ ਵਿਸੇਸ਼ ਅੱਖਾਂ ਦੇ ਮੁਫ਼ਤ ਇਲਾਜ ਲਈ ਕੈਂਪ ਲਗਾਏ ਜਾਂਦੇ ਹਨ। ਹਸਪਤਾਲ ਵਿਚ 24 ਘੰਟੇ ਇਲਾਜ ਦਾ ਪ੍ਰਬੰਧ ਹੈ। ਇਸ ਹਸਪਤਾਲ ਵਿਚ ਇਲਾਕੇ ਦੇ ਮਰੀਜ਼ਾਂ ਨੂੰ ਲਿਆ ਕੇ ਉਨ੍ਹਾਂ ਦਾ ਇਲਾਜ ਕਰਕੇ ਵਾਪਸ ਉਨ੍ਹਾਂ ਨੂੰ ਆਪਣੇ-ਆਪਣੇ ਘਰ ਛੱਡਿਆ ਜਾਂਦਾ ਹੈ। ਮਰੀਜ਼ ਦਾ ਇਲਾਜ ਅਤੇ ਸਾਰੀਆਂ ਦਵਾਈਆਂ ਮੁਫ਼ਤ ਹਨ। ਜੇਕਰ ਕੋਈ ਆਪਣੇ ਪੱਧਰ ’ਤੇ ਹਸਪਤਾਲ ਵਿਚੋਂ ਇਲਾਜ ਕਰਾਉਂਦਾ ਹੈ ਤਾਂ ਉਸ ਤੋਂ ਵੀ ਇਲਾਜ ਦਾ ਬਹੁਤ ਘੱਟ ਖ਼ਰਚ ਲਿਆ ਜਾਂਦਾ ਹੈ। ਅੱਖਾਂ ਦੇ ਇਲਾਜ ਲਈ ਆਸ਼ਰਮ ਵੱਲੋਂ ਮਾਹਰ ਡਾਕਟਰ ਨਿਯੁਕਤ ਕੀਤੇ ਹੋਏ ਹਨ।”[12] ਹਸਪਤਾਲ ਦੇ ਸਾਰੇ ਮਰੀਜ਼ਾਂ ਅਤੇ ਕਰਮਚਾਰੀਆਂ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ ਹੈ।

ਇਸ ਹਸਪਤਾਲ ਵਿਚ ਹਰ ਦਿਨ ਸੈਂਕੜੇ ਮਰੀਜ਼ਾਂ ਨੂੰ ਦਵਾਈ ਦੇਣ ਉਪਰੰਤ 60 ਦੇ ਕਰੀਬ ਅਪਰੇਸ਼ਨ ਕੀਤੇ ਜਾਂਦੇ ਹਨ ਅਤੇ ਇਥੋਂ ਹੁਣ ਤੱਕ ਲੱਖਾਂ ਲੋਕ ਆਪਣਾ ਇਲਾਜ ਕਰਵਾ ਚੁੱਕੇ ਹਨ। ਇਸ ਹਸਪਤਾਲ ਨਾਲ ਭਾਰਤ ਦੇ 8 ਨਾਮੀ ਹਸਪਤਾਲ ਜੁੜੇ ਹੋਏ ਹਨ। ਹਸਪਤਾਲ ਵਿਚ ਦੇਸ਼ ਦੇ ਕੋਨੇ-ਕੋਨੇ ਤੋਂ ਮਰੀਜ਼ ਇਲਾਜ ਲਈ ਆਉਂਦੇ ਹਨ। ਇਸ ਤਰ੍ਹਾਂ ‘ਨਿਰਮਲ ਆਸ਼ਰਮ ਆਈ ਇੰਸਟੀਚਿਊਟ’ ਉਤਰਾਖੰਡ ਵਿਚ ਹੀ ਨਹੀਂ, ਪੂਰੇ ਭਾਰਤ ਵਿਚ ਅੱਖਾਂ ਦੇ ਰੋਗੀਆਂ ਵਾਸਤੇ ਪਰਉਪਕਾਰ ਕਰਕੇ ਪ੍ਰਸਿੱਧ ਹੈ।

ਨਿਰਮਲ ਸੰਪ੍ਰਦਾਇ ਦੇ ਇਨ੍ਹਾਂ ਹਸਪਤਾਲਾਂ ਤੋਂ ਬਿਨਾਂ ਨਿਮਨ ਹਸਪਤਾਲ ਵੀ ਰੋਗੀਆਂ ਦੇ ਦੁੱਖਾਂ ਦਾ ਇਲਾਜ ਕਰਕੇ ਸਮਾਜ ਸੇਵਾ ਵਿਚ ਆਪਣਾ ਅਹਿਮ ਯੋਗਦਾਨ ਪਾ ਰਹੇ ਹਨ:

---

[12] ਸੰਤ ਜੋਧ ਸਿੰਘ ਜੀ, ਨਿਰਮਲ ਆਸ਼ਰਮ ਰਿਸ਼ੀਕੇਸ਼, *ਨਿੱਜੀ ਮੁਲਾਕਾਤ ਅਤੇ ਸਰਵੇਖਣ*, ਮਿਤੀ 01 ਜਨਵਰੀ 2016 ਵਿਚੋ.

- ਨਿਰਮਲ ਸੰਪ੍ਰਦਾਇ ਦੇ ਸੰਤਾਂ ਵਿਚੋਂ ਸੰਤ ਬਾਬਾ ਮਾਨ ਸਿੰਘ ਜੀ ਨੇ ਆਪਣੇ ਗੁਰੂ ਦੇ ਨਾਂ ਉੱਤੇ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੂਰੀਆਂ ਸਹੂਲਤਾਂ ਸਮੇਤ *ਸੰਤ ਬਾਬਾ ਬਿਸ਼ਨ ਸਿੰਘ ਮੈਮੋਰੀਅਲ ਹਸਪਤਾਲ* 1993 ਈ. ਵਿਚ ਬਣਵਾਇਆ। ਸਾਰੀਆਂ ਮਸ਼ੀਨਾਂ ਅਤੇ ਹੋਰ ਸੁਵਿਧਾਵਾਂ ਪੂਰੀਆਂ ਕਰਨ ਉਪਰੰਤ ਸੰਤਾਂ ਨੇ ਇਸ ਹਸਪਤਾਲ ਦੀਆਂ ਚਾਬੀਆਂ ਸ. ਹਰਚਰਨ ਸਿੰਘ ਬਰਾੜ ਮੁੱਖ ਮੰਤਰੀ, ਪੰਜਾਬ ਸਮੇਂ ਸਰਕਾਰ ਨੂੰ ਸੌਂਪ ਦਿੱਤੀਆਂ। ਇਸ ਹਸਪਤਾਲ ਨੂੰ ਹੁਣ ਪੰਜਾਬ ਸਰਕਾਰ ਚਲਾ ਰਹੀ ਹੈ। ਇਹ ਨਿਰਮਲੇ ਸੰਤਾਂ ਦੀ ਵਡਮੁੱਲੀ ਸੇਵਾ ਹੈ ਜੋ ਉਨ੍ਹਾਂ ਕਰੋੜਾਂ ਰੁਪਏ ਦੀ ਸੰਸਥਾ ਬਣਾ ਕੇ ਲੋਕ ਸੇਵਾ ਲਈ ਸਰਕਾਰ ਨੂੰ ਦਾਨ ਕਰ ਦਿੱਤੀ ਹੈ।
- ਨਿਰਮਲੇ ਸੰਤਾਂ ਦੁਆਰਾ ਸਥਾਪਿਤ *ਸੰਤ ਬਾਬਾ ਜੁਵਾਲਾ ਸਿੰਘ ਜੀ ਚੈਰੀਟੇਬਲ ਹਸਪਤਾਲ ਪਿੰਡ ਅੱਤੋਵਾਲ, ਜ਼ਿਲ੍ਹਾ ਹੁਸ਼ਿਆਰਪੁਰ* ਵਿਖੇ ਚੱਲ ਰਿਹਾ ਹੈ। ਇਹ ਹਸਪਤਾਲ ਹੁਸ਼ਿਆਰਪੁਰ-ਫਗਵਾੜਾ ਰੋਡ ਉੱਤੇ ਸਥਿਤ ਹੈ। ਇਸ ਹਸਪਤਾਲ ਨੂੰ ਸੰਤ ਬਾਬਾ ਮਨਜੀਤ ਸਿੰਘ ਜੀ ਹਰਖ਼ੋਵਾਲ ਵਾਲੇ ਚਲਾ ਰਹੇ ਹਨ ਜਿੱਥੋਂ ਰੋਜ਼ਾਨਾ ਸੈਂਕੜੇ ਮਰੀਜ਼ ਇਲਾਜ ਕਰਾਉਣ ਲਈ ਆਉਂਦੇ ਹਨ।
- ਨਿਰਮਲੇ ਸੰਤਾਂ ਦੇ ਪ੍ਰਬੰਧ ਅਧੀਨ *ਸੰਤ ਬਾਬਾ ਬਲਵੰਤ ਸਿੰਘ ਚੈਰੀਟੇਬਲ ਹਸਪਤਾਲ ਪਿੰਡ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ* ਵਿਖੇ ਚਲ ਰਿਹਾ ਹੈ। ਇਸ ਹਸਪਤਾਲ ਦੇ ਮੌਜੂਦਾ ਸੰਚਾਲਕ ਸੰਤ ਗੁਰਦਿਆਲ ਸਿੰਘ ਨਿਰਮਲੇ ਹਨ।
- ਨਿਰਮਲੇ ਸੰਤ *ਸੰਤ ਬਾਬਾ ਹਰੀ ਸਿੰਘ ਹਸਪਤਾਲ ਪਿੰਡ ਪੰਜੋੜਾ, ਜ਼ਿਲ੍ਹਾ ਹੁਸ਼ਿਆਰਪੁਰ* ਵਿਖੇ ਚਲਾ ਰਹੇ ਹਨ। ਇਹ ਹਸਪਤਾਲ ਸੰਤ ਬਲਵੀਰ ਸਿੰਘ ਨੈਕੀ ਵਾਲਿਆਂ ਨੇ ਬਣਵਾਇਆ ਹੈ ਜਿਸ ਨੂੰ ਮੌਜੂਦਾ ਸਮੇਂ ਸੰਤ ਜਸਵੰਤ ਸਿੰਘ ਜੀ ਚਲਾ ਰਹੇ ਹਨ।
- ਨਿਰਮਲੇ ਸੰਤ ਇਲਾਕੇ ਵਿਚ ਰੋਗੀਆਂ ਦੇ ਇਲਾਜ ਲਈ *ਸੰਤ ਬਾਬਾ ਘਨੱਈਆ ਸਿੰਘ ਹਸਪਤਾਲ ਪਿੰਡ ਪਠਲਾਵਾ, ਜ਼ਿਲ੍ਹਾ ਨਵਾਂ ਸ਼ਹਿਰ* ਵਿਖੇ ਚਲਾ ਰਹੇ ਹਨ ਜਿਸ ਨੂੰ ਇਸ ਸਮੇਂ ਸੰਤ ਗੁਰਬਚਨ ਸਿੰਘ 'ਪਠਲਾਵਾ' ਚਲਾ ਰਹੇ ਹਨ।
- *ਸੰਤ ਬਾਬਾ ਬੁੱਢਾ ਸਿੰਘ ਚੈਰੀਟੇਬਲ ਹਸਪਤਾਲ, ਪਿੰਡ ਦਕੋਹਾ, ਜ਼ਿਲ੍ਹਾ ਜਲੰਧਰ* ਵਿਚ ਚਲ ਰਿਹਾ ਹੈ। ਇਸ ਹਸਪਤਾਲ ਨੂੰ ਮੌਜੂਦਾ ਸਮੇਂ ਭਗਵਾਨ ਹਰੀ ਜੀ ਚਲਾ ਰਹੇ ਹਨ।

- ਸੰਤ ਬਾਬਾ ਅਮਰੀਕ ਸਿੰਘ ਜੀ (ਪਠਲਾਵੇ ਵਾਲੇ) ਪਿੰਡ ਮਹਿਤਪੁਰ ਉਲੱਧਣੀ, ਬਲਾਚੌਰ, ਜ਼ਿਲ੍ਹਾ ਨਵਾਂ ਸ਼ਹਿਰ ਵਿਖੇ *ਸੰਤ ਬਾਬਾ ਓਂਕਾਰ ਸਿੰਘ ਚੈਰੀਟੇਬਲ ਹਸਪਤਾਲ* ਚਲ ਰਿਹਾ ਹੈ। ਇਸ ਸਮੇਂ ਪ੍ਰਬੰਧਕ ਸੰਤ ਅਮਰੀਕ ਸਿੰਘ ਹਨ।

ਉਕਤ ਤੋਂ ਇਲਾਵਾ ਨਿਰਮਲ ਸੰਪ੍ਰਦਾਇ ਦੇ ਅਨੇਕਾਂ ਸਥਾਨਾਂ ਵੱਲੋਂ ਬਹੁਤ ਹਸਪਤਾਲ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਹਨ ਜੋ ਇਕ ਵਡਮੁੱਲੀ ਸਮਾਜ ਸੇਵਾ ਹੈ।

**ਚਕਿਤਸਾ ਦੇ ਗ੍ਰੰਥਾਂ ਦੁਆਰਾ ਨਿਰਮਲੇ ਵਿਦਵਾਨਾਂ ਦਾ ਸਮਾਜਿਕ ਯੋਗਦਾਨ**

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਚਕਿਤਸਾ ਦੇ ਖੇਤਰ ਵਿਚ ਵੀ ਜਨ-ਸਾਧਾਰਣ ਦੀ ਸੇਵਾ ਕੀਤੀ ਹੈ। ਗੁਰੂ ਸਾਹਿਬ ਦੇ ਪਾਏ ਪੂਰਨਿਆਂ ਉੱਤੇ ਚਲਦੇ ਹੋਏ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਵੀ ਲੋਕਾਈ ਦੇ ਦੁੱਖ ਹਰਨ ਨੂੰ ਆਪਣੇ ਮਨੋਰਥ ਦਾ ਹਿੱਸਾ ਬਣਾਇਆ। ਬਹੁਤ ਸਾਰੇ ਨਿਰਮਲੇ ਸੰਤ ਆਯੁਰਵੈਦਿਕ ਚਕਿਤਸਾ ਦੇ ਮਾਹਰ ਸਨ। ਉਨ੍ਹਾਂ ਨੇ ਸੇਵਾ ਭਾਵਨਾ ਨਾਲ ਚਕਿਤਸਾ ਦੇ ਗ੍ਰੰਥਾਂ ਦੀ ਰਚਨਾ ਵੀ ਕੀਤੀ ਹੈ। ਨਿਰਮਲੇ ਸੰਤ ਜਿਗਿਆਸੂ ਸੰਤ ਦੀ ਇੱਛਾ ਅਨੁਸਾਰ ਉਸ ਨੂੰ ਆਯੁਰਵੈਦ ਇਲਾਜ ਪ੍ਰਣਾਲੀ ਦਾ ਗਿਆਨ ਮੌਖਿਕ ਅਤੇ ਲਿਖਤੀ ਰੂਪ ਵਿਚ ਦਿੰਦੇ ਸਨ, ਜਿਵੇਂ:

"ਮਹੰਤ ਹੀਰਾ ਸਿੰਘ ਜੀ ਗੁਰਸਰ ਖੁੱਡਾ ਵਾਲੇ ਪ੍ਰਸਿੱਧ ਵੈਦ ਸਨ। ਇਲਾਜ ਵੀ ਕਰਦੇ ਸਨ ਅਤੇ ਪੜ੍ਹਾਉਂਦੇ ਵੀ ਸਨ। ਇਸ ਡੇਰੇ ਵਿਚ ਮਹੰਤ ਗਣੇਸ਼ਾ ਸਿੰਘ ਜੀ ਮਹਾਨ ਵੈਦ ਹੋਏ ਹਨ ਜੋ ਅਨੇਕ ਤਰ੍ਹਾਂ ਦੀਆਂ ਔਸ਼ਧੀਆਂ ਬਣਾਉਣ ਵਿਚ ਪ੍ਰਸਿੱਧ ਸਨ। ਰੋਗੀ ਆਪ ਜੀ ਦੀ ਔਸ਼ਧੀ ਨੂੰ ਸੰਜੀਵਨੀ ਮੰਨਦੇ ਸਨ। ਆਪ ਜੀ ਨੇ ਆਯੁਰਵੈਦਿਕ ਵਿਚ ਅਤਿਅੰਤ ਖ਼ੋਜ ਕੀਤੀ ਸੀ। ਆਯਰਵੈਦਿਕ ਦੇ ਪੁਰਾਤਨ ਗ੍ਰੰਥਾਂ ਦੇ ਟੀਕੇ ਵੀ ਕੀਤੇ, ਜਿਨ੍ਹਾਂ ਵਿਚੋਂ *ਮੇਘ ਬਿਨੋਦ ਪ੍ਰਕਾਸ਼ ਸਟੀਕ, ਗੰਗਾਯਤੀ ਨਿਦਾਨ ਸਟੀਕ, ਵਿਆਸੀ ਵਿਨਾਸ਼ਕ ਸਟੀਕ*, ਪ੍ਰਸਿੱਧ ਹਨ। ਬਹੁਤ ਸਾਰੇ ਮੌਲਿਕ ਗ੍ਰੰਥ ਵੀ ਅੰਕਿਤ ਕੀਤੇ, ਜਿਨ੍ਹਾਂ ਵਿਚ *ਨਿਰਮਲ ਵੈਦ, ਵੈਦਿਕ ਭੰਡਾਰ, ਬਾਲ ਚਕਿਤਸਾ, ਇਸਤਰੀ ਚਕਿਤਸਾ, ਜੇਬੀ ਵੈਦ* ਵਰਣਨਯੋਗ ਹਨ। ਇਨ੍ਹਾਂ ਗ੍ਰੰਥਾਂ ਤੋਂ ਆਯੁਰਵੈਦਿਕ ਦੇ ਵਿਦਿਆਰਥੀ ਲਾਭ ਉਠਾਉਂਦੇ ਰਹੇ ਹਨ।"[13] ਇਨ੍ਹਾਂ ਤੋਂ ਇਲਾਵਾ ਚਕਿਤਸਾ ਨਾਲ ਸੰਬੰਧਿਤ ਹੋਰ ਵੀ ਕਈ ਸੰਤਾਂ ਦੇ ਗ੍ਰੰਥਾਂ ਬਾਰੇ ਜਾਣਕਾਰੀ ਮਿਲਦੀ ਹੈ।

---

[13] ਗਿ. ਬਲਵੰਤ ਸਿੰਘ ਕੋਠਾ ਗੁਰੂ, ਨਿਰਮਲ ਸੰਪ੍ਰਦਾਇ, ਡਾ. ਸਰਬਜਿੰਦਰ ਸਿੰਘ (ਸੰਪਾ.) *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਤੀਜਾ, ਪੰਨਾ 198.

ਨਿਰਮਲ ਸੰਪ੍ਰਦਾਇ ਦੇ ਉਕਤ ਕੁੱਝ ਨਮੂਨਾ ਮਾਤਰ ਸਥਾਨਾਂ ਤੋਂ ਇਲਾਵਾ ਅਨੇਕਾਂ ਅਜਿਹੇ ਸਥਾਨ ਅਤੇ ਨਿਰਮਲੇ ਸੰਤ-ਮਹੰਤ ਹਨ ਜੋ ਆਪਣੇ ਸੰਭਵ ਉਪਰਾਲਿਆਂ ਸਦਕਾ ਪੁਰਾਤਨ ਅਤੇ ਆਧੁਨਿਕ ਇਲਾਜ ਪ੍ਰਣਾਲੀ ਦੁਆਰਾ ਲੋਕਾਂ ਦੇ ਰੋਗਾਂ ਦਾ ਇਲਾਜ ਕਰ ਰਹੇ ਹਨ। ਸਮਾਜ ਸੇਵਾ ਵਿਚ ਪ੍ਰਾਣੀ ਮਾਤਰ ਦੇ ਦੁੱਖਾਂ ਦੀ ਦਵਾ-ਦਾਰੂ ਕਰ ਕੇ ਨਿਰਮਲ ਸੰਪ੍ਰਦਾਇ ਵਡਮੁੱਲਾ ਕਾਰਜ ਕਰ ਰਹੀ ਹੈ।

### 3. ਗ੍ਰਿਹਸਥੀ/ਵਿਰੱਕਤੀ ਵਰਗਾਂ ਨਾਲ ਰਾਬਤਾ

#### ਗ੍ਰਿਹਸਥੀਆਂ ਨਾਲ

ਨਿਰਮਲੇ ਸੰਤ ਜਦੋਂ ਆਪਣੇ ਟਿਕਾਣਿਆਂ ਵਿਚੋਂ ਬਾਹਰ ਲੋਕਾਂ ਵਿਚ ਵਿਚਰਨ ਲੱਗੇ ਤਾਂ ਮਹਿਸੂਸ ਕੀਤਾ ਕਿ ਇਨ੍ਹਾਂ ਗ੍ਰਿਹਸਥੀ ਲੋਕਾਂ ਨੂੰ ਆਪਣੇ ਟਿਕਾਣਿਆਂ ਤੱਕ ਲਿਆਉਣ ਲਈ ਪਹਿਲਾਂ ਇਨ੍ਹਾਂ ਦਾ ਵਿਸ਼ਵਾਸ਼ ਜਿੱਤਣਾ ਜ਼ਰੂਰੀ ਹੈ। ਇਸ ਲਈ ਉਹ ਮਧੂਕੜੀ ਮੰਗਣ ਲਈ ਲੋਕਾਂ ਦੇ ਘਰਾਂ ਤੱਕ ਪਹੁੰਚਦੇ ਅਤੇ ਹੌਲੀ-ਹੌਲੀ ਇਨ੍ਹਾਂ ਪਰਿਵਾਰਾਂ ਨਾਲ ਆਪਣੀ ਸਾਂਝ ਕਾਇਮ ਕਰ ਲੈਂਦੇ ਸਨ। ਪਰਿਵਾਰਿਕ ਮੈਂਬਰ ਵੀ ਸਾਧ ਪ੍ਰਵਿਰਤੀ ਦੇ ਇਨ੍ਹਾਂ ਸੰਤਾਂ ਨੂੰ ਸਤਿਕਾਰ ਦਿੰਦੇ ਅਤੇ ਆਪਣੇ ਹਰ ਦੁੱਖ-ਸੁੱਖ ਵਿਚ ਸ਼ਾਮਲ ਕਰਦੇ ਸਨ। ਰੋਗਾਂ ਦੇ ਇਲਾਜ ਲਈ ਆਉਣ ਵਾਲੇ ਲੋੜਵੰਦਾਂ ਲਈ ਜਿੱਥੇ ਨਿਰਮਲੇ ਸੰਤ ਦਵਾ-ਦਾਰੂ ਉਪਲਬਧ ਕਰਾਉਂਦੇ ਸਨ ਉੱਥੇ ਉਨ੍ਹਾਂ ਦੀਆਂ ਨਿੱਜੀ ਸਮੱਸਿਆਵਾਂ ਅਤੇ ਮਾਨਸਿਕ ਪ੍ਰੇਸ਼ਾਨੀਆਂ ਦਾ ਸੰਭਵ ਹੱਲ ਕਰਦੇ ਜਾਂ ਉਨ੍ਹਾਂ ਨੂੰ ਸਹੀ ਸੇਧ ਕੇ ਤਣਾਅ ਮੁਕਤ ਸਮਾਜ ਦੀ ਸਿਰਜਣਾ ਵੀ ਕਰਦੇ ਸਨ।

ਇਸ ਤਰ੍ਹਾਂ ਦੇ ਆਪਸੀ ਸੰਬੰਧਾਂ ਦੇ ਚਲਦੇ ਇਹ ਗ੍ਰਿਹਸਥੀ ਲੋਕ ਸੰਤਾਂ ਦੇ ਡੇਰਿਆਂ ਵਿਚ ਵੀ ਜਾਣ ਲੱਗੇ ਅਤੇ ਬਣਦੀ ਸੇਵਾ ਵੀ ਕਰਦੇ ਸਨ। ਉਹ ਡੇਰੇ ਜਾਂਦੇ, ਦੁੱਧ ਆਦਿ ਦੀ ਸੇਵਾ ਕਰ ਆਉਂਦੇ। ਇਹ ਪ੍ਰਚਲਨ ਅੱਜ ਤੱਕ ਵੀ ਦੇਖਣ ਨੂੰ ਮਿਲਦਾ ਹੈ ਕਿ ਕਿਸੇ ਪਰਿਵਾਰ ਦੇ ਪਾਲਤੂ ਪਸ਼ੂ ਦੇ ਸੂਣ ਉਪਰੰਤ ਉਸ ਦਾ ਪਹਿਲਾ ਦੁੱਧ ਡੇਰੇ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਨਿਰਮਲੇ ਸੰਤ ਜਿੱਥੇ ਵੀ ਟਿਕਾਣੇ ਬਣਾ ਕੇ ਰਹਿੰਦੇ ਰਹੇ ਹਨ ਉੱਥੇ ਉਹ ਹਰ ਵਰਗ ਵਿਚ ਅਪਣੱਤ ਭਾਵ ਨਾਲ ਵਿਚਰਦੇ ਰਹੇ ਹਨ।

#### ਵਿਰੱਕਤੀਆਂ ਨਾਲ

ਨਿਰਮਲੇ ਸੰਤ ਜਿੱਥੇ ਗ੍ਰਿਹਸਥੀਆਂ ਲੋਕਾਂ ਨਾਲ ਰਾਬਤਾ ਰੱਖ ਕੇ ਉਨ੍ਹਾਂ ਦੇ ਸੁੱਖ-ਦੁੱਖ ਵਿਚ ਸ਼ਰੀਕ ਹੁੰਦੇ ਹਨ ਉੱਥੇ ਉਹ ਵਿਰੱਕਤ ਸੰਤਾਂ-ਮਹੰਤਾਂ ਦਾ ਵੀ ਸਤਿਕਾਰ-ਸਨਮਾਨ ਕਰ ਕੇ ਉਨ੍ਹਾਂ ਦੀ ਸੰਭਵ

ਸਹਾਇਤਾ ਵੀ ਕਰਦੇ ਹਨ। ਇਹ ਪ੍ਰਚਲਨ ਜਿਆਦਾਤਰ ਹਿੰਦੂ ਤੀਰਥਾਂ 'ਤੇ ਵੇਖਣ ਨੂੰ ਮਿਲਦਾ ਹੈ। ਨਿਰਮਲ ਸੰਪ੍ਰਦਾਇ ਦੇ ਹਿੰਦੂ ਤੀਰਥਾਂ 'ਤੇ ਬਣੇ ਸਥਾਨ ਸਭਨਾਂ ਲਈ ਹਮੇਸ਼ਾ ਖੁੱਲ੍ਹੇ ਰਹੇ ਹਨ ਅਤੇ ਸਮੇਂ-ਸਮੇਂ ਇਥੋਂ ਵਿਰੱਕਤੀ ਸੰਤਾਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਜਿਹੜੇ ਵਿਰੱਕਤੀ ਸਾਧੂ ਗ੍ਰਿਹਸਥੀ ਲੋਕਾਂ ਦੇ ਘਰਾਂ ਤੱਕ ਨਹੀਂ ਜਾ ਸਕਦੇ ਸਨ, ਨਿਰਮਲ ਸੰਪ੍ਰਦਾਇ ਉਨ੍ਹਾਂ ਵਿਚਕਾਰ ਇਕ ਪੁਲ ਦਾ ਕੰਮ ਕਰਦੀ ਰਹੀ ਹੈ। ਦਾਨੀ ਸੱਜਣ ਨਿਰਮਲੇ ਸੰਤਾਂ ਨੂੰ ਆਰਥਿਕ ਮਦਦ ਕਰਦੇ ਹਨ ਅਤੇ ਇਹ ਸੰਤ ਉਨ੍ਹਾਂ ਪੈਸਿਆਂ ਵਿਚੋਂ ਹੀ ਵਿਰੱਕਤੀ ਸਾਧੂਆਂ ਦੀਆਂ ਜ਼ਰੂਰਤਾਂ ਵੀ ਪੂਰੀਆਂ ਕਰਦੇ ਹਨ। ਨਿਰਮਲ ਆਸ਼ਰਮ ਰਿਸ਼ੀਕੇਸ਼ ਇਸ ਦੀ ਵੱਡੀ ਉਦਾਹਰਣ ਹੈ ਜਿੱਥੇ ਵਿਰੱਕਤ ਸੰਤਾਂ-ਮਹੰਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਂਦਾ ਹੈ। ਨਿੱਜੀ ਸਰਵੇਖਣ ਦੌਰਾਨ ਦੇਖਿਆ ਗਿਆ ਕਿ "31 ਦਸੰਬਰ 2015 ਦੀ ਰਾਤ ਨੂੰ ਨਿਰਮਲ ਆਸ਼ਰਮ ਰਿਸ਼ੀਕੇਸ਼ ਵਿਖੇ ਮੌਜੂਦਾ ਮਹੰਤ ਰਾਮ ਸਿੰਘ ਜੀ ਵੱਲੋਂ ਸੈਂਕੜੇ ਵਿਰੱਕਤ ਸਾਧੂਆਂ ਨੂੰ ਫੁੱਲਾਂ ਦੀ ਵਰਖਾ ਕਰ ਕੇ ਪੰਗਤ ਵਿਚ ਬਿਠਾਇਆ ਗਿਆ, ਲੰਗਰ ਛਕਾਉਣ ਉਪਰੰਤ ਸਮੂਹ ਸਾਧੂਆਂ ਨੂੰ ਵਧੀਆ ਕਿਸਮ ਦੇ ਕੰਬਲ ਅਤੇ ਕੁੱਝ ਨਕਦ ਮਾਇਆ ਸਤਿਕਾਰ ਸਹਿਤ ਭੇਟ ਕੀਤੀ ਗਈ।"[14] ਇਸ ਵਰਤਾਰੇ ਬਾਰੇ ਖੋਜ ਕਰਦਿਆਂ ਪਤਾ ਲੱਗਾ ਕਿ "ਹਰ ਵਾਰ ਨਵੇਂ ਸਾਲ ਦੀ ਅਰੰਭਤਾ ਸਮੇਂ, ਸਲਾਨਾ ਸਮਾਗਮਾਂ ਅਤੇ ਹੋਰ ਕਈ ਮੌਕਿਆਂ 'ਤੇ ਸਾਧੂ-ਸੰਤਾਂ ਅਤੇ ਜਨ-ਸਧਾਰਨ ਲਈ ਵਿਸ਼ੇਸ਼ ਭੰਡਾਰੇ ਕੀਤੇ ਜਾਂਦੇ ਹਨ। ਜਿਨ੍ਹਾਂ ਵਿਚ ਬਹੁਤ ਸਾਰੇ ਪਕਵਾਨਾਂ ਤੋਂ ਇਲਾਵਾ ਲੋੜਵੰਦਾਂ ਨੂੰ ਬਸਤਰ ਆਦਿ ਅਤੇ ਕੁੱਝ ਨਕਦ ਮਾਇਆ ਵੀ ਤੋਹਫ਼ੇ ਵਜੋਂ ਦਿੱਤੇ ਜਾਂਦੇ ਹਨ।"[15] ਨਿਰਮਲੇ ਸੰਤਾਂ ਦੇ ਅਜਿਹੇ ਕਾਰਜ ਨਿਰਮਲ ਸੰਪ੍ਰਦਾਇ ਨੂੰ ਸਮਾਜ ਸੇਵੀ ਸੰਸਥਾ ਵਜੋਂ ਉਭਾਰਦੇ ਹਨ।

### 4. ਗਰੀਬ ਪਰਿਵਾਰਾਂ ਦੀ ਸਹਾਇਤਾ

ਨਿਰਮਲ ਸੰਪ੍ਰਦਾਇ ਦੇ ਸੰਤਾਂ ਵੱਲੋਂ ਆਪਣੇ ਸਥਾਨਾਂ ਵਿਚ ਸ਼ੁਰੂ ਕੀਤੇ ਕਾਰਜਾਂ ਵੱਲ ਪਹਿਲਾਂ ਤਾਂ ਆਮ ਲੋਕਾਂ ਦਾ ਧਿਆਨ ਨਾ ਗਿਆ ਪ੍ਰੰਤੂ ਹੌਲੀ-ਹੌਲੀ ਨਿਰਮਲੇ ਸੰਤਾਂ ਵੱਲੋਂ ਸਮਾਜ ਦੇ ਨਿਮਨ ਅਤੇ ਮੱਧ ਵਰਗੀ ਲੋਕਾਂ ਦੀਆਂ ਹੋਰ ਜ਼ਰੂਰਤਾਂ ਦੀ ਪੂਰਤੀ ਵੀ ਡੇਰੇ ਵੱਲੋਂ ਹੋਣ ਲੱਗੀ। ਨਿਰਮਲੇ ਸੰਤਾਂ ਦੇ ਸੇਵਾ ਭਾਵ ਨੂੰ ਦੇਖਦੇ ਹੋਏ ਲੋਕ ਇਨ੍ਹਾਂ ਨਾਲ ਨੇੜਤਾ ਵਧਾਉਣ ਲੱਗੇ ਤੇ ਇਨ੍ਹਾਂ ਦੇ ਸਥਾਨਾਂ ਦੀ ਹਾਜ਼ਰੀ ਭਰਨ ਲੱਗੇ।

---

14 *ਨਿੱਜੀ ਸਰਵੇਖਣ*, ਨਿਰਮਲ ਆਸ਼ਰਮ ਰਿਸ਼ੀਕੇਸ਼, ਮਿਤੀ 31 ਦਸੰਬਰ 2015 ਵਿਚੋਂ

15 ਸੰਤ ਜੋਧ ਸਿੰਘ ਜੀ, ਨਿਰਮਲ ਆਸ਼ਰਮ ਰਿਸ਼ੀਕੇਸ਼, *ਨਿੱਜੀ ਮੁਲਾਕਾਤ ਅਤੇ ਸਰਵੇਖਣ*, ਮਿਤੀ 01 ਜਨਵਰੀ 2016 ਵਿਚੋ.

ਨਿਰਮਲੇ ਸੰਤਾਂ ਨੇ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਹੋਏ ਇਕ ਆਦਰਸ਼ਕ ਸਮਾਜ ਦੀ ਸਿਰਜਣਾ ਦਾ ਬੀੜਾ ਚੁੱਕਿਆ ਜਿਸ ਵਿਚ ਊਚ-ਨੀਚ, ਜਾਤ-ਪਾਤ ਅਤੇ ਅਮੀਰ-ਗਰੀਬ ਆਦਿ ਦੇ ਭੇਦ-ਭਾਵ ਲਈ ਕੋਈ ਜਗ੍ਹਾ ਨਹੀ ਸੀ।

ਸੰਤ ਸੰਪੂਰਨ ਸਿੰਘ ਨਿਰਮਲੇ ਸੰਤ ਜੋ ਅਨੰਦਪੁਰ ਸਾਹਿਬ ਵਿਖੇ ਰਹਿੰਦੇ ਸਨ, ਆਪਣੇ ਸਥਾਨ ਵਿਚੋਂ ਬਹੁ-ਪੱਖੀ ਸੇਵਾ ਕਰਦੇ ਰਹੇ ਹਨ। "ਇਕ ਵਾਰ ਇਕ ਲੋੜਵੰਦ ਇਸਤਰੀ ਆਪ ਜੀ ਕੋਲ ਆਈ ਅਤੇ ਬਿਸਤਰੇ ਦੀ ਮੰਗ ਕੀਤੀ। ਆਪ ਜੀ ਨੇ ਆਪਣਾ ਸਾਰਾ ਬਿਸਤਰਾ ਇਕੱਠਾ ਕਰਕੇ ਉਸ ਨੂੰ ਦੇ ਦਿੱਤਾ। ਪ੍ਰੇਮੀਆਂ ਨੇ ਕਿਹਾ ਮਹਾਰਾਜ! ਆਪ ਜੀ ਨੇ ਸਾਰਾ ਬਿਸਤਰਾ ਦੇ ਦਿੱਤਾ ਹੁਣ ਆਪ ਕੀ ਕਰੋਗੇ ਇਕ ਖੇਸ ਰੱਖ ਲੈਣਾ ਸੀ। ਆਪ ਨੇ ਕਿਹਾ 'ਭਾਈ ਉਸ ਗਰੀਬ ਨੂੰ ਲੋੜ ਸੀ, ਸਾਡੀ ਚਿੰਤਾ ਗੁਰੂ ਕਲਗੀਧਰ ਪਾਤਸ਼ਾਹ ਨੂੰ ਹੈ। ਅਸੀਂ ਕਿਉਂ ਫ਼ਿਕਰ ਕਰੀਏ।"[16]

ਨਿਰਮਲੇ ਸੰਤਾਂ ਦੇ ਦਰਾਂ 'ਤੇ ਆਏ ਹਰ ਪ੍ਰਾਣੀ ਨੂੰ ਇਕ ਸਮਾਨ ਮਾਣ ਸਤਿਕਾਰ ਮਿਲਦਾ ਸੀ। ਨਿਰਮਲੇ ਸੰਤਾਂ ਦੀ ਕਾਰਜਸ਼ੈਲੀ ਅਤੇ ਜੀਵਨਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਕਈ ਲੋਕ ਉਨ੍ਹਾਂ ਦੀ ਆਰਥਿਕ ਮਦਦ ਵੀ ਕਰਦੇ ਸਨ। ਨਿਰਮਲੇ ਸੰਤ ਨਿਰਲੇਪ ਪ੍ਰਵਿਰਤੀ ਦੇ ਮਾਲਕ ਸਨ ਅਤੇ ਪਹਿਲਾਂ ਤਾਂ ਉਹ ਇਸ ਮਦਦ ਦਾ ਤਿਆਗ ਕਰਦੇ ਰਹੇ ਹਨ ਪ੍ਰੰਤੂ ਬਾਅਦ ਵਿਚ ਜਦੋਂ ਉਹ ਇਸ ਮਦਦ ਨੂੰ ਸਵੀਕਾਰ ਕਰਨ ਲੱਗੇ ਤਾਂ ਉਹ ਲੋੜ ਅਨੁਸਾਰ ਹੀ ਮਾਇਆ ਆਪਣੇ ਕੋਲ ਰੱਖਦੇ ਸਨ। ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲੇ ਪ੍ਰਾਣੀਆਂ ਬਾਰੇ ਉਹ ਜਾਣਦੇ ਸਨ ਕਿ ਇਸ ਪਰਿਵਾਰ ਦੀਆਂ ਜ਼ਰੂਰਤਾਂ ਕੀ-ਕੀ ਹਨ ਅਤੇ ਜਿਥੋਂ ਤੱਕ ਹੋ ਸਕਦਾ ਉਹ ਉਨ੍ਹਾਂ ਦੀ ਪੂਰਤੀ ਵੀ ਕਰਦੇ। ਜੇਕਰ ਕਿਸੇ ਗਰੀਬ ਪਰਿਵਾਰ ਦਾ ਬੱਚਾ ਵਿਆਹ ਲਾਇਕ ਹੁੰਦਾ ਤਾਂ ਉਹ ਉਨ੍ਹਾਂ ਦੇ ਵਿਆਹ ਵੀ ਕਰਾਉਂਦੇ ਸਨ। ਕਈ ਨਿਰਮਲੇ ਸੰਤ ਅਜੋਕੇ ਸਮੇਂ ਵੀ ਗਰੀਬ ਬੱਚੀਆਂ ਦੇ ਵਿਆਹ ਕਰਾਉਂਦੇ ਹਨ।

ਨਿਰਮਲੇ ਸੰਤ ਸਾਦੇ ਰਹਿਣ-ਸਹਿਣ ਅਤੇ ਸਾਦੇ ਵਿਆਹਾਂ ਦੇ ਹੱਕ ਵਿਚ ਸਨ ਕਿਉਂਕਿ ਉਹ ਦਿਖਾਵੇ ਵਾਲੇ ਕਾਰਜਾਂ ਦੇ ਹੱਕ ਵਿਚ ਨਹੀਂ ਸਨ। ਇਤਿਹਾਸ ਵਿਚ ਇਸ ਗੱਲ ਦਾ ਜ਼ਿਕਰ ਵੀ ਮਿਲਦਾ ਹੈ ਕਿ ਨਿਰਮਲੇ ਸੰਤਾਂ ਦੇ ਅਸ਼ੀਰਵਾਦ ਨਾਲ ਕਿੰਨੇ ਹੀ ਬੱਚਿਆਂ ਦੇ ਵਿਆਹ ਹੋਏ ਹਨ। ਸੰਤ ਧਰਮ ਸਿੰਘ ਨਿਰਮਲ

[16] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 530.

ਆਸ਼ਰਮ ਰਿਸ਼ੀਕੇਸ਼ ਦੇ ਸੇਵਾਦਾਰ ਸਨ। ਇਹ ਹਰ ਸਾਲ ਸੰਤਾਂ ਦੀ ਬਰਸੀ 'ਤੇ ਨਿਰਮਲ ਕੁਟੀਆ ਪਿੰਡ ਖੋਖ (ਨਾਭਾ) ਆਉਂਦੇ ਸਨ। ਹਰ ਸਾਲ ਦੀ ਤਰ੍ਹਾਂ ਇਹ 19 ਅਕਤੂਬਰ ਦੇ ਬਰਸੀ ਸਮਾਗਮਾਂ ਵਿਚ ਸਾਮਲ ਹੋਣ ਲਈ ਇਹ "18.10.1994 ਨੂੰ ਖੋਖ ਨਗਰ ਪਹੁੰਚੇ। ਸੰਗਤਾਂ ਵਿਚੋਂ ਦੋ ਪ੍ਰਾਣੀਆਂ ਨੇ ਆਪਣੇ ਬੱਚਿਆਂ ਦੀ ਸ਼ਾਦੀ ਲਈ ਸ਼ੁਭ ਦਿਨ ਦੱਸਣ ਦੀ ਅਰਜੋਈ ਕੀਤੀ। ਸੰਤਾਂ ਨੇ ਕੁੱਝ ਸਮਾਂ ਸੋਚਣ ਉਪਰੰਤ ਕਿਹਾ ਕਿ 'ਸਭਨਾ ਨੂੰ ਦੱਸ ਦਿਉ ਕਿ ਜਿਤਨੇ ਵੀ ਲੋਗ ਸ਼ਾਦੀਆਂ ਕਰਨੀਆਂ ਚਾਹੁਣ ਕੱਲ੍ਹ ਬਾਈ ਤਾਰੀਖ ਨੂੰ ਸ੍ਰੀ ਅਖੰਡ ਪਾਠ ਸਾਹਿਬ ਪਰਾਰੰਭ ਕਰ ਲਉ। ਚੌਵੀ ਤਾਰੀਖ ਵਾਲੇ ਦਿਨ ਭੋਗ ਉਪਰੰਤ ਇਥੇ ਹੀ ਸ਼ਾਦੀਆਂ ਕਰ ਲੈਣੀਆਂ।' ਇਸ ਗੱਲ ਦਾ ਸੰਗਤਾਂ ਨੂੰ ਪਤਾ ਲੱਗਾ ਤਾਂ ਇਕ-ਇਕ ਕਰਕੇ ਦਸ ਸ਼ਾਦੀਆਂ ਹੋਣੀਆਂ ਨੀਯਤ ਹੋ ਗਈਆਂ। ਮਹਾਂਪੁਰਸ਼ਾਂ ਦੇ ਹੁਕਮ ਅਨੁਸਾਰ 24 ਅਕਤੂਬਰ 1994 ਵਾਲੇ ਦਿਨ ਕਾਫ਼ੀ ਸੰਗਤਾਂ ਦੀ ਹਾਜ਼ਰੀ ਵਿਚ ਭੋਗ ਪਾਏ ਗਏ। ਇਲਾਹੀ ਬਾਣੀ ਦੇ ਕੀਰਤਨ ਦੁਆਰਾ ਢੁੱਕਵੇਂ ਸ਼ਬਦ ਪੜ੍ਹਕੇ ਲਾਵਾਂ ਦੇ ਪਾਠ ਦੁਆਰਾ ਸ਼ਾਦੀਆਂ ਦੇ ਕਾਰਜ ਦੀ ਰਸਮ ਸੰਪੰਨ ਕੀਤੀ ਗਈ।"[17] ਸੰਤਾਂ ਸਮੇਤ ਸਾਰੀਆਂ ਸੰਗਤਾਂ ਨੇ ਇਨ੍ਹਾਂ 10 ਸੁਭਾਗੇ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ। ਇਸ ਤਰ੍ਹਾਂ ਸੰਤਾਂ ਨੇ ਇਹ ਆਦਰਸਕ ਵਿਆਹ ਕਰਵਾ ਕੇ 20 ਘਰਾਂ ਦੇ ਕਾਰਜ ਰਾਸ ਕੀਤੇ।

ਨਿਰਮਲੇ ਸੰਤ ਨਿਰਲੇਪ ਜਿੰਦਗੀ ਬਤੀਤ ਕਰਦੇ ਸਨ, ਜਿੱਥੇ ਉਹ ਲੋੜਵੰਦ ਪਰਿਵਾਰਾਂ ਦੀ ਮਦਦ ਲਈ ਹਰ ਸਮੇਂ ਤਿਆਰ ਰਹਿੰਦੇ ਸਨ ਉੱਥੇ ਉਹ ਨਿਮਨ ਵਰਗ ਦੀ ਮਦਦ ਵੀ ਕਰਦੇ ਸਨ। ਨਿਰਮਲੇ ਸਥਾਨਾਂ 'ਤੇ ਆਏ ਹਰ ਪ੍ਰਾਣੀ ਦਾ ਮਾਣ ਸਤਿਕਾਰ ਕਰਦੇ ਅਤੇ ਖ਼ਰਚੀਲੀਆਂ ਰਸਮਾਂ ਦੇ ਤਿਆਗ ਦਾ ਸੰਦੇਸ਼ ਦਿੰਦੇ ਹੋਏ ਸਮਾਜ ਸੇਵਾ ਵਿਚ ਯੋਗਦਾਨ ਪਾਉਂਦੇ ਹਨ।

**5. ਵਾਤਾਵਰਨ ਦੀ ਸ਼ੁੱਧਤਾ ਅਤੇ ਸਾਂਭ-ਸੰਭਾਲ**

ਨਿਰਮਲੇ ਸੰਤਾਂ ਨੇ ਜਿੱਥੇ ਹੋਰ ਸਮਾਜਿਕ ਸਰੋਕਾਰਾਂ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ ਉੱਥੇ ਉਨ੍ਹਾਂ ਵਾਤਾਵਰਨ ਦੀ ਸ਼ੁੱਧਤਾ ਵਿਚ ਵੀ ਪ੍ਰਸੰਸਾਯੋਗ ਕੰਮ ਕੀਤੇ ਹਨ। ਜਦੋਂ ਅਸੀਂ ਖੇਤਰੀ ਸਰਵੇਖਣ ਦੌਰਾਨ ਨਿਰਮਲੇ ਸੰਤਾਂ ਦੇ ਪੁਰਾਤਨ ਡੇਰਿਆਂ ਨੂੰ ਦੇਖਦੇ ਹਾਂ ਤਾਂ ਉਨ੍ਹਾਂ ਡੇਰਿਆਂ ਦੁਆਲੇ ਅੱਜ ਵੀ ਝੁੰਡਾਂ ਵਿਚ ਕਈ-ਕਈ ਦਰਖ਼ਤ ਲੱਗੇ ਦਿਖਾਈ ਦਿੰਦੇ ਹਨ। ਸਮੇਂ ਦੇ ਗੇੜ ਨਾਲ ਇਨਸਾਨ ਨੇ ਤਰੱਕੀ ਦੇ ਨਾਂ 'ਤੇ ਦਰਖ਼ਤਾਂ ਦੀ ਅੰਨੇਵਾਹ ਕਟਾਈ ਕੀਤੀ ਹੈ। ਅੰਮ੍ਰਿਤ-ਜ਼ਲ ਦੇ ਸੋਮੇਂ ਬਰਬਾਦ ਕਰ ਦਿੱਤੇ ਹਨ। ਕਾਰਖਾਨਿਆਂ

[17] ਸੰਤ ਨਿਰਭਿੰਦਰ ਸਿੰਘ (ਸਰਪੰਚ), *ਅਸਚਰਜ ਵਸਤੂ*, ਪੰਨਾ 515.

ਅਤੇ ਆਵਾਜਾਈ ਦੇ ਸਾਧਨਾਂ ਦੇ ਸ਼ੋਰ ਨਾਲ ਵਾਤਾਵਰਨ ਬਹੁਤ ਵੱਡੇ ਪੱਧਰ 'ਤੇ ਦੂਸ਼ਿਤ ਹੋ ਰਿਹਾ ਹੈ। ਵਾਤਾਵਰਨ ਪ੍ਰਦੂਸ਼ਿਤ ਹੋਣ ਕਾਰਨ ਹੀ ਇਨਸਾਨ ਭਿਆਨਕ ਬਿਮਾਰੀਆਂ ਅਤੇ ਹੋਰ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ।

ਵਾਤਾਵਰਨ ਦੀ ਸ਼ੁੱਧਤਾ ਪ੍ਰਤੀ ਕਾਰਜ ਕਰਨ ਵਾਲੇ ਨਿਰਮਲੇ ਸੰਤਾਂ ਵਿਚੋਂ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਨਾਮ ਵਿਸ਼ੇਸ਼ ਵਿਚਾਰਨਯੋਗ ਹੈ ਜੋ ਦੇਸ਼-ਵਿਦੇਸ਼ ਵਿਚ 'ਵਾਤਾਵਰਨ ਪ੍ਰੇਮੀ' ਵੱਲੋਂ ਜਾਣੇ ਜਾਂਦੇ ਹਨ।

ਵਾਰਾਵਰਨ ਸ਼ੁੱਧ ਰੁੱਖ ਰੱਖਣ ਲਈ ਸੰਤ ਬਲਬੀਰ ਸਿੰਘ ਜੀ ਸੀਚੇਵਾਲ ਨੇ ਬਹੁਤ ਮਹਾਨ ਕੰਮ ਕੀਤਾ ਹੈ। "ਉਨ੍ਹਾਂ ਪਵਿੱਤਰ ਕਾਲੀ ਵੇਈਂ ਦੀ ਸੇਵਾ ਕਰਾਈ ਜਿਸਨੂੰ ਲੋਕਾਂ ਨੇ ਗੰਦਾ ਨਾਲਾ ਬਣਾ ਦਿੱਤਾ ਸੀ। ਹੁਣ ਉਸ ਵਿਚ ਸ਼ੁੱਧ ਤੇ ਸਾਫ਼ ਪਾਣੀ ਵਗ ਰਿਹਾ ਹੈ। ਵੇਈਂ ਦੇ ਕਿਨਾਰੇ ਰੁੱਖ ਅਤੇ ਫੁੱਲਾਂ ਦੇ ਬੂਟੇ ਲਗਾਏ। ਰੋਜ਼ਾਨਾ ਵਾਰੀ ਸਿਰ ਪਿੰਡ ਦੇ ਲੋਕ ਉੱਥੇ ਸਫ਼ਾਈ ਕਰਦੇ ਹਨ। ਪਿੰਡ ਦੇ ਗੰਦੇ ਪਾਣੀ ਨੂੰ ਟਰੀਟ ਕਰਕੇ ਫ਼ਸਲਾਂ ਨੂੰ ਪਾਣੀ ਲਾਉਣ ਦਾ ਪ੍ਰਬੰਧ ਕੀਤਾ ਹੈ। ਜਿਹੜਾ ਗੰਦਾ ਪਾਣੀ ਲੋਕਾਂ ਲਈ ਸ਼ਰਾਪ ਸੀ, ਉਸਨੂੰ ਆਪਣੀ ਤੀਖਣ ਬੁੱਧੀ ਨਾਲ ਸੰਤ ਜੀ ਨੇ ਵਰਦਾਨ ਵਿਚ ਬਦਲ ਦਿੱਤਾ।"[18] ਕਾਲੀ ਵੇਈਂ ਨੂੰ ਸਾਫ਼ ਕਰਨ ਦਾ ਕਾਰਜ ਜੁਲਾਈ 2000 ਈ. ਵਿਚ ਸ਼ੁਰੂ ਹੋਇਆ ਅਤੇ ਜਨਵਰੀ 2020 ਈ. ਤੱਕ ਜਾਰੀ ਰਿਹਾ। ਲਗਭਗ 160 ਕਿਲੋਮੀਟਰ ਲੰਬੀ ਇਸ ਵੇਈਂ ਦੀ ਸਫ਼ਾਈ ਕਰਨਾ ਆਪਣੇ ਆਪ ਵਿਚ ਇਕ ਮਹਾਨ ਕਾਰਜ ਹੈ। ਸੰਤ ਬਲਬੀਰ ਸਿੰਘ ਜੀ ਨੇ ਲੋਕਾਂ ਨੂੰ ਵਾਤਾਵਰਨ ਸ਼ੁੱਧ ਰੱਖਣ ਬਾਰੇ ਜਾਗਰੂਕ ਕੀਤਾ। ਵੇਈਂ ਦੀ ਸਫ਼ਾਈ ਉਪਰੰਤ ਨਿਰਮਲੇ ਮਹੰਤ ਤੇਜਾ ਸਿੰਘ, ਗੁਰੂਸਰ ਖੁੱਡਾ ਨੇ ਪਿੰਡ ਧਨੋਆ ਤੋਂ ਲੈ ਕੇ ਇਸ ਦੇ ਦੁਆਲੇ 10000 ਬੂਟੇ ਲਗਾਉਣ ਦਾ ਕਾਰਜ ਆਰੰਭਿਆ ਹੋਇਆ ਹੈ। ਜੋ ਨਿਰੰਤਰ ਜਾਰੀ ਹੈ।

ਸੰਤ ਬਲਬੀਰ ਸਿੰਘ ਜੀ ਸੀਚੇਵਾਲ ਨੇ ਕਾਲੀ ਵੇਈਂ ਜਿਸ ਵਿਚ ਸੀਵਰੇਜ ਦਾ ਗੰਦਾ ਪਾਣੀ ਪੈਂਦਾ ਸੀ ਉਸ ਨੂੰ ਬੰਦ ਕਰਵਾਇਆ ਅਤੇ ਉਸ ਦੀ ਸਫ਼ਾਈ ਕਰਨ ਉਪਰੰਤ ਉਸ ਵਿਚ ਕੁਦਰਤੀ ਵਹਿਣ ਦੁਆਰਾ ਪਾਣੀ ਦਾ ਵਹਾਅ ਮੁੜ ਚਲਦਾ ਕੀਤਾ ਤੇ ਉਸ ਦੇ ਪਾਣੀ ਨੂੰ ਪੀਣਯੋਗ ਬਣਾ ਦਿੱਤਾ ਇਹ ਉਨ੍ਹਾਂ ਦੀ ਵਡਮੁੱਲੀ ਦੇਣ ਹੈ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਸ਼ਬਦ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ'

---

[18] ਕੁਲਵਿੰਦਰ ਕੌਰ ਮਿਨਹਾਸ (ਡਾ.), *ਕਰਮਯੋਗੀ ਸੰਤ ਬਲਬੀਰ ਸਿੰਘ ਜੀ ਸੀਚੇਵਾਲ*, ਪੰਨਾ 215.

ਦੇ ਅਰਥ ਸਰਲ ਸ਼ਬਦਾਂ ਵਿਚ ਕਰਕੇ ਲੋਕਾਂ ਨੂੰ ਸਮਝਾਉਂਦੇ ਹਨ ਕਿ ਹਵਾ, ਪਾਣੀ ਤੇ ਧਰਤੀ ਨੂੰ ਦੂਸ਼ਿਤ ਨਾ ਕਰੋ, ਇਹ ਸਾਡੇ ਗੁਰੂ, ਪਿਤਾ ਤੇ ਮਾਤਾ ਹਨ। ਜੇ ਅਸੀਂ ਇਨ੍ਹਾਂ ਨੂੰ ਸ਼ੁੱਧ ਰੱਖਾਂਗੇ ਤਾਂ ਹੀ ਧਰਤੀ ਉੱਤੇ ਆਪਣੀ ਹੋਂਦ ਬਰਕਰਾਰ ਰੱਖ ਸਕਾਂਗੇ। ਸੰਤ ਬਲਬੀਰ ਸਿੰਘ ਜੀ ਸੀਚੇਵਾਲ ਹਮੇਸ਼ਾ ਵਾਤਾਵਰਨ ਦੀ ਸ਼ੁੱਧਤਾ ਅਤੇ ਕੁਦਰਤੀ ਆਫ਼ਤਾਂ ਤੋਂ ਬਚਾਅ ਕਾਰਜਾਂ ਵਿਚ ਸੰਗਤਾਂ ਸਮੇਤ ਰੁਚਿਤ ਰਹੇ ਹਨ। ਅਜੋਕੇ ਸਮੇਂ ਵੀ ਉਹ ਲੋਕਾਂ ਨੂੰ ਨਾਲ ਲੈ ਕੇ ਸਤਲੁਜ ਦਰਿਆ ਦੇ ਕਈ ਕਿਲੋਮੀਟਰ ਲੰਮੇ ਧੁਸੀ ਬੰਨ੍ਹ ਨੂੰ ਮਜ਼ਬੂਤ ਕਰਨ ਵਿਚ ਲੱਗੇ ਹੋਏ ਹਨ। ਇਸ ਬੰਨ੍ਹ ਦੀ ਕਮਜ਼ੋਰੀ ਕਾਰਨ ਪਿਛਲੇ ਸਾਲ 2019 ਈ. ਵਿਚ ਬਹੁਤ ਪਿੰਡਾਂ ਦਾ ਜਾਨੀ-ਮਾਲੀ ਨੁਕਸਾਨ ਹੋਇਆ ਸੀ।

ਸੰਤ ਬਲਬੀਰ ਸਿੰਘ ਜੀ ਸੀਚੇਵਾਲ ਨੇ ਵਾਤਾਵਰਨ ਦੀ ਸ਼ੁੱਧਤਾ ਲਈ ਪਿੰਡ ਸੀਚੇਵਾਲ ਵਿਚ ਸੰਤ ਅਵਤਾਰ ਸਿੰਘ ਯਾਦਗਾਰੀ ਨਰਸਰੀ ਬਣਾਈ ਹੋਈ ਹੈ, ਜਿਸ ਵਿਚ ਭਾਂਤ-ਭਾਂਤ ਦੇ ਅਨੇਕਾਂ ਬੂਟੇ ਤਿਆਰ ਕੀਤੇ ਜਾਂਦੇ ਹਨ। ਉਨ੍ਹਾਂ ਇਲਾਕੇ ਦੀਆਂ ਸਾਰੀਆਂ ਸੜਕਾਂ ਅਤੇ ਵੇਈਂ ਨਦੀ ਦੇ ਕਿਨਾਰੇ ਇਸੇ ਨਰਸਰੀ ਵਿਚੋਂ ਲਿਜਾ ਕੇ ਬੂਟੇ ਲਗਾਏ ਹਨ। ਇਲਾਕੇ ਵਿਚ ਜਿੱਥੇ ਵੀ ਖਾਲੀ ਜਗ੍ਹਾ ਹੁੰਦੀ ਹੈ, ਉਹ ਉੱਥੇ ਹੀ ਦਰਖਤ ਲਗਾ ਦਿੰਦੇ ਹਨ। ਸੀਚੇਵਾਲ ਪਿੰਡ ਦੇ ਲਗਭਗ ਹਰ ਘਰ ਵਿਚ ਬੂਟੇ ਲੱਗੇ ਦਿਖਾਈ ਦਿੰਦੇ ਹਨ। ਨਰਸਰੀ ਵਿਚਲੇ ਬੂਟਿਆਂ ਦੀ ਸਾਂਭ-ਸੰਭਾਲ ਵਿਚ ਇਨ੍ਹਾਂ ਦੀਆਂ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀ ਮਦਦ ਕਰਦੇ ਹਨ।

ਸੰਤ ਬਲਬੀਰ ਸਿੰਘ ਸਮਾਜ ਸੇਵਾ ਵਿਚ ਅਗਵਾਈ ਕਰਦੇ ਹੋਏ ਆਪਣੇ ਹੱਥੀਂ ਕਾਰਜ ਕਰਦੇ ਹਨ। ਉਨ੍ਹਾਂ ਦੁਆਰਾ ਵਾਤਾਵਰਨ ਦੀ ਸ਼ੁੱਧਤਾ ਅਤੇ ਸਮਾਜ ਸੇਵਾ ਦੇ ਖੇਤਰ ਵਿਚ ਕੀਤੇ ਬੇਮਿਸਾਲ ਕਾਰਜਾਂ ਦੀ ਚਰਚਾ ਭਾਰਤ ਸਰਕਾਰ ਤੱਕ ਵੀ ਪਹੁੰਚੀ। ਭਾਰਤ ਦੇ ਰਾਸ਼ਟਰਪਤੀ ਏ.ਪੀ.ਜੇ ਅਬਦੁਲ ਕਲਾਮ ਨੇ ਪਹਿਲਾਂ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਵੇਈਂ ਦੀ ਸਫ਼ਾਈ ਦੇ ਸੰਬੰਧ ਵਿਚ 21 ਅਪ੍ਰੈਲ 2006 ਨੂੰ ਰਾਸ਼ਟਰਪਤੀ ਭਵਨ ਵਿਚ ਮੁਲਾਕਾਤ ਕੀਤੀ। ਉਹ ਪਵਿੱਤਰ ਵੇਈਂ ਦੇ ਦਰਸ਼ਨਾਂ ਲਈ ਦੋ ਵਾਰ 17 ਅਗਸਤ 2006 ਈ. ਨੂੰ ਅਤੇ ਫਿਰ ਜੁਲਾਈ 2008 ਈ. ਵਿਚ ਸੁਲਤਾਪੁਰ ਲੋਧੀ ਆਏ ਸਨ। ਉਹ ਸੰਤ ਬਲਬੀਰ ਸਿੰਘ ਸੀਚੇਵਾਲ ਤੋਂ ਉਨ੍ਹਾਂ ਦੇ ਵਾਤਾਵਰਨ ਸੰਬੰਧੀ ਕਾਰਜਾਂ ਕਰ ਕੇ ਬਹੁਤ ਪ੍ਰਭਾਵਿਤ ਸਨ ਇਸ ਲਈ ਉਹ ਸੰਤ ਬਲਬੀਰ ਸਿੰਘ ਜੀ ਨੂੰ ਪੰਜ ਵਾਰ ਮਿਲੇ ਸਨ। ਵਾਤਾਵਰਨ ਦੀ ਸਾਂਭ-ਸੰਭਾਲ ਦੇ ਖੇਤਰ ਵਿਚ ਕੀਤੇ ਵਡਮੁੱਲੇ ਕਾਰਜਾਂ ਸਦਕਾ ਹੀ ਭਾਰਤ ਸਰਕਾਰ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਰਾਸ਼ਟਰਪਤੀ ਸ੍ਰੀ ਪ੍ਰਣਬ ਮੁਖਰਜੀ ਦੁਆਰਾ 30 ਮਾਰਚ 2017 ਨੂੰ 'ਪਦਮ ਸ੍ਰੀ' ਐਵਾਰਡ ਨਾਲ ਸਨਮਾਨਿਤ ਕੀਤਾ ਹੈ।

ਵਾਤਾਵਰਨ ਦੀ ਸ਼ੁੱਧਤਾ ਅਤੇ ਸਮਾਜ ਸੇਵਾ ਵਿਚ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪਿੰਡ ਸੀਚੇਵਾਲ ਨੂੰ ਵਾਤਾਵਰਨ ਦੀ ਸ਼ੁੱਧਤਾ ਪੱਖੋਂ ਭਾਰਤ ਦੇ ਪਹਿਲੇ ਪਿੰਡਾਂ ਵਿਚ ਲਿਆ ਖੜ੍ਹਾ ਕੀਤਾ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਦੇ ਉਪਰਾਲਿਆਂ ਸਦਕਾ ਪਿੰਡ ਸੀਚੇਵਾਲ ਨੂੰ ਸਾਲ 2018-19 ਲਈ ਕੇਂਦਰ ਸਰਕਾਰ ਵੱਲੋਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਦਿੱਤੇ ਜਾਂਦੇ 'ਦੀਨਦਿਆਲ ਉਪਾਧਿਆਏ ਪੰਚਾਇਤ ਸਸ਼ਕਤੀਕਰਨ ਐਵਾਰਡ' ਲਈ ਚੁਣਿਆ ਗਿਆ ਹੈ। ਜਿਸ ਵਿਚ ਸਰਟੀਫ਼ਿਕੇਟ ਤੋਂ ਇਲਾਵਾ 10 ਲੱਖ ਦੀ ਇਨਾਮੀ ਰਾਸ਼ੀ ਸਨਮਾਨ ਦੇ ਤੌਰ ’ਤੇ ਮਿਲਦੀ ਹੈ। ਇਸ ਐਵਾਰਡ ਲਈ ਭਾਰਤ ਦੇ 55000 ਪਿੰਡਾਂ ਨੇ ਆਪਣੇ ਨਾਮ ਦਰਜ ਕਰਵਾਏ ਸਨ ਜਿਨ੍ਹਾਂ ਵਿਚੋਂ 230 ਪਿੰਡਾਂ ਨੂੰ ਇਸ ਇਨਾਮ ਨਾਲ ਨਿਵਾਜਿਆ ਗਿਆ ਹੈ। ਇਹ ਅਵਾਰਡ 7 ਅਗਸਤ 2020 ਨੂੰ ਕੇਂਦਰੀ ਪੰਚਾਇਤ ਮੰਤਰੀ ਅਤੇ ਖੇਤੀ ਮੰਤਰੀ ਵੱਲੋਂ ਦਿੱਤਾ ਗਿਆ ਹੈ।

ਇਸ ਤਰ੍ਹਾਂ ਇਹ ਸਹਿਜੇ ਹੀ ਅਨੁਭਵ ਹੋ ਜਾਂਦਾ ਹੈ ਕਿ ਨਿਰਮਲੇ ਸੰਤਾਂ ਨੇ ਵਾਤਾਵਰਨ ਦੀ ਸ਼ੁੱਧਤਾ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ।

**6. ਲੋੜਵੰਦਾਂ ਦੀ ਸਹਾਇਤਾ**

ਖੋਜ-ਕਾਰਜ ਦੌਰਾਨ ਨਿਰਮਲ ਸੰਪ੍ਰਦਾਇ ਨਾਲ ਸੰਬੰਧਿਤ ਕੁੱਝ ਅਜਿਹੇ ਡੇਰੇ ਵੀ ਸਾਹਮਣੇ ਆਏ ਹਨ ਜੋ ਲੋਕਾਂ ਦੇ ਜੀਵਨ ਨਿਰਬਾਹ ਵਿਚ ਆਪਣਾ ਅਹਿਮ ਯੋਗਦਾਨ ਦੇ ਰਹੇ ਹਨ। ਕੁੱਝ ਨਿਰਮਲੇ ਸਥਾਨ ਅਜਿਹੇ ਵੀ ਹਨ ਜੋ ਲੋਕਾਂ ਨੂੰ ਰੋਜੀ-ਰੋਟੀ ਦੇ ਸਮਰੱਥ ਵੀ ਬਣਾਉਂਦੇ ਹਨ ਅਤੇ ਉਨ੍ਹਾਂ ਦੇ ਰਹਿਣ ਲਈ ਜਮੀਨਾਂ ਵੀ ਮਹੱਈਆ ਕਰਾਉਂਦੇ ਹਨ, ਜਿਵੇ ਨਿਰਮਲਕੋਟ ਡੇਰਾ, ਨਿਰਮਲਕੋਟ ਇਸ ਦੀ ਵੱਡੀ ਮਿਸਾਲ ਪੇਸ਼ ਕਰਦਾ ਹੈ। ਇਹ ਸਾਰਾ ਪਿੰਡ ਨਿਰਮਲੇ ਸੰਤਾਂ ਦੀ ਮਾਲਕੀ ਵਾਲੀ ਜਮੀਨ ’ਤੇ ਵਸਿਆ ਹੋਇਆ ਹੈ। ਨਿਰਮਲੇ ਸੰਤਾਂ ਨੇ ਲੋਕਾਂ ਨੂੰ ਰਹਿਣ ਲਈ ਜਮੀਨ ਮੁਫ਼ਤ ਦਿੱਤੀ ਹੋਈ ਹੈ। ਇਥੇ ਨਿਰਮਲੇ ਸੰਤਾਂ ਦੀ 600 ਕਿੱਲੇ ਦੇ ਕਰੀਬ ਜਮੀਨ ਹੈ। ਇਹ ਨਿਰਮਲੇ ਸੰਤ ਖੇਤੀਬਾੜੀ ਲਈ ਲੋਕਾਂ ਨੂੰ ਕੁੱਝ ਜਮੀਨ ਮਾਮੂਲੀ ਠੇਕੇ-ਵਟਾਈ ’ਤੇ ਵੀ ਦੇ ਦਿੰਦੇ ਹਨ ਤਾਂ ਜੋ ਉਨ੍ਹਾਂ ਦੇ ਪਰਿਵਾਰਾਂ ਦਾ ਨਿਰਬਾਹ ਹੋ ਸਕੇ। ਇਸ ਤਰ੍ਹਾਂ ਨਿਰਮਲੇ ਸੰਤਾਂ ਵੱਲੋਂ ਲੋਕਾਂ ਦੀ ਮਦਦ ਕਰਨ ਦੇ ਹੋਰ ਵੀ ਕਈ ਪ੍ਰਮਾਣ ਮਿਲਦੇ ਹਨ।

ਨਿਰਮਲੇ ਸਥਾਨਾਂ ਦੇ ਨਾਂ ਵੱਡੀਆਂ-ਵੱਡੀਆਂ ਜਗੀਰਾਂ ਹਨ ਜਿਨ੍ਹਾਂ ਤੋਂ ਹੋਣ ਵਾਲੀ ਆਮਦਨ ਨੂੰ ਨਿਰਮਲੇ ਸੰਤ ਸਮਾਜ ਭਲਾਈ ਦੇ ਕਾਰਜਾਂ ਲਈ ਹੀ ਵਰਤਦੇ ਸਨ। ਇਸ ਤਰ੍ਹਾਂ ਨਿਰਮਲੇ ਸੰਤ ਸੁਚਾਰੂ ਰੂਪ ਵਿਚ ਆਰਥਿਕ ਸਾਧਨਾਂ ਦੀ ਵਰਤੋਂ ਕਰਦੇ ਸਨ, ਜਿਵੇਂ:

**ਲੰਗਰ ਸੇਵਾ**

ਨਿਰਮਲੇ ਸੰਤਾਂ ਨੇ ਗੁਰਮਤਿ ਅਨੁਸਾਰ ਵੰਡ ਛਕਣ ਦੇ ਸਿਧਾਂਤ ਨੂੰ ਆਪਣੇ ਸਥਾਨਾਂ ਵਿਚ ਪਰਪੱਕ ਕੀਤਾ। ਇਹ ਨਿਰਮਲੇ ਸਥਾਨ ਜਿੱਥੇ ਮਨ ਦੀ ਭਟਕਣਾ ਨੂੰ ਗੁਰਬਾਣੀ ਦੁਆਰਾ ਸ਼ਾਂਤ ਕਰਦੇ ਸਨ ਉੱਥੇ ਤਨ ਦੀ ਭੁੱਖ ਮਿਟਾਉਣ ਲਈ ਭੋਜਨ ਦਾ ਪ੍ਰਬੰਧ ਵੀ ਕਰਦੇ ਸਨ। ਇਹ ਲੰਗਰ ਸਭ ਪ੍ਰਾਣੀਆਂ ਲਈ ਸਾਂਝਾ ਸੀ। ਨਿਰਮਲੇ ਸਥਾਨਾਂ ਵਿਚ ਸਥਾਪਿਤ ਲੰਗਰ ਸੰਸਥਾ ਨੇ ਅਨੇਕਾਂ ਲੋੜਵੰਦਾਂ ਲਈ ਭੋਜਨ ਦਾ ਪ੍ਰਬੰਧ ਕੀਤਾ। ਅਮੀਰ ਲੋਕ ਇਨ੍ਹਾਂ ਵਿਚੋਂ ਲੰਗਰ ਛਕਦੇ ਅਤੇ ਦਾਨ ਕਰਕੇ ਇਸ ਸੰਸਥਾ ਦੀ ਪਰਪੱਕਤਾ ਨੂੰ ਹੋਰ ਮਜ਼ਬੂਤ ਕਰਦੇ ਸਨ ਅਤੇ ਗਰੀਬ ਲੋਕ ਲੰਗਰ ਛਕਦੇ ਤੇ ਇਥੇ ਸੇਵਾ ਕਰ ਕੇ ਇਸ ਦੀ ਪ੍ਰਫੁਲਿਤਾ ਵਿਚ ਯੋਗਦਾਨ ਪਾਉਂਦੇ ਸਨ।

ਨਿਰਮਲੇ ਸੰਤ ਗੁਰਮਤਿ ਦੇ ਪ੍ਰਚਾਰ ਲਈ ਭਾਰਤ ਦੇ ਕੋਨੇ-ਕੋਨੇ ਵਿਚ ਫੈਲੇ ਹੋਏ ਸਨ ਅਤੇ ਉਨ੍ਹਾਂ ਨੇ ਆਪਣੇ ਡੇਰੇ ਕਾਇਮ ਕਰ ਲਏ ਸਨ। ਪੇਟ ਭਰਨ ਲਈ ਉਨ੍ਹਾਂ ਨੇ "ਮਧੂਕੜੀ ਮੰਗ ਕੇ ਲਿਆਉਣ ਵਾਲੀ ਰੀਤ ਅਪਣਾਈ। ਇਸ ਨਾਲ ਡੇਰੇ ਵਿਚ ਰਹਿਣ ਵਾਲੇ ਵਿਦਿਆਰਥੀ ਜਾਂ ਸਾਧੂ, ਡੇਰੇਦਾਰ ਉੱਤੇ ਭਾਰੀ ਨਹੀਂ ਹੁੰਦੇ ਸਨ। ਮਕਾਨ ਬਣਿਆ ਹੁੰਦਾ ਸੀ ਅਤੇ ਸਾਧੂਆਂ ਦੇ ਰੋਟੀ ਪਾਣੀ ਦਾ ਪ੍ਰਬੰਧ ਮਧੂਕੜੀ ਰਾਹੀਂ ਹੋ ਜਾਂਦਾ ਸੀ।"[19] ਬਾਅਦ ਵਿਚ ਸ਼ਰਧਾਲੂ ਇਨ੍ਹਾਂ ਸੰਤਾਂ ਦੇ ਪ੍ਰਭਾਵ ਸਦਕਾ ਡੇਰੇ ਨੂੰ ਜ਼ਮੀਨਾਂ ਅਰਦਾਸ ਕਰਾ ਦਿੰਦੇ। ਇਸ ਤਰ੍ਹਾਂ ਇਨ੍ਹਾਂ ਜਗੀਰਾਂ ਤੋਂ ਹੋਣ ਵਾਲੀ ਆਮਦਨੀ ਨਾਲ ਡੇਰੇ ਵਿਚ ਭੋਜਨ-ਪਾਣੀ ਚਲਦਾ ਰਹਿੰਦਾ। ਮਹੰਤ ਜੋਗਾ ਸਿੰਘ ਜੋ ਬੁੰਗਾ ਨਿਰਮਲਿਆਂ ਦਾ ਪ੍ਰਬੰਧ ਸੰਭਾਲਦੇ ਸਨ, ਆਏ ਸੰਤਾਂ-ਮਹੰਤਾਂ ਅਤੇ ਹੋਰ ਪ੍ਰਾਣੀਆਂ ਨੂੰ ਹੱਥੀਂ ਪ੍ਰਸ਼ਾਦਾ ਤਿਆਰ ਕਰਕੇ ਛਕਾਉਂਦੇ ਸਨ। "ਆਪ ਵੱਲੋਂ ਚਲਾਏ ਗੁਰੂ ਕੇ ਲੰਗਰ ਦੇ ਪ੍ਰਭਾਵ ਹੇਠ ਹੀ ਸਰਕਾਰ ਵੱਲੋਂ 1852 ਈ. ਵਿਚ ਸਿਆਲਕੋਟ ਵਾਲੀ ਜਗੀਰ ਇਸ ਬੁੰਗੇ ਦੇ ਨਾਂ ਲਾਈ ਗਈ, ਜੋ ਦੇਸ਼ ਦੀ ਵੰਡ ਤੱਕ ਰਹੀ।"[20] ਇਸ ਤਰ੍ਹਾਂ ਡੇਰਿਆਂ ਦੇ ਨਾਮ ਲੱਗੀਆਂ ਜਗੀਰਾਂ ਦੀ ਆਮਦਨ ਤੋਂ ਨਿਰਮਲੇ ਸੰਤਾਂ ਨੇ ਆਪਣੇ ਸਥਾਨਾਂ ਵਿਚ ਗੁਰੂ ਸਿਧਾਂਤਾਂ ਅਨੁਸਾਰ ਲੰਗਰ ਸਥਾਪਿਤ ਕੀਤੇ ਤੇ ਇਹ ਨਿਰਮਲੇ ਸਥਾਨ ਤਨ ਦੇ ਭੁੱਖੇ ਨੂੰ ਲੰਗਰ ਨਾਲ ਤੇ ਮਨ ਦੇ ਭੁੱਖੇ ਨੂੰ ਗੁਰਬਾਣੀ ਨਾਲ ਤ੍ਰਿਪਤੀ ਬਖ਼ਸ਼ਣ ਲੱਗੇ।

---

[19] ਰਾਜਿੰਦਰ ਸਿੰਘ ਸ਼ਾਸਤ੍ਰੀ, ਨਿਰਮਲ ਡੇਰੇ: ਇਤਿਹਾਸ ਤੇ ਪ੍ਰਬੰਧ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 62.

[20] ਹਰਿਭਜਨ ਸਿੰਘ, ਅੰਮ੍ਰਿਤਸਰ ਦੇ ਨਿਰਮਲ ਡੇਰੇ, ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ*, ਪੰਨਾ 94.

ਨਿਰਮਲੇ ਸੰਤ ਸੇਵਾ ਭਾਵਨਾ ਨਾਲ ਦਰ 'ਤੇ ਆਏ ਹਰ ਪ੍ਰਾਣੀ ਨੂੰ ਪ੍ਰਸ਼ਾਦਾ-ਪਾਣੀ ਛਕਾਉਂਦੇ ਹਨ। ਸੰਤ ਨਿਹਾਲ ਸਿੰਘ ਦਮਦਮਾ ਸਾਹਿਬ ਵਿਖੇ ਸੇਵਾ ਕਰਦੇ ਸਨ। ਇਹ "ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਦੇ ਮੁਖੀਏ ਮਹੰਤ ਵੀ ਸਨ। ਇਨ੍ਹਾਂ ਵਿਚ ਨਿਮਰਤਾ ਇਨ੍ਹੀ ਸੀ ਰੋਜ਼ਾਨਾ 25 ਸੇਰ (ਕੱਚਾ) ਆਟਾ ਪੀਹ ਕੇ ਲੰਗਰ ਤਿਆਰ ਕਰਦੇ ਸਨ। ਲੰਗਰ ਦੀਆਂ ਲੋਹਾਂ ਦੀ ਸੁਆਹ ਕਢਕੇ ਬਾਟੇ ਭਰ-ਭਰ ਕੇ ਬਾਹਰ ਸੁੱਟਦੇ ਸਨ।"[21] ਨਿਰਮਲੇ ਸੰਤ ਆਪਣੇ ਸਥਾਨਾਂ ਵਿਚ ਨਿਮਰਤਾ ਨਾਲ ਲੰਗਰ ਸੇਵਾ ਕਰਦੇ ਅਤੇ ਲੋਕ ਇਸ ਪ੍ਰਭਾਵ ਸਦਕਾ ਇਨ੍ਹਾਂ ਨਾਲ ਜੁੜ ਜਾਂਦੇ ਸਨ।

ਨਿਰਮਲ ਸੰਪ੍ਰਦਾਇ ਦੇ ਸੰਤ ਬਾਬਾ ਲੰਗਰ ਸਿੰਘ ਜੋ ਸੰਪ੍ਰਦਾਇ ਬਰਨਾਲਾ ਨਾਲ ਸੰਬੰਧਿਤ ਸਨ, ਨੇ ਕਈ ਸਥਾਨਾਂ 'ਤੇ ਲੰਗਰ ਸੰਸਥਾ ਦਾ ਅਰੰਭ ਕੀਤਾ ਹੈ। ਇਨ੍ਹਾਂ ਬਾਰੇ ਪ੍ਰਸਿੱਧ ਹੈ ਕਿ "ਮੁਕਤਿਸਰ ਵਿਖੇ 40 ਮੁਕਤਿਆਂ ਦੀ ਯਾਦ ਵਿਚ ਮਾਘੀ ਦਾ ਮੇਲਾ ਆਪ ਜੀ ਨੇ ਹੀ ਅਰੰਭ ਕੀਤਾ ਸੀ ਜੋ ਅੱਜ-ਕੱਲ੍ਹ ਪੰਜਾਬ ਦਾ ਪ੍ਰਸਿੱਧ ਮੇਲਾ ਹੈ। ਮਾਘੀ ਦੇ ਜੋੜ ਮੇਲੇ ਸਮੇਂ ਸ੍ਰੀ ਮੁਕਤਿਸਰ ਸਾਹਿਬ ਵਿਖੇ ਆਪ ਅਤੁੱਟ ਲੰਗਰ ਵਰਤਾਉਂਦੇ ਸਨ।"[22] ਲੰਗਰ ਸੰਸਥਾ ਵਿਚ ਪਾਏ ਯੋਗਦਾਨ ਕਾਰਨ ਇਨ੍ਹਾਂ ਦਾ ਨਾਂ ਹੀ 'ਬਾਬਾ ਲੰਗਰ ਸਿੰਘ' ਪ੍ਰਚਲਿਤ ਹੋ ਗਿਆ।

**ਅੰਨ ਦਾ ਕਾਲ ਪੈਣ ਸਮੇਂ ਲੋਕਾਂ ਦੀ ਅੰਨ-ਪਾਣੀ ਦੁਆਰਾ ਸੇਵਾ**

ਨਿਰਮਲੇ ਸੰਤ ਹਰ ਮੁਸੀਬਤ ਦੇ ਸਮੇਂ ਵਿਚ ਲੋਕਾਂ ਨਾਲ ਖੜ੍ਹਦੇ ਰਹੇ ਹਨ ਜਿਸ ਦੇ ਪ੍ਰਮਾਣ ਇਤਿਹਾਸ ਵਿਚੋਂ ਮਿਲਦੇ ਹਨ। ਡੇਰਾ ਬਾਬਾ ਗਾਂਧਾ ਸਿੰਘ, ਬਰਨਾਲਾ ਦਾ ਅਜਿਹੀ ਸਥਿਤੀ ਵਿਚ ਵਿਸ਼ੇਸ਼ ਇਤਿਹਾਸ ਹੈ ਕਿਉਂਕਿ ਇਹ ਡੇਰਾ ਸੰਤ ਨਿੱਕਾ ਸਿੰਘ ਨੇ ਸਥਾਪਿਤ ਕੀਤਾ ਸੀ ਪ੍ਰੰਤੂ ਪ੍ਰਚਲਿਤ ਨਾਂ ਡੇਰਾ ਬਾਬਾ ਗਾਂਧਾ ਸਿੰਘ ਹੈ। ਸੰਤ ਬਾਬਾ ਗਾਂਧਾ ਸਿੰਘ ਨਿਰਮਲ ਡੇਰਾ ਬਰਨਾਲਾ ਦੇ 1828 ਈ. ਵਿਚ ਮਹੰਤ ਬਣੇ। "ਸੰਨ 1860 ਈ. ਵਿਚ ਭਿਆਨਕ ਕਾਲ ਪਿਆ, ਅੰਨ ਕਿਤੋਂ ਮਿਲਦਾ ਨਹੀਂ ਸੀ। ਇਸ ਸਮੇਂ ਆਪ ਜੀ ਨੇ ਅੰਨ ਦੇ ਭੰਡਾਰ ਖੋਲ੍ਹ ਦਿਤੇ ਅਤੇ ਦਿਨ ਰਾਤ ਅਤੁੱਟ ਲੰਗਰ ਵਰਤਾਉਣ ਲੱਗੇ। ਦੂਰ-ਦੂਰ ਤੋਂ ਭੁੱਖ ਨਾਲ ਪੀੜਤ ਆ ਕੇ ਤ੍ਰਿਪਤ ਹੋਣ ਲੱਗੇ। ਰਾਜਸਥਾਨ ਤੱਕ ਦੇ ਆਤਰ ਆ ਕੇ ਭੁੱਖ ਮਿਟਾਉਣ ਲੱਗੇ। ਆਪ ਜਾਣ ਵਾਲਿਆਂ ਨੂੰ ਅੰਨ ਦੇ ਕੇ ਤੋਰਦੇ ਸਨ। ਚੋਹਾਂ ਦਿਸ਼ਾਵਾਂ ਦੇ ਸੈਂਕੜੇ ਮੀਲਾਂ ਤੱਕ ਪ੍ਰਾਣੀ 'ਧੰਨ ਬਾਬਾ ਗਾਂਧਾ ਸਿੰਘ, ਧੰਨ ਬਾਬਾ ਗਾਂਧਾ

---

[21] ਗਿ. ਬਲਵੰਤ ਸਿੰਘ ਕੋਠਾ ਗੁਰੂ, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ*, ਪੰਨਾ 134.

[22] ਉਹੀ, *ਨਿਰਮਲ ਪੰਥ ਬੋਧ*, ਪੰਨਾ 681.

ਸਿੰਘ' ਉਚਾਰਦੇ ਜਾਂਦੇ। ਆਉਣ-ਜਾਣ ਵਾਲਿਆਂ ਦੀ ਇਹ ਧੁਨੀ ਜਾਪ ਬਣ ਗਈ। ਇਹ ਧੁਨੀ ਇਨੀ ਪ੍ਰਸਿੱਧ ਹੋ ਗਈ ਕਿ ਪੰਡਿਤ ਨਿੱਕਾ ਸਿੰਘ ਜੀ ਦੀ ਧਰਮਸ਼ਾਲਾ ਦਾ ਨਾਉਂ, 'ਬਾਬਾ ਗਾਂਧਾ ਸਿੰਘ ਜੀ ਵਾਲਾ ਡੇਰਾ' ਪ੍ਰਸਿਧ ਹੋ ਗਿਆ।"[23] ਨਿਰਮਲੇ ਸੰਤਾਂ ਦੁਆਰਾ ਕਾਲ ਵਿਚ ਕੀਤੀ ਅਜਿਹੀ ਸੇਵਾ ਦਰਸਾਉਂਦੀ ਹੈ ਕਿ ਇਸ ਸੰਪ੍ਰਦਾਇ ਦੇ ਸੰਤਾਂ ਨੇ ਗੁਰੂ ਨਾਨਕ ਦੇਵ ਜੀ ਦੇ ਵੰਡ ਛਕੋ ਵਾਲੇ ਸਿਧਾਂਤ ਨੂੰ ਪੂਰੀ ਦ੍ਰਿੜਤਾ ਨਾਲ ਆਪਣੇ ਸਥਾਨਾਂ ਵਿਚ ਲਾਗੂ ਕੀਤਾ ਹੋਇਆ ਹੈ।

ਗੁਰੂ ਸਾਹਿਬਾਨ ਦੁਆਰਾ ਸਥਾਪਿਤ 'ਪੰਗਤ' ਪ੍ਰੰਪਰਾ ਨੂੰ ਨਿਰਮਲੇ ਸੰਤ ਵੀ ਪੀੜ੍ਹੀ-ਦਰ-ਪੀੜ੍ਹੀ ਨਿਭਾਉਂਦੇ ਆ ਰਹੇ ਹਨ। ਅਜੋਕੇ ਸਮੇਂ ਇਨ੍ਹਾਂ ਦਾ ਇਕ ਵੀ ਸਥਾਨ ਅਜਿਹਾ ਨਹੀਂ ਹੈ ਜਿੱਥੇ ਲੰਗਰ ਦੀ ਸਹੂਲਤ ਨਾ ਹੋਵੇ। ਨਿਰਮਲੇ ਸਥਾਨਾਂ 'ਤੇ ਲੰਗਰ ਪ੍ਰਥਾ ਵਿਚ ਕਿਸੇ ਕਿਸਮ ਦਾ ਕੋਈ ਭੇਦ-ਭਾਵ ਨਹੀਂ ਹੈ। ਭੁੱਖੇ ਲਈ ਅੰਨ-ਪਾਣੀ ਦੀ ਸੇਵਾ ਮੁਹੱਈਆ ਕਰਾਉਣ ਵਿਚ ਇਹ ਸੰਤ ਖ਼ੁਸੀ ਮਹਿਸੂਸ ਕਰਦੇ ਹਨ। ਨਿਰਮਲੇ ਸੰਤ ਵਿਰੱਕਤ ਸਾਧੂਆਂ ਦੀਆਂ ਜ਼ਰੂਰਤਾਂ ਦਾ ਵੀ ਖ਼ਾਸ ਖਿਆਲ ਰੱਖਦੇ ਸਨ। ਵਿਰੱਕਤ ਸਾਧੂ ਜੋ ਗ੍ਰਿਹਸਥੀਆਂ ਦੇ ਦਰਾਂ ਤੱਕ ਨਹੀਂ ਜਾ ਸਕਦੇ ਸਨ ਉਨ੍ਹਾਂ ਲਈ ਭੋਜਨ ਦਾ ਪ੍ਰਬੰਧ ਵੀ ਕਰਦੇ ਸਨ। ਨਿਰਮਲ ਆਸ਼ਰਮ ਰਿਸ਼ੀਕੇਸ਼ ਵਿਚ ਵਿਰੱਕਤ ਸਾਧੂਆਂ ਨੂੰ ਲੰਗਰ ਛਕਾਉਣ ਦੀ ਪ੍ਰੰਪਰਾ ਅਨੋਖੀ ਹੈ ਜੋ ਸਾਰਿਆਂ ਦਾ ਧਿਆਨ ਖਿੱਚਦੀ ਹੈ। "ਸੰਨ 1970 ਈ: ਵਿਚ ਮਹੰਤ ਆਤਮਾ ਸਿੰਘ ਜੀ ਨੇ ਨਿਰਮਲ ਆਸ਼ਰਮ ਰਿਸ਼ੀਕੇਸ਼, ਉਤਰਾਖੰਡ ਵਿਖੇ ਵਿਰੱਕਤ ਮਹਾਰਾਜ ਜੀ ਦੀ ਪ੍ਰੇਰਨਾ ਨਾਲ ਅੰਨ-ਛੇਤਰ ਸ਼ੁਰੂ ਕੀਤਾ। ਪਰੰਪਰਾ ਅਨੁਸਾਰ ਹੁਣ ਵੀ ਪ੍ਰਤੀ ਦਿਨ ਸਵੇਰੇ ਤਕਰੀਬਨ 800 ਸੰਤ-ਮਹਾਤਮਾ ਭੋਜਨ ਲੈਣ ਲਈ ਆਉਂਦੇ ਹਨ। ਉਨ੍ਹਾਂ ਦੇ ਸਤਿਕਾਰ ਵਜੋਂ ਆਰਤੀ ਅਤੇ ਫੁੱਲਾਂ ਦੀ ਵਰਖਾ ਕਰਨ ਤੋਂ ਬਾਅਦ, ਸ਼ਰਧਾ ਸਹਿਤ ਲੰਗਰ ਵਰਤਾਇਆ ਜਾਂਦਾ ਹੈ।"[24] ਇਹ ਆਸ਼ਰਮ ਵਿਚ ਰੋਜ਼ਾਨਾ ਦੀ ਪ੍ਰਕਿਰਿਆ ਹੈ। ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾ ਨੂੰ ਜਾਣ ਵਾਲੀ ਸੰਗਤ ਵੀ ਜ਼ਿਆਦਾਤਰ ਇਸ ਸਥਾਨ 'ਤੇ ਹੀ ਲੰਗਰ ਛਕਦੀ ਤੇ ਆਰਾਮ ਕਰਦੀ ਹੈ।

ਨਿਰਮਲ ਸੰਪ੍ਰਦਾਇ ਦੇ ਸਮਾਜ ਸੇਵੀ ਸਥਾਨਾਂ ਵਿਚ 'ਨਿਰਮਲ ਕੁਟੀਆ ਕਰਨਾਲ' ਦਾ ਸਨਮਾਨਯੋਗ ਸਥਾਨ ਹੈ। ਇਹ ਸਥਾਨ ਭੁੱਖੇ ਨੂੰ ਰੋਟੀ, ਨੰਗੇ ਨੂੰ ਤਨ ਢਕਣ ਲਈ ਕੱਪੜਾ, ਵਿਦਿਆ ਦਾ ਦਾਨ ਅਤੇ ਬਿਮਾਰ ਲਈ ਦਵਾ-ਦਾਰੂ ਦਾ ਪ੍ਰਬੰਧ ਕਰਨ ਆਦਿ ਖੇਤਰਾਂ ਵਿਚ ਆਪਣੀਆਂ ਸੇਵਾਵਾਂ ਦੇ ਰਹੀ ਹੈ। ਇਸ

---

[23] ਗਿ. ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਬੋਧ*, ਪੰਨਾ 686.

[24] ਨਿਰਮਲ ਆਸ਼ਰਮ ਰਿਸ਼ੀਕੇਸ਼, *ਨਿਰਮਲ ਆਸ਼ਰਮ ਦੀ ਜਾਣਕਾਰੀ*, ਕਿਤਾਬਚਾ, ਪੰਨਾ 07.

ਸਥਾਨ ਦੇ ਮੌਜੂਦਾ ਪ੍ਰਬੰਧਕ ਸੰਤ ਨਿਰਭਿੰਦਰ ਸਿੰਘ 'ਸਰਪੰਚ' ਹਨ। ਇਨ੍ਹਾਂ ਦੀ ਦੇਖ-ਰੇਖ ਵਿਚ "ਇਸ ਸਥਾਨ 'ਤੇ ਲੰਗਰ ਚਲਦਾ ਹੈ ਜਿਸ ਵਿਚ 100 ਤੋਂ 150 ਤੱਕ ਸੇਵਾਦਾਰ ਰੋਜ਼ਾਨਾ ਸੇਵਾ ਕਰਦੇ ਹਨ, ਇਨ੍ਹਾਂ ਵਿਚੋਂ ਸਿਰਫ਼ 15 ਤਨਖ਼ਾਹਦਾਰ ਹਨ। ਇਹ ਲੰਗਰ 24 ਘੰਟੇ ਵਰਤਦਾ ਹੈ ਤੇ ਸੈਂਕੜੇ ਪ੍ਰਾਣੀ ਰੋਜ਼ਾਨਾ ਲੰਗਰ ਛਕਦੇ ਹਨ। ਲੰਗਰ ਵਿਚ ਰੋਜ਼ਾਨਾ 10 ਕੁਇੰਟਲ ਆਟਾ ਪੱਕਦਾ ਹੈ। ਇਸ ਸਥਾਨ ਲਈ ਕੋਈ ਵਿਸ਼ੇਸ਼ ਉਗਰਾਹੀ ਨਹੀਂ ਕੀਤੀ ਜਾਂਦੀ। ਇਥੋਂ ਹੀ ਲੰਗਰ ਇਸੇ ਸੰਸਥਾ ਦੇ ਹਸਪਤਾਲ ਵਿਚ ਮਰੀਜ਼ਾਂ ਲਈ ਭੇਜਿਆ ਜਾਂਦਾ ਹੈ।"[25] ਬਹੁਪੱਖੀ ਸੇਵਾਵਾਂ ਸਦਕਾ ਇਸ ਸਥਾਨ ਦਾ ਸਮਾਜ ਵਿਚ ਸਨਮਾਨਯੋਗ ਸਥਾਨ ਹੈ।

ਉਕਤ ਚਰਚਾ ਤੋਂ ਸਹਿਜੇ ਅਨੁਭਵ ਹੋ ਜਾਂਦਾ ਹੈ ਕਿ ਪਹਿਲਾਂ ਨਿਰਮਲੇ ਸੰਤ ਲੋਕਾਂ ਦੇ ਘਰਾਂ ਵਿਚੋਂ ਮਧੂਕੜੀ ਮੰਗ ਕੇ ਲਿਆਉਂਦੇ ਸਨ, ਆਪ ਅਤੇ ਡੇਰੇ ਵਿਚ ਆਏ ਹੋਰ ਪ੍ਰਾਣੀਆਂ ਨੂੰ ਲੰਗਰ ਛਕਾਉਂਦੇ ਸਨ। ਮਧੂਕੜੀ ਮੰਗਣ ਗਏ ਸੰਤ ਪਿੰਡ ਵਿਚ ਪਰਿਵਾਰਿਕ ਮੈਂਬਰਾਂ ਨਾਲ ਮੇਲ-ਜੋਲ ਵਧਾ ਕੇ ਉਨ੍ਹਾਂ ਨੂੰ ਗੁਰਮਤਿ ਵੱਲ ਵੀ ਪ੍ਰੇਰਿਤ ਕਰਦੇ ਸਨ। ਬਾਅਦ ਵਿਚ ਜਦੋਂ ਨਿਰਮਲੇ ਸਥਾਨ ਆਰਥਿਕ ਪੱਖੋਂ ਮਜ਼ਬੂਤ ਹੋਏ ਤਾਂ ਇਨ੍ਹਾਂ ਨੇ ਲੰਗਰ ਡੇਰਿਆਂ ਵਿਚ ਵੀ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਜਿਥੋਂ ਪਿੰਡ ਜਾਂ ਬਾਹਰ ਦਾ ਕੋਈ ਵੀ ਅਮੀਰ-ਗਰੀਬ ਪ੍ਰਾਣੀ ਬਿਨਾਂ ਭੇਦ-ਭਾਵ ਦੇ ਲੰਗਰ ਛਕ ਸਕਦਾ ਸੀ।

ਅਜੋਕੇ ਸਮੇਂ ਲਗਭਗ ਹਰੇਕ ਨਿਰਮਲ ਡੇਰੇ ਵਿਚ ਆਉਣ ਵਾਲੇ ਪ੍ਰਾਣੀ ਨੂੰ ਭੋਜਨ ਅਤੇ ਚਾਹ-ਪਾਣੀ ਮਿਲਦਾ ਹੈ। ਨਿਰਮਲ ਡੇਰਿਆਂ ਨੇ ਪੰਗਤ ਦੀ ਰੀਤ ਨੂੰ ਪੂਰੀ ਤਰ੍ਹਾਂ ਕਾਇਮ ਰੱਖਿਆ ਹੋਇਆ ਹੈ। ਨਿਰਮਲੇ ਸੰਤ ਆਪ ਵੀ ਉਹੀ ਲੰਗਰ ਛਕਦੇ ਹਨ ਜੋ ਸੰਗਤ ਲਈ ਉਪਲਬਧ ਹੁੰਦਾ ਹੈ। ਇਸ ਤਰ੍ਹਾਂ ਨਿਰਮਲ ਸੰਪ੍ਰਦਾਇ ਦੇ ਸੋਮੇ ਲੰਗਰ ਸੇਵਾ ਦੁਆਰਾ ਵੀ ਸਮਾਜ ਸੇਵਾ ਵਿਚ ਅਹਿਮ ਯੋਗਦਾਨ ਪਾ ਰਹੇ ਹਨ।

### 7. ਹੋਰ ਸਮਾਜਿਕ ਕਾਰਜ

#### ਸੜਕ–ਪੁਲ ਬਣਾ ਕੇ ਸਹਾਇਤਾ

ਨਿਰਮਲੇ ਸੰਤਾਂ ਦੇ ਪਿੰਡਾਂ ਵਿਚ ਬਣੇ ਸਥਾਨ ਬਹੁ-ਪੱਖੀ ਸੇਵਾ ਦੇ ਸੋਮੇਂ ਹਨ। ਇਨ੍ਹਾਂ ਸਥਾਨਾਂ ਵਿਚੋਂ ਗੁਰ-ਆਸ਼ੇ ਅਨੁਸਾਰ ਸਮਾਜ ਸੇਵਾ ਦੇ ਪਾਠਸ਼ਾਲਾ, ਔਸ਼ਧਾਲਾ, ਪੁਸਤਕਾਲਾ ਅਤੇ ਭੋਜਨਾਲਾ ਦੇ ਸਰੋਕਾਰ ਰੂਪਮਾਨ ਹੁੰਦੇ ਹਨ। ਨਿਰਮਲੇ ਸੰਤ ਲੋਕਾਂ ਵਿਚ ਵਿਚਰਦੇ ਉਨ੍ਹਾਂ ਦੀਆਂ ਸਰਬ-ਸਾਂਝੀਆਂ ਸਮੱਸਿਆਵਾਂ ਵੱਲ

---

[25] ਸੰਤ ਨਿਰਭਿੰਦਰ ਸਿੰਘ (ਸਰਪੰਚ), ਨਿਰਮਲ ਕੁਟੀਆ ਕਰਨਾਲ, *ਨਿੱਜੀ ਮੁਲਾਕਾਤ,* ਮਿਤੀ 30 ਦਸੰਬਰ 2017 ਵਿਚੋਂ.

ਵੀ ਧਿਆਨ ਦਿੰਦੇ ਹਨ। ਜੇਕਰ ਇਲਾਕੇ ਵਿਚ ਕਿਧਰੇ ਕੋਈ ਰਸਤਾ ਖ਼ਰਾਬ ਹੁੰਦਾ ਤਾਂ ਲੋਕਾਂ ਨੂੰ ਨਾਲ ਕੇ ਉਸ ਨੂੰ ਸੰਵਾਰਨ ਲਈ ਉਦਮ ਕਰਦੇ ਹਨ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪਿੰਡਾਂ ਦੇ ਰਸਤਿਆਂ ਦੀ ਹਾਲਤ ਠੀਕ ਕੀਤੀ। "ਕਈ ਰਸਤਿਆਂ ਦੀ ਹਾਲਤ ਐਨੀ ਭੈੜੀ ਸੀ ਕਿ ਜੇ ਮੀਂਹ ਵਰ ਜਾਵੇ ਤਾਂ ਚਿੱਕੜ ਹੀ ਚਿੱਕੜ ਹੋ ਜਾਂਦਾ ਸੀ। ਕਈ ਰਸਤਿਆਂ ਦੀ ਹਾਲਤ ਬਹੁਤ ਬੁਰੀ ਸੀ। ਸੰਤ ਜੀ ਨੇ ਪਹਿਲਾਂ ਸੰਗਤਾਂ ਨੂੰ ਨਾਲ ਲੈ ਕੇ ਰਸਤੇ ਪੱਧਰ ਕੀਤੇ ਫਿਰ ਉਨ੍ਹਾਂ 'ਤੇ ਮਿੱਟੀ ਪਾ ਕੇ ਪੱਕੀਆਂ ਸੜਕਾਂ ਬਣਾਈਆਂ। ਪੱਕੀਆਂ ਸੜਕਾਂ ਬਣਾਉਣ ਕਰਕੇ ਆਪ 'ਸੜਕਾਂ ਵਾਲੇ ਬਾਬੇ' ਨਾਂ ਨਾਲ ਮਸ਼ਹੂਰ ਹੋ ਗਏ।"[26] ਇਸ ਤਰ੍ਹਾਂ ਦੇ ਹੋਰ ਕਈ ਕਾਰਜ ਉਹ ਅੱਜ ਤੱਕ ਕਰ ਰਹੇ ਹਨ।

ਸਮਾਜ ਸੁਧਾਰ ਦੇ ਕੰਮਾਂ ਵਿਚ ਨਿਰਮਲੇ ਸੰਤਾਂ ਨੇ ਬਹੁਤ ਕਾਰਜ ਕੀਤੇ ਹਨ। ਸੰਤ ਸੇਵਾ ਸਿੰਘ ਜੀ ਕਿਲ੍ਹਾ ਆਨੰਦਗੜ੍ਹ ਵਾਲੇ ਬਹੁਤ ਸਾਰੇ ਗੁਰਸਥਾਨਾਂ ਦੀ ਸੇਵਾ ਕਰਾਉਂਦੇ ਰਹੇ ਹਨ। ਉਨ੍ਹਾਂ ਦੇ ਉਤਾਰਧਿਕਾਰੀ "ਸੰਤ ਲਾਭ ਸਿੰਘ ਅਤੇ ਸੰਤ ਭਾਗ ਸਿੰਘ ਜੀ[27] ਹੋਏ ਹਨ। ਸੰਤ ਲਾਭ ਸਿੰਘ ਜੀ ਨੇ ਸੰਗਤਾਂ ਦੀ ਸਹੂਲਤ ਲਈ ਚੰਦਪੁਰ ਬੇਲਾ (ਰੂਪਨਗਰ) ਅਤੇ ਰਾਮਗੜ੍ਹ ਬੇਲਾ ਵਿਖੇ ਦਰਿਆ ਸਤਲੁਜ ਉਪਰ ਪੁਲ ਬਣਵਾਏ, ਗੁਰੂ ਹਰਿ ਰਾਏ ਸਾਹਿਬ ਮਾਰਗ ਦਾ ਨਿਰਮਾਣ ਅਤੇ ਬੀਤ ਇਲਾਕੇ ਵਿਚ ਸੜਕਾਂ ਦਾ ਨਿਰਮਾਣ ਕਰਵਾਇਆ।"[28] ਇਸ ਇਲਾਕੇ ਵਿਚ ਸਤਲੁਜ ਦਰਿਆ 'ਤੇ ਪੁਲ ਨਾ ਹੋਣ ਕਾਰਨ ਅਤੇ ਸੜਕਾਂ ਦੀ ਮਾੜੀ ਹਾਲਤ ਕਾਰਨ ਲੋਕਾਂ ਨੂੰ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਨਿਰਮਲੇ ਸੰਤਾਂ ਦੇ ਉਦਮ ਸਦਕਾ ਇਨ੍ਹਾਂ ਸਮੱਸਿਆਵਾਂ ਦਾ ਹੱਲ ਹੋ ਗਿਆ ਜਿਸ ਕਾਰਨ ਇਲਾਕੇ ਵਿਚ ਇਨ੍ਹਾਂ ਦੇ ਮਾਣ ਸਤਿਕਾਰ ਵਿਚ ਵਾਧਾ ਹੋਇਆ। ਨਿਰਮਲੇ ਸੰਤਾਂ ਨੇ ਲੋਕਾਂ ਨੂੰ ਦਰਪੇਸ਼ ਆਉਂਦੀਆਂ ਅਨੇਕਾਂ ਸਮੱਸਿਆਵਾਂ ਸੰਗਤਾਂ ਦੇ ਸਹਿਯੋਗ ਨਾਲ ਉਦਮ ਕਰ ਕੇ ਹੱਲ ਕੀਤੀਆਂ ਹਨ।

**ਗਊ ਰੱਖਿਆ ਵਿਚ**

---

[26] ਕੁਲਵਿੰਦਰ ਕੌਰ ਮਿਨਹਾਸ (ਡਾ.), *ਕਰਮਯੋਗੀ ਸੰਤ ਬਲਬੀਰ ਸਿੰਘ ਜੀ ਸੀਚੇਵਾਲ*, ਪੰਨੇ 147-48.

[27] ਇਹ ਉਹ ਸੰਤ ਭਾਗ ਸਿੰਘ ਜੀ ਹਨ ਜਿਨ੍ਹਾਂ ਦੇ ਨਾਮ 'ਤੇ *ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਚੈਰੀਟੇਬਲ ਸੋਸਾਇਟੀ*, ਡੇਰਾ ਸੰਤਪੁਰਾ ਰਜਿਸਟਰਡ ਹੈ। ਇਸ ਸੋਸਾਇਟੀ ਅਧੀਨ ਕਈ ਵਿਦਿਆਲੇ ਚੱਲ ਰਹੇ ਹਨ ਜਿਨ੍ਹਾਂ ਦਾ ਜ਼ਿਕਰ ਦੂਜੇ ਅਧਿਆਇ ਵਿਚ ਕੀਤਾ ਗਿਆ ਹੈ।

[28] ਪ੍ਰੋ ਹਰਬੰਸ ਸਿੰਘ ਬੋਲੀਨਾ, ਦੁਆਬਾ ਨਿਰਮਲ ਮੰਡਲ ਦੇ ਯੋਗਦਾਨ ਦੀ ਪ੍ਰਮਾਣਿਕਤਾ ਅਤੇ ਪ੍ਰਸੰਗਿਕਤਾ, ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਜੂਨ 2009, ਪੰਨਾ 241

ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਗਊ ਰੱਖਿਆ ਵਿਚ ਵੀ ਅਹਿਮ ਯੋਗਦਾਨ ਦਿੱਤਾ ਹੈ। "ਸੰਨ 1975 ਵਿਚ ਹਰਿਦੁਆਰ ਦੇ ਨਜ਼ਦੀਕ ਪਿੰਡ ਕਟਾਰਪੁਰ ਵਿਚ ਸ਼ਰੇਆਮ ਗਊ ਹੱਤਿਆ ਕਰਨ ਦੇ ਚੈਲੰਜ ਨੂੰ ਸੁਣ ਕੇ ਗੁਰਦੁਆਰਾ ਪਾਤਸ਼ਾਹੀ ਤੀਜੀ, ਡੇਰਾ ਬਾਬਾ ਦਰਗਾਹਾ ਸਿੰਘ ਜੀ ਦੇ ਮਹੰਤ ਸ੍ਰੀ ਮਾਨ ਸੰਤ ਹਰਨਾਮ ਸਿੰਘ ਜੀ ਨੇ ਆਪਣਾ ਧਰਮ ਜਾਣ ਕੇ ਵਿਰੋਧ ਕੀਤਾ। ਮੁਸਲਮਾਨਾਂ ਦੇ ਨਾ ਮੰਨਣ 'ਤੇ ਕੁੱਝ ਸ਼ਰਧਾਲੂਆਂ ਸਹਿਤ ਮੁਸਲਮਾਨਾਂ ਨਾਲ ਟਾਕਰਾ ਕਰਕੇ ਗਊਆਂ ਛੁਡਵਾਈਆਂ, ਮਹੰਤ ਜੀ ਨੂੰ ਕਤਲ-ਕੇਸ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਮਰ ਕੈਦ ਦੀ ਸਜਾ ਸੁਣਾਈ ਗਈ।"[29] ਨਿਰਮਲੇ ਸੰਤ ਗਊ ਰੱਖਿਆ ਨੂੰ ਆਪਣਾ ਧਰਮ ਸਮਝਦੇ ਹਨ।

ਨਿਰਮਲੇ ਸੰਤਾਂ ਨੇ ਗਊਆਂ ਦੀ ਸਾਂਭ-ਸੰਭਾਲ ਲਈ ਗਊਸ਼ਾਲਾ ਵੀ ਸਥਾਪਿਤ ਕੀਤੀਆਂ ਹੋਈਆਂ ਹਨ। ਨਿਰਮਲ ਕੁਟੀਆ ਕਰਨਾਲ ਦੇ ਪ੍ਰਬੰਧ ਅਧੀਨ ਇਕ ਗਊਸ਼ਾਲਾ "ਨਿਰਮਲ ਬਾਗ ਪਿੰਡ ਫੂਸਗੜ੍ਹ (ਕਰਨਾਲ) ਵਿਖੇ ਸਥਪਿਤ ਕੀਤੀ ਹੋਈ ਹੈ। ਜਿਸ ਵਿਚ ਦੇਸੀ ਗਊਆਂ ਦੇ ਨਾਲ-ਨਾਲ ਵਿਦੇਸ਼ੀ ਨਸਲ ਅਤੀ ਉੱਤਮ ਗਊਆਂ ਰੱਖੀਆਂ ਹੋਈਆਂ ਹਨ। ਇਨ੍ਹਾਂ ਗਊਆਂ ਦਾ ਦੁੱਧ ਨਿਰਮਲ ਕੁਟੀਆ ਕਰਨਾਲ ਵਿਖੇ ਲੰਗਰ ਲਈ ਵਰਤਿਆ ਜਾਂਦਾ ਹੈ। ਇਸ ਗਊਸ਼ਾਲਾ ਵਿਚ ਅਨੇਕਾਂ ਪ੍ਰਕਾਰ ਦੇ ਬੂਟੇ ਲਗਾਏ ਗਏ ਹਨ ਅਤੇ ਸਾਫ਼-ਸਫ਼ਾਈ ਦਾ ਵਧੀਆ ਪ੍ਰਬੰਧ ਹੈ।"[30] ਇਸ ਤਰ੍ਹਾਂ ਨਿਰਮਲੇ ਸੰਤਾਂ ਨੇ ਗਊ ਰੱਖਿਆ ਲਈ ਵੀ ਕਈ ਉਪਰਾਲੇ ਕੀਤੇ ਹਨ ਜੋ ਸਮਾਜ ਸੇਵਾ ਦਾ ਵਡਮੁੱਲਾ ਕਾਰਜ ਹੈ।

**ਬਿਰਧ ਆਸ਼ਰਮ**

ਨਿਰਮਲੇ ਸੰਤਾਂ ਨੇ ਜਿੱਥੇ ਸਮਾਜ ਦੇ ਹੋਰ ਖੇਤਰਾਂ ਵਿਚ ਅਹਿਮ ਯੋਗਦਾਨ ਦਿੱਤਾ ਹੈ ਉੱਥੇ ਹਾਲਾਤ ਵਸੋਂ ਬੇਘਰ ਹੋਏ ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਬੀੜਾ ਵੀ ਚੁੱਕਿਆ ਹੈ। ਨਿਰਮਲੇ ਸਥਾਨਾਂ ਵਿਚ ਬਹੁਤ ਸਾਰੇ ਅਜਿਹੇ ਪ੍ਰਾਣੀ ਦੇਖਣ ਨੂੰ ਮਿਲਦੇ ਹਨ ਜੋ ਹਾਲਾਤਾਂ ਦੇ ਚਲਦੇ ਇਨ੍ਹਾਂ ਸਥਾਨਾਂ 'ਤੇ ਹੀ ਆਪਣਾ ਜੀਵਨ ਗੁਜਾਰ ਰਹੇ ਹਨ। ਨਿਰਮਲੇ ਸੰਤਾਂ ਦੀ ਸੰਗਤ ਵਿਚ ਇਹ ਪਰਮਾਤਮਾ ਦਾ ਨਾਮ ਲੈਂਦੇ ਤੇ ਆਈ ਸੰਗਤ ਤੇ ਸਥਾਨਾਂ ਦੀ ਸੇਵਾ ਵਿਚ ਰੁਚਿਤ ਰਹਿੰਦੇ ਹਨ।

---

[29] ਸੰਤ ਦਰਸ਼ਨ ਸਿੰਘ ਸ਼ਾਸਤ੍ਰੀ, ਸੰਤ ਸਤਨਾਮ ਸਿੰਘ ਸ਼ਾਸਤ੍ਰੀ, ਸੰਤ ਜਸਵਿਦਰ ਸਿੰਘ ਸ਼ਾਸਤ੍ਰੀ, ਨਿਰਮਲ ਭੇਖ ਤਥਾ ਨਿਰਮਲੇ ਸੰਤਾਂ ਦਾ ਸਮਾਜ ਨੂੰ ਸਰਵ ਪੱਖੀ ਯੋਗਦਾਨ, ਡਾ. ਹਰਭਜਨ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆਕਾਰੀ*, ਪੰਨਾ 47.

[30] ਸੰਤ ਨਿਰਭਿੰਦਰ ਸਿੰਘ (ਸਰਪੰਚ), ਨਿਰਮਲ ਕੁਟੀਆ ਕਰਨਾਲ, *ਨਿੱਜੀ ਮੁਲਾਕਾਤ*, ਮਿਤੀ 30 ਦਸੰਬਰ 2017 ਵਿਚੋਂ.

ਭਾਵੇਂ ਨਿਰਮਲ ਸੰਪ੍ਰਦਾਇ ਦੇ ਸਮੁੱਚੇ ਸਥਾਨ ਕਿਸੇ ਕਿਸਮ ਦੇ ਭੇਦ-ਭਾਵ ਤੋਂ ਬਿਨਾਂ ਸਾਰਿਆਂ ਲਈ ਹਮੇਸ਼ਾ ਖੁੱਲ੍ਹੇ ਹਨ ਫਿਰ ਵੀ ਨਿਰਮਲੇ ਸੰਤਾਂ ਨੇ ਬਜ਼ੁਰਗਾਂ ਦੀ ਸੇਵਾ ਲਈ ਵਿਸੇਸ ਸਥਾਨ ਕਾਇਮ ਕੀਤੇ ਹਨ। ਨਿਰਮਲ ਆਸ਼ਰਮ ਰਿਸ਼ੀਕੇਸ਼ ਦੇ ਪ੍ਰਬੰਧ ਅਧੀਨ ਚਲਦੇ 'ਨਿਰਮਲ ਧਾਮ', ਮਾਡਲ ਟਾਊਨ, ਕਰਨਾਲ ਵੱਲੋਂ ਇਥੇ ਇਕ 'ਬਿਰਧ ਘਰ' ਦੀ ਸਥਾਪਨਾ ਕੀਤੀ ਹੋਈ ਹੈ। "ਜਿਸ ਵਿਚ 250 ਦੇ ਕਰੀਬ ਬੇਸਹਾਰਾ ਪੁਰਸ਼ ਅਤੇ ਇਸਤਰੀਆਂ ਰਹਿੰਦੀਆਂ ਹਨ। ਇਨ੍ਹਾਂ ਨੂੰ ਕੱਪੜੇ, ਖਾਣਾ-ਪੀਣਾ, ਦਵਾਈਆਂ ਆਦਿ ਸਾਰੀਆਂ ਸਹੂਲਤਾਂ ਨਿਰਮਲ ਧਾਮ ਵੱਲੋਂ ਮੁਫ਼ਤ ਮਹੱਈਆ ਕਰਵਾਈਆਂ ਜਾਂਦੀਆਂ ਹਨ। ਆਸ਼ਰਮ ਵਿਚ ਰੋਜ਼ਾਨਾ ਸਵੇਰੇ ਕਥਾ-ਕੀਰਤਨ ਹੁੰਦਾ ਹੈ। ਇਸ ਸਥਾਨ ਦੀ ਸੇਵਾ ਸੰਤ ਅਮਰੀਕ ਸਿੰਘ ਕਰ ਰਹੇ ਹਨ।"[31] ਇਹ ਨਿਰਮਲੇ ਸੰਤਾਂ ਦੀ ਵਡਮੁੱਲੀ ਸੇਵਾ ਹੈ।

**ਨਾਨਕ ਹੱਟ ਸੀਚੇਵਾਲ**

ਰੋਜ਼ਾਨਾ ਘਰਾਂ ਵਿਚ ਵਰਤੇ ਜਾਣ ਵਾਲੇ ਸਮਾਨ ਵਿਚ ਪਿੰਡ ਵਾਸੀਆਂ ਦੀ ਹੁੰਦੀ ਲੁੱਟ ਤੋਂ ਬਚਾਉਣ ਲਈ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਇਥੇ ਇਕ "'ਨਾਨਕ ਹੱਟ' (ਜਨਰਲ ਸਟੋਰ) ਖੋਲ੍ਹੀ ਗਈ ਹੈ। ਇਥੇ ਕਿਸੇ ਤਰ੍ਹਾਂ ਦੀ ਹੇਰਾ-ਫ਼ੇਰੀ ਨਹੀਂ ਹੁੰਦੀ। ਲਗਭਗ ਹਰ ਪ੍ਰਕਾਰ ਦਾ ਸੌਦਾ ਇਥੋਂ ਗਾਹਕ ਨੂੰ ਸ਼ਹਿਰ ਨਾਲੋਂ ਸਸਤੇ ਮੁੱਲ ਉੱਤੇ ਦਿੱਤਾ ਜਾਂਦਾ ਹੈ। ਇਸ ਨਾਲ ਇਕ ਤਾਂ ਲੋਕਾਂ ਦਾ ਪੈਸਾ ਬਚਦਾ ਹੈ ਦੂਜਾ ਉਨ੍ਹਾਂ ਦਾ ਸਮਾਂ ਬਚਦਾ ਹੈ। ... ਲੋਕੀ ਨਿਰਮਲ ਕੁਟੀਆ ਵਿਚ ਮੱਥਾ ਟੇਕਣ ਆਏ ਘਰ ਦਾ ਸੌਦਾ ਖ਼ਰੀਦ ਕੇ ਲੈ ਜਾਂਦੇ ਹਨ।"[32] ਨਿਰਮਲੇ ਸੰਤਾਂ ਦਾ ਇਹ ਉਪਰਾਲਾ ਪ੍ਰਸੰਸਾਯੋਗ ਹੈ।

**ਸਰਾਵਾਂ**

ਨਿਰਮਲ ਸੰਪ੍ਰਦਾਇ ਦੇ ਸਥਾਨਾਂ ਵਿਚ ਜਿੱਥੇ ਭੋਜਨ ਦਾ ਪ੍ਰਬੰਧ ਹੈ ਉੱਥੇ ਇਨ੍ਹਾਂ ਵਿਚ ਆਏ ਯਾਤਰੂਆਂ ਦੇ ਆਰਾਮ ਲਈ ਸਰਾਵਾਂ ਆਦਿ ਦਾ ਪ੍ਰਬੰਧ ਕੀਤਾ ਹੋਇਆ ਹੈ। ਕਈ ਤੀਰਥ ਸਥਨਾਂ ਉੱਤੇ ਇਨ੍ਹਾਂ ਦੇ ਟਿਕਾਣਿਆਂ 'ਤੇ ਵੱਡੀ ਗਿਣਤੀ ਵਿਚ ਯਾਤਰੂਆਂ ਦੇ ਰਹਿਣ ਲਈ ਸੁੰਦਰ ਕਮਰਿਆਂ ਦਾ ਪ੍ਰਬੰਧ ਹੈ। ਇਥੇ ਕੋਈ ਵੀ ਯਾਤਰੂ ਠਹਿਰ ਸਕਦਾ ਹੈ। ਇਨ੍ਹਾਂ ਸਥਾਨਾਂ 'ਤੇ ਰਿਹਾਇਸ਼ ਬਿਲਕੁਲ ਮੁਫ਼ਤ ਹੈ। ਅਕਸਰ ਦੇਖਣ

---

[31] ਸੰਤ ਨਿਰਭਿੰਦਰ ਸਿੰਘ (ਸਰਪੰਚ), ਨਿਰਮਲ ਕੁਟੀਆ ਕਰਨਾਲ, *ਨਿੱਜੀ ਮੁਲਾਕਾਤ,* ਮਿਤੀ 30 ਦਸੰਬਰ 2017 ਵਿਚੋਂ.

[32] ਕੁਲਵਿੰਦਰ ਕੌਰ ਮਿਨਹਾਸ (ਡਾ.), *ਕਰਮਯੋਗੀ ਸੰਤ ਬਲਬੀਰ ਸਿੰਘ ਜੀ ਸੀਚੇਵਾਲ,* ਪੰਨਾ 160.

ਵਿਚ ਆਉਂਦਾ ਹੈ ਕਿ ਤੀਰਥਾਂ ਉੱਤੇ ਰਹਿਣ ਲਈ ਹੋਟਲਾਂ ਵਾਲੇ ਲੋਕਾਂ ਤੋਂ ਹਜ਼ਾਰਾਂ ਰੁਪਏ ਲੈਂਦੇ ਹਨ ਪ੍ਰੰਤੂ ਉਨ੍ਹਾਂ ਹੀ ਤੀਰਥਾਂ 'ਤੇ ਨਿਰਮਲੇ ਸੰਤਾਂ ਵੱਲੋਂ ਮੁਫ਼ਤ ਰਿਹਾਇਸ਼ ਦਾ ਪ੍ਰਬੰਧ ਕਰਨਾ ਪ੍ਰਸੰਸਾਯੋਗ ਉਪਰਾਲਾ ਹੈ।

**ਨਸ਼ੇ ਛੱਡਣ ਵੱਲ ਪ੍ਰੇਰਿਤ ਕਰਨਾ**

ਨਿਰਮਲੇ ਸੰਤ ਲੋਕਾਂ ਨੂੰ ਨਸ਼ਾ ਛੱਡ ਕੇ ਗੁਰਮਤਿ ਨਾਲ ਜੁੜਨ ਵੱਲ ਪ੍ਰੇਰਿਤ ਕਰਦੇ ਸਨ। ਪਟਿਆਲਾ ਨੇੜਲੇ ਪਿੰਡ ਅਸਰਪੁਰ ਵਿਖੇ ਸਰਵੇਖਣ ਦੌਰਾਨ ਪਤਾ ਲੱਗਿਆ ਹੈ ਕਿ "ਇਸ ਪਿੰਡ ਅਤੇ ਇਲਾਕੇ ਦੇ ਬਹੁਤ ਸਾਰੇ ਲੋਕ ਪਹਿਲਾਂ ਤੰਬਾਕੂ ਆਦਿ ਨਸ਼ਿਆਂ ਦੀ ਵਰਤੋਂ ਕਰਦੇ ਸਨ ਪ੍ਰੰਤੂ ਜਦੋਂ ਸੰਤ ਨਿੱਕਾ ਸਿੰਘ ਜੀ (ਨਿਰਮਲ ਆਸ਼ਰਮ ਰਿਸ਼ੀਕੇਸ਼) ਨੇ ਆ ਕੇ ਇਥੇ ਲੋਕਾਂ ਵਿਚ ਗੁਰਮਤਿ ਪ੍ਰਚਾਰ ਕੀਤਾ ਤਾਂ ਇਸ ਪਿੰਡ ਦੇ ਨਾਲ-ਨਾਲ ਨੇੜਲੇ ਪਿੰਡਾਂ ਦੇ ਦੂਸਰੇ ਧਰਮਾਂ ਦੇ ਲੋਕ ਵੀ ਹੁੱਕਾ (ਤੰਬਾਕੂ) ਆਦਿ ਛੱਡ ਕੇ ਗੁਰਮਤਿ ਦੇ ਧਾਰਨੀ ਹੋ ਗਏ ਸਨ, ਕਈ ਅੰਮ੍ਰਿਤ ਛਕ ਕੇ ਸਿੰਘ ਵੀ ਸਜ ਗਏ ਸਨ। ਪਹਿਲਾਂ ਇਸ ਪਿੰਡ ਵਿਚ ਜੋ ਘਰ ਤੰਬਾਕੂ ਆਦਿ ਦਾ ਸੇਵਨ ਕਰਦੇ ਸਨ, ਸੰਤਾਂ ਦੇ ਪ੍ਰਭਾਵ ਸਦਕਾ ਗੁਰੂ ਵਾਲੇ ਹੋ ਗਏ ਅਤੇ ਮੌਜੂਦਾ ਸਮੇਂ ਇੱਥੇ ਇੱਕ ਵੀ ਅਜਿਹਾ ਪਰਿਵਾਰ ਨਹੀਂ, ਜੋ ਹੁੱਕਾ (ਤੰਬਾਕੂ) ਪੀਂਦਾ ਹੋਵੇ।"[33] ਨਿਰਮਲੇ ਸੰਤਾਂ ਦੇ ਪ੍ਰਭਾਵ ਦੁਆਰਾ ਨਸ਼ੇ ਛੱਡਣ ਦੇ ਕਈ ਹੋਰ ਪ੍ਰਮਾਣ ਵੀ ਇਤਿਹਾਸ ਵਿਚੋਂ ਮਿਲਦੇ ਹਨ ਜੋ ਇਕ ਪ੍ਰਸੰਸਾਯੋਗ ਉਪਰਾਲਾ ਹੈ।

ਨਿਰਮਲ ਸੰਪ੍ਰਦਾਇ ਦੇ ਸਮਾਜਿਕ ਯੋਗਦਾਨ ਦੀ ਪੜਚੋਲ ਕਰਦਿਆਂ ਇਹ ਨਿਮਨ ਤੱਥ ਉਭਰ ਕੇ ਸਾਹਮਣੇ ਆਉਦੇ ਹਨ:

1. ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਗੁਰਮਤਿ ਸਿਧਾਂਤਾਂ ਨੂੰ ਵਿਹਾਰਕ ਰੂਪ ਵਿਚ ਜਨ-ਸਾਧਾਰਨ ਵਿਚ ਪ੍ਰਚਾਰਿਆ ਜਿਸ ਤੋਂ ਨਿਰਮਲ ਸੰਪ੍ਰਦਾਇ ਦਾ ਸਮਾਜ ਸੇਵਾ ਵਾਲਾ ਪੱਖ ਉਭਰ ਕੇ ਸਾਹਮਣੇ ਆਉਂਦਾ ਹੈ।
2. ਨਿਰਮਲੇ ਸੰਤਾਂ ਨੇ ਲੋਕਾਂ ਵਿਚ ਵਿਚਰਦਿਆਂ ਪਹਿਲਾਂ ਜਨ-ਸਾਧਾਰਨ ਦੀਆਂ ਮੂਲ ਸਮੱਸਿਆਵਾਂ ਦਾ ਅਧਿਐਨ ਕੀਤਾ ਫਿਰ ਉਨ੍ਹਾਂ ਨੂੰ ਹੱਲ ਕਰਨ ਵਿਚ ਲੋਕਾਂ ਦੀ ਮਦਦ ਕੀਤੀ।
3. 18ਵੀਂ ਸਦੀ ਵਿਚ ਆਮ ਵਿਕਤੀ ਸਿਹਤ ਸਹੂਲਤਾਂ ਤੋਂ ਸੱਖਣਾ ਸੀ ਕਿਉਂਕਿ ਸਮਕਾਲੀ ਹਕੂਮਤ ਦਾ ਆਮ ਆਦਮੀ ਲਈ ਲੋੜੀਂਦੀਆਂ ਸਿਹਤ ਸਹੂਲਤਾਂ ਵੱਲ ਉਕਾ ਧਿਆਨ ਨਹੀਂ ਸੀ। ਉਸ ਸਮੇਂ

[33] ਗੁਰਿੰਦਰ ਸਿੰਘ, ਨਿਰਮਲ ਕੁਟੀਆ ਅਸਰਪੁਰ, ਪਟਿਆਲਾ, *ਨਿੱਜੀ ਮੁਲਾਕਾਤ*, ਮਿਤੀ 02 ਦਸੰਬਰ 2017 ਵਿਚੋਂ.

ਨਿਰਮਲੇ ਸੰਤਾਂ ਨੇ ਉਦਮ ਕਰ ਕੇ ਆਯੁਰਵੈਦ ਪ੍ਰਣਾਲੀ ਦੁਆਰਾ ਲੋਕਾਂ ਦਾ ਇਲਾਜ ਕਰਨਾ ਸ਼ੁਰੂ ਕੀਤਾ ਤੇ ਬਾਅਦ ਵਿਚ ਬਦਲਦੇ ਸਮੇਂ ਅਨੁਸਾਰ 20ਵੀਂ ਸਦੀ ਵਿਚ ਇਨ੍ਹਾਂ ਨੇ ਆਧੁਨਿਕ ਇਲਾਜ ਪ੍ਰਣਾਲੀ ਦੇ ਹਸਪਤਾਲਾਂ ਦੀ ਸਥਪਨਾ ਵੀ ਕੀਤੀ ਹੈ। ਨਿਰਮਲ ਸੰਪ੍ਰਦਾਇ ਦੇ ਅਜਿਹੇ ਵਡਮੁੱਲੇ ਸੇਵਾ ਕਾਰਜਾਂ ਸਦਕਾ ਇਸ ਸੰਪ੍ਰਦਾਇ ਦੀ ਸਮਾਜ ਵਿਚ ਸਨਮਾਨਯੋਗ ਜਗ੍ਹਾ ਬਣ ਗਈ।

4. ਨਿਰਮਲੇ ਸੰਤਾਂ ਨੇ ਜਿੱਥੇ ਗ੍ਰਹਿਸਥੀ ਲੋਕਾਂ ਨਾਲ ਰਾਬਤਾ ਕਾਇਮ ਕਰ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਵਿਚ ਮਦਦ ਕੀਤੀ। ਇਨ੍ਹਾਂ ਗ੍ਰਹਿਸਥੀ ਲੋਕਾਂ ਦੀਆਂ ਛੋਟੀਆਂ-ਮੋਟੀਆਂ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਵਿਚੋਂ ਸਿਹਤ ਸਹੂਲਤਾਂ, ਆਪਸੀ ਮਨ-ਮੋਟਾਵ ਅਤੇ ਛੋਟੇ-ਮੋਟੇ ਝਗੜਿਆਂ ਆਦਿ ਦਾ ਨਿਪਟਾਰਾ ਨਿਰਮਲ ਸੰਤ ਆਪਣੇ ਸਥਾਨਾਂ ਵਿਚ ਹੀ ਕਰ ਦਿੰਦੇ ਸਨ। ਨਿਰਮਲੇ ਸੰਤਾਂ ਨੇ ਵਿਰੱਕਤੀ ਸੰਤਾਂ-ਮਹੰਤਾਂ ਦੀਆਂ ਜ਼ਰੂਰਤਾਂ ਪੂਰੀਆਂ ਕਰ ਕੇ ਵੀ ਸਮਾਜ ਸੇਵਾ ਵਿਚ ਨਿੱਗਰ ਯੋਗਦਾਨ ਪਾਇਆ ਹੈ।
5. ਨਿਰਮਲੇ ਸੰਤਾਂ ਨੇ ਗੁਰੂ ਸਾਹਿਬਾਨ ਦੇ ਪਾਏ ਪੂਰਨਿਆਂ ’ਤੇ ਚੱਲ ਕੇ ਆਪਣੇ ਸਥਾਨਾਂ ਵਿਚ ਸੰਗਤ ਅਤੇ ਪੰਗਤ ਦੇ ਸਿਧਾਂਤ ਦੀ ਸਥਾਪਨਾ ਕੀਤੀ ਹੈ ਜੋ ਜਨ-ਸਾਧਾਰਨ ਨੂੰ ਗੁਰਮਤਿ ਵਿਚਾਰ ਕਰਨ ਅਤੇ ਵੰਡ ਛਕਣ ਵੱਲ ਪ੍ਰੇਰਿਤ ਕਰਦੀ ਹੈ।
6. ਨਿਰਮਲੇ ਸੰਤ ਸਮਾਜ ਦੇ ਨਿਮਨ ਵਰਗ ਦੀ ਮਦਦ ਲਈ ਹਮੇਸ਼ਾ ਤਿਆਰ ਰਹੇ ਹਨ। ਇਹ ਸੰਤ ਗਰੀਬ ਬੱਚਿਆਂ ਨੂੰ ਮੁਫ਼ਤ ਵਿਦਿਆ ਦੇ ਕੇ ਅਤੇ ਇਨ੍ਹਾਂ ਦੇ ਬੱਚਿਆਂ ਦੇ ਸਾਦੇ ਵਿਆਹ ਕਰ ਕੇ ਅਤੇ ਸਾਦਾ ਜੀਵਨ ਬਤੀਤ ਕਰਨ ਦਾ ਸੰਦੇਸ਼ ਦੇ ਕੇ ਇਕ ਆਦਰਸ਼ਕ ਸਮਾਜ ਦੀ ਸਿਰਜਣਾ ਕਰਨ ਵਿਚ ਵਡਮੁੱਲਾ ਯੋਗਦਾਨ ਪਾਉਂਦੇ ਹਨ।
7. ਨਿਰਮਲ ਸੰਪ੍ਰਦਾਇ ਨੇ ਵੱਖ-ਵੱਖ ਥਾਵਾਂ ’ਤੇ ਨੌਜਵਾਨਾਂ ਲਈ ਕਿੱਤਾਮੁਖੀ ਕੋਰਸ ਸ਼ੁਰੂ ਕੀਤੇ ਹੋਏ ਹਨ ਤਾਂ ਜੋ ਨੌਜਵਾਨ ਬੱਚੇ-ਬੱਚੀਆਂ ਸ੍ਵੈਰੋਜ਼ਗਾਰ ਚਲਾ ਕੇ ਆਪਣਾ ਨਿਰਬਾਹ ਕਰ ਸਕਣ।
8. ਸੰਗਤ ਦੀ ਮਦਦ ਨਾਲ ਵਾਤਾਵਰਨ ਦੀ ਸ਼ੁੱਧਤਾ ਵਿਚ ਨਿਰਮਲ ਸੰਪ੍ਰਦਾਇ ਨੇ ਸੰਸਾਰ ਵਿਚ ਆਪਣੀ ਵੱਖਰੀ ਪਛਾਣ ਬਣਾਈ ਹੋਈ ਹੈ। ਇਹ ਨਿਰਮਲ ਸੰਪ੍ਰਦਾਇ ਦੀ ਵਡਮੁੱਲੀ ਸੇਵਾ ਹੈ।

9. ਨਿਰਮਲੇ ਸੰਤਾਂ ਨੇ ਲੋਕਾਂ ਨੂੰ ਨਸ਼ੇ ਦਾ ਤਿਆਗ ਕਰ ਕੇ ਗੁਰਮਤਿ ਨਾਲ ਜੋੜਨ, ਗਊ ਗਰੀਬ ਦੀ ਰੱਖਿਆ ਕਰਦੇ ਹੋਏ ਅਤੇ ਜਨ-ਸਾਧਾਰਨ ਦੀਆਂ ਸਮੱਸਿਆਵਾਂ ਦੇ ਹੱਲਾਂ ਲਈ ਯਤਨਸ਼ੀਲ ਰਹਿਕੇ ਸਮਾਜ ਵਿਚ ਅਨੇਕਾਂ ਪ੍ਰਸੰਸਾਯੋਗ ਕਾਰਜ ਕੀਤੇ ਹਨ।

ਉਕਤ ਵਿਚਾਰ ਚਰਚਾ ਤੋਂ ਇਹ ਸਹਿਜੇ ਅਨੁਭਵ ਹੋ ਜਾਂਦਾ ਹੈ ਕਿ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਸਮਾਜ ਵਿਚ ਗੁਰਮਤਿ ਪ੍ਰਚਾਰ ਦੇ ਨਾਲ-ਨਾਲ ਲੋਕਾਈ ਦੇ ਹਰ ਸਮਾਜਿਕ ਪਹਿਲੂ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਨ੍ਹਾਂ ਦੁਆਰਾ ਪਠਨ-ਪਾਠਨ, ਧਰਮ ਅਤੇ ਸਮਾਜਿਕ ਖੇਤਰ ਵਿਚ ਪਾਇਆ ਯੋਗਦਾਨ ਅਦੁੱਤੀ ਹੈ ਜਿਸ ਕਾਰਨ ਨਿਰਮਲ ਸੰਪ੍ਰਦਾਇ ਸਿੱਖ ਸਮਾਜ ਵਿਚ ਆਪਣਾ ਸਨਮਾਨਯੋਗ ਸਥਾਨ ਰੱਖਦੀ ਹੈ।

ਨਿਰਮਲੇ ਸੰਤ ਗੁਰੂ ਸਾਹਿਬਾਨ ਦੁਆਰਾ ਦਰਸਾਏ ਮਾਰਗ ਦੇ ਪਾਂਧੀ ਹਨ ਅਤੇ ਗੁਰਮਤਿ ਦੇ ਸਿਧਾਂਤਾਂ ਦਾ ਪ੍ਰਚਾਰ-ਪ੍ਰਸਾਰ ਕਰਦੇ ਹਨ। ਇਨ੍ਹਾਂ ਵਿਚ ਮੁੱਢ ਤੋਂ ਹੀ ਤਿਆਗ, ਵਿਦਵਤਾ ਅਤੇ ਸੇਵਾ ਦੀ ਰੀਤ ਚਲੀ ਆਈ ਹੈ। ਧਾਰਮਿਕ ਅਤੇ ਸਮਾਜਿਕ ਖੇਤਰ ਵਿਚ ਨਿਰਮਲ ਸੰਪ੍ਰਦਾਇ ਦੇ ਸੰਤਾਂ ਦੁਆਰਾ ਪਾਏ ਜਾ ਰਹੇ ਯੋਗਦਾਨ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਮੌਜੂਦਾ ਸਮੇਂ ਵਿਚ ਸਮਾਜ ਦੀਆਂ ਤੇਜੀ ਨਾਲ ਬਦਲ ਰਹੀਆਂ ਕਦਰਾਂ-ਕੀਮਤਾਂ ਅਤੇ ਆਧੁਨਿਕ ਸਿਹਤ ਸਹੂਲਤਾਂ ਨੇ ਹਰ ਅਮੀਰ-ਗਰੀਬ ਨੂੰ ਪ੍ਰਭਾਵਿਤ ਕੀਤਾ ਹੈ ਪਰ ਫਿਰ ਵੀ ਆਪੋ-ਆਪਣੇ ਇਲਾਕਿਆਂ ਵਿਚ ਨਿਰਮਲ ਸੰਪ੍ਰਦਾਇ ਦੇ ਸੰਤ ਸਮਾਜ ਦੀ ਮਹੱਤਵਪੂਰਨ ਸੇਵਾ ਕਰ ਰਹੇ ਹਨ। ਮਹਿੰਗਾਈ ਦੇ ਦੌਰ ਵਿਚ ਜਿਹੜੇ ਲੋਕ ਅਤਿ ਗਰੀਬੀ ਦੀ ਹਾਲਤ ਵਿਚ ਜੀਵਨ ਬਸਰ ਕਰ ਰਹੇ ਹਨ, ਨਿਰਮਲ ਸੰਪ੍ਰਦਾਇ ਦੇ ਡੇਰੇ ਉਨ੍ਹਾਂ ਲਈ ਸੰਜੀਵਨੀ ਬੂਟੀ ਦੀ ਤਰ੍ਹਾਂ ਹਨ। ਇਨ੍ਹਾਂ ਦੁਆਰਾ ਕੀਤੇ ਜਾਂਦੇ ਸਮਾਜ ਭਲਾਈ ਦੇ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਅਮੀਰ ਪਰਿਵਾਰਾਂ ਦੇ ਸੰਜਮੀ ਜੀਵਨ ਬਸਰ ਕਰਨ ਵਾਲੇ ਵਿਅਕਤੀ ਇਨ੍ਹਾਂ ਦੇ ਡੇਰਿਆਂ ਵਿਚ ਤਨ, ਮਨ ਅਤੇ ਧਨ ਨਾਲ ਸੇਵਾ ਕਰਦੇ ਹਨ। ਸਮਾਜ ਵਿਚ ਹਾਲੇ ਵੀ ਨਿਰਮਲੇ ਸੰਤਾਂ ਦਾ ਮਾਣ-ਸਤਿਕਾਰ ਕਾਇਮ ਹੈ ਅਤੇ ਇਨ੍ਹਾਂ ਦੇ ਕਾਰਜਾਂ ਵਿਚ ਗੁਰਮਤਿ ਸਿਧਾਂਤਾਂ ਦੇ ਪ੍ਰਚਾਰ ਦੀ ਖ਼ੁਸ਼ਬੋ ਕਾਇਮ ਹੈ।

# ਸਾਰ

ਨਿਰਮਲ ਸੰਪ੍ਰਦਾਇ ਸਿੱਖਾਂ ਦੀ ਇਕ ਵਿਦਵਾਨ ਸੰਪ੍ਰਦਾਇ ਹੈ ਜੋ ਸਮਾਜ ਵਿਚ ਆਪਣਾ ਵਿਲੱਖਣ ਅਤੇ ਸਨਮਾਨਯੋਗ ਸਥਾਨ ਰੱਖਦੀ ਹੈ। ਭਾਵੇਂ ਆਪਣੇ ਅਰੰਭਕ ਦੌਰ ਵਿਚ ਇਸ ਸੰਪ੍ਰਦਾਇ ਦੇ ਸੰਤ ਵਿਕੋਲਿਤ੍ਰੇ ਰੂਪ ਵਿਚ ਭ੍ਰਮਣ ਕਰਦੇ ਰਹੇ ਪ੍ਰੰਤੂ ਇਕ ਸਮਾਂ ਅਜਿਹਾ ਵੀ ਆਇਆ ਜਦੋਂ ਇਹ ਸੰਪ੍ਰਦਾਇ ਸੰਗਠਨਾਤਮਿਕ ਰੂਪ ਵਿਚ ਉਭਰ ਕੇ ਸਾਹਮਣੇ ਆਈ ਅਤੇ ਇਸ ਦੇ ਵਿਦਵਾਨ ਸੰਤਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਦੀ ਪੂਰਤੀ ਹਿਤ ਗੁਰਮਤਿ ਦੇ ਪਠਨ-ਪਾਠਨ ਅਤੇ ਪ੍ਰਚਾਰ-ਪ੍ਰਸਾਰ ਹਿਤ ਵਡਮੁੱਲੇ ਕਾਰਜ ਕੀਤੇ ਹਨ।

ਖੋਜ-ਕਾਰਜ ਕਰਦਿਆਂ ਇਨ੍ਹਾਂ ਤੱਥਾਂ ਦਾ ਪਤਾ ਲਗਦਾ ਹੈ ਕਿ ਇਹ ਸੰਸਥਾ ਸਿਰਫ਼ ਗੁਰਮਤਿ ਪ੍ਰਚਾਰ ਅਤੇ ਪਠਨ-ਪਾਠਨ ਤੱਕ ਹੀ ਸੀਮਤ ਨਹੀਂ ਰਹੀ ਬਲਕਿ ਇਸ ਦਾ ਕਾਰਜ ਖੇਤਰ ਨਿਰੰਤਰ ਵਧਦਾ ਰਿਹਾ। ਮੌਜੂਦਾ ਸਮੇਂ ਤੱਕ ਵਿਕਾਸ ਕਰਦੇ ਹੋਏ ਭਾਵੇਂ ਕਿ ਇਹ ਸੰਸਥਾ ਵਿਭਿੰਨ ਪੜਾਵਾਂ ਵਿਚੋਂ ਹੋ ਕੇ ਗੁਜਰੀ ਹੈ ਪਰ ਇਸ ਨੇ ਗੁਰਮਤਿ ਪ੍ਰਚਾਰ ਅਤੇ ਗ੍ਰੰਥਾਂ ਦਾ ਅਧਿਐਨ ਨਿਰੰਤਰ ਜਾਰੀ ਰੱਖਿਆ ਹੈ।

ਹਥਲੇ ਖੋਜ-ਕਾਰਜ ਵਿਚ ਨਿਰਮਲ ਸੰਪ੍ਰਸਾਇ ਦਾ 1910 ਈ. ਤੋਂ ਲੈ ਕੇ 2010 ਈ. ਤੱਕ ਇਕ ਸਦੀ ਦਾ ਸਰਵੇਖਣ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਸਮੇਂ ਦੌਰਾਨ ਸਿੰਘ ਸਭਾ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰ ਵੀ ਸਿੱਖਾਂ ਵਿਚ ਜੋਰ ਫੜ ਗਈਆਂ ਸਨ। ਇਨ੍ਹਾਂ ਲਹਿਰਾਂ ਦੇ ਸਿੱਖ ਸਮਾਜ ਵਿਚ ਪ੍ਰਚਲਿਤ ਹੋ ਜਾਣ ਦੇ ਬਾਵਜੂਦ ਵੀ ਨਿਰਮਲੇ ਸੰਤ ਆਪਣੇ ਕਾਰਜ-ਖੇਤਰ ਵਿਚ ਪੂਰਨ ਸੰਜਮ ਅਤੇ ਨਿਮਰਤਾ ਸਹਿਤ ਕਾਰਜਸ਼ੀਲ ਸਨ। ਅਜ਼ਾਦੀ ਤੋਂ ਬਾਅਦ ਸਿੱਖਾਂ ਦੇ ਹਾਲਾਤ ਬਦਲ ਗਏ ਅਤੇ ਉਨ੍ਹਾਂ ਨੂੰ ਬੇ-ਘਰ ਹੋ ਕੇ ਭਾਰਤ ਵਿਚ ਆਉਣਾ ਪਿਆ। ਅਜਿਹੇ ਸਮੇਂ ਦੌਰਾਨ ਵੀ ਨਿਰਮਲੇ ਸੰਤ ਆਪਣੀ ਚਾਲ ਚਲਦੇ ਰਹੇ ਅਤੇ ਜਿੱਥੋਂ ਤੱਕ ਸੰਭਵ ਹੋ ਸਕਿਆ ਗੁਰੂ ਸਾਹਿਬਾਨ ਦੁਆਰਾ ਦਰਸਾਏ ਗਏ ਆਸ਼ੇ ਅਤੇ ਉਦੇਸ਼ ਅਨੁਸਾਰ ਕਾਰਜਸ਼ੀਲ ਰਹੇ।

ਨਿਰਮਲੇ ਸੰਤ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਉਪਰੰਤ ਗੁਰਮਤਿ ਪ੍ਰਚਾਰ ਲਈ ਭਾਰਤ ਦੇ ਕੋਨੇ-ਕੋਨੇ ਵਿਚ ਵਿਚਰਦੇ ਰਹੇ। ਇਸ ਸਮੇਂ ਥਾਂ-ਥਾਂ ਖ਼ਾਸ ਤੌਰ 'ਤੇ ਹਿੰਦੂ ਤੀਰਥ ਸਥਾਨਾਂ 'ਤੇ ਗੁਰਮਤਿ ਪ੍ਰਚਾਰ ਵਿਚ ਰੁਚਿਤ ਇਨ੍ਹਾਂ ਸੰਤਾਂ ਨੂੰ ਕਈ ਅਜਿਹੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਜੋ

ਗੁਰਮਤਿ ਪ੍ਰਚਾਰ ਵਿਚ ਰੁਕਾਵਟ ਬਣ ਰਹੀਆਂ ਸਨ। ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਮੁੱਢਲੇ ਸਮੇਂ ਦੌਰਾਨ ਗੁਰਮਤਿ ਪ੍ਰਚਾਰ ਵਿਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਗੁਰਮਤਿ ਦੇ ਸਿਧਾਂਤਾਂ ਦਾ ਪ੍ਰਚਾਰ ਹਿੰਦੂ ਧਰਮ ਦੇ ਕਰਮਕਾਂਡ ਦਾ ਵਿਰੋਧ ਕਰਨ ਵਾਲਾ ਸੀ ਜਿਸ ਨਾਲ, ਉਚ ਵਰਗ ਵਿਚੋਂ ਸਾਹਮਣੇ ਆਏ ਹਿੰਦੂ-ਧਰਮ ਦੇ ਸਾਸ਼ਤ੍ਰਾਰਥੀਆਂ ਅਤੇ ਕਰਮਕਾਂਡੀਆਂ ਨਾਲ ਮਤਭੇਦ ਹੋਣ ਦੇ ਨਾਲ-ਨਾਲ ਮਨ-ਭੇਦ ਵੀ ਪੈਦਾ ਹੋ ਜਾਂਦਾ ਸੀ। ਵਿਰੋਧੀ ਧਿਰ ਦੇ ਸੰਤ-ਮਹਾਂਪੁਰਖ ਸੰਗਠਨਾਤਮਿਕ ਰੂਪ ਵਿਚ ਕਾਰਜ ਕਰਦੇ ਸਨ ਪਰ ਨਿਰਮਲ ਸੰਪ੍ਰਦਾਇ ਦੇ ਸੰਤ ਛੋਟੀਆਂ-ਛੋਟੀਆਂ ਟੋਲੀਆਂ ਜਾਂ ਇਕੱਲੇ ਤੌਰ 'ਤੇ ਵਿਚਰਦੇ ਸਨ। ਵਿਰੱਕਤ ਪ੍ਰਵਿਰਤੀ ਦੇ ਧਾਰਨੀ ਇਹ ਨਿਰਮਲੇ ਸੰਤ ਭੋਜਨ ਅਤੇ ਟਿਕਾਣਾ ਕਰਨ ਲਈ ਦੂਜੇ ਮਤਾਂ ਦੇ ਟਿਕਾਣਿਆਂ 'ਤੇ ਨਿਰਭਰ ਸਨ ਜਿਸ ਕਾਰਨ ਇਨ੍ਹਾਂ ਨੂੰ ਕਈ ਵਾਰ ਦੂਜੇ ਮਤਾਂ ਦੇ ਪੈਰੋਕਾਰਾਂ ਕੋਲੋਂ ਅਪਮਾਨਿਤ ਵੀ ਹੋਣਾ ਪੈਂਦਾ ਸੀ। ਇਸ ਦੇ ਚਲਦੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਦਾ ਪ੍ਰਚਾਰ ਕਰਨ ਵਾਲੇ ਨਿਰਮਲੇ ਸੰਤਾਂ ਦੀ ਵਿਦਵਤਾ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਦੀ ਮੱਦਦ ਲਈ ਗੁਰਮਤਿ ਦਾ ਸਤਿਕਾਰ ਕਰਨ ਵਾਲੇ ਕਈ ਰਾਜੇ-ਮਹਾਰਾਜੇ ਅੱਗੇ ਆਏ ਜਿਨ੍ਹਾਂ ਦੇ ਉਪਰਾਲੇ ਸਦਕਾ ਇਨ੍ਹਾਂ ਸੰਤਾਂ ਦੀ ਇਕ ਕੇਂਦਰੀ ਸੰਸਥਾ 'ਸ੍ਰੀ ਪੰਚਾਇਤੀ ਅਖਾੜਾ ਨਿਰਮਲਾ' ਅਤੇ 'ਸ੍ਰੀ ਮਹੰਤ' ਦੇ ਰੂਪ ਵਿਚ ਮੁਖੀ ਦੀ ਪਦਵੀ ਹੋਂਦ ਵਿਚ ਆਈ।

ਅਖਾੜੇ ਦੀ ਸਥਾਪਨਾ ਉਪਰੰਤ ਇਸ ਸੰਪ੍ਰਦਾਇ ਨੇ ਇੰਨਾ ਵਿਕਾਸ ਕੀਤਾ ਕਿ ਸਮਕਾਲੀ ਪ੍ਰਸਥਿਤੀਆਂ ਦੇ ਚਲਦੇ ਇਸ ਦੀਆਂ ਅਨੇਕਾਂ ਉਪ-ਸੰਪ੍ਰਦਾਵਾਂ ਹੋਂਦ ਵਿਚ ਆਈਆਂ ਜਿਨ੍ਹਾਂ ਦੇ ਪ੍ਰਬੰਧ ਅਤੇ ਉਪਰਾਲਿਆਂ ਸਦਕਾ ਨਿਰਮਲ ਸੰਪ੍ਰਦਾਇ ਦੇ ਫੈਲਾਅ ਅਤੇ ਕਾਰਜਾਂ ਦਾ ਘੇਰਾ ਵਿਸ਼ਾਲ ਹੁੰਦਾ ਗਿਆ। ਨਿਰਮਲ ਸੰਪ੍ਰਦਾਇ ਦੇ ਸੰਸਥਾਗਤ ਰੂਪ ਵਿਚ ਉਭਰਨ ਤੋਂ ਬਾਅਦ ਨਿਰਮਲੇ ਸੰਤਾਂ ਨੇ ਸਮਾਜ ਦੇ ਵੱਖ-ਵੱਖ ਖੇਤਰਾਂ ਵਿਚ ਵਡਮੁੱਲੇ ਕਾਰਜ ਕੀਤੇ ਹਨ। ਸੰਗਠਨਾਤਮਿਕ ਰੂਪ ਵਿਚ ਇਸ ਸੰਪ੍ਰਦਾਇ ਦੇ ਵਿਦਵਾਨ ਸੰਤਾਂ ਨੇ ਜਿਥੇ ਭਾਰਤ ਦੇ ਪ੍ਰਮੁੱਖ ਤੀਰਥ ਸਥਾਨਾਂ 'ਤੇ ਆਪਣੇ ਸਥਾਨ ਬਣਾਏ ਉਥੇ ਜਨ-ਸਾਧਾਰਨ ਨੂੰ ਬਾਣੀ ਅਤੇ ਬਾਣੇ ਨਾਲ ਜੋੜਨ ਲਈ ਇਹ ਸੰਤ, ਮੰਡਲੀਆਂ ਦੇ ਰੂਪ ਵਿਚ ਉਨ੍ਹਾਂ ਦੇ ਦਰਾਂ ਤੱਕ ਪੁੱਜ ਗਏ ਸਨ।

ਵਿਦਿਆ ਦੀ ਪ੍ਰਾਪਤੀ ਅਤੇ ਪ੍ਰਚਾਰ ਨਿਰਮਲੇ ਸੰਤਾਂ ਦੇ ਜੀਵਨ ਦਾ ਪ੍ਰਮੁੱਖ ਉਦੇਸ਼ ਸੀ। ਕਈ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਪਠਨ-ਪਾਠਨ ਦਾ ਅਜਿਹਾ ਮਾਹੌਲ

ਸਿਰਜਿਆ ਕਿ ਇਸ ਸੰਪ੍ਰਦਾਇ ਵਿਚੋਂ ਅਨੇਕਾਂ ਧੁਰੰਧਰ ਵਿਦਵਾਨ ਨਿਕਲੇ ਜਿਨ੍ਹਾਂ ਨੇ ਪਠਨ-ਪਾਠਨ ਦੇ ਕਾਰਜਾਂ ਦੁਆਰਾ ਲੋਕਾਂ ਨੂੰ ਪ੍ਰਭਾਵਿਤ ਕੀਤਾ। ਸਾਹਿਤ ਰਚਨਾ ਵਿਚ ਨਿਰਮਲ ਸੰਪ੍ਰਦਾਇ ਦਾ ਯੋਗਦਾਨ ਅਦੁੱਤੀ ਹੈ ਅਤੇ ਇਨ੍ਹਾਂ ਨੇ ਗੁਰਮਤਿ ਸਾਹਿਤ ਦੀ ਰਚਨਾ ਵਿਚ ਵਿਸ਼ੇਸ਼ ਕਾਰਜ ਕੀਤੇ। ਨਿਰਮਲੇ ਸੰਤਾਂ ਦਾ ਮੂਲ ਉਦੇਸ਼ ਭਾਵੇਂ ਗੁਰਬਾਣੀ ਅਤੇ ਗੁਰੂ ਨਾਨਕ ਸਿਧਾਂਤ ਦੀ ਵਿਅਖਿਆ ਸੀ ਪਰ ਇਨ੍ਹਾਂ ਨੇ ਗੁਰਮਤਿ ਦੇ ਨਾਲ-ਨਾਲ ਧਰਮ, ਕਰਮਕਾਂਡ, ਵੇਦਾਂਤ, ਨਯਾਯ, ਇਤਿਹਾਸ, ਮਿਥਿਹਾਸ, ਟੀਕੇ, ਕੋਸ਼, ਵਿਆਕਰਣ ਆਦਿ ਦੇ ਵਡਮੁੱਲੇ ਗ੍ਰੰਥਾਂ ਦੀ ਰਚਨਾ ਕਰਕੇ ਭਾਰਤੀ ਸਾਹਿਤ ਨੂੰ ਅਮੀਰੀ ਬਖ਼ਸ਼ੀ ਹੈ। ਨਿਰਮਲ ਸੰਪ੍ਰਦਾਇ ਨੇ ਵਿਦਿਅਕ ਖੇਤਰ ਵਿਚ ਗੁਰੂਕੁਲ ਅਤੇ ਆਧੁਨਿਕ ਪ੍ਰਣਾਲੀ ਦੁਆਰਾ ਵਿਦਿਆ ਦਾ ਦਾਨ ਦੇ ਕੇ ਵੀ ਵਡਮੁੱਲੇ ਕਾਰਜ ਕੀਤੇ ਹਨ।

ਵਿਦਿਅਕ ਰੁਚੀ ਅਧੀਨ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਧਾਰਮਿਕ ਗ੍ਰੰਥਾਂ ਦਾ ਗਹਿਰਾਈ ਨਾਲ ਵਿਸ਼ਲੇਸ਼ਣ ਅਰੰਭ ਕੀਤਾ। ਨਿਰਮਲੇ ਸੰਤਾਂ ਵਿਚ ਪੈਦਾ ਹੋਈ ਇਸ ਰੁਚੀ ਨੇ ਗੁਰਮਤਿ ਪ੍ਰਚਾਰ ਅਤੇ ਪ੍ਰਸਾਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਗੁਰਬਾਣੀ ਦੇ ਸ਼ਬਦਾਂ ਦੀ ਸ਼ਰਧਾ ਅਤੇ ਬਿਬੇਕ ਦੁਆਰਾ ਕੀਤੀ ਗਈ ਵਿਆਖਿਆ ਨੇ ਆਮ ਲੋਕਾਂ ਨੂੰ ਪ੍ਰਭਾਵਿਤ ਕੀਤਾ। ਗੁਰਬਾਣੀ ਦੇ ਸ਼ਰਧਾਮਈ ਵਿਸ਼ਲੇਸ਼ਣ ਦੇ ਨਾਲ-ਨਾਲ ਇਨ੍ਹਾਂ ਨੇ ਕਥਾ ਕੀਰਤਨ, ਗੁਰਬਾਣੀ ਵਿਆਖਿਆ, ਅੰਮ੍ਰਿਤ, ਗੁਰ-ਸਥਾਨਾਂ ਦੀ ਸੇਵਾ-ਸੰਭਾਲ ਅਤੇ ਧਾਰਮਿਕ ਸਾਹਿਤ ਦੀ ਰਚਨਾ ਰਾਹੀਂ ਪ੍ਰਸੰਸਾਯੋਗ ਕਾਰਜ ਕੀਤੇ। ਨਿਰਮਲ ਸੰਪ੍ਰਦਾਇ ਦੁਆਰਾ ਧਾਰਮਿਕ ਖੇਤਰ ਵਿਚ ਪਾਏ ਯੋਗਦਾਨ ਦੀ ਕੀਤੀ ਪੜਚੋਲ ਤੋਂ ਪਤਾ ਲੱਗਦਾ ਹੈ ਕਿ ਨਿਰਮਲੇ ਸੰਤ ਹਮੇਸ਼ਾ ਸਿੱਖ ਪਰੰਪਰਾ ਨਾਲ ਜੁੜੇ ਰਹੇ ਹਨ ਜਿਸ ਕਾਰਨ ਵੱਖ-ਵੱਖ ਸਮੇਂ ਸਿਰਮੌਰ ਸਿੱਖ ਸੰਸਥਾਵਾਂ ਵੱਲੋਂ ਇਨ੍ਹਾਂ ਦੀ ਕੀਤੀ ਪ੍ਰਸੰਸਾ ਦੇ ਪ੍ਰਮਾਣ ਵੀ ਮਿਲਦੇ ਹਨ।

ਗੁਰਮਤਿ ਪ੍ਰਚਾਰ ਦੇ ਨਾਲ-ਨਾਲ ਨਿਰਮਲੇ ਵਿਦਵਾਨਾਂ ਨੇ ਗੁਰਮਤਿ ਸਾਹਿਤ ਅਤੇ ਦਰਸ਼ਨ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਇਨ੍ਹਾਂ ਨੇ ਗੁਰਬਾਣੀ ਵਿਚ ਆਏ ਬ੍ਰਹਮ, ਜਗਤ ਤੇ ਜੀਵ ਨਾਲ ਸੰਬੰਧਿਤ ਸੰਕਲਪਾਂ ਦਾ ਵਿਧੀਵਤ ਤਰੀਕੇ ਨਾਲ ਵਿਸ਼ਲੇਸ਼ਣ ਕਰ ਕੇ ਗੁਰਮਤਿ ਦਰਸ਼ਨ ਦੇ ਵਿਭਿੰਨ ਪਹਿਲੂਆਂ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ ਹੈ। ਨਿਰਮਲਿਆਂ ਦੀ ਵਿਆਖਿਆ ਵਿਚ ਜਿੱਥੇ ਸਿੱਖ ਧਰਮ ਵਿਚ ਸਰਗੁਣ ਅਤੇ ਨਿਰਗੁਣ ਪਰਮਾਤਮਾ ਹੈ, ਅਕਾਲ ਪੁਰਖ ਹੈ, ਉਥੇ ਹਿੰਦੂ ਧਰਮ ਜਾਂ ਵੈਦਿਕ ਪਰੰਪਰਾ

ਵਿਚ ਸਰਗੁਣ ਸਰੂਪ ਅਵਤਾਰਵਾਦੀ ਹੈ। ਨਿਰਮਲ ਸੰਪ੍ਰਦਾਇ ਦੇ ਧਾਰਮਿਕ ਅਤੇ ਦਾਰਸ਼ਨਿਕ ਖੇਤਰ ਵਿਚ ਪਾਏ ਯੋਗਦਾਨ ਦਾ ਵਿਸ਼ਲੇਸ਼ਣ ਉਨ੍ਹਾਂ ਦੀ ਵਿਦਵਤਾ ਦਾ ਪ੍ਰਗਟਾਵਾ ਕਰਦਾ ਹੈ।

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਗੁਰਬਾਣੀ ਅਧਿਐਨ ਵਿਚ ਸਾਹਮਣੇ ਆਏ ਨੁਕਤਿਆਂ ਨੂੰ ਗੁਰੂ-ਆਸ਼ੇ ਅਨੁਸਾਰ ਵਿਹਾਰ ਵਿਚ ਪ੍ਰਗਟ ਕੀਤਾ ਹੈ। ਸਦਾਚਾਰੀ ਜੀਵਨਜਾਚ ਦਾ ਵਿਹਾਰਕ ਪੱਖ ਗੁਰੂ ਸਾਹਿਬਾਨ ਦੇ ਸਮੇਂ ਅਰੰਭ ਹੋ ਕੇ ਸਿਖਰਾਂ ਨੂੰ ਛੂਹਣ ਲੱਗਾ ਸੀ। ਨਿਰਮਲੇ ਸੰਤਾਂ ਨੇ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਕੀਤੀਆਂ ਸੰਸਥਾਵਾਂ ਨੂੰ ਭਾਰਤ ਦੇ ਵਿਭਿੰਨ ਕੋਨਿਆਂ ਵਿਚ ਪਹੁੰਚਾਉਣ ਦਾ ਕਾਰਜ ਕੀਤਾ। ਉਹ ਸਮਾਜ ਦੀਆਂ ਜਿਹੜੀਆਂ ਸਮੱਸਿਆਵਾਂ ਨੂੰ ਆਪਣੇ ਇਲਾਕਿਆਂ ਵਿਚ ਦੇਖਦੇ ਸਨ, ਗੁਰੂ-ਆਸ਼ੇ ਅਨੁਸਾਰ ਉਨ੍ਹਾਂ ਦਾ ਹੱਲ ਕਰਨ ਲਈ ਯਤਨਸ਼ੀਲ ਹੋ ਜਾਂਦੇ ਸਨ।

ਗੁਰਬਾਣੀ ਅਤੇ ਗੁਰਮਤਿ ਸਦਾਚਾਰ ਦਾ ਪ੍ਰਚਾਰ ਕਰਨ ਲਈ ਨਿਰਮਲੇ ਸੰਤਾਂ ਨੇ ਮੁੱਢਲੇ ਦੌਰ ਵਿਚ ਭਾਰਤ ਦੇ ਪ੍ਰਮੁੱਖ ਹਿੰਦੂ ਤੀਰਥ ਅਸਥਾਨਾਂ 'ਤੇ ਆਪਣੇ ਕੇਂਦਰ ਸਥਾਪਿਤ ਕੀਤੇ ਜਿਨ੍ਹਾਂ ਵਿਚੋਂ ਸੰਤਾਂ ਨੇ ਲੋਕਾਂ ਲਈ ਬਹੁ-ਪੱਖੀ ਅਤੇ ਪਰਉਪਕਾਰੀ ਸੇਵਾ ਅਰੰਭ ਕੀਤੀ। ਨਿਰਮਲੇ ਸਥਾਨਾਂ ਨੇ ਜਿੱਥੇ ਗੁਰਮਤਿ ਅਤੇ ਵਿਦਿਆ ਦੇ ਪ੍ਰਚਾਰ-ਪ੍ਰਸਾਰ ਵਿਚ ਅਹਿਮ ਭੂਮਿਕਾ ਨਿਭਾਈ ਹੈ ਉਥੇ ਜਨ-ਸਾਧਾਰਨ ਦੀਆਂ ਮੁਸ਼ਕਲਾਂ ਨੂੰ ਦੂਰ ਕਰਦੇ ਹੋਏ ਉਨ੍ਹਾਂ ਦੇ ਰੋਗਾਂ ਦਾ ਇਲਾਜ, ਗਰੀਬ ਲੋਕਾਂ ਦੀ ਮੱਦਦ, ਗਰੀਬ ਬੱਚਿਆਂ ਲਈ ਮੁਫ਼ਤ ਵਿਦਿਆ, ਸੜਕਾਂ-ਪੁਲਾਂ ਦੇ ਨਿਰਮਾਣ, ਭੁਖਿਆਂ ਲਈ ਲੰਗਰ ਅਤੇ ਵਾਤਾਵਰਣ ਦੀ ਸ਼ੁੱਧਤਾ ਅਦਿ ਦੀ ਸਮਾਜ ਸੇਵਾ ਕਰ ਕੇ ਪ੍ਰਸ਼ੰਸਾਯੋਗ ਸਮਾਜਿਕ ਕਾਰਜ ਕੀਤੇ ਹਨ ਜਿਨ੍ਹਾਂ ਨੂੰ ਇਸ ਅਧਿਆਇ ਦਾ ਮੁੱਖ ਵਿਸ਼ਾ ਬਣਾ ਕੇ ਚਰਚਾ ਕੀਤੀ ਗਈ ਹੈ।

ਨਿਰਮਲ ਸੰਪ੍ਰਦਾਇ ਸੰਬੰਧੀ ਵਿਭਿੰਨ ਪੱਖਾਂ ਦਾ ਅਧਿਐਨ ਕਰਦੇ ਹੋਏ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਦੁਆਰਾ ਸਮਾਜ ਦੇ ਸਦਾਚਾਰਕ ਵਿਕਾਸ ਅਤੇ ਗੁਰਮਤਿ ਦੀਆਂ ਕਦਰਾਂ-ਕੀਮਤਾਂ ਨੂੰ ਜਨ-ਸਾਧਾਰਨ ਤੱਕ ਲਿਜਾਣ ਦੇ ਉਪਰਾਲੇ ਨੇ ਇਨ੍ਹਾਂ ਨੂੰ ਆਦਰਸ਼ ਰੂਪ ਵਿਚ ਸਥਾਪਿਤ ਕੀਤਾ ਹੈ ਜਿਸ ਤੋਂ ਹਮੇਸ਼ਾ ਹੀ ਧਾਰਮਿਕ ਅਤੇ ਸਦਾਚਾਕ ਪ੍ਰੇਰਨਾ ਅਤੇ ਅਗਵਾਈ ਪ੍ਰਾਪਤ ਹੁੰਦੀ ਹੈ।

# ਪੁਸਤਕ ਸੂਚੀ

## ਪੰਜਾਬੀ ਪੁਸਤਕਾਂ


ਅਮਰਜੀਤ ਸਿੰਘ (ਸੰਪਾ.) *ਭਾਈ ਕਾਨ੍ਹ ਸਿੰਘ ਇਕ ਅਧਿਐਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982

ਆਹਲੂਵਾਲੀਆ, ਐਮ. ਐਲ. *ਭਾਈ ਮਹਾਰਾਜ ਸਿੰਘ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976

ਆਹਲੂਵਾਲੀਆ, ਜਸਬੀਰ ਸਿੰਘ (ਡਾ.) *ਸਿੱਖ ਫ਼ਲਸਫ਼ੇ ਦੀ ਭੂਮਿਕਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2017

ਸਰਬਜਿੰਦਰ ਸਿੰਘ, ਡਾ. (ਸੰਪਾ.) *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ*, ਭਾਗ ਤੀਜਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007

ਸਵਾਮੀ, ਮੋਨੀ *ਸਤਿਨਾਮ ਵਾਹਿਗੁਰੂ*, ਸੰਤ ਜੈਲ ਸਿੰਘ ਸ਼ਾਸਤ੍ਰੀ, ਨਿਰਮਲ ਅਖਾੜਾ ਮਹੰਤ ਮੂਲ ਸਿੰਘ (ਰਜਿ:) ਅੰਮ੍ਰਿਤਸਰ, 2010

ਸ਼ੇਰ ਸਿੰਘ (ਪ੍ਰੋ.) *ਗੁਰਮਤਿ ਦਰਸ਼ਨ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2004

ਸ਼ੇਰਗਿਲ, ਸੁਰਿੰਦਰ ਸਿੰਘ *ਪੰਡਿਤ ਤਾਰਾ ਸਿੰਘ ਨਰੋਤਮ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985

ਹਰਜੀਤ ਸਿੰਘ (ਪ੍ਰੋ.) *ਮਹਾਂ ਕਵੀ ਭਾਈ ਸੰਤੋਖ ਸਿੰਘ*, ਪੰਜਾਬੀ ਅਕਾਦਮੀ, ਦਿੱਲੀ, 1991

ਹਰਭਜਨ ਸਿੰਘ ਡਾ. (ਸੰਪਾ.) *ਨਿਰਮਲ ਸੰਪ੍ਰਦਾਇ ਦੀ ਗੁਰੁਬਾਣੀ ਵਿਆਖਿਆਕਾਰੀ*, ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ, 2011

ਹਰੀ, ਹਰੀਚਰਨ ਸਿੰਘ, ਸੰਤ *ਅਮਰ ਵਸਤੂ*, ਸੰਤ ਜੋਧ ਸਿੰਘ ਨਿਰਮਲ ਆਸ਼ਰਮ ਰਿਸ਼ੀਕੇਸ਼, 2012

ਕਪੂਰ, ਪ੍ਰਿਥੀਪਾਲ ਸਿੰਘ (ਸੰਪਾ.) *ਅਕਾਲੀ ਦਰਸ਼ਨ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2015

ਕਰਤਾਰ ਸਿੰਘ, ਸੰਤ *ਜਾਪੁ ਸਾਹਿਬ ਅਰਥ ਪ੍ਰਬੋਧ*, ਨਿਰਮਲ ਪੰਚਾਇਤੀ ਅਖਾੜਾ, ਕਨਖਲ, ਹਰਿਦੁਆਰ, 2010

ਕਰਮਜੀਤ ਸਿੰਘ, ਇੰਜ. (ਸੰਪਾ.) *ਮਹਾਂਕਵੀ ਭਾਈ ਸੰਤੋਖ ਸਿੰਘ ਜੀਵਨ ਅਤੇ ਰਚਨਾ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014

ਕਾਸ਼ੀ, ਈਸ਼ਰ ਸਿੰਘ ਜੀ, (ਪੰਡਿਤ) *ਵਾਹਿਗੁਰੂ ਮੰਤ੍ਰਾਅਰਥ ਗੁਰਮੁਖੀ*, ਭਾਈ ਹੇਮ ਸਿੰਘ, ਗੁਰਬਖਸ਼ ਪ੍ਰੈਸ, ਲਾਹੌਰ, 1909

ਕੁਲਵਿੰਦਰ ਸਿੰਘ ਡਾ. (ਸੰਪਾ.) *ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ*, ਨਿਰਮਲ ਆਸ਼ਰਮ, ਰਿਸ਼ੀਕੇਸ਼, 2013

ਕੋਠਾ ਗੁਰੂ, ਬਲਵੰਤ ਸਿੰਘ, ਗਿਆਨੀ ਸ੍ਰੀ ਦਮਦਮਾ ਗੁਰੂ ਕੀ ਕਾਸ਼ੀ, ਗਿਆਨੀ ਕੌਰ ਸਿੰਘ ਸਾਹਿਤਯ ਸ਼ਾਸਤ੍ਰੀ ਸਦਨ, ਕੋਠਾ ਗੁਰੂ, ਬਠਿੰਡਾ 1995

ਕੋਠਾ ਗੁਰੂ, ਬਲਵੰਤ ਸਿੰਘ, ਗਿਆਨੀ *ਕੋਠਾ ਗੁਰੂ ਦੀ ਗੌਰਵ ਗਾਥਾ*, ਗਿਆਨੀ ਕੌਰ ਸਿੰਘ ਕੋਠਾ ਗੁਰੂ, ਬਠਿੰਡਾ, 2004

ਕੋਠਾ ਗੁਰੂ, ਬਲਵੰਤ ਸਿੰਘ, ਗਿਆਨੀ *ਨਿਰਮਲ ਪੰਥ ਦੀ ਗੌਰਵ ਗਾਥਾ*, ਸ਼ੁਕਦੇਵ ਕੁਟੀ ਰਤਨ ਬਾਗ, ਕਨਖਲ, ਹਰਿਦੁਆਰ, 2009

ਕੋਠਾ ਗੁਰੂ, ਬਲਵੰਤ ਸਿੰਘ, ਗਿਆਨੀ *ਨਿਰਮਲ ਭੇਖ ਭਾਸ਼ਕਰ*, ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ, ਸ਼ੁਕਦੇਵ ਕੁਟੀ ਰਤਨ ਬਾਗ, ਕਨਖਲ, ਹਰਿਦਵਾਰ, 2009

ਕੋਠਾ ਗੁਰੂ, ਬਲਵੰਤ ਸਿੰਘ, ਗਿਆਨੀ *ਸ੍ਰੀ ਨਿਰਮਲ ਪੰਥ ਬੋਧ*, ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, ਹਰਿਦੁਆਰ, 2009

| | |
|---|---|
| ਕੋਠਾ ਗੁਰੂ, ਬਲਵੰਤ ਸਿੰਘ, ਗਿਆਨੀ | *ਕਲਾਧਾਰੀ ਪੁਰਖ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਗੁਰੂ ਕਾਸ਼ੀ, ਤਲਵੰਡੀ ਸਾਬੋ, 2012 |
| ਕੋਠਾ ਗੁਰੂ, ਬਲਵੰਤ ਸਿੰਘ, ਗਿਆਨੀ | *ਸੰਪ੍ਰਦਾਇ ਮਸਤੂਆਣਾ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਗੁਰੂ ਕਾਸ਼ੀ, ਤਲਵੰਡੀ ਸਾਬੋ, 2015 |
| ਗਣੇਸ਼ਾ ਸਿੰਘ, ਮਹੰਤ | *ਭਾਰਤ ਮਤ ਦਰਪਣ,* ਤਰਨਤਾਰਨ ਵੈਦਕ ਭੰਡਾਰ, ਅੰਮ੍ਰਿਤਸਰ, 1926 |
| ਗਰੇਵਾਲ, ਸਵਰਨਜੀਤ ਕੌਰ (ਡਾ.) | *ਉੱਤਰੀ ਭਾਰਤ ਦੀਆਂ ਪ੍ਰਮੁੱਖ ਨਿਰਗੁਣ ਸੰਪ੍ਰਦਾਵਾਂ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005 |
| ਗਿਆਨ ਸਿੰਘ, ਗਿਆਨੀ | *ਨਿਰਮਲ ਪੰਥ ਪ੍ਰਦੀਪਕਾ,* ਸੰਪਾਦਕ ਇੰਦਰ ਸਿੰਘ ਚੱਕਰਵਰਤੀ, ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, ਹਰਿਦੁਆਰ, 1962 |
| ਗਿਆਨ ਸਿੰਘ, ਗਿਆਨੀ | *ਸ੍ਰੀ ਗੁਰੁ ਪੰਥ ਪ੍ਰਕਾਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1987 |
| ਗਿਆਨ ਸਿੰਘ, ਗਿਆਨੀ | *ਤਵਾਰੀਖ ਗੁਰੂ ਖਾਲਸਾ* (ਹਿੱਸਾ ਪਹਿਲਾ), ਭਾਸ਼ਾ ਵਿਭਾਗ, ਪੰਜਾਬ, ਮਿਤੀਹੀਣ |
| ਗਿਆਨ ਸਿੰਘ, ਗਿਆਨੀ | *ਸ੍ਰੀ ਗੁਰੁ ਪੰਥ ਪ੍ਰਕਾਸ਼,* ਭਾਗ ਪਹਿਲਾ, ਸੰਪਾਦਕ ਕਿਰਪਾਲ ਸਿੰਘ, ਅਜੀਤ ਨਗਰ ਸੁਲਤਾਨਵਿੰਡ ਗੇਟ, ਸ੍ਰੀ ਅੰਮ੍ਰਿਤਸਰ, 1984 |
| ਗਿਆਨ ਸਿੰਘ, ਗਿਆਨੀ | *ਸ੍ਰੀ ਗੁਰੁ ਪੰਥ ਪ੍ਰਕਾਸ਼,* ਭਾਗ ਤੀਜਾ, ਸੰਪਾਦਕ ਕਿਰਪਾਲ ਸਿੰਘ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 1998 |
| ਗਿਆਨ ਸਿੰਘ, ਗਿਆਨੀ | *ਸ੍ਰੀ ਗੁਰੁ ਪੰਥ ਪ੍ਰਕਾਸ਼,* ਭਾਗ ਪੰਜਵਾਂ, ਸੰਪਾਦਕ ਕਿਰਪਾਲ ਸਿੰਘ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 1999 |

ਗਿੱਲ, ਮਹਿੰਦਰ ਕੌਰ (ਡਾ.) *ਧਰਮ ਜਿਹਨਾਂ ਨੇ ਜੀਵਿਆ*, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2014

ਗੁਰਚਰਨ ਸਿੰਘ, ਗਿਆਨੀ, *ਇਤਿਹਾਸ ਨਿਰਮਲ ਸੰਪ੍ਰਦਾਇ ਸ਼ਾਖ ਬਰਨਾਲਾ*, ਸੰਪਾਦਕ ਕਰਮਜੀਤ ਸਿੰਘ, ਮਹੰਤ ਹਾਕਮ ਸਿੰਘ ਗੰਡਾ ਸਿੰਘ ਵਾਲਾ (ਬਰਨਾਲਾ), 1976

ਗੁਰਮੀਤ ਸਿੰਘ *ਨਿਰਮਲ ਸੰਪ੍ਰਦਾਇ*, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2009

ਗੋਇਲ, ਜੈ ਭਗਵਾਨ *ਮਹਾਂਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992

ਜਸਵਿੰਦਰ ਕੌਰ (ਡਾ.) *ਪੰਡਿਤ ਈਸ਼ਰ ਸਿੰਘ, ਜੀਵਨ, ਰਚਨਾ ਤੇ ਸਿਧਾਂਤ*, ਕੇ. ਜੀ ਗ੍ਰਾਫ਼ਿਕਸ, ਅੰਮ੍ਰਿਤਸਰ, 2016

ਜੋਧ ਸਿੰਘ, ਭਾਈ *ਗੁਰਮਤਿ ਨਿਰਣਯ*, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003

ਤਾਰਨ ਸਿੰਘ *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*; ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997

ਤੇਜਾ ਸਿੰਘ (ਪ੍ਰਿੰ.), ਗੰਡਾ ਸਿੰਘ (ਡਾ.) *ਸਿੱਖ ਇਤਿਹਾਸ (1469-1765)*, ਅਨੁ. ਡਾ. ਭਗਤ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019

ਤੇਜਾ ਸਿੰਘ ਐਮ. ਏ. (ਪ੍ਰਿੰ.) *ਸਿੱਖ ਧਰਮ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2015

ਤੇਜਾ ਸਿੰਘ ਐਮ. ਏ., ਮਹੰਤ *ਨਿਰਮਲ ਦਰਪਣ*, ਡੇਰਾ ਗੁਰੂ ਸਰ, ਖੁੱਡਾ, ਜ਼ਿਲ੍ਹਾ ਹੁਸ਼ਿਆਰਪੁਰ, 1995

ਦਿਆਲ ਸਿੰਘ, ਮਹੰਤ *ਨਿਰਮਲ ਪੰਥ ਦਰਸ਼ਨ*, ਚੌਥਾ ਹਿੱਸਾ, ਜੀਵਨ ਨਿਵਾਸ ਤਿਲਕ ਨਗਰ, ਦਿੱਲੀ, 1965

ਨੰਦਾ, ਬਲਬੀਰ ਸਿੰਘ — *ਪੁਰਾਤਨ ਸਿੱਖ ਸੰਪ੍ਰਦਾਇ,* ਜਸਲੀਨ ਪ੍ਰਕਾਸ਼ਨ ਚੰਡੀਗੜ੍ਹ, 1984.

ਨਰੋਤਮ, ਤਾਰਾ ਸਿੰਘ, ਪੰਡਿਤ — *ਸ੍ਰੀ ਗੁਰੁ ਤੀਰਥ ਸੰਗ੍ਰਹਿ,* ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, 1975

ਨਰੋਤਮ, ਤਾਰਾ ਸਿੰਘ, ਪੰਡਿਤ — *ਸ੍ਰੀ ਗੁਰੁਮਤ ਨਿਰਣਯ ਸਾਗਰ,* ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, 1979

ਨਿੱਕਾ ਸਿੰਘ ਜੀ, ਸੰਤ — *ਸਹਜ ਕਥਾ,* ਨਿਰਮਲ ਆਸ਼ਰਮ, ਰਿਸ਼ੀਕੇਸ਼ ਪੋਥੀ ਪਹਿਲੀ, 2005, ਦੂਜੀ 2007, ਤੀਜੀ ਅਤੇ ਚੌਥੀ 2010, ਪੰਜਵੀ 2015

ਨਿਰਭਿੰਦਰ ਸਿੰਘ, ਸੰਤ (ਸਰਪੰਚ) — *ਅਸਚਰਜ ਵਸਤੁ,* ਨਿਰਮਲ ਆਸ਼ਰਮ, ਰਿਸ਼ੀਕੇਸ਼, 1997

ਪਦਮ, ਪਿਆਰਾ ਸਿੰਘ (ਪ੍ਰੋ.) — *ਸਿੱਖ ਸੰਪ੍ਰਦਾਵਲੀ,* ਕਲਗੀਧਰ ਫਾਊਂਡੇਸ਼ਨ, ਕਲਮ ਮੰਦਿਰ, ਪਟਿਆਲਾ, 2000

ਪੰਨੂ, ਹਰਪਾਲ ਸਿੰਘ (ਸੰਪਾ.) — *ਸ੍ਰੀ ਜਪੁ ਨੀਸਾਣੁ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013

ਪਰਮਜੀਤ ਸਿੰਘ (ਸੰਪਾ.) — *ਨਿਰਮਲ ਪੰਥ ਦਾ ਇਤਿਹਾਸ* (ਦੋ ਭਾਗ), ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ 2009

ਪਰਮਜੀਤ ਸਿੰਘ (ਡਾ.) — *ਪੰਡਿਤ ਤਾਰਾ ਸਿੰਘ ਨਰੋਤਮ ਜੀਵਨ ਤੇ ਰਚਨਾ,* ਸ੍ਰੀ ਗੁਰੁਮਤ ਨਿਰਣਯ ਸਾਗਰ ਦੇ ਸੰਦਰਭ ਵਿਚ, ਭਾ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਜਨਵਰੀ 2008

ਪ੍ਰੀਤਮ ਸਿੰਘ (ਸੰਪਾ.) — *ਨਿਰਮਲ ਸੰਪ੍ਰਦਾਇ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981

ਪਿਆਰ ਸਿੰਘ (ਸੰਪਾ.) *ਭਾਈ ਜੋਧ ਸਿੰਘ ਗੱਦ ਸੌਰਭ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986

ਬਵਨੀਤ ਕੌਰ *ਜਨਮ ਰਤਨ*, ਸੁਕ੍ਰਿਤ ਟਰੱਸਟ, ਲੁਧਿਆਣਾ, 2017

ਬੁੱਢਾ ਸਿੰਘ ਜੀ ਮਹਾਰਾਜ, ਮਹੰਤ *ਨਿਰਮਲ ਉਪਦੇਸ਼*, ਮਹੰਤ ਰਾਮ ਸਿੰਘ, ਨਿਰਮਲ ਆਸ਼ਰਮ ਰਿਸ਼ੀਕੇਸ਼, ਦੇਹਰਾਦੂਨ, 2012

ਭੌਰ, ਜਸਵੰਤ ਸਿੰਘ (ਡਾ.), (ਅਨੁ.) *ਜ਼ਫ਼ਰਨਾਮਾ ਅਰਥਾਤ ਵਿਜੇ-ਪੱਤਰ*, ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਸਿੱਖਇਜ਼ਮ, ਲੁਧਿਆਣਾ, 1984

ਮਾਨ, ਤੇਜਵੰਤ ਸਿੰਘ (ਡਾ.) *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ*, ਲਿਟਰੇਚਰ ਹਾਊਸ, ਅੰਮ੍ਰਿਤਸਰ, 2004

ਮਿਨਹਾਸ, ਕੁਲਵਿੰਦਰ ਕੌਰ (ਡਾ.) *ਕਰਮਯੋਗੀ ਸੰਤ ਬਲਬੀਰ ਸਿੰਘ ਜੀ ਸੀਚੇਵਾਲ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2011

ਮੋਹਿਰ ਸਿੰਘ ਨਿਰਮਲੇ, ਸੰਤ *ਗ੍ਰੰਥ ਭਰਮ ਤੋੜ ਅਤੇ ਹੋਰ ਰਚਨਾਵਾਂ*, ਸੰਪਾਦਕ ਮਨਜੀਤ ਕੌਰ, ਨਿਰਮਲ ਆਸ਼ਰਮ, ਰਿਸ਼ੀਕੇਸ਼ (ਦੇਹਰਾਦੂਨ), 2015

ਰਤਨ ਸਿੰਘ ਭੰਗੂ, ਭਾਈ, ਸ਼ਹੀਦ *ਸ੍ਰੀ ਗੁਰ ਪੰਥ ਪ੍ਰਕਾਸ਼*, ਸੰਪਾਦਕ ਡਾ. ਜੀਤ ਸਿੰਘ ਸੀਤਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2014

ਰਿਸ਼ੀਕੇਸ਼, ਨਿਰਮਲ ਆਸ਼ਰਮ *ਨਿਰਮਲ ਆਸ਼ਰਮ ਜਾਣਕਾਰੀ*, ਨਿਰਮਲ ਆਸ਼ਰਮ, ਰਿਸ਼ੀਕੇਸ਼, 2015

ਰੂਪ ਸਿੰਘ (ਸੰਪਾ.) *ਪ੍ਰਮੁੱਖ ਸਿੱਖ ਸ਼ਖ਼ਸੀਅਤਾਂ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010

ਲਾਹੌਰ, ਦਿਆਲ ਸਿੰਘ *ਬਾਬਾ ਨਾਨਕ ਜੀ ਦਾ ਨਿਰਮਲ ਪੰਥ*, ਕ੍ਰਿਪਾ ਸਾਗਰ ਪ੍ਰੈਸ, ਲਾਹੌਰ, 1935

## English Books:


Bhagat Lakshman Singh — *A Short Sketch of The Life and Work of Guru Gobind Singh*, Language Department Punjab, Patiala, 1970

Dilgeer, Harjinder Singh (Dr.) — *The Sikh Reference Book*, The Sikh Educational Trust, Canada, 1997

H.A. Rose (compiled by), — *A Glossary of The Tribes And Castes of The Punjab and North-East Frontie Province (3 Vols.)*, Language Department Punjab, Patiala, 1970

Harbans Singh (Editor-in. Chief) — *The Encyclopedia of Sikhism (4 Vols.)*, Punjabi University, Patiala, 1997

Teja Singh — *Sikhism: Its Ideals and Institutions*, Lahore Book Shop, Lahore, 1938, 1970


## ਹਿੰਦੀ ਪੁਸਤਕਾਂ


ਅਰਵਿੰਦ, ਹਕੀਕਤ ਸਿੰਘ ਪੰਡਿਤ — *ਆਤਮ ਸਰਿਤਾ*, ਨਿਰਮਲ ਆਸ਼ਰਮ, ਰਿਸ਼ੀਕੇਸ਼, 1978

ਗੁਲਾਟੀ, ਮਦਨ (ਡਾ.) — *ਨਿਰਮਲ ਸੰਤ ਪਰੰਪਰਾ; ਉਦਭਵ, ਵਿਕਾਸ ਔਰ ਦੀਨਬੰਧੂ,* ਇੰਟੈਕ ਪਬਲਿਸ਼ਰਜ਼, ਕਰਨਾਲ, 2011


## ਕੋਸ਼


ਜੱਗੀ, ਰਤਨ ਸਿੰਘ (ਡਾ.) — *ਗੁਰੂ ਗ੍ਰੰਥ ਵਿਸ਼ਵਕੋਸ਼,* (ਭਾਗ ਪਹਿਲਾ ਤੇ ਦੂਜਾ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਜੱਗੀ, ਰਤਨ ਸਿੰਘ (ਡਾ.) — *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ ਤੇ ਦੂਜਾ) ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005

ਨਾਭਾ, ਕਾਨ੍ਹ ਸਿੰਘ, ਭਾਈ — *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011

*ਪੰਜਾਬੀ ਕੋਸ਼,* (ਜਿਲਦ ਤੀਜੀ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1967

**ਪੱਤ੍ਰਿਕਾਵਾਂ (ਪੰਜਾਬੀ)**

ਖੋਜ ਪੱਤ੍ਰਿਕਾ — ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1980, ਸਤੰਬਰ 1986, ਸਤੰਬਰ 1998

ਗੁਰਮਤਿ ਪ੍ਰਕਾਸ਼ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਗਸਤ 2010

ਨਾਨਕ ਪ੍ਰਕਾਸ਼ ਪੱਤ੍ਰਿਕਾ — ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 1976, ਜੂਨ-ਦਸੰਬਰ 2009

ਨਿਰਮਲ ਦਰਸ਼ਨ — ਡੇਰਾ ਬਾਬਾ ਝੰਡਾ ਸਾਹਿਬ, ਨਾਹਲਾਂ, ਜਲੰਧਰ, ਅਕਤੂਬਰ 2014, ਅਪ੍ਰੈਲ 2015

ਪੰਜਾਬ ਹਿਸਟਰੀ ਕਾਨਫਰੰਸ — ਪਰੋਸੀਡਿੰਗਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 1968, ਮਾਰਚ 1994, ਮਾਰਚ 1995

ਪੰਜਾਬੀ ਦੁਨੀਆਂ — ਭਾਸ਼ਾ ਵਿਭਾਗ ਪੰਜਾਬ, ਜਨਵਰੀ 1980

**ਖੋਜ-ਪ੍ਰਬੰਧ (ਅਣਪ੍ਰਕਾਸ਼ਿਤ)**

ਸੁਰਿੰਦਰ ਸਿੰਘ — *ਨਿਰਮਲੇ ਸੰਤਾਂ ਦੀ ਪੰਜਾਬੀ ਸਾਹਿਤ ਨੂੰ ਦੇਣ,* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1975

ਹਰਜੀਤ ਕੌਰ ਮਦਾਨ — *ਤਾਰਾ ਸਿੰਘ ਨਰੋਤਮ ਵਯਕਤਿਤ੍ਵ ਔਰ ਕ੍ਰਿਤਤਿਤ* (18ਵੀਂ ਸ਼ਤਾਬਦੀ ਮੇਂ ਉਪਲਬਧ ਪੰਜਾਬ ਕੇ ਹਿੰਦੀ ਕਾਵਿਯੋ ਕੇ ਵਿਸ਼ਿਸ਼ਟ ਸੰਦਰਭ ਮੇਂ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1973

ਜਸਵਿੰਦਰ ਕੌਰ — *ਪੰਡਿਤ ਪੰਡਿਤ ਈਸ਼ਰ ਸਿੰਘ ਦਾ ਜੀਵਨ ਤੇ ਰਚਨਾ: ਵਿਸ਼ਲੇਸ਼ਣਾਤਮਕ ਅਧਿਐਨ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2010

ਪਰਮਜੀਤ ਸਿੰਘ — *ਪੰਡਿਤ ਤਾਰਾ ਸਿੰਘ ਨਰੋਤਮ ਕ੍ਰਿਤ ਸ੍ਰੀ ਗੁਰੁਮਤ ਨਿਰਣਯ ਸਾਗਰ ਦਾ ਵਿਚਾਰਧਾਰਾਈ ਅਧਿਐਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2005

ਬਲਜੀਤ ਕੌਰ — *ਨਿਰਮਲ ਪੰਥ: ਇਤਿਹਾਸਕ ਵਿਸ਼ਲੇਸ਼ਣ (1699-1849)*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013

## ਨਿੱਜੀ ਮੁਲਾਕਾਤਾਂ ਅਤੇ ਸਰਵੇਖਣ

- ਗਿਆਨੀ ਬਲਵੰਤ ਸਿੰਘ, ਪਿੰਡ ਕੋਠਾ ਗੁਰੂ, ਜ਼ਿਲ੍ਹਾ ਬਠਿੰਡਾ, ਜੁਲਾਈ 2015
- ਸੰਤ ਜੋਧ ਸਿੰਘ ਜੀ, ਨਿਰਮਲ ਆਸ਼ਰਮ ਰਿਸ਼ੀਕੇਸ਼, ਜ਼ਿਲ੍ਹਾ ਦੇਹਰਾਦੂਨ (ਉਤਰਾਖੰਡ), ਜਨਵਰੀ, 2016
- ਸੰਤ ਦਰਸ਼ਨ ਸਿੰਘ ਸ਼ਾਸਤ੍ਰੀ, ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ (ਹਰਿਦੁਆਰ), ਜਨਵਰੀ 2016
- ਮਹੰਤ ਬਲਵੰਤ ਸਿੰਘ ਸੈਕਟਰੀ, ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ (ਹਰਿਦੁਆਰ), ਜਨਵਰੀ 2016
- ਸੰਤ ਗੁਰਿੰਦਰ ਸਿੰਘ, ਨਿਰਮਲ ਕੁਟੀਆ, ਪਿੰਡ ਅਸਰਪੁਰ, ਜ਼ਿਲ੍ਹਾ ਪਟਿਆਲਾ, ਦਸੰਬਰ 2017
- ਮਹੰਤ ਤੇਜਾ ਸਿੰਘ ਐਮ.ਏ, ਨਿਰਮਲ ਡੇਰਾ ਗੁਰੂਸਰ, ਪਿੰਡ ਖੁੱਡਾ, ਜ਼ਿਲ੍ਹਾ ਹੁਸ਼ਿਆਰਪੁਰ, ਅਕਤੂਬਰ 2017
- ਸੰਤ ਨਿਰਭਿੰਦਰ ਸਿੰਘ 'ਸਰਪੰਚ', ਨਿਰਮਲ ਕੁਟੀਆ, ਕਰਨਾਲ, (ਹਰਿਆਣਾ), ਦਸੰਬਰ 2017
- ਸੰਤ ਮਹਿੰਦਰ ਸਿੰਘ ਜੀ, ਨਿਰਮਲ ਕੁਟੀਆ, ਪਿੰਡ ਦਾਮਲੀ, ਜ਼ਿਲ੍ਹਾ ਕੁਰੁਕਸ਼ੇਤਰ (ਹਰਿਆਣਾ), ਦਸੰਬਰ 2017
- ਸੰਤ ਹਰੀ ਸਿੰਘ ਜੀ, ਡੇਰਾ ਧਰਮ ਧਜਾ ਪਟਿਆਲਾ, ਜਨਵਰੀ 2018

# ਨਿਰਮਲ ਸੰਪ੍ਰਦਾਇ ਦੀ ਵਰਤਮਾਨ ਸਥਿਤੀ ਅਤੇ ਯੋਗਦਾਨ : ਇਕ ਮੁਲਾਂਕਣ

# (1910-2010)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ
ਪੀਐਚ.ਡੀ. (ਧਰਮ ਅਧਿਐਨ) ਦੀ ਡਿਗਰੀ ਲਈ
ਪੇਸ਼ ਕੀਤਾ

**ਖੋਜ-ਪ੍ਰਬੰਧ**

ਸਤੰਬਰ 2020


**ਨਿਗਰਾਨ:**

**ਡਾ. ਪਰਮਵੀਰ ਸਿੰਘ**
ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਖੋਜਾਰਥੀ:**

**ਗੁਰਜਿੰਦਰ ਸਿੰਘ**


PUNJABI UNIVERSITY PATIALA

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

## ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,
## ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸਾਰ

ਨਿਰਮਲ ਸੰਪ੍ਰਦਾਇ ਸਿੱਖਾਂ ਦੀ ਇਕ ਵਿਦਵਾਨ ਸੰਪ੍ਰਦਾਇ ਹੈ ਜੋ ਸਮਾਜ ਵਿਚ ਆਪਣਾ ਵਿਲੱਖਣ ਅਤੇ ਸਨਮਾਨਯੋਗ ਸਥਾਨ ਰੱਖਦੀ ਹੈ। ਭਾਵੇਂ ਆਪਣੇ ਅਰੰਭਕ ਦੌਰ ਵਿਚ ਇਸ ਸੰਪ੍ਰਦਾਇ ਦੇ ਸੰਤ ਵਿਕੋਲਿਤ੍ਰੇ ਰੂਪ ਵਿਚ ਭ੍ਰਮਣ ਕਰਦੇ ਰਹੇ ਪ੍ਰੰਤੂ ਇਕ ਸਮਾਂ ਅਜਿਹਾ ਵੀ ਆਇਆ ਜਦੋਂ ਇਹ ਸੰਪ੍ਰਦਾਇ ਸੰਗਠਨਾਤਮਿਕ ਰੂਪ ਵਿਚ ਉਭਰ ਕੇ ਸਾਹਮਣੇ ਆਈ ਅਤੇ ਇਸ ਦੇ ਵਿਦਵਾਨ ਸੰਤਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਦੀ ਪੂਰਤੀ ਹਿਤ ਗੁਰਮਤਿ ਦੇ ਪਠਨ-ਪਾਠਨ ਅਤੇ ਪ੍ਰਚਾਰ-ਪ੍ਰਸਾਰ ਹਿਤ ਵਡਮੁੱਲੇ ਕਾਰਜ ਕੀਤੇ ਹਨ।

ਖੋਜ-ਕਾਰਜ ਕਰਦਿਆਂ ਇਨ੍ਹਾਂ ਤੱਥਾਂ ਦਾ ਪਤਾ ਲਗਦਾ ਹੈ ਕਿ ਇਹ ਸੰਸਥਾ ਸਿਰਫ਼ ਗੁਰਮਤਿ ਪ੍ਰਚਾਰ ਅਤੇ ਪਠਨ-ਪਾਠਨ ਤੱਕ ਹੀ ਸੀਮਤ ਨਹੀਂ ਰਹੀ ਬਲਕਿ ਇਸ ਦਾ ਕਾਰਜ ਖੇਤਰ ਨਿਰੰਤਰ ਵਧਦਾ ਰਿਹਾ। ਮੌਜੂਦਾ ਸਮੇਂ ਤੱਕ ਵਿਕਾਸ ਕਰਦੇ ਹੋਏ ਭਾਵੇਂ ਕਿ ਇਹ ਸੰਸਥਾ ਵਿਭਿੰਨ ਪੜਾਵਾਂ ਵਿਚੋਂ ਹੋ ਕੇ ਗੁਜਰੀ ਹੈ ਪਰ ਇਸ ਨੇ ਗੁਰਮਤਿ ਪ੍ਰਚਾਰ ਅਤੇ ਗ੍ਰੰਥਾਂ ਦਾ ਅਧਿਐਨ ਨਿਰੰਤਰ ਜਾਰੀ ਰੱਖਿਆ ਹੈ।

ਹਥਲੇ ਖੋਜ-ਕਾਰਜ ਵਿਚ ਨਿਰਮਲ ਸੰਪ੍ਰਸਾਇ ਦਾ 1910 ਈ. ਤੋਂ ਲੈ ਕੇ 2010 ਈ. ਤੱਕ ਇਕ ਸਦੀ ਦਾ ਸਰਵੇਖਣ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਸਮੇਂ ਦੌਰਾਨ ਸਿੰਘ ਸਭਾ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰ ਵੀ ਸਿੱਖਾਂ ਵਿਚ ਜੋਰ ਫੜ ਗਈਆਂ ਸਨ। ਇਨ੍ਹਾਂ ਲਹਿਰਾਂ ਦੇ ਸਿੱਖ ਸਮਾਜ ਵਿਚ ਪ੍ਰਚਲਿਤ ਹੋ ਜਾਣ ਦੇ ਬਾਵਜੂਦ ਵੀ ਨਿਰਮਲੇ ਸੰਤ ਆਪਣੇ ਕਾਰਜ-ਖੇਤਰ ਵਿਚ ਪੂਰਨ ਸੰਜਮ ਅਤੇ ਨਿਮਰਤਾ ਸਹਿਤ ਕਾਰਜਸ਼ੀਲ ਸਨ। ਅਜ਼ਾਦੀ ਤੋਂ ਬਾਅਦ ਸਿੱਖਾਂ ਦੇ ਹਾਲਾਤ ਬਦਲ ਗਏ ਅਤੇ ਉਨ੍ਹਾਂ ਨੂੰ ਬੇ-ਘਰ ਹੋ ਕੇ ਭਾਰਤ ਵਿਚ ਆਉਣਾ ਪਿਆ। ਅਜਿਹੇ ਸਮੇਂ ਦੌਰਾਨ ਵੀ ਨਿਰਮਲੇ ਸੰਤ ਆਪਣੀ ਚਾਲ ਚਲਦੇ ਰਹੇ ਅਤੇ ਜਿੱਥੋਂ ਤੱਕ ਸੰਭਵ ਹੋ ਸਕਿਆ ਗੁਰੂ ਸਾਹਿਬਾਨ ਦੁਆਰਾ ਦਰਸਾਏ ਗਏ ਆਸ਼ੇ ਅਤੇ ਉਦੇਸ਼ ਅਨੁਸਾਰ ਕਾਰਜਸ਼ੀਲ ਰਹੇ।

ਨਿਰਮਲੇ ਸੰਤ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਉਪਰੰਤ ਗੁਰਮਤਿ ਪ੍ਰਚਾਰ ਲਈ ਭਾਰਤ ਦੇ ਕੋਨੇ-ਕੋਨੇ ਵਿਚ ਵਿਚਰਦੇ ਰਹੇ। ਇਸ ਸਮੇਂ ਥਾਂ-ਥਾਂ ਖ਼ਾਸ ਤੌਰ 'ਤੇ ਹਿੰਦੂ ਤੀਰਥ ਸਥਾਨਾਂ 'ਤੇ ਗੁਰਮਤਿ ਪ੍ਰਚਾਰ ਵਿਚ ਰੁਚਿਤ ਇਨ੍ਹਾਂ ਸੰਤਾਂ ਨੂੰ ਕਈ ਅਜਿਹੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਜੋ

ਗੁਰਮਤਿ ਪ੍ਰਚਾਰ ਵਿਚ ਰੁਕਾਵਟ ਬਣ ਰਹੀਆਂ ਸਨ। ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਮੁੱਢਲੇ ਸਮੇਂ ਦੌਰਾਨ ਗੁਰਮਤਿ ਪ੍ਰਚਾਰ ਵਿਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਗੁਰਮਤਿ ਦੇ ਸਿਧਾਂਤਾਂ ਦਾ ਪ੍ਰਚਾਰ ਹਿੰਦੂ ਧਰਮ ਦੇ ਕਰਮਕਾਂਡ ਦਾ ਵਿਰੋਧ ਕਰਨ ਵਾਲਾ ਸੀ ਜਿਸ ਨਾਲ, ਉਚ ਵਰਗ ਵਿਚੋਂ ਸਾਹਮਣੇ ਆਏ ਹਿੰਦੂ-ਧਰਮ ਦੇ ਸਾਸ਼ਤ੍ਰਾਰਥੀਆਂ ਅਤੇ ਕਰਮਕਾਂਡੀਆਂ ਨਾਲ ਮਤਭੇਦ ਹੋਣ ਦੇ ਨਾਲ-ਨਾਲ ਮਨ-ਭੇਦ ਵੀ ਪੈਦਾ ਹੋ ਜਾਂਦਾ ਸੀ। ਵਿਰੋਧੀ ਧਿਰ ਦੇ ਸੰਤ-ਮਹਾਂਪੁਰਖ ਸੰਗਠਨਾਤਮਿਕ ਰੂਪ ਵਿਚ ਕਾਰਜ ਕਰਦੇ ਸਨ ਪਰ ਨਿਰਮਲ ਸੰਪ੍ਰਦਾਇ ਦੇ ਸੰਤ ਛੋਟੀਆਂ-ਛੋਟੀਆਂ ਟੋਲੀਆਂ ਜਾਂ ਇਕੱਲੇ ਤੌਰ 'ਤੇ ਵਿਚਰਦੇ ਸਨ। ਵਿਰੱਕਤ ਪ੍ਰਵਿਰਤੀ ਦੇ ਧਾਰਨੀ ਇਹ ਨਿਰਮਲੇ ਸੰਤ ਭੋਜਨ ਅਤੇ ਟਿਕਾਣਾ ਕਰਨ ਲਈ ਦੂਜੇ ਮਤਾਂ ਦੇ ਟਿਕਾਣਿਆਂ 'ਤੇ ਨਿਰਭਰ ਸਨ ਜਿਸ ਕਾਰਨ ਇਨ੍ਹਾਂ ਨੂੰ ਕਈ ਵਾਰ ਦੂਜੇ ਮਤਾਂ ਦੇ ਪੈਰੋਕਾਰਾਂ ਕੋਲੋਂ ਅਪਮਾਨਿਤ ਵੀ ਹੋਣਾ ਪੈਂਦਾ ਸੀ। ਇਸ ਦੇ ਚਲਦੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਦਾ ਪ੍ਰਚਾਰ ਕਰਨ ਵਾਲੇ ਨਿਰਮਲੇ ਸੰਤਾਂ ਦੀ ਵਿਦਵਤਾ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਦੀ ਮੱਦਦ ਲਈ ਗੁਰਮਤਿ ਦਾ ਸਤਿਕਾਰ ਕਰਨ ਵਾਲੇ ਕਈ ਰਾਜੇ-ਮਹਾਰਾਜੇ ਅੱਗੇ ਆਏ ਜਿਨ੍ਹਾਂ ਦੇ ਉਪਰਾਲੇ ਸਦਕਾ ਇਨ੍ਹਾਂ ਸੰਤਾਂ ਦੀ ਇਕ ਕੇਂਦਰੀ ਸੰਸਥਾ 'ਸ੍ਰੀ ਪੰਚਾਇਤੀ ਅਖਾੜਾ ਨਿਰਮਲਾ' ਅਤੇ 'ਸ੍ਰੀ ਮਹੰਤ' ਦੇ ਰੂਪ ਵਿਚ ਮੁਖੀ ਦੀ ਪਦਵੀ ਹੋਂਦ ਵਿਚ ਆਈ।

ਅਖਾੜੇ ਦੀ ਸਥਾਪਨਾ ਉਪਰੰਤ ਇਸ ਸੰਪ੍ਰਦਾਇ ਨੇ ਇੰਨਾ ਵਿਕਾਸ ਕੀਤਾ ਕਿ ਸਮਕਾਲੀ ਪ੍ਰਸਥਿਤੀਆਂ ਦੇ ਚਲਦੇ ਇਸ ਦੀਆਂ ਅਨੇਕਾਂ ਉਪ-ਸੰਪ੍ਰਦਾਵਾਂ ਹੋਂਦ ਵਿਚ ਆਈਆਂ ਜਿਨ੍ਹਾਂ ਦੇ ਪ੍ਰਬੰਧ ਅਤੇ ਉਪਰਾਲਿਆਂ ਸਦਕਾ ਨਿਰਮਲ ਸੰਪ੍ਰਦਾਇ ਦੇ ਫੈਲਾਅ ਅਤੇ ਕਾਰਜਾਂ ਦਾ ਘੇਰਾ ਵਿਸ਼ਾਲ ਹੁੰਦਾ ਗਿਆ। ਨਿਰਮਲ ਸੰਪ੍ਰਦਾਇ ਦੇ ਸੰਸਥਾਗਤ ਰੂਪ ਵਿਚ ਉਭਰਨ ਤੋਂ ਬਾਅਦ ਨਿਰਮਲੇ ਸੰਤਾਂ ਨੇ ਸਮਾਜ ਦੇ ਵੱਖ-ਵੱਖ ਖੇਤਰਾਂ ਵਿਚ ਵਡਮੁੱਲੇ ਕਾਰਜ ਕੀਤੇ ਹਨ। ਸੰਗਠਨਾਤਮਿਕ ਰੂਪ ਵਿਚ ਇਸ ਸੰਪ੍ਰਦਾਇ ਦੇ ਵਿਦਵਾਨ ਸੰਤਾਂ ਨੇ ਜਿਥੇ ਭਾਰਤ ਦੇ ਪ੍ਰਮੁੱਖ ਤੀਰਥ ਸਥਾਨਾਂ 'ਤੇ ਆਪਣੇ ਸਥਾਨ ਬਣਾਏ ਉਥੇ ਜਨ-ਸਾਧਾਰਨ ਨੂੰ ਬਾਣੀ ਅਤੇ ਬਾਣੇ ਨਾਲ ਜੋੜਨ ਲਈ ਇਹ ਸੰਤ, ਮੰਡਲੀਆਂ ਦੇ ਰੂਪ ਵਿਚ ਉਨ੍ਹਾਂ ਦੇ ਦਰਾਂ ਤੱਕ ਪੁੱਜ ਗਏ ਸਨ।

ਵਿਦਿਆ ਦੀ ਪ੍ਰਾਪਤੀ ਅਤੇ ਪ੍ਰਚਾਰ ਨਿਰਮਲੇ ਸੰਤਾਂ ਦੇ ਜੀਵਨ ਦਾ ਪ੍ਰਮੁੱਖ ਉਦੇਸ਼ ਸੀ। ਕਈ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਪਠਨ-ਪਾਠਨ ਦਾ ਅਜਿਹਾ ਮਾਹੌਲ

ਸਿਰਜਿਆ ਕਿ ਇਸ ਸੰਪ੍ਰਦਾਇ ਵਿਚੋਂ ਅਨੇਕਾਂ ਧੁਰੰਧਰ ਵਿਦਵਾਨ ਨਿਕਲੇ ਜਿਨ੍ਹਾਂ ਨੇ ਪਠਨ-ਪਾਠਨ ਦੇ ਕਾਰਜਾਂ ਦੁਆਰਾ ਲੋਕਾਂ ਨੂੰ ਪ੍ਰਭਾਵਿਤ ਕੀਤਾ। ਸਾਹਿਤ ਰਚਨਾ ਵਿਚ ਨਿਰਮਲ ਸੰਪ੍ਰਦਾਇ ਦਾ ਯੋਗਦਾਨ ਅਦੁੱਤੀ ਹੈ ਅਤੇ ਇਨ੍ਹਾਂ ਨੇ ਗੁਰਮਤਿ ਸਾਹਿਤ ਦੀ ਰਚਨਾ ਵਿਚ ਵਿਸ਼ੇਸ਼ ਕਾਰਜ ਕੀਤੇ। ਨਿਰਮਲੇ ਸੰਤਾਂ ਦਾ ਮੂਲ ਉਦੇਸ਼ ਭਾਵੇਂ ਗੁਰਬਾਣੀ ਅਤੇ ਗੁਰੂ ਨਾਨਕ ਸਿਧਾਂਤ ਦੀ ਵਿਅਖਿਆ ਸੀ ਪਰ ਇਨ੍ਹਾਂ ਨੇ ਗੁਰਮਤਿ ਦੇ ਨਾਲ-ਨਾਲ ਧਰਮ, ਕਰਮਕਾਂਡ, ਵੇਦਾਂਤ, ਨਯਾਯ, ਇਤਿਹਾਸ, ਮਿਥਿਹਾਸ, ਟੀਕੇ, ਕੋਸ਼, ਵਿਆਕਰਣ ਆਦਿ ਦੇ ਵਡਮੁੱਲੇ ਗ੍ਰੰਥਾਂ ਦੀ ਰਚਨਾ ਕਰਕੇ ਭਾਰਤੀ ਸਾਹਿਤ ਨੂੰ ਅਮੀਰੀ ਬਖ਼ਸ਼ੀ ਹੈ। ਨਿਰਮਲ ਸੰਪ੍ਰਦਾਇ ਨੇ ਵਿਦਿਅਕ ਖੇਤਰ ਵਿਚ ਗੁਰੂਕੁਲ ਅਤੇ ਆਧੁਨਿਕ ਪ੍ਰਣਾਲੀ ਦੁਆਰਾ ਵਿਦਿਆ ਦਾ ਦਾਨ ਦੇ ਕੇ ਵੀ ਵਡਮੁੱਲੇ ਕਾਰਜ ਕੀਤੇ ਹਨ।

ਵਿਦਿਅਕ ਰੁਚੀ ਅਧੀਨ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਧਾਰਮਿਕ ਗ੍ਰੰਥਾਂ ਦਾ ਗਹਿਰਾਈ ਨਾਲ ਵਿਸ਼ਲੇਸ਼ਣ ਅਰੰਭ ਕੀਤਾ। ਨਿਰਮਲੇ ਸੰਤਾਂ ਵਿਚ ਪੈਦਾ ਹੋਈ ਇਸ ਰੁਚੀ ਨੇ ਗੁਰਮਤਿ ਪ੍ਰਚਾਰ ਅਤੇ ਪ੍ਰਸਾਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਗੁਰਬਾਣੀ ਦੇ ਸ਼ਬਦਾਂ ਦੀ ਸ਼ਰਧਾ ਅਤੇ ਬਿਬੇਕ ਦੁਆਰਾ ਕੀਤੀ ਗਈ ਵਿਆਖਿਆ ਨੇ ਆਮ ਲੋਕਾਂ ਨੂੰ ਪ੍ਰਭਾਵਿਤ ਕੀਤਾ। ਗੁਰਬਾਣੀ ਦੇ ਸ਼ਰਧਾਮਈ ਵਿਸ਼ਲੇਸ਼ਣ ਦੇ ਨਾਲ-ਨਾਲ ਇਨ੍ਹਾਂ ਨੇ ਕਥਾ ਕੀਰਤਨ, ਗੁਰਬਾਣੀ ਵਿਆਖਿਆ, ਅੰਮ੍ਰਿਤ, ਗੁਰ-ਸਥਾਨਾਂ ਦੀ ਸੇਵਾ-ਸੰਭਾਲ ਅਤੇ ਧਾਰਮਿਕ ਸਾਹਿਤ ਦੀ ਰਚਨਾ ਰਾਹੀਂ ਪ੍ਰਸੰਸਾਯੋਗ ਕਾਰਜ ਕੀਤੇ। ਨਿਰਮਲ ਸੰਪ੍ਰਦਾਇ ਦੁਆਰਾ ਧਾਰਮਿਕ ਖੇਤਰ ਵਿਚ ਪਾਏ ਯੋਗਦਾਨ ਦੀ ਕੀਤੀ ਪੜਚੋਲ ਤੋਂ ਪਤਾ ਲੱਗਦਾ ਹੈ ਕਿ ਨਿਰਮਲੇ ਸੰਤ ਹਮੇਸ਼ਾ ਸਿੱਖ ਪਰੰਪਰਾ ਨਾਲ ਜੁੜੇ ਰਹੇ ਹਨ ਜਿਸ ਕਾਰਨ ਵੱਖ-ਵੱਖ ਸਮੇਂ ਸਿਰਮੌਰ ਸਿੱਖ ਸੰਸਥਾਵਾਂ ਵੱਲੋਂ ਇਨ੍ਹਾਂ ਦੀ ਕੀਤੀ ਪ੍ਰਸੰਸਾ ਦੇ ਪ੍ਰਮਾਣ ਵੀ ਮਿਲਦੇ ਹਨ।

ਗੁਰਮਤਿ ਪ੍ਰਚਾਰ ਦੇ ਨਾਲ-ਨਾਲ ਨਿਰਮਲੇ ਵਿਦਵਾਨਾਂ ਨੇ ਗੁਰਮਤਿ ਸਾਹਿਤ ਅਤੇ ਦਰਸ਼ਨ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਇਨ੍ਹਾਂ ਨੇ ਗੁਰਬਾਣੀ ਵਿਚ ਆਏ ਬ੍ਰਹਮ, ਜਗਤ ਤੇ ਜੀਵ ਨਾਲ ਸੰਬੰਧਿਤ ਸੰਕਲਪਾਂ ਦਾ ਵਿਧੀਵਤ ਤਰੀਕੇ ਨਾਲ ਵਿਸ਼ਲੇਸ਼ਣ ਕਰ ਕੇ ਗੁਰਮਤਿ ਦਰਸ਼ਨ ਦੇ ਵਿਭਿੰਨ ਪਹਿਲੂਆਂ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ ਹੈ। ਨਿਰਮਲਿਆਂ ਦੀ ਵਿਆਖਿਆ ਵਿਚ ਜਿੱਥੇ ਸਿੱਖ ਧਰਮ ਵਿਚ ਸਰਗੁਣ ਅਤੇ ਨਿਰਗੁਣ ਪਰਮਾਤਮਾ ਹੈ, ਅਕਾਲ ਪੁਰਖ ਹੈ, ਉਥੇ ਹਿੰਦੂ ਧਰਮ ਜਾਂ ਵੈਦਿਕ ਪਰੰਪਰਾ

ਵਿਚ ਸਰਗੁਣ ਸਰੂਪ ਅਵਤਾਰਵਾਦੀ ਹੈ। ਨਿਰਮਲ ਸੰਪ੍ਰਦਾਇ ਦੇ ਧਾਰਮਿਕ ਅਤੇ ਦਾਰਸ਼ਨਿਕ ਖੇਤਰ ਵਿਚ ਪਾਏ ਯੋਗਦਾਨ ਦਾ ਵਿਸ਼ਲੇਸ਼ਣ ਉਨ੍ਹਾਂ ਦੀ ਵਿਦਵਤਾ ਦਾ ਪ੍ਰਗਟਾਵਾ ਕਰਦਾ ਹੈ।

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਗੁਰਬਾਣੀ ਅਧਿਐਨ ਵਿਚ ਸਾਹਮਣੇ ਆਏ ਨੁਕਤਿਆਂ ਨੂੰ ਗੁਰੂ-ਆਸ਼ੇ ਅਨੁਸਾਰ ਵਿਹਾਰ ਵਿਚ ਪ੍ਰਗਟ ਕੀਤਾ ਹੈ। ਸਦਾਚਾਰੀ ਜੀਵਨਜਾਚ ਦਾ ਵਿਹਾਰਕ ਪੱਖ ਗੁਰੂ ਸਾਹਿਬਾਨ ਦੇ ਸਮੇਂ ਅਰੰਭ ਹੋ ਕੇ ਸਿਖਰਾਂ ਨੂੰ ਛੂਹਣ ਲੱਗਾ ਸੀ। ਨਿਰਮਲੇ ਸੰਤਾਂ ਨੇ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਕੀਤੀਆਂ ਸੰਸਥਾਵਾਂ ਨੂੰ ਭਾਰਤ ਦੇ ਵਿਭਿੰਨ ਕੋਨਿਆਂ ਵਿਚ ਪਹੁੰਚਾਉਣ ਦਾ ਕਾਰਜ ਕੀਤਾ। ਉਹ ਸਮਾਜ ਦੀਆਂ ਜਿਹੜੀਆਂ ਸਮੱਸਿਆਵਾਂ ਨੂੰ ਆਪਣੇ ਇਲਾਕਿਆਂ ਵਿਚ ਦੇਖਦੇ ਸਨ, ਗੁਰੂ-ਆਸ਼ੇ ਅਨੁਸਾਰ ਉਨ੍ਹਾਂ ਦਾ ਹੱਲ ਕਰਨ ਲਈ ਯਤਨਸ਼ੀਲ ਹੋ ਜਾਂਦੇ ਸਨ।

ਗੁਰਬਾਣੀ ਅਤੇ ਗੁਰਮਤਿ ਸਦਾਚਾਰ ਦਾ ਪ੍ਰਚਾਰ ਕਰਨ ਲਈ ਨਿਰਮਲੇ ਸੰਤਾਂ ਨੇ ਮੁੱਢਲੇ ਦੌਰ ਵਿਚ ਭਾਰਤ ਦੇ ਪ੍ਰਮੁੱਖ ਹਿੰਦੂ ਤੀਰਥ ਅਸਥਾਨਾਂ 'ਤੇ ਆਪਣੇ ਕੇਂਦਰ ਸਥਾਪਿਤ ਕੀਤੇ ਜਿਨ੍ਹਾਂ ਵਿਚੋਂ ਸੰਤਾਂ ਨੇ ਲੋਕਾਂ ਲਈ ਬਹੁ-ਪੱਖੀ ਅਤੇ ਪਰਉਪਕਾਰੀ ਸੇਵਾ ਅਰੰਭ ਕੀਤੀ। ਨਿਰਮਲੇ ਸਥਾਨਾਂ ਨੇ ਜਿੱਥੇ ਗੁਰਮਤਿ ਅਤੇ ਵਿਦਿਆ ਦੇ ਪ੍ਰਚਾਰ-ਪ੍ਰਸਾਰ ਵਿਚ ਅਹਿਮ ਭੂਮਿਕਾ ਨਿਭਾਈ ਹੈ ਉਥੇ ਜਨ-ਸਾਧਾਰਨ ਦੀਆਂ ਮੁਸ਼ਕਲਾਂ ਨੂੰ ਦੂਰ ਕਰਦੇ ਹੋਏ ਉਨ੍ਹਾਂ ਦੇ ਰੋਗਾਂ ਦਾ ਇਲਾਜ, ਗਰੀਬ ਲੋਕਾਂ ਦੀ ਮੱਦਦ, ਗਰੀਬ ਬੱਚਿਆਂ ਲਈ ਮੁਫ਼ਤ ਵਿਦਿਆ, ਸੜਕਾਂ-ਪੁਲਾਂ ਦੇ ਨਿਰਮਾਣ, ਭੁਖਿਆਂ ਲਈ ਲੰਗਰ ਅਤੇ ਵਾਤਾਵਰਣ ਦੀ ਸ਼ੁੱਧਤਾ ਅਦਿ ਦੀ ਸਮਾਜ ਸੇਵਾ ਕਰ ਕੇ ਪ੍ਰਸੰਸਾਯੋਗ ਸਮਾਜਿਕ ਕਾਰਜ ਕੀਤੇ ਹਨ ਜਿਨ੍ਹਾਂ ਨੂੰ ਇਸ ਅਧਿਆਇ ਦਾ ਮੁੱਖ ਵਿਸ਼ਾ ਬਣਾ ਕੇ ਚਰਚਾ ਕੀਤੀ ਗਈ ਹੈ।

ਨਿਰਮਲ ਸੰਪ੍ਰਦਾਇ ਸੰਬੰਧੀ ਵਿਭਿੰਨ ਪੱਖਾਂ ਦਾ ਅਧਿਐਨ ਕਰਦੇ ਹੋਏ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਦੁਆਰਾ ਸਮਾਜ ਦੇ ਸਦਾਚਾਰਕ ਵਿਕਾਸ ਅਤੇ ਗੁਰਮਤਿ ਦੀਆਂ ਕਦਰਾਂ-ਕੀਮਤਾਂ ਨੂੰ ਜਨ-ਸਾਧਾਰਨ ਤੱਕ ਲਿਜਾਣ ਦੇ ਉਪਰਾਲੇ ਨੇ ਇਨ੍ਹਾਂ ਨੂੰ ਆਦਰਸ਼ ਰੂਪ ਵਿਚ ਸਥਾਪਿਤ ਕੀਤਾ ਹੈ ਜਿਸ ਤੋਂ ਹਮੇਸ਼ਾ ਹੀ ਧਾਰਮਿਕ ਅਤੇ ਸਦਾਚਾਕ ਪ੍ਰੇਰਨਾ ਅਤੇ ਅਗਵਾਈ ਪ੍ਰਾਪਤ ਹੁੰਦੀ ਹੈ।

**Nirmal Sampardai Di Varatmaan Sathiti Ate Yogdan: Ikk Mulankan (1910-2010)**

**Researcher:** Gurjinder Singh, Dept. of Religious Studies, Punjabi University, Patiala
Address: H. No. 133B, Azad Nagar, Sirhind Road, Patiala,
Permanent Address: H. No. 10, Village: Falauli (Shanti Nagar) Patiala, 147002, Mob. 94780 31196, Registration Date: 25/1/2013, No. 7223

**Supervisor:** Dr. Paramvir Singh, Head, Dept. of Encyclopaedia of Sikhism, Punjabi University, Patiala, Mob. 98720 74322

**Technical Words: (as per Thesis)** Sri Guru Gobind Singh Ji, Nirmal Sampardai, Bhekh, Shahi, Dharamdhuja, Sri Panchayati Akhara Nirmla, Rammat Akhara, Pracharak Mandliyan, Dasturul Amal, Sri Mahant.

**Sri Guru Gobind Singh Ji worked to elevate the Sikh community at religious and intellectual level. For this purpose, he sent five Sikhs to Kashi for education, from whom flourished the Nirmal sect who have done commendable work in propagation of Gurmat and Education.**

**The present research work is a humble effort to get information about the origin, development, educational, religious and social activities of this sect. The effort has been made to study the works of various scholars disseminating knowledge about different areas of the sect, such as, Bhai Kahn Singh Nabha, Dr. Rattan Singh Jaggi, Prof. Piara Singh Padam, Shamsher Singh Ashok, Dr. Taran Singh, Prof. Pritam Singh, Giani Balwant Singh Kothaguru and Mahant Teja Singh MA etc. The works of these scholars have formed the basis of this research. Collection of data in personal meetings with Nirmala saints and Mahants and the survey of Nirmala shrines have also contributed in the in-depth study of this work.**

**It is evident from this research work that the Nirmal sect is originated from five Sikhs who were sent to Kashi to attain education. The 33 sub-sects emerged from this tradition have made invaluable contribution in its development. The sect had accomplished such a commendable work in the field of education that it came to be known as the scholarly sect of the Sikhs. The invaluable contributions in religious and social activities the sect has occupied a respectable place in the society.**

**Supervisor** **researcher**

**Dr. Paramvir Singh** **Gurjinder Singh**

## ਪੇਪਰ ਪ੍ਰਕਾਸ਼ਿਤ ਸਰਟੀਫਿਕੇਟ

ਤਸਦੀਕ ਕੀਤਾ ਜਾਂਦਾ ਹੈ ਕਿ ਖੋਜਾਰਥੀ ਗੁਰਜਿੰਦਰ ਸਿੰਘ ਦੇ ਖੋਜ-ਕਾਰਜ {ਨਿਰਮਲ ਸੰਪ੍ਰਦਾਇ ਦੀ ਵਰਤਮਾਨ ਸਥਿਤੀ ਅਤੇ ਯੋਗਦਾਨ: ਇਕ ਮੁਲਾਂਕਣ (1910-2010)} ਦੌਰਾਨ ਹੇਠ ਲਿਖੇ ਪੇਪਰ ਪ੍ਰਕਾਸ਼ਿਤ ਕੀਤੇ ਹਨ:

1. ਵਿਦਿਆ: ਸਿੱਖ ਧਾਰਮਿਕ ਧਾਰਮਿਕ ਪਰਿਪੇਖ ਵਿਚ' Teg Bahadur Journal Of Religious Studies, (edited by) Dr. Kashmir Singh, Sri Guru Teg Bahadur Khalsa College, Anandpur Sahib, July 2015. p. 109-116, ISSN: 2454-8995
2. 'ਗੁਰੂ ਨਾਨਕ ਫਲਸਫੇ ਵਿਚ ਕਿਰਤ' Panchbati Sandesh, (edited by) G. S. Batra, Punjabi University Patiala, 2019, p. 110-118, ISSN: 0970-7689

ਨਿਗਰਾਨ

ਡਾ. ਪਰਮਵੀਰ ਸਿੰਘ

ਮੁਖੀ, ਸਿੱਖ ਵਿਸ਼ਵਕੋਸ਼, ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਘੋਸ਼ਣਾ ਪੱਤਰ

*ਨਿਰਮਲ ਸੰਪ੍ਰਦਾਇ ਦੀ ਵਰਤਮਾਨ ਸਥਿਤੀ ਅਤੇ ਯੋਗਦਾਨ: ਇਕ ਮੁਲਾਂਕਣ (1910-2010)* ਵਿਸ਼ੇ ਉਤੇ ਸੰਪੂਰਨ ਹੋਇਆ ਇਹ ਖੋਜ-ਪ੍ਰਬੰਧ ਨਿਰੋਲ ਰੂਪ ਵਿਚ ਮੌਲਿਕ ਹੈ। ਇਸ ਵਿਸ਼ੇ ਅਧੀਨ ਕੋਈ ਵੀ ਖੋਜ-ਕਾਰਜ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕਿਸੇ ਡਿਗਰੀ ਲਈ ਪੇਸ਼ ਨਹੀਂ ਕੀਤਾ ਗਿਆ।

*ਨਿਗਰਾਨ:*

ਪਰਮਵੀਰ ਸਿੰਘ

ਡਾ. ਪਰਮਵੀਰ ਸਿੰਘ

ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਖੋਜਾਰਥੀ:*

ਗੁਰਜਿੰਦਰ ਸਿੰਘ

ਗੁਰਜਿੰਦਰ ਸਿੰਘ

# ਭੂਮਿਕਾ

ਨਿਰਮਲ ਸੰਪ੍ਰਦਾਇ ਸਿੱਖ ਧਰਮ ਦੀ ਪ੍ਰਮੁੱਖ ਸੰਪ੍ਰਦਾਇ ਹੈ ਜਿਸ ਨੇ ਗੁਰਬਾਣੀ ਅਤੇ ਗੁਰ-ਇਤਿਹਾਸ ਦੇ ਪ੍ਰਚਾਰ-ਪ੍ਰਸਾਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਾਹਮਣੇ ਆਈ ਇਸ ਸੰਪ੍ਰਦਾਇ ਨੂੰ 'ਸਿੱਖਾਂ ਦੀ ਵਿਦਵਾਨ ਸੰਪ੍ਰਦਾਇ' ਦੇ ਲਕਬ ਨਾਲ ਵੀ ਸਤਿਕਾਰਿਆ-ਸਨਮਾਨਿਆ ਜਾਂਦਾ ਹੈ। ਇਸ ਸੰਪ੍ਰਦਾਇ ਦੇ ਸੰਤਾਂ ਨੇ ਸਿੱਖ ਧਰਮ ਦੇ ਸਰੋਤ ਗ੍ਰੰਥਾਂ ਦੇ ਅਧਿਐਨ ਦੇ ਨਾਲ-ਨਾਲ ਹਿੰਦੂ ਧਰਮਾਂ ਦੇ ਧਰਮ ਗ੍ਰੰਥਾਂ ਅਤੇ ਉਨ੍ਹਾਂ ਦੀ ਭਾਸ਼ਾ ਦੇ ਅਧਿਐਨ ਵਿਚ ਵਿਲੱਖਣ ਰੁਚੀ ਦਿਖਾਈ। ਇਸ ਸੰਪ੍ਰਦਾਇ ਨੇ ਸਮਾਜ ਨੂੰ ਅਜਿਹੇ ਮਹਾਨ ਵਿਦਵਾਨ ਦਿੱਤੇ ਜਿਨ੍ਹਾਂ ਦੇ ਕਾਰਜਾਂ ਨੇ ਸਿੱਖ ਧਰਮ ਦੇ ਵਿਭਿੰਨ ਪਹਿਲੂਆਂ ਨੂੰ ਉਜਾਗਰ ਕਰਨ ਅਤੇ ਸਮਝਣ-ਸਮਝਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ।

ਸਿੱਖ ਧਰਮ ਦੇ ਨਾਲ-ਨਾਲ ਹਿੰਦੂ ਧਰਮ ਦੇ ਧਰਮ ਗ੍ਰੰਥਾਂ ਦੀ ਭਾਸ਼ਾ, ਵਿਆਕਰਣ, ਪਰੰਪਰਾ ਅਤੇ ਸਿਧਾਂਤਾਂ ਦਾ ਚੰਗੀ ਤਰ੍ਹਾਂ ਨਾਲ ਪਠਨ-ਪਾਠਨ ਕਰ ਕੇ ਇਨ੍ਹਾਂ ਨੇ ਭਾਰਤ ਦੇ ਕੋਨੇ-ਕੋਨੇ ਵਿਚ ਗੁਰੂ ਸਾਹਿਬਾਨ ਦੇ ਸੰਦੇਸ਼ ਦਾ ਪ੍ਰਚਾਰ ਕੀਤਾ। ਅਰੰਭਕ ਦੌਰ ਵਿਚ ਨਿਰਮਲ ਸੰਪ੍ਰਦਾਇ ਦੇ ਵਿਦਵਾਨ ਜਿੱਥੇ ਵਿਕੋਲਿਤ੍ਰੇ ਰੂਪ ਵਿਚ ਵੱਖ-ਵੱਖ ਪਿੰਡਾਂ ਅਤੇ ਨਗਰਾਂ ਵਿਚ ਮੌਜੂਦ ਸਨ, ਉਥੇ ਇਹ ਹਿੰਦੂ ਧਰਮ ਦੇ ਪ੍ਰਸਿੱਧ ਕੇਂਦਰਾਂ ਜਿਵੇਂ ਬਨਾਰਸ, ਹਰਿਦੁਆਰ, ਇਲਾਹਾਬਾਦ, ਨਾਸਿਕ ਆਦਿ ਥਾਵਾਂ ਨਾਲ ਵੀ ਜੁੜੇ ਹੋਏ ਸਨ। ਇਸ ਸਮੇਂ ਇਨ੍ਹਾਂ ਤੀਰਥਾਂ ਉੱਤੇ ਮਹਾਂਕੁੰਭ, ਅਰਧਕੁੰਭ, ਸੂਰਜ ਗ੍ਰਹਿਣ ਆਦਿ ਪਰਵਾਂ ਸਮੇਂ ਲੱਗਣ ਵਾਲੇ ਮੇਲਿਆਂ ਉੱਤੇ ਵੱਡੀ ਗਿਣਤੀ ਵਿਚ ਲੋਕ ਤੀਰਥ ਇਸ਼ਨਾਨ ਕਰਨ, ਧਾਰਮਿਕ ਉਪਦੇਸ਼ ਸੁਣਨ ਅਤੇ ਮੇਲਾ ਵੇਖਣ ਆਉਂਦੇ ਸਨ ਜਿਨ੍ਹਾਂ ਵਿਚ ਸਹਿਜੇ ਹੀ ਗੁਰਮਤਿ ਪ੍ਰਚਾਰ ਕੀਤਾ ਜਾ ਸਕਦਾ ਸੀ। ਇਸੇ ਲਈ ਸਮਕਾਲੀ ਹਾਲਾਤਾਂ ਅਤੇ ਧਾਰਮਿਕ ਪ੍ਰਵਿਰਤੀ ਦੇ ਮਾਲਕ ਹੋਣ ਕਾਰਨ ਨਿਰਮਲੇ ਸੰਤਾਂ ਨੇ ਹਿੰਦੂ ਤੀਰਥਾਂ ਨੂੰ ਗੁਰਮਤਿ ਪ੍ਰਚਾਰ ਲਈ ਚੁਣਿਆ।

ਅਰੰਭਕ ਦੌਰ ਵਿਚ ਨਿਰਮਲ ਸੰਪ੍ਰਦਾਇ ਦੇ ਸੰਤ ਮੌਖਿਕ ਰੂਪ ਵਿਚ ਹੀ ਪ੍ਰਚਾਰ ਕਰਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾ ਜਾਣ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਦੇ ਪੰਜਾਬ ਵਿਚ ਆਗਮਨ ਨਾਲ ਪੂਰੇ ਉੱਤਰੀ ਭਾਰਤ ਵਿਚ ਅਰਾਜਕਤਾ ਵਾਲਾ ਮਾਹੌਲ ਪੈਦਾ ਹੋ ਗਿਆ ਸੀ। ਖ਼ਾਲਸਾ ਪੰਥ ਦਾ ਸ਼ਸਤ੍ਰਧਾਰੀ ਰੂਪ ਹਕੂਮਤ ਦੇ ਨਿਸ਼ਾਨੇ ’ਤੇ ਸੀ। ਜਿੱਥੇ ਕਿਤੇ ਵੀ ਕੋਈ ਸਿੱਖ ਨਜ਼ਰ ਆਉਂਦਾ ਉਸ ਨੂੰ

ਸ਼ਹੀਦ ਕਰ ਦਿੱਤਾ ਜਾਂਦਾ ਸੀ। ਅਜਿਹੇ ਸਮੇਂ ਵਿਚ ਸਿੱਖ ਵੀ ਜੰਗਲਾਂ, ਪਹਾੜਾਂ ਅਤੇ ਰੇਗਿਸਤਾਨਾਂ ਵਿਚ ਜਾਣ ਲਈ ਮਜਬੂਰ ਹੋ ਗਏ ਸਨ। ਇਸ ਸਮੇਂ ਨਿਰਮਲ ਸੰਪ੍ਰਦਾਇ ਦੇ ਸੰਤ, ਜਿਹੜੇ ਕਿ ਭਾਰਤ ਦੇ ਵਿਭਿੰਨ ਇਲਾਕਿਆਂ ਫੈਲੇ ਹੋਏ ਸਨ ਅਤੇ ਇਨ੍ਹਾਂ ਦੀ ਕਿਤੇ ਵੀ ਬਹੁਗਿਣਤੀ ਨਜ਼ਰ ਨਹੀਂ ਆਉਂਦੀ ਸੀ, ਇਸ ਲਈ ਹਕੂਮਤ ਦਾ ਇਨ੍ਹਾਂ ਵੱਲ ਧਿਆਨ ਬਹੁਤ ਘੱਟ ਸੀ। ਇਨ੍ਹਾਂ ਦਾ ਪਹਿਰਾਵਾ ਸ਼ਸਤ੍ਰਧਾਰੀ ਖ਼ਾਲਸੇ ਤੋਂ ਭਿੰਨ ਹੋਣ ਕਰ ਕੇ ਵੀ ਇਹ ਰਾਜਸੀ ਉਲਝਣਾਂ ਤੋਂ ਬਚੇ ਰਹੇ; ਦੂਜਾ, ਰਾਜਸੀ ਇੱਛਾਵਾਂ ਨਾ ਹੋਣ ਕਰ ਕੇ ਹਕੂਮਤ ਦਾ ਇਨ੍ਹਾਂ ਵੱਲ ਕੋਈ ਧਿਆਨ ਨਹੀਂ ਸੀ। ਨਿਰਮਲੇ ਸੰਤਾਂ ਦਾ ਇਹ ਵਿਲੱਖਣ ਗੁਣ ਸੀ ਕਿ ਇਹ ਜਿੱਥੇ ਵੀ ਰਹੇ ਸਥਾਨਕ ਲੋਕਾਂ ਨਾਲ ਇਨ੍ਹਾਂ ਨੇ ਪ੍ਰੇਮ ਅਤੇ ਭਾਈਚਾਰੇ ਵਾਲਾ ਸੰਬੰਧ ਬਣਾ ਕੇ ਰੱਖਿਆ।

ਨਿਰਮਲ ਸੰਪ੍ਰਦਾਇ ਦੇ ਸੰਤਾਂ ਨੂੰ ਮੁੱਢਲੇ ਸਮੇਂ ਦੌਰਾਨ ਗੁਰਮਤਿ ਪ੍ਰਚਾਰ ਵਿਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਇਨ੍ਹਾਂ ਦੇ ਪ੍ਰਚਾਰ ਦੇ ਪ੍ਰਮੁੱਖ ਕੇਂਦਰ ਹਿੰਦੂ ਧਰਮ ਦੇ ਕੇਂਦਰੀ ਅਸਥਾਨ ਸਨ ਜਿਥੋਂ ਦੇ ਸਾਧੂ-ਸੰਤਾਂ ਨਾਲ ਇਨ੍ਹਾਂ ਦਾ ਸਾਸ਼ਤ੍ਰਾਰਥ ਹੁੰਦਾ ਸੀ ਅਤੇ ਕਈ ਵਾਰੀ ਵਿਚਾਰ-ਚਰਚਾ ਟਕਰਾਉ ਦਾ ਰੂਪ ਵੀ ਧਾਰਨ ਕਰ ਜਾਂਦੀ ਸੀ। ਗੁਰਮਤਿ ਦੇ ਸਿਧਾਂਤਾਂ ਦਾ ਪ੍ਰਚਾਰ ਹਿੰਦੂ ਧਰਮ ਦੇ ਕਰਮਕਾਂਡ ਦਾ ਵਿਰੋਧ ਕਰਨ ਵਾਲਾ ਸੀ ਜਿਸ ਨਾਲ, ਉਚ ਵਰਗ ਵਿਚੋਂ ਸਾਹਮਣੇ ਆਏ ਹਿੰਦੂ-ਧਰਮ ਦੇ ਸਾਸ਼ਤ੍ਰਾਰਥੀਆਂ ਅਤੇ ਕਰਮਕਾਂਡੀਆਂ ਨਾਲ ਮਤਭੇਦ ਹੋਣ ਦੇ ਨਾਲ-ਨਾਲ ਮਨ-ਭੇਦ ਵੀ ਪੈਦਾ ਹੋ ਜਾਂਦਾ ਸੀ। ਵਿਰੋਧੀ ਧਿਰ ਦੇ ਸੰਤ-ਮਹਾਂਪੁਰਖ ਸੰਗਠਨਾਤਮਿਕ ਰੂਪ ਵਿਚ ਕਾਰਜ ਕਰਦੇ ਸਨ ਪਰ ਨਿਰਮਲ ਸੰਪ੍ਰਦਾਇ ਦੇ ਸੰਤ ਛੋਟੀਆਂ-ਛੋਟੀਆਂ ਟੋਲੀਆਂ ਜਾਂ ਇਕੱਲੇ ਤੌਰ 'ਤੇ ਵਿਚਰਦੇ ਸਨ। ਵਿਰੱਕਤ ਪ੍ਰਵਿਰਤੀ ਦੇ ਧਾਰਨੀ ਇਹ ਨਿਰਮਲੇ ਸੰਤ ਭੋਜਨ ਅਤੇ ਟਿਕਾਣਾ ਕਰਨ ਲਈ ਦੂਜੇ ਮਤਾਂ ਦੇ ਟਿਕਾਣਿਆਂ 'ਤੇ ਨਿਰਭਰ ਸਨ ਜਿਸ ਕਾਰਨ ਇਨ੍ਹਾਂ ਨੂੰ ਕਈ ਵਾਰ ਦੂਜੇ ਮਤਾਂ ਦੇ ਪੈਰੋਕਾਰਾਂ ਕੋਲੋਂ ਅਪਮਾਨਿਤ ਵੀ ਹੋਣਾ ਪੈਂਦਾ ਸੀ। ਇਸ ਦੇ ਚਲਦੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਦਾ ਪ੍ਰਚਾਰ ਕਰਨ ਵਾਲੇ ਨਿਰਮਲੇ ਸੰਤਾਂ ਦੀ ਵਿਦਵਤਾ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਦੀ ਮੱਦਦ ਲਈ ਗੁਰਮਤਿ ਦਾ ਸਤਿਕਾਰ ਕਰਨ ਵਾਲੇ ਕਈ ਰਾਜੇ-ਮਹਾਰਾਜੇ ਅੱਗੇ ਆਏ ਜਿਨ੍ਹਾਂ ਦੇ ਉਪਰਾਲੇ ਸਦਕਾ ਇਨ੍ਹਾਂ ਸੰਤਾਂ ਦੀ ਇਕ ਕੇਂਦਰੀ ਸੰਸਥਾ 'ਸ੍ਰੀ ਪੰਚਾਇਤੀ ਅਖਾੜਾ ਨਿਰਮਲਾ' ਅਤੇ ਮੁਖੀ ਦੀ ਪਦਵੀ 'ਸ੍ਰੀ ਮਹੰਤ' ਦੇ ਰੂਪ ਵਿਚ ਹੋਂਦ ਵਿਚ ਆਈ। ਇਸ ਤੋਂ ਬਾਅਦ ਇਸ ਸੰਪ੍ਰਦਾਇ ਨੇ ਇੰਨਾ ਵਿਕਾਸ ਕੀਤਾ ਕਿ ਸਮਕਾਲੀ ਪ੍ਰਸਥਿਤੀਆਂ ਦੇ ਚਲਦੇ ਇਸ ਦੀਆਂ ਅਨੇਕਾਂ ਉਪ-ਸੰਪ੍ਰਦਾਵਾਂ ਹੋਂਦ ਵਿਚ ਆਈਆਂ ਜਿਨ੍ਹਾਂ ਦੇ ਪ੍ਰਬੰਧ ਅਤੇ ਉਪਰਾਲਿਆਂ ਸਦਕਾ ਨਿਰਮਲ ਸੰਪ੍ਰਦਾਇ ਦੇ ਫੈਲਾਅ ਅਤੇ ਕਾਰਜਾਂ ਦਾ ਘੇਰਾ ਵਿਸ਼ਾਲ

ਹੁੰਦਾ ਗਿਆ। ਨਿਰਮਲ ਸੰਪ੍ਰਦਾਇ ਦੇ ਸੰਸਥਾਗਤ ਰੂਪ ਵਿਚ ਉਭਰਨ ਤੋਂ ਬਾਅਦ ਨਿਰਮਲੇ ਸੰਤਾਂ ਨੇ ਸਮਾਜ ਦੇ ਵੱਖ-ਵੱਖ ਖੇਤਰਾਂ ਵਿਚ ਵਡਮੁੱਲੇ ਕਾਰਜ ਕੀਤੇ ਹਨ।

ਸੰਗਠਨਾਤਮਿਕ ਰੂਪ ਵਿਚ ਉਭਰਨ ਤੋਂ ਬਾਅਦ ਇਸ ਸੰਪ੍ਰਦਾਇ ਦੇ ਵਿਦਵਾਨ ਸੰਤਾਂ ਨੇ ਜਿਥੇ ਭਾਰਤ ਦੇ ਪ੍ਰਮੁੱਖ ਤੀਰਥ ਸਥਾਨਾਂ 'ਤੇ ਆਪਣੇ ਆਸ਼ਰਮ ਸਥਾਪਤ ਕੀਤੇ ਉਥੇ ਜਨ-ਸਾਧਾਰਨ ਨੂੰ ਬਾਣੀ ਅਤੇ ਬਾਣੇ ਨਾਲ ਜੋੜਨ ਲਈ ਇਹ ਸੰਤ, ਮੰਡਲੀਆਂ ਦੇ ਰੂਪ ਵਿਚ ਉਨ੍ਹਾਂ ਦੇ ਦਰਾਂ ਤੱਕ ਪੁੱਜ ਗਏ ਸਨ। 18ਵੀਂ ਸਦੀ ਵਿਚ, ਸੰਕਟ ਦੇ ਸਮੇਂ ਦੌਰਾਨ, ਗੁਰਬਾਣੀ ਅਤੇ ਗੁਰ-ਸਥਾਨਾਂ ਦੀ ਸੇਵਾ-ਸੰਭਾਲ ਵਿਚ ਨਿਰਮਲੇ ਸੰਤਾਂ ਦੁਆਰਾ ਪਾਇਆ ਗਿਆ ਵਡਮੁੱਲਾ ਯੋਗਦਾਨ ਸਿੱਖ ਇਤਿਹਾਸ ਦੇ ਪੰਨਿਆਂ 'ਤੇ ਦਰਜ ਹੈ।

ਨਿਰਮਲੇ ਸੰਤਾਂ ਨੇ ਗੁਰਮਤਿ ਸਿਧਾਂਤ ਅਤੇ ਵਿਦਿਆ ਦੇ ਪ੍ਰਚਾਰ-ਪ੍ਰਸਾਰ ਲਈ ਪਿੰਡਾਂ ਅਤੇ ਸ਼ਹਿਰਾਂ ਵਿਚ ਆਪਣੇ ਸਥਾਨ ਬਣਾਏ ਜੋ ਪਾਠਸ਼ਾਲਾ, ਔਸ਼ਧਾਲਾ, ਭੋਜਨਾਲਾ, ਪੁਸਤਕਾਲਾ ਅਤੇ ਧਰਮਸਥਾਨਾਂ ਦੇ ਸੰਯੁਕਤ ਰੂਪ ਵਿਚ ਉਭਰ ਕੇ ਸਾਹਮਣੇ ਆਏ। ਨਿਰਮਲੇ ਸੰਤਾਂ ਦੇ ਸਾਧੂਆਂ ਵਾਲੇ ਪਹਿਰਾਵੇ, ਨਿਮਰ ਸੁਭਾਅ ਅਤੇ ਅਪਣੱਤ ਭਾਵ ਨੇ ਜਨ-ਸਾਧਾਰਨ ਨੂੰ ਉਨ੍ਹਾਂ ਵੱਲ ਆਕਰਸ਼ਿਤ ਕੀਤਾ ਜਿਸ ਕਾਰਨ ਨਿਰਮਲੇ ਸੰਤਾਂ ਦਾ ਲੋਕਾਂ ਨਾਲ ਰਾਬਤਾ ਸਨੇਹ-ਸਤਿਕਾਰ ਵਾਲਾ ਬਣ ਗਿਆ। ਤਿਆਗ ਅਤੇ ਸੰਜਮੀ ਪ੍ਰਵਿਰਤੀ ਦੇ ਧਾਰਨੀ ਇਨ੍ਹਾਂ ਸੰਤਾਂ ਦੀ ਜੀਵਨਸ਼ੈਲੀ ਅਤੇ ਕਾਰਜਸ਼ੈਲੀ ਕਾਰਨ ਇਹ ਜਲਦੀ ਹੀ ਲੋਕਾਂ ਦੇ ਮਨਾਂ ਵਿਚ ਆਪਣੀ ਜਗ੍ਹਾ ਬਣਾ ਗਏ ਜਿਸ ਕਾਰਨ ਇਹ ਲੋਕ ਸ਼ਰਧਾਲੂ ਦੇ ਰੂਪ ਵਿਚ ਇਨ੍ਹਾਂ ਦੇ ਸਥਾਨਾਂ ਵੱਲ ਖਿੱਚੇ ਗਏ। ਨਿਰਮਲੇ ਸੰਤਾਂ ਨੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਿਆ ਅਤੇ ਉਨ੍ਹਾਂ ਦੀ ਹਰ ਸੰਭਵ ਮੱਦਦ ਕੀਤੀ। ਆਪਣੇ ਸਥਾਨਾਂ 'ਤੇ ਇਹ ਲੋਕਾਂ ਦੇ ਰੋਗਾਂ ਦਾ ਇਲਾਜ ਕਰਦੇ ਜਿਸ ਕਾਰਨ ਜਦੋਂ ਲੋਕ ਇਨ੍ਹਾਂ ਕੋਲ ਆਉਂਦੇ ਤਾਂ ਸੰਤਾਂ ਦੀ ਧਾਰਮਿਕ ਸ਼ਖਸੀਅਤ ਵੀ ਲੋਕਾਂ ਨੂੰ ਪ੍ਰਭਾਵਿਤ ਕਰਦੀ ਸੀ।

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਜਿਥੇ ਗੁਰਮਤਿ ਸਾਹਿਤ ਦੀ ਰਚਨਾ ਕੀਤੀ ਉੱਥੇ ਭਾਰਤੀ ਸਾਹਿਤ ਦੇ ਵਿਭਿੰਨ ਗ੍ਰੰਥਾਂ ਦੇ ਅਧਿਐਨ ਅਤੇ ਪੁਨਰ-ਸਿਰਜਨਾ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਗੁਣਾਤਮਿਕ ਅਤੇ ਗਿਣਾਤਮਿਕ ਪੱਖੋਂ ਉੱਚ ਪੱਧਰ ਦੀ ਸਾਹਿਤ ਰਚਨਾ ਇਨ੍ਹਾਂ ਵਿਦਵਾਨਾਂ ਦੀਆਂ ਲਿਖਤਾਂ ਵਿਚੋਂ ਪ੍ਰਗਟ ਹੁੰਦੀ ਹੈ। ਇਨ੍ਹਾਂ ਦੁਆਰਾ ਕੀਤੀ ਗਈ ਸਾਹਿਤ ਸਿਰਜਨਾ ਨੇ ਹੋਰਨਾਂ ਧਾਰਮਿਕ ਸੰਪ੍ਰਦਾਵਾਂ ਲਈ

ਵੀ ਪ੍ਰੇਰਨਾ ਪੈਦਾ ਕੀਤੀ ਹੈ। ਇਸ ਸੰਪ੍ਰਦਾਇ ਦੇ ਵਿਦਵਾਨਾਂ ਨੇ ਆਪਣੀ ਵਿਦਵਤਾ ਦੇ ਪ੍ਰਭਾਵ ਸਦਕਾ ਰਾਜ ਦਰਬਾਰਾਂ ਵਿਚ ਸਨਮਾਨਯੋਗ ਸਥਾਨ ਪ੍ਰਾਪਤ ਕੀਤੇ।

ਸਿੱਖ ਧਰਮ ਦੀ ਇਸ ਮਹੱਤਵਪੂਰਨ ਸੰਪ੍ਰਦਾਇ ਦੇ ਉਦਭਵ ਅਤੇ ਪ੍ਰਮੁੱਖ ਕਾਰਜਾਂ ਨੂੰ ਸਾਹਮਣੇ ਲਿਆਉਣਾ ਹੀ ਹਥਲੇ ਖੋਜ-ਕਾਰਜ ਦਾ ਮੂਲ ਉਦੇਸ਼ ਹੈ। ਇਸ ਉਦੇਸ਼ ਦੀ ਪੂਰਤੀ ਲਈ ਨਿਰਪੱਖ ਅਕਾਦਮਿਕ ਅਧਿਐਨ ਲਈ ਵਰਤੀਆਂ ਜਾਂਦੀਆਂ ਵਿਧੀਆਂ ਦੀ ਵਰਤੋਂ ਕੀਤੀ ਗਈ ਹੈ। ਇਸ ਖੋਜ-ਕਾਰਜ ਵਿਚ ਧਰਮ ਸਾਸ਼ਤ੍ਰੀ ਅਤੇ ਇਤਿਹਾਸਕ ਖੋਜ-ਵਿਧੀ ਦੀ ਵਰਤੋਂ ਕੀਤੀ ਗਈ ਹੈ। ਇਸ ਖੋਜ-ਕਾਰਜ ਵਿਚਲੇ ਤੱਥਾਂ ਦੀ ਸਾਰਥਕ ਪੜਚੋਲ ਅਤੇ ਜਾਣਕਾਰੀ ਪ੍ਰਾਪਤ ਕਰਨ ਲਈ ਭਾਈ ਕਾਨ੍ਹ ਸਿੰਘ ਨਾਭਾ, ਡਾ. ਰਤਨ ਸਿੰਘ ਜੱਗੀ, ਪ੍ਰੋ. ਪਿਆਰਾ ਸਿੰਘ ਪਦਮ, ਸ਼ਮਸ਼ੇਰ ਸਿੰਘ ਅਸ਼ੋਕ, ਡਾ. ਤਾਰਨ ਸਿੰਘ, ਪ੍ਰੋ. ਪ੍ਰੀਤਮ ਸਿੰਘ, ਗਿਆਨੀ ਬਲਵੰਤ ਸਿੰਘ ਕੋਠਾਗੁਰੂ ਅਤੇ ਮਹੰਤ ਤੇਜਾ ਸਿੰਘ ਐਮ.ਏ ਆਦਿ ਵਿਦਵਾਨਾਂ ਦੀਆਂ ਲਿਖਤਾਂ ਨੂੰ ਆਧਾਰ ਬਣਾਇਆ ਗਿਆ ਹੈ। ਨਿਰਮਲੇ ਸੰਤਾਂ-ਮਹੰਤਾਂ ਨਾਲ ਨਿੱਜੀ ਮੁਲਾਕਾਤਾਂ ਕਰਨ ਦੇ ਨਾਲ-ਨਾਲ ਨਿਰਮਲੇ ਸਥਾਨਾਂ ਦਾ ਨਿੱਜੀ ਸਰਵੇਖਣ ਕਰ ਕੇ ਮੁੱਲਵਾਨ ਜਾਣਕਾਰੀ ਇਕੱਤਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਜੋ ਖੋਜ-ਕਾਰਜ ਦੇ ਵਿਸ਼ੇ ਅਨੁਸਾਰ ਤੱਥਾਂ ਦੀ ਸਹੀ ਪੁਸ਼ਟੀ ਹੋ ਸਕੇ। ਸਮੁੱਚੇ ਕਾਰਜ ਨੂੰ ਸੁਚਾਰੂ ਰੂਪ ਵਿਚ ਵਿਉਂਤਬੱਧ ਕਰਕੇ ਮੁੱਖ ਰੂਪ ਵਿਚ ਚਾਰ ਅਧਿਆਇਆਂ ਵਿਚ ਵੰਡਿਆ ਗਿਆ ਹੈ, ਜਿਨ੍ਹਾਂ ਦਾ ਵਰਣਨ ਇਸ ਤਰ੍ਹਾਂ ਹੈ:

*ਨਿਰਮਲ ਸੰਪ੍ਰਦਾਇ ਦਾ ਉਦਭਵ ਅਤੇ ਵਿਕਾਸ* ਸਿਰਲੇਖ ਅਧੀਨ ਪਹਿਲੇ ਅਧਿਆਇ ਵਿਚ ਇਸ ਸੰਪ੍ਰਦਾਇ ਦੇ ਹੋਂਦ ਵਿਚ ਆਉਣ ਦੇ ਕਾਰਨ, ਅਰੰਭ ਅਤੇ ਵਿਕਾਸ ਕਾਰਜਾਂ ਬਾਰੇ ਸੰਖੇਪ ਰੂਪ ਵਿਚ ਜਾਣਨ ਦਾ ਯਤਨ ਕੀਤਾ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿੱਖ ਕੌਮ ਦੇ ਬੌਧਿਕ ਪੱਧਰ ਨੂੰ ਉਚਾ ਚੁੱਕਣ ਲਈ ਕੀਤੇ ਗਏ ਉਪਰਾਲਿਆਂ ਵਿਚੋਂ ਨਿਰਮਲੇ ਸੰਤਾਂ ਨੂੰ ਕਾਸ਼ੀ ਤੋਂ ਵਿਦਿਆ ਗ੍ਰਹਿਣ ਕਰਾਉਣ ਅਤੇ ਫਿਰ ਇਨ੍ਹਾਂ ਵਿਦਿਆਪਤੀ ਨਿਰਮਲਿਆਂ ਤੋਂ ਇਕ ਸੰਪੂਰਨ ਸੰਪ੍ਰਦਾਇ ਦਾ ਅਰੰਭ ਹੋਣ ਦੇ ਪੂਰਵ-ਵਰਤੀ ਹਾਲਾਤਾਂ ਦਾ ਵਿਵੇਚਨ ਕਰਨ ਦਾ ਯਤਨ ਹੈ। ਨਿਰਮਲ ਸੰਪ੍ਰਦਾਇ ਦੇ ਸੰਗਠਨਾਤਮਿਕ ਰੂਪ ਵਿਚ ਉਭਰਨ ਤੋਂ ਬਾਅਦ ਇਸ ਦੇ ਸੰਤਾਂ ਦੁਆਰਾ ਕੀਤੇ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਲੋਕਾਂ ਵੱਲੋਂ ਇਨ੍ਹਾਂ ਦੀ ਕੀਤੀ ਸੰਭਵ ਮਦਦ ਨੂੰ ਉਜਾਗਰ ਕਰਨ ਦੇ ਨਾਲ-ਨਾਲ ਇਸ ਦੇ ਸਮੁੱਚੇ ਸ੍ਰੀ ਮਹੰਤ ਸਾਹਿਬਾਨ ਦੇ ਸੰਖੇਪ ਜੀਵਨ, ਉਪ-ਸੰਪ੍ਰਦਾਵਾਂ, ਸੰਤਾਂ ਦੇ ਭੇਖ ਅਤੇ ਡੇਰਿਆਂ ਲਈ ਨਿਯਮ ਆਦਿ ਦੀ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ।

ਦੂਜਾ ਅਧਿਆਇ *ਨਿਰਮਲ ਸੰਪ੍ਰਦਾਇ ਦਾ ਵਿਦਿਅਕ ਯੋਗਦਾਨ* ਵਿਸ਼ੇ ਨਾਲ ਸੰਬੰਧਿਤ ਹੈ, ਜਿਸ ਵਿਚ ਇਸ ਸੰਪ੍ਰਦਾਇ ਦੁਆਰਾ ਵਿਦਿਆ ਦੇ ਖੇਤਰ ਵਿਚ ਪਾਏ ਯੋਗਦਾਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਨਿਰਮਲ ਸੰਪ੍ਰਦਾਇ ਦੇ ਮੁੱਢਲੇ ਸਮੇਂ ਦੌਰਾਨ ਚੱਲ ਰਹੀ ਵਿਦਿਅਕ ਪ੍ਰਣਾਲੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੇ ਨਾਲ-ਨਾਲ ਇਸ ਸੰਪ੍ਰਦਾਇ ਦੁਆਰਾ ਵਿਦਿਆ ਦੇ ਖੇਤਰ ਵਿਚ ਪਾਏ ਗਏ ਯੋਗਦਾਨ ਬਾਰੇ ਵੇਰਵਾ ਦਿੱਤਾ ਗਿਆ ਹੈ ਤਾਂ ਕਿ ਇਸ ਸੰਪ੍ਰਦਾਇ ਦੁਆਰਾ ਪ੍ਰਦਾਨ ਕੀਤੀ ਜਾਂਦੀ ਵਿਦਿਆ ਦੇ ਵਿਧੀ-ਵਿਧਾਨ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ। ਪਠਨ-ਪਾਠਨ ਦੇ ਖੇਤਰ ਵਿਚ ਨਿਰਮਲ ਸੰਪ੍ਰਦਾਇ ਦੇ ਵਿਸਤ੍ਰਿਤ ਘੇਰੇ ਨੂੰ ਅਲੱਗ-ਅਲੱਗ ਸਿਰਲੇਖਾਂ ਅਧੀਨ ਵੰਡ ਕੇ ਇਸ ਦੇ ਵੱਖ-ਵੱਖ ਖੇਤਰਾਂ ਵਿਚ ਪਾਏ ਵਿਦਿਅਕ ਯੋਗਦਾਨ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

ਨਿਰਮਲ ਸੰਪ੍ਰਦਾਇ ਦੇ ਵਿਸ਼ਾਲ ਘੇਰੇ ਵਿਚੋਂ ਵਿਦਿਅਕ ਖੇਤਰ ਦਾ ਵਿਸ਼ਲੇਸ਼ਣ ਕਰਦਿਆਂ ਇਸ ਸੰਪ੍ਰਦਾਇ ਦੇ ਸਮੁੱਚੇ ਵਿਦਿਅਕ ਕਾਰਜਾਂ ਨੂੰ ਸਿਰਲੇਖਾਂ ਅਧੀਨ ਕਾਲਕ੍ਰਮ ਅਨੁਸਾਰ ਵੰਡ ਕੇ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ ਤਾਂ ਜੋ ਇਸ ਸੰਪ੍ਰਦਾਇ ਦੇ ਵਿਦਿਅਕ ਕਾਰਜਾਂ ਦੀ ਪੜਚੋਲ ਕਰਕੇ ਜਾਣਿਆ ਜਾ ਸਕੇ ਕਿ ਇਸ ਸੰਪ੍ਰਦਾਇ ਨੇ ਅਜਿਹੇ ਕਿਹੜੇ ਕਾਰਜ ਕੀਤੇ ਹਨ ਜੋ ਇਸ ਸੰਪ੍ਰਦਾਇ ਨੂੰ 'ਸਿੱਖਾਂ ਦੀ ਵਿਦਵਾਨ ਸੰਪ੍ਰਦਾਇ' ਦੇ ਲਕਬ ਨਾਲ ਪ੍ਰਸਿੱਧੀ ਪ੍ਰਾਪਤ ਕਰਦੇ ਹਨ। ਸੰਪ੍ਰਦਾਇ ਦੇ ਵਿਦਿਅਕ ਪਾਸਾਰ ਨੂੰ ਦੋ ਪੜਾਵਾਂ ਵਿਚ ਵੰਡ ਕੇ ਦੇਖਿਆ ਗਿਆ ਹੈ- 1910 ਈ. ਤੋਂ ਪਹਿਲਾਂ ਅਤੇ 1910 ਈ. ਤੋਂ 2010 ਈ. ਤੱਕ। ਨਿਰਮਲ ਸੰਪ੍ਰਦਾਇ ਦੇ ਅਰੰਭ ਤੋਂ 1910 ਈ. ਤੱਕ ਗੁਰੂਕੁਲ ਵਿਦਿਆ ਪ੍ਰਣਾਲੀ ਦਾ ਬਹੁਤ ਪ੍ਰਭਾਵ ਸੀ ਜਿਸ ਅਨੁਸਾਰ ਵਿਦਿਆ ਗ੍ਰਹਿਣ ਕਰ ਕੇ ਬਹੁਤ ਸਾਰੇ ਜਿਗਿਆਸੂ ਉਚ ਪੱਧਰ ਦੇ ਵਿਦਵਾਨ ਬਣੇ ਹਨ ਪ੍ਰੰਤੂ 1910 ਈ. ਤੋਂ ਬਾਅਦ ਜਿਗਿਆਸੂਆਂ ਦਾ ਰੁਝਾਨ ਨਵੀਂ ਵਿਦਿਅਕ ਪ੍ਰਣਾਲੀ ਵੱਲ ਵਧਿਆ ਤਾਂ ਨਿਰਮਲ ਸੰਪ੍ਰਦਾਇ ਨੇ ਵੀ ਸਮੇਂ ਦੇ ਹਾਣ ਦਾ ਹੋਣ ਲਈ ਨਵੀਂ ਵਿਦਿਅਕ ਪ੍ਰਣਾਲੀ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀ ਦੀ ਸਥਾਪਨਾ ਕਰ ਕੇ ਆਪਣਾ ਮੁਹਾਂਦਰਾ ਆਧੁਨਿਕ ਵਿਦਿਆ ਪ੍ਰਣਾਲੀ ਵੱਲ ਮੋੜਿਆ ਹੈ

ਤੀਜਾ ਅਧਿਆਇ *'ਨਿਰਮਲ ਸੰਪ੍ਰਦਾਇ ਦਾ ਧਾਰਮਿਕ ਅਤੇ ਦਾਰਸ਼ਨਿਕ ਯੋਗਦਾਨ'* ਨਾਲ ਸੰਬੰਧਿਤ ਹੈ। ਇਸ ਅਧਿਆਇ ਵਿਚ ਨਿਰਮਲ ਸੰਪ੍ਰਦਾਇ ਦੇ ਸੰਤਾਂ ਦੁਆਰਾ ਗੁਰਮਤਿ ਸਿਧਾਂਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੀਤੇ ਗਏ ਪ੍ਰਮੁੱਖ ਕਾਰਜਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ ਜਿਸ ਵਿਚ ਗੁਰਮਤਿ, ਗੁਰਬਾਣੀ,

ਧਾਰਮਿਕ ਸਾਹਿਤ, ਗੁਰਮੁਖੀ ਪ੍ਰਚਾਰ, ਕਥਾ ਵਿਖਿਆਨ, ਯੋਗਾਭਿਆਸ, ਸਾਸ਼ਤ੍ਰਾਰਥ, ਜੋਤਿਸ਼ ਗਿਆਨ ਤੇ ਸੰਗੀਤ ਗਿਆਨ ਆਦਿ ਮਹੱਤਵਪੂਰਨ ਵਿਸ਼ੇ ਸ਼ਾਮਲ ਹਨ।

ਨਿਰਮਲੇ ਸੰਤਾਂ ਦੇ ਸਾਰੇ ਸਥਾਨਾਂ ਵਿਚੋਂ ਪਾਠਸ਼ਾਲਾ, ਭੋਜਨਾਲਾ, ਪੁਸਤਕਾਲਾ ਅਤੇ ਔਸ਼ਧਾਲਾ ਦਾ ਸਮੁੱਚਾ ਰੂਪ ਉਭਰ ਕੇ ਸਾਹਮਣੇ ਆਉਂਦਾ ਹੈ। ਨਿਰਮਲੇ ਸੰਤਾਂ ਨੇ ਲੋਕਾਂ ਨੂੰ ਗੁਰਮੁਖੀ ਸਿਖਾਈ, ਗੁਰਬਾਣੀ ਦੀ ਸੰਥਿਆ ਕਰਵਾਈ ਤਾਂ ਜੋ ਉਹ ਬਾਣੀ ਦੀ ਮੂਲ ਭਾਵਨਾ ਨਾਲ ਜੁੜ ਸਕਣ। ਇਨ੍ਹਾਂ ਨੇ ਰਾਗੀ, ਕੀਰਤਨੀਏ ਤਿਆਰ ਕੀਤੇ, ਇਨ੍ਹਾਂ ਲਈ ਵਿਸ਼ੇਸ਼ ਵਿਦਿਆਲੇ ਚਲਾਏ ਤਾਂ ਜੋ ਗੁਰੂ ਮਹਿਮਾ ਦਾ ਗੁਣਗਾਣ ਨਿਰੰਤਰ ਚਲਦਾ ਰਹੇ। ਗੁਰਮਤਿ ਪ੍ਰਚਾਰ ਦੌਰਾਨ ਇਨ੍ਹਾਂ ਨੇ ਅਨੇਕਾਂ ਗੁਰਦੁਆਰਿਆਂ ਦੀ ਸਥਾਪਨਾ ਕਰਵਾਈ। ਨਿਰਮਲੇ ਸੰਤਾਂ ਦੁਆਰਾ ਕਨਖਲ (ਹਰਿਦੁਆਰ), ਨੇਪਾਲ, ਗਵਾਲੀਅਰ ਅਤੇ ਰਿਸ਼ੀਕੇਸ਼ ਆਦਿ ਸਥਾਨਾਂ 'ਤੇ ਸਥਾਪਤ ਕੀਤੇ ਗੁਰਦੁਆਰਿਆਂ ਵਿਚੋਂ ਗੁਰਮਤਿ ਪ੍ਰਚਾਰ ਨਿਰੰਤਰ ਜਾਰੀ ਹੈ। ਨਿਰਮਲੇ ਸੰਤਾਂ ਨੇ ਗੁਰ-ਸਥਾਨਾਂ ਦੀ ਸਥਾਪਤੀ ਦੇ ਨਾਲ-ਨਾਲ ਕਥਾ-ਕੀਰਤਨ ਰਾਹੀਂ ਵੀ ਲੋਕਾਂ ਨੂੰ ਗੁਰਮਤਿ ਵੱਲ ਪ੍ਰੇਰ ਕੇ ਉਨ੍ਹਾਂ ਨੂੰ ਅੰਮ੍ਰਿਤਪਾਨ ਕਰਵਾਇਆ। ਨਿਰਮਲੇ ਸੰਤ ਗੁਰਮਤਿ ਦੇ ਦ੍ਰਿੜ ਪ੍ਰਚਾਰਕ ਸਨ ਜਿਨ੍ਹਾਂ ਨੇ ਬੇਅੰਤ ਜਗਤ ਪ੍ਰਸਿੱਧ ਵਿਦਵਾਨ ਅਤੇ ਕਵੀ ਪੰਥ ਦੀ ਝੋਲੀ ਪਾਏ ਅਤੇ ਆਪਣਾ ਸਾਰਾ ਜੀਵਨ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਲਈ ਅਰਪਣ ਕੀਤਾ।

*ਨਿਰਮਲ ਸੰਪ੍ਰਦਾਇ ਦਾ ਸਮਾਜਿਕ ਯੋਗਦਾਨ* ਸਿਰਲੇਖ ਅਧੀਨ ਚੌਥੇ ਅਧਿਆਇ ਵਿਚ ਇਸ ਸੰਪ੍ਰਦਾਇ ਦੁਆਰਾ ਸਮਾਜਿਕ ਖੇਤਰ ਵਿਚ ਪਾਏ ਯੋਗਦਾਨ ਨੂੰ ਵੱਖ-ਵੱਖ ਪੜਾਵਾਂ ਵਿਚ ਵੰਡ ਕੇ ਇਸ ਸੰਪ੍ਰਦਾਇ ਦੀ ਸਮਾਜਿਕ ਖੇਤਰ ਵਿਚ ਨਿਰੰਤਰ ਸੇਵਾ ਬਾਰੇ ਜਾਣਕਾਰੀ ਹਾਸਲ ਕੀਤੀ ਗਈ ਹੈ। ਨਿਰਮਲ ਸੰਪ੍ਰਦਾਇ ਨੇ ਗੁਰਮਤਿ ਅਨੁਸਾਰੀ ਭਾਵਨਾ ਅਨੁਸਾਰ ਸਮਾਜ ਕਲਿਆਣ ਲਈ ਅਹਿਮ ਕਾਰਜ ਕੀਤੇ ਹਨ ਜਿਨ੍ਹਾਂ ਸਦਕਾ ਇਸ ਸੰਪ੍ਰਦਾਇ ਦਾ ਸਮਾਜ ਵਿਚ ਸਨਮਾਨਯੋਗ ਸਥਾਨ ਕਾਇਮ ਹੋਇਆ ਹੈ। ਨਿਰਮਲ ਸੰਪ੍ਰਦਾਇ ਦੇ ਸਮਾਜਿਕ ਯੋਗਦਾਨ ਦੀ ਪੜਚੋਲ ਕਰਦਿਆਂ ਪਤਾ ਲਗਦਾ ਹੈ ਕਿ ਇਸ ਸੰਪ੍ਰਦਾਇ ਦੇ ਸੰਤਾਂ ਨੇ ਗੁਰਮਤਿ ਸਿਧਾਂਤਾਂ ਨੂੰ ਵਿਹਾਰਕ ਰੂਪ ਵਿਚ ਜਨ-ਸਾਧਾਰਨ ਵਿਚ ਪ੍ਰਚਾਰਿਆ ਜਿਸ ਤੋਂ ਨਿਰਮਲ ਸੰਪ੍ਰਦਾਇ ਦਾ ਸਮਾਜ ਸੇਵਾ ਵਾਲਾ ਪੱਖ ਉਭਰ ਕੇ ਸਾਹਮਣੇ ਆਉਂਦਾ ਹੈ। ਨਿਰਮਲੇ ਸੰਤਾਂ ਨੇ ਲੋਕਾਂ ਵਿਚ ਵਿਚਰਦਿਆਂ ਪਹਿਲਾਂ ਜਨ-ਸਾਧਾਰਨ ਦੀਆਂ ਮੂਲ ਸਮੱਸਿਆਵਾਂ ਦਾ ਅਧਿਐਨ ਕੀਤਾ ਫਿਰ ਉਨ੍ਹਾਂ ਨੂੰ ਹੱਲ ਕਰਨ ਵਿਚ ਲੋਕਾਂ ਦੀ ਮਦਦ ਕੀਤੀ।

ਹਥਲਾ ਖੋਜ-ਕਾਰਜ ਸਿੱਖ ਅਧਿਐਨ ਦੇ ਵਿਦਵਾਨਾਂ ਦੀਆਂ ਲਿਖਤਾਂ ਅਤੇ ਸਹਿਯੋਗ ਨਾਲ ਸੰਪੂਰਨ ਹੋਇਆ ਹੈ। ਜਿਹੜੇ ਵਿਦਵਾਨਾਂ ਦੇ ਖੋਜ-ਕਾਰਜਾਂ ਤੋਂ ਸਹਿਯੋਗ ਪ੍ਰਾਪਤ ਕੀਤਾ ਹੈ ਉਨ੍ਹਾਂ ਦੇ ਨਾਂ ਪੁਸਤਕ ਸੂਚੀ ਵਿਚ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਇਸ ਖੋਜ-ਕਾਰਜ ਨੂੰ ਸੁਚਾਰੂ ਰੂਪ ਵਿਚ ਸਿਰੇ ਚਾੜ੍ਹਨ ਲਈ ਵਿਭਿੰਨ ਵਿਦਵਾਨਾਂ, ਖੋਜਾਰਥੀਆਂ ਅਤੇ ਸਹਿਯੋਗੀਆਂ ਦਾ ਯੋਗਦਾਨ ਰਿਹਾ ਹੈ।

ਡਾ. ਪਰਮਵੀਰ ਸਿੰਘ ਜੀ ਮੇਰੇ ਨਿਗਰਾਨ ਹਨ, ਜਿਨ੍ਹਾਂ ਦੀ ਸੁਯੋਗ ਅਤੇ ਸਚੱਜੀ ਅਗਵਾਈ ਵਿਚ ਮੇਰਾ ਪਹਿਲਾਂ ਐਮ.ਫ਼ਿਲ ਅਤੇ ਹੁਣ ਇਸ ਖੋਜ-ਪ੍ਰਬੰਧ ਦਾ ਕਾਰਜ ਸੰਪੂਰਨ ਹੋਇਆ ਹੈ, ਸਮੇਂ-ਸਮੇਂ 'ਤੇ ਅਗਵਾਈ ਪ੍ਰਦਾਨ ਕਰਨ ਲਈ ਇਨ੍ਹਾਂ ਦਾ ਧੰਨਵਾਦ ਹੈ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਵਿਭਾਗ ਦੇ ਮੁਖੀ, ਸਮੂਹ ਅਧਿਆਪਕ ਸਾਹਿਬਾਨ ਅਤੇ ਲਾਇਬਰੇਰੀ ਸਟਾਫ਼ ਦੁਆਰਾ ਪ੍ਰਦਾਨ ਕੀਤੇ ਗਏ ਸਹਿਯੋਗ ਲਈ ਇਨ੍ਹਾਂ ਦਾ ਧੰਨਵਾਦ ਹੈ। ਨਿਰਮਲ ਸੰਪ੍ਰਦਾਇ ਦੇ ਵਿਦਵਾਨ ਅਤੇ ਸੰਤਾਂ-ਮਹੰਤਾਂ ਵਿਚੋਂ ਸਵ. ਗਿਆਨੀ ਬਲਵੰਤ ਸਿੰਘ ਕੋਠਾਗੁਰੂ, ਮਹੰਤ ਤੇਜਾ ਸਿੰਘ ਐਮ.ਏ. ਡੇਰਾ ਗੁਰੂਸਰ ਖੁੱਡਾ (ਕੁਰਾਲਾ), ਸੰਤ ਜੋਧ ਸਿੰਘ ਰਿਸ਼ੀਕੇਸ਼ ਅਤੇ ਮਹੰਤ ਕਮਲਜੀਤ ਸਿੰਘ ਜੀ ਸ਼ਾਸਤ੍ਰੀ (ਕਾਸ਼ੀ) ਦਾ ਵਿਸ਼ੇਸ਼ ਧੰਨਵਾਦ ਜਿਨ੍ਹਾਂ ਨੇ ਮੈਨੂੰ ਇਸ ਖੋਜ-ਕਾਰਜ ਲਈ ਯੋਗ ਸਮੱਗਰੀ ਅਤੇ ਜਾਣਕਾਰੀ ਮੁਹੱਈਆ ਕਰਵਾਈ।

ਇਸ ਖੋਜ-ਕਾਰਜ ਨੂੰ ਸੰਪੂਰਨ ਕਰਨ ਵਿਚ ਜਿਨ੍ਹਾਂ ਨੇ ਪ੍ਰੇਰਨਾ ਅਤੇ ਉਤਸ਼ਾਹ ਪ੍ਰਦਾਨ ਕੀਤਾ ਉਨ੍ਹਾਂ ਵਿਚ ਮੇਰੇ ਵੱਡੇ ਭਰਾ ਧੰਨ ਸਿੰਘ ਢਿੱਲੋਂ, ਭਰਾਵਾਂ ਜਿਹੇ ਦੋਸਤ ਡਾ. ਗੁਰਦੀਪ ਸਿੰਘ 'ਲੰਗ', ਡਾ. ਰਾਜਵਿੰਦਰ ਸਿੰਘ ਅਤੇ ਡਾ. ਜਸਵੀਰ ਕੌਰ ਸ਼ਾਮਲ ਹਨ, ਇਨ੍ਹਾਂ ਸਭ ਦਾ ਤਹਿ ਦਿਲੋਂ ਧੰਨਵਾਦੀ ਹਾਂ। ਅਖ਼ੀਰ ਵਿਚ ਮੈਂ ਧੰਨਵਾਦੀ ਹਾਂ ਆਪਣੀ ਜੀਵਨ ਸਾਥਣ ਬਲਜਿੰਦਰ ਕੌਰ ਅਤੇ ਬੇਟੇ ਰਵਨੂਰ ਸਿੰਘ ਢਿੱਲੋਂ ਦਾ ਜਿਨ੍ਹਾਂ ਨੇ ਮੈਨੂੰ ਘਰੇਲੂ ਜ਼ਿੰਮੇਂਵਾਰੀਆਂ ਤੋਂ ਮੁਕਤ ਰੱਖ ਕੇ ਇਸ ਖੋਜ-ਕਾਰਜ ਨੂੰ ਪੂਰਾ ਕਰਨ ਵਿਚ ਮੇਰਾ ਸਾਥ ਦਿੱਤਾ। ਇਸ ਖੋਜ-ਕਾਰਜ ਸੰਬੰਧੀ ਆਉਣ ਵਾਲੇ ਸਾਰਥਕ ਸੁਝਾਵਾਂ ਦੀ ਉਡੀਕ ਰਹੇਗੀ।

*(ਗੁਰਜਿੰਦਰ ਸਿੰਘ)*

# ਤਤਕਰਾ


| | ਪੰਨਾ |
|---|---|
| ਭੂਮਿਕਾ | i-vii |
| ਅਧਿਆਇ ਪਹਿਲਾ | 1-108 |
| ਨਿਰਮਲ ਸੰਪ੍ਰਦਾਇ: ਉਦਭਵ ਤੇ ਵਿਕਾਸ | |
| ਅਧਿਆਇ ਦੂਜਾ | 109-267 |
| ਨਿਰਮਲ ਸੰਪ੍ਰਦਾਇ ਦਾ ਵਿਦਿਅਕ ਯੋਗਦਾਨ | |
| ਅਧਿਆਇ ਤੀਜਾ | 268-350 |
| ਨਿਰਮਲ ਸੰਪ੍ਰਦਾਇ ਦਾ ਧਾਰਮਿਕ/ਦਾਰਸ਼ਨਿਕ ਯੋਗਦਾਨ | |
| ਅਧਿਆਇ ਚੌਥਾ | 251-379 |
| ਨਿਰਮਲ ਸੰਪ੍ਰਦਾਇ ਦਾ ਸਮਾਜਿਕ ਯੋਗਦਾਨ | |
| ਸਾਰ | 380-383 |
| ਪੁਸਤਕ ਸੂਚੀ | 384-392 |